**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੀਗ੍ਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
SAN JOSE TEL: 408.280.1111 FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 4, January 22, 2011 | 20451 N Plum Grove Rd. Palatine, IL 60074 | Ph:847-359-0746, Fax:847-705-9388




ਮਾਘੀ ਮੇਲੇ ਮੌਕੇ ਅਕਾਲੀ ਦਲ (ਬਾਦਲ) ਦੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸੁਖਬੀਰ ਬਾਦਲ

## ਨਾਨਕਸ਼ਾਹੀ ਕੈਲੰਡਰ ਬਾਰੇ ਸਿੱਖ ਫਿਰ ਪਾਟੋ-ਧਾੜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਤੋਂ ਬਾਅਦ ਕਈ ਗੁਰਪੁਰਬ ਦੋ-ਦੋ ਵਾਰ ਵੱਖ-ਵੱਖ ਤਾਰੀਖ਼ਾਂ 'ਤੇ ਮਨਾਏ ਜਾਣ ਕਾਰਨ ਇਹ ਵਿਵਾਦ ਇਕ ਵਾਰ ਫਿਰ ਭਖ਼ ਗਿਆ ਹੈ। ਇਸ ਬਾਰੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਹਾਂ ਵਿਚ ਹਾਂ ਮਿਲਾਉਣ ਕਰਕੇ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕਰਨ ਦੀ ਮੰਗ ਵੀ ਉਠ ਪਈ ਹੈ। ਦੂਜੇ ਪਾਸੇ ਸੰਤ ਸਮਾਜ ਦੀ ਤਿੱਖੀ ਆਲੋਚਨਾ ਤੋਂ ਬਾਅਦ ਵੀ ਜਥੇਦਾਰ ਨੰਦਗੜ੍ਹ ਆਪਣੇ ਸਟੈਂਡ 'ਤੇ ਦ੍ਰਿੜ ਹਨ। ਇਸ ਦੇ ਨਾਲ ਹੀ ਜਥੇਦਾਰ ਵੇਦਾਂਤੀ ਨੇ ਦੋਸ਼ ਲਾਇਆ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ



ਗਿਆਨੀ ਜੋਗਿੰਦਰ ਸਿੰਘ ਵੇਦਾਂਤੀ

ਆਰ.ਐਸ.ਐਸ. ਦੇ ਪ੍ਰਭਾਵ ਹੇਠ ਆ ਕੇ ਕੀਤੀਆਂ ਗਈਆਂ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਕਾਰਜਕਾਲ ਸਮੇਂ ਸਾਬਕਾ ਸਿਹਤ ਮੰਤਰੀ ਤੇ ਭਾਜਪਾ ਆਗੂ ਡਾ. ਬਲਦੇਵ ਰਾਜ ਚਾਵਲਾ, ਸਾਬਕਾ ਸੰਸਦ ਮੈਂਬਰ ਦਯਾ ਸਿੰਘ ਸੋਢੀ ਤੇ

(ਬਾਕੀ ਸਫਾ 6 'ਤੇ)

## ਮਾਘੀ ਮੇਲਾ:ਸਿਆਸੀ ਧਿਰਾਂ ਵੱਲੋਂ ਰੱਜ ਕੇ ਤੋਹਮਤਬਾਜ਼ੀ

**ਚੰਡੀਗੜ੍ਹ:** ਸ੍ਰੀ ਮੁਕਤਸਰ ਸਾਹਿਬ ਦੇ ਮਾਘੀ ਮੇਲੇ 'ਚ ਲੱਖਾਂ ਸ਼ਰਧਾਲੂਆਂ ਨੇ ਪਵਿੱਤਰ ਸਰੋਵਰਾਂ 'ਚ ਇਸ਼ਨਾਨ ਕਰਕੇ ਇਤਿਹਾਸਕ ਗੁਰਦੁਆਰਿਆਂ ਟੁੱਟੀ ਗੰਢੀ ਸਾਹਿਬ ਤੇ ਤੰਬੂ ਸਾਹਿਬ ਵਿਖੇ ਅਰਦਾਸ ਕੀਤੀ ਤੇ 40 ਮੁਕਤਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਵਾਰੀ ਮੇਲਾ ਇਸ ਗੱਲੋਂ ਖਾਸ ਰਿਹਾ ਕਿ ਇਥੇ ਹੋਈਆਂ ਸਿਆਸੀ ਕਾਨਫਰੰਸਾਂ 'ਚ ਸਾਰੀਆਂ ਧਿਰਾਂ ਨੇ ਅਗਲੇ ਵਰ੍ਹੇ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਬਿਗਲ ਵਜਾ ਦਿੱਤਾ। ਇਸ ਦੇ ਨਾਲ ਹੀ ਇਨ੍ਹਾਂ ਕਾਨਫਰੰਸਾਂ ਨੇ ਪੰਜਾਬ ਦਾ ਸਿਆਸੀ ਦ੍ਰਿਸ਼ ਵੀ ਸਾਫ਼ ਕਰ ਦਿੱਤਾ ਹੈ। ਇਸ ਮੌਕੇ ਅਕਾਲੀ ਦਲ ਤੋਂ

### ਮਨਪ੍ਰੀਤ ਦੇ ਵੱਡੇ ਇਕੱਠ ਨੇ ਸਭ ਨੂੰ ਸੋਚੀਂ ਪਾਇਆ

ਵੱਖ ਹੋਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵਿਸ਼ਾਲ ਇਕੱਠ ਕਰਕੇ ਸੱਤਾਧਾਰੀ ਅਕਾਲੀ-ਭਾਜਪਾ ਦੇ ਨਾਲ-ਨਾਲ ਕਾਂਗਰਸ ਨੂੰ ਵੀ ਫਿਕਰਾਂ 'ਚ ਪਾ ਦਿੱਤਾ ਹੈ। ਭਾਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਕਾਨਫਰੰਸ ਨੂੰ ਕਾਮਯਾਬ ਕਰਨ ਤੇ ਮਨਪ੍ਰੀਤ ਨੂੰ ਠੁੱਸ ਕਰਨ ਲਈ ਪੂਰੀ ਵਾਹ ਲਾਈ ਪਰ ਮਨਪ੍ਰੀਤ ਨੇ ਵਿਸ਼ਾਲ ਇਕੱਠ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਖੁਫ਼ੀਆ ਏਜੰਸੀਆਂ ਦਾ ਵੀ ਮੰਨਣਾ ਹੈ ਕਿ ਮਨਪ੍ਰੀਤ ਦਾ ਇਕੱਠ ਕਾਂਗਰਸ ਦੀ ਕਾਨਫਰੰਸ ਨੂੰ ਵੀ ਮਾਤ ਪਾਉਂਦਾ ਸੀ ਜਦੋਂਕਿ ਮਾਲਵੇ 'ਚ ਕਾਂਗਰਸ ਦੀ ਪੂਰੀ ਚੜ੍ਹਤ ਹੈ।

ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ, ਕਾਂਗਰਸ, ਬਹੁਜਨ ਸਮਾਜ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਇਸ ਮੌਕੇ ਆਪਣੀਆਂ ਸਿਆਸੀ ਕਾਨਫਰੰਸਾਂ ਕੀਤੀਆਂ ਗਈਆਂ। ਸਾਰੀਆਂ ਧਿਰਾਂ ਨੇ ਅਗਾਮੀ ਚੋਣਾਂ ਨੂੰ ਸਾਹਮਣੇ ਰੱਖ ਕੇ ਆਪਣੀਆਂ ਕਾਨਫਰੰਸਾਂ 'ਚ ਭੀੜ ਇਕੱਠੀ ਕਰਨ ਲਈ ਪੂਰੀ ਤਾਕਤ ਲਗਾਈ। ਮੌਸਮ ਸਾਫ਼ ਰਹਿਣ ਕਰਕੇ ਮੇਲੇ 'ਚ ਇਕੱਠ ਰਿਕਾਰਡਤੋੜ ਰਿਹਾ। ਇਸ ਤੋਂ ਪਹਿਲਾਂ ਕਿਸੇ ਵੀ ਮਾਘੀ ਮੇਲੇ ਮੌਕੇ ਇੰਨਾ ਇਕੱਠ ਦੇਖਣ ਨੂੰ ਕਦੇ ਨਹੀਂ ਮਿਲਿਆ। ਸੂਤਰਾਂ ਦਾ ਕਹਿਣਾ ਹੈ ਕਿ ਇਕੱਠ ਪੱਖੋਂ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਕਾਨਫਰੰਸ ਸਭ ਤੋਂ ਵੱਡੀ ਸੀ ਪਰ ਸਟੇਜ 'ਤੇ ਸੰਸਦੀ ਸਕੱਤਰ ਹਰੀਸ਼ ਢੰਡ ਤੋਂ ਇਲਾਵਾ ਭਾਜਪਾ ਦਾ ਕੋਈ ਵੀ ਸੀਨੀਅਰ ਆਗੂ ਨਜ਼ਰ ਨਹੀਂ

(ਬਾਕੀ ਸਫਾ 6 'ਤੇ)


**BOMBAY BAR & GRILL INDIAN CUISINE**
CATERING SPECIALIST
ਅਸੀਂ 10,000 ਬੰਦਿਆਂ ਲਈ ਕੇਟਰਿੰਗ ਦਾ ਪ੍ਰਬੰਧ ਕਰ ਸਕਦੇ ਹਾਂ
ਅਖੰਡ ਪਾਠ, ਵਿਆਹ ਸ਼ਾਦੀ, ਜਨਮ ਦਿਨ ਪਾਰਟੀ ਆਦਿ ਹਰ ਵੱਡੇ ਛੋਟੇ ਪ੍ਰੋਗਰਾਮ 'ਤੇ ਕੇਟਰਿੰਗ ਕਰਵਾਉਣ ਲਈ ਸੰਪਰਕ ਕਰੋ।
ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਖਾਸ ਛੋਟ
ਨਵਿੰਦਰ ਭੰਡਾਲ 530-304-2071
Hours : Mon-Thu, Sun 11am - 10 pm
Fri-Sat 11am - 11pm
Ph: 916-441-7100
Fax : 916-441-7200
1315 21St Sacramento CA 95811
bombaybarandgrill@gmail.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Home Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗਿਆਨੀ ਵੇਦਾਂਤੀ ਦੇ ਬਿਆਨ ਦੀ ਹੁਣ ਕੋਈ ਅਹਿਮੀਅਤ ਨਹੀਂ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤੇ ਜਾਣ ਤੋਂ ਬਾਅਦ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਖ਼ਤਾਂ ਦੇ ਸਾਬਕਾ ਅਤੇ ਮੌਜੂਦਾ ਜਥੇਦਾਰਾਂ ਸਮੇਤ ਸਮੂਹ ਸੰਗਤ ਨੂੰ ਅਪੀਲ ਕੀਤੀ ਹੈ ਕਿ ਨਾਨਕਸ਼ਾਹੀ ਕੈਲੰਡਰ ਸਬੰਧੀ ਕੋਈ ਵਾਦ-ਵਿਵਾਦ ਨਾ ਖੜ੍ਹਾ ਕੀਤਾ ਜਾਵੇ। ਜੇ ਕੋਈ ਇਸ ਬਾਰੇ ਵਿਚਾਰ ਜਾਂ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਉਹ ਲਿਖਤੀ ਰੂਪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ, ਧਰਮ ਪ੍ਰਚਾਰ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਨੂੰ ਭੇਜ ਸਕਦਾ ਹੈ। ਗਿਆਨੀ ਵੇਦਾਂਤੀ ਵਲੋਂ ਦਿੱਤੇ ਬਿਆਨ ਬਾਰੇ ਉਨ੍ਹਾਂ ਕਿਹਾ ਕਿ ਇਹ ਬਿਆਨ ਹੁਣ ਕੋਈ ਅਹਿਮੀਅਤ ਨਹੀਂ ਰੱਖਦਾ ਕਿਉਂਕਿ ਜਥੇਦਾਰ ਵੇਦਾਂਤੀ ਹੁਣ ਸਾਬਕਾ ਜਥੇਦਾਰ ਹਨ। ਉਨ੍ਹਾਂ ਜਥੇਦਾਰ ਵੇਦਾਂਤੀ ਨੂੰ ਆਖਿਆ ਕਿ ਉਹ ਆਪਣੀ ਜ਼ਿੰਮੇਵਾਰੀ ਪਛਾਣਨ ਅਤੇ ਭਵਿੱਖ ਵਿਚ ਤਖ਼ਤਾਂ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲੇ ਅਤੇ ਸੰਗਤਾਂ ਵਿਚ ਭਰਮ ਭੁਲੇਖੇ ਪੈਦਾ ਕਰਨ ਵਾਲੇ ਬਿਆਨ ਨਾ ਦੇਣ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਫੈਸਲੇ ਕੀਤੇ ਜਾਂਦੇ ਹਨ, ਉਹ ਪੰਜਾਂ ਤਖ਼ਤਾਂ ਅਤੇ ਸਮੁੱਚੀ ਕੌਮ ਵਿਚ ਇਕਸੁਰਤਾ ਪੈਦਾ ਕਰਨ ਲਈ ਕੀਤੇ ਜਾਂਦੇ ਹਨ। ਇਥੋਂ ਕੇਵਲ ਕੌਮੀ ਹਿੱਤਾਂ ਲਈ ਦਿਸ਼ਾ ਨਿਰਦੇਸ਼ ਜਾਰੀ ਹੁੰਦੇ ਹਨ। ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦੀ ਵਿਲੱਖਣਤਾ ਦਾ ਪ੍ਰਤੀਕ ਹੈ ਅਤੇ ਇਸ ਵਿਚ ਕੋਈ ਰੱਦੋ ਬਦਲ ਨਹੀਂ ਕੀਤੀ ਗਈ, ਸਗੋਂ ਕੌਮ ਦੀ ਏਕਤਾ ਲਈ ਕੁਝ ਤੱਥਾਂ ਬਾਰੇ ਦਰੁਸਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਅਤੇ 11 ਮੈਂਬਰੀ ਕਮੇਟੀ ਵਲੋਂ ਪ੍ਰਵਾਨ ਕੀਤੇ ਗਏ ਕੈਲੰਡਰ ਦੀ ਦਸ਼ਾ ਅਤੇ ਦਿਸ਼ਾ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਅਤੇ ਜੋ ਸੋਧ ਕੀਤੀ ਗਈ ਹੈ, ਉਹ ਸ਼੍ਰੋਮਣੀ ਕਮੇਟੀ ਅਤੇ ਵਿਦਵਾਨਾਂ ਦੀਆਂ ਬਣੀਆਂ ਨਵੀਆਂ ਤੇ ਪੁਰਾਣੀਆਂ ਕਮੇਟੀਆਂ ਅਤੇ ਸੰਤ ਸਮਾਜ ਦੀ ਰਾਏ ਅਨੁਸਾਰ ਕੀਤੀ ਗਈ ਹੈ।

ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਹੈ ਕਿ ਸਿੱਖ ਕੌਮ ਦੀ ਵਿਲੱਖਣ ਹੋਂਦ ਦੇ ਪ੍ਰਤੀਕ ਸੂਰਜੀ ਪ੍ਰਣਾਲੀ 'ਤੇ ਅਧਾਰਿਤ ਨਾਨਕਸ਼ਾਹੀ ਕੈਲੰਡਰ ਦਾ ਸਾਰਾ ਰਿਕਾਰਡ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੈ ਅਤੇ ਇਹ ਰਿਕਾਰਡ ਵੇਖ ਕੇ ਸੱਚਾਈ ਦਾ ਪਤਾ ਲਗਾ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਨਾਨਕਸ਼ਾਹੀ ਕੈਲੰਡਰ ਦੀ ਤਿਆਰੀ ਤੋਂ ਲੈ ਕੇ ਸਾਲ 2003 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਕੌਮ ਨੂੰ ਅਰਪਣ ਕੀਤੇ ਜਾਣ ਤੱਕ ਸ਼੍ਰੋਮਣੀ ਕਮੇਟੀ ਦੇ ਤਿੰਨ ਜਨਰਲ ਇਜਲਾਸ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰਤਾਵਾਂ ਕੀਤੇ ਜਾਣ ਤੋਂ ਇਲਾਵਾ ਵੱਖ-ਵੱਖ ਸਿੱਖ ਸੰਸਥਾਵਾਂ, ਕੈਲੰਡਰ ਮਾਹਿਰਾਂ, ਇਤਿਹਾਸਕਾਰਾਂ ਦੀ ਰਾਏ ਲਈ ਗਈ। ਸ੍ਰੀ ਦਮਦਮਾ ਸਾਹਿਬ ਵਿਖੇ ਕੈਲੰਡਰ ਰਿਲੀਜ਼ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਾਗੂ ਕਰਨ ਸਮੇਂ ਗਿਆਨੀ ਗੁਰਬਚਨ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਨ।

**ਬਡੂੰਗਰ ਚੁੱਪ ਤੋੜਨ:** ਦਲ ਖ਼ਾਲਸਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕਰਨ ਦਾ ਸਵਾਗਤ ਕਰਦਿਆਂ ਕਿਹਾ ਕਿ ਜਥੇਦਾਰ ਵੇਦਾਂਤੀ ਨੇ 'ਦੇਰ ਨਾਲ ਹੀ ਸਹੀ ਪਰ ਦਰੁਸਤ' ਸਟੈਂਡ ਲਿਆ ਹੈ।

ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਤੇ ਸੀਨੀਅਰ ਆਗੂ ਸਤਿਨਾਮ ਸਿੰਘ ਪਾਉਂਟਾ ਸਾਹਿਬ ਨੇ ਕਿਹਾ ਹੈ ਕਿ ਜੇਕਰ ਜਥੇਦਾਰ ਵੇਦਾਂਤੀ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਤੇ ਉਨ੍ਹਾਂ ਦੇ ਕਾਰਜਕਾਲ ਮੌਕੇ ਰਹੇ ਅੰਤਰਿੰਗ ਕਮੇਟੀ ਦੇ ਮੈਂਬਰਾਂ ਨੇ ਖੁੱਲ਼ ਕੇ ਸੋਧਾਂ ਦਾ ਵਿਰੋਧ ਕੀਤਾ ਹੁੰਦਾ ਤਾਂ ਸ਼ਾਇਦ ਅੱਜ ਇਤਿਹਾਸ ਕੁਝ ਹੋਰ ਹੀ ਹੁੰਦਾ।



ਸ੍ਰੀ ਜਤਿੰਦਰ ਸ਼ਰਮਾ, ਜਿਨ੍ਹਾਂ ਨੂੰ ਨੇਵਾਡਾ ਸਟੇਟ ਲਈ ਪੰਜਾਬ ਟਾਈਮਜ਼ ਦਾ ਖਬਰਾਂ ਅਤੇ ਇਸ਼ਤਿਹਾਰਾਂ ਵਾਸਤੇ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨਾਲ ਸੰਪਰਕ ਫੋਨ 702-610-2129 'ਤੇ ਕੀਤਾ ਜਾ ਸਕਦਾ ਹੈ।

## ਪੈਟਰੋਲ ਦੀਆਂ ਕੀਮਤਾਂ ਮੁੜ ਵਧੀਆਂ

**ਨਵੀਂ ਦਿੱਲੀ:** ਪੈਟਰੋਲ ਦੀਆਂ ਕੀਮਤਾਂ 'ਚ ਇਕ ਵਾਰ ਫਿਰ 2.50 ਤੋਂ 2.54 ਰੁਪਏ ਪ੍ਰਤੀ ਲਿਟਰ ਤਕ ਦਾ ਵਾਧਾ ਕਰ ਦਿੱਤਾ ਗਿਆ ਹੈ। ਸਰਕਾਰੀ ਤੇਲ ਕੰਪਨੀਆਂ ਵੱਲੋਂ ਇਕ ਮਹੀਨੇ 'ਚ ਦੂਜੀ ਵਾਰ ਪੈਟਰੋਲ ਦੀਆਂ ਕੀਮਤਾਂ 'ਚ ਵਾਧਾ ਕੀਤਾ ਗਿਆ ਹੈ।

# ਪਰਵਾਸੀ ਪੰਜਾਬੀਆਂ ਦੇ ਮਸਲੇ ਛੇਤੀ ਹੱਲ ਕਰਾਂਗੇ: ਸੁਖਬੀਰ

**ਜਲੰਧਰ:** ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੰਜੀਦਗੀ ਦਾ ਦਾਅਵਾ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਮਾਮਲਿਆਂ ਦੇ ਨਵ-ਨਿਯੁਕਤ ਕੈਬਨਿਟ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਦੀ ਅਗਵਾਈ ਵਿਚ ਕਮੇਟੀ ਬਣਾਈ ਗਈ ਹੈ ਜੋ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਲਈ ਵੱਖੋ-ਵੱਖਰੇ ਮੁਲਕਾਂ ਦਾ ਜੂਨ-ਜੁਲਾਈ ਮਹੀਨੇ ਤੋਂ ਦੌਰਾ ਸ਼ੁਰੂ ਕਰੇਗੀ।

ਪੰਜਾਬ ਸਰਕਾਰ ਵੱਲੋਂ ਇਥੇ ਕਰਵਾਏ ਗਏ ਪੰਜਾਬੀ ਐਨ.ਆਰ.ਆਈ. ਸੰਮੇਲਨ ਦੌਰਾਨ ਪਰਵਾਸੀ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਮੇਟੀ ਪਹਿਲਾਂ ਵੱਖ-ਵੱਖ ਮੁਲਕਾਂ ਵਿਚ ਵਸ ਰਹੇ ਪੰਜਾਬੀਆਂ ਨਾਲ ਮੀਟਿੰਗਾਂ ਕਰੇਗੀ ਤੇ ਬਾਅਦ ਵਿਚ ਉਥੋਂ ਦੇ ਭਾਰਤੀ ਸਫਾਰਤਖਾਨਿਆਂ ਦੇ ਅਧਿਕਾਰੀਆਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਏਗੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਰਾਜਨੀਤਕ ਸ਼ਰਨ ਵਾਲੇ ਜਾਂ ਆਮ ਪਰਵਾਸੀ ਪੰਜਾਬੀਆਂ ਨੂੰ ਭਾਰਤ ਆਉਣ ਲਈ ਵੀਜ਼ੇ ਜਾਂ ਪਾਸਪੋਰਟ ਲਈ ਭਾਰਤੀ ਸਫਾਰਤਖਾਨਿਆਂ ਵਿਚ ਭਾਰੀ ਮੁਸ਼ਕਲਾਂ ਆ ਰਹੀਆਂ ਹਨ ਜਿਨ੍ਹਾਂ ਦੇ ਹੱਲ ਲਈ ਇਹ ਕਮੇਟੀ ਸੰਜੀਦਾ ਯਤਨ ਕਰੇਗੀ।

ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜਾਅਲੀ ਵਿਆਹਾਂ, ਵਿਦੇਸ਼ੀ ਲਾੜਿਆਂ ਦੇ ਧੋਖੇ ਦਾ ਸ਼ਿਕਾਰ ਪੰਜਾਬਣਾਂ ਤੇ ਪਰਵਾਸੀਆਂ ਦੇ ਹੋਰ ਮਸਲਿਆਂ ਦੇ ਹੱਲ ਲਈ ਪੰਜਾਬ ਪੁਲੀਸ ਵਿਚ ਵਿਸ਼ੇਸ਼ ਸੈਲ ਬਣਾ ਦਿੱਤਾ ਗਿਆ ਹੈ ਜਿਸ ਦੀ ਅਗਵਾਈ ਆਈ.ਜੀ. ਬੀਬੀ ਗੁਰਪ੍ਰੀਤ ਕੌਰ ਦਿਓ ਕਰਨਗੇ।

ਪਰਵਾਸੀ ਪੰਜਾਬੀਆਂ ਨੂੰ ਛੋਟੇ-ਮੋਟੇ ਕੰਮਾਂ ਲਈ ਆਉਂਦੀ ਪ੍ਰੇਸ਼ਾਨੀ ਦਾ ਹਵਾਲਾ ਦਿੰਦਿਆਂ ਸ. ਬਾਦਲ ਨੇ ਐਲਾਨ ਕੀਤਾ ਕਿ ਤਜਰਬੇ ਦੇ ਤੌਰ 'ਤੇ ਪਹਿਲਾਂ ਜਲੰਧਰ ਵਿਚ ਐਨ.ਆਰ.ਆਈ. ਸੁਵਿਧਾ ਕੇਂਦਰ ਸਥਾਪਿਤ ਕੀਤਾ ਜਾਵੇਗਾ। ਪਰਵਾਸੀ ਭਾਰਤੀ ਇਸ ਕੇਂਦਰ ਵਿਚ ਜਾ ਕੇ ਆਪਣੇ ਸਾਰੇ ਕੰਮ ਕਰਵਾ ਸਕਣਗੇ। ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਵਿਚ ਬਰਾਬਰ ਦੇ ਭਾਈਵਾਲ ਬਣਨ ਦਾ ਸੁਨੇਹਾ ਦਿੰਦਿਆਂ ਉਨ੍ਹਾਂ ਕਿਹਾ ਕਿ ਰਾਜ ਸਰਕਾਰ ਉਨ੍ਹਾਂ ਨੂੰ 'ਸਿੰਗਲ ਵਿੰਡੋ' ਸੇਵਾ ਮੁਹੱਈਆ ਕਰਾਏਗੀ। ਸ. ਬਾਦਲ ਨੇ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ 15.8 ਫੀਸਦੀ ਦੀ ਦਰ ਨਾਲ ਤਰੱਕੀ ਕਰ ਰਿਹਾ ਹੈ ਤੇ ਅੱਜ ਜਿਹੋ ਜਿਹੇ ਮੌਕੇ ਭਾਰਤ ਵਿਚ ਹਨ, ਉਸ ਤਰ੍ਹਾਂ ਦੇ ਯੂਰਪੀ ਮੁਲਕਾਂ ਵਿਚ ਵੀ ਨਹੀਂ ਮਿਲ ਰਹੇ।

ਸੰਮੇਲਨ ਪਰਵਾਸੀਆਂ ਪੰਜਾਬੀਆਂ ਦੀ ਘੱਟ ਹਾਜ਼ਰੀ ਕਾਰਨ ਫਿੱਕਾ-ਫਿੱਕਾ ਰਿਹਾ। ਸਮਾਗਮ ਦੇ ਹਾਲ ਦੀਆਂ ਜ਼ਿਆਦਾਤਰ ਕੁਰਸੀਆਂ ਖਾਲੀ ਸਨ। ਸੰਮੇਲਨ ਵਿਚ ਪਰਵਾਸੀ ਪੰਜਾਬੀਆਂ ਨਾਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਪ੍ਰਸ਼ਾਸਨਿਕ ਅਧਿਕਾਰੀ ਵਧੇਰੇ ਨਜ਼ਰ ਆਏ। ਪਰਵਾਸੀ ਪੰਜਾਬੀਆਂ ਦੀ ਘੱਟ ਹਾਜ਼ਰੀ ਬਾਰੇ ਉਨ੍ਹਾਂ ਕਿਹਾ, "ਸਰਕਾਰ ਵੱਲੋਂ ਇਹ ਸੰਮੇਲਨ ਨਹੀਂ ਬਲਕਿ ਪਰਵਾਸੀ ਪੰਜਾਬੀਆਂ ਲਈ ਦੁਪਹਿਰ ਦੇ ਖਾਣੇ ਦਾ ਇੰਤਜ਼ਾਮ ਕੀਤਾ ਗਿਆ ਸੀ।"

ਇਸ ਸੰਮੇਲਨ ਦਾ ਐਲਾਨ ਚੰਦ ਦਿਨ ਪਹਿਲਾਂ ਹੀ ਕੀਤਾ ਗਿਆ ਜਿਸ ਕਾਰਨ ਪਰਵਾਸੀ ਭਾਰਤੀ ਇਸ ਸੰਮੇਲਨ ਵਿਚ ਸ਼ਾਮਿਲ ਹੋਣ ਲਈ ਨਹੀਂ ਪੁੱਜੇ। ਕੇਵਲ ਉਹੀ ਪਰਵਾਸੀ ਭਾਰਤੀ ਸ਼ਿਰਕਤ ਕਰ ਸਕੇ ਜਿਹੜੇ ਪਹਿਲਾਂ ਹੀ ਪੰਜਾਬ ਆਏ ਹੋਏ ਸਨ।

ਇਸ ਤੋਂ ਪਹਿਲਾਂ ਕੈਪਟਨ ਬਲਬੀਰ ਸਿੰਘ ਬਾਠ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਦੀਆਂ ਜਾਇਦਾਦ ਦੇ ਮੁੱਦੇ ਤੇ ਹੋਰ ਸਮੱਸਿਆਵਾਂ ਉਪ ਮੁੱਖ ਮੰਤਰੀ ਹੱਲ ਕਰਨ ਲਈ ਯਤਨ ਕਰ ਰਹੇ ਹਨ। ਇੰਗਲੈਂਡ ਤੋਂ ਐਮ.ਪੀ. ਵਰਿੰਦਰ ਸ਼ਰਮਾ ਨੇ ਮੰਗ ਕੀਤੀ ਕਿ ਐਨ. ਆਰ.ਆਈ. ਸਭਾ ਦੇ ਪ੍ਰਧਾਨ ਨੂੰ ਕੈਬਨਿਟ ਰੈਂਕ ਦਿੱਤਾ ਜਾਵੇ। ਇਸ ਮੰਗ ਬਾਰੇ ਉਪ ਮੁੱਖ ਮੰਤਰੀ ਨੇ ਬਾਅਦ ਵਿਚ ਕਿਹਾ ਕਿ ਇਸ ਸਬੰਧੀ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਰਨਗੇ।




# ਪੀੜਤ ਲੋਕਾਈ ਦੀ ਆਜ਼ਾਦੀ ਲਈ 'ਖਾਲਿਸਤਾਨ' ਦੀ ਹੋਂਦ ਜ਼ਰੂਰੀ:ਮਾਨ

**ਤਖਤੂਪੁਰਾ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਤਖ਼ਤੂਪੁਰੇ ਵਿਖੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅਸੀਂ ਸਿੱਖ ਕੌਮ ਦੀਆਂ ਤਿੰਨ ਪਾਤਸ਼ਾਹੀਆਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਹਰਗੋਬਿੰਦ ਸਾਹਿਬ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਤਖਤੂਪੁਰਾ ਦੇ ਅਸਥਾਨ ਨੂੰ ਨਤਮਸਤਕ ਹੁੰਦੇ ਹੋਏ ਉਨ੍ਹਾਂ ਵੱਲੋਂ ਮਨੁੱਖਤਾ ਦੀ ਬਿਹਤਰੀ ਲਈ ਕੀਤੀਆਂ ਗਈਆਂ ਘਾਲਣਾਵਾਂ ਅੱਗੇ ਸੀਸ ਝੁਕਾਉਂਦੇ ਹਾਂ।" ਉਨ੍ਹਾਂ ਕਿਹਾ ਕਿ ਬੇਸ਼ੱਕ ਗੁਰੂ ਸਾਹਿਬਾਨ ਦੇ ਸਮੇਂ ਤੇ ਅਜੋਕੇ ਸਮੇਂ ਵਿਚ ਦੁਨਿਆਵੀ ਤੌਰ 'ਤੇ ਵੱਡੀ ਤਬਦੀਲੀ ਆਈ ਹੈ ਪਰ ਹੁਕਮਰਾਨਾਂ ਵੱਲੋਂ ਲੋਕਾਈ 'ਤੇ ਕੀਤੇ ਜਾਣ ਵਾਲੇ ਜਬਰ ਜ਼ੁਲਮਾਂ ਵਿਚ ਅੱਜ ਵੀ ਕੋਈ ਫਰਕ ਨਹੀਂ ਹੈ। ਇਹ ਅਸਥਾਨ ਸਿੱਖ ਕੌਮ ਨੂੰ ਆਪਣੇ ਧਰਮ ਵਿਚ ਪਰਿਪੱਕ ਰਹਿੰਦੇ ਹੋਏ ਜਬਰ ਜ਼ੁਲਮ ਵਿਰੁੱਧ ਜੂਝਣ ਤੇ ਜਾਬਰ ਤੇ ਜ਼ਾਲਮਾਂ ਨੂੰ ਕੀਤੇ ਦੀ ਸਜ਼ਾ ਦੇਣ ਦਾ ਸੰਦੇਸ਼ ਦਿੰਦਾ ਹੈ।

ਉਨ੍ਹਾਂ ਕਿਹਾ, "ਸਾਡੇ ਗੁਰੂ ਸਾਹਿਬਾਨ, ਸਿੱਖ ਕੌਮ ਦੇ ਜਰਨੈਲਾਂ ਅਤੇ ਦਾਰਸ਼ਨਿਕਾਂ ਨੇ ਕਦੀ ਵੀ ਜ਼ਾਲਮਾਂ ਦਾ ਸਾਥ ਨਹੀਂ ਦਿੱਤਾ ਬਲਕਿ ਦੁਖੀਆਂ, ਲਿਤਾੜਿਆਂ, ਗਰੀਬਾਂ, ਬੇਸਹਾਰਿਆਂ ਦਾ ਸਾਥ ਦੇ ਕੇ ਹਮੇਸ਼ਾਂ ਮਨੁੱਖਤਾ ਦੀ ਆਵਾਜ਼ ਨੂੰ ਬੁਲੰਦ ਕੀਤਾ ਹੈ। ਅੱਜ ਭਾਰਤ ਵਿਚ ਘੱਟ ਗਿਣਤੀ ਕੌਮਾਂ ਮੁਸਲਿਮ, ਇਸਾਈ, ਸਿੱਖ ਤੇ ਰੰਘਰੇਟੇ ਸਿੱਖਾਂ 'ਤੇ ਹੁਕਮਰਾਨ ਹਰ ਖੇਤਰ ਵਿਚ ਜਬਰ-ਜ਼ੁਲਮ ਕਰ ਰਿਹਾ ਹੈ। ਹਿੰਦੂਤਵ ਸੋਚ ਵਾਲੇ ਲੋਕ ਸਿੱਖ ਕੌਮ ਤੇ ਘੱਟ ਗਿਣਤੀ ਕੌਮਾਂ ਵਿਰੁੱਧ ਸਾਜ਼ਿਸ਼ਾਂ ਰਚ ਰਹੇ ਹਨ। ਇਸ ਸਮੁੱਚੇ ਜਬਰ ਜ਼ੁਲਮ ਤੋਂ ਨਿਜਾਤ ਦਿਵਾਉਣ ਤੇ ਪੀੜਤ ਲੋਕਾਈ ਦੀ ਆਜ਼ਾਦੀ ਦਾ ਇੱਕੋ ਇੱਕ ਹੱਲ ਹੈ ਕਿ 'ਮੀਰੀ-ਪੀਰੀ' ਦੇ ਸਿਧਾਂਤ ਨੂੰ ਲਾਗੂ ਕਰਦੇ ਹੋਏ 'ਖਾਲਿਸਤਾਨ' ਨੂੰ ਤੁਰੰਤ ਹੋਂਦ ਵਿਚ ਲਿਆਂਦਾ ਜਾਵੇ। ਉਪਰੰਤ ਇਸ ਸਟੇਟ ਵਿਚ 'ਭੈ ਕਾਹੂ ਕਉ ਦੇਤ ਨਾ ਨਾ ਭੈ ਮਾਨਿ ਆਨਿ' ਦੇ ਵਡਮੁੱਲੇ ਸਿਧਾਂਤ ਨੂੰ ਲਾਗੂ ਕਰਕੇ ਸਰਬੱਤ ਦੇ ਭਲੇ ਦੀ ਸੋਚ ਅਧੀਨ ਸਮੁੱਚੀ ਮਨੁੱਖਤਾ ਦੀ ਬਿਹਤਰੀ ਕੀਤੀ ਜਾਵੇ।"

ਉਨ੍ਹਾਂ ਕੌਮਾਂਤਰੀ ਜਥੇਬੰਦੀ ਸੰਯੁਕਤ ਰਾਸ਼ਟਰ, ਅਮਰੀਕਾ, ਨਾਟੋ ਮੁਲਕ ਤੇ ਯੂਰਪੀਨ ਯੂਨੀਅਨ ਦੇ ਮੁਲਕਾਂ ਦੀਆਂ ਹਕੂਮਤਾਂ ਨੂੰ ਅਪੀਲ ਕੀਤੀ ਕਿ ਉਹ 'ਕੋਸੋਵੋ' ਦੀ ਤਰ੍ਹਾਂ ਬਿਨ੍ਹਾਂ ਕਿਸੇ ਜਾਨੀ-ਮਾਲੀ ਨੁਕਸਾਨ ਕੀਤਿਆਂ ਹਿੰਦੂ ਹਿੰਦੁਸਤਾਨ, ਮੁਸਲਿਮ ਪਾਕਿਸਤਾਨ ਤੇ ਕਮਿਊਨਿਸਟ ਚੀਨ ਦੇ ਵਿਚਕਾਰ 'ਖਾਲਿਸਤਾਨ' ਦਾ ਬੱਫਰ ਸਟੇਟ ਕਾਇਮ ਕਰਨ ਦੀ ਸੁਹਿਰਦਤਾ ਨਾਲ ਭੂਮਿਕਾ ਨਿਭਾਉਣ।

ਇਸ ਇਕੱਠ ਵਿਚ ਸਰਬ ਸੰਮਤੀ ਨਾਲ 15 ਮਤੇ ਪਾਸ ਕੀਤੇ ਗਏ ਜਿਸ ਵਿਚ ਜਮਹੂਰੀਅਤ ਤੇ ਅਮਨਮਈ ਤਰੀਕੇ ਨਾਲ ਬਿਨ੍ਹਾਂ ਕਿਸੇ ਖੂਨ ਖਰਾਬੇ ਦੇ ਖਾਲਿਸਤਾਨ ਸਟੇਟ ਕਾਇਮ ਕਰਨ ਦਾ ਆਹਿਦ, ਹਿੰਦੂ ਦਹਿਸ਼ਤਗਰਦੀ ਦੇ ਸੈਂਟਰ ਨਾਗਪੁਰ ਨੂੰ ਖਤਮ ਕਰਨ ਲਈ ਅਮਰੀਕਾ ਤੇ ਨਾਟੋ ਮੁਲਕਾਂ ਨੂੰ ਅਪੀਲ, ਪੰਜਾਬ ਤੇ ਗੁਆਂਢੀ ਸੂਬਿਆਂ ਨੂੰ ਨੋ ਫਲਾਈ ਜ਼ੋਨ ਐਲਾਨਣ, ਫਾਜ਼ਿਲਕਾ ਤੇ ਪਠਾਨਕੋਟ ਨੂੰ ਜ਼ਿਲ੍ਹੇ ਬਣਾਉਣ ਦੀ ਵਿਰੋਧਤਾ, 31 ਅਕਤੂਬਰ ਨੂੰ ਸਿੱਖ ਨਸਲਕੁਸ਼ੀ ਤੇ ਕਤਲੇਆਮ ਵਿਰੁੱਧ ਰੋਸ ਮੁਜ਼ਾਹਰੇ ਕਰਨ ਦਾ ਸੱਦਾ, ਪੰਜਾਬ ਦੇ ਡੈਮਾਂ ਦਾ ਕੰਟਰੋਲ ਯੂ.ਐਨ.ਓ. ਅਧੀਨ ਕਰਨ ਦੀ ਮੰਗ, ਜੀਓ ਤੇ ਜੀਊਣ ਦਿਓ ਦੇ ਸਿਧਾਂਤ ਉਤੇ ਪਹਿਰਾ ਦੇਣ ਦਾ ਪ੍ਰਣ, ਫਰਾਂਸ ਤੇ ਅਮਰੀਕਾ ਨੂੰ ਦਸਤਾਰ ਮਸਲੇ ਹੱਲ ਕਰਨ ਦੀ ਅਪੀਲ, ਹਿੰਦ ਹਕੂਮਤ ਸਿੱਖ ਕੌਮ ਨੂੰ ਜਲੀਲ ਕਰਨਾ ਬੰਦ ਕਰੇ, ਅਨੰਦ ਮੈਰਿਜ ਐਕਟ ਨੂੰ ਹੋਂਦ ਵਿਚ ਲਿਆਉਣ ਤੋਂ ਪਹਿਲਾਂ ਵਿਧਾਨ ਦੀ ਧਾਰਾ 25 ਖਤਮ ਕੀਤੀ ਜਾਵੇ, ਸਿੱਖ ਕਤਲੇਆਮ ਬਾਰੇ ਪਾਰਲੀਮੈਂਟ ਵਿਚ ਲਿਖਤੀ ਮੁਆਫ਼ੀ ਮਤਾ ਪਾਸ ਕਰਨ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਮਜ਼ਦੂਰਾਂ ਨਾਲ ਕੀਤੇ ਜਾ ਰਹੇ ਵਿਤਕਰੇ ਬੰਦ ਕਰਨ, ਪਰਵਾਸੀ ਸਿੱਖਾਂ ਨੂੰ ਗੁਰਦੁਆਰਾ ਚੋਣਾਂ ਵਿਚ ਵੋਟ ਹੱਕ ਦੇਣ, ਸਿੱਖ ਕੌਮ ਨੂੰ ਪੰਜਾਬ ਵਿਚ ਘੱਟ ਗਿਣਤੀ ਬਣਾਉਣ ਦੀ ਸਾਜ਼ਿਸ਼ ਦੀ ਨਿੰਦਾ ਤੇ ਖੁੱਲ੍ਹੇ ਦਰਸ਼ਨ ਦੀਦਾਰੇ ਦੀ ਭਾਵਨਾ ਨੂੰ ਪੂਰਨ ਕਰਨ ਲਈ ਸਰਹੱਦਾਂ ਖੋਲ੍ਹਣ ਆਦਿ ਦੇ ਮਤੇ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤੇ ਗਏ। ਇਸ ਮੌਕੇ ਭਾਈ ਧਿਆਨ ਸਿੰਘ ਮੰਡ, ਜਥੇਦਾਰ ਗੁਰਿੰਦਰਪਾਲ ਸਿੰਘ ਧਨੌਲਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਮਾਸਟਰ ਕਰਨੈਲ ਸਿੰਘ (ਨਾਰੀਕੇ), ਦਰਸ਼ਨ ਸਿੰਘ (ਕੈਲੇਫੋਰਨੀਆ), ਮਨਜੀਤ ਸਿੰਘ ਮੱਲ੍ਹਾ, ਹਰਪਾਲ ਸਿੰਘ ਕੁੱਸਾ (ਮੋਗਾ), ਜਗਜੀਤ ਸਿੰਘ (ਖਾਈ), ਰੁਪਿੰਦਰ ਸਿੰਘ (ਦੀਨਾ ਸਾਹਿਬ), ਇਕਬਾਲ ਸਿੰਘ (ਬਰੀਵਾਲਾ), ਹਰਜੀਤ ਸਿੰਘ ਸੰਜੂਮਾ (ਸੰਗਰੂਰ), ਤਰਲੋਕ ਸਿੰਘ ਡੱਲਾ (ਜਗਰਾਓਂ), ਰਣਜੀਤ ਸਿੰਘ ਸੰਘੇੜਾ (ਬਰਨਾਲਾ), ਕੁਲਦੀਪ ਸਿੰਘ ਭਾਗੋਵਾਲ (ਮੋਹਾਲੀ) ਨੇ ਆਪਣੇ ਵਿਚਾਰ ਰੱਖੇ।



ਤਖਤੂਪੁਰਾ ਕਾਨਫਰੰਸ ਵਿਚ ਸਿਰੋਪਾਓ ਹਾਸਲ ਕਰਦੇ ਹੋਏ ਸ. ਮਾਨ



ਸ. ਸਿਮਰਨਜੀਤ ਸਿੰਘ ਮਾਨ ਦੀ ਕਨਫਰੰਸ ਮੌਕੇ ਹਾਜ਼ਰ ਪਾਰਟੀ ਵਰਕਰ ਤੇ ਲੋਕ

# Pacific Coast Law Firm P.C.

Lance V Friel, Attorney at Law Kirandeep K Sihota, Attorney at Law

**Over 10 Years of experience**

> Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ

> Bankruptcy (Ch 7) ਬੈਂਕਰਪਸੀ (ਚੈਪਟਰ 7)

> Family Law (Divorce, Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction
ਕਿਰਾਏਦਾਰ ਦਾ ਕਬਜ਼ਾ/ਬੇਦਖਲੀ

Probate (Wills & Trusts)
ਪਰੋਬੇਟ (ਵਸੀਅਤਾਂ ਅਤੇ ਟਰੱਸਟ)

**Business Formation and Tax**
(installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ
(ਕਿਸ਼ਤਨਾਮਾ)

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

*Free Consultation ਮੁਫਤ ਸਲਾਹ-ਮਸ਼ਵਰਾ*



*Kirandeep K Sihota and Lance V Friel*

**Ph. 209-475-6001**

Pacific Coast Law Firm 2351 W. March Lane Suite A, Stockton, CA 95207

# ਯੂ ਐਸ ਏ ਕਬੱਡੀ ਫੈਡਰੇਸ਼ਨ ਇਸ ਸਾਲ 10 ਟੂਰਨਾਮੈਂਟ ਕਰਵਾਏਗੀ

**ਸੈਨ ਹੋਜ਼ੇ (ਸਵੱਦੀ):** ਯੂ ਐਸ ਏ ਕਬੱਡੀ ਫੈਡਰੇਸਨ ਵਲੋਂ 2011 ਵਿਚ 10 ਕਬੱਡੀ ਟੂਰਨਾਮੈਂਟ ਕਰਵਾਏ ਜਾਣਗੇ। ਫੈਡਰੇਸ਼ਨ ਦੀ ਸੰਸਾਰ ਰੈਸਟੋਰੈਂਟ ਟਰੇਸੀ ਵਿਚ ਹੋਈ ਇੱਕ ਮੀਟਿੰਗ ਤੋਂ ਬਾਅਦ ਫੈਡਰੇਸ਼ਨ ਦੇ ਬੁਲਾਰੇ ਜਸਵਿੰਦਰ ਸਿੰਘ ਸੋਹਲ ਨੇ ਇਹ ਜਾਣਕਾਰੀ ਦਿੰਦਿਆ ਦੱਸਿਆ ਕਿ ਇਨ੍ਹਾਂ ਟੂਰਨਾਮੈਂਟਾਂ ਦੀਆਂ ਤਰੀਕਾਂ ਵੀ ਨਿਸਚਿਤ ਕਰ ਲਈਆਂ ਗਈਆਂ ਹਨ।

ਮੀਟਿੰਗ ਵਿਚ ਐਗਜੈਕਟਿਵ ਕਮੇਟੀ ਦਾ ਵੀ ਐਲਾਨ ਕੀਤਾ ਗਿਆ ਜਿਸ ਅਨੁਸਾਰ ਇਸ ਵਿਚ ਫਰਿਜ਼ਨੋ ਸਪੋਰਟਸ ਕਲੱਬ ਦੇ ਬਲਬੀਰ ਸਿੰਘ ਢਿੱਲੋਂ, ਮੰਗਲ ਸਿੰਘ ਜੋਹਲ, ਕਿੰਗਸ ਸਪੋਰਟਸ ਕਲੱਬ ਤੋਂ ਜੱਸੀ ਢਿੱਲੋਂ, ਕੁਲਵਿੰਦਰ ਕਿੰਦੂ, ਮਾਡੈਸਟੋ ਕਬੱਡੀ ਕਲੱਬ ਤੋਂ ਜਸਵਿੰਦਰ ਸਿੰਘ ਸੋਹਲ, ਜੋਧਾ ਦੋਸਾਂਝ, ਸਟਾਕਟਨ ਕਬੱਡੀ ਕਲੱਬ ਤੋਂ ਸੁਖਰਾਜ਼ ਸਿੰਘ, ਕਰਨੈਲ ਸਿੰਘ ਚੀਮਾ, ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਤੋਂ ਬਲਜੀਤ ਸਹੋਤਾ ਅਤੇ ਅਮਰਜੀਤ ਸਿੰਘ ਸੰਘਾ, ਆਪਣਾ ਪੰਜਾਬ ਸਪੋਰਟਸ ਕਲੱਬ ਹੇਵਰਡ ਤੋਂ ਅਵਤਾਰ ਸਿੰਘ ਤਾਰੀ ਤੇ ਕਸ਼ਮੀਰ ਸਿੰਘ ਧੁੱਗਾ, ਬੇਕਰਜ਼ਫੀਲਡ ਸਪੋਰਟਸ ਕਲੱਬ ਤੋਂ ਬਲਜੀਤ ਸਿੰਘ ਧੂਤ ਅਤੇ ਹਰਜੋਤ ਸਿੰਘ ਜਾਫੀ ਨੂੰ ਲਿਆ ਗਿਆ। ਸ. ਸੋਹਲ ਕਿਹਾ ਕਿ ਕਬੱਡੀ ਫੈਡਰੇਸ਼ਨ ਨਿਰੋਲ ਕਬੱਡੀ ਨੂੰ ਸਮਰਪਿਤ ਹੋਵੇਗੀ ਅਤੇ ਨੌਜ਼ਵਾਨ ਪੀੜੀ ਵਿਚ ਕਬੱਡੀ ਪ੍ਰਤੀ ਚਾਅ ਪੈਦਾ ਕਰੇਗੀ।

# ਐਨ. ਆਰ. ਆਈ. ਫਰੰਟ ਦੀ ਮੀਟਿੰਗ ਵਿਚ ਪਰਵਾਸੀ ਮਸਲਿਆਂ 'ਤੇ ਵਿਚਾਰ

**ਸੈਕਰਾਮੈਂਟੋ:** ਐਨ. ਆਰ. ਆਈ. ਫਰੰਟ ਦੀ ਇਕ ਅਹਿਮ ਮੀਟਿੰਗ ਬੇਕਰਜ਼ਫੀਲਡ ਦੇ ਇੰਡੀਅਨ ਦਿੱਲੀ ਪੈਲੇਸ ਵਿਚ ਹੋਈ ਜਿਸ ਵਿਚ ਹੋਰਨਾਂ ਤੋਂ ਇਲਾਵਾ ਫਰੰਟ ਦੇ ਚੇਅਰਮੈਨ ਸ. ਗੁਰਜਤਿੰਦਰ ਸਿੰਘ ਰੰਧਾਵਾ, ਪ੍ਰਧਾਨ ਸ. ਸੁੱਖੀ ਘੁੰਮਣ, ਚੀਫ ਪੈਟਰਨ ਪਾਲ ਸਿਹੋਤਾ ਤੇ ਜਨਰਲ ਸਕੱਤਰ ਸ. ਸੁਰਜੀਤ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਮੀਟਿੰਗ ਵਿਚ ਜਿਥੇ ਪਿਛਲੇ ਸਮੇਂ ਦੌਰਾਨ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਐਨ. ਆਰ. ਆਈ. ਫਰੰਟ ਵਲੋਂ ਕੀਤੇ ਗਏ ਉਪਰਾਲਿਆਂ ਬਾਰੇ ਵਿਚਾਰ-ਕਬਜ਼ੇ ਆਦਿ ਬਾਰੇ ਵਿਚਾਰ ਕੀਤਾ ਗਿਆ। ਇਸ ਗੱਲ 'ਤੇ ਵੀ ਵਿਚਾਰ ਕੀਤੀ ਗਈ ਕਿ ਭਾਰਤੀਆਂ ਨੂੰ ਆਪਣੇ ਹੀ ਮੁਲਕ ਜਾਣ ਲਈ ਭਾਰਤ ਦਾ ਵੀਜ਼ਾ ਲੈਣ ਵਿਚ ਦਿੱਕਤਾਂ ਆ ਰਹੀਆਂ ਹਨ। ਅਮਰੀਕਾ ਦੇ ਕੌਂਸਲੇਟ ਦਫਤਰਾਂ ਵਿਚ ਬੇਲੋੜੀ ਦੇਰੀ ਕੀਤੀ ਜਾ ਰਹੀ ਹੈ। ਜੇ ਕੌਂਸਲੇਟ ਦਫਤਰ ਨਾਲ ਸੰਪਰਕ ਕੀਤਾ ਜਾਂਦਾ ਹੈ ਤਾਂ ਅੱਗਿਓਂ ਜੁਆਬ ਮਿਲਦਾ ਹੈ ਕਿ ਸਟਾਫ ਦੀ ਕਮੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਇਸ ਵੇਲੇ ਕੋਈ 60,000 ਦੇ ਕਰੀਬ ਵੀਜ਼ਾ ਅਰਜ਼ੀਆਂ ਦਾ ਬੈਕਲਾਗ ਪਿਆ ਹੈ। ਪਿਛਲੇ ਸਾਲ ਭਾਰਤ ਸਰਕਾਰ ਨੇ ਕਿਸੇ ਹੋਰ ਮੁਲਕ ਦੇ ਸ਼ਹਿਰੀ ਬਣ



ਵਟਾਂਦਰਾ ਕੀਤਾ ਗਿਆ ਉਥੇ ਆਉਣ ਵਾਲੇ ਸਮੇਂ ਲਈ ਵੀ ਰੂਪ-ਰੇਖਾ ਤਿਆਰ ਕੀਤੀ ਗਈ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਫਰੰਟ ਵਲੋਂ ਦਿੱਲੀ ਵਿਖੇ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਪਰਨੀਤ ਕੌਰ ਨੂੰ ਮਿਲ ਕੇ ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਬਾਰੇ ਮੈਮੋਰੰਡਮ ਦਿਤਾ ਗਿਆ ਸੀ ਅਤੇ ਸ਼੍ਰੀਮਤੀ ਪਰਨੀਤ ਕੌਰ ਨੇ ਵਫਦ ਨੂੰ ਭਰੋਸਾ ਦਿਤਾ ਸੀ ਕਿ ਪ੍ਰਵਾਸੀਆਂ ਦੀਆਂ ਮੰਗਾਂ ਸੰਬੰਧਤ ਵਿਭਾਗਾਂ ਦੇ ਨੋਟਿਸ ਵਿਚ ਲਿਆ ਦਿਤੀਆਂ ਜਾਣਗੀਆਂ।

ਮੀਟਿੰਗ ਵਿਚ ਪ੍ਰਵਾਸੀ ਭਾਰਤੀਆਂ ਨੂੰ ਆ ਰਹੀਆਂ ਮੁਸ਼ਕਿਲਾਂ, ਖਾਸ ਕਰ ਵੀਜ਼ੇ ਅਤੇ ਪਾਸਪੋਰਟ ਦੇ ਮਾਮਲੇ ਵਿਚ ਅਤੇ ਪੰਜਾਬ ਵਿਚ ਪ੍ਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ 'ਤੇ ਹੋ ਰਹੇ ਚੁਕੇ ਭਾਰਤੀ ਮੂਲ ਦੇ ਸਾਰੇ ਨਾਗਰਿਕਾਂ ਨੂੰ ਆਪਣੇ ਪੁਰਾਣੇ ਭਾਰਤੀ ਪਾਸਪੋਰਟ ਸੰਬੰਧਤ ਅੰਬੈਸੀਆਂ ਤੇ ਕੌਂਸਲੇਟ ਦਫਤਰਾਂ ਵਿਚ ਜਮ੍ਹਾ ਕਰਵਾਉਣ ਅਤੇ ਸੁਰੈਂਡਰ ਸਰਟੀਫਿਕੇਟ ਲੈਣ ਲਈ ਕਿਹਾ ਸੀ ਪਰ ਬਹੁਤੇ ਲੋਕਾਂ ਕੋਲ ਪੁਰਾਣਾ ਭਾਰਤੀ ਪਾਸਪੋਰਟ ਨਾ ਹੋਣ ਕਾਰਨ ਸੁਰੈਂਡਰ ਸਰਟੀਫਿਕੇਟ ਲੈਣ ਵਿਚ ਦਿੱਕਤ ਆ ਰਹੀ ਹੈ। ਇਸੇ ਤਰ੍ਹਾਂ ਰਾਜਨੀਤਿਕ ਸ਼ਰਨ ਲੈਣ ਵਾਲੇ ਭਾਰਤੀਆਂ ਨੂੰ ਵੀ ਵੀਜ਼ਾ ਅਤੇ ਪਾਸਪੋਰਟ ਦਿਵਾਉਣ ਬਾਰੇ ਵਿਚਾਰਿਆ ਗਿਆ। ਐਨ. ਆਰ. ਆਈ. ਫਰੰਟ ਦਾ ਇਕ ਵਫਦ ਅਪ੍ਰੈਲ ਮਹੀਨੇ ਇਕ ਵਾਰ ਫਿਰ ਭਾਰਤੀ ਕੇਂਦਰੀ ਮੰਤਰੀਆਂ ਅਤੇ ਉਚ ਅਧਿਕਾਰੀਆਂ ਨੂੰ ਸੰਬੰਧਤ ਮੁਸ਼ਕਲਾਂ ਬਾਰੇ ਜਾਣਕਾਰੀ ਦੇਣ ਲਈ ਭੇਜਿਆ ਜਾ ਰਿਹਾ ਹੈ।

# ਸਿੱਖ ਸਮਾਜ ਨੂੰ ਢਾਹ ਲਾਉਣ ਲਈ ਸੰਤ ਸਮਾਜ ਸਰਕਾਰੀ ਏਜੰਸੀਆਂ ਦਾ ਵਿੰਗ-ਏ.ਐਸ.ਓ.

**ਨਿਊ ਯਾਰਕ:** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਨੇ ਪੰਜਾਬ ਦੇ ਸੰਤ ਸਮਾਜ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਹੈ ਕਿ ਅਸਲ ਵਿਚ ਸਿੱਖ ਕੌਮ ਨੂੰ ਕਮਜੋਰ ਕਰਨ ਲਈ ਇੱਕ ਖਤਰਨਾਕ ਏਜੰਡੇ ਦੇ ਰੂਪ ਵਿਚ ਸੰਤ ਸਮਾਜ ਸਰਕਾਰੀ ਏਜੰਸੀਆਂ ਵਲੋਂ ਖੜਾ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਬਾਬਿਆ ਨੂੰ ਸਰਕਾਰਾਂ ਦਾ ਸਮਰਥਨ, ਲਾਲ ਬੱਤੀ ਵਾਲੀਆਂ ਕਾਰਾਂ ਅਤੇ ਸਰਕਾਰਾਂ ਅੰਦਰ ਦਬਦਬਾ ਕਿਸੇ ਨੂੰ ਵੀ ਕਿਸੇ ਭੁਲੇਖੇ ਵਿਚ ਨਹੀਂ ਰਹਿਣ ਦਿੰਦਾ।

ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਆਗੂਆਂ-ਭਾਈ ਦਵਿੰਦਰ ਸਿੰਘ, ਭਾਈ ਦਿਦਾਰ ਸਿੰਘ, ਭਾਈ ਸੁਰਿੰਦਰ ਸਿੰਘ ਸਰਪੰਚ, ਭਾਈ ਜਸਦੇਵ ਸਿੰਘ ਕੈਲੀਫੋਰਨੀਆਂ ਭਾਈ ਦਲਜੀਤ ਸਿੰਘ ਪੋਰਟਲੈਡ, ਭਾਈ ਇੰਦਰਜੀਤ ਸਿੰਘ, ਭਾਈ ਸੁਖਦੇਵ ਸਿੰਘ ਨਾਗਰਾ, ਭਾਈ ਸੁਖਵਿੰਦਰ ਸਿੰਘ, ਭਾਈ ਦਲਜੀਤ ਸਿੰਘ ਸ਼ਿਆਟਲ, ਭਾਈ ਸੁਰਜੀਤ ਸਿੰਘ, ਭਾਈ ਕਰਨੈਲ ਸਿੰਘ, ਭਾਈ ਲਾਲ ਸਿੰਘ, ਸਿਮਰਨ ਸਿੰਘ ਵਿਰਕ, ਸੁਖਵੀਰ ਸਿੰਘ, ਚਰਨਜੀਤ ਸਿੰਘ ਸਮਰਾ ਨਿਊ ਯਾਰਕ ਵਲੋਂ ਇਥੇ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਸੰਤ ਸਮਾਜ ਦੇ ਸਰਕਾਰੀ ਹੋਣ ਦੀ ਪੱਕੀ ਮੋਹਰ ਇਸ ਕਰਕੇ ਵੀ ਲੱਗਦੀ ਹੈ ਕਿ ਜਦੋਂ ਕੋਈ ਪੰਥਕ ਏਜੰਡਾ ਕੌਮ ਦੇ ਹੱਕ ਵਿਚ ਭੁਗਤਣ ਦੀ ਤਿਆਰੀ ਕਰਦਾ ਹੈ ਤਾਂ ਇਹ ਸਾਧ ਪੰਥ ਦਾ ਸਾਥ ਦੇਣ ਦੀ ਬਜਾਏ ਪੰਥ ਵਿਰੋਧੀਆਂ ਵਾਲਾ ਰੋਲ ਅਦਾ ਕਰਦੇ ਹਨ। ਸ. ਪਾਲ ਸਿੰਘ ਪੁਰੇਵਾਲ ਦੀ ਸਖਤ ਮਿਹਨਤ ਪਿਛੋਂ ਸਿੱਖਾਂ ਦੀ ਅੱਡਰੀ ਹਸਤੀ ਦੇ ਪ੍ਰਤੀਕ 2003 ਵਿਚ ਲਾਗੂ ਹੋਏ ਨਾਨਕਸ਼ਾਹੀ ਕੈਲੰਡਰ ਦਾ ਜਿਸ ਢੰਗ ਨਾਲ ਇਸ ਸੰਤ ਸਮਾਜ ਵਲੋਂ ਹਿੰਦੂਕਰਨ ਕੀਤਾ ਗਿਆ ਹੈ, ਉਹ ਸਿਰਫ ਪੰਥ ਵਿਰੋਧੀਆਂ ਦੇ ਹਿੱਸੇ ਹੀ ਆਉਂਦਾ ਹੈ। ਬਾਬਾ ਹਰੀ ਸਿੰਘ ਰੰਧਾਵੇ ਵਾਲਾ ਸੋਧੇ ਹੋਏ ਬਿਕਰਮੀ ਕੈਲੰਡਰ ਨੂੰ ਅਕਾਲ ਤਖਤ ਸਾਹਿਬ ਵਲੋਂ ਲਾਗੂ ਹੋਇਆ ਪ੍ਰਚਾਰਦਾ ਹੈ, ਸਵਾਲ ਖੜਾ ਹੁੰਦਾ ਹੈ ਕਿ 2003 ਵਿਚ ਪੰਜ ਸਿੰਘ ਸਹਿਬਾਨ ਅਤੇ ਅੰਤਰਿੰਗ ਕਮੇਟੀ ਵਲੋਂ ਫੈਸਲਾ ਕਰਕੇ ਅਕਾਲ ਤਖਤ ਸਾਹਿਬ ਤੋਂ ਹੀ ਲਾਗੂ ਹੋਏ ਅਸਲ ਕੈਲੰਡਰ ਤੋਂ ਇਹ ਅਖੌਤੀ ਸੰਤ ਸਮਾਜ ਅਤੇ ਹਰੀ ਸਿੰਘ ਰੰਧਾਵੇ ਵਾਲਾ 7 ਸਾਲ ਖੁਦ ਆਕੀ ਕਿਉਂ ਰਿਹਾ? ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਨਜਰ ਕਿਉਂ ਨਹੀ ਆਈ? 1936 ਵਿਚ ਅਕਾਲ ਤਖਤ ਸਾਹਿਬ ਤੋਂ ਲਾਗੂ ਹੋਈ ਪੰਥ-ਪ੍ਰਵਾਣਿਤ ਸਿੱਖ ਰਹਿਤ ਮਰਿਯਾਦਾ ਨੂੰ ਵੀ ਇਹ ਕਿਉਂ ਨਹੀਂ ਮੰਨਦੇ? ਕੀ ਉਹ ਅਕਾਲ ਤਖਤ ਸਾਹਿਬ ਦਾ ਹੁਕਮ ਨਹੀਂ?

ਬਿਆਨ ਵਿਚ ਕਿਹਾ ਗਿਆ ਹੈ ਕਿ ਅਕਾਲ ਤਖਤ ਸਾਹਿਬ ਤੋਂ ਬਾਗੀ ਇਹ ਸਾਧ ਅਕਾਲ ਤਖਤ ਨੂੰ ਇੱਕ ਮੋਹਰਾ ਬਣਾ ਕੇ ਵਰਤਦੇ ਹਨ, ਸਤਿਕਾਰ ਇਨ੍ਹਾਂ ਦੇ ਮਨ ਵਿਚ ਕੋਈ ਨਹੀਂ ਹੈ। ਸੰਤ ਸਮਾਜ ਦੇ ਮੁਖੀ ਭਾਈ ਹਰਨਾਮ ਸਿੰਘ ਧੁੰਮਾ ਵਲੋਂ ਜਿਸ ਢੰਗ ਨਾਲ ਸਿਰਸੇ ਵਾਲੇ ਸਾਧ ਵਿਰੁਧ ਲਹਿਰ ਨੂੰ ਖਤਮ ਕੀਤਾ ਗਿਆ ਉਹ ਵੀ ਕਿਸੇ ਤੋਂ ਲੁਕਿਆ ਛੁਪਿਆ ਨਹੀਂ। ਇਸ ਤੋਂ ਬਾਅਦ ਸੰਤ ਸਮਾਜ ਮੁਖੀ ਨੇ ਸਿਰਸੇ ਵਾਲੇ ਸਾਧ ਵਿਰੁਧ ਕੋਈ ਪ੍ਰੋਗਰਾਮ ਨਹੀਂ ਉਲੀਕਿਆ ਸਿਰਫ ਇਕੱਲਾ ਬਾਬਾ ਬਲਜੀਤ ਸਿੰਘ ਦਾਦੂਵਾਲ ਹੀ ਉਸ ਦਾ ਵਿਰੋਧ ਕਰਦਾ ਆ ਰਿਹਾ ਹੈ। ਇਸ ਤੋਂ ਬਾਅਦ 5 ਦਸੰਬਰ 2009 ਨੂੰ ਆਸ਼ੂਤੋਸ਼ ਦੇ ਪ੍ਰੋਗਰਾਮ ਨੂੰ ਰੋਕਣ ਕਰਕੇ ਵਾਪਰੇ ਲੁਧਿਆਣਾ ਕਾਂਡ ਤੋਂ ਬਾਅਦ ਬਣੇ ਪ੍ਰੋਗਰਾਮ ਨੂੰ ਇਸ ਸੰਤ ਸਮਾਜ ਨੇ ਵਿਉਂਤਬੰਦ ਤਰੀਕੇ ਰਾਹੀਂ ਹਾਈਜੈਕ ਕੀਤਾ। ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ 12 ਦਸੰਬਰ ਨੂੰ ਚੌਂਕ ਮਹਿਤਾ ਵਿਖੇ ਸੱਦੀ ਪੰਥਕ ਮੀਟਿੰਗ ਵਿਚ ਇਸੇ ਭਾਈ ਧੁੰਮੇ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖਤ 'ਤੇ ਤਲਬ ਕਰਨ ਦਾ ਮੁੱਦਾ ਉਸੇ ਦਿਨ ਤੋਂ ਬਾਅਦ ਠੰਢੇ ਬਸਤੇ ਪਾ ਕੇ ਕੌਮ ਦੇ ਜਜ਼ਬਾਤ ਨੂੰ ਖਤਮ ਕਰ ਦਿਤਾ। ਹੁਣੇ ਹੁਣੇ ਸਿੱਖਾਂ ਨੂੰ ਪੰਜਾਂ ਤਖਤਾਂ ਦੇ ਦਰਸ਼ਨ ਕਰਾਉਣ ਵਾਲੀ ਟਰੇਨ ਦੇ ਸਬੰਧ ਵਿਚ ਹਿਮਾਚਲ ਪ੍ਰਦੇਸ ਦੇ ਮੁੱਖੀ ਮੰਤਰੀ ਪ੍ਰੇਮ ਕੁਮਾਰ ਧੂਮਲ ਦੀ ਇਹ ਮੰਗ ਕਿ ਇਸ ਟਰੇਨ ਰਾਹੀਂ ਸਿੱਖਾਂ ਦੀ ਯਾਤਰਾ ਤਦ ਹੀ ਸਫਲ ਹੋਵੇਗੀ ਜੇ ਉਹ ਪੰਜਾਂ ਤਖਤਾਂ ਵਾਂਗ ਬਾਬਾ ਸਰਬਜੋਤ ਸਿੰਘ ਬੇਦੀ ਦੇ ਡੇਰੇ ਆ ਕੇ ਦਰਸ਼ਨ ਕਰਨ ਅਤੇ ਉਸ ਡੇਰੇ ਨੂੰ ਵੀ ਪੰਜਾਂ ਤਖਤਾਂ ਵਾਂਗ ਹੀ ਮਾਨਤਾ ਦਿੱਤੀ ਜਾਵੇ। ਜਥੇਬੰਦੀ ਅਨੁਸਾਰ ਅਜਿਹਾ ਬਿਆਨ ਪੰਥ ਦੋਖੀਆਂ ਦੀਆਂ ਗੁੱਝੀਆਂ ਸਾਜ਼ਿਸ਼ਾਂ ਨੂੰ ਉਜਾਗਰ ਕਰਦਾ ਹੈ।

## ਵਿਰਾਸਤ ਦੀ ਸੰਭਾਲ ਵਾਸਤੇ "ਪਛਾਣ" ਵਰਕਸ਼ਾਪ

ਸੈਕਰਾਮੈਂਟੋ: ਗੁਰੂ ਨਾਨਕ ਅਕੈਡਮੀ, ਸਰੀ ਤੋਂ ਭਾਈ ਤਜਿੰਦਰ ਸਿੰਘ ਅਤੇ ਕੈਪੀਟਲ ਸਿੱਖ ਸੈਂਟਰ, ਸੈਕਰਾਮੈਂਟੋ ਤੋਂ ਡਾ. ਗੁਰਤੇਜ ਸਿੰਘ ਨੇ ਪਿਛਲੀ 18 ਦਸੰਬਰ ਤੋਂ ਲੰਘੀ 2 ਜਨਵਰੀ ਤਕ ਉਤਰੀ ਕੈਲੇਫੋਰਨੀਆ ਦੇ ਵੱਖ ਵੱਖ ਸ਼ਹਿਰਾਂ- ਫਰਿਜਨੋ, ਮਡੇਰਾ, ਸੈਨ ਹੋਜੇ, ਸਟਾਕਟਨ, ਸੈਕਰਾਮੈਂਟੋ, ਟਰੇਸੀ, ਫਰੀਮਾਂਟ, ਐਲ ਸਬਰਾਂਟੇ ਅਤੇ ਯੂਬਾ ਸਿਟੀ ਵਿਚ 8 ਤੋਂ 18 ਸਾਲ ਦੇ ਬੱਚਿਆਂ ਵਾਸਤੇ 1-2 ਦਿਨਾਂ ਦੀਆਂ ਵਰਕਸ਼ਾਪ ਲਾਈਆਂ। ਇਹ ਸਾਰੀਆਂ ਵਰਕਸ਼ਾਪਾਂ 'ਪਛਾਣ' (ਆਪਣੇ ਆਪ ਨੂੰ ਜਾਨਣਾ) ਦੇ ਝੰਡੇ ਹੇਠ ਹੋਈਆਂ ਅਤੇ ਇਨ੍ਹਾਂ ਨੂੰ ਗੁਰੁ ਨਾਨਕ ਅਕੈਡਮੀ ਸਰੀ, ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਸਿੱਖ ਸੇਵਕ ਸੁਸਾਇਟੀ ਤੇ ਖੋਜ ਸੰਸਥਾ ਨੇ ਭਰਪੂਰ ਸਹਿਯੋਗ ਦਿੱਤਾ।

ਵਰਕਸ਼ਾਪਾਂ ਵਿਚ ਸਿੱਖਾਂ ਦੀ-ਸਿੱਖ ਇਤਿਹਾਸ ਕੁਰਬਾਨੀ ਦੇ ਪੱਖ ਤੋਂ, ਗੁਰੂ ਨਾਨਕ ਦੇਵ ਦੀ ਜੀਵਨੀ, ਪੱਛਮੀ ਸਭਿਅਤਾ ਵਿਚ ਬੱਚਿਆਂ ਦੀ ਪਰਵਰਿਸ਼ ਅਤੇ ਆਪਣੇ ਜੀਵਨ ਵਿਚ ਪਹਿਲ ਤੇ ਲੋੜਾਂ ਵਰਗੇ ਵਿਸ਼ਿਆਂ ਤੇ ਗੱਲਬਾਤ ਕੀਤੀ ਗਈ ਜਿਸ ਨੂੰ ਮਾਪਿਆਂ ਨੇ ਵੀ ਬੈਠ ਕੇ ਬਹੁਤ ਧਿਆਨ ਨਾਲ ਸੁਣਿਆ ਅਤੇ ਭਾਈ ਤਜਿੰਦਰ ਸਿੰਘ ਤੇ ਡਾ. ਗੁਰਤੇਜ ਸਿੰਘ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸੇਵਾ ਵਿਚ ਨੌਜਵਾਨਾਂ-ਅਰਸ਼ਦੀਪ ਸਿੰਘ, ਕਰਮਤੇਜ ਸਿੰਘ, ਮਨਹਰਜੋਤ ਸਿੰਘ, ਤਰੁਨਪ੍ਰੀਤ ਸਿੰਘ, ਗੁਰਮੇਹਰ ਸਿੰਘ ਆਦਿ ਨੇ ਵੀ ਹਿੱਸਾ ਪਾਇਆ। ਦੋ ਹਫਤਿਆਂ ਦੇ ਇਸ ਲੜੀਵਾਰ ਪ੍ਰੋਗਰਾਮ ਵਿਚ ਗੁਰਦਵਾਰਾ ਪ੍ਰਬੰਧਕ ਨੇ ਬਹੁਤ ਸਾਥ ਦਿੱਤਾ।

# ਐਨ. ਆਰ. ਆਈ. ਸਭਾ ਅਮਰੀਕਾ ਵਲੋਂ ਹੇਅਰ ਨੂੰ ਕੈਬਨਿਟ ਰੈਂਕ ਦੇਣ ਦੀ ਮੰਗ

**ਸੈਕਰਾਮੈਂਟੋ:** ਐਨ ਆਰ ਆਈ ਸਭਾ, ਅਮਰੀਕਾ ਨੇ ਐਨ. ਆਰ. ਆਈ. ਸਭਾ ਪੰਜਾਬ ਦੇ ਪ੍ਰਧਾਨ ਸ. ਕਮਲਜੀਤ ਸਿੰਘ ਹੇਅਰ ਨੂੰ ਕੈਬਨਿਟ ਰੈਂਕ ਦਿੱਤੇ ਜਾਣ ਦੀ ਮੰਗ ਕੀਤੀ ਹੈ। ਇਸ ਸਬੰਧੀ ਐਨ ਆਰ ਆਈ ਸਭਾ ਅਮਰੀਕਾ ਦੀ ਇਥੇ ਸਭਾ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਖ ਵਖ ਬੁਲਾਰਿਆਂ ਨੇ ਕਿਹਾ ਕਿ ਸ. ਕਮਲਜੀਤ ਸਿੰਘ ਹੇਅਰ ਪ੍ਰਵਾਸੀਆਂ ਦੇ ਚੁਣੇ ਹੋਏ ਨੁਮਾਇੰਦੇ ਹਨ ਅਤੇ ਉਨ੍ਹਾਂ ਨੂੰ ਕੈਬਨਿਟ ਰੈਂਕ ਮਿਲਣ ਨਾਲ ਉਹ ਪ੍ਰਵਾਸੀ ਵੀਰਾਂ ਦੀਆਂ ਸਮੱਸਿਆਵਾਂ ਹੋਰ ਵੀ ਜੋਰਦਾਰ ਢੰਗ ਨਗਲ ਉਭਾਰ ਸਕਣਗੇ। ਇਸ ਮੌਕੇ ਬੋਲਦਿਆਂ ਸ੍ਰੀ ਬੌਬੀ ਨੇ ਕਿਹਾ ਕਿ ਸ. ਹੇਅਰ ਦੇ ਘਰ ਸਵੇਰ ਤੋਂ ਹੀ ਆਪਣੀਆਂ ਸਮੱਸਿਆਵਾਂ ਲੈ ਕੇ ਆਏ ਪ੍ਰਵਾਸੀ ਪੰਜਾਬੀਆਂ ਦੀਆਂ ਕਤਾਰਾਂ ਲਗ ਜਾਂਦੀਆਂ ਹਨ ਜੋ ਕਿ ਪੰਜਾਬ ਸਰਕਾਰ ਦੇ ਕਿਸੇ ਵੀ ਮੰਤਰੀ ਦੇ ਘਰ ਨਾਲੋਂ ਲੰਬੀਆਂ ਹੁੰਦੀਆਂ ਹਨ। ਸ. ਹੇਅਰ ਪ੍ਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ।



ਕਮਲਜੀਤ ਹੇਅਰ

ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਸ. ਹੇਅਰ ਨੂੰ ਕੈਬਨਿਟ ਰੈਂਕ ਮਿਲਣ ਨਾਲ ਐਨ ਆਰ ਆਈ ਸਭਾ ਦੀ ਮਹੱਤਤਾ ਵਧੇਗੀ। ਉਨ੍ਹਾਂ ਕਿਹਾ ਕਿ ਇਕੱਲੇ ਅਮਰੀਕਾ ਹੀ ਨਹੀਂ ਪੂਰੀ ਦੁਨੀਆਂ ਦੇ ਪ੍ਰਵਾਸੀ ਪੰਜਾਬੀਆਂ ਦੀ ਮੰਗ ਹੈ ਕਿ ਸ. ਹੇਅਰ ਨੂੰ ਪੰਜਾਬ ਸਰਕਾਰ ਵਿਚ ਕੈਬਨਿਟ ਰੈਂਕ ਦਿੱਤਾ ਜਾਵੇ। ਮੀਟਿੰਗ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਇਸ ਸਬੰਧੀ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਪੰਜਾਬ ਸ. ਸੁਖਬੀਰ ਸਿੰਘ ਬਾਦਲ ਤੋਂ ਇਸ ਸਬੰਧੀ ਮੰਗ ਕੀਤੀ ਗਈ ਹੈ।

ਸਭਾ ਦੀ ਇਸ ਕੌਮੀ ਪੱਧਰ ਦੀ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸਭਾ ਦੇ ਵਾਈਸ ਚੇਅਰਮੈਨ ਜਗਦੀਸ਼ ਸਿੰਘ ਢਿੱਲੋਂ, ਸਕੱਤਰ ਜਨਰਲ ਤੇਜਪਾਲ ਸਿੰਘ ਨਿਕਸਨ, ਮੁੱਖ ਬੁਲਾਰਾ ਸ. ਨਰਿੰਦਰਪਾਲ ਸਿੰਘ ਹੁੰਦਲ, ਜਨਰਲ ਸਕੱਤਰ ਦਿਲ ਨਿੱਝਰ, ਪ੍ਰਧਾਨ ਕੈਲੇਫੋਰਨੀਆ ਕੈਨੀ ਵਿਰਕ, ਪ੍ਰਧਾਨ ਸੈਕਰਾਮੈਂਟੋ ਨੇਕਵੀਰ ਸਿੰਘ, ਵਾਈਸ ਚੇਅਰਮੈਨ ਕੈਲੇਫੋਰਨੀਆ ਨਵਿੰਦਰਜੀਤ ਸਿੰਘ ਭੰਡਾਲ, ਵਾਈਸ ਚੇਅਰਮੈਨ ਕੈਲੇਫੋਰਨੀਆ ਪਰਗਣ ਸਿੰਘ ਬੈਂਸ, ਰੌਣਕ ਸਿੰਘ (ਮੀਤ ਪ੍ਰਧਾਨ), ਹਰਦੇਵ ਸਿੰਘ ਪੱਡਾ, ਗੁਰਦੇਵ ਸਿੰਘ ਕੰਗ, ਬੌਬੀ ਗੋਸਲ (ਵਾਈਸ ਚੇਅਰਮੈਨ ਕੈਲੇਫੋਰਨੀਆ), ਪਾਲ ਮੰਨਣ, ਮਨਜੋਤ ਰਾਏ (ਮੀਤ ਪ੍ਰਧਾਨ), ਮਨਜੀਤ ਸਿੰਘ (ਸੈਕਟਰੀ), ਗੁਰਨਾਮ ਸਿੰਘ ਪੰਮਾ, ਗੁਰਦੀਪ ਸਿੰਘ ਢੀਂਡਸਾ, ਗੁਰਪ੍ਰੀਤ ਸਿੰਘ ਰਾਏ ਅਤੇ ਹੋਰ ਅਹੁਦੇਦਾਰ ਹਾਜਰ ਸਨ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਗੁਰਦੁਆਰਾ ਟਾਇਰਾ ਬਿਊਨਾ ਵਿਚ ਨੌਬਤ ਮੁੜ ਹੱਥੋਪਾਈ ਤਕ ਪਹੁੰਚੀ

**ਯੂਬਾ ਸਿਟੀ:** ਪਿਛਲੇ ਨਵੰਬਰ ਮਹੀਨੇ ਦੇ ਸਾਲਾਨਾ ਨਗਰ ਕੀਰਤਨ ਦੌਰਾਨ ਹੋਏ ਨਵੇਂ ਤੇ ਪੁਰਾਣੇ ਪ੍ਰਬੰਧਕਾਂ ਵਿਚਾਲੇ ਲੜਾਈ-ਝਗੜੇ ਅਤੇ ਤਲਖੀ ਨੂੰ ਸੰਗਤਾਂ ਅਜੇ ਭੁਲੀਆਂ ਵੀ ਨਹੀਂ ਸਨ ਕਿ ਲੰਘੇ ਸਨਿਚਰਵਾਰ ਗੁਰਦੁਆਰਾ ਟਾਇਰਾ ਬਿਊਨਾ ਵਿਚ ਪ੍ਰਬੰਧਕਾਂ ਅਤੇ ਵਿਰੋਧੀ ਧਿਰ ਵਿਚਾਲੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਨਾ ਸਿਰਫ ਤੂੰ-ਤੂੰ, ਮੈਂ-ਮੈਂ ਹੀ ਹੋਈ ਸਗੋਂ ਨੌਬਤ ਹੱਥੋਪਾਈ ਤਕ ਵੀ ਪਹੁੰਚੀ। ਇਸ ਸਾਰੇ ਘਟਨਾਕ੍ਰਮ ਪਿਛੋਂ ਪੁਲਿਸ ਵੀ ਪਹੁੰਚੀ ਪਰ ਗਨੀਮਤ ਇਹ ਰਹੀ ਕਿ ਪੁਲਿਸ ਦਰਬਾਰ ਹਾਲ ਵਿਚ ਦਾਖਲ ਨਹੀਂ ਹੋਈ ਅਤੇ ਇਸ ਨੇ ਦੋਹਾਂ ਧਿਰਾਂ ਨੂੰ ਮਾਮਲਾ ਮਿਲ-ਬਹਿ ਕੇ ਨਜਿੱਠਣ ਦੀ ਸਲਾਹ ਦਿਤੀ।

ਸੂਤਰਾਂ ਅਨੁਸਾਰ ਇਥੋਂ ਦੇ ਉਘੇ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਦੇ ਇਕ ਰਿਸ਼ਤੇਦਾਰ ਸ. ਤਾਰਾ ਸਿੰਘ ਬਿਹਾਲਾ ਦੇ ਪੋਤਰੇ ਦੇ ਜਨਮ ਦੀ ਖੁਸ਼ੀ ਵਿਚ ਗੁਰੂ ਘਰ ਪ੍ਰੋਗਰਾਮ ਰੱਖਿਆ ਗਿਆ ਸੀ। ਇਸੇ ਪ੍ਰੋਗਰਾਮ ਦੌਰਾਨ ਹੀ ਪ੍ਰਬੰਧਕਾਂ ਵਲੋਂ ਸ. ਦੀਦਾਰ ਸਿੰਘ ਬੈਂਸ ਨੂੰ ਬੋਲਣ ਲਈ ਵਾਜਬ ਸਮਾਂ ਨਾ ਦਿੱਤੇ ਜਾਣ 'ਤੇ ਤਲਖੀ ਪੈਦਾ ਹੋਈ। ਸ. ਬੈਂਸ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਨੇ ਜਾਣ-ਬੁੱਝ ਕੇ ਸ. ਬੈਂਸ ਨੂੰ ਪ੍ਰੋਗਰਾਮ ਦੇ ਐਨ ਅਖੀਰ ਵਿਚ ਉਦੋਂ ਸਮਾਂ ਦਿੱਤਾ ਜਦੋਂ ਬਹੁਤ ਸਾਰੀ ਸੰਗਤ ਦੀਵਾਨ ਹਾਲ ਵਿਚੋਂ ਬਾਹਰ ਜਾ ਚੁਕੀ ਸੀ।

ਸੰਗਤ ਨੂੰ ਸੰਬੋਧਨ ਕਰਦਿਆਂ ਸ. ਬੈਂਸ ਨੇ ਪ੍ਰਬੰਧਕਾਂ ਨੂੰ ਸਲਾਹ ਦਿੱਤੀ ਕਿ ਗੁਰੂ ਘਰ ਦੇ ਸਾਰੇ ਵਿਵਾਦ ਮਿਲ ਬਹਿ ਕੇ ਨਜਿੱਠੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਅਕਸਰ ਲੋਕ ਉਨ੍ਹਾਂ ਨੂੰ ਪੁੱਛਦੇ ਹਨ ਕਿ ਉਹ (ਸ. ਬੈਂਸ) ਆਪਣੇ ਰਸੂਖ ਦੀ ਵਰਤੋਂ ਕਰਕੇ ਸਾਰਾ ਮਾਮਲਾ ਹੱਲ ਕਿਉਂ ਨਹੀਂ ਕਰਵਾਉਂਦੇ? ਇਸ ਸਬੰਧੀ ਉਨ੍ਹਾਂ ਪ੍ਰਬੰਧਕਾਂ ਦੇ ਨੇੜਲੇ ਇਕ ਵਿਅਕਤੀ ਮਲਕੀਤ ਸਿੰਘ ਧਾਮੀ ਦਾ ਵੀ ਜ਼ਿਕਰ ਕੀਤਾ ਜਿਸ ਨੇ ਉਨ੍ਹਾਂ ਤੱਕ ਵਿਵਾਦ ਹੱਲ ਕਰਨ ਲਈ ਪਹੁੰਚ ਕੀਤੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਬੰਧਕਾਂ ਨੂੰ ਝਗੜਾ ਨਿਬੇੜਨ ਲਈ ਵਿਰੋਧੀ ਧਿਰ ਦੀ ਮੰਗ ਪ੍ਰਵਾਨ ਕਰਦਿਆਂ ਮੈਂਬਰਾਂ ਦੀ ਲਿਸਟ ਦੇ ਦੇਣੀ ਚਾਹੀਦੀ ਹੈ ਤਾਂ ਜੋ ਅਦਾਲਤੀ ਝਗੜੇ ਖਤਮ ਹੋਣ।

ਸ. ਬੈਂਸ ਦੇ ਬੋਲਣ ਤੋਂ ਬਾਅਦ ਸਟੇਜ ਸੈਕਟਰੀ ਸ. ਗੁਰਮੇਜ ਸਿੰਘ ਗਿੱਲ ਨੇ ਕਿਹਾ ਕਿ ਇਹ ਸਾਰੇ ਮਾਮਲੇ ਅਦਾਲਤ ਵਿਚ ਸੁਣਵਾਈ ਅਧੀਨ ਹਨ ਅਤੇ ਜੋ ਅਦਾਲਤ ਫੈਸਲਾ ਕਰੇਗੀ ਉਹ ਫੈਸਲਾ ਸਭ ਨੂੰ ਮਨਜ਼ੂਰ ਕਰਨਾ ਚਾਹੀਦਾ ਹੈ। ਸਾਡੇ ਕਿਸੇ ਬੰਦੇ ਨੇ ਵਿਰੋਧੀ ਧਿਰ ਤੱਕ ਸਮਝੌਤੇ ਲਈ ਕੋਈ ਪਹੁੰਚ ਨਹੀਂ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਲੋਕ ਸ. ਬੈਂਸ ਨੂੰ ਪਿਛਲੇ 40 ਸਾਲ ਤੋਂ ਸੁਣਦੇ ਆ ਰਹੇ ਹਨ ਤੇ ਬਥੇਰਾ ਸੁਣ ਚੁਕੇ ਹਨ ਅਤੇ ਹੁਣ ਉਨ੍ਹਾਂ ਨੂੰ ਕੋਈ ਸੁਣਨ ਨਹੀਂ ਆਉਂਦਾ। ਗੁਰੂ ਘਰ ਲੋਕ ਸ਼ਬਦ ਕੀਰਤਨ ਸੁਣਨ ਆਉਂਦੇ ਹਨ, ਸਿਆਸੀ ਗੱਲਾਂ ਨਹੀਂ। ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਿਆਸੀ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਉਨ੍ਹਾਂ ਨਾਲ ਹੀ ਵਿਰੋਧੀ ਧਿਰ ਨੂੰ ਸਬੰਧਤ ਮੁੱਦਿਆਂ ਉਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਵੀ ਦਿੱਤੀ।

ਇਸੇ ਦੌਰਾਨ ਸ. ਦੀਦਾਰ ਸਿੰਘ ਬੈਂਸ ਨੇ ਸਟੇਜ ਤੋਂ ਮੁੜ ਬੋਲਣ ਲਈ ਕੋਸ਼ਿਸ਼ ਕੀਤੀ ਪਰ ਪ੍ਰਬੰਧਕਾਂ ਨੂੰ ਜਦੋਂ ਵਿਰੋਧੀ ਧਿਰ ਨੇ ਮਾਈਕ ਬੰਦ ਕਰ ਦੇਣ ਦੀ ਗੱਲ ਕਰਦਿਆਂ ਸੁਣਿਆ ਤਾਂ ਤਲਖੀ ਪੈਦਾ ਹੋ ਗਈ। ਇਸੇ ਦੌਰਾਨ ਗੁਰੂ ਘਰ ਦੇ ਖਜ਼ਾਨਚੀ ਕਸ਼ਮੀਰ ਸਿੰਘ ਰਾਏ ਤੇ ਸਟੇਜ ਸੈਕਟਰੀ ਸ. ਗਿੱਲ ਅਤੇ ਵਿਰੋਧੀ ਧਿਰ ਵਿਚਾਲੇ ਤੂੰ-ਤੂੰ, ਮੈਂ-ਮੈਂ ਹੱਥੋ ਪਾਈ ਤੱਕ ਪਹੁੰਚ ਗਈ। ਪਰ ਇਹ ਵੀ ਗੁਰੂ ਦੀ ਮਿਹਰ ਰਹੀ ਕਿ ਇਸ ਵਾਰ ਪੱਗਾਂ ਨਹੀਂ ਲੱਥੀਆਂ। ਉਂਜ ਗੁਰੂ ਦਰਬਾਰ ਦੇ ਅਦਬ ਦਾ ਕਿਸੇ ਨੂੰ ਵੀ ਖਿਆਲ ਨਹੀਂ ਸੀ। ਇਸੇ ਸਮੇਂ ਪ੍ਰਬੰਧਕਾਂ ਜਾਂ ਕਿਸੇ ਹੋਰ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਹਾਲਾਤ ਦਾ ਜਾਇਜ਼ਾ ਲਿਆ ਪਰ ਅੰਦਰ ਜਾਣ ਤੋਂ ਸੰਕੋਚ ਕੀਤਾ। ਪੁਲਿਸ ਨੇ ਦੋਵਾਂ ਧਿਰਾਂ ਨੂੰ ਮਾਮਲਾ ਮਿਲ ਬਹਿ ਕੇ ਨਿਪਟਾਉਣ ਦੀ ਸਲਾਹ ਦਿੱਤੀ।

ਵਰਣਨਯੋਗ ਹੈ ਕਿ ਦੋ ਸਾਲ ਪਹਿਲਾਂ ਹੋਈਆਂ ਚੋਣਾਂ ਤੋਂ ਬਾਅਦ ਸਿੱਖ ਯੂਥ ਆਫ ਅਮੈਰਿਕਾ ਦੀ ਅਗਵਾਈ ਹੇਠ ਵਿਰੋਧੀ ਧਿਰ ਪ੍ਰਬੰਧ ਵਿਚ ਆਈ ਸੀ। ਦੂਜੀ ਸ. ਦੀਦਾਰ ਸਿੰਘ ਬੈਂਸ ਧਿਰ ਦਾ ਦੋਸ਼ ਹੈ ਕਿ ਚੋਣਾਂ ਤੋਂ ਬਾਅਦ ਪ੍ਰਬੰਧਕਾਂ ਨੇ ਗੁਰੂ ਘਰ ਦੇ ਸੰਵਿਧਾਨ ਨੂੰ ਬਦਲ ਕੇ ਚੋਣਾਂ ਲਮਕਾਉਣ ਦੀ ਕੋਸ਼ਿਸ਼ ਕੀਤੀ ਹੈ। ਵਿਰੋਧੀ ਧਿਰ ਨੇ ਡਾਇਰੈਕਟਰਾਂ ਦੀ ਸੂਚੀ ਅਤੇ ਮੈਂਬਰਾਂ ਦੀ ਸੂਚੀ ਲੈਣ ਲਈ ਅਦਾਲਤ ਵਿਚ ਕੇਸ ਵੀ ਕੀਤਾ ਹੋਇਆ ਹੈ। ਡਾਇਰੈਕਟਰਾਂ ਦੀ ਸੂਚੀ ਕੁਝ ਸਮਾਂ ਪਹਿਲਾਂ ਅਦਾਲਤ ਦੇ ਹੁਕਮਾਂ 'ਤੇ ਵਿਰੋਧੀ ਧਿਰ ਨੂੰ ਮਿਲ ਵੀ ਚੁਕੀ ਹੈ ਪ੍ਰੰਤੂ ਮੈਂਬਰਾਂ ਦੀ ਸੂਚੀ ਲਈ ਕੇਸ ਅਜੇ ਅਦਾਲਤ ਵਿਚ ਚੱਲ ਰਿਹਾ ਹੈ। ਸ. ਦੀਦਾਰ ਸਿੰਘ ਬੈਂਸ ਦੀ ਧਿਰ ਦੇ ਨੇੜਲੇ ਸੂਤਰਾਂ ਨੇ ਸਨਿਚਰਵਾਰ ਹੋਈਆਂ ਘਟਨਾਵਾਂ ਲਈ ਸਿੱਧੇ ਤੌਰ 'ਤੇ ਪ੍ਰਬੰਧਕਾਂ ਨੂੰ ਦੋਸ਼ੀ ਠਹਿਰਾਇਆ ਹੈ। ਪ੍ਰਬੰਧਕਾਂ ਦਾ ਕੁਝ ਵਿਗੜ ਨਹੀਂ ਸੀ ਜਾਣਾ ਜੇ ਉਹ ਸ. ਬੈਂਸ ਦੀ ਬਜ਼ੁਰਗੀ ਅਤੇ ਸਿੱਖ ਪੰਥ ਵਿਚ ਉਨ੍ਹਾਂ ਦੇ ਕੱਦ-ਕਾਠ ਨੂੰ ਵੇਖਦਿਆਂ ਉਨ੍ਹਾਂ ਦੀ ਗੱਲ ਸੁਣ ਲੈਂਦੇ।


ਦੂਜੇ ਪਾਸੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਨੂੰ ਜੇ ਗੁਰੂ ਸਾਹਿਬ ਅਤੇ ਸੰਗਤ 'ਤੇ ਵਿਸ਼ਵਾਸ ਹੈ ਤਾਂ ਅਗਲੀਆਂ ਚੋਣਾਂ ਵਿਚ ਵੋਟਾਂ ਪਵਾ ਕੇ ਸੰਗਤ ਦੇ ਫੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ ਅਤੇ ਧੱਕੇ ਨਾਲ ਪ੍ਰਬੰਧ ਖੋਹਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਗੁਰੂ ਘਰ ਦੀ ਮਰਿਆਦਾ ਨੂੰ ਢਾਹ ਨਹੀਂ ਲਾਉਣੀ ਚਾਹੀਦੀ ਹੈ। ਪ੍ਰਧਾਨ ਸ. ਪਵਿੰਦਰ ਸਿੰਘ ਕਰੀਹਾ ਦੇ ਦਸਤਖਤਾਂ ਹੇਠ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜੇਕਰ ਲੋਕ ਬੈਂਸ ਪਰਿਵਾਰ ਨੂੰ ਨਹੀਂ ਚਾਹੁੰਦੇ ਤਾਂ ਇਸ ਵਿਚ ਮੌਜੂਦਾ ਕਮੇਟੀ ਦਾ ਕੀ ਦੋਸ਼ ਹੈ? ਗੁਰਦੁਆਰੇ ਦੇ ਪ੍ਰਬੰਧ ਵਿਚ ਡਿਕਟੇਟਰਸ਼ਿਪ ਨਹੀਂ ਚਲਦੀ ਸਗੋਂ ਸੰਗਤਾਂ ਦੀ ਡੈਮੋਕਰੇਸੀ ਚਲਣੀ ਚਾਹੀਦੀ ਹੈ।

*To Advertise with us*
*call: 847-359-0746*

## ਸਵਰਗੀ ਗੁਰਬਚਨ ਸਿੰਘ ਹੁੰਦਲ ਦੀ ਪਹਿਲੀ ਬਰਸੀ 29 ਨੂੰ

**ਸੈਕਰਾਮੈਂਟੋ:** ਸ਼੍ਰੋਮਣੀ ਅਕਾਲੀ ਦਲ (ਬ) ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਐਨ ਆਰ ਆਈ ਸਭਾ ਅਮਰੀਕਾ ਦੇ ਮੁੱਖ ਬੁਲਾਰੇ ਸ. ਨਰਿੰਦਰਪਾਲ ਸਿੰਘ ਹੁੰਦਲ ਦੇ ਪਿਤਾ ਸ. ਗੁਰਬਚਨ ਸਿੰਘ ਹੁੰਦਲ ਦੀ ਪਹਿਲੀ ਬਰਸੀ ਆਉਂਦੀ 29 ਜਨਵਰੀ ਨੂੰ ਗੜ੍ਹਸ਼ੰਕਰ ਵਿਚ ਉਨ੍ਹਾਂ ਦੇ ਜੱਦੀ ਘਰ (ਹੁੰਦਲ ਫਾਰਮ, ਨੇੜੇ ਕਚਿਹਰੀਆਂ) ਵਿਖੇ ਮਨਾਈ ਜਾ ਰਹੀ ਹੈ। ਉਹ ਪਿਛਲੇ ਸਾਲ 20 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ।

ਸਵਰਗੀ ਗੁਰਬਚਨ ਸਿੰਘ ਹੁੰਦਲ ਸ਼ਾਮ ਚੁਰਾਸੀ ਦੇ



ਨਜ਼ਦੀਕ ਪਿੰਡ ਜਲਭੇ ਵਿਚ 1927 ਵਿਚ ਜਨਮੇ। ਉਚ ਸਿੱਖਿਆ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨੇ ਜੰਗਲਾਤ ਮਹਿਕਮੇ ਵਿਚ ਨੌਕਰੀ ਕੀਤੀ ਅਤੇ ਰਿਟਾਇਰਮੈਂਟ ਉਪਰੰਤ 1985 ਵਿਚ ਪੱਕੇ ਤੌਰ 'ਤੇ ਅਮਰੀਕਾ ਆਪਣੇ ਪਰਿਵਾਰ ਨਾਲ ਆ ਵੱਸੇ। ਸ. ਨਰਿੰਦਰਪਾਲ ਸਿੰਘ ਹੁੰਦਲ ਅਤੇ ਉਨ੍ਹਾਂ ਦੇ ਮਾਤਾ ਬਲਵਿੰਦਰ ਕੌਰ ਹੁੰਦਲ, ਵੱਡੇ ਭਾਈ ਸੁਰਿੰਦਰਪਾਲ ਸਿੰਘ ਹੁੰਦਲ ਤੇ ਛੋਟੇ ਗੁਰਿੰਦਰਪਾਲ ਸਿੰਘ ਹੁੰਦਲ ਬਰਸੀ ਸਮਾਗਮ ਵਿਚ ਸ਼ਾਮਿਲ ਹੋਣ ਲਈ ਇੰਡੀਆ ਪਹੁੰਚ ਚੁੱਕੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 84270-70751 'ਤੇ ਕੀਤਾ ਜਾ ਸਕਦਾ ਹੈ।

# ਪੰਜਾਬੀ ਰੇਡੀਓ ਯੂ ਐਸ ਏ ਦੇ ਵਿਹੜੇ 'ਚ ਚਾਵਾਂ ਨਾਲ ਮਨਾਈ ਲੋਹੜੀ

**ਸੈਨ ਹੋਜ਼ੇ:** ਛੋਟੀ ਜਿਹੀ ਉਮਰ ਵਿਚ ਵਡੀਆਂ ਮੱਲ੍ਹਾਂ ਮਾਰਨ ਵਾਲੇ ਪੰਜਾਬੀ ਰੇਡੀਓ ਯੂ ਐਸ ਏ ਨੇ ਆਪਣੀ ਪਹਿਲੀ ਮਾਘੀ ਅਤੇ ਲੋਹੜੀ ਸਾਰੀ ਦੁਨੀਆਂ ਦੇ ਸਰੋਤਿਆਂ ਨਾਲ ਰਲ ਕੇ ਮਨਾਈ। ਰੇਡੀਓ 'ਤੇ ਸਾਰਾ ਦਿਨ ਲੋਹੜੀ ਦਾ ਪ੍ਰੋਗਰਾਮ ਚਲਦਾ ਰਿਹਾ ਅਤੇ ਦੁਨੀਆਂ ਦੇ ਵੱਖ ਵੱਖ ਮੁਲਕਾਂ ਤੋਂ ਪੰਜਾਬੀਆਂ ਦੀਆਂ ਕਾਲਾਂ ਆਉਂਦੀਆਂ ਰਹੀਆਂ ਤੇ ਰਾਤ ਦੇ 12.00 ਵਜੇ ਤੱਕ ਪ੍ਰੋਗਰਾਮ ਚਲਦਾ ਰਿਹਾ। ਸਰੋਤਿਆਂ ਨੇ ਲੋਹੜੀ ਦੇ ਗੀਤਾਂ ਅਤੇ ਹੋਰ ਲੋਕ ਗੀਤਾਂ ਨਾਲ ਰੇਡੀਓ ਦਾ ਵਿਹੜਾ ਸ਼ਿੰਗਾਰਿਆ। ਮੇਜਬਾਨ ਬਲਵਿੰਦਰ ਕੌਰ, ਗੁਰਜਸਪਾਲ ਅਤੇ ਰਾਜ ਨੇ ਵੀ ਇਕ ਤੋਂ ਵਧੀਆ ਇਕ ਲੋਹੜੀ ਦੇ ਗੀਤ ਚਲਾ ਕੇ ਰੰਗ ਬੰਨ੍ਹੀ ਰੱਖਿਆ। ਟਰੇਸੀ ਤੋਂ ਰਾਣੀ ਕਾਹਲੋਂ ਅਤੇ ਲਹਿੰਦੇ ਪੰਜਾਬ ਤੋਂ ਅਲਮਾਜ਼ ਸੂਫ਼ੀ ਨੇ ਵੀ ਸ਼ੇਅਰਾਂ ਅਤੇ ਗੀਤਾਂ ਨਾਲ ਸਰੋਤਿਆਂ ਨੂੰ ਕੀਲੀ ਰੱਖਿਆ।

ਵਰਣਨਯੋਗ ਹੈ ਕਿ ਪੰਜਾਬੀ ਰੇਡੀਓ ਯੂ ਐਸ ਏ ਕੈਲੀਫੋਰਨੀਆ ਅਤੇ ਨੇਵਾਡਾ ਦੇ 11 ਰੇਡੀਓ ਸਟੇਸ਼ਨਾਂ ਤੋਂ ਇਕੋ ਸਮੇਂ 24 ਘੰਟੇ ਪ੍ਰਸਾਰਣ ਕਰਨ ਵਾਲਾ ਪਹਿਲਾ ਰੇਡੀਓ ਸਟੇਸ਼ਨ ਬਣ ਗਿਆ ਹੈ। ਸਰੋਤੇ ਇਹ ਰੇਡੀਓ ਇੰਟਰਨੈਟ ਰਾਹੀਂ www.punjabiradiousa.com 'ਤੇ ਅਤੇ ਆਈ ਫੋਨ ਅਤੇ ਐਂਡੇਰਾਈਡ ਫੋਨਾਂ ਰਾਹੀਂ ਸੁਣ ਸਕਦੇ ਹਨ।

ਪੰਜਾਬੀ ਰੇਡੀਓ ਯੂ ਐਸ ਏ ਵਲੋਂ ਜਾਰੀ ਇਕ ਬਿਆਨ ਅਨੁਸਾਰ ਰੇਡੀਓ ਸੈਟਾਂ ਦੀ 10,000 ਪਹਿਲੀ ਸ਼ਿਪਮੈਂਟ ਵਿਕ ਚੁੱਕੀ ਹੈ ਅਤੇ ਅਜੇ ਵੀ ਰੇਡੀਓ ਸੈਟਾਂ ਦੀ ਭਾਰੀ ਮੰਗ ਹੈ ਅਤੇ ਦੂਜੀ ਸ਼ਿਪਮੈਂਟ ਅਗਲੇ ਮਹੀਨੇ ਪਹੁੰਚ ਰਹੀ ਹੈ। ਪੰਜਾਬੀ ਰੇਡੀਓ ਯੂ ਐਸ ਏ ਨਾਲ ਫੋਨ 408-722-7698 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਰੇਡੀਓ ਦੇ ਜਨਰਲ ਮੈਨੇਜਰ ਹਰਵਿੰਦਰ ਸਿੰਘ ਕੰਗ ਨੇ ਦੱਸਿਆ ਕਿ 2-3 ਹਫ਼ਤੇ ਵਿਚ ਸਾਡਾ ਟਰੇਸੀ, ਬੇਕਰਸਫੀਲਡ ਅਤੇ ਰੀਨੋ ਸਟੇਸ਼ਨ ਚਾਲੂ ਹੋ ਜਾਵੇਗਾ।

ATM's & Credit Card Terminals at Lowest Prices! No Hidden Fees.



Merchant Accounts-Grocery, Motels, Limos/Taxis, Gas stations.
**Credit card** terminals -Verifone, Hypercom...
Transfer existing CC processing to us for **lower rates.**
***99% approved same day.*** We specialize in high risk businesses.
**ATMs – TRANAX/TRITON/WRG, starting at $69/mo.***
*(Perfect for retail stores, hotels, gas stations, etc.)*
***Need Money?*** We provide cash advance against credit card processing with **NO collateral** or personal guaran- tee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com
FREE CREDIT CARD TERMINAL!

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

Law Offices Of Jaspreet Singh

*4491 W. Shaw Ave.,*
*Suite 300 B*
*(Near Costco)*
*Fresno, CA 93722*
*Ph: 559-271-5511*


*44790 S. Grimmer*
*Blvd. #204*
*Fremont CA-94538*
*Ph:510-657-6444*
*Fax: 510-657-6443*

*2945 W. Capitol Ave,*
*Sacramento CA-95691*
*Ph: 916-372-4448*
*Fax: 916-372-4440*

TAJ
INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
*Note:Also Income Tax filing Available*



Gurdawar S. Mann
Lic#0F34231

**Punjab Times**
**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Director Community & Business Relations:**
Sunita Chopra
Ph:773-370-7106

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਾਨਕਸ਼ਾਹੀ ਕੈਲੰਡਰ ਬਾਰੇ ਸਿੱਖ ਫਿਰ ਪਾਟੋ-ਧਾੜ

ਆਰ.ਐਸ.ਐਸ. ਆਗੂ ਰੁਲਦਾ ਰਾਮ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆ ਕੇ ਕੈਲੰਡਰ ਨੂੰ ਬੇਲੋੜਾ ਵੀ ਕਿਹਾ ਸੀ। ਇਸ ਮੌਕੇ ਸ੍ਰੀ ਪ੍ਰਿਥੀਪਾਲ ਸਿੰਘ ਸੰਧੂ ਵੀ ਹਾਜ਼ਰ ਸਨ।

ਇਸ ਮਾਮਲੇ 'ਤੇ ਜਿੱਥੇ ਕੁਝ ਧਿਰਾਂ ਵੱਲੋਂ ਸਿਆਸਤ ਕੀਤੀ ਜਾ ਰਹੀ ਹੈ, ਉਥੇ ਆਮ ਸਿੱਖਾਂ ਵਿਚ ਇਸ ਬਾਰੇ ਅਸਪਸ਼ਟਤਾ ਬਣੀ ਹੋਈ ਹੈ। ਨਾਨਕਸ਼ਾਹੀ ਕੈਲੰਡਰ ਵਿਚ ਪਿਛਲੇ ਵਰ੍ਹੇ ਕੀਤੀਆਂ ਸੋਧਾਂ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਹਾੜਾ ਦੇਸ਼ ਭਰ ਵਿਚ ਦੋ ਵੱਖ-ਵੱਖ ਤਾਰੀਖ਼ਾਂ 'ਤੇ, 24 ਨਵੰਬਰ ਤੇ 10 ਦਸੰਬਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਤੇ 11 ਜਨਵਰੀ ਨੂੰ ਮਨਾਇਆ ਗਿਆ। 2003 ਵਿਚ ਜਾਰੀ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇਣ ਵਾਲੀਆਂ ਸਿੱਖ ਜਥੇਬੰਦੀਆਂ ਵੱਲੋਂ ਪੁਰਾਣੇ ਕੈਲੰਡਰ ਅਨੁਸਾਰ ਹੀ ਗੁਰਪੁਰਬ ਮਨਾਏ ਗਏ ਹਨ ਜਦੋਂ ਕਿ ਬਾਕੀ ਜਥੇਬੰਦੀਆਂ ਵੱਲੋਂ ਸੋਧੇ ਗਏ ਕੈਲੰਡਰ ਅਨੁਸਾਰ ਗੁਰਪੁਰਬ ਮਨਾਏ ਗਏ।

ਇਸ ਭੰਬਲਭੂਸੇ ਵਾਲੀ ਹਾਲਤ ਨੂੰ ਖ਼ਤਮ ਕਰਨ ਲਈ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸੁਝਾਅ ਦਿੱਤਾ ਹੈ ਕਿ ਜੇਕਰ ਬਿਕਰਮੀ ਤੇ ਚੰਦਰ ਪ੍ਰਣਾਲੀ 'ਤੇ ਆਧਾਰਤ ਕੈਲੰਡਰ ਨੂੰ ਹੀ ਲਾਗੂ ਕਰਨਾ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਤੇ ਰਹਿਤ ਮਰਯਾਦਾ ਨੂੰ ਪਰਵਾਨ ਕਰਨ ਵਾਲੀਆਂ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ, ਬੁੱਧੀਜੀਵੀਆਂ, ਇਤਿਹਾਸਕਾਰਾਂ, ਖਗੋਲ-ਭੂਗੋਲ ਤੇ ਕੈਲੰਡਰ ਮਾਹਿਰਾਂ ਦੀ ਇਕੱਤਰਤਾ ਸੱਦ ਕੇ ਇਸ ਬਾਰੇ ਫੈਸਲਾ ਕਰ ਲਿਆ ਜਾਵੇ। ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਵਰ੍ਹੇ ਦਾ ਪ੍ਰਕਾਸ਼ਿਤ ਕੀਤਾ ਕੈਲੰਡਰ ਜਾਰੀ ਕਰਦਿਆਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਾਰੇ ਗੁਰਪੁਰਬ ਤੇ ਦਿਨ-ਦਿਹਾੜੇ ਇਸ ਕੈਲੰਡਰ ਅਨੁਸਾਰ ਮਨਾਉਣ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਇਸ ਕੈਲੰਡਰ ਤੇ ਜੰਤਰੀ ਵਿਚ ਗੁਰਪੁਰਬ ਤੇ ਦਿਨ ਤਿਉਹਾਰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਹੀਂ ਹਨ ਸਗੋਂ ਇਹ ਸੋਧ ਤੋਂ ਪਹਿਲਾਂ ਵਾਲੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਨ। ਦਿੱਲੀ ਕਮੇਟੀ ਵੱਲੋਂ ਪ੍ਰਕਾਸ਼ਿਤ ਇਸ ਕੈਲੰਡਰ ਨੂੰ 31 ਦਸੰਬਰ ਨੂੰ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਤੋਂ ਜਾਰੀ ਕੀਤਾ ਜਾ ਚੁੱਕਾ ਹੈ ਪਰ ਪੰਜਾਬ ਵਿਚ ਇਸ ਨੂੰ 16 ਜਨਵਰੀ ਨੂੰ ਜਥੇਦਾਰ ਵੇਦਾਂਤੀ ਨੇ ਜਾਰੀ ਕੀਤਾ। ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਇਹ ਨਾਨਕਸ਼ਾਹੀ ਕੈਲੰਡਰ ਜਥੇਦਾਰ ਵੇਦਾਂਤੀ ਦੀ ਅਗਵਾਈ ਹੇਠ ਹੀ ਪ੍ਰਵਾਨ ਚੜ੍ਹਿਆ ਸੀ ਤੇ 2003 ਵਿਚ ਜਾਰੀ ਕੀਤਾ ਗਿਆ ਸੀ।

ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਬੇਲੋੜਾ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ



ਜਥੇਦਾਰ ਬਲਵੰਤ ਸਿੰਘ ਨੰਦਗੜ

ਸੋਧਾਂ ਕਾਰਨ ਕੈਲੰਡਰ ਦਾ ਆਧਾਰ ਹੀ ਬਦਲ ਗਿਆ ਹੈ; ਇਸ ਦੀ ਰੂਹ ਵੀ ਖ਼ਤਮ ਕਰ ਦਿੱਤੀ ਗਈ ਹੈ। 2003 ਵਿਚ ਜਾਰੀ ਕੀਤੇ ਗਏ ਕੈਲੰਡਰ ਦਾ ਆਧਾਰ ਸੂਰਜੀ ਸੀ ਪਰ ਹੁਣ ਸੋਧ ਕੇ ਜਾਰੀ ਹੋਏ ਕੈਲੰਡਰ ਦਾ ਆਧਾਰ ਚੰਦਰਮਾ ਹੈ। ਸੂਰਜੀ ਕੈਲੰਡਰ ਵਿਚ ਸਾਲ ਦੇ ਦਿਨ 365 ਹੁੰਦੇ ਹਨ ਪਰ ਚੰਦਰ ਤਾਲ 'ਤੇ ਆਧਾਰਿਤ ਕੈਲੰਡਰ ਦੇ ਦਿਨ ਵਧਦੇ-ਘਟਦੇ ਰਹਿੰਦੇ ਹਨ ਜਿਸ ਕਾਰਨ ਗੁਰਪੁਰਬ ਤੇ ਬਾਕੀ ਦਿਨ ਤਿਉਹਾਰ ਵੀ ਅੱਗੇ-ਪਿੱਛੇ ਆਉਂਦੇ ਹਨ। ਸੂਰਜੀ ਆਧਾਰ ਵਾਲਾ ਨਾਨਕਸ਼ਾਹੀ ਕੈਲੰਡਰ ਮੁਕੰਮਲ ਅਤੇ ਸਿੱਖ ਕੌਮ ਦੀ ਅੱਡਰੀ ਹੋਂਦ ਦਾ ਪ੍ਰਤੀਕ ਸੀ। ਜੇਕਰ ਇਸ ਵਿਚ ਕੁਝ ਤਰੁੱਟੀਆਂ ਸਨ ਤਾਂ ਇਸ ਬਾਰੇ ਇਤਰਾਜ਼ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖ ਕੇ ਭੇਜੇ ਜਾਂਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਬਾਰੇ ਬਣਾਈ ਗਈ 11 ਮੈਂਬਰੀ ਕਮੇਟੀ ਕੋਲੋਂ ਇਹ ਇਤਰਾਜ਼ ਠੀਕ ਕਰਵਾਏ ਜਾਣੇ ਚਾਹੀਦੇ ਸਨ ਪਰ ਅਜਿਹਾ ਕੁਝ ਨਹੀਂ ਕੀਤਾ ਗਿਆ, ਸਗੋਂ ਇਸ ਬਾਰੇ ਦੋ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਜਿਸ ਵਿਚ ਕਿਸੇ ਵੀ ਤਖ਼ਤ ਦਾ ਜਥੇਦਾਰ ਸ਼ਾਮਲ ਨਹੀਂ ਸੀ।

ਜਥੇਦਾਰ ਵੇਦਾਂਤੀ ਨੇ ਆਖਿਆ ਕਿ ਆਪਣੇ ਕਾਰਜਕਾਲ ਦੌਰਾਨ ਵੀ ਉਨ੍ਹਾਂ ਨਾਨਕਸ਼ਾਹੀ ਕੈਲੰਡਰ ਬਾਰੇ ਲਿਖਤੀ ਇਤਰਾਜ਼ ਮੰਗੇ ਸਨ। ਇਸ ਬਾਰੇ 22 ਅਪਰੈਲ, 2008 ਨੂੰ ਪੱਤਰ ਵੀ ਜਾਰੀ ਕੀਤਾ ਗਿਆ ਸੀ ਜਿਸ ਰਾਹੀਂ ਇਤਰਾਜ਼ ਪ੍ਰਗਟਾਉਣ ਵਾਲਿਆਂ ਨੂੰ 16 ਅਗਸਤ 2008 ਤੱਕ ਆਪਣੇ ਇਤਰਾਜ਼ ਲਿਖਤੀ ਰੂਪ ਵਿਚ ਭੇਜਣ ਲਈ ਕਿਹਾ ਗਿਆ ਸੀ ਪਰ ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੋਈ ਵੀ ਲਿਖਤੀ ਇਤਰਾਜ਼ ਨਹੀਂ ਪੁੱਜਾ ਸੀ। ਉਨ੍ਹਾਂ ਕਿਹਾ ਕਿ 2003 ਵਿਚ ਜਾਰੀ ਹੋਏ ਕੈਲੰਡਰ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਵੀ ਕਈ ਵਾਰ ਸ਼ਲਾਘਾ ਕੀਤੀ ਗਈ ਤੇ 11 ਮੈਂਬਰੀ ਕਮੇਟੀ ਨੂੰ ਸਨਮਾਨਿਤ ਵੀ ਕੀਤਾ ਗਿਆ ਪਰ ਅਚਨਚੇਤੀ ਇਸੇ ਕੈਲੰਡਰ ਵਿਚ ਕਾਹਲੀ ਨਾਲ ਸੋਧ ਕਰ ਦਿੱਤੀ ਗਈ ਹੈ। ਸੋਧੇ ਹੋਏ ਕੈਲੰਡਰ ਦੀ ਅੰਤ੍ਰਿੰਗ ਕਮੇਟੀ ਤੇ ਜਨਰਲ ਹਾਊਸ ਕੋਲੋਂ ਪ੍ਰਵਾਨਗੀ ਵੀ ਨਹੀਂ ਲਈ ਗਈ। ਇਸੇ ਤਰ੍ਹਾਂ ਸਿੱਖ ਜਥੇਬੰਦੀਆਂ, ਸਿੰਘ ਸਭਾਵਾਂ ਤੇ ਹੋਰਨਾਂ ਕੋਲੋਂ ਵੀ ਕੋਈ ਪ੍ਰਵਾਨਗੀ ਨਹੀਂ ਲਈ ਗਈ।

### ਜਥੇਦਾਰ ਨੰਦਗੜ੍ਹ ਦ੍ਰਿੜ੍ਹ

ਨਾਨਕਸ਼ਾਹੀ ਕੈਲੰਡਰ ਬਾਰੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਆਪਣਾ ਸਟੈਂਡ ਦੁਹਰਾਇਆ ਹੈ। ਜਥੇਦਾਰ ਨੰਦਗੜ੍ਹ ਨੇ ਸਪੱਸ਼ਟ ਕੀਤਾ ਹੈ ਕਿ ਨਾਨਕਸ਼ਾਹੀ ਕੈਲੰਡਰ ਦੀ ਵਿਲੱਖਣਤਾ ਨੂੰ ਖ਼ਤਮ ਕੀਤੇ ਜਾਣ ਦੇ ਯਤਨਾਂ ਦਾ ਉਹ ਵਿਰੋਧ ਕਰਦੇ ਆਏ ਹਨ। ਸੰਤ ਸਮਾਜ ਵਾਲੇ ਉਨ੍ਹਾਂ ਦੀ ਨੀਤੀ ਬਾਰੇ ਗੁਮਰਾਹਕੁੰਨ ਪ੍ਰਚਾਰ ਕਰਨ ਦੀ ਬਜਾਏ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਥਕ ਨੀਤੀ ਨੂੰ ਸਵੀਕਾਰ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਨੂੰ ਆਪਣੇ-ਆਪਣੇ ਡੇਰਿਆਂ ਵਿਚ ਲਾਗੂ ਕਰਨ।

ਜਥੇਦਾਰ ਨੰਦਗੜ੍ਹ ਨੇ ਕਿਹਾ ਹੈ ਕਿ ਪੰਜ ਸਿੰਘ ਸਾਹਿਬਾਨ ਨੇ ਆਪਣੀ 30 ਦਸੰਬਰ, 2009 ਵਾਲੀ ਇਕੱਤਰਤਾ ਵਿਚ 2003 ਨੂੰ ਲਾਗੂ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਹੀ ਕਾਇਮ ਰੱਖਣ ਬਾਰੇ ਗੁਰਮਤਾ ਨੰਬਰ ਇਕ ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ ਤੇ ਨਾਨਕਸ਼ਾਹੀ ਕੈਲੰਡਰ ਵਿਚ ਬਿਕਰਮੀ ਮਹੀਨੇ ਮੁਤਾਬਕ ਸੰਗਰਾਂਦਾਂ ਨੂੰ ਸ਼ਾਮਲ ਕਰਨ ਦੇ ਆਏ ਸੁਝਾਅ ਬਾਰੇ ਉਨ੍ਹਾਂ ਵੱਲੋਂ ਲਗਾਤਾਰ ਵਿਰੋਧ ਕਰਨ ਕਰਕੇ ਸਿੰਘ ਸਾਹਿਬਾਨ ਦੀ ਇਸ ਇਕੱਤਰਤਾ ਵਿਚ ਇਸ ਮੁੱਦੇ 'ਤੇ ਸਹਿਮਤੀ ਨਹੀਂ ਬਣ ਸਕੀ ਸੀ। ਬਿਕਰਮੀ ਸੰਗਰਾਂਦ ਮੰਨਣ ਨਾਲ ਨਾਨਕਸ਼ਾਹੀ ਕੈਲੰਡਰ ਦੀ ਹੋਂਦ ਹੀ ਖ਼ਤਮ ਹੁੰਦੀ ਸੀ। ਇਸੇ ਲਈ ਡੂੰਘੀ ਵਿਚਾਰ ਵਾਸਤੇ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਕੋਲ ਭੇਜਿਆ ਗਿਆ ਸੀ ਜਿਸ ਉਪਰੰਤ ਪੰਜ ਸਿੰਘ ਸਾਹਿਬਾਨਾਂ ਨੇ ਅੰਤਿਮ ਫੈਸਲਾ ਕਰਕੇ ਪ੍ਰਵਾਨਗੀ ਦੇਣੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ, ਸਗੋਂ ਨਾਨਕਸ਼ਾਹੀ ਕੈਲੰਡਰ ਵਿਚ ਹਰ ਸਾਲ ਦੇਸੀ ਮਹੀਨਿਆਂ ਦੇ ਨਿਸ਼ਚਿਤ ਦਿਨ ਉਤੇ ਹੋਣ ਵਾਲੀ ਆਰੰਭਤਾ ਨੂੰ ਖ਼ਤਮ ਕਰਦਿਆਂ ਉਸ ਵਿਚ ਬਿਕਰਮੀ ਸੰਗਰਾਂਦਾਂ ਸ਼ਾਮਲ ਕਰਕੇ ਨਾਨਕਸ਼ਾਹੀ ਕੈਲੰਡਰ ਦੀ ਇਸ ਮੂਲ ਪਛਾਣ ਨੂੰ ਹੀ ਮਿਟਾ ਕੇ ਬਿਕਰਮੀ ਕੈਲੰਡਰ ਨਾਲ ਰਲਗੱਡ ਕਰ ਦਿੱਤਾ ਗਿਆ।

## ਸੰਤ ਸਮਾਜ ਨੇ ਜਥੇਦਾਰ ਨੰਦਗੜ੍ਹ ਨੂੰ ਘੇਰਿਆ

ਸੰਤ ਸਮਾਜ ਨੇ ਸ੍ਰੀ ਅਕਾਲ ਤਖ਼ਤ ਦੇ ਮਤੇ ਦੀ ਕਾਪੀ ਜਾਰੀ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ। ਸੰਤ ਸਮਾਜ ਨੇ ਦੋਸ਼ ਲਾਇਆ ਹੈ ਕਿ ਜਥੇਦਾਰ ਨੰਦਗੜ੍ਹ ਨਾਨਕਸ਼ਾਹੀ ਕੈਲੰਡਰ ਮਾਮਲੇ 'ਤੇ ਦੋਹਰੀ ਨੀਤੀ ਅਪਨਾ ਰਹੇ ਹਨ।

ਸੰਤ ਸਮਾਜ ਨੇ ਸ੍ਰੀ ਅਕਾਲ ਤਖ਼ਤ ਦੇ 30 ਦਸੰਬਰ, 2009 ਦੇ ਮਤਾ ਨੰਬਰ 1 ਦੀ ਕਾਪੀ ਜਾਰੀ ਕੀਤੀ ਹੈ ਜਿਸ 'ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਅਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੀਤ ਜਥੇਦਾਰ ਜੋਤਿੰਦਰ ਸਿੰਘ ਦੇ ਹਸਤਾਖਰ ਕੀਤੇ ਹੋਏ ਹਨ। ਇਸ ਮਤੇ ਅਨੁਸਾਰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਮਤਾ ਨੰਬਰ 1 ਪ੍ਰਵਾਨ ਹੋਇਆ ਜਿਸ ਵਿਚ ਕਿਹਾ ਗਿਆ ਹੈ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਸੋਧਾਂ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਸੁਝਾਅ ਸ੍ਰੀ ਅਕਾਲ ਤਖ਼ਤ 'ਤੇ ਭੇਜੇ ਗਏ ਸਨ। ਇਸ ਪੱਤਰ 'ਤੇ ਟਿੱਪਣੀ ਕਰਦਿਆਂ ਸੰਤ ਸਮਾਜ ਦੇ ਜਨਰਲ ਸਕੱਤਰ ਸੰਤ ਹਰੀ ਸਿੰਘ ਰੰਧਾਵੇ ਵਾਲਿਆਂ ਨੇ ਕਿਹਾ ਕਿ ਇਹ ਉਹ ਫੈਸਲਾ ਹੈ ਜਿਸ 'ਤੇ ਖੁਦ ਗਿਆਨੀ ਨੰਦਗੜ੍ਹ ਨੇ ਹਸਤਾਖਰ ਕਰਕੇ ਪ੍ਰਵਾਨ ਕੀਤਾ ਸੀ ਪਰ ਹੁਣ ਖੁਦ ਹੀ ਇਸ ਤੋਂ ਮੁਨਕਰ ਹੋ ਗਏ ਹਨ।

ਇਸ ਦੇ ਨਾਲ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਕਿਹਾ ਹੈ ਕਿ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਨਾਨਕਸ਼ਾਹੀ ਕੈਲੰਡਰ ਤੇ ਉਨ੍ਹਾਂ ਦੇ ਦੋਹਰੇ ਸਟੈਂਡ ਲਈ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ। ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਜਥੇਦਾਰ ਨੰਦਗੜ੍ਹ ਨੇ ਆਪਣੇ ਸਟੈਂਡ ਤੋਂ ਪਿੱਛੇ ਹਟਦੇ ਹੋਏ ਕੈਲੰਡਰ ਦਾ ਵਿਰੋਧ ਕਰਨ ਵਾਲਿਆਂ ਨੂੰ ਵਧਾਈਆਂ ਦੇ ਕੇ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦੇ ਫ਼ੈਸਲੇ ਦੀ ਤੌਹੀਨ ਕੀਤੀ ਹੈ।

# ਮਾਘੀ ਮੇਲਾ:ਸਿਆਸੀ ਧਿਰਾਂ ਵੱਲੋਂ ਰੱਜ ਕੇ ਤੋਹਮਤਬਾਜ਼ੀ

ਆਇਆ। ਇਥੇ ਖਾਸ ਗੱਲ ਇਹ ਰਹੀ ਕਿ ਕਾਨਫਰੰਸ ਨੂੰ ਮੁੱਖ ਬੁਲਾਰੇ ਵਜੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹੀ ਸੰਬੋਧਨ ਕੀਤਾ ਜਿਸ ਤੋਂ ਸੰਕੇਤ ਲਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਹੁਣ ਜਲਦ ਹੀ ਸਿਆਸਤ ਤੋਂ 'ਰਿਟਾਇਰ' ਹੋ ਰਹੇ ਹਨ। ਸੁਖਬੀਰ ਨੇ ਕਾਂਗਰਸ ਨੂੰ ਤਾਂ ਚੰਗੇ ਰਗੜੇ ਲਾਏ ਪਰ ਮਨਪ੍ਰੀਤ ਦਾ ਨਾਂ ਲੈਣ ਤੋਂ ਸੰਕੋਚ ਹੀ ਕੀਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ ਪਾਰਟੀ 'ਤੇ ਤਿੱਖੇ ਹਮਲੇ ਕਰਦਿਆਂ ਇਸ ਨੂੰ ਘਪਲੇਬਾਜ਼, ਰਿਸ਼ਵਤਖੋਰ ਤੇ ਪੰਜਾਬ ਵਿਰੋਧੀ ਕਿਹਾ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੇ ਆਗੂਆਂ ਨੇ ਇੰਨੇ ਪੈਸਿਆਂ ਦਾ ਗਬਨ ਕੀਤਾ ਹੈ ਜਿਸ ਨਾਲ ਸੱਤ ਸੂਬਿਆਂ ਦਾ ਇਕ ਸਾਲ ਦਾ ਖਰਚਾ ਚੱਲ ਸਕਦਾ ਹੈ ਫਿਰ ਵੀ ਸਰਕਾਰ ਉਨ੍ਹਾਂ ਆਗੂਆਂ ਨੂੰ 'ਸੁਥਰੇ' ਦੱਸ ਰਹੀ ਹੈ।

ਉਂਜ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਕਾਨਫਰੰਸ ਨੂੰ ਲੋਕਾਂ ਵੱਲੋਂ ਮਿਲੇ ਵੱਡੇ ਹੁੰਗਾਰੇ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਵੱਡੇ ਇਕੱਠ ਦਾ ਵੀ ਕੋਈ ਬਾਹਲਾ ਚਾਅ ਨਾ ਰਿਹਾ। ਮਨਪ੍ਰੀਤ ਸਿੰਘ ਬਾਦਲ ਦੀ ਕਾਨਫਰੰਸ 'ਚ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਵੀ ਸਟੇਜ 'ਤੇ ਹਾਜ਼ਰ ਸਨ ਪਰ ਉਨ੍ਹਾਂ ਨੇ ਤਕਰੀਰ ਨਹੀਂ ਕੀਤੀ। ਉਨ੍ਹਾਂ ਦੀ ਰੈਲੀ 'ਚ ਮਨਪ੍ਰੀਤ ਤੇ ਬੀਰਦਵਿੰਦਰ ਸਿੰਘ ਮੁੱਖ ਬੁਲਾਰੇ ਸਨ। ਮਨਪ੍ਰੀਤ ਸਿੰਘ ਬਾਦਲ ਦੇ ਵਰਕਰਾਂ ਨੇ ਆਪਣੇ ਸਿਰਾਂ 'ਤੇ ਪੀਲੀਆਂ ਪੱਟੀਆਂ ਬੰਨ੍ਹ ਕੇ ਆਪਣੀ ਵੱਖਰੀ ਪਛਾਣ ਬਣਾਈ ਹੋਈ ਸੀ। ਇਸ ਮੌਕੇ ਮਨਪ੍ਰੀਤ ਨੇ ਕਿਹਾ ਕਿ ਸਰਕਾਰਾਂ ਆਪਣੇ ਨਿੱਜੀ ਹਿੱਤਾਂ ਲਈ ਤਾਂ ਕੰਮ ਕਰਦੀਆਂ ਰਹੀਆਂ ਹਨ ਪਰ ਲੋਕਾਂ ਦੇ ਭਲੇ ਲਈ ਕਿਸੇ ਨੇ ਵੀ ਨਹੀਂ ਸੋਚਿਆ। ਉਨ੍ਹਾਂ ਕਿਹਾ ਕਿ ਅੱਜ ਵੀ ਕਮਿਸ਼ਨ ਖਾਣ ਵਾਲੇ ਲੋਕ ਕੈਬਨਿਟ ਮੰਤਰੀ ਵਜੋਂ ਸਹੂਲਤਾਂ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦਾ ਐਲਾਨ 23 ਮਾਰਚ ਨੂੰ ਖਟਕੜ ਕਲਾਂ ਵਿਚ ਕੀਤਾ ਜਾਵੇਗਾ।

ਕਾਂਗਰਸ ਪਾਰਟੀ ਦੀ ਕਾਨਫਰੰਸ ਹਾਜ਼ਰੀ ਪੱਖ ਤੋਂ ਤੀਸਰੇ ਨੰਬਰ 'ਤੇ ਰਹੀ। ਕਾਂਗਰਸ ਦੀ ਕਾਨਫਰੰਸ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਬੀਬੀ ਰਾਜਿੰਦਰ ਕੌਰ ਭੱਠਲ ਤੇ ਹੋਰ ਬਹੁਤ ਸਾਰੇ ਸੀਨੀਅਰ ਆਗੂਆਂ ਨੇ ਸੰਬੋਧਨ ਕੀਤਾ। ਜਦਕਿ ਮੁਕਤਸਰ ਦੇ ਜੱਦੀ ਵਸਨੀਕ ਸਾਬਕਾ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਬਰਾੜ, ਸਾਬਕਾ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇ. ਪੀ. ਤੇ ਮੈਂਬਰ ਪਾਰਲੀਮੈਂਟ ਪ੍ਰਤਾਪ ਸਿੰਘ ਬਾਜਵਾ ਦਿਖਾਈ ਨਹੀਂ ਦਿੱਤੇ ਜਦੋਂਕਿ ਮਾਲਵੇ ਨਾਲ ਸਬੰਧਤ ਪਾਰਟੀ ਵਿਧਾਇਕ ਪਹੁੰਚੇ ਹੋਏ ਸਨ। ਕਾਂਗਰਸ ਨੇ ਸੱਤਾਧਾਰੀ ਪਾਰਟੀ ਦੇ ਨਾਲ ਨਾਲ ਮਨਪ੍ਰੀਤ ਦੀ ਵੀ ਆਲੋਚਨਾ ਕੀਤੀ ਜਿਸ ਤੋਂ ਸਪਸ਼ਟ ਹੋਇਆ ਕਿ ਕਾਂਗਰਸ ਵੀ ਉਸ ਤੋਂ ਭੈਅ ਖਾਣ ਲੱਗੀ ਹੈ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਗ਼ਰੀਬ ਲੋਕਾਂ ਤੇ ਹੋਰ ਵਰਗਾਂ ਨੂੰ ਜਿਹੜੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਉਹ ਸਾਰਾ ਪੈਸਾ ਕੇਂਦਰ ਸਰਕਾਰ ਵਲੋਂ ਭੇਜਿਆ ਜਾ ਰਿਹਾ ਹੈ। ਪੰਜਾਬ ਦਾ ਇਸ ਵਿਚ ਕੋਈ ਯੋਗਦਾਨ ਨਹੀਂ ਹੈ। ਕੈਪਟਨ ਨੇ ਇਹ ਵੀ ਕਿਹਾ ਕਿ ਬਾਦਲ ਪਰਿਵਾਰ ਨੂੰ ਪੰਜਾਬ ਨੂੰ ਲੁੱਟਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੈ।

ਇਸ ਤੋਂ ਇਲਾਵਾ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਨਫਰੰਸ ਨੂੰ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਪਾਰਟੀ ਦੇ ਦੂਜੇ ਆਗੂਆਂ ਨੇ ਸੰਬੋਧਨ ਕੀਤਾ। ਬਹੁਜਨ ਸਮਾਜ ਪਾਰਟੀ ਦੀ ਕਾਨਫਰੰਸ ਨੂੰ ਪਾਰਟੀ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)
ਸ੍ਰੀ ਹੈਪੀ ਹੀਰ

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਪੱਗ ਦੇ ਮਾਮਲੇ 'ਤੇ ਦੁਨੀਆਂ ਭਰ ਦੇ ਸਿੱਖ ਅਮਰੀਕੀ ਦੂਤਘਰਾਂ ਅੱਗੇ ਧਰਨੇ ਦੇਣ-ਮੱਕੜ**

-ਤੇ ਜਿਹੜੀਆਂ ਪੱਗਾਂ ਪੰਜਾਬ 'ਚ ਅਕਾਲੀ ਸਰਕਾਰ ਲਾਹੁਣ ਡਹੀ ਐ ਉਹਦੇ ਲਈ ਧਰਨੇ ਕਿਥੇ ਦੇਈਏ ਮੱਕੜ ਸਾਬ੍ਹ?

***ਭ੍ਰਿਸ਼ਟਾਚਾਰ ਨਾਲ ਕਰੜੇ ਹੱਥੀਂ ਸਿੱਝਾਂਗੇ-ਸੋਨੀਆ**

-ਬੱਸ ਆਹ ਜ਼ਰਾ 2-ਜੀ ਸਪੈਕਟ੍ਰਮ ਵਰਗੇ ਦੋ ਕੁ ਘੁਟਾਲੇ ਹੋਰ ਕਰ ਲਈਏ!

***ਭਾਰਤ-ਪਾਕਿ ਨੂੰ ਯੁੱਧ ਵਾਰਾ ਨਹੀਂ ਖਾਂਦਾ-ਯੂਸਫ ਰਜ਼ਾ ਗਿਲਾਨੀ**

-ਤੇ ਫਿਰ ਨਾ ਕਰੋ। ਵੇਲਣੇ 'ਚ ਬਾਂਹ ਆਈ ਐ ਪਈ ਜ਼ਰੂਰ ਕਰਨੈ?

***ਪੰਜਾਬ 'ਚ ਕੈਂਸਰ ਦੇ ਰੋਗ ਪ੍ਰਤੀ ਗੰਭੀਰ ਨਹੀਂ ਹਨ ਵਿਧਾਇਕ**

-ਉਨ੍ਹਾਂ ਨੂੰ ਤੇ ਵਿਚਾਰਿਆਂ ਨੂੰ ਆਪ ਨੂੰ ਭ੍ਰਿਸ਼ਟਾਚਾਰ ਦਾ ਕੈਂਸਰ ਹੋਇਆ ਪਿਐ!

***ਸਿਰ ਵਿਚ ਲੱਗੀ ਗੋਲੀ ਨਿੱਛ ਮਾਰਨ 'ਤੇ ਨੱਕ 'ਚੋਂ ਬਾਹਰ ਆ ਗਈ-ਸਪੋਕਸਮੈਨ ਦੀ ਖਬਰ**

-ਰੱਬ ਦਾ ਵਾਸਤਾ! ਹੁਣ ਇਹ ਨਾ ਕਹਿ ਦਿਓ ਕਿ ਇਹ ਕ੍ਰਿਸ਼ਮਾ ਉਸ ਬੰਦੇ ਨਾਲ ਤਾਂ ਵਾਪਰਿਆ ਕਿਉਂਕਿ ਉਹ ਰੋਜ਼ ਸਪੋਕਸਮੈਨ ਅਖਬਾਰ ਪੜ੍ਹਦਾ ਸੀ।

***ਪੰਜਾਬੀ ਨੌਜਵਾਨ ਉਤੇ ਜਾਅਲੀ ਵਿਆਹ ਦਾ ਦੋਸ਼**

-ਕਿਉਂ ਪੰਜਾਬੀ ਨੌਜਵਾਨਾਂ ਦੀ ਬੇਇਜ਼ਤੀ ਕਰਦੇ ਓਂ ਇਹੋ ਜਿਹੇ ਨਿੱਕੇ-ਮੋਟੇ ਦੋਸ਼ ਲਾ ਕੇ।

***ਬਾਦਲ ਸਰਕਾਰ ਨਾਲ ਸਬੰਧਤ ਬੱਸਾਂ ਨੇ ਸਰਕਾਰੀ ਟਰਾਂਸਪੋਰਟ ਨੂੰ ਡੋਬਿਆ**

-ਤਾਂ ਹੀ ਤਾਂ ਪਿਓ-ਪੁੱਤ (ਬਾਦਲ) ਦਿਨ ਰਾਤ ਦੁਹਾਈ ਦਿੰਦੇ ਐ ਬਈ ਅਸੀਂ (ਆਪਣੇ) ਵਿਕਾਸ ਦੀ ਹਨੇਰੀ ਲਿਆ ਦਿੱਤੀ ਐ।

# ਆਦਰਸ਼ ਸੁਸਾਇਟੀ:31 ਮੰਜ਼ਿਲਾ ਇਮਾਰਤ ਨੂੰ ਢਾਹੁਣ ਦੇ ਹੁਕਮ

**ਨਵੀਂ ਦਿੱਲੀ:** ਕੇਂਦਰੀ ਵਾਤਾਵਰਨ ਮੰਤਰਾਲੇ ਨੇ ਮੁੰਬਈ ਸਥਿਤ ਵਿਵਾਦਤ ਆਦਰਸ਼ ਹਾਊਸਿੰਗ ਸੁਸਾਇਟੀ ਦੀ 31 ਮੰਜ਼ਿਲਾ ਇਮਾਰਤ ਨੂੰ ਨਾਜਾਇਜ਼ ਕਰਾਰ ਦਿੰਦੇ ਹੋਏ ਇਸ ਨੂੰ ਤਿੰਨ ਮਹੀਨਿਆਂ ਦੇ ਅੰਦਰ ਢਾਹ ਦੇਣ ਦੀ ਸਿਫਾਰਸ਼ ਕਰ ਦਿੱਤੀ ਹੈ। ਦੂਜੇ ਪਾਸੇ ਸੁਸਾਇਟੀ ਇਸ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਵੇਗੀ।

ਰੱਖਿਆ ਟਿਕਾਣਿਆਂ ਤੇ ਕਈ ਹੋਰ ਅਹਿਮ ਸੰਗਠਨਾਂ ਦੀ ਮੌਜੂਦਗੀ ਕਾਰਨ ਸੰਵੇਦਨਸ਼ੀਲ ਮੰਨੇ ਜਾਂਦੇ ਕੋਲਾਬਾ ਇਲਾਕੇ 'ਚ ਇਸ ਇਮਾਰਤ ਲਈ ਅਸਲ 'ਚ ਛੇ ਮੰਜ਼ਿਲਾਂ ਦੀ ਉਸਾਰੀ ਹੋਣੀ ਸੀ ਤੇ ਇਸ ਵਿਚ ਕਾਰਗਿਲ ਜੰਗ ਦੇ ਸ਼ਹੀਦਾਂ ਦੇ ਰਿਸ਼ਤੇਦਾਰਾਂ ਨੂੰ ਫਲੈਟ ਦਿੱਤੇ ਜਾਣੇ ਸਨ ਪਰ 31 ਮੰਜ਼ਿਲਾਂ ਦੀ ਉਸਾਰੀ ਹੋਣ 'ਤੇ ਇਸ ਦੇ ਫਲੈਟ ਨੇਤਾਵਾਂ, ਉਚ ਫੌਜੀ ਅਧਿਕਾਰੀਆਂ ਤੇ ਅਫਸਰਾਂ ਨੂੰ ਅਲਾਟ ਕੀਤੇ ਜਾਣ ਮਗਰੋਂ ਇਮਾਰਤ ਵਿਵਾਦਾਂ ਵਿਚ ਘਿਰ ਗਈ ਸੀ। ਵਾਤਾਵਰਨ ਮੰਤਰਾਲੇ ਨੇ ਆਪਣੇ ਅੰਤਮ ਫੈਸਲੇ ਵਿਚ ਸਖ਼ਤੀ ਨਾਲ ਕਿਹਾ ਹੈ ਕਿ ਇਮਾਰਤ ਦੇ ਨਾਜਾਇਜ਼ ਢਾਂਚੇ ਨੂੰ ਢਾਹ ਦਿੱਤਾ ਜਾਵੇ ਤੇ ਉਸ ਖੇਤਰ ਨੂੰ ਤਿੰਨ ਮਹੀਨੇ ਵਿਚ ਉਸ ਦੀ ਪਹਿਲਾਂ ਵਾਲੀ ਸਥਿਤੀ ਵਿਚ ਲਿਆਂਦਾ ਜਾਵੇ।

ਮੰਤਰਾਲੇ ਨੇ ਸੁਸਾਇਟੀ ਨੂੰ ਹੀ ਢਾਂਚਾ ਹਟਾਉਣ ਦੇ ਹੁਕਮ ਦਿੰਦਿਆਂ ਕਿਹਾ ਕਿ ਇਮਾਰਤ ਨੂੰ ਨਾ ਢਾਹੇ ਜਾਣ 'ਤੇ ਉਹ ਆਪਣੇ ਹੁਕਮਾਂ ਨੂੰ



*ਆਦਰਸ਼ ਸੁਸਾਇਟੀ ਦੀ 31 ਮੰਜ਼ਿਲਾ ਬਿਲਡਿੰਗ*

ਕਾਨੂੰਨੀ ਤੌਰ 'ਤੇ ਲਾਗੂ ਕਰਾਉਣ ਲਈ ਕਦਮ ਚੁੱਕਣ ਲਈ ਮਜਬੂਰ ਹੋ ਜਾਵੇਗਾ। ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੇ ਇਸ ਹੁਕਮ ਵਿਚ ਕਿਹਾ ਹੈ ਕਿ ਪੂਰੀ ਇਮਾਰਤ ਨੂੰ ਢਾਹ ਦਿੱਤਾ ਜਾਵੇ ਕਿਉਂਕਿ ਇਹ ਨਾਜਾਇਜ਼ ਹੈ ਤੇ ਇਸ ਦੀ ਉਸਾਰੀ ਲਈ ਤੱਟੀ ਰੈਗੂਲੇਸ਼ਨ ਜ਼ੋਨ (ਸੀ.ਆਰ.ਜ਼ੈਡ) ਨੋਟੀਫਿਕੇਸ਼ਨ 1991 ਤਹਿਤ ਕੋਈ ਮਨਜ਼ੂਰੀ ਨਹੀਂ ਲਈ ਗਈ। ਮੰਤਰਾਲੇ ਦੀ ਰਿਪੋਰਟ ਮੁਤਾਬਕ, ਆਦਰਸ਼ ਹਾਊਸਿੰਗ ਸੁਸਾਇਟੀ ਨੇ ਸੀ.ਆਰ. ਜ਼ੈਡ ਨੋਟੀਫਿਕੇਸ਼ਨ 1991 ਦੀ ਮੂਲ ਭਾਵਨਾ ਦੀ ਉਲੰਘਣਾ ਕੀਤੀ ਹੈ ਤੇ ਸੁਸਾਇਟੀ ਨੇ ਇਸ ਨੋਟੀਫਿਕੇਸ਼ਨ ਤਹਿਤ ਮੰਜ਼ਿਲਾਂ ਦੀ ਉਸਾਰੀ ਲਈ ਮਨਜ਼ੂਰੀ ਲੈਣ ਦੀ ਜ਼ਰੂਰਤ ਨਹੀਂ ਸਮਝੀ। ਆਦਰਸ਼ ਸੁਸਾਇਟੀ ਦੇ ਵਕੀਲ ਸਤੀਸ਼ ਮਾਨਸ਼ਿੰਦੇ ਨੇ ਕਿਹਾ ਕਿ ਹੁਕਮ ਦੀ ਕਾਪੀ ਮਿਲਣ ਮਗਰੋਂ ਇਸ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਉਨ੍ਹਾਂ ਦੋਸ਼ ਲਗਾਇਆ ਕਿ ਹੁਕਮ ਦੇ ਵਿਸ਼ੇ ਨੂੰ ਇਸ ਹਫਤੇ ਦੇ ਸ਼ੁਰੂ ਵਿਚ ਮੀਡੀਆ 'ਚ ਲੀਕ ਕਰ ਦਿੱਤਾ ਗਿਆ।

ਇਸ ਦੌਰਾਨ ਮਹਾਰਾਸ਼ਟਰ ਸਰਕਾਰ ਦੇ ਵਾਤਾਵਰਨ ਮੰਤਰੀ ਸੰਜੇ ਦੇਵਤਾਲੇ ਨੇ ਕਿਹਾ ਹੈ, 'ਅਸੀਂ ਆਦਰਸ਼ ਸੁਸਾਇਟੀ ਬਾਰੇ ਵਾਤਾਵਰਨ ਮੰਤਰਾਲੇ ਦੇ ਹੁਕਮ ਨੂੰ ਪੜ੍ਹਾਂਗੇ ਤੇ ਫੇਰ ਇਹ ਫੈਸਲਾ ਕਰਾਂਗੇ ਕਿ ਕੀ ਕਦਮ ਚੁੱਕੇ ਜਾਣੇ ਹਨ?' ਵਾਤਾਵਰਣ ਮੰਤਰਾਲੇ ਨੇ ਆਦਰਸ਼ ਸੁਸਾਇਟੀ ਨੂੰ ਉਸ ਦੀਆਂ 31 ਮੰਜ਼ਿਲਾਂ ਦੀ ਉਸਾਰੀ ਬਾਰੇ ਪਿਛਲੇ ਸਾਲ 12 ਨਵੰਬਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਕਿਹਾ ਸੀ ਕਿ ਕਿਉਂ ਨਾ ਉਸ ਦੀਆਂ ਨਾਜਾਇਜ਼ ਸਾਰੀਆਂ ਮੰਜ਼ਿਲਾਂ ਢਾਹ ਦਿੱਤੀਆਂ ਜਾਣ?

ਸ੍ਰੀ ਰਮੇਸ਼ ਨੇ ਵਾਤਾਵਰਨ ਮੰਤਰਾਲੇ ਦੇ ਅੰਤਮ ਹੁਕਮ ਵਿਚ ਕਿਹਾ ਹੈ ਕਿ ਇਮਾਰਤ ਨੂੰ ਢਾਹੁਣ ਤੋਂ ਇਲਾਵਾ ਦੋ ਹੋਰ ਰਾਹ ਵੀ ਸੋਚੇ ਗਏ। ਇਕ ਰਾਹ ਇਹ ਸੀ ਕਿ ਜੇਕਰ ਸਹੀ ਅਥਾਰਟੀ ਤੋਂ ਮਨਜ਼ੂਰੀ ਲਈ ਗਈ ਹੁੰਦੀ ਤਾਂ ਇਮਾਰਤ ਦੀਆਂ ਵਾਧੂ ਮੰਜ਼ਿਲਾਂ ਨੂੰ ਡੇਗਣ ਲਈ ਕਿਹਾ ਜਾ ਸਕਦਾ ਸੀ। ਇਹ ਵਿਚਾਰ ਇਸ ਲਈ ਖਾਰਜ ਕਰ ਦਿੱਤਾ ਗਿਆ ਕਿਉਂਕਿ ਅਜਿਹਾ ਕਰਨ ਦਾ ਸੁਝਾਅ ਦੇਣ ਦਾ ਅਰਥ ਉਸ ਨੂੰ ਮੁਆਫ਼ ਕਰ ਦੇਣਾ ਹੁੰਦਾ।

## ਉਘੇ ਚਿੰਤਕ ਡੇਵਿਡ ਐਲਨ ਲੌਂਗਫੈਲੋ ਦਾ ਦੇਹਾਂਤ

**ਲੁਧਿਆਣਾ:** ਉਘੇ ਚਿੰਤਕ ਤੇ ਹਿਸਟਰੀ ਆਫ਼ ਸਿੱਖਸ ਦੇ ਬਰਤਾਨਵੀ ਲੇਖਕ ਲਾਰਡ ਮੈਕਾਲਿਫ਼ ਦੇ ਵਿਦਿਆਰਥੀ ਰਹੇ ਡੇਵਿਡ ਐਲਨ ਲੌਂਗਫੈਲੋ ਦਾ ਇਥੇ 19 ਜਨਵਰੀ ਨੂੰ ਸੁਵੱਖਤੇ ਦੇਹਾਂਤ ਹੋ ਗਿਆ। ਉਹ 67 ਵਰ੍ਹਿਆਂ ਦੇ ਸਨ ਤੇ ਲੰਘੀ 18 ਦਸੰਬਰ ਤੋਂ ਇਥੇ ਸੀ.ਐਮ.ਸੀ. ਹਸਪਤਾਲ ਵਿਚ ਦਾਖ਼ਲ ਸਨ।

ਸੀ.ਐਮ.ਸੀ. ਹਸਪਤਾਲ ਦੇ ਪਬਲੀਸਿਟੀ ਵਿੰਗ ਨਾਲ ਪਿਛਲੇ 40 ਸਾਲਾਂ ਤੋਂ ਜੁੜੇ ਰਹੇ ਸ੍ਰੀ ਲੌਂਗਫੈਲੋ ਦੇ ਪੁੱਤਰ ਕੋਨਰੇਡ ਅਨੁਸਾਰ ਉਨ੍ਹਾਂ ਨੇ ਅੱਜ ਸਵੇਰੇ ਹਸਪਤਾਲ 'ਚ ਆਖਰੀ ਸਾਹ ਲਿਆ। ਸ੍ਰੀ ਲੌਂਗਫੈਲੋ ਦੀ ਪੰਜਾਬੀ ਭਾਸ਼ਾ, ਸਿੱਖ ਧਰਮ, ਈਸਾਈ ਧਰਮ ਤੇ ਇਨ੍ਹਾਂ ਦੇ ਸਭਿਆਚਾਰਾਂ 'ਤੇ ਚੰਗੀ ਪਕੜ ਸੀ ਤੇ ਅਖਬਾਰਾਂ ਵਿਚ ਛਪਦੇ ਉਨ੍ਹਾਂ ਦੇ ਲੇਖ ਇਨ੍ਹਾਂ ਵਿਸ਼ਿਆਂ ਤੇ ਕਦਰਾਂ-ਕੀਮਤਾਂ 'ਤੇ ਵਿਸ਼ੇਸ਼ ਹੁੰਦੇ ਸਨ। ਉਨ੍ਹਾਂ ਬਹੁਤ ਸਾਰੇ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਵੀ ਕੀਤਾ। ਪੰਜਾਬ ਟਾਈਮਜ਼ ਦੇ ਪਾਠਕ ਵੀ ਇਨ੍ਹਾਂ ਪੰਨਿਆਂ ਉਤੇ ਉਨ੍ਹਾਂ ਦੇ ਲੇਖ ਪੜ੍ਹਦੇ ਰਹੇ ਹਨ ਅਤੇ ਇਸ ਵਾਰ ਵੀ ਸਫਾ 30 ਉਤੇ ਉਨ੍ਹਾਂ ਦਾ ਲੇਖ ਪੜ੍ਹਿਆ ਜਾ ਸਕਦਾ ਹੈ।

# ਬਲਰਾਮ ਜਾਖੜ ਦੇ ਬੇਟੇ ਦੀ ਗੋਲੀ ਲੱਗਣ ਨਾਲ ਮੌਤ

**ਅਬੋਹਰ:** ਲੋਕ ਸਭਾ ਦੇ ਸਾਬਕਾ ਸਪੀਕਰ ਤੇ ਕਾਂਗਰਸ ਦੇ ਉਘੇ ਆਗੂ ਬਲਰਾਮ ਜਾਖੜ ਦੇ ਬੇਟੇ ਸੁਰਿੰਦਰ ਕੁਮਾਰ ਜਾਖੜ ਦੀ ਸ਼ੱਕੀ ਹਾਲਤ 'ਚ ਗੋਲੀ ਲੱਗਣ ਨਾਲ ਮੌਤ ਹੋ ਗਈ। ਭਾਵੇਂ ਉਨ੍ਹਾਂ ਵੱਲੋਂ ਖ਼ੁਦਕੁਸ਼ੀ ਕਰਨ ਦੀ ਵੀ ਚਰਚਾ ਹੈ ਪਰ ਪਰਿਵਾਰਕ ਸੂਤਰਾਂ ਦਾ ਕਹਿਣਾ ਹੈ ਕਿ ਇਹ ਘਟਨਾ 17 ਜਨਵਰੀ ਨੂੰ ਉਸ ਸਮੇਂ ਵਾਪਰੀ ਜਦੋਂ ਸੁਰਿੰਦਰ ਜਾਖੜ ਰਿਵਾਲਵਰ ਸਾਫ ਕਰ ਰਿਹਾ ਸੀ ਤੇ ਅਚਾਨਕ ਉਸ ਵਿਚੋਂ ਗੋਲੀ ਚੱਲ ਗਈ।

ਸੁਰਿੰਦਰ ਜਾਖੜ ਇਫਕੋ ਦੇ ਚੇਅਰਮੈਨ ਤੇ ਅੰਤਰਰਾਸ਼ਟਰੀ ਸਹਿਕਾਰੀ ਸੰਗਠਨ ਦਾ ਡਾਇਰੈਕਟਰ ਸੀ। ਉਹ ਪੰਜਾਬ ਦੇ ਸਾਬਕਾ ਸਹਿਕਾਰੀ ਮੰਤਰੀ ਚੌਧਰੀ ਸੱਜਣ ਕੁਮਾਰ ਜਾਖੜ ਦੇ ਛੋਟੇ ਭਰਾ ਤੇ ਅਬੋਹਰ ਤੋਂ ਕਾਂਗਰਸੀ ਵਿਧਾਇਕ ਚੌਧਰੀ ਸੁਨੀਲ ਕੁਮਾਰ ਜਾਖੜ ਦੇ ਵੱਡੇ ਭਰਾ ਸਨ। ਉਨ੍ਹਾਂ ਦਾ ਇਕ ਪੁੱਤਰ ਸੰਦੀਪ ਕੁਮਾਰ ਜਾਖੜ ਇਸ ਸਮੇਂ ਜ਼ਿਲ੍ਹਾ ਯੂਥ ਕਾਂਗਰਸ ਦਾ ਪ੍ਰਧਾਨ ਹੈ। ਉਨ੍ਹਾਂ ਦੀ ਇਕ ਧੀ ਹੈ। ਸ੍ਰੀ ਜਾਖੜ ਨੇ ਸਹਿਕਾਰਤਾ ਲਹਿਰ ਵਿਚ ਆਪਣੀ ਭੂਮਿਕਾ ਸਹਿਕਾਰੀ ਸਭਾ ਪੰਜਕੋਸੀ ਤੋਂ ਸ਼ੁਰੂ ਕੀਤੀ ਸੀ ਜੋ ਸਹਿਕਾਰੀ ਬੈਂਕ ਦੇ ਨਿਰਦੇਸ਼ਕ ਅਤੇ ਪ੍ਰਬੰਧਕੀ ਨਿਰਦੇਸ਼ਕ, ਇਫਕੋ ਦੇ ਦੋ ਵਾਰੀ ਚੇਅਰਮੈਨ ਤੇ ਤੀਜੀ ਵਾਰੀ ਚੁਣੇ ਚੇਅਰਮੈਨ ਕ੍ਰਿਭਕੋ ਦੇ ਨਿਰਦੇਸ਼ਕ, ਅੰਤਰਰਾਸ਼ਟਰੀ ਪੱਧਰ 'ਤੇ ਇਫਕੋ, ਟੋਕੀਓ-ਬੀਮਾ ਕੰਪਨੀ ਦੇ ਚੇਅਰਮੈਨ ਤੇ ਅੰਤਰ-ਰਾਸ਼ਟਰੀ ਸਹਿਕਾਰੀ ਸੰਗਠਨ ਦੇ ਡਾਇਰੈਕਰ ਸਨ। ਪੰਜਾਬ ਵਿਚ ਉਨ੍ਹਾਂ ਨੂੰ ਸਹਿਕਾਰੀ ਹਸਤੀ ਦਾ ਸਰਵੋਤਮ ਪੁਰਸਕਾਰ ਮਿਲਿਆ ਸੀ।

ਅਬੋਹਰ ਪੁਲਿਸ ਨੇ ਉਹ ਰਿਵਾਲਵਰ ਕਬਜ਼ੇ 'ਚ ਲੈ ਲਿਆ ਹੈ ਜਿਸ ਦੀ ਗੋਲੀ ਨਾਲ ਸੁਰਿੰਦਰ ਜਾਖੜ ਦੀ ਮੌਤ ਹੋਈ ਹੈ ਪਰ ਫਿਰ ਵੀ ਉਹ ਜਾਂਚ ਕਰਕੇ ਸਾਰੇ ਸ਼ੱਕ ਖ਼ਤਮ ਕਰਨਾ ਚਾਹੁੰਦੀ ਹੈ। ਫਿਰੋਜ਼ਪੁਰ ਦੇ ਐਸ.ਐਸ.ਪੀ. ਕੌਸਤੁਬ ਸ਼ਰਮਾ ਨੇ ਦੱਸਿਆ ਕਿ ਭਾਵੇਂ ਪਰਿਵਾਰ ਨੇ ਕਿਸੇ 'ਤੇ ਕੋਈ ਦੋਸ਼ ਨਹੀਂ ਲਗਾਇਆ ਪਰ ਇਸ ਦੇ ਬਾਵਜੂਦ ਪੁਲਿਸ ਆਪਣੀ ਤਸੱਲੀ ਲਈ ਜਾਂਚ ਕਰ ਰਹੀ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785
4585 Pell Dr. Secramento CA, 95838

Short Sale Specialist
We Can Sell Your Home in Short Sale at No Cost to You


For Buying & Selling Residential And For Loans
Call: Sohanpreet 'Sam' Chahal
@916-612-5773
Sohanpreet (Sam) Chahal
CA Lic. 01504071
Realtor/Notary Public
email:samchahal@hotmail.com
Serving from Bay Area to Sacramento
Call for free listing of Reo-Bankowned Properties
Multi-Million Dollars Producer-2007, 2008 & 2009
ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ
Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਸਾਲ 2030 ਤਕ ਸ਼ਹਿਰ ਪਿੰਡਾਂ ਨੂੰ ਪਛਾੜ ਦੇਣਗੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ 'ਚ ਸ਼ਹਿਰੀ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ। ਲੋਕਾਂ ਨੂੰ ਸਹੂਲਤਾਂ ਦੀ ਘਾਟ, ਬੁੜਾਂ ਦੀ ਮਾਰ, ਗੁਰਬਤ ਤੇ ਜਹਾਲਤ ਪਿੰਡਾਂ ਤੋਂ ਸ਼ਹਿਰਾਂ ਵੱਲ ਧੱਕ ਰਹੀ ਹੈ। ਇਸੇ ਤਰ੍ਹਾਂ ਸ਼ਹਿਰਾਂ ਦੀਆਂ ਸਹੂਲਤਾਂ, ਬਿਹਤਰ ਜ਼ਿੰਦਗੀ ਤੇ ਸੁਰੱਖਿਆ ਲੋਕਾਂ ਨੂੰ ਆਪਣੇ ਵੱਲ ਖਿੱਚ ਰਹੀ ਹੈ। ਮੈਕਿਨਸੀ ਗਲੋਬਲ ਇਸਟੀਚਿਊਟ (ਐਮ.ਜੀ.ਆਈ.) ਵੱਲੋਂ ਹਾਲ ਹੀ 'ਚ ਕਰਵਾਏ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਪੰਜਾਬ ਸਮੇਤ ਭਾਰਤ ਦੇ ਪੰਜ ਰਾਜਾਂ 'ਚ 2030 ਤਕ ਸ਼ਹਿਰੀ ਅਬਾਦੀ, ਪਿੰਡਾਂ ਨਾਲੋਂ ਕਿਤੇ ਵਧ ਜਾਏਗੀ। ਇਸ ਵਰਤਾਰੇ ਨੇ "ਅਸਲ ਭਾਰਤ ਪਿੰਡਾਂ 'ਚ ਵੱਸਦਾ ਹੈ", ਦਾ ਸੰਕਲਪ ਤੋੜ ਦਿੱਤਾ ਹੈ। ਐਮ.ਜੀ.ਆਈ. ਅਨੁਸਾਰ ਪੰਜ ਰਾਜਾਂ 'ਚੋਂ ਤਾਮਿਲਨਾਡੂ 'ਚ ਪਹਿਲਾਂ ਹੀ ਸ਼ਹਿਰੀ ਅਬਾਦੀ ਪਿੰਡਾਂ ਨੂੰ ਪਛਾੜ ਚੁੱਕੀ ਹੈ। ਦੂਜੇ ਰਾਜਾਂ 'ਚ ਗੁਜਰਾਤ, ਮਹਾਂਰਾਸ਼ਟਰ ਤੇ ਕਰਨਾਟਕਾ ਸ਼ਾਮਲ ਹਨ।ਇਹ ਵਰਤਾਰਾ ਪਹਿਲਾਂ ਕੇਵਲ ਚੀਨ 'ਚ ਹੀ ਵੇਖਣ ਨੂੰ ਮਿਲਿਆ ਸੀ।

ਇਸ ਰਿਪੋਰਟ ਅਨੁਸਾਰ 2008 'ਚ ਭਾਰਤ ਦੇ ਸ਼ਹਿਰਾਂ ਦੀ ਅਬਾਦੀ 34 ਕਰੋੜ ਸੀ ਤੇ 2030-40 ਤਕ ਇਸ ਦੇ 59 ਕਰੋੜ ਹੋ ਜਾਣ ਦੇ ਆਸਾਰ ਹਨ। ਵਿਸ਼ਵ ਪੱਧਰ 'ਤੇ ਭਾਰਤ ਦਾ ਸ਼ਹਿਰੀਕਰਨ ਬੜੀ ਤੇਜ਼ੀ ਨਾਲ ਹੋਵੇਗਾ। ਇਸ ਦੇ 68 ਸ਼ਹਿਰ 10 ਲੱਖ ਤੋਂ ਵੱਧ ਅਬਾਦੀ ਵਾਲੇ, 13 ਸ਼ਹਿਰ 40 ਲੱਖ ਤੋਂ ਵੱਧ ਅਬਾਦੀ ਵਾਲੇ ਤੇ ਛੇ ਮੈਗਾ ਸ਼ਹਿਰਾਂ ਦੀ ਅਬਾਦੀ ਇਕ ਕਰੋੜ ਤੋਂ ਵੱਧ ਹੋਵੇਗੀ ਤੇ ਦੇਸ਼ ਦੇ ਘੱਟੋ-ਘੱਟ ਦੋ ਸ਼ਹਿਰ (ਦਿੱਲੀ ਤੇ ਮੁੰਬਈ) 2030 ਤਕ ਦੁਨੀਆ ਦੇ ਪੰਜ ਸਭ ਤੋਂ ਵੱਡੇ ਸ਼ਹਿਰਾਂ 'ਚ ਸ਼ਾਮਲ ਹੋ ਜਾਣਗੇ। ਇਸ ਵੇਲੇ ਭਾਰਤ 'ਚ 42 ਸ਼ਹਿਰ ਦਸ ਲੱਖ ਤੋਂ ਵੱਧ ਅਬਾਦੀ ਵਾਲੇ ਹਨ। ਅਬਾਦੀ ਤੇ ਕੁੱਲ ਘਰੇਲੂ ਉਤਪਾਦਨ ਪੱਖੋਂ ਭਾਰਤ ਦੇ ਕਈ ਸ਼ਹਿਰ ਅੱਜ ਦੇ ਕਈ ਮੁਲਕਾਂ ਤੋਂ ਵੱਡੇ ਹੋਣਗੇ। ਮਿਸਾਲ ਵਜੋਂ ਮੁੰਬਈ ਮੈਟਰੋਪਾਲੇਟਿਨ ਰੀਜ਼ਨ ਦਾ ਕੁੱਲ ਘਰੇਲੂ ਉਤਪਾਦਨ 2030 ਤਕ 265 ਅਰਬ ਡਾਲਰ ਹੋ ਜਾਣ ਦਾ ਖੁਲਾਸਾ ਕੀਤਾ ਗਿਆ ਹੈ ਜੋ ਪੁਰਤਗਾਲ, ਕੋਲੰਬੀਆ ਤੇ ਮਲੇਸ਼ੀਆ ਦੇ ਕੁੱਲ ਘਰੇਲੂ ਉਤਪਾਦਨ ਤੋਂ ਵੱਧ ਹੈ। ਐਮ.ਜੀ.ਆਈ. ਦਾ ਦਾਅਵਾ ਹੈ ਕਿ ਭਾਰਤ ਦੇ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਕਾਰਨ 2008-2030 ਤਕ ਭਾਰਤ ਦੀ ਪ੍ਰਤੀ ਜੀਅ ਆਮਦਨ ਚਾਰ ਗੁਣਾ ਵਧ ਜਾਵੇਗੀ। 90,000 ਰੁਪਏ

## ਸ਼ਹਿਰੀਕਰਨ ਦੇ ਰੁਝਾਨ ਵਿਚ ਤੇਜ਼ੀ



ਨਵੀਂ ਦਿੱਲੀ ਵਿਚ ਇਕ ਰੇਲਵੇ ਸਟੇਸ਼ਨ 'ਤੇ ਜੁੜੀ ਭੀੜ

ਸਾਲਾਨਾ ਤੋਂ ਘੱਟ ਕਮਾਈ ਕਰਨ ਵਾਲੇ ਘਰਾਂ ਦੀ ਗਿਣਤੀ 20 ਫੀਸਦੀ ਤੋਂ ਘਟ ਜਾਵੇਗੀ ਜਦਕਿ ਮੱਧ ਵਰਗ (ਦੋ ਲੱਖ ਤੋਂ 10 ਲੱਖ ਰੁਪਏ ਸਾਲਾਨਾ ਕਮਾਉਣ ਵਾਲੇ) ਘਰਾਂ ਦੀ ਗਿਣਤੀ 3 ਕਰੋੜ 20 ਲੱਖ ਤੋਂ 14 ਕਰੋੜ 70 ਲੱਖ ਹੋ ਜਾਵੇਗੀ। ਇਸ ਵੱਡੇ ਉਭਾਰ ਨੂੰ ਸਮਾਉਣ ਲਈ 70 ਕਰੋੜ ਤੋਂ 90 ਕਰੋੜ ਵਰਗ ਮੀਟਰ ਰਿਹਾਇਸ਼ੀ ਤੇ ਕਮਰਸ਼ੀਅਲ ਥਾਂ ਪ੍ਰਤੀ ਸਾਲ ਤਿਆਰ ਕਰਨੀ ਪਵੇਗੀ ਜੋ ਹਰ ਸਾਲ ਦੋ ਨਵੇਂ ਮੁੰਬਈ ਜਾਂ ਇਕ ਸ਼ਿਕਾਗੋ ਬਣਾਉਣ ਦੇ ਬਰਾਬਰ ਹੈ। ਆਵਾਜਾਈ ਲਈ ਭਾਰਤ ਨੂੰ ਹਰ ਸਾਲ 350 ਤੋਂ 400 ਕਿਲੋਮੀਟਰ ਮਟਰੋਜ਼ ਤੇ ਸਬਵੇਅ ਬਣਾਉਣੇ ਪੈਣਗੇ। ਇਸ ਦੇ ਨਾਲ ਹੀ ਹਰ ਸਾਲ 19000 ਤੋਂ 25000 ਕਿਲੋਮੀਟਰ ਸੜਕਾਂ ਬਣਾਉਣ ਦੀ ਲੋੜ ਵੀ ਪਵੇਗੀ ਪਰ ਇਸ ਸਾਰੇ ਦ੍ਰਿਸ਼ 'ਚ ਜੇਕਰ ਸ਼ਹਿਰੀ ਬੁਨਿਆਦੀ ਢਾਂਚੇ 'ਚ ਨਿਵੇਸ਼ ਦੀ ਦਰ ਅੱਜ ਵਾਂਗ ਹੀ ਮੱਠੀ ਰਹਿੰਦੀ ਹੈ ਤਾਂ 20 ਸਾਲਾਂ 'ਚ ਇਹ ਢਾਂਚਾ ਬੁਰੀ ਤਰ੍ਹਾਂ ਡਗਮਗਾ ਜਾਵੇਗਾ।

ਇਸ ਸਾਰੇ ਵਿਕਾਸ ਕਾਰਨ ਔਸਤ ਸ਼ਹਿਰੀ ਦਾ ਜਿਉਣ ਨਿਰਬਾਹ ਹੋਰ ਕਠਿਨ ਹੋ ਜਾਵੇਗਾ। ਆਮ ਲੋਕਾਂ ਨੂੰ ਹੁੰਦੀ ਜਲ ਸਪਲਾਈ 105 ਲੀਟਰ ਪ੍ਰਤੀ ਵਿਅਕਤੀ ਤੋਂ ਕੇਵਲ 65 ਲੀਟਰ ਪ੍ਰਤੀ ਦਿਨ, ਪ੍ਰਤੀ ਜੀਅ ਰਹਿ ਜਾਵੇਗੀ ਤੇ ਬਹੁਤੇ ਲੋਕਾਂ ਦੀ ਸਾਫ਼ ਪਾਣੀ ਤਕ ਬਿਲਕੁਲ ਪਹੁੰਚ ਨਹੀਂ ਰਹੇਗੀ। ਦੇਸ਼ ਦੇ ਸ਼ਹਿਰਾਂ ਦਾ 70-80 ਫੀਸਦੀ ਸੀਵਰੇਜ ਅਣਸੋਧਿਆ ਰਹੇਗਾ। ਨਿੱਜੀ ਕਾਰ ਮਾਲਕੀ ਵਧੇਗੀ ਤੇ ਆਵਾਜਾਈ ਦੇ ਬੁਨਿਆਦੀ ਢਾਂਚੇ ਦੀਆਂ ਖਾਮੀਆਂ ਸ਼ਹਿਰਾਂ 'ਚ ਕੁਝ ਲਾਤੀਨੀ ਅਮਰੀਕੀ ਸ਼ਹਿਰਾਂ ਜਿਹੀ ਕਸੂਤੀ ਹਾਲਤ ਪੈਦਾ ਕਰਨਗੀਆਂ।

ਇਸ ਵੇਲੇ ਸ਼ਹਿਰੀਕਰਨ ਦਾ ਰੁਝਾਨ ਆਲਮੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਇਸ ਦੀਆਂ ਤੰਦਾਂ ਮੁਕਾਮੀ, ਕੌਮੀ ਤੇ ਕੌਮਾਂਤਰੀ ਯੋਜਨਾਬੰਦੀ ਨਾਲ ਜੁੜੀਆਂ ਹੋਈਆਂ ਹਨ। ਆਬਾਦੀ ਦਾ ਸ਼ਹਿਰ ਵੱਲ ਮੁਹਾਣ ਕਿਸੇ ਠੋਸ ਵਿਉਂਤਬੰਦੀ ਤਹਿਤ ਨਹੀਂ ਜਿਸ ਕਾਰਨ ਸ਼ਹਿਰੀ ਸਹੂਲਤਾਂ ਤੇ ਢਾਂਚੇ ਉੱਤੇ ਭਾਰ ਵਧ ਰਿਹਾ ਹੈ। ਉਧਰ ਮੁਨਾਫ਼ਾਮੁਖੀ ਇਮਾਰਤਸਾਜ਼ੀ ਤਾਂ ਬਹੁਤ ਰਫ਼ਤਾਰ ਨਾਲ ਹੋ ਰਹੀ ਹੈ ਪਰ ਵਧ ਰਹੀ ਆਬਾਦੀ ਨੂੰ ਸਹਾਰਾ ਦੇਣ ਲਈ ਲੋੜੀਂਦਾ ਢਾਂਚਾ ਲਗਾਤਾਰ ਨਜ਼ਰਅੰਦਾਜ਼ ਹੋ ਰਿਹਾ ਹੈ। ਸਿੱਖਿਆ ਤੇ ਸਿਹਤ ਤੋਂ ਪਹਿਲਾਂ ਪਾਣੀ, ਬਿਜਲੀ, ਨਿਕਾਸ, ਆਵਾਜਾਈ ਤੇ ਕੂੜਾ ਸਮੇਟਣ ਵਰਗੇ ਬੁਨਿਆਦੀ ਮਸਲੇ ਅਣਗੌਲੇ ਕੀਤੇ ਜਾ ਰਹੇ ਹਨ।

## ਪਾਣੀ ਦੀ ਵਾਰੀ ਪਿੱਛੇ 70 ਸਾਲਾ ਬਜ਼ੁਰਗ ਨੂੰ ਜਿਉਂਦਾ ਸਾੜਿਆ

**ਫਰੀਦਕੋਟ:** ਪਿੰਡ ਚਹਿਲ ਵਿਖੇ ਪਾਣੀ ਦੇ ਵਾਰੀ ਪਿੱਛੇ 70 ਸਾਲਾ ਬਜ਼ੁਰਗ ਨੂੰ ਜਿਉਂਦਾ ਸਾੜ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਇੰਦਰਦੀਪ ਸਿੰਘ ਪੁੱਤਰ ਜਗਸੀਰ ਸਿੰਘ ਨੇ ਜ਼ਿਲ੍ਹਾ ਪੁਲਿਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਹੈ ਕਿ ਉਸ ਦੇ ਪਿਤਾ ਦੀ 15-16 ਸਾਲ ਪਹਿਲਾਂ ਮੌਤ ਹੋ ਗਈ ਸੀ ਤੇ ਹੁਣ ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦਾ ਦਾਦਾ ਇਕਬਾਲ ਸਿੰਘ ਕਰ ਰਿਹਾ ਸੀ। ਇੰਦਰਦੀਪ ਸਿੰਘ ਦੀ ਸ਼ਿਕਾਇਤ ਅਨੁਸਾਰ ਉਨ੍ਹਾਂ ਦੇ ਹੀ ਚਚੇਰੇ ਭਰਾ ਗੁਰਸੇਵਕ ਸਿੰਘ, ਜਸਪ੍ਰੀਤ ਸਿੰਘ, ਅਵਤਾਰ ਸਿੰਘ ਤੇ ਸੇਵਕ ਸਿੰਘ ਨਾਲ ਉਨ੍ਹਾਂ ਦਾ ਪਾਣੀ ਦੀ ਵਾਰੀ ਤੇ ਨਹਿਰੀ ਖਾਲ ਨੂੰ ਲੈ ਕੇ ਝਗੜਾ ਚਲਦਾ ਸੀ ਤੇ ਜਦੋਂ 11 ਜਨਵਰੀ ਦੀ ਰਾਤ ਉਹ ਆਪਣੇ ਖੇਤ 'ਚ ਪਾਣੀ ਲਾਉਣ ਗਏ ਤਾਂ ਖੇਤ ਵਿਚ ਕੰਮ ਕਰ ਰਹੇ ਬਜ਼ੁਰਗ 'ਤੇ ਹਮਲਾ ਕਰ ਦਿੱਤਾ ਤੇ ਤੇਲ ਪਾ ਕੇ ਉਸ ਨੂੰ ਅੱਗ ਲਗਾ ਦਿੱਤੀ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ।


ਪੁਲੀਸ ਨੇ ਇੰਦਰਦੀਪ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਗੁਰਸੇਵਕ ਸਿੰਘ, ਜਸਪ੍ਰੀਤ ਸਿੰਘ, ਅਵਤਾਰ ਸਿੰਘ ਤੇ ਸੇਵਕ ਸਿੰਘ ਵਾਸੀ ਪਿੰਡ ਚਹਿਲ ਖਿਲਾਫ਼ ਆਈ.ਪੀ.ਸੀ. ਦੀ ਧਾਰਾ 302/34 ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਗੁਰਮੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਕਾਤਲ ਮੌਕੇ ਤੋਂ ਫਰਾਰ ਹਨ ਜਿਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਪੁਲੀਸ ਵੱਲੋਂ ਦਰਜ ਮਾਮਲੇ ਅਨੁਸਾਰ ਇਸ ਕਤਲ ਦੀ ਵਜ੍ਹਾ ਮਹਿਜ਼ 11 ਮਿੰਟ ਪਾਣੀ ਦੀ ਵਾਰੀ ਦਾ ਝਗੜਾ ਦੱਸਿਆ ਜਾਂਦਾ ਹੈ ਜਿਸ ਬਾਰੇ ਉਨ੍ਹਾਂ ਸ਼ਿਕਾਇਤ ਵੀ ਕੀਤੀ ਸੀ ਪਰ ਪ੍ਰਸ਼ਾਸਨ ਨੇ ਇਸ ਦਾ ਕੋਈ ਨਿਬੇੜਾ ਨਹੀਂ ਕੀਤਾ ਜਿਸ ਕਾਰਨ ਇਹ ਘਟਨਾ ਵਾਪਰੀ।

# ਤੇਰੀ ਫੋਟੋ ਕਿਉਂ ਨੀ ਭਗਤ ਸਿਆਂ ਲੱਗਦੀ ਨੋਟਾਂ 'ਤੇ

**ਚੰਡੀਗੜ੍ਹ:** ਇਤਿਹਾਸਕਾਰ ਮੰਨਦੇ ਹਨ ਕਿ ਅੰਗਰੇਜ਼ਾਂ ਵਿਰੁੱਧ ਵਿੱਢੇ ਸੰਘਰਸ਼ 'ਚ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੀ ਵਿਚਾਰਧਾਰਾ ਦਾ ਯੋਗਦਾਨ ਮਹਾਤਮਾ ਗਾਂਧੀ ਦੀ ਕਾਰਗੁਜ਼ਾਰੀ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਰਿਹਾ ਪਰ ਅੱਜ ਦੇਸ਼ ਦੀ ਆਜ਼ਾਦੀ ਦਾ ਸਿਹਰਾ ਗਾਂਧੀ ਦੇ ਸਿਰ ਸਜਾ ਕੇ ਭਗਤ ਸਿੰਘ ਦੇ ਯੋਗਦਾਨ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਦੀ ਇਕ ਮਿਸਾਲ ਇਹ ਹੈ ਕਿ ਨੋਟਾਂ 'ਤੇ ਗਾਂਧੀ ਦੀ ਫੋਟੋ ਤਾਂ ਛਪ ਰਹੀ ਹੈ ਪਰ ਐਲਾਨ ਕਰਨ ਦੇ ਬਾਵਜੂਦ ਭਗਤ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ਼ਹੀਦ ਭਗਤ ਸਿੰਘ ਦੇ 101ਵੇਂ ਜਨਮ ਦਿਹਾੜੇ 'ਤੇ 27 ਸਤੰਬਰ 2008 ਨੂੰ ਕੇਂਦਰ ਸਰਕਾਰ ਵੱਲੋਂ ਪੰਜਾ ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ ਸੀ ਜੋ ਢਾਈ ਸਾਲ ਬੀਤਣ ਤੋਂ ਬਾਅਦ ਲੋਕਾਂ ਤੱਕ ਨਹੀਂ ਪੁੱਜਾ। ਸ਼ਹੀਦ ਦੀ ਜਨਮ ਸ਼ਤਾਬਦੀ ਸਬੰਧੀ ਕੀਤੇ ਗਏ ਸਮਾਗਮ ਵਿਚ ਕੇਂਦਰ ਦੇ ਗ੍ਰਹਿ ਰਾਜ ਮੰਤਰੀ ਪ੍ਰਕਾਸ਼ ਜੈਸਵਾਲ ਤੇ ਸੈਰ-ਸਪਾਟਾ ਮੰਤਰੀ ਅੰਬਿਕਾ ਸੋਨੀ ਨੇ ਇਸ ਸਿੱਕੇ ਨੂੰ ਜਾਰੀ ਕੀਤਾ ਸੀ।

ਇਸ ਸਮਾਗਮ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੂਬੇ ਦੀ ਸੀਨੀਅਰ ਅਕਾਲੀ-ਭਾਜਪਾ ਲੀਡਰਸ਼ਿਪ ਸਮੇਤ ਮੌਜੂਦ ਸਨ ਤੇ ਉਨ੍ਹਾਂ ਉਸ ਵਕਤ ਇਸ ਸਿੱਕੇ ਬਾਰੇ ਸਟੇਜ 'ਤੇ ਤਾਂ ਆਪਣਾ ਪੱਖ ਬਹੁਤ ਜ਼ੋਰ ਨਾਲ ਰੱਖਿਆ ਸੀ ਕਿ ਸਿੱਕੇ 'ਤੇ ਸ਼ਹੀਦ ਭਗਤ ਸਿੰਘ ਦੀ ਟੋਪ ਦੀ ਥਾਂ 'ਤੇ ਦਸਤਾਰ ਵਾਲੀ ਤਸਵੀਰ ਚਾਹੀਦੀ ਸੀ ਪਰ ਉਨ੍ਹਾਂ ਵੀ ਉਸ ਦਿਨ ਤੋਂ ਅੱਜ ਤੱਕ ਉਸ ਸਿੱਕੇ ਦੇ ਲੋਕਾਂ ਤੱਕ ਅੱਪੜਨ ਬਾਰੇ ਕਦੇ ਧਿਆਨ ਨਹੀਂ ਦਿਵਾਇਆ। ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਸ ਸਿੱਕੇ ਦੀ ਬਣਤਰ ਪੱਖ ਤੋਂ ਸ਼ਹੀਦ ਭਗਤ ਸਿੰਘ ਦੀ ਟੋਪ ਵਾਲੀ ਤਸਵੀਰ ਦੇ ਚੁਫੇਰੇ ਸ਼ਹੀਦ ਭਗਤ ਸਿੰਘ ਜਨਮ ਸ਼ਤਾਬਦੀ 1907-2008 ਤੇ ਪੰਜ ਰੁਪਏ ਉਕੇਰਿਆ ਹੋਇਆ ਸੀ।ਪਿੰਡ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਯਾਦਗਾਰੀ ਮਿਊਜ਼ੀਅਮ ਦੇ ਪ੍ਰਵੇਸ਼ ਦੁਆਰ 'ਤੇ ਹੀ ਇਹ ਪੰਜ ਰੁਪਏ ਦੇ ਸਿੱਕੇ ਨੂੰ ਵੱਡੇ ਆਕਾਰ 'ਚ ਬਣਾ ਕੇ ਸਜਾਇਆ ਹੋਇਆ ਹੈ। ਇਸ ਸਮੁੱਚੇ ਮੁੱਦੇ 'ਤੇ ਜਿੱਥੇ ਗਾਇਕ ਨਿਸ਼ਵਾਨ ਭੁੱਲਰ ਨੇ ਗਾਇਆ ਕਿ 'ਤੇਰੀ ਫੋਟੋ ਕਿਉਂ ਨੀ ਭਗਤ ਸਿਆਂ ਲੱਗਦੀ ਨੋਟਾਂ 'ਤੇ' ਉੱਥੇ ਸ਼ਾਇਰ ਰੇਸ਼ਮ ਕਰਨਾਣਵੀ ਦੀ ਗ਼ਜ਼ਲ ਦਾ ਇਕ ਵਿਅੰਗਮਈ ਸ਼ਿਅਰ ਵੀ ਬਿਲਕੁਲ ਢੁੱਕਦਾ ਹੈ ਕਿ 'ਕਹਿੰਦੇ ਸੀ



ਕਰ ਦਿਆਂਗੇ ਸੁਪਨੇ ਸਾਕਾਰ ਸ਼ਹੀਦਾਂ ਦੇ, ਸਿੱਕੇ ਜਾਰੀ ਕਰ ਨਾ ਸਕੀ ਐਪਰ ਸਰਕਾਰ ਸ਼ਹੀਦਾਂ ਦੇ'। ਇਸ ਮੁੱਦੇ ਬਾਰੇ ਵੱਖ-ਵੱਖ ਧਾਰਮਿਕ ਸੰਸਥਾਵਾਂ, ਰਾਜਨੀਤਕ ਪਾਰਟੀਆਂ, ਸਮਾਜਿਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਮੇਂ ਦੀਆਂ ਸਰਕਾਰਾਂ ਜਿਸ ਤਰ੍ਹਾਂ ਹਰ ਵਰ੍ਹੇ ਮਾਰਚ ਤੇ ਸਤੰਬਰ 'ਚ ਸ਼ਹੀਦ ਦੇ ਜਨਮ ਤੇ ਸ਼ਹੀਦੀ ਦਿਨ ਮੌਕੇ ਸਟੇਜੀ ਅਡੰਬਰ ਕਰਦੀਆਂ ਹਨ, ਇਵੇਂ ਉਹ ਸਿੱਕਾ ਜਾਰੀ ਕਰਕੇ ਵੀ ਮਹਿਜ਼ ਵਿਖਾਵਾ ਹੀ ਕੀਤਾ ਗਿਆ ਸੀ। ਇਸ ਇਲਾਕੇ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਹ ਇਸ ਬਾਰੇ ਕੇਂਦਰ ਦੇ ਵਿੱਤ ਮੰਤਰਾਲੇ ਨਾਲ ਗੱਲਬਾਤ ਵੀ ਕਰਨਗੇ ਤੇ ਪੱਤਰ ਵੀ ਭੇਜਣਗੇ।

ਗੌਰਤਲਬ ਹੈ ਕਿ ਇਸ ਬਾਰੇ ਪਿੰਡ ਖਟਕੜ ਕਲਾਂ ਵਿਖੇ ਕਰਵਾਏ ਗਏ ਸਮਾਗਮ ਵਿਚ ਸਰਕਾਰ ਦਾ 3 ਕਰੋੜ 52 ਲੱਖ ਰੁਪਏ ਖਰਚ ਆਇਆ ਸੀ ਜਿਸ ਬਾਰੇ ਸ਼ੱਕੀ ਨਜ਼ਰ 'ਚ ਵਿਜੀਲੈਂਸ ਵਿਭਾਗ ਵੱਲੋਂ ਪੜਤਾਲ ਵੀ ਚੱਲ ਰਹੀ ਹੈ। ਇਸ ਮਾਮਲੇ ਬਾਰੇ ਅਪੀਲ ਪਾਉਣ ਵਾਲੀ ਹੈਲਪ ਸੰਸਥਾ ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿੱਤਣਾ ਨੇ ਦੱਸਿਆ ਕਿ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ ਹੋ ਰਹੀ ਹੈ। ਹਲਕਾ ਵਿਧਾਇਕ ਚੌਧਰੀ ਮੋਹਨ ਲਾਲ ਬਹਿਰਾਮ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸ਼ਹੀਦ ਦੇ ਨਾਂ 'ਤੇ ਸਿੱਕਾ ਜਾਰੀ ਕਰਨ ਦਾ ਲੋਕ ਦਿਖਾਵਾ ਨਹੀਂ ਸੀ ਕਰਨਾ ਚਾਹੀਦਾ।

# ਸੁਨੱਖੇ ਸ਼ਹਿਰ ਚੰਡੀਗੜ੍ਹ ਵਿਚ ਵੀ ਦੌੜੇਗੀ ਮੈਟਰੋ ਰੇਲ

**ਚੰਡੀਗੜ੍ਹ:** ਚੰਡੀਗੜ੍ਹ 'ਚ ਵੀ ਜਲਦ ਹੀ ਮੈਟਰੋ ਰੇਲ ਸ਼ੁਰੂ ਹੋਣ ਜਾ ਰਹੀ ਹੈ। ਇਸ ਸਬੰਧੀ ਪੰਜਾਬ ਤੇ ਹਰਿਆਣਾ ਨੇ ਚੰਡੀਗੜ੍ਹ ਮੈਟਰੋ ਰੇਲ ਦਾ ਆਪਣੇ ਹਿੱਸੇ ਦਾ ਖਰਚਾ ਦੇਣ ਦੀ ਸਿਧਾਂਤਕ ਤੌਰ 'ਤੇ ਸਹਿਮਤੀ ਦੇ ਦਿੱਤੀ ਹੈ। ਨਵੇਂ ਫੈਸਲੇ

### ਪੰਜਾਬ ਅਤੇ ਹਰਿਆਣਾ ਖਰਚਾ ਦੇਣ ਲਈ ਰਾਜ਼ੀ

ਮੁਤਾਬਕ ਚੰਡੀਗੜ੍ਹ ਮੈਟਰੋ ਰੇਲ ਮੁੱਲਾਂਪੁਰ (ਪੰਜਾਬ) ਤਕ ਜਾਵੇਗੀ। ਦੋਹਾਂ ਰਾਜਾਂ ਦੀਆਂ ਸਰਕਾਰਾਂ ਮੈਟਰੋ ਰੇਲ ਪ੍ਰਾਜੈਕਟ ਉਤੇ ਆਉਣ ਵਾਲਾ ਖਰਚਾ ਰਲ ਕੇ ਕਰਨਗੀਆਂ। ਇਹ ਫੈਸਲਾ ਚੰਡੀਗੜ੍ਹ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਪੰਜਾਬ ਤੇ ਹਰਿਆਣਾ ਦੇ ਚੀਫ ਸਕੱਤਰਾਂ ਨਾਲ 12 ਜਨਵਰੀ ਨੂੰ ਹੋਈ ਮਹੱਤਵਪੂਰਨ ਮੀਟਿੰਗ ਵਿਚ ਲਿਆ ਗਿਆ। ਮੈਟਰੋ ਰੇਲ ਦਾ ਕੰਮ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਨੂੰ ਸੌਂਪਿਆ ਗਿਆ ਹੈ।

ਮੀਟਿੰਗ ਵਿਚ ਸ਼ਾਮਲ ਪੰਜਾਬ ਦੇ ਚੀਫ ਸੈਕਟਰੀ ਐਸ.ਸੀ. ਅਗਰਵਾਲ ਤੇ ਹਰਿਆਣਾ ਦੀ ਉਰਵਸ਼ੀ ਗੁਲਾਟੀ ਨੇ ਕਾਰਪੋਰੇਸ਼ਨ ਦੀਆਂ ਸ਼ਰਤਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਮੈਟਰੋ ਨੂੰ ਮੁੱਲਾਂਪੁਰ (ਪੰਜਾਬ) ਤੇ ਪੰਚਕੂਲਾ ਦੇ ਸੈਕਟਰ 20 ਨਾਲ ਜੋੜਨ ਦਾ ਸੁਝਾਅ ਦਿੱਤਾ ਜੋ ਕਿ ਪਾਸ ਹੋ ਗਿਆ। ਦੋਵਾਂ ਰਾਜਾਂ ਨੇ ਕਿਹਾ ਕਿ ਰੂਟ ਨੂੰ ਮੁੱਲਾਂਪੁਰ ਤੇ ਪੰਚਕੂਲਾ ਦੇ ਸੈਕਟਰ 20 ਤਕ ਵਧਾਉਣਾ ਲਾਜ਼ਮੀ ਹੈ। ਦੋਹਾਂ ਰਾਜਾਂ ਦੇ ਪ੍ਰਮੁੱਖ ਸਕੱਤਰਾਂ ਨੇ ਇਸ ਲਈ ਵੀ ਰਜ਼ਾਮੰਦੀ ਦਿੱਤੀ ਕਿ ਉਹ ਪ੍ਰਾਜੈਕਟ ਉਤੇ ਹੋਣ ਵਾਲੇ ਖਰਚੇ ਦਾ 50 ਫੀਸਦੀ ਰਲ ਕੇ ਅਦਾ ਕਰਨਗੇ ਜਦੋਂਕਿ ਪੰਜਾਹ ਫੀਸਦੀ ਚੰਡੀਗੜ੍ਹ ਪ੍ਰਸ਼ਾਸਨ ਆਪਣੇ ਖਜ਼ਾਨੇ ਵਿਚੋਂ ਭਰੇਗਾ। ਤਿੰਨਾਂ ਰਾਜਾਂ ਦੇ ਅਧਿਕਾਰੀਆਂ ਨੇ ਇਸ ਉਤੇ ਵੀ ਰਜ਼ਾਮੰਦੀ ਪ੍ਰਗਟ ਕੀਤੀ ਕਿ ਮੈਟਰੋ 'ਤੇ ਆਪੋ-ਆਪਣੇ ਰਾਜ ਵਿਚ ਆਉਣ ਵਾਲਾ ਖਰਚਾ ਸਬੰਧਤ ਰਾਜਾਂ ਦੀਆਂ ਸਰਕਾਰਾਂ ਆਪਣੇ ਪੱਲਿਓਂ ਭਰਨਗੀਆਂ।

ਮਿਲੀ ਜਾਣਕਾਰੀ ਅਨੁਸਾਰ ਮੈਟਰੋ ਦੇ ਪਹਿਲਾਂ ਤੈਅ ਕੀਤੇ ਰੂਟ ਉਤੇ 15 ਹਜ਼ਾਰ ਕਰੋੜ ਖਰਚ ਆਉਣ ਦਾ ਅਨੁਮਾਨ ਹੈ। ਮੈਟਰੋ ਦੀ ਯੋਜਨਾ ਤਿਆਰ ਕਰਨ ਵੇਲੇ ਇਸ ਦੇ ਪਹਿਲੇ ਪੜਾਅ ਦੀ ਉਸਾਰੀ 2014-15 ਤਕ ਮੁਕੰਮਲ ਕਰਨ ਦਾ ਸਮਾਂ ਮਿੱਥਿਆ ਗਿਆ ਸੀ ਤੇ ਇਸ ਉਤੇ 10.765 ਕਰੋੜ ਰੁਪਏ ਖਰਚ ਆਉਣ ਦਾ ਅੰਦਾਜ਼ਾ ਦੱਸਿਆ ਗਿਆ ਸੀ। ਉਂਝ ਇਸ ਪ੍ਰਾਜੈਕਟ ਨੂੰ ਮੁਕੰਮਲ ਤੌਰ 'ਤੇ ਪੂਰਾ ਕਰਨ ਲਈ 20 ਸਾਲ ਦਾ ਸਮਾਂ ਲਗਣਾ ਹੈ। ਪ੍ਰਾਜੈਕਟ ਵਿਚ ਮਾਸ ਰੈਪਿਡ ਟਰਾਂਸਪੋਰਟ ਸਿਸਟਮ ਦਾ 52.4 ਕਿਲੋਮੀਟਰ, ਬੱਸ ਰੈਪਿਡ ਟਰਾਂਸਪੋਰਟ ਦਾ 190.5 ਕਿਲੋਮੀਟਰ ਤੇ ਕਮਿਊਟਰ ਰੇਲ ਸਰਵਿਸ ਦਾ 195 ਕਿਲੋਮੀਟਰ ਦਾ ਫੈਸਲਾ ਸ਼ਾਮਲ ਹੈ। ਮੈਟਰੋ ਰੇਲ 'ਤੇ 320 ਕਰੋੜ ਰੁਪਏ ਪ੍ਰਤੀ ਕਿਲੋਮੀਟਰ ਖਰਚਾ ਮਿੱਥਿਆ ਗਿਆ ਹੈ ਜਦੋਂ ਕਿ ਧਰਾਤਲ 'ਤੇ ਇਹ ਖਰਚਾ ਘਟ ਕੇ 140 ਕਰੋੜ ਰੁਪਏ ਪ੍ਰਤੀ ਕਿਲੋਮੀਟਰ ਹੋ ਜਾਵੇਗਾ।ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਨੂੰ ਚੰਡੀਗੜ੍ਹ ਮੈਟਰੋ ਰੇਲ ਵਾਸਤੇ ਪ੍ਰਾਜੈਕਟ ਰਿਪੋਰਟ ਦੀ ਤਿਆਰੀ ਲਈ ਦੋ ਸੌ ਕਰੋੜ ਦੇਣ ਕਰਕੇ ਕੰਮ ਵਿਚ ਹੀ ਲਟਕ ਗਿਆ ਸੀ। ਅੱਜ ਦੋਹਾਂ ਗੁਆਂਢੀ ਰਾਜਾਂ ਵੱਲੋਂ ਪੈਸੇ ਲਈ ਹਾਮੀ ਭਰਨ ਪਿੱਛੋਂ ਇਸ ਕਾਰਜ ਵਿਚ ਤੇਜ਼ੀ ਆਉਣ ਦੀ ਸੰਭਾਵਨਾ ਹੈ।



# ਬਸਪਾ ਵਿਧਾਇਕ ਬਲਾਤਕਾਰ ਦੇ ਦੋਸ਼ ’ਚ ਗ੍ਰਿਫ਼ਤਾਰ

**ਲਖਨਊ :** ਬਸਪਾ ਦੇ ਵਿਧਾਇਕ ਪੁਰਸ਼ੋਤਮ ਨਰੇਸ਼ ਦਿਵੇਦੀ ਨੂੰ ਨਾਬਾਲਗ ਕੁੜੀ ਨਾਲ ਬਲਾਤਕਾਰ ਕਰਨ ਦੇ ਦੋਸ਼ ‘ਚ ਪੁਲੀਸ ਨੇ ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ‘ਚੋਂ ਗ੍ਰਿਫਤਾਰ ਕਰ ਲਿਆ ਹੈ। ਉਸ ਨੇ ਨਾਬਾਲਗ ਦਲਿਤ ਲੜਕੀ ਨਾਲ ਬਲਾਤਕਾਰ ਕਰਕੇ ਆਪਣੇ ਬਚਾਅ ਲਈ ਉਸ ਨੂੰ ਚੋਰੀ ਦੇ ਝੂਠੇ ਕੇਸ ਵਿਚ ਫਸਾ ਦਿੱਤਾ। ਇਸ ਮਾਮਲੇ ‘ਤੇ ਮੀਡੀਆ ‘ਚ ਅਲੋਚਨਾ ਤੋਂ ਬਾਅਦ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਦਖ਼ਲ ਦੇ ਕੇ ਦਲਿਤ ਲੜਕੀ ਨੂੰ ਜੇਲ੍ਹ ਵਿਚੋਂ ਰਿਹਾਅ ਕਰਵਾਇਆ। ਇਸ ਲੜਕੀ ਨੂੰ ਪੁਲੀਸ ਨੇ ਕਥਿਤ ਚੋਰੀ ਦਾ ਕੇਸ ਪਾ ਕੇ ਜੇਲ੍ਹ ਵਿਚ ਭੇਜ ਦਿੱਤਾ ਸੀ।

ਮਾਇਆਵਤੀ ਨੇ ਕਿਹਾ ਕਿ ਉਸ ਲੜਕੀ ਨੂੰ ਜਾਣਬੁੱਝ ਪ੍ਰੇਸ਼ਾਨ ਕਰਨ ਵਾਲੇ ਪੁਲੀਸ ਅਧਿਕਾਰੀਆਂ ਖਿਲਾਫ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਲੜਕੀ ਨੂੰ ਇਨਸਾਫ ਦੁਆਉਣ ਲਈ ਵਿਧਾਇਕ ਤੇ ਹੋਰਾਂ ਵਿਰੁੱਧ ਕੇਸ ਦੀ ਸੁਣਵਾਈ ਫਾਸਟ ਟਰੈਕ ਕੋਰਟ ਵਿਚ ਚਲਾਈ ਜਾਵੇਗੀ। ਮਾਇਆਵਤੀ ਨੇ ਕਿਹਾ ਕਿ ਲੜਕੀ ‘ਤੇ ਚੋਰੀ ਦਾ ਕੇਸ ਪੁਆਉਣ ਪਿੱਛੇ ਬਾਂਦਾ ਦੇ ਵਿਧਾਇਕ ਪ੍ਰਸ਼ੋਤਮ ਦਿਵੇਦੀ ਵੱਲੋਂ ਕੀਤੇ ਕੁਕਰਮ ਨੂੰ ਛੁਪਾਉਣ ਦੀ ਕਥਿਤ ਸਾਜ਼ਿਸ਼ ਦਾ ਹਿੱਸਾ ਹੈ।

ਇਕ ਮਹੀਨੇ ਤੋਂ ਕੁਝ ਵਧ ਸਮੇਂ ਬਾਅਦ ਜੇਲ੍ਹ ਤੋਂ ਰਿਹਾਅ ਹੋਈ ਜਬਰ ਜਨਾਹ ਦਾ ਸ਼ਿਕਾਰ ਲੜਕੀ ਨੇ ਮੰਗ ਕੀਤੀ ਹੈ ਕਿ ਦੋਸ਼ੀ ਵਿਧਾਇਕ ਨੂੰ ਫਾਹੇ ਲਾਇਆ ਜਾਵੇ। ਲੜਕੀ ਨੇ ਦੋਸ਼ ਲਾਇਆ ਕਿ ਪੁਲਿਸ ਨੇ ਵਿਧਾਇਕ ਦੇ ਭਰਾ ਰਾਜਾ ਦੀ ਹਾਜ਼ਰੀ ਵਿਚ ਉਸ ਨੂੰ ਕੁੱਟਿਆ ਮਾਰਿਆ। ਲੜਕੀ ਨੇ ਕਿਹਾ ਕਿ ਉਸ ਨੂੰ ਰਹਿਣ ਲਈ ਸੁਰੱਖਿਅਤ ਜਗ੍ਹਾ ਦਿੱਤੀ ਜਾਵੇ ਕਿਉਂਕਿ ਉਸ ਦੀ ਜਾਨ ਨੂੰ ਖਤਰਾ ਹੈ। ਸਬ ਇੰਸਪੈਕਟਰ ਜਾਬਰ ਅਹਿਮਦ ਨੂੰ ਥਾਣੇ ਵਿਚ ਲੜਕੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਮੁਅੱਤਲ ਕਰ ਦਿੱਤਾ ਗਿਆ।

## ਬਲਾਤਕਾਰ ਕੇਸਾਂ ’ਚ ਨਿਆਂਪਾਲਿਕਾ ਸੰਵੇਦਨਸ਼ੀਲ ਹੋਵੇ:ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਵੱਲੋਂ ਇਕ ਬਲਾਤਕਾਰੀ ਨੂੰ ‘ਤੁੱਛ ਆਧਾਰ’ ’ਤੇ ਰਿਹਾਅ ਕਰਨ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਨਿਆਂਪਾਲਿਕਾ ਨੂੰ ਸਲਾਹ ਦਿੱਤੀ ਹੈ ਕਿ ਉਹ ਅਜਿਹੇ ਮਾਮਲਿਆਂ ਪ੍ਰਤੀ ਸੰਵੇਦਨਸ਼ੀਲ ਹੋਣ ਤੇ ਅਜਿਹੇ ਕੇਸਾਂ ਦੀ ਸੁਣਵਾਈ ਭਾਰਤੀ ਪ੍ਰਸੰਗ ਵਿਚ ਕਰਨ।

ਜਸਟਿਸ ਆਫਤਾਬ ਆਲਮ ਤੇ ਜਸਟਿਸ ਆਰ.ਐਮ. ਲੋਢਾ ’ਤੇ ਆਧਾਰਤ ਬੈਂਚ ਨੇ ਕਿਹਾ ਕਿ “ਨਿਆਂਪਾਲਿਕਾ ਅਜਿਹੇ ਕੇਸਾਂ ਦੀ ਸੁਣਵਾਈ ਉਸ ਢੰਗ ਨਾਲ ਨਾ ਕਰਨ ਜਿਵੇਂ ਹੋਰ ਮੁਲਕਾਂ ਵਿਚ ਹੁੰਦੀ ਹੈ। ਇਹ ਭਾਰਤੀ ਸਮਾਜ ਹੈ ਤੇ ਕੇਸ ਦੀ ਸੰਵੇਦਨਸ਼ੀਲਤਾ ਨੂੰ ਸਮਝਦਿਆਂ ਪੀੜਤ ਦੀ ਮਾਨਸਿਕਤਾ ਦੇ ਮੱਦੇਨਜ਼ਰ ਕਾਰਵਾਈ ਚਲਾਈ ਜਾਵੇ।”ਬਲਾਤਕਾਰ ਦੇ ਮਾਮਲੇ ਵਿਚ ਸੁਣਵਾਈ ਅਦਾਲਤ ਨੇ ਦੋਸ਼ੀ ਨੂੰ 7 ਸਾਲਾਂ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਸੀ। ਸੁਣਵਾਈ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਦੋਸ਼ੀ ਨੇ ਹਾਈ ਕੋਰਟ ਵਿਚ ਅਪੀਲ ਪਾਈ ਤੇ ਹਾਈ ਕੋਰਟ ਨੇ ਦੋਸ਼ੀ ਦੇ ਹੱਕ ਵਿਚ ਫ਼ੈਸਲਾ ਸੁਣਾਉਂਦਿਆਂ ਉਸ ਨੂੰ ਰਿਹਾਅ ਕਰ ਦਿੱਤਾ।

## ਭਾਰਤ ਵੱਲੋਂ ਕਸ਼ਮੀਰ ’ਚੋਂ ਫ਼ੌਜ ਘਟਾਉਣ ਦਾ ਫ਼ੈਸਲਾ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਸਕੱਤਰ ਜੀ.ਕੇ. ਪਿੱਲੇ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ’ਚ ਤਾਇਨਾਤ ਸੁਰੱਖਿਆ ਦਸਤਿਆਂ ਦੀ ਗਿਣਤੀ ’ਚ 25% ਕਟੌਤੀ ਕੀਤੀ ਜਾਵੇਗੀ।

ਇਥੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿਚ ਸੈਮੀਨਾਰ ਦੌਰਾਨ ਸ੍ਰੀ ਪਿੱਲੇ ਨੇ ਕਿਹਾ ਕਿ ਸਰਕਾਰ ਜੰਮੂ-ਕਸ਼ਮੀਰ ‘ਚ ਤਾਇਨਾਤ ਸੁਰੱਖਿਆ ਦਸਤਿਆਂ ਦੀ ਗਿਣਤੀ ਵਿਚ 25 ਫੀਸਦੀ ਕਟੌਤੀ ਕਰਨ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀਨਗਰ ਵਿਚ ਸੁਰੱਖਿਆ ਦਸਤਿਆਂ ਦੀ ਗਿਣਤੀ ਪਹਿਲਾਂ ਹੀ ਘਟਾ ਦਿੱਤੀ ਗਈ ਹੈ ਕਿਉਂਕਿ ਆਬਾਦੀ ਵਾਲੇ ਖੇਤਰਾਂ ਵਿਚ ਸੁਰੱਖਿਆ ਦਸਤੇ ਘੱਟ ਗਿਣਤੀ ‘ਚ ਹੋਣੇ ਚਾਹੀਦੇ ਹਨ। ਸਰਕਾਰ ਚਾਹੁੰਦੀ ਹੈ ਕਿ ਸਾਰੇ ਸੁਰੱਖਿਆ ਦਸਤੇ ਸਰਹੱਦਾਂ ‘ਤੇ ਤਾਇਨਾਤ ਹੋਣ ਤਾਂ ਜੋ ਘੁਸਪੈਠ ਰੋਕੀ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਪੁਲੀਸ ਨੂੰ ਹਾਲਾਤ ਨਾਲ ਨਜਿੱਠਣ ਦੇਣਾ ਚਾਹੀਦਾ ਹੈ। ਲੋਕਾਂ ਵਿਚ ਵਿਸ਼ਵਾਸ ਵਧਾਉਣ ਦੇ ਇਰਾਦੇ ਨਾਲ ਸਰਕਾਰ ਇਹ ਗਿਣਤੀ ਘਟਾ ਰਹੀ ਹੈ। ਸ੍ਰੀ ਪਿੱਲੇ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਜੰਮੂ-ਕਸ਼ਮੀਰ ਦੇ ਜਿਨ੍ਹਾਂ ਇਲਾਕਿਆਂ ਵਿਚ ਲੰਮੇ ਸਮੇਂ ਤੱਕ ਸ਼ਾਂਤੀ ਕਾਇਮ ਰਹਿੰਦੀ ਹੈ ਤਾਂ ਉਥੋਂ ਸੁਰੱਖਿਆ ਜਵਾਨਾਂ ਦੀ ਗਿਣਤੀ ਘਟਾ ਦਿੱਤੀ ਜਾਵੇਗੀ।

ਗ੍ਰਹਿ ਸਕੱਤਰ ਨੇ ਨਾਗਾਲੈਂਡ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਥੇ ਕੁਝ ਸਾਲ ਪਹਿਲਾਂ ਫੌਜ ਦੀਆਂ ਦੋ ਡਿਵੀਜ਼ਨਾਂ ਸਨ ਪਰ ਹਾਲਾਤ ਠੀਕ ਹੋਣ ਦੇ ਨਾਲ-ਨਾਲ ਉਥੋਂ ਫੌਜ ਵਾਪਸ ਬੁਲਾ ਲਈ ਗਈ ਤੇ ਅੱਜ ਉਥੇ ਨਾ ਦੇ ਬਰਾਬਰ ਫੌਜੀ ਜਵਾਨ ਹਨ। ਇਸੇ ਤਰ੍ਹਾਂ ਉਥੇ ਨੀਮ ਫੌਜੀ ਦਸਤੇ ਦੇ 6 ਹਜ਼ਾਰ ਜਵਾਨ ਤਾਇਨਾਤ ਹਨ ਤੇ ਹੁਣ ਸਿਰਫ 200 ਜਵਾਨ ਹਨ। ਜੰਮੂ-ਕਸ਼ਮੀਰ ਲਈ ਨਿਯੁਕਤ ਕੀਤੇ ਵਾਰਤਾਕਾਰਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਤਿੰਨ ਮੈਂਬਰੀ ਟੀਮ ਵੱਲੋਂ ਉਤਸ਼ਾਹਤ ਕਰਨ ਨਾਲ ਲੋਕ ਆਪਣੀ ਗੱਲ ਕਹਿਣ ਲਈ ਅੱਗੇ ਆ ਰਹੇ ਹਨ।

# ਸਾਬਰੀਮਾਲਾ ਮੰਦਰ ਨੇੜੇ ਭਗਦੜ ਨਾਲ 109 ਮੌਤਾਂ

**ਤਿਰੂਵਨੰਤਪੁਰਮ:** ਇਥੋਂ 300 ਕਿਲੋਮੀਟਰ ਦੂਰ ਇੱਦੁਕੀ ਜ਼ਿਲ੍ਹੇ ਵਿਚ ਬਾਂਦੀ ਪੇਰੀਆਰ ਨੇੜੇ 14 ਜਨਵਰੀ ਦੀ ਰਾਤ ਨੂੰ ਸਾਬਰੀਮਾਲਾ ਮੰਦਰ ਦੇ ਦਰਸ਼ਨ ਕਰਕੇ ਪਰਤ ਰਹੇ ਸ਼ਰਧਾਲੂਆਂ ਵਿਚ ਤੰਗ ਰਸਤੇ ‘ਤੇ ਭਗਦੜ ਮੱਚਣ ਨਾਲ 109 ਵਿਆਕਤੀਆਂ ਦੀ ਮੌਤ ਹੋ ਗਈ।

ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸ਼ਰਧਾਲੂਆਂ ਨਾਲ ਭਰੀ ਬੱਸ ਤੰਗ ਰਸਤੇ ‘ਤੋਂ ਲੰਘ ਰਹੀ ਸੀ। ਬੱਸ ਵਿਚ ਪਹਿਲਾਂ ਹੀ ਸ਼ਰਧਾਲੂ ਬਹੁਤ ਸਨ ਜਦੋਂਕਿ ਪੈਦਲ ਜਾ ਰਹੇ ਯਾਤਰੀ ਵੀ ਉਸ ‘ਤੇ ਚੜ੍ਹਣ ਦੀ ਕੋਸ਼ਿਸ਼ ਕਰ ਰਹੇ ਸਨ। ਡਰਾਈਵਰ ਬੱਸ ਦਾ ਸੰਤੁਲਨ ਕਾਇਮ ਨਹੀਂ ਰੱਖ ਸਕਿਆ ਜਿਸ ਕਾਰਨ ਬੱਸ ਡੂੰਘੇ ਖੱਡੇ ਵਿਚ ਡਿਗ ਗਈ। ਇਸ ਘਟਨਾ ਕਾਰਨ ਉਥੇ ਭਗਦੜ ਮੱਚ ਗਈ। ਇਸ ਦੌਰਾਨ ਕੇਰਲਾ ਦੇ ਮੁੱਖ ਮੰਤਰੀ ਵੀ.ਐਸ. ਅਛੂਤਾਨੰਦਨ ਨੇ ਘਟਨਾ ਦੀ ਜੁਡੀਸ਼ਲ ਜਾਂਚ ਦੇ ਹੁਕਮ ਦਿੰਦਿਆਂ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 5-5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਉਧਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮਰਨ ਵਾਲੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਤੇ ਫੱਟੜਾਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਮ੍ਰਿਤਕਾਂ ਵਿਚ ਸ੍ਰੀਲੰਕਾ ਦੀ ਇਕ ਔਰਤ ਸ਼ਾਕਾਂਤਾ ਵੀ ਹੈ ਜਦਕਿ ਮਰਨ ਵਾਲੇ ਬਹੁਤੇ ਤਾਮਿਲਨਾਡੂ, ਕਰਨਾਟਕ ਤੇ ਆਂਧਰਾ ਪ੍ਰਦੇਸ਼ ਨਾਲ ਸਬੰਧਤ ਹਨ। ਮ੍ਰਿਤਕਾਂ ‘ਚ 29 ਤਾਮਿਲਨਾਡੂ, 25 ਕਰਨਾਟਕ, 17 ਆਂਧਰਾ ਪ੍ਰਦੇਸ਼ ਤੇ 5 ਕੇਰਲ ਨਾਲ ਸਬੰਧਤ ਹਨ।

# ਭਾਰਤ ਦੀ ਵਿਕਾਸ ਦਰ ਚੀਨ ਨਾਲੋਂ ਵਧਣ ਦੀ ਪੇਸ਼ੀਨਗੋਈ

**ਨਵੀਂ ਦਿੱਲੀ:** ਮਹਿੰਗਾਈ ਨਾਲ ਜੂਝ ਰਹੇ ਭਾਰਤੀਆਂ ਨੂੰ ਵਿਸ਼ਵ ਬੈਂਕ ਨੇ ਖੁਸ਼ਖ਼ਬਰੀ ਸੁਣਾਈ ਹੈ ਕਿ 2012 ਤੱਕ ਭਾਰਤ ਦੀ ਆਰਥਿਕ ਵਿਕਾਸ ਦਰ ਚੀਨ ਨਾਲੋਂ ਵਧ ਜਾਵੇਗੀ। ਦੂਜੇ ਪਾਸੇ ਨਵੀਂ ਦਿੱਲੀ ਨੇ ਇਸ ਪੇਸ਼ੀਨਗੋਈ ਨੂੰ ਮੱਠਾ ਪਾਉਂਦਿਆਂ ਕਿਹਾ ਹੈ ਕਿ ਦੇਸ਼ ਕਿਸੇ ਨਾਲ ਵੀ ਦੌੜ ‘ਚ ਸ਼ਾਮਲ ਨਹੀਂ ਹੈ।

ਵਿਸ਼ਵ ਆਰਥਿਕ ਦ੍ਰਿਸ਼ਟੀਕੋਣ ‘ਤੇ ਆਪਣੀ ਹਾਲੀਆ ਰਿਪੋਰਟ ‘ਚ ਵਿਸ਼ਵ ਬੈਂਕ ਨੇ ਮੰਨਿਆ ਹੈ ਕਿ ਭਾਰਤੀ ਆਰਥਿਕਤਾ ਦਾ 2012 ‘ਚ ਵਾਧਾ 8.7 ਫੀਸਦੀ ਆਇਆ ਹੈ ਜੋ ਚੀਨ ਤੋਂ ਆਸ ਰੱਖੇ ਜਾ ਰਹੇ 8.4 ਫੀਸਦੀ ਤੋਂ ਵੱਧ ਹੈ। ਇਹ ਅੰਦਾਜ਼ੇ ਪੀ.ਪੀ.ਪੀ. ਆਧਾਰਤ ਹਨ ਜਿਸ ਦਾ ਅਰਥ ਹੈ ਕਿ ਮੁਦਰਾਵਾਂ ਦੀ ਖਰੀਦ ਸ਼ਕਤੀ ਨੂੰ ਵੀ ਆਧਾਰ ਬਣਾਇਆ ਗਿਆ ਹੈ ਜਦਕਿ ਰਵਾਇਤੀ ਤੌਰ ‘ਤੇ ਆਰਥਿਕ ਵਿਕਾਸ ਦਰ ਪਰਖਣ ਵੇਲੇ ਇਸ ਨੂੰ ਨਹੀਂ ਵਿਚਾਰਿਆ ਜਾਂਦਾ। ਵਿਸ਼ਵ ਬੈਂਕ ਦੀ ਰਿਪੋਰਟ ‘ਤੇ ਪ੍ਰਤੀਕ੍ਰਿਆ ਦਿੰਦਿਆਂ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਭਾਰਤ ਉਂਝ ਵਾਧਾ ਦਰ ਲਈ ਯਤਨਸ਼ੀਲ ਹੈ ਪਰ ਇਹ ਕਿਸੇ ਨਾਲ ਦੌੜ ‘ਚ ਸ਼ਾਮਲ ਨਹੀਂ ਹੈ।

ਇਸੇ ਦੌਰਾਨ ਵਿਸ਼ਵ ਬੈਂਕ ਨੇ ਕਿਹਾ ਹੈ ਕਿ ਭਾਰਤ ‘ਚ ਵਧੀ ਮਹਿੰਗਾਈ ਦਾ ਕਾਰਨ ਸਪਲਾਈ ਪੱਖੋਂ ਆਉਂਦੇ ਅੜਿੱਕੇ ਹਨ। ਨਾਲ ਹੀ ਇਸ ਨੇ ਖੇਤੀ ਉਤਪਾਦ ‘ਚ ਸੁਧਾਰ ਲਈ ਦੇਸ਼ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਹੈ ਜਿਸ ਨੇ ਖੁਰਾਕੀ ਕੀਮਤਾਂ ਨੂੰ ਸਥਿਰ ਕਰਨ ‘ਚ ਚੰਗੀ ਭੂਮਿਕਾ ਨਿਭਾਉਣੀ ਹੈ।

ਭਾਰਤ ਦੇ ਚਾਰ ਦਿਨਾ ਦੌਰ ‘ਤੇ ਆਏ ਵਿਸ਼ਵ ਬੈਂਕ ਦੇ ਪ੍ਰਧਾਨ ਰਾਬਰਟ ਬੀ.ਜ਼ੋਇਲਕ ਨੇ ਭਾਰਤ ਦੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਨਾਲ ਸਾਂਝੀ ਪ੍ਰੈਸ ਕਾਨਫਰੰਸ ‘ਚ ਕਿਹਾ ਕਿ ਉਨ੍ਹਾਂ ਮੁਤਾਬਕ ਮੰਗ ਵਾਲੇ ਪਾਸੇ ਦੀ ਬਜਾਏ ਸਪਲਾਈ ਵਾਲੇ ਪਾਸੇ ਦੇ ਕੁਝ ਅੜਿੱਕੇ ਭਾਰਤੀ ਅਸਥਿਰਤਾ ‘ਚ ਅਹਿਮ ਭੂਮਿਕਾ ਨਿਭਾ ਰਹੇ ਹਨ। ਖੁਰਾਕੀ ਮਹਿੰਗਾਈ ਨੇ ਪਿਛਲੇ ਮਹੀਨੇ ਦੀ 4.48 ਫੀਸਦੀ ਮਹਿੰਗਾਈ ਦਰ ਨੂੰ ਦਸੰਬਰ ‘ਚ 8.43 ਫੀਸਦੀ ‘ਤੇ ਲੈਆਂਦਾ ਹੈ।


ਬੇਕਰਜ਼ਫੀਲਡ ’ਚ ਬਹੁਤ ਜਲਦ

11 ਸਟੇਸ਼ਨਾਂ ਤੋਂ ਚੱਲਣ ਵਾਲਾ

San Jose, Livermore, Berkeley, Sacramento, Yuba City, Tracy, Stocton, Modesto, Fresno, Bakersfield, Reno

ਰੀਨੋ ’ਚ ਬਹੁਤ ਜਲਦ

ਪੰਜਾਬੀ ਰੇਡੀਓ

Punjabi RADIO




24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

ਕੀਮਤ $25

ਜਿਨ੍ਹਾਂ ਕੋਲ ਪਹਿਲਾਂ ਵੀ ਚਿੱਪ ਵਾਲੇ ਰੇਡੀਓ ਹਨ, ਉਹ ਹੁਣ ਸਾਡੇ ਪ੍ਰੋਗਰਾਮ ਸੁਣ ਸਕਦੇ ਹਨ

ਪੰਜਾਬੀ ਰੇਡੀਓ ਦੇ ਪ੍ਰੋਗਰਾਮ

4.00-9.00 AM ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ, ਨਿਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ
9.00-9.15 ਪੰਜਾਬ ਤੋਂ ਖ਼ਬਰਾਂ (ਜਸਵਿੰਦਰ ਸਿੰਘ ਬਿੱਟਾ)
9.30-10.00 ਅੰਗਰੇਜ਼ੀ ਵਿਚ ਦਰਬਾਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
10.00 ਪੰਜਾਬੀ ਖ਼ਬਰਾਂ ਪਾਕਿਸਤਾਨ (ਮਸੂਦ ਮੱਲੀ)
10.15-11.00 ਗੁਰਬਾਣੀ ਟਾਕ ਸ਼ੋਅ-ਡਾ. ਸਰਾਓ, ਡਾ. ਸੰਧੂ
11.00-1.00 ਪੰਜਾਬੀ ਗਾਣੇ
1.00-2.00 ਸੁਰ ਪੰਜਾਬ ਦੀ (ਰਾਣੀ ਕਾਹਲੋਂ ਅਤੇ ਅਲਮਾਜ਼ ਨਾਵ)
2.00-4.00 (ਪੁਰਾਣੇ ਅਤੇ ਨਵੇਂ ਗਾਣੇ)
4.00-6.00 (ਕੁਝ ਮੇਲਾ ਕੁਝ ਗੀਤ, ਗੁਰਜਸਪਾਲ ਸਿੰਘ ਤੇ ਰਾਜ ਕਰਨਬੀਰ ਸਿੰਘ)
6.00-6.20 ਗੁਰਦੁਆਰਾ ਸਾਹਿਬ ਐਲ ਸਬਰਾਂਟੇ
6.20-8.00 ਗੁਰਦੁਆਰਾ ਸਾਹਿਬ ਫਰਿਜ਼ਨੋ, ਨਾਨਕਸਰ ਸਾਹਿਬ
8.00-8.15 ਪੰਜਾਬੀ ਖ਼ਬਰਾਂ ਪਾਕਿਸਤਾਨ (ਮਸੂਦ ਮੱਲੀ)
8.15-9.00 ਖ਼ਬਰਨਾਮਾ
9.00-9.15 ਪੰਜਾਬੀ ਖ਼ਬਰਾਂ ਪੰਜਾਬ (ਜਸਵਿੰਦਰ ਸਿੰਘ ਬਿੱਟਾ)
9.15-10.00 ਗਾਣੇ ਜਾਂ ਟਾਕ ਸ਼ੋਅ
10.00-11.00 ਡਾ. ਜੀਤ ਅਤੇ ਹੋਰ
11.00-12.00 ਸੁਰ ਪੰਜਾਬ ਦੀ (Repeat)
12.00-2.00 AM ਕੁਝ ਗੱਲਾਂ ਕੁਝ ਗੀਤ (Repeat)
2.00-3.00AM ਗਾਣੇ
3.00-4.00 AM ਸ਼ਬਦ


ਹੋਰ ਜਾਣਕਾਰੀ ਲਈ 408.722.7698

Listen LIVE www.punjabiradiousa.com

Email: info@punjabiradiousa.com


3750 McKee Road, # B, San Jose CA 95127

# ਪੰਜਾਬ ਕੈਬਨਿਟ 'ਚ ਗੁਰਦਾਸਪੁਰ ਜ਼ਿਲ੍ਹੇ ਦਾ ਬੋਲਬਾਲਾ





ਸੇਵਾ ਸਿੰਘ ਸੇਖਵਾਂ, ਸੁੱਚਾ ਸਿੰਘ ਲੰਗਾਹ ਅਤੇ ਮਾਸਟਰ ਮੋਹਨ ਲਾਲ



ਬਲਬੀਰ ਸਿੰਘ ਬਾਠ ਸਹੁੰ ਚੁੱਕਦੇ ਹੋਏ

**ਗੁਰਦਾਸਪੁਰ:** ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਕੈਪਟਨ ਬਲਬੀਰ ਸਿੰਘ ਬਾਠ ਦੇ ਕੈਬਨਿਟ ਮੰਤਰੀ ਬਣਨ ਤੋਂ ਬਾਅਦ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਨਾਲ ਸਬੰਧਤ ਕੈਬਨਿਟ ਮੰਤਰੀਆਂ ਦੀ ਗਿਣਤੀ ਵਧ ਕੇ ਚਾਰ ਹੋ ਜਾਵੇਗੀ ਜਦੋਂਕਿ ਪੰਜਾਬ ਵਿਧਾਨ ਸਭਾ ਦੇ ਨਿਰਮਲ ਸਿੰਘ ਕਾਹਲੋਂ ਵੀ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧ ਰੱਖਦੇ ਹਨ। ਇਸੇ ਜ਼ਿਲ੍ਹੇ ਦੇ ਆਗੂ ਰਾਜ ਪੱਧਰੀ ਚੇਅਰਮੈਨੀਆਂ ਹਥਿਆਉਣ ਵਿਚ ਕਾਫੀ ਅੱਗੇ ਹਨ।

ਦੂਜੇ ਪਾਸੇ ਦਸ ਜ਼ਿਲ੍ਹਿਆਂ ਦਾ ਇਕ ਵੀ ਵਿਧਾਇਕ ਮੰਤਰੀ ਨਹੀਂ ਹੈ। ਮਾਝੇ ਦੇ ਦੋ ਹੋਰ ਜ਼ਿਲ੍ਹਿਆ ਅੰਮ੍ਰਿਤਸਰ ਤੇ ਤਰਨਤਾਰਨ ਦੇ ਵੀ ਦੋ-ਦੋ ਮੰਤਰੀ ਹਨ। ਦੂਜੇ ਪਾਸੇ ਬਰਨਾਲਾ, ਬਠਿੰਡਾ, ਮੋਗਾ, ਮਾਨਸਾ, ਫਰੀਦਕੋਟ, ਫ਼ਤਹਿਗੜ੍ਹ ਸਾਹਿਬ, ਪਟਿਆਲਾ, ਰੋਪੜ, ਨਵਾਂਸ਼ਹਿਰ ਤੇ ਮੁਹਾਲੀ ਜ਼ਿਲ੍ਹੇ ਵਿਚ ਇਕ ਵੀ ਵਿਧਾਇਕ ਜਾਂ ਮੰਤਰੀ ਨਹੀਂ ਬਣਾਇਆ ਗਿਆ। ਸਭ ਤੋਂ ਵਧ ਵਿਧਾਨ ਸਭਾ ਹਲਕਿਆਂ ਵਾਲੇ ਜ਼ਿਲ੍ਹਾ ਲੁਧਿਆਣਾ ਨੂੰ ਵੀ ਇਕ ਹੀ ਮੰਤਰੀ ਨਸੀਬ ਹੋਇਆ ਹੈ। ਇਹ ਪਹਿਲਾ ਮੌਕਾ ਹੈ ਜਦੋਂ ਇਸ ਸਰਹੱਦੀ ਜ਼ਿਲ੍ਹੇ ਦੇ ਇੰਨੀ ਵੱਡੀ ਗਿਣਤੀ ਵਿਚ ਵਿਧਾਇਕਾਂ ਨੂੰ ਮੰਤਰੀ ਬਣਨ ਦਾ ਮੌਕਾ ਮਿਲਿਆ ਹੈ। ਕੈਪਟਨ ਬਾਠ ਤੋਂ ਪਹਿਲਾਂ ਪਠਾਨਕੋਟ ਦੇ ਵਿਧਾਇਕ ਮਾਸਟਰ ਮੋਹਨ ਲਾਲ (ਟਰਾਂਸਪੋਰਟ ਮੰਤਰੀ), ਕਾਹਨੂੰਵਾਨ ਦੇ ਵਿਧਾਇਕ ਸੇਵਾ ਸਿੰਘ ਸੇਖਵਾਂ (ਸਿੱਖਿਆ ਮੰਤਰੀ) ਤੇ ਧਾਰੀਵਾਲ ਦੇ ਵਿਧਾਇਕ ਸੁੱਚਾ ਸਿੰਘ ਲੰਗਾਹ (ਖੇਤੀਬਾੜੀ ਮੰਤਰੀ) ਪਹਿਲਾਂ ਹੀ ਵਜ਼ਾਰਤ ਵਿਚ ਸ਼ਾਮਲ ਹਨ। ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਹੋਰ ਆਗੂਆਂ ਵਿਚ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ ਨੂੰ ਤੀਸਰੀ ਵਾਰ ਲੇਬਰਫੈਡ ਪੰਜਾਬ ਦਾ ਚੇਅਰਮੈਨ ਬਣਿਆ ਹੈ। ਸਪੀਕਰ ਨਿਰਮਲ ਸਿੰਘ ਕਾਹਲੋਂ ਦਾ ਲੜਕਾ ਰਵੀਕਰਨ ਸਿੰਘ ਕਾਹਲੋਂ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਦਾ ਚੇਅਰਮੈਨ ਹੈ। ਇਸ ਤੋਂ ਇਲਾਵਾ ਤਰਲੋਕ ਸਿੰਘ ਬਾਠ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਹੈ। ਸ੍ਰੀ ਲੰਗਾਹ ਦਾ ਕਰੀਬੀ ਸੁਖਬੀਰ ਸਿੰਘ ਵਾਹਲਾ ਸ਼ੂਗਰਫੈਡ ਪੰਜਾਬ ਦਾ ਚੇਅਰਮੈਨ ਹੈ।

ਮਰਹੂਮ ਮੰਤਰੀ ਨੱਥਾ ਸਿੰਘ ਦਾ ਬੇਟਾ ਰਾਜਿੰਦਰ ਸਿੰਘ ਦਾਲਮ ਐਸ.ਐਸ. ਬੋਰਡ ਦਾ ਮੈਂਬਰ ਹੈ। ਮਰਹੂਮ ਅਕਾਲੀ ਆਗੂ ਜਗਦੀਸ਼ ਵਾਲੀਆ ਦਾ ਬੇਟਾ ਚੈਰੀ ਵਾਲੀਆਡਾਇਰੈਕਟਰ ਪੰਜਾਬ ਐਨਰਜੀ ਵਿਕਾਸ ਏਜੰਸੀ ਹੈ। ਵਿਧਾਇਕ ਲੋਧੀਨੰਗਲ ਦਾ ਕਰੀਬੀ ਜਰਨੈਲ ਸਿੰਘ ਮਾਹਲ ਡਾਇਰੈਕਟਰ ਪੰਜਾਬ ਵੇਅਰਹਾਊਸ ਕਾਰਪੋਰੇਸ਼ਨ ਹੈ।

## ਕੈਪਟਨ ਬਲਬੀਰ ਸਿੰਘ ਬਾਠ ਮੰਤਰੀ ਮੰਡਲ 'ਚ ਸ਼ਾਮਲ

**ਚੰਡੀਗੜ੍ਹ :** ਕੈਪਟਨ ਬਲਬੀਰ ਸਿੰਘ ਬਾਠ ਨੂੰ ਵੀ ਪੰਜਾਬ ਕੈਬਨਿਟ 'ਚ ਸ਼ਾਮਲ ਕਰ ਲਿਆ ਗਿਆ ਹੈ ਜਿਸ ਨਾਲ ਪੰਜਾਬ ਮੰਤਰੀ ਮੰਡਲ ਦੇ ਮੈਂਬਰਾਂ ਦੀ ਗਿਣਤੀ 18 ਹੋ ਗਈ। ਕੈਪਟਨ ਬਾਠ ਨੂੰ ਹਲਫ਼ ਦਿਵਾਉਣ ਦੀ ਰਸਮ ਪੰਜਾਬ ਰਾਜ ਭਵਨ ਵਿਚ ਹੋਏ ਸਾਦਾ ਸਮਾਗਮ ਵਿਚ ਰਾਜਪਾਲ ਸ਼ਿਵਰਾਜ ਪਾਟਿਲ ਨੇ ਅਦਾ ਕੀਤੀ। ਉਨ੍ਹਾਂ ਨੂੰ ਪਰਵਾਸੀ ਭਾਰਤੀ ਮਾਮਲੇ, ਸੁਰੱਖਿਆ ਸੈਨਾਵਾਂ ਦੀ ਭਲਾਈ, ਸ਼ਿਕਾਇਤ ਨਿਵਾਰਨ, ਪੈਨਸ਼ਨਾਂ ਤੇ ਪੈਨਸ਼ਨਰਜ਼ ਭਲਾਈ ਤੇ ਕਾਨੂੰਨੀ ਤੇ ਵਿਧਾਨਿਕ ਮਾਮਲਿਆਂ ਬਾਰੇ ਵਿਭਾਗ ਸੌਂਪੇ ਗਏ ਹਨ। ਸਮਾਗਮ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਪੀਕਰ ਨਿਰਮਲ ਸਿੰਘ ਕਾਹਲੋਂ, ਵਿੱਤ ਮੰਤਰੀ ਡਾ.ਉਪਿੰਦਰਜੀਤ ਕੌਰ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਤੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਸ੍ਰੀ ਗੁਰਦੇਵ ਸਿੰਘ ਬਾਦਲ ਤੇ ਕਈ ਹੋਰ ਸੀਨੀਅਰ ਅਕਾਲੀ ਨੇਤਾ ਹਾਜ਼ਰ ਸਨ।

ਕੈਪਟਨ ਬਾਠ ਸ੍ਰੀ ਹਰਗੋਬਿੰਦਪੁਰ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਤੇ 1997 ਤੋਂ ਉਥੋਂ ਵਿਧਾਇਕ ਚਲੇ ਆ ਰਹੇ ਹਨ। ਉਹ ਚੰਗੇ ਬੁਲਾਰੇ ਹੋਣ ਦੇ ਨਾਲ-ਨਾਲ ਕਿਤਾਬਾਂ ਪੜ੍ਹਨ ਦੇ ਵੀ ਸ਼ੌਕੀਨ ਹਨ। ਹਲਫ਼ਦਾਰੀ ਸਮਾਗਮ ਦਾ ਇਕ ਪੱਖ ਇਹ ਸੀ ਕਿ ਭਾਜਪਾ ਦੇ ਸਾਰੇ ਵਿਧਾਇਕ ਤੇ ਮੰਤਰੀ ਗੈਰਹਾਜ਼ਰ ਰਹੇ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਨੇ ਕਿਹਾ ਕਿ ਉਹ ਤਾਂ ਬਾਹਰ ਗਏ ਹੋਣ ਕਾਰਨ ਸਮਾਗਮ ਵਿਚ ਨਹੀਂ ਆ ਸਕੇ ਪਰ ਭਾਜਪਾ ਵਿਧਾਇਕਾਂ ਦੀ ਗੈਰਹਾਜ਼ਰੀ ਨੂੰ ਕਿਸੇ ਹੋਰ ਕਾਰਨ ਨਾਲ ਨਾ ਜੋੜਿਆ ਜਾਵੇ। ਭਾਜਪਾ ਦੇ ਬਾਗੀ ਨੇਤਾ ਵਜੋਂ ਜਾਣੇ ਜਾਂਦੇ ਬਟਾਲਾ ਦੇ ਵਿਧਾਇਕ ਜਗਦੀਸ਼ ਸਾਹਨੀ ਜ਼ਰੂਰ ਸਮਾਗਮ ਵਿਚ ਪੁੱਜੇ ਹੋਏ ਸਨ, ਪਰ ਉਹ ਆਪਣੀ ਹੈਸੀਅਤ ਵਿਚ ਹੀ ਆਏ ਹੋਏ ਸਨ।

# '84 ਦੀ ਸਿੱਖ ਨਸਲਕੁਸ਼ੀ: ਕੈਨੇਡਾ ਦੀ ਪਾਰਲੀਮੈਂਟ 'ਚ ਬਹਿਸ ਲਈ ਪਟੀਸ਼ਨ ਪਾਉਣ ਦਾ ਫ਼ੈਸਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਿਊ ਯਾਰਕ ਦੀ ਸਿੱਖ ਜਥੇਬੰਦੀ ਸਿੱਖਸ ਫਾਰ ਜਸਟਿਸ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਣ ਲਈ ਕੈਨੇਡਾ ਦੀ ਪਾਰਲੀਮੈਂਟ ਵਿਚ ਇਸ ਮੁੱਦੇ 'ਤੇ ਬਹਿਸ ਕਰਾਉਣ ਲਈ ਪਟੀਸ਼ਨ ਦਾਇਰ ਕੀਤੀ ਜਾਵੇਗੀ ਤਾਂ ਜੋ ਕੈਨੇਡਾ ਸਰਕਾਰ ਵੱਲੋਂ ਪਹਿਲਾਂ ਇਸ ਬਾਰੇ ਰੱਦ ਪਟੀਸ਼ਨ ਨੂੰ ਚੁਣੌਤੀ ਦਿੱਤੀ ਜਾ ਸਕੇ।

ਪਿਛਲੇ ਵਰ੍ਹੇ ਜੂਨ ਮਹੀਨੇ ਕੈਨੇਡਾ ਦੇ ਪੰਜਾਬੀ ਪਾਰਲੀਮੈਂਟ ਮੈਂਬਰ ਸੁਖ ਧਾਲੀਵਾਲ ਤੇ ਸ੍ਰੀ ਐਂਡਰਿਊ ਕਾਨੀਆ ਵੱਲੋਂ 10 ਹਜ਼ਾਰ ਲੋਕਾਂ ਵੱਲੋਂ ਦਸਤਖ਼ਤ ਕੀਤੀ ਹੋਈ ਪਟੀਸ਼ਨ ਕੈਨੇਡਾ ਸਰਕਾਰ ਕੋਲ ਦਾਇਰ ਕੀਤੀ ਗਈ ਸੀ ਜਿਸ ਵਿਚ ਅਪੀਲ ਕੀਤੀ ਗਈ ਸੀ ਕਿ ਕੈਨੇਡਾ ਸਰਕਾਰ ਨਵੰਬਰ 1984 ਵਿਚ ਭਾਰਤ ਵਿਚ ਵੱਖ-ਵੱਖ ਥਾਵਾਂ 'ਤੇ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਵੇ ਪਰ ਕੈਨੇਡਾ ਸਰਕਾਰ ਵੱਲੋਂ ਇਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਸੀ ਤੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਮੰਨਣ ਤੋਂ ਨਾ ਕਰ ਦਿੱਤੀ ਸੀ। ਹੁਣ ਇਸੇ ਤਰ੍ਹਾਂ ਦੀ ਇਕ ਪਟੀਸ਼ਨ ਸਿੱਖਸ ਫਾਰ ਜਸਟਿਸ ਜਥੇਬੰਦੀ ਵੱਲੋਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਾਇਰ ਕਰਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਸ ਬਾਰੇ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਕੈਨੇਡਾ ਸਰਕਾਰ ਵੱਲੋਂ ਰੱਦ ਕੀਤੀ ਗਈ ਪਟੀਸ਼ਨ ਨੂੰ ਮੁੜ ਚੁਣੌਤੀ ਦਿੱਤੀ ਜਾਵੇਗੀ। ਇਸ ਬਾਰੇ ਨਵੀਂ ਪਟੀਸ਼ਨ ਦਾਇਰ ਕਰਕੇ ਇਸ ਮਾਮਲੇ 'ਤੇ ਕੈਨੇਡਾ ਦੀ ਪਾਰਲੀਮੈਂਟ ਵਿਚ ਬਹਿਸ ਕਰਾਉਣ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਵੱਲੋਂ ਪਟੀਸ਼ਨ ਰੱਦ ਕਰਨ ਪਿੱਛੇ ਦਿੱਤੇ ਗਏ ਕਾਰਨ ਠੋਸ ਨਹੀਂ ਹਨ। ਇਸੇ ਲਈ ਇਸ ਮੁੱਦੇ 'ਤੇ ਬਹਿਸ ਕਰਾਉਣੀ ਜ਼ਰੂਰੀ ਹੈ ਤਾਂ ਜੋ ਰੱਦ ਹੋਈ ਪਟੀਸ਼ਨ ਨੂੰ ਚੁਣੌਤੀ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਬਹਿਸ ਦੌਰਾਨ ਸਿੱਖ ਜਥੇਬੰਦੀ ਕੈਨੇਡਾ ਦੀ ਪਾਰਲੀਮੈਂਟ ਅੱਗੇ ਲੋੜੀਂਦੇ ਸਬੂਤ ਵੀ ਪੇਸ਼ ਕਰੇਗੀ ਜਿਨ੍ਹਾਂ ਵਿਚ ਗਵਾਹ ਤੇ ਹੋਰ ਦਸਤਾਵੇਜ਼ ਵੀ ਸ਼ਾਮਲ ਹੋਣਗੇ।

ਜਥੇਬੰਦੀ ਦੇ ਕੁਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਨੇ ਦੋਸ਼ ਲਾਇਆ ਕਿ ਕੈਨੇਡਾ ਸਰਕਾਰ ਦਾ ਇਹ ਫ਼ੈਸਲਾ ਸਿਰਫ਼ ਭਾਰਤ ਸਰਕਾਰ ਨੂੰ ਖੁਸ਼ ਕਰਨ ਵਾਲਾ ਹੈ। ਸ੍ਰੀ ਪੰਨੂ ਨੇ ਕਿਹਾ ਕਿ ਜਥੇਬੰਦੀ ਵੱਲੋਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਇਸ ਵਰ੍ਹੇ ਨਵੰਬਰ ਵਿਚ ਪਟੀਸ਼ਨ ਦਾਇਰ ਕਰਕੇ ਅਪੀਲ ਕੀਤੀ ਜਾਵੇਗੀ ਕਿ ਸੰਯੁਕਤ ਰਾਸ਼ਟਰ ਨਵੰਬਰ 1984 ਵਿਚ ਭਾਰਤ ਵਿਖੇ ਹੋਈ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਨੂੰ ਘੋਖਣ ਲਈ ਨਿਰਪੱਖ ਵਿਅਕਤੀਆਂ ਨੂੰ ਤਾਇਨਾਤ ਕਰੇ ਤੇ ਇਹ ਘਟਨਾਵਾਂ ਦੀ ਨਿਖੇਧੀ ਕਰੇ।

ਜਾਣਕਾਰੀ ਹੈ ਕਿ 1984 ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਰਾਸ਼ਟਰ ਵਿਰੋਧੀ ਤੇ ਸਮਾਜ ਵਿਰੋਧੀ ਤੱਤਾਂ ਵੱਲੋਂ ਸਰਕਾਰ, ਪੁਲੀਸ ਤੇ ਪ੍ਰਸ਼ਾਸਨ ਦੀ ਮਦਦ ਨਾਲ ਬੇਗੁਨਾਹ ਸਿੱਖਾਂ ਨੂੰ ਬੁਰੀ ਤਰ੍ਹਾਂ ਮਾਰਿਆ ਗਿਆ ਸੀ। ਇਸ ਕਤਲੇਆਮ ਦੌਰਾਨ ਹਜ਼ਾਰਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਸਨ ਤੇ ਸਰਕਾਰੀ ਏਜੰਸੀਆਂ ਮੁਤਾਬਕ ਇਕੱਲੀ ਦਿੱਲੀ ਵਿਚ ਹੀ 2990 ਲੋਕ ਮਾਰੇ ਗਏ ਸਨ

## ਇਨਸਾਫ਼ ਦਿਵਾਉਣ ਲਈ ਚੀਫ਼ ਜਸਟਿਸ ਕੋਲ ਗੁਹਾਰ




**ਜਲੰਧਰ:** ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ 1984 ਦੇ ਕਤਲੇਆਮ ਪੀੜਤਾਂ ਨੂੰ 26 ਸਾਲ ਬਾਅਦ ਵੀ ਇਨਸਾਫ ਨਾ ਮਿਲਣ ਦੇ ਰੋਸ ਵਜੋਂ 15 ਜਨਵਰੀ ਨੂੰ 'ਇਨਸਾਫ ਮਾਰਚ' ਕੱਢਿਆ ਗਿਆ। ਇਸ ਮੌਕੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਇਨਸਾਫ ਦੇਣ ਲਈ 300 ਪੱਤਰ ਲਿਖੇ ਗਏ। ਇਸ ਇਨਸਾਫ ਮਾਰਚ ਵਿਚ ਸੈਂਕੜੇ ਸਿੱਖ ਜਥੇਬੰਦੀਆਂ ਦੇ ਕਾਰਕੁੰਨਾਂ ਨੂੰ ਇਲਾਵਾ ਹਿੰਦੂ, ਮੁਸਲਿਮ, ਇਸਾਈ ਤੇ ਹੋਰ ਖੱਬੀਆ ਪਾਰਟੀਆਂ ਦੇ ਮੈਂਬਰ ਵੀ ਸ਼ਾਮਲ ਸਨ।

ਭਾਰਤ ਦੇ ਚੀਫ ਜਸਟਿਸ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਹੈ 'ਤੁਹਾਨੂੰ ਇਸ ਪ੍ਰਤੀ ਪੂਰੀ ਜਦੋਂ ਕਿ ਸਰਕਾਰ ਵੱਲੋਂ ਬਹੁਤ ਹੀ ਘੱਟ ਕੇਸ ਦਰਜ ਕੀਤੇ ਗਏ ਤੇ ਸਰਕਾਰ, ਅਫਸਰਸ਼ਾਹੀ ਤੇ ਪ੍ਰਸ਼ਾਸਨ ਵੱਲੋਂ ਲੋਕਾਂ ਦੇ ਦਬਾਅ ਵਿਚ ਕੁਝ ਹੀ ਕੇਸ ਦਰਜ ਕੀਤੇ ਗਏ ਸਨ।' ਚਿੱਠੀ ਵਿਚ ਇਹ ਵੀ ਲਿਖਿਆ ਗਿਆ ਹੈ ਕਿ 26 ਸਾਲਾਂ ਦੌਰਾਨ ਅਦਾਲਤਾਂ ਵੱਲੋਂ ਸਿਰਫ 10 ਕੇਸਾਂ ਵਿਚ ਹੀ ਫੈਸਲਾ ਕੀਤਾ ਗਿਆ ਹੈ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਦੇਸ਼ ਦੀਆਂ ਅਦਾਲਤਾਂ ਵਿਚੋਂ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਜਦੋਂਕਿ ਇਸ ਦੇ ਉਲਟ ਗੁਜਰਾਤ ਵਿਚ ਵਾਪਰੇ ਦੰਗਿਆਂ ਦੇ ਕੇਸਾਂ ਵਿਚ ਸੁਪਰੀਮ ਕੋਰਟ ਨੇ ਫੈਸਲਾ ਸੁਣਾ ਦਿੱਤਾ ਹੈ।

## ਗੁਰੂ ਨਾਨਕ ਦੇਵ 'ਵਰਸਿਟੀ ਦੇਸ਼ ਦੀਆਂ ਦਸ ਸਰਵੋਤਮ ਯੂਨੀਵਰਸਿਟੀਆਂ 'ਚ ਸ਼ੁਮਾਰ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇਸ਼ ਦੀਆਂ ਦਸ ਸਰਵੋਤਮ ਯੂਨੀਵਰਸਿਟੀਆਂ 'ਚ ਸ਼ੁਮਾਰ ਹੋ ਗਈ ਹੈ। ਯੂ.ਜੀ.ਸੀ ਵੱਲੋਂ ਇਨ੍ਹਾਂ ਵਿਚੋਂ ਛੇ ਯੂਨੀਵਰਸਿਟੀਆਂ ਦੀ ਚੋਣ ਕੀਤੀ ਜਾਵੇਗੀ ਤੇ ਚੁਣੀ ਗਈ ਯੂਨੀਵਰਸਿਟੀ ਨੂੰ 'ਯੂਨੀਵਰਸਿਟੀ ਵਿਦ ਪੋਟੈਂਸ਼ੀਅਲ ਫਾਰ ਐਕਸੀਲੈਂਸ' ਦੇ ਦਰਜੇ ਸਮੇਤ 50 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਏ.ਐਸ. ਬਰਾੜ ਨੇ ਦੱਸਿਆ ਕਿ ਆਖਰੀ ਛੇ ਯੂਨੀਵਰਸਿਟੀਆਂ ਵਿਚ ਸ਼ਾਮਲ ਹੋਣ ਲਈ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਪਣੀ ਪ੍ਰਤੀਨਿਧਤਾ ਪੇਸ਼ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ 'ਯੂਨੀਵਰਸਿਟੀ ਵਿਦ ਪੋਟੈਂਸ਼ੀਅਲ ਫਾਰ ਐਕਸੀਲੈਂਸ' ਦਰਜੇ ਲਈ ਨਿਰੀਖਣ ਹੋ ਚੁੱਕਿਆ ਹੈ। ਇਸ ਤੋਂ ਪਹਿਲਾਂ 'ਇੰਡੀਆ ਟੂਡੇ' ਵੱਲੋਂ ਮਈ 2010 'ਚ ਕਰਵਾਏ ਸਰਵੇ ਦੌਰਾਨ ਭਾਰਤ ਦੀਆਂ ਪਹਿਲੀਆਂ 50 ਯੂਨੀਵਰਸਿਟੀਆਂ ਵਿਚੋਂ ਇਸ ਯੂਨੀਵਰਸਿਟੀ ਨੂੰ 16ਵਾਂ ਸਥਾਨ ਮਿਲਿਆ ਸੀ। ਇਸੇ ਤਰ੍ਹਾਂ ਕਰੰਟ ਸਾਇੰਸਜ਼ ਜਰਨਲ ਅਨੁਸਾਰ ਯੂਨੀਵਰਸਿਟੀ ਦੇ ਅਕਾਦਮਿਕ ਜਰਨਲਾਂ ਵਿਚ ਛਪੇ ਖੋਜ ਪਰਚਿਆਂ ਦੇ ਆਧਾਰ 'ਤੇ 8ਵਾਂ ਸਥਾਨ ਹੈ। ਇਸ ਤੋਂ ਬਿਨਾਂ ਯੂ.ਜੀ.ਸੀ ਸੀ.ਐਸ.ਆਈ.ਆਰ. ਵਿਚ ਚੋਣ ਦੇ ਆਧਾਰ 'ਤੇ ਯੂਨੀਵਰਸਿਟੀ ਦਾ 22ਵਾਂ ਸਥਾਨ, ਕੈਮੀਕਲ ਸਾਇੰਸਜ਼ ਵਿਚ 12ਵਾਂ ਸਥਾਨ, ਅਰਥ ਸਾਇੰਸਜ਼ 'ਚ 13ਵਾਂ, ਮੈਥੇਮੈਟੀਕਲ ਸਾਇੰਸਜ਼ ਤੇ ਫਿਜ਼ੀਕਲ ਸਾਇੰਸਜ਼ ਦੋਵਾਂ ਵਿਚ 8ਵਾਂ ਸਥਾਨ ਹੈ।

## ਪਰਵਾਸੀ ਪੰਜਾਬੀ ਪੰਜਾਬ ਸਰਕਾਰ ਤੋਂ ਖ਼ਫ਼ਾ

**ਚੰਡੀਗੜ੍ਹ:** ਪਰਵਾਸੀ ਭਾਰਤੀ ਪੰਜਾਬ ਸਰਕਾਰ ਤੋਂ ਖ਼ਫ਼ਾ ਹਨ ਕਿਉਂਕਿ ਉਹ ਜਾਇਦਾਦ ਤੇ ਵਿਆਹ ਸਬੰਧੀ ਝਗੜਿਆਂ 'ਚ ਪੁਲਿਸ ਦੇ ਪੱਖਪਾਤੀ ਰਵੱਈਏ, ਪਰਵਾਸੀ ਭਾਰਤੀਆਂ ਦੇ ਬੱਚਿਆਂ ਤੋਂ ਤਕਨੀਕੀ ਸਿੱਖਿਆ ਸੰਸਥਾਵਾਂ ਵੱਲੋਂ ਮੋਟੀਆਂ ਫੀਸਾਂ ਤੇ ਹੋਰ ਰਕਮਾਂ ਦੀ ਵਸੂਲੀ ਤੇ ਨਿੱਕੇ-ਨਿੱਕੇ ਕੰਮਾਂ ਨੂੰ ਲੈ ਕੇ ਸਰਕਾਰੀ ਦਫ਼ਤਰਾਂ ਵਿਚ ਖੱਜਲ-ਖੁਆਰੀ ਤੋਂ ਪ੍ਰੇਸ਼ਾਨ ਹਨ।

ਚੰਡੀਗੜ੍ਹ ਵਿਖੇ 12 ਜਨਵਰੀ ਨੂੰ ਕਰਵਾਈ ਪਰਵਾਸੀ ਭਾਰਤੀ ਕਨਵੈਨਸ਼ਨ ਵਿਚ ਇਹ ਮੁੱਦੇ ਜ਼ੋਰਸ਼ੋਰ ਨਾਲ ਉਠਾਏ ਗਏ। ਇਹ ਕਨਵੈਨਸ਼ਨ ਇੰਟਰਨੈਸ਼ਨਲ ਪੰਜਾਬੀ ਚੈਂਬਰ ਫਾਰ ਸਰਵਿਸ ਇੰਡਸਟਰੀ (ਆਈ.ਪੀ.ਐਸ.ਸੀ.ਆਈ.) ਵੱਲੋਂ ਕਰਵਾਈ ਗਈ ਸੀ। ਸੰਮੇਲਨ ਦੌਰਾਨ ਜਿੱਥੇ ਪਰਵਾਸੀ ਪੰਜਾਬੀ ਭਾਈਚਾਰੇ ਦੀਆਂ ਮੰਗਾਂ ਬਾਰੇ ਭਖਵੀਂ ਬਹਿਸ ਹੋਈ ਉਥੇ ਪੰਜਾਬ ਸਰਕਾਰ ਨੂੰ ਸਾਲ 2011 ਨੂੰ ਬੁਨਿਆਦੀ ਢਾਂਚੇ ਤੇ ਹੁਨਰ ਵਿਕਾਸ ਵਰ੍ਹੇ ਵਜੋਂ ਮਨਾਉਣ ਦੀ ਅਪੀਲ ਵੀ ਕੀਤੀ ਗਈ। ਇਸ ਮੌਕੇ ਪਰਵਾਸੀ ਪੰਜਾਬੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਜਾਇਦਾਦ ਤੇ ਵਿਆਹ ਸਬੰਧੀ ਝਗੜਿਆਂ ਵਿਚ ਪੁਲਿਸ ਵੱਲੋਂ ਪੱਖਪਾਤ ਕੀਤਾ ਜਾਂਦਾ ਹੈ ਜਿਸ ਕਾਰਨ ਵਿਦੇਸ਼ਾਂ 'ਚ ਰਹਿੰਦੇ ਪੰਜਾਬੀਆਂ ਦੀ ਖੱਜਲ ਖੁਆਰੀ ਹੁੰਦੀ ਹੈ।

ਕਨਵੈਨਸ਼ਨ ਦਾ ਉਦਘਾਟਨ ਕਰਦਿਆਂ ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਨਵੀਂ ਸਨਅਤੀ ਨੀਤੀ ਆਉਣ ਤੇ ਇਸ ਵਿਚ ਪ੍ਰਾਜੈਕਟ ਲਾਉਣ ਲਈ ਹੱਲਾਸ਼ੇਰੀ ਤੇ ਸਹੂਲਤਾਂ ਦੇ ਪੈਕੇਜ ਦੀ ਪੇਸ਼ਕਸ਼ ਸਦਕਾ ਇਸ ਗੱਲ ਦੀਆਂ ਬਹੁਤ ਸੰਭਾਵਨਾਵਾਂ ਹਨ ਕਿ ਪੰਜਾਬ ਨਾਲ ਸਬੰਧਤ ਐਨ.ਆਰ.ਆਈ. ਹੁਣ ਰਾਜ ਵਿਚ ਆਪਣੇ ਮੁਨਾਫ਼ੇ ਵਾਲੇ ਪ੍ਰਾਜੈਕਟ ਲਾ ਸਕਦੇ ਹਨ। ਇਸ ਮੌਕੇ ਪਰਵਾਸੀ ਭਾਰਤੀਆਂ, ਖ਼ਾਸਕਰ ਪੰਜਾਬੀ ਮੂਲ ਦੇ ਪਰਵਾਸੀਆਂ ਨੂੰ ਸੂਬੇ ਦੇ ਸਮੁੱਚੇ ਆਰਥਿਕ ਵਿਕਾਸ, ਖ਼ਾਸਕਰ ਪਛੜੇ ਖੇਤਰਾਂ ਦੇ ਵਿਕਾਸ ਦੇ ਅਮਲ ਵਿਚ ਸ਼ਾਮਲ ਕਰਨ ਦੀ ਜ਼ੋਰਦਾਰ ਸਿਫ਼ਾਰਸ਼ ਕੀਤੀ ਗਈ ਤਾਂ ਜੋ ਉਨ੍ਹਾਂ ਦੇ ਵਸੀਲਿਆਂ, ਮੁਹਾਰਤ ਤੇ ਉਦਮੀ ਭਾਵਨਾ ਨੂੰ ਸਹੀ ਢੰਗ ਨਾਲ ਇਸਤੇਮਾਲ ਕੀਤਾ ਜਾ ਸਕੇ।

ਕਨਵੈਨਸ਼ਨ ਵਿਚ ਪਰਵਾਸੀਆਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਗ਼ਰੀਬ ਵਰਗਾਂ ਦੇ ਪੰਜਾਬੀ ਨੌਜਵਾਨਾਂ ਨੂੰ 12ਵੀਂ ਪੱਧਰ ਤੱਕ ਸਿੱਖਿਆ ਦਿਵਾਉਣ ਲਈ ਅਪਨਾਉਣ। ਕਾਨਫ਼ਰੰਸ ਦਾ ਮੁੱਖ ਮਕਸਦ ਐਨ.ਆਰ.ਆਈਜ਼ ਤੇ ਘਰੇਲੂ ਕਾਰਪੋਰੇਟ ਅਦਾਰਿਆਂ ਦੀਆਂ ਭਾਰਤੀ ਅਰਥਚਾਰੇ ਨੂੰ ਵਿੱਤੀ ਸੇਵਾਵਾਂ ਨੂੰ ਮਾਨਤਾ ਦੇਣਾ ਤੇ ਇਸ ਗੱਲ ਨੂੰ ਉਜਾਗਰ ਕਰਨਾ ਸੀ ਕਿ ਉਹ ਪੰਜਾਬ ਨੂੰ ਅੱਗੇ ਲਿਜਾਣ ਵਿਚ ਅਹਿਮ ਭੂਮਿਕਾ ਅਦਾ ਕਰ ਸਕਦੇ ਹਨ। ਕਨਵੈਨਸ਼ਨ 'ਚ ਵਿਚਾਰ ਪ੍ਰਗਟਾਉਣ ਵਾਲਿਆਂ 'ਚ ਯੂ.ਕੇ. ਤੋਂ ਮਹਿੰਦਰ ਖਾਰੀ, ਵੁੱਡਬਰੀ ਯੂਨੀਵਰਸਿਟੀ, (ਕੈਲੀਫੋਰਨੀਆ) ਤੋਂ ਪ੍ਰੋ. ਸਤਿੰਦਰ ਧੀਮਾਨ, ਪੰਜਾਬ ਦੇ ਮੁੱਖ ਸਕੱਤਰ ਐਸ.ਸੀ. ਅਗਰਵਾਲ, ਪੰਜਾਬ ਦੇ ਪ੍ਰਮੁੱਖ ਸਕੱਤਰ (ਉਦਯੋਗ) ਐਸ.ਐਸ. ਚੰਨੀ, ਐਡਮਿੰਟਨ, (ਕੈਨੇਡਾ) ਤੋਂ ਪੀਟਰ ਸੰਧੂ, ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ, ਇੰਦਰਜੀਤ ਸਿੰਘ ਮੁੱਲਾਂਪੁਰੀ ਤੇ ਯੂਰਪੀ ਯੂਨੀਅਨ ਦੇ ਨਾਮੀ ਆਯੁਰਵੇਦਿਸਟ ਡਾ. ਅਰੁਣ ਗੁਪਤਾ ਸ਼ਾਮਲ ਸਨ।

# ਅਮਰੀਕੀ ਹਵਾਈ ਅੱਡਿਆਂ ’ਤੇ ਸਿੱਖਾਂ ਨੂੰ ਲਾਹੁਣੀ ਪੈ ਸਕਦੀ ਹੈ ਦਸਤਾਰ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਸੁਰੱਖਿਆ ਜਾਂਚ ਤੋਂ ਪਹਿਲਾਂ ਹੀ ਪ੍ਰੇਸ਼ਾਨ ਸਿੱਖਾਂ ਨੂੰ ਹੁਣ ਅਮਰੀਕਾ ਵਿਚ ਅਗਾਹ ਕੀਤਾ ਗਿਆ ਹੈ ਕਿ ਅਮਰੀਕੀ ਹਵਾਈ ਅੱਡਿਆਂ ‘ਤੇ ਉਨ੍ਹਾਂ ਨੂੰ 100 ਫੀਸਦੀ ਜਾਂਚ ਵਿਚੋਂ ਲੰਘਣਾ ਪਵੇਗਾ ਕਿਉਂਕਿ ਨਵੀਂ ਇਮੇਜਿੰਗ ਤਕਨੀਕ ਉਨ੍ਹਾਂ ਦੀ ਪੱਗ ਦੇ ਆਰ-ਪਾਰ ਨਹੀਂ ਦੇਖ ਸਕਦੀ। ‘ਸਿੱਖ ਕੋਲਿਸ਼ਨ‘ ਨੇ ਆਪਣੇ ਭਾਈਚਾਰੇ ਨੂੰ ਈ-ਮੇਲ ਸੁਨੇਹੇ ਭੇਜ ਕੇ ਖ਼ਬਰਦਾਰ ਕੀਤਾ ਹੈ ਕਿ ਉਨ੍ਹਾਂ ਨੂੰ ਅਮਰੀਕਾ ਦੇ ਸਾਰੇ ਹਵਾਈ ਅੱਡਿਆਂ ਉਪਰ ‘ਵਾਧੂ ਜਾਂਚ‘ ਕਰਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਸੁਨੇਹੇ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਨੂੰ ਹੁਣ ਅਮਰੀਕੀ ਹਵਾਈ ਅੱਡਿਆਂ ਉਪਰ ਐਡਵਾਂਸਡ ਇਮੇਜਿੰਗ ਟੈਕਨਾਲੋਜੀ (ਏ.ਆਈ.ਟੀ.) ਮਸ਼ੀਨਾਂ ਵਿਚੋਂ ਲੰਘਣ ਦੇ ਬਾਵਜੂਦ ਦੂਜੀ ਵਾਰ ਜਾਂਚ ਕਰਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। ਟਰਾਂਸਪੋਰਟ ਐਂਡ ਸਕਿਉਰਿਟੀ ਐਡਮਨਿਸਟਰੇਸ਼ਨ (ਟੀ.ਐਸ.ਏ.) ਵੱਲੋਂ ਜਨਤਕ ਤੌਰ ‘ਤੇ ਆਪਣੀ ਵੈੱਬਸਾਈਟ ‘ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਦੀਆਂ ਨਵੀਆਂ ਮਸ਼ੀਨਾਂ ਕੱਪੜਿਆਂ ਦੀਆਂ ਤਹਿਆਂ ਦੇ ਆਰ-ਪਾਰ ਦੇਖ ਸਕਦੀਆਂ ਹਨ, ਟੀ.ਐਸ.ਏ. ਨੇ ਕਥਨੀ ਤੇ ਕਰਨੀ ਵਿਚ ਸਾਫ ਕਰ ਦਿੱਤਾ ਹੈ ਕਿ ਇਸ ਤਰ੍ਹਾਂ ਦੀਆਂ ਮਸ਼ੀਨਾਂ ਸਿੱਖਾਂ ਦੀਆਂ ਪੱਗਾਂ ਦੇ ਆਰ-ਪਾਰ ਨਹੀਂ ਦੇਖ ਸਕਣਗੀਆਂ। ‘ਸਿੱਖ ਕੋਲਿਸ਼ਨ‘ ਨੇ ਕਿਹਾ ਕਿ ਇਸ ਦਾ ਅਰਥ ਇਹ ਹੈ ਕਿ ਨਵੀਆਂ ਮਸ਼ੀਨਾਂ ਪੱਗਾਂ ਦੀ ਜਾਂਚ ਦਾ ਸਿਲਸਿਲਾ ਬੰਦ ਨਹੀਂ ਕਰਾਉਣਗੀਆਂ ਸਗੋਂ ਵਧਾਉਣਗੀਆਂ।

ਜਥੇਬੰਦੀ ਨੇ ਟੀ.ਐਸ.ਏ. ਦੀ ਨੀਤੀ ਨੂੰ ਗਲਤ ਤੇ ਅਸੁਰੱਖਿਅਤ ਕਰਾਰ ਦਿੰਦਿਆਂ ਖਾਰਜ ਕਰ ਦਿੱਤਾ ਤੇ ਉਹ ਇਸ ਵਿਚ ਤਬਦੀਲੀ ਲਈ ਪ੍ਰਮੁੱਖ ਸੰਸਦ ਮੈਂਬਰਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਸਿੱਖ ਯਾਤਰੀਆਂ ਨੂੰ ਆਪਣੇ ਵੱਲੋਂ ਅਗਾਹ ਕਰਦਿਆਂ ਸਿੱਖ ਕੋਲਿਸ਼ਨ ਨੇ ਕਿਹਾ ਕਿ ਮਸ਼ੀਨ ਤੁਹਾਡੀ ਪੱਗ ਦੇ ਪਾਰ ਨਹੀਂ ਦੇਖ ਸਕਦੀ। ਇਸ ਲਈ ਜਾਂਚ ਲਈ ਤੁਹਾਡੀ ਪੱਗ (ਖੁਦ ਜਾਂ ਕਿਸੇ ਹੋਰ ਤੋਂ) ਨੂੰ ਹੱਥ ਲਾ ਕੇ ਘੋਖਿਆ ਜਾ ਸਕਦਾ ਹੈ। ਇਹ ਪ੍ਰਕਿਰਿਆ ਪੂਰੀ ਹੋਣ ਮਗਰੋਂ ਖਤਰਨਾਕ ਚੀਜ਼ਾਂ ਦੀ ਜਾਂਚ ਲਈ ਤੁਹਾਡੀ ਪੱਗ ਦੀ ਹੱਥ ਵਿਚ ਫੜੇ ਜਾਣ ਵਾਲੇ ਮੈਟਲ ਡਿਟੈਕਟਰ ਨਾਲ ਜਾਂਚ ਕੀਤੀ ਜਾਵੇਗੀ। ਸੁਨੇਹੇ ਵਿਚ ਕਿਹਾ ਗਿਆ ਹੈ ਕਿ ਕ੍ਰਿਪਾ ਕਰਕੇ ਇਹ ਗੱਲ ਦਿਮਾਗ ਵਿਚ ਰੱਖੋ ਕਿ ਤੁਸੀਂ ਆਪਣੀ ਪੱਗ ਨੂੰ ਖੁਦ ਹੱਥ ਲਾ ਕੇ ਸੁਰੱਖਿਆ ਮੁਲਾਜ਼ਮਾਂ ਦੀ ਤਸੱਲੀ ਕਰਵਾ ਸਕਦੇ ਹੋ ਜਾਂ ਫਿਰ ਉਹ ਮੁਲਾਜ਼ਮ ਮੈਟਲ ਡਿਟੈਕਟਰ ਨਾਲ ਪੱਗ ਦੀ ਆਪ ਜਾਂਚ ਕਰਕੇ ਆਪਣੀ ਤਸੱਲੀ ਕਰਨਗੇ। ਪੱਗ ਨੂੰ ਉਦੋਂ ਤੱਕ ਲਹਾਇਆ ਨਹੀਂ ਜਾ ਸਕਦਾ ਜਦੋਂ ਤੱਕ ਉਸ ਵਿਚੋਂ ਕੋਈ ਧਾਤੂ ਜਾਂ ਖਤਰਨਾਕ ਚੀਜ਼ ਨਾ ਮਿਲੇ। ਜਥੇਬੰਦੀ ਨੇ ਸਲਾਹ ਦਿੱਤੀ ਕਿ ਕੋਈ ਵੀ ਸਿੱਖ ਯਾਤਰੀ ਝੂਠੇ ਅਲਾਰਮ ਤੋਂ ਬਚਣ ਲਈ ਜਾਂਚ ਖੇਤਰ ਵਿੱਚ ਜਾਣ ਤੋਂ ਪਹਿਲਾਂ ਆਪਣੇ ਹੱਥ ਧੋ ਲਏ। ਟੀ.ਐਸ.ਏ. ਮੁਤਾਬਕ ਜੇਕਰ ਧਮਾਕਾਖੇਜ਼ ਸਮੱਗਰੀ ਦੀ ਜਾਂਚ ਦੌਰਾਨ ਕਿਸੇ ਵਿਅਕਤੀ ਦੇ ਹੱਥ ਜਾਂ ਪੱਗ ਨਾਲ ਅਲਾਰਮ ਵੱਜਦਾ ਹੈ ਤਾਂ ਉਸ ਨੂੰ ਨਿੱਜੀ ਜਾਂਚ ਤੋਂ ਲੰਘਣਾ ਪਵੇਗਾ ਤੇ ਉਸ ਨੂੰ ਆਪਣੀ ਪੱਗ ਲਾਹੁਣੀ ਪਵੇਗੀ। ਟੀ.ਐਸ.ਏ. ਦੇ ਮੁਖੀ ਜੋਹਨ ਐਸ. ਪਿਸਟੋਲ ਨੂੰ ਚਾਰ ਸੰਸਦ ਮੈਂਬਰਾਂ ਵੱਲੋਂ ਭੇਜੇ ਪੱਤਰ ਵਿਚ ਸਿੱਖਾਂ ਦੀਆਂ ਚਿੰਤਾਵਾਂ ਦਾ ਵਰਨਣ ਕੀਤਾ ਹੈ। ਅਮਰੀਕਾ ਦੇ ਓਕਲੈਂਡ, ਸਿਆਟਲ, ਡਾਲਸ, ਸ਼ਿਕਾਗੋ, ਹਿਊਸਟਨ ਤੇ ਲਾਸ ਏਂਜਲਸ ਦੇ ਹਵਾਈ ਅੱਡਿਆਂ ਉਪਰ ਸਿੱਖਾਂ ਦੀ ‘ਖਾਸ’ ਜਾਂਚ ਕੀਤੀ ਜਾਂਦੀ ਹੈ।

## ਬਾਦਲ ਵੱਲੋਂ ਹਵਾਈ ਅੱਡਿਆਂ ’ਤੇ ਦਸਤਾਰ ਦੀ ਜਾਂਚ ਦਾ ਵਿਰੋਧ



**ਚੰਡੀਗੜ੍ਹ:** ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਅਮਰੀਕੀ ਸਰਕਾਰ ਵੱਲੋਂ ਆਪਣੇ ਹਵਾਈ ਅੱਡਿਆਂ ‘ਤੇ ਸੁਰੱਖਿਆ ਜਾਂਚ ਦੌਰਾਨ ਸਿੱਖਾਂ ਦੀਆਂ ਪੱਗਾਂ ਉਤਾਰਨ ਬਾਰੇ ਲਏ ਗਏ ਫ਼ੈਸਲੇ ਨੂੰ ਅਫ਼ਸੋਸਨਾਕ ਕਰਾਰ ਦਿੰਦਿਆਂ ਕਿਹਾ ਕਿ ਅਮਰੀਕੀ ਸਰਕਾਰ ਨੂੰ ਕਿਸੇ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕੋਈ ਫ਼ੈਸਲਾ ਨਹੀਂ ਲੈਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਫ਼ਸੋਸ ਹੈ ਕਿ ਅਮਰੀਕੀ ਸਰਕਾਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਅੱਖੋਂ-ਪਰੋਖੇ ਕਰ ਰਹੀ ਹੈ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਹ ਮਸਲਾ ਤੁਰੰਤ ਅਮਰੀਕੀ ਸਰਕਾਰ ਨਾਲ ਉਠਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਵੀ ਇਹ ਮਾਮਲਾ ਪ੍ਰਧਾਨ ਮੰਤਰੀ ਕੋਲ ਉਠਾਉਣਗੇ।

## ਪ੍ਰਧਾਨ ਮੰਤਰੀ ਨੂੰ ਮਿਲਾਂਗਾ : ਜਥੇਦਾਰ ਅਵਤਾਰ ਸਿੰਘ




**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਸਿੱਖੀ ਦੀ ਆਨ ਤੇ ਸ਼ਾਨ ਦੀ ਪ੍ਰਤੀਕ ਦਸਤਾਰ ਦਾ ਮਾਮਲਾ ਸੁਲਝਾਉਣ ਲਈ ਵਿਸ਼ਵ ਭਰ ਦੇ ਸਮੂਹ ਸਿੱਖਾਂ ਨੂੰ ਰਾਜਨੀਤੀ ਤੋਂ ਉਪਰ ਉਠ ਕੇ ਤੇ ਹੋਰ ਮਤਭੇਦ ਭੁਲਾ ਕੇ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਬੜਾ ਗੰਭੀਰ ਮਸਲਾ ਹੈ ਤੇ ਇਸ ਬਾਰੇ ਉਚ ਪੱਧਰੀ ਵਫ਼ਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲੇਗਾ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਯੂ.ਐਨ.ਓ. ਦੇ ਸਕੱਤਰ ਜਨਰਲ ਤੇ ਸਮੂਹ ਮੁਲਕਾਂ ਦੇ ਦੂਤਘਰਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਸਿੱਖ ਰਹਿਤ ਮਰਯਾਦਾ ਦਾ, ਸਿੱਖੀ ਦੀ ਪਛਾਣ ਬਾਰੇ ਸਾਹਿਤ ਸਮੱਗਰੀ ਵੀ ਵਿਦਵਾਨਾਂ ਦੀ ਸਲਾਹ ਨਾਲ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ‘ਚ ਵਿਦੇਸ਼ੀ ਮੁਲਕਾਂ ਨੂੰ ਸਿੱਖੀ ਸਿਧਾਂਤ, ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਣਾ ਬਹੁਤ ਜ਼ਰੂਰੀ ਹੈ।

# ਅਮਰੀਕਾ ਵੱਲੋਂ ਇਸਰੋ ਤੋਂ ਪਾਬੰਦੀ ਹਟਾਉਣ ਦਾ ਫ਼ੈਸਲਾ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤੀ ਪੁਲਾੜ ਸੰਸਥਾ ‘ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ’ (ਇਸਰੋ) ਤੇ ਰੱਖਿਆ ਸੰਸਥਾ ਡਿਫੈਂਸ ਰਿਸਰਚ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ (ਡੀ.ਆਰ.ਡੀ.ਓ.) ਤੋਂ ਪਾਬੰਦੀ ਹਟਾਉਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ 1998 ਵਿਚ ਭਾਰਤ ਸਰਕਾਰ ਵੱਲੋਂ ਕੀਤੇ ਪਏ ਪਰਮਾਣੂ ਪਰੀਖਣ ਮਗਰੋਂ ਅਮਰੀਕਾ ਨੇ ਇਨ੍ਹਾਂ ਦੋਵਾਂ ਸੰਸਥਾਵਾਂ ਨਾਲ ਵਪਾਰਕ ਰਿਸ਼ਤਾ ਤੋੜ ਦਿੱਤਾ ਸੀ। ਹਾਲ ਹੀ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਕੀਤੇ ਗਏ ਭਾਰਤੀ ਦੌਰੇ ਦੌਰਾਨ ਉਨ੍ਹਾਂ ਵਾਅਦਾ ਕੀਤਾ ਸੀ ਕਿ ਅਮਰੀਕਾ ਵੱਲੋਂ ਇਨ੍ਹਾਂ ਦੋਹਾਂ ਸੰਸਥਾਵਾਂ ਤੋਂ ਪਾਬੰਦੀ ਹਟਾ ਲਈ ਜਾਵੇਗੀ। ਆਪਣੇ ਵਾਅਦੇ ’ਤੇ ਉਤਰਦਿਆਂ ਅਮਰੀਕਾ ਸਰਕਾਰ ਨੇ ਇਹ ਪਾਬੰਦੀ ਖ਼ਤਮ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਅਮਰੀਕਾ ਦੇ ਕਾਮਰਸ ਵਿਭਾਗ ਦੇ ਅਧੀਨ ਸਕੱਤਰ ਐਰਿਕ ਹਿਰਸਹੋਰਨ ਨੇ ਦੱਸਿਆ ਕਿ



ਪਾਬੰਦੀ ਹਟਾਉਣ ਬਾਰੇ ਨੋਟੀਫਿਕੇਸ਼ਨ ਜਲਦੀ ਹੀ ਜਾਰੀ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਪਾਬੰਦੀ ਹਟਾਉਣ ਲਈ ਕੋਈ ਸਮਾਂ ਸੀਮਾ ਤੈਅ ਕਰਨ ਤੋਂ ਇਨਕਾਰ ਦਿੱਤਾ। ਅਮਰੀਕੀ ਸੂਤਰਾਂ ਅਨੁਸਾਰ ਕਾਮਰਸ ਸਕੱਤਰ ਗੇਰੀ ਲੋਕੇ 6 ਤੋਂ 11 ਫਰਵਰੀ ਤੱਕ ਭਾਰਤ ਦਾ ਦੌਰਾ ਕਰਨਗੇ ਤੇ ਇਸ ਤੋਂ ਪਹਿਲਾਂ ਨੋਟੀਫਿਕੇਸ਼ਨ ਜਾਰੀ ਹੋਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਵਰ੍ਹਾ 1998 ਵਿਚ ਵਾਜਪਾਈ ਸਰਕਾਰ ਨੇ ਰਾਜਸਥਾਨ ਦੇ ਪੋਖਰਨ ਵਿਖੇ ਪਰਮਾਣੂ ਪਰੀਖਣ ਕੀਤਾ ਸੀ ਜਿਸ ਦਾ ਅਮਰੀਕਾ ਵੱਲੋਂ ਵੱਡੇ ਪੱਧਰ ‘ਤੇ ਵਿਰੋਧ ਕੀਤਾ ਗਿਆ ਸੀ। ਮੌਜੂਦਾ ਸਮੇਂ ਵਿਚ ਅਮਰੀਕਾ ਦੇ ਇਕ ਪ੍ਰਸ਼ਾਸਨਿਕ ਅਧਿਕਾਰੀ ਨੇ ਦੱਸਿਆ ਕਿ ਕਾਮਰਸ ਵਿਭਾਗ ਵੱਲੋਂ ਭਾਰਤੀ ਪੁਲਾੜ ਤੇ ਰੱਖਿਆ ਸੰਸਥਾਵਾਂ ਨਾਲ ਮੁੜ ਵਪਾਰਕ ਗਤੀਵਿਧੀਆਂ ਬਹਾਲ ਕਰਨ ਲਈ ਛੇਤੀ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ ਜਿਸ ਨਾਲ ਦੋਹਾਂ ਧਿਰਾਂ (ਭਾਰਤ ਤੇ ਅਮਰੀਕਾ) ਦੇ ਸਬੰਧਾਂ ਵਿਚ ਹੋਰ ਸੁਧਾਰ ਹੋਵੇਗਾ। ਇਸੇ ਦੌਰਾਨ ‘ਵਾਈਟ ਹਾਊਸ‘ ਨੇ ਵੀ ਇਹ ਪਾਬੰਦੀ ਹਟਾਉਣ ਬਾਰੇ ਕਾਰਵਾਈ ਅਮਲ ਵਿਚ ਲਿਆਉਣੀ ਸ਼ੁਰੂ ਕਰ ਦਿੱਤੀ ਹੈ।

FARMERS INSURANCE GROUP
Symbol of Superior Service
FARMERS®

181 Metro Drive, Suite 290, San Jose, CA 95110

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*“Call for a review of any of your insurance policies or to get a quote”*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation
Ph: 408-771-2438
*408-580-6063, 408-687-7566*
Fax: 408-573-3829
ssingh6@farmeragent.com

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*“Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify.”

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay


We Specialize in Bankowned, Foreclosure and Short Sale Homes

*ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।*

We Do Loan Modification and Credit Repair to Save Your Home From Forclosure

Rent ’ਤੇ ਘਰ ਲੈਣਾ ਹੋਵੇ ਜਾਂ
Rent ’ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com


REALTY WORLD® Millennium

Gurbans Gill 209-815-1869

# ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ

ਅੰਮ੍ਰਿਤਸਰ: ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਜਿੱਥੇ ਕੇਂਦਰ ਸਰਕਾਰ ਵੱਲੋਂ ਟਾਲਮਟੋਲ ਕੀਤੀ ਜਾ ਰਹੀ ਹੈ ਉਥੇ ਸਿੱਖਾਂ ਦੇ ਧਾਰਮਿਕ ਮਸਲਿਆਂ ਦੀ ਨੁਮਾਇੰਦਗੀ ਕਰਨ ਵਾਲੀ ਸ਼੍ਰੋਮਣੀ ਕਮੇਟੀ ਤੇ ਸੱਤਾਧਾਰੀ ਪਾਰਟੀ ਅਕਾਲੀ ਦਲ (ਬ) ਵੱਲੋਂ ਵੀ ਇਸ ਬਾਰੇ ਕੋਈ ਠੋਸ ਉਪਰਾਲਾ ਨਹੀਂ ਕੀਤਾ ਜਾ ਰਿਹਾ।

ਇਸ ਸਬੰਧੀ ਨੌਜਵਾਨਾਂ ਦੀ ਜਥੇਬੰਦੀ 'ਸਿੱਖ ਯੂਥ ਆਫ ਪੰਜਾਬ' ਨੇ ਪ੍ਰਧਾਨ ਮੰਤਰੀ ਕੋਲੋਂ ਮੰਗ ਕੀਤੀ ਹੈ ਕਿ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇ ਕੇ ਤੇ ਤੰਬਾਕੂ-ਰਹਿਤ ਬਣਾਇਆ ਜਾਵੇ। ਸ੍ਰੀ ਹਰਿਮੰਦਰ ਸਾਹਿਬ ਦੇ ਨੀਂਹ-ਪੱਥਰ ਰੱਖਣ ਦੇ ਦਿਵਸ ਮੌਕੇ ਜਥੇਬੰਦੀ ਦੇ ਨਵੇਂ ਚੁਣੇ ਅਹੁਦੇਦਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਅਰਦਾਸ ਕਰਕੇ ਪੰਥ ਤੇ ਪੰਜਾਬ ਦੇ ਭਲੇ ਲਈ ਜਥੇਬੰਦੀ ਦੀਆਂ ਸਰਗਰਮੀਆਂ ਜਾਰੀ ਰੱਖਣ ਦਾ ਐਲਾਨ ਕੀਤਾ।



ਜਥੇਬੰਦੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਾਨ ਤੇ ਤਰਜਮਾਨ ਪ੍ਰਭਜੋਤ ਸਿੰਘ ਨਵਾਂਸ਼ਹਿਰ ਨੇ ਕਿਹਾ ਕਿ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸ਼ਹਿਰ ਨੂੰ ਸਿੱਖਾਂ ਦੇ ਧਾਰਮਿਕ-ਸਿਆਸੀ ਕੇਂਦਰ ਵਜੋਂ ਸਥਾਪਿਤ ਕੀਤਾ ਸੀ ਤੇ ਇਹ ਸਿੱਖਾਂ ਦੀ ਸੱਭਿਆਚਾਰਕ ਰਾਜਧਾਨੀ ਤੇ ਵਪਾਰ ਦਾ ਕੇਂਦਰ ਹੈ। ਉਨ੍ਹਾਂ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਹੋਰ ਬਹੁਤ ਸਾਰੇ ਸ਼ਹਿਰਾਂ ਨੂੰ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਹੈ ਪਰ ਲੰਮੇ ਸਮੇਂ ਤੋਂ ਅੰਮ੍ਰਿਤਸਰ ਨੂੰ ਇਹ ਬਨਦਾ ਰੁਤਬਾ ਦੇਣ ਤੋਂ ਨਾਂ ਕੀਤੀ ਜਾ ਰਹੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਅੰਮ੍ਰਿਤਸਰ ਸ਼ਹਿਰ ਨੂੰ ਵੀ ਪਵਿੱਤਰ ਸ਼ਹਿਰ ਕਰਾਰ ਦਿੱਤਾ ਜਾਵੇ ਤਾਂ ਜੋ ਸਿੱਖ ਕੌਮ ਇਸ ਸ਼ਹਿਰ ਵਿਚ ਸਥਿਤ ਆਪਣੇ ਧਾਰਮਿਕ, ਇਤਿਹਾਸਕ ਤੇ ਸੱਭਿਆਚਾਰਕ ਮਹਤੱਤਾ ਵਾਲੇ ਵਿਰਾਸਤੀ ਸਥਾਨਾਂ ਨੂੰ ਸੰਭਾਲਣ ਤੇ ਬਚਾਉਣ ਦੇ ਉਪਰਾਲੇ ਕਰ ਸਕੇ।

## ਕੰਗ ਦੀ ਪਟੀਸ਼ਨ 'ਤੇ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਾਗੀ ਅਕਾਲੀ ਵਿਧਾਇਕ ਮਨਜਿੰਦਰ ਸਿੰਘ ਕੰਗ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ 14 ਫਰਵਰੀ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਅਕਾਲੀ ਵਿਧਾਇਕ ਨੇ ਇਹ ਪਟੀਸ਼ਨ ਭ੍ਰਿਸ਼ਟਾਚਾਰ ਦੇ ਇਕ ਕੇਸ ਵਿਚ ਸਰਕਾਰ ਵੱਲੋਂ ਬਦਲੇ ਪੈਂਤੜੇ ਖਿਲਾਫ਼ ਦਾਇਰ ਕੀਤੀ ਹੈ। ਮਨਜਿੰਦਰ ਸਿੰਘ ਕੰਗ ਪਿਛਲੀ ਅਕਾਲੀ-ਭਾਜਪਾ ਹਕੂਮਤ (1997-2002) ਦੌਰਾਨ ਪੰਜਾਬ ਜੰਗਲਾਤ ਨਿਗਮ ਦੇ ਚੇਅਰਮੈਨ ਰਹੇ ਸਨ। ਸੱਤਾ ਤਬਦੀਲੀ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਸਮੇਂ ਕੰਗ ਵਿਰੁਧ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਬਣਾਉਣ ਦਾ ਕੇਸ ਦਰਜ ਹੋਇਆ ਸੀ। ਅਕਾਲੀ-ਭਾਜਪਾ ਸਰਕਾਰ ਦੇ ਮੁੜ ਸੱਤਾ ਵਿਚ ਆਉਣ ਤੋਂ ਬਾਅਦ ਸਰਕਾਰ ਵੱਲੋਂ ਅਦਾਲਤ ਵਿਚ ਕੇਸ ਠੱਪ ਕਰਨ ਦੀ ਅਰਜ਼ੀ ਦਿੱਤੀ ਗਈ ਸੀ।



ਵਿਸ਼ੇਸ਼ ਅਦਾਲਤ ਨੇ ਸਰਕਾਰ ਦੀ ਅਰਜ਼ੀ ਰੱਦ ਕਰ ਦਿੱਤੀ ਤਾਂ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਰੀਵੀਊ ਪਟੀਸ਼ਨ ਦਾਇਰ ਕਰਕੇ ਮਨਜਿੰਦਰ ਸਿੰਘ ਕੰਗ ਨੂੰ ਰਾਹਤ ਦੇਣ ਦਾ ਯਤਨ ਕੀਤਾ। ਕੰਗ ਨੂੰ ਉਸ ਸਮੇਂ ਧੱਕਾ ਲੱਗਿਆ ਜਦੋਂ ਸਰਕਾਰ ਨੇ ਕੁਝ ਦਿਨ ਪਹਿਲਾਂ 24 ਦਸੰਬਰ ਨੂੰ ਹਾਈ ਕੋਰਟ 'ਚੋਂ ਰੀਵੀਊ ਪਟੀਸ਼ਨ ਵਾਪਸ ਲੈ ਲਈ। ਮਨਜਿੰਦਰ ਸਿੰਘ ਨੇ ਸਰਕਾਰ ਵੱਲੋਂ ਰੀਵੀਊ ਪਟੀਸ਼ਨ ਵਾਪਸ ਲੈਣ ਦੀ ਕਾਰਵਾਈ ਨੂੰ ਰਾਜਨੀਤੀ ਤੋਂ ਪ੍ਰੇਰਤ ਕਰਾਰ ਦਿੱਤਾ ਹੈ। ਸ੍ਰੀ ਕੰਗ ਨੇ ਮੰਗ ਕੀਤੀ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਕੇਸ ਨੂੰ ਠੱਪ ਕਰਨ ਦੀ ਜੋ ਅਰਜ਼ੀ ਅੰਮ੍ਰਿਤਸਰ ਦੀ ਅਦਾਲਤ ਵਿਚ ਦਿੱਤੀ ਸੀ, ਨੂੰ ਸਵੀਕਾਰ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਇਹ ਅਕਾਲੀ ਵਿਧਾਇਕ ਅੱਜ ਕੱਲ੍ਹ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਦੇ ਸਾਥੀ ਵਜੋਂ ਵਿਚਰ ਰਿਹਾ ਹੈ।

## ਜ਼ਮੀਨ ਲਈ ਮਾਂ ਤੇ ਨਾਨੀ ਦਾ ਕਤਲ

**ਪੱਟੀ:** ਥਾਣਾ ਖੇਮਕਰਨ ਅਧੀਨ ਪੈਂਦੇ ਪਿੰਡ ਭੂਰਾ ਕਰੀਮਪੁਰਾ ਵਿਖੇ ਲੋਹੜੀ ਵਾਲੀ ਰਾਤ ਇਕ ਪੁੱਤਰ ਨੇ ਜ਼ਮੀਨ ਲਈ ਮਾਂ ਤੇ ਨਾਨੀ ਦਾ ਦਾਤਰ ਨਾਲ ਕਤਲ ਕਰ ਦਿੱਤਾ।

ਪ੍ਰੀਤਮ ਸਿੰਘ ਪੁੱਤਰ ਨੰਦ ਸਿੰਘ ਵਾਸੀ ਮਸਤਗੜ੍ਹ ਨੇ ਪੁਲੀਸ ਨੂੰ ਦੱਸਿਆ ਹੈ ਕਿ ਉਹ ਆਪਣੇ ਸਹੁਰੇ ਘਰ ਪਿੰਡ ਭੂਰਾ ਕਰੀਮਪੁਰਾ ਵਿਖੇ ਗਿਆ ਹੋਇਆ ਸੀ ਜਿੱਥੇ ਉਸ ਦੇ ਸਾਲੇ ਦਾ ਜਾਇਦਾਦ ਨੂੰ ਲੈ ਕੇ ਉਸ ਦੀ ਸੱਸ ਤੇ ਸਹੁਰੇ ਨਾਲ ਝਗੜਾ ਚੱਲ ਸੀ।

ਉਸ ਦਾ ਸਾਲਾ ਹਰਜੀਤ ਸਿੰਘ ਪੁੱਤਰ ਦਿਆਲ ਸਿੰਘ ਆਪਣੇ ਮਾਂ-ਪਿਓ ਕੋਲੋਂ ਜ਼ਮੀਨ ਵੇਚ ਕੇ ਪੈਸੇ ਦੀ ਮੰਗ ਕਰ ਰਿਹਾ ਸੀ ਪਰ ਮਾਤਾ ਪਿਤਾ ਆਨਾਕਾਨੀ ਕਰ ਰਹੇ ਸਨ। ਇਸੇ ਤਕਰਾਰ ਦੌਰਾਨ ਮਾਮਲਾ ਇੰਨਾ ਗੰਭੀਰ ਹੋ ਗਿਆ ਕਿ ਹਰਜੀਤ ਸਿੰਘ ਨੇ ਦਾਤਰ ਨਾਲ ਵਾਰ ਕਰਕੇ ਆਪਣੀ ਨਾਨੀ ਦੀਪੋ (76) ਤੇ ਮਾਤਾ ਜੁਗਿੰਦਰ ਕੌਰ (55) ਦਾ ਕਤਲ ਕਰ ਦਿੱਤਾ।

# 'ਸਰਕਾਰੀ ਖਾਮੀਆਂ ਕਾਰਨ ਪਰਵਾਸੀਆਂ ਨੇ ਪੰਜਾਬ 'ਚ ਨਿਵੇਸ਼ ਤੋਂ ਟਾਲਾ ਵੱਟਿਆ'

**ਹੁਸ਼ਿਆਰਪੁਰ:** ਕੈਨੇਡਾ ਦੇ ਭਾਰਤੀ ਮੂਲ ਦੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਨੇ ਕਿਹਾ ਹੈ ਕਿ ਸਰਕਾਰੀ ਖਾਮੀਆਂ ਕਾਰਨ ਹੀ ਪਰਵਾਸੀਆਂ ਨੇ ਪੰਜਾਬ 'ਚ ਨਿਵੇਸ਼ ਤੋਂ ਪਾਸਾ ਵੱਟਿਆ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਸੰਮੇਲਨ ਕਰਵਾਉਣ ਦਾ ਫ਼ਾਇਦਾ ਤਾਂ ਹੈ ਜੇ ਪਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਨੂੰ ਅਮਲੀ ਰੂਪ ਵਿਚ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀ ਮਾਂ ਭੂਮੀ ਦੀ ਵਧ-ਚੜ੍ਹ ਕੇ ਸੇਵਾ ਕਰਨਾ ਚਾਹੁੰਦੇ ਹਨ ਪਰ ਇਸ ਲਈ ਉਨ੍ਹਾਂ ਨੂੰ ਲੋੜੀਂਦਾ ਵਾਤਾਵਰਨ ਮੁਹੱਈਆ ਕਰਵਾਉਣਾ ਜ਼ਰੂਰੀ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਉਨ੍ਹਾਂ ਦੇ ਸਨਮਾਨ ਵਿਚ ਕਰਵਾਏ ਸਮਾਗਮ ਵਿਚ ਸ੍ਰੀ ਧਾਲੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਨੂੰ ਪੂੰਜੀ ਨਿਵੇਸ਼ ਦੀ ਬੇਹੱਦ ਲੋੜ ਹੈ ਤੇ ਐਨ.ਆਰ.ਆਈ. ਭਰਾ ਨਿਵੇਸ਼ ਕਰਨਾ ਵੀ ਚਾਹੁੰਦੇ ਹਨ ਪਰ ਸਰਕਾਰੀ ਖਾਮੀਆਂ ਕਾਰਨ ਉਹ ਅਜਿਹਾ ਕਰਨ ਤੋਂ ਝਿਜਕਦੇ ਹਨ। ਉਨ੍ਹਾਂ ਕਿਹਾ ਕਿ ਐਨ.ਆਰ.ਆਈਜ਼ ਨੂੰ ਕਈ ਨਿੱਜੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੀਆਂ ਜ਼ਮੀਨਾਂ ਮਾਫ਼ੀਆ ਦੱਬ ਰਿਹਾ ਹੈ, ਪੁਲੀਸ ਦੇ ਝੂਠੇ ਕੇਸਾਂ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ ਤੇ ਅਦਾਲਤਾਂ ਦੇ ਫ਼ੈਸਲਿਆਂ ਲਈ ਕਈ-ਕਈ ਸਾਲ ਇੰਤਜ਼ਾਰ ਕਰਨਾ ਪੈਂਦਾ ਹੈ। ਸਿੱਖਾਂ ਦੀ ਬਲੈਕ ਲਿਸਟ ਖਤਮ ਕੀਤੇ ਜਾਣ ਦੀ ਮੰਗ ਨੂੰ ਦੁਹਰਾਉਂਦਿਆਂ ਸ੍ਰੀ ਧਾਲੀਵਾਲ ਨੇ ਕਿਹਾ ਕਿ ਸਾਰੇ ਕੇਸਾਂ ਦੀ ਮੁੜ ਕੇ ਪੜਚੋਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ "ਪੰਜਾਬ ਸਮੇਤ ਕੇਂਦਰ ਸਰਕਾਰ ਨੂੰ ਇਕ ਗੈਰ-ਰਾਜਨੀਤਕ ਅਜਿਹੇ ਕਮਿਸ਼ਨ ਦਾ ਗਠਨ ਕਰਨਾ ਚਾਹੀਦੇ ਜਿਹੜਾ ਵਿਦੇਸ਼ਾਂ ਵਿਚ ਪੱਕੇ ਤੌਰ 'ਤੇ ਰਹਿੰਦੇ ਪੰਜਾਬੀਆਂ ਸਮੇਤ ਦੇਸ਼ ਦੇ ਹਰ ਸੂਬੇ ਦੇ ਪਰਵਾਸੀ ਭਾਰਤੀਆਂ



ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ, ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਸਰਕਾਰ ਦੇ ਸਹਿਯੋਗ ਨਾਲ ਹੱਲ ਕਰੇ। ਉਨ੍ਹਾਂ ਆਖਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਹੁਤੇ ਪਿੰਡਾਂ ਦੇ ਪਰਵਾਸੀਆਂ ਨੇ ਆਪੋ-ਆਪਣੇ ਪਿੰਡਾਂ ਦੇ ਵਿਕਾਸ ਲਈ ਲੱਖਾਂ-ਕਰੋੜਾਂ ਰੁਪਿਆ ਆਪਣੇ ਪੱਲਿਓਂ ਖਰਚ ਕਰਕੇ ਉਨ੍ਹਾਂ ਨੂੰ ਨਮੂਨੇ ਦਾ ਬਣਾਇਆ ਹੈ ਪਰ ਅਜਿਹੇ ਪਿੰਡਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਆਪਣਾ ਬਣਦਾ ਹੋਰ ਯੋਗਦਾਨ ਨਹੀਂ ਪਾਇਆ। ਜੇ ਸਰਕਾਰਾਂ ਤੇ ਸਰਕਾਰੀ ਅਧਿਕਾਰੀ ਆਪਣੇ ਵੱਲੋਂ ਵੀ ਅਜਿਹੇ ਪਿੰਡਾਂ ਨੂੰ ਬਣਦੀਆਂ ਸਰਕਾਰੀ ਗਰਾਂਟਾਂ ਦੇਣ ਤਾਂ ਦੁਆਬੇ ਦੇ ਬਹੁਤੇ ਪਿੰਡ ਕੈਨੇਡਾ ਦੇ ਟੋਰਾਂਟੋ, ਲੰਡਨ ਵਰਗੇ ਬਣ ਸਕਦੇ ਹਨ। ਉਨ੍ਹਾਂ ਆਖਿਆ ਕਿ ਪੰਜਾਬ ਦੇ ਬਹੁਤ ਸਾਰੇ ਪਿੰਡ ਵਿਕਾਸ ਕੰਮਾਂ ਤੋਂ ਅਧੂਰੇ ਹਨ। ਪਿੰਡਾਂ ਦੇ ਸਕੂਲਾਂ ਦੀਆਂ ਲਿੰਕ ਸੜਕਾਂ ਦੀ ਹਾਲਤ ਮਾੜੀ ਹੈ। ਪਿੰਡ ਮੁਢਲੀਆਂ ਸਹੂਲਤਾਂ ਤੋਂ ਸੱਖਣੇ ਹਨ। ਗੰਦੇ ਪਾਣੀ ਦਾ ਕੋਈ ਨਿਕਾਸ ਨਹੀਂ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਮਾਰੂ ਨਸ਼ਿਆਂ ਤੋਂ ਬਚ ਕੇ ਦੇਸ਼, ਸੂਬੇ ਤੇ ਖੇਡਾਂ ਵੱਲ ਧਿਆਨ ਦੇਣ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸੂਬੇ ਵਿਚ ਵਿਕ ਰਹੇ ਨਸ਼ਿਆਂ 'ਤੇ ਗੰਭੀਰਤਾ ਨਾਲ ਪਾਬੰਦੀ ਲਾਵੇ।

## ਹੁਸ਼ਿਆਰਪੁਰ ਕਚਹਿਰੀਆਂ 'ਚੋਂ ਕੈਦੀ ਫ਼ਰਾਰ

**ਹੁਸ਼ਿਆਰਪੁਰ:** ਜ਼ਿਲ੍ਹਾ ਕਚਹਿਰੀਆਂ 'ਚ ਪੇਸ਼ੀ ਭੁਗਤਣ ਆਇਆ ਇਕ ਕੈਦੀ ਹਰਮਨਪ੍ਰੀਤ ਸਿੰਘ ਪਰਮਾਰ ਪੁਲਿਸ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ।

ਸੂਚਨਾ ਅਨੁਸਾਰ ਕਰੀਬ ਸਵਾ ਇਕ ਵਜੇ ਜਦੋਂ ਉਸ ਨੂੰ ਡਿਊਟੀ ਮੈਜਿਸਟਰੇਟ ਸਾਹਮਣੇ ਪੇਸ਼ ਕਰਨ ਤੋਂ ਬਾਅਦ ਬਾਹਰ ਲਿਆਂਦਾ ਜਾ ਰਿਹਾ ਸੀ ਤਾਂ ਇਹ ਨੇੜੇ ਖੜ੍ਹੀ ਕਾਲੇ ਰੰਗ ਦੀ ਇਕ ਸਕਾਰਪੀਓ ਗੱਡੀ ਵਿਚ ਬੈਠ ਕੇ ਨਿਕਲ ਗਿਆ। ਡਿਊਟੀ ਵਿਚ ਕੁਤਾਹੀ ਕਰਨ ਦੇ ਦੋਸ਼ ਵਿਚ ਐਸ.ਐਸ.ਪੀ. ਰਾਕੇਸ਼ ਅਗਰਵਾਲ ਨੇ ਹੈੱਡ ਕਾਂਸਟੇਬਲ ਪਰਮਜੀਤ ਸਿੰਘ ਤੇ ਕਾਂਸਟੇਬਲ ਸੁੱਚਾ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ। ਪਿਛਲੀ ਨਵੰਬਰ ਬਿੱਲਾ ਗੁੱਜਰ ਨਾਂ ਦਾ ਇਕ ਹੋਰ ਕੈਦੀ ਇਸੇ ਢੰਗ ਨਾਲ ਕਚਹਿਰੀਆਂ ਵਿਚੋਂ ਦੌੜ ਗਿਆ ਸੀ ਜੋ ਅੱਜ ਤੱਕ ਪੁਲੀਸ ਦੇ ਹੱਥ ਨਹੀਂ ਆਇਆ। ਅਕਤੂਬਰ 'ਚ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਖਾੜਕੂ ਕਰਨਬੀਰ ਸਿੰਘ ਵੀ ਸੀ.ਆਈ.ਏ. ਪੁਲੀਸ ਥਾਣੇ ਤੋਂ ਫਰਾਰ ਹੋ ਗਿਆ ਸੀ।

## ਨਿਆਂਪਾਲਿਕਾ ਬਲਾਤਕਾਰ ਕੇਸਾਂ 'ਚ ਸੰਵੇਦਨਸ਼ੀਲ ਹੋਵੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਵੱਲੋਂ ਇਕ ਬਲਾਤਕਾਰੀ ਨੂੰ 'ਤੁੱਛ ਆਧਾਰ' 'ਤੇ ਰਿਹਾਅ ਕਰਨ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਨਿਆਂਪਾਲਿਕਾ ਨੂੰ ਸਲਾਹ ਦਿੱਤੀ ਹੈ ਕਿ ਉਹ ਅਜਿਹੇ ਮਾਮਲਿਆਂ ਪ੍ਰਤੀ ਸੰਵੇਦਨਸ਼ੀਲ ਹੋਣ ਤੇ ਅਜਿਹੇ ਕੇਸਾਂ ਦੀ ਸੁਣਵਾਈ ਭਾਰਤੀ ਪ੍ਰਸੰਗ ਵਿਚ ਕਰਨ।

ਜਸਟਿਸ ਆਫਤਾਬ ਆਲਮ ਤੇ ਜਸਟਿਸ ਆਰ.ਐਮ. ਲੋਢਾ 'ਤੇ ਆਧਾਰਤ ਬੈਂਚ ਨੇ ਕਿਹਾ ਕਿ "ਨਿਆਂਪਾਲਿਕਾ ਅਜਿਹੇ ਕੇਸਾਂ ਦੀ ਸੁਣਵਾਈ ਉਸ ਢੰਗ ਨਾਲ ਨਾ ਕਰਨ ਜਿਵੇਂ ਹੋਰ ਮੁਲਕਾਂ ਵਿਚ ਹੁੰਦੀ ਹੈ।

# ਜਾਅਲੀ ਵਿਆਹਾਂ ਨੂੰ ਨੱਥ ਪਾਉਣਾ ਜ਼ਰੂਰੀ: ਰੂਬੀ ਢੱਲਾ

**ਚੰਡੀਗੜ੍ਹ:** ਕੈਨੇਡਾ ਦੀ ਸੰਸਦ ਮੈਂਬਰ ਰੂਬੀ ਢੱਲਾ ਨੇ ਕਿਹਾ ਕਿ ਭਾਰਤ ਤੋਂ ਕੈਨੇਡਾ ਵਿਚ ਹੁੰਦੇ ਜਾਅਲੀ ਵਿਆਹਾਂ ਦਾ ਧੰਦਾ ਵਿਸ਼ਾਲ ਕਾਰੋਬਾਰ ਦਾ ਰੂਪ ਧਾਰਨ ਕਰ ਚੁੱਕਿਆ ਹੈ। ਇਸ ਨੂੰ ਨੱਥ ਪਾਉਣ ਲਈ ਪੰਜਾਬੀਆਂ ਵਿਚ ਜਾਗਰੂਕਤਾ ਲਿਆਉਣ ਤੇ ਸਰਕਾਰ ਵੱਲੋਂ ਸਖ਼ਤੀ ਨਾਲ ਕਦਮ ਚੁੱਕੇ ਜਾਣਾ ਸਮੇਂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਵਿਆਹਾਂ ਦੇ ਨਾਂ 'ਤੇ ਲੱਖਾਂ ਰੁਪਏ ਹੜੱਪਣ ਉਪਰੰਤ ਵਿਦੇਸ਼ੀ ਲਾੜੇ-ਲਾੜਿਆਂ ਕੈਨੇਡਾ ਜਾ ਕੇ ਪਿੱਛੇ ਟੈਲੀਫੋਨ ਕਰਨਾ ਵੀ ਜ਼ਰੂਰੀ ਨਹੀਂ ਸਮਝਦੇ।

ਲੰਬੀ ਵਿਖੇ ਕਰਵਾਏ ਸਮਾਗਮ 'ਚ ਬੋਲਦਿਆਂ ਰੂਬੀ ਢੱਲਾ ਨੇ ਕਿਹਾ ਕਿ ਅੱਜ ਕੈਨੇਡਾ ਵਿਚ ਪੰਜਾਬੀਆਂ ਦੀ ਵੱਖਰੀ ਪਛਾਣ ਹੈ। ਜਿੱਥੇ ਸਾਡੀ ਮਾਂ ਬੋਲੀ ਪੰਜਾਬੀ ਭਾਸ਼ਾ ਨੂੰ ਕੈਨੇਡਾ ਵਿਚ ਚੌਥਾ ਸਥਾਨ ਹਾਸਲ ਹੈ, ਉਥੇ ਕੈਨੇਡਾ ਦੀ ਸੰਸਦ ਵਿਚ ਪੰਜਾਬੀ ਮੂਲ ਦੇ 10 ਮੈਂਬਰ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਇਕ ਹੋਰ ਪੰਜਾਬ ਵਸਿਆ ਹੋਇਆ ਹੈ ਤੇ ਉਥੇ ਪੰਜਾਬੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰੂਬੀ ਢੱਲਾ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਇਹ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੀ ਧੀ ਭਾਰਤ ਤੋਂ ਬਾਹਰ ਪਹਿਲੀ ਮਹਿਲਾ ਸੰਸਦ ਮੈਂਬਰ ਹੈ ਜਿਸ ਨੂੰ ਤੀਸਰੀ ਵਾਰ ਕੈਨੇਡਾ ਦੀ ਐਮ.ਪੀ. ਬਨਣ ਦਾ ਮਾਣ ਹਾਸਲ ਹੋਇਆ ਹੈ। ਉਨ੍ਹਾਂ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਵੱਲੋਂ ਆਰਥਿਕ ਤੇ ਸਮਾਜਕ ਮਜ਼ਬੂਤੀ ਲਈ ਪੰਜਾਬੀ ਕੌਮ ਦੇ ਬੁਲੰਦ ਹੌਂਸਲਿਆਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਐਨ.ਆਰ.ਆਈਜ਼ ਦੇ ਪੰਜਾਬੀ ਭਾਸ਼ਾ ਪ੍ਰਤੀ ਸਤਿਕਾਰ ਨੂੰ ਸਲਾਹਿਆ।ਇਸੇ ਤਰ੍ਹਾਂ ਮਿੱਸ ਰੂਬੀ ਢਾਲਾ ਤੇ ਯੂ.ਕੇ ਦੇ ਐਮ.ਪੀ ਲਾਰਡ ਦਲਜੀਤ ਰਾਣਾ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਸਮਾਗਮ ਵਿਚ ਵੀ ਸ਼ਿਰਕਤ ਕੀਤੀ।

# ਪੰਜਾਬੀ ਬੋਲੀ ਨੂੰ ਆਪਣਿਆਂ ਤੋਂ ਹੀ ਖ਼ਤਰਾ: ਡਾ. ਜਸਪਾਲ ਸਿੰਘ

**ਧਨਬਾਦ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਹੈ ਕਿ ਪੰਜਾਬੀ ਭਾਸ਼ਾ ਨੂੰ ਜਿਹੜਾ ਥੋੜ੍ਹਾ-ਬਹੁਤਾ ਖ਼ਤਰਾ ਦਰਪੇਸ਼ ਹੈ ਉਹ ਪੰਜਾਬੀ ਘਰਾਂ ਦੇ ਮਾਹੌਲ ਤੋਂ ਹੈ। ਪੰਜਾਬੀ ਆਪਣੇ ਘਰਾਂ 'ਚ ਪੰਜਾਬੀ ਬੋਲਣ ਤੋਂ ਸੰਕੋਚ ਕਰਦੇ ਹਨ ਤੇ ਇਹ ਗੱਲ ਹੀ ਪੰਜਾਬੀ ਭਾਸ਼ਾ ਲਈ ਖਤਰਾ ਬਣ ਰਹੀ ਹੈ।

ਇਥੇ ਪੂਰਬੀ ਭਾਰਤੀ ਪੰਜਾਬੀ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਇਸ ਵੇਲੇ ਦੁਨੀਆਂ ਦੀ ਭਾਸ਼ਾ ਬਣ ਚੁੱਕੀ ਹੈ। ਮਾਂ ਬੋਲੀ ਦੀ ਆਪਣੀ ਅਹਿਮੀਅਤ ਹੁੰਦੀ ਹੈ ਤਾਂ ਇਸ ਦਾ ਕੋਈ ਬਦਲ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਇਹ ਸਿੱਧ ਹੋ ਚੁੱਕਿਆ ਹੈ ਕਿ ਜਿੰਨਾ ਕਿਸੇ ਨੂੰ ਆਪਣੀ ਮਾਂ ਬੋਲੀ ਦਾ ਗਿਆਨ ਹੋਵੇਗਾ ਓਨਾ ਹੀ ਉਹ ਦੂਜੀ ਭਾਸ਼ਾ ਦਾ ਗਿਆਨ ਪ੍ਰਾਪਤ ਕਰ ਸਕੇਗਾ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਪਰਵਾਸੀ ਪੰਜਾਬੀਆਂ ਦੀ ਆਪਣੀ ਜ਼ੁਬਾਨ ਤੇ ਸਭਿਆਚਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਬੀੜਾ ਚੁੱਕਿਆ ਹੈ। ਇਸ ਉਦੇਸ਼ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਧਨਬਾਦ ਦੇ ਸਹਿਯੋਗ ਨਾਲ ਪੂਰਬੀ ਭਾਰਤੀ ਪੰਜਾਬੀ ਕਾਨਫਰੰਸ ਇਥੇ ਕਰਾਈ ਜਾ ਰਹੀ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਹ ਕਾਨਫਰੰਸ ਪੂਰਬੀ ਭਾਰਤ 'ਚ ਵਸਦੇ ਪੰਜਾਬੀਆਂ ਲਈ ਸਾਂਝਾ ਮੰਚ ਮੁਹੱਈਆ ਕਰੇਗੀ ਤੇ ਪੂਰਬੀ ਭਾਰਤ 'ਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਪ੍ਰਤੀ ਨਵੀਂ ਚੇਤਨਾ ਦਾ ਸੰਚਾਰ ਕਰੇਗੀ।

ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਦੇ ਮੀਤ ਪ੍ਰਧਾਨ ਡਾ. ਸੁਤਿੰਦਰ ਸਿੰਘ ਨੂਰ ਨੇ ਕਿਹਾ



ਕਿ ਯੂਨੈਸਕੋ ਦੀ ਰਿਪੋਰਟ ਅਨੁਸਾਰ ਪੰਜਾਬੀ ਦੁਨੀਆਂ ਦੇ 160 ਦੇਸ਼ਾਂ 'ਚ ਬੋਲੀ ਜਾਂਦੀ ਹੈ। ਦੁਨੀਆ 'ਚ 13 ਕਰੋੜ ਲੋਕ ਪੰਜਾਬੀ ਬੋਲਦੇ ਹਨ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਧੀ ਹੈ ਤੇ ਇਹ ਭਾਸ਼ਾ ਖਤਮ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਘਰਾਂ 'ਚ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਪੰਜਾਬੀ 'ਚ ਗੱਲਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਇਸ ਗੱਲ 'ਤੇ ਅਫੋਸਸ ਪ੍ਰਗਟ ਕੀਤਾ ਕਿ ਪੰਜਾਬ 'ਚ ਕਈ ਖਾਲਸਾ ਸਕੂਲਾਂ 'ਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਸਜ਼ਾ ਦਿੱਤੀ ਜਾਂਦੀ ਹੈ। ਉੜੀਸਾ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਗਿੱਲ ਕਾਨਫਰੰਸ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਨੇ ਕਿਹਾ ਕਿ ਜੇਕਰ ਪੰਜਾਬੀ ਪੜ੍ਹ ਨਾ ਸਕੀਏ ਤਾਂ ਬੋਲੀਏ ਜ਼ਰੂਰ। ਪੰਜਾਬੀ ਨੂੰ ਦੁਨੀਆ ਭਰ 'ਚ ਵਸਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ ਤੇ ਇਸ ਦੇ ਨਾਲ ਹੀ ਦੂਜੀਆਂ ਭਾਸ਼ਾਵਾਂ ਦਾ ਵੀ ਸਤਿਕਾਰ ਤੇ ਸਨਮਾਨ ਹੋਣਾ ਚਾਹੀਦਾ ਹੈ। ਇਸ ਕਾਨਫਰੰਸ ਮੌਕੇ ਯੂਨੀਵਰਸਿਟੀ ਵੱਲੋਂ ਸਾਹਿਤਕਾਰ ਮੋਹਨ ਕਾਹਲੋਂ, ਸਰਨ ਸਿੰਘ ਤੇ ਇੰਦਰ ਸਿੰਘ ਨਾਮਧਾਰੀ ਨੂੰ ਸਨਮਾਨਤ ਕੀਤਾ ਗਿਆ। ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਜੋਧ ਸਿੰਘ ਨੇ ਸਟੇਜ ਦੀ ਕਾਰਵਾਈ ਚਲਾਈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪਾਸਾਰ ਦੀ ਪ੍ਰਤੀਬੱਧਤਾ ਤਹਿਤ ਪੰਜਾਬੀ ਯੂਨੀਵਰਸਿਟੀ ਵੱਲੋਂ ਪਹਿਲੀ ਵਾਰ ਝਾਰਖੰਡ ਵਿਖੇ ਪੂਰਬੀ ਭਾਰਤੀ ਪੰਜਾਬੀ ਕਾਨਫਰੰਸ ਕਰਵਾਈ ਗਈ। ਇਸ ਕਾਨਫਰੰਸ ਵਿਚ ਜਿੱਥੇ ਝਾਰਖੰਡ, ਬਿਹਾਰ, ਬੰਗਾਲ, ਅਸਾਮ, ਉੜੀਸਾ ਤੇ ਮੇਘਾਲਿਆ ਰਾਜਾਂ ਦੇ ਢਾਈ ਸੌ ਦੇ ਕਰੀਬ ਡੈਲੀਗੇਟਾਂ ਨੇ ਹਿਸਾ ਲਿਆ ਉੱਥੇ ਹੀ ਵਿਧਾਨ ਸਭਾ ਉੜੀਸਾ ਦੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਗਿੱਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

# ਗਦਰ ਹੈਰੀਟੇਜ ਕਾਨਫਰੰਸ 'ਚ ਪਾਤਰ ਸਣੇ ਛੇ ਵਿਦਵਾਨਾਂ ਦਾ ਸਨਮਾਨ ਹੋਵੇਗਾ

**ਲੁਧਿਆਣਾ:** ਸੈਂਟਰ ਆਫ ਇੰਡੋ ਯੂ ਐਸ ਡਾਇਲਾਗ ਇੰਕ ਵਲੋਂ ਮਈ ਮਹੀਨੇ ਦੇ ਪਹਿਲੇ ਪੰਦਰਵਾੜੇ ਹੋਲਟਵਿਲ ਫਾਰਮ ਸਟਾਕਟਨ (ਕੈਲੀਫੋਰਨੀਆ) ਵਿਚ ਹੋਣ ਵਾਲੀ ਗਦਰ ਹੈਰੀਟੇਜ ਕਾਨਫਰੰਸ ਵਿਚ ਉਘੇ ਲੋਕ ਕਵੀ ਡਾ. ਸੁਰਜੀਤ ਪਾਤਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਆ ਜਾਵੇਗਾ। ਉਨ੍ਹਾਂ ਤੋਂ ਬਿਨਾਂ ਗਦਰ ਲਹਿਰ ਦੇ ਇਤਿਹਾਸ ਨੂੰ ਸਿਲਸਿਲੇਵਾਰ ਰੂਪ ਵਿਚ ਪਿਛਲੇ 50 ਸਾਲਾਂ ਤੋਂ ਸੰਭਾਲਣ ਵਾਲੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਲਾਲਾ ਹਰਦਿਆਲ ਯਾਦਗਾਰੀ ਪੁਰਸਕਾਰ, 'ਕੈਨੇਡਾ ਦੇ ਗਦਰੀ ਬਾਬੇ' ਪੁਸਤਕ ਦੇ ਲੇਖਕ ਸ. ਸੋਹਣ ਸਿੰਘ ਪੂਨੀ (ਵੈਨਕੂਵਰ) ਨੂੰ ਮੌਲਵੀ ਮੁਹੰਮਦ ਬਰਕਤ ਉਲਾ ਖਾਨ ਯਾਦਗਾਰੀ ਪੁਰਸਕਾਰ ਅਤੇ ਗਦਰ ਪਾਰਟੀ ਲਹਿਰ ਦੇ ਸੰਸਥਾਪਕਾਂ ਵਿਚੋਂ ਇਕ ਭਾਈ ਭਗਵਾਨ ਸਿੰਘ ਪ੍ਰੀਤਮ ਦੇ ਦੋਹਤਰੇ ਸ. ਸੁਰਿੰਦਰਪਾਲ ਸਿੰਘ ਸੋਲਨ (ਅਮਰੀਕਾ) ਨੂੰ ਬਾਬਾ ਸੋਹਣ ਸਿੰਘ ਭਕਨਾ ਪੁਰਸਕਾਰ ਨਾਲ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਦੋ ਹੋਰ ਪ੍ਰਬੁਧ ਲੇਖਕਾਂ ਡਾ. ਚਮਨ ਲਾਲ (ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ) ਅਤੇ ਕਾਮਰੇਡ ਸੋਹਣ ਸਿੰਘ ਜੋਸ਼ ਵੱਲੋਂ ਲਿਖੇ ਹਿੰਦੁਸਤਾਨ ਗਦਰ ਪਾਰਟੀ ਦਾ ਇਤਿਹਾਸ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਵਾਲੇ ਪੰਜਾਬੀ ਲੇਖਕ ਡਾ. ਸਾਧੂ ਸਿੰਘ (ਵੈਨਕੂਵਰ) ਨੂੰ ਵਿਸ਼ੇਸ਼ ਸ਼ਲਾਘਾ ਪੁਰਸਕਾਰ ਦਿਤੇ ਜਾਣਗੇ।

ਇਹ ਜਾਣਕਾਰੀ ਸੈਂਟਰ ਫਾਰ ਇੰਡੋ ਯੂ ਐਸ ਡਾਇਲਾਗ ਵੱਲੋਂ ਸਥਾਪਿਤ ਪੁਰਸਕਾਰ ਚੋਣ ਕਮੇਟੀ ਦੇ ਚੇਅਰਮੈਨ ਡਾ. ਆਤਮਜੀਤ ਸਿੰਘ ਨਾਟਕਕਾਰ, ਮੈਂਬਰ ਗੁਰਭਜਨ ਸਿੰਘ ਗਿੱਲ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਸ. ਸਾਹਿਬ ਸਿੰਘ ਥਿੰਦ ਪ੍ਰਧਾਨ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਕੈਨੇਡਾ ਅਤੇ ਇੰਡੋ ਯੂ ਐਸ ਡਾਇਲਾਗ ਦੇ ਸਰਪ੍ਰਸਤ ਸ. ਜਗਦੇਵ ਸਿੰਘ ਜੱਸੋਵਾਲ ਨੇ ਸ਼ੁੱਕਰਵਾਰ ਇਥੇ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਦਿੱਤੀ। ਇਸ ਤੋਂ ਪਹਿਲਾਂ ਪੁਰਸਕਾਰ ਚੋਣ ਕਮੇਟੀ ਦੀ ਇਥੇ ਮੀਟਿੰਗ ਹੋਈ ਸੀ।



*ਸਟਾਕਟਨ ਵਿਚ ਹੋਣ ਵਾਲੀ ਗਦਰ ਹੈਰੀਟੇਜ ਕਾਨਫਰੰਸ ਮੌਕੇ ਸਨਮਾਨਿਤ ਕੀਤੀਆਂ ਜਾਣ ਵਾਲੀਆਂ ਸ਼ਖਸੀਅਤਾਂ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਆਤਮਜੀਤ ਸਿੰਘ। ਨਾਲ ਬੈਠੇ ਹਨ ਸ. ਜਸਦੇਵ ਸਿੰਘ ਜੱਸੋਵਾਲ, ਗੁਰਭਜਨ ਸਿੰਘ ਗਿੱਲ ਅਤੇ ਸਾਹਿਬ ਸਿੰਘ ਥਿੰਦ*

ਜ਼ਿਕਰਯੋਗ ਹੈ ਕਿ ਇੰਡੋ ਯੂ ਐਸ ਡਾਇਲਾਗ ਕੇਂਦਰ ਦੇ ਪ੍ਰਧਾਨ ਸ. ਕੁਲਦੀਪ ਸਿੰਘ ਧਾਲੀਵਾਲ ਹਨ ਜੋ ਪੰਜਾਬ ਵਸਦਿਆਂ ਹਾਸ਼ਮ ਸ਼ਾਹ ਯਾਦਗਾਰੀ ਮੇਲਾ ਆਪਣੇ ਪਿੰਡ ਜਗਦੇਵ ਕਲਾਂ (ਅੰਮ੍ਰਿਤਸਰ) ਵਿਚ ਲਗਾਉਂਦੇ ਸਨ ਅਤੇ ਉਨ੍ਹਾਂ ਦੇ ਸਾਥੀ ਸ. ਸੁਬੇਗ ਸਿੰਘ ਗਿੱਲ ਅਤੇ ਮੁੱਖ ਸਲਾਹਕਾਰ ਸ. ਗੁਲਿੰਦਰ ਸਿੰਘ ਗਿੱਲ ਹਨ। ਇਨ੍ਹਾਂ ਤਿੰਨਾਂ ਆਗੂਆਂ ਨੇ ਇਸ ਕਮੇਟੀ ਦਾ ਗਠਨ ਕੀਤਾ ਸੀ।

ਇਸ ਚਾਰ ਮੈਂਬਰੀ ਕਮੇਟੀ ਨੇ ਹੋਰ ਦੱਸਿਆ ਕਿ ਮਈ ਮਹੀਨੇ ਦੇ ਪਹਿਲੇ ਪੰਦਰਵਾੜੇ ਵਿਚ ਹੋਣ ਵਾਲੀ ਕਾਨਫਰੰਸ ਦਾ ਮਨੋਰਥ 2013 ਵਿਚ ਗਦਰ ਲਹਿਰ ਦੇ 100 ਸਾਲਾ ਸਮਾਗਮਾਂ ਦੀ ਆਧਾਰਭੂਮੀ ਤਿਆਰ ਕਰਨਾ ਹੈ ਅਤੇ ਸਮੁੱਚੇ ਵਿਸ਼ਵ ਨੂੰ ਉਸ ਸਥਾਨ ਦੇ ਦਰਸ਼ਨ ਕਰਵਾਉਣਾ ਵੀ ਹੈ ਜਿਥੇ ਗਦਰੀ ਬਾਬੇ ਜਵਾਲਾ ਸਿੰਘ ਅਤੇ ਬਾਬਾ ਵਸਾਖਾ ਸਿੰਘ ਦਦੇਹਰ ਸਾਹਿਬ ਵਾਲਿਆਂ ਨੇ 100 ਸਾਲ ਪਹਿਲਾਂ ਖੁਦ ਹੱਥੀਂ ਆਲੂਆਂ ਦੀ ਖੇਤੀ ਕਰਕੇ ਗਦਰ ਲਹਿਰ ਦਾ ਆਰਥਿਕ ਪੱਖ ਪੂਰਿਆ ਸੀ। ਇਸੇ ਫਾਰਮ ਵਿਚ ਹੀ ਬ੍ਰਿਟਿਸ਼ ਹਕੂਮਤ ਦਾ ਤਖਤਾ ਪਲਟਣ ਲਈ ਮੁਢਲੀਆਂ ਬੈਠਕਾਂ ਹੁੰਦੀਆਂ ਸਨ। ਵਰਣਨਯੋਗ ਗੱਲ ਇਹ ਹੈ ਕਿ ਪਿਛਲੇ ਸਾਲ ਇਸ ਹੋਲਟਵਿਲ ਫਾਰਮ ਦਾ ਉਘੇ ਪੱਤਰਕਾਰ ਕੁਲਦੀਪ ਨਈਅਰ, ਡਾ. ਗੁਰਦੇਵ ਸਿੰਘ ਖੁਸ਼, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ, ਗੁਰਭਜਨ ਗਿੱਲ, ਚਰਨ ਸਿੰਘ ਜੱਜ, ਗੁਲਿੰਦਰ ਸਿੰਘ ਗਿੱਲ ਅਤੇ ਕੁਲਦੀਪ ਸਿੰਘ ਧਾਲੀਵਾਲ ਨੇ ਦੌਰਾ ਕੀਤਾ ਸੀ ਅਤੇ ਇਥੋਂ ਦੇ ਡਾਕਖਾਨੇ ਵਿਚੋਂ ਪ੍ਰਾਪਤ ਦਸਤਾਵੇਜਾਂ ਵਿਚੋਂ 100 ਸਾਲ ਪੁਰਾਣੇ ਦੇਸ਼ ਭਗਤਾਂ ਦੇ ਆਪਣੇ ਵਤਨ ਨੂੰ ਆਜ਼ਾਦੀ ਸੰਗਰਾਮ ਲਈ ਭੇਜੇ ਮਨੀਆਰਡਰਾਂ ਦਾ ਵੇਰਵਾ ਵੀ ਮਿਲਿਆ ਸੀ। ਡਾ. ਆਤਮਜੀਤ ਸਿੰਘ, ਸਾਹਿਬ ਸਿੰਘ ਥਿੰਦ ਅਤੇ ਗੁਰਭਜਨ ਗਿੱਲ ਨੇ ਦੱਸਿਆ ਕਿ ਹੋਲਟਵਿਲ ਫਾਰਮ ਦੀ ਇਤਿਹਾਸਕ ਮਹੱਤਤਾ ਬਾਰੇ ਡਾ. ਗੁਰਦੇਵ ਸਿੰਘ ਸਿੱਧੂ ਵਿਸ਼ੇਸ਼ ਖੋਜ ਪੱਤਰ ਲਿਖ ਰਹੇ ਹਨ ਜਿਸ ਨੂੰ ਕਾਨਫਰੰਸ ਮੌਕੇ ਰਿਲੀਜ਼ ਕੀਤਾ ਜਾਵੇਗਾ। ਸ. ਜਗਦੇਵ ਸਿੰਘ ਜੱਸੋਵਾਲ ਨੇ ਦੇਸ਼ ਵਿਦੇਸ਼ ਵਿਚ ਵਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕਾਨਫਰੰਸ ਵਿਚ ਵਧ ਚੜ੍ਹ ਕੇ ਭਾਗ ਲੈਣ ਤਾਂ ਜੋ ਇਤਿਹਾਸ ਦੇ ਵਡਮੁੱਲੇ ਵਰਕਿਆਂ ਤੋਂ ਸੇਧ ਹਾਸਿਲ ਕੀਤੀ ਜਾ ਸਕੇ।


## Matrimonials

**ਵਰ ਦੀ ਲੋੜ**

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

**ਕੰਨਿਆ ਦੀ ਲੋੜ**

Gursikh girl for Jatt Sikh Pannu handsome boy, 27, 6'1", BA+3yrs comp. course, father retd. from army & brother working in army. Divorcee can also be considered. No demand. Call: 408-667-8519

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com


# ਪੰਜਾਬ ਦੇ ਲੀਡਰਾਂ ਦੀ ਸ਼ਾਮਤ:ਕੇਂਦਰ ਵੱਲੋਂ ਟਾਟਾ ਕੈਮਲੌਟ ਪ੍ਰਾਜੈਕਟ ਦੀ ਜਾਂਚ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਉਨ੍ਹਾਂ 102 ਆਗੂਆਂ ਦੀ ਸ਼ਾਮਤ ਆ ਸਕਦੀ ਹੈ ਜਿਨ੍ਹਾਂ ਨੇ ਕੈਮਲੌਟ ਦੇ ਫਲੈਟ ਹਾਸਲ ਕੀਤੇ ਸਨ ਕਿਉਂਕਿ ਕੇਂਦਰੀ ਵਾਤਾਵਰਣ ਤੇ ਜੰਗਲਾਤ ਮੰਤਰਾਲੇ ਨੇ ਚੰਡੀਗੜ੍ਹ ਦੀ ਸ਼ਾਨ ਸਮਝੀ ਜਾਂਦੀ ਸੁਖਨਾ ਝੀਲ ਵਾਲੇ ਖੇਤਰ ਵਿਚ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ ਵੱਲੋਂ ਬਹੁਮੰਜ਼ਿਲਾ ਕੈਮਲੌਟ ਪ੍ਰਾਜੈਕਟ ਉਸਾਰਨ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਇਨ੍ਹਾਂ 102 ਸਿਆਸਤਦਾਨਾਂ ਲਈ ਨਿਯਮਾਂ ਦੀ ਪ੍ਰਵਾਹ ਨਾ ਕਰਦਿਆਂ ਇਸ ਪ੍ਰਾਜੈਕਟ ਨੂੰ ਪ੍ਰਵਾਨਗੀ ਦਿੱਤੀ ਸੀ ਜਿਸ ਦਾ ਖੁਲਾਸਾ ਹੋਣ ਤੋਂ ਬਾਅਦ ਇਹ ਆਗੂ ਕਸੂਤੀ ਹਾਲਤ 'ਚ ਫਸ ਗਏ ਹਨ। ਇਸ ਬੇਨੇਮੀ ਦਾ ਗੰਭੀਰ ਨੋਟਿਸ ਲੈਂਦਿਆਂ ਕੇਂਦਰੀ ਮੰਤਰਾਲੇ ਨੇ ਉਸ ਸਥਾਨ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ ਜਿੱਥੇ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ ਵੱਲੋਂ 18 ਮੰਜ਼ਿਲਾ (ਕਈ ਟਾਵਰ 35 ਮੰਜ਼ਿਲੇ) ਇਮਾਰਤ ਉਸਾਰਨ ਦੀ ਤਜਵੀਜ਼ ਹੈ। ਜਾਂਚ ਦੌਰਾਨ ਇਹ ਵੇਖਿਆ ਜਾਵੇਗਾ ਕਿ ਉਪਰੋਕਤ ਟਾਵਰਾਂ ਦੀ ਉਸਾਰੀ ਹੋਣ ਨਾਲ ਇੱਥੋਂ ਦੇ ਵਾਤਾਵਰਣ ਦੇ ਕੁਦਰਤੀ ਦ੍ਰਿਸ਼ਾਂ ਉਪਰ ਕਿੰਨਾ ਕੁ ਮਾੜਾ ਪ੍ਰਭਾਵ ਪੈਂਦਾ ਹੈ। ਇਹ ਪ੍ਰਾਜੈਕਟ ਸੁਖਨਾ ਝੀਲ ਖੇਤਰ ਵਿਚ ਪੈਂਦਾ ਹੈ। ਇਸ ਖੇਤਰ ਨੂੰ ਸੁਖਨਾ ਜੰਗਲੀ ਜੀਵ ਰੱਖ ਹੋਣ ਕਾਰਨ ਬਹੁਤ ਸੰਵੇਦਨਸ਼ੀਲ ਸਮਝਿਆ ਜਾਂਦਾ ਹੈ।

ਕੇਂਦਰੀ ਵਾਤਾਵਰਣ ਮੰਤਰੀ ਜੈਰਾਮ ਰਮੇਸ਼ ਨੇ ਇਹ ਪਤਾ ਲਾਉਣ ਲਈ ਕਿਹਾ ਹੈ ਕਿ ਕੀ ਉਪਰੋਕਤ ਸਥਾਨ 'ਤੇ ਪ੍ਰਾਜੈਕਟ ਦਾ ਨਿਰਮਾਣ ਸ਼ੁਰੂ ਹੋ ਗਿਆ ਹੈ? ਇਹ ਵੀ ਪਤਾ ਲਾਇਆ ਜਾਵੇਗਾ ਕਿ ਇਹ ਪ੍ਰਾਜੈਕਟ ਜੰਗਲੀ ਜੀਵ ਰੱਖ ਤੋਂ ਕਿੰਨੀ ਦੂਰ ਹੈ। ਇਸ ਬਾਰੇ ਜਾਂਚ ਰਿਪੋਰਟ ਅਨੁਸਾਰ ਛੇ ਸਰਕਾਰੀ ਅਧਿਕਾਰੀਆਂ ਨੇ 10 ਜਨਵਰੀ ਨੂੰ ਪ੍ਰਾਜੈਕਟ ਸਥਾਨ 'ਤੇ ਜਾ ਕੇ ਇਹ ਜਾਂਚ ਕੀਤੀ ਕਿ ਸੁਖਨਾ ਜੰਗਲੀ ਜੀਵ ਰੱਖ ਤੋਂ ਇਹ ਕਿੰਨੀ ਦੂਰੀ 'ਤੇ ਹੈ। ਟੀਮ ਨਾਲ ਟਾਟਾ ਹਾਊਸਿੰਗ ਡਿਵੈਲਪਮੈਂਟ ਕੰਪਨੀ ਦੇ ਜਨਰਲ ਮੈਨੇਜਰ ਵੀ ਸਨ। ਰਿਪੋਰਟ ਅਨੁਸਾਰ ਇਹ ਦੂਰੀ ਉਤਰੀ ਪਾਸੇ ਤੋਂ ਸਿਰਫ਼ 123 ਮੀਟਰ ਤੇ ਪੂਰਬੀ ਪਾਸੇ ਤੋਂ 183 ਮੀਟਰ ਬਣਦੀ ਹੈ।

ਉਧਰ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀਆਂ, ਵਾਤਾਵਰਣ ਤੇ ਜੰਗਲਾਤ ਮੰਤਰਾਲੇ ਦੇ ਉਤਰੀ ਖੇਤਰ ਦੇ ਦਫ਼ਤਰ, ਪੰਜਾਬ ਪ੍ਰਦੂਸ਼ਣ ਬੋਰਡ ਤੇ ਟੀ.ਐਚ.ਡੀ.ਸੀ. ਨੇ ਮਿਲ ਕੇ ਇਸ ਮਾਮਲੇ 'ਤੇ ਰਿਪੋਰਟ ਮੰਤਰਾਲੇ ਨੂੰ ਭੇਜ ਦਿੱਤੀ ਹੈ ਤੇ ਇਸ ਬਾਰੇ ਚੰਡੀਗੜ੍ਹ ਦੇ ਵਾਤਾਵਰਣ ਸਕੱਤਰ ਤੋਂ ਪ੍ਰਵਾਨਗੀ ਨਹੀਂ ਲਈ ਗਈ। ਹੁਣ ਪ੍ਰੋਟੋਕੋਲ ਦੀ ਹੋਈ ਇਸ ਉਲੰਘਣਾ ਨੂੰ ਢਕਣ ਲਈ ਇਸ ਜਾਂਚ ਰਿਪੋਰਟ ਬਾਰੇ ਵੱਖਰਾ ਨੋਟ ਲਿਖ ਕੇ ਭੇਜਿਆ ਜਾ ਰਿਹਾ ਹੈ। ਯੂ.ਟੀ. ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਇਹ ਰਿਪੋਰਟ ਛੇ ਸਰਕਾਰੀ ਅਧਿਕਾਰੀਆਂ ਤੇ ਟੀ.ਐਚ.ਡੀ.ਸੀ. ਦੇ ਜਨਰਲ ਮੈਨੇਜਰ ਨੇ ਮਿਲ ਕੇ ਤਿਆਰ ਕੀਤੀ ਹੈ।


**Desi Cuts and Color Plus**

For Men, Women & Children



Grand Opening

Ph:510-429-0786



Mandeep
510-200-4415

Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 ( Behind Tacobell )



ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ www.ihues.com ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ



FARMERS INSURANCE GROUP
Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 22 ਜਨਵਰੀ 2011

## ਮਾਘੀ ਮੇਲੇ ਦਾ ਸਿਆਸੀ ਸੱਚ

ਸਿਆਸੀ ਨੁਕਤਾ-ਨਿਗ੍ਹਾ ਤੋਂ ਐਤਕੀਂ ਮਾਘੀ ਦਾ ਮੇਲਾ ਪਹਿਲੇ ਮੇਲਿਆਂ ਨਾਲੋਂ ਉਕਾ ਹੀ ਵੱਖਰਾ ਤੇ ਵਿਲੱਖਣ ਰਿਹਾ ਅਤੇ ਵਿਉਂਤਬੰਦੀ ਦੇ ਪੱਧਰ 'ਤੇ ਇਸ ਵਿਚ ਸਿਫ਼ਤੀ ਤਬਦੀਲੀ ਵੀ ਸਾਫ਼ ਨਜ਼ਰ ਆਈ। ਐਤਕੀਂ ਇਸ ਮੇਲੇ ਦੀ ਸਿਆਸੀ ਅਹਿਮੀਅਤ ਤਾਂ ਇਸ ਗੱਲ ਤੋਂ ਹੀ ਸਪਸ਼ਟ ਹੋ ਗਈ ਸੀ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਮਰੀਕਾ ਵਿਚ ਬੀਮਾਰ ਪਈ ਆਪਣੀ ਪਤਨੀ ਸੁਰਿੰਦਰ ਕੌਰ ਕੋਲ ਜਾਣ ਦਾ ਪਹਿਲਾਂ ਤੈਅ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਸੀ। ਪਹਿਲੇ ਮੇਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਹੀ ਮੁੱਖ ਧਿਰ ਵਜੋਂ ਸਿਆਸੀ ਅਖਾੜਾ ਲਾਉਂਦੀਆਂ ਸਨ। ਇਸ ਵਾਰ ਇਨ੍ਹਾਂ ਤੋਂ ਇਲਾਵਾ ਅਕਾਲੀ ਦਲ ਦਾ ਬਾਗ਼ੀ ਆਗੂ ਮਨਪ੍ਰੀਤ ਸਿੰਘ ਬਾਦਲ ਜਿਸ ਤਰ੍ਹਾਂ ਧਿਰ ਬਣ ਕੇ ਉੱਭਰਿਆ ਹੈ, ਉਸ ਤੋਂ ਸਿਆਸੀ ਮਾਹਿਰ ਹੈਰਾਨ ਅਤੇ ਮਨਪ੍ਰੀਤ ਦੇ ਸਿਆਸੀ ਸ਼ਰੀਕ ਪ੍ਰੇਸ਼ਾਨ ਹਨ। ਇਕ ਲਿਹਾਜ ਨਾਲ ਇਸ ਮੇਲੇ ਨੇ ਆਉਣ ਵਾਲੇ ਮਹੀਨਿਆਂ ਦੌਰਾਨ ਪੰਜਾਬ ਦੀ ਸਿਆਸਤ ਦਾ ਰੁੱਕ ਬੰਨ੍ਹ ਦਿੱਤਾ ਹੈ ਅਤੇ ਮੋਟੇ ਰੂਪ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਪਿੜ ਜਿਹਾ ਵੀ ਬਣਾ ਦਿੱਤਾ ਹੈ। ਇਸ ਪਿੜ ਵਿਚ ਮੁੱਖ ਰੂਪ ਵਿਚ ਨਿਤਰਨ ਵਾਲੇ ਖਿਡਾਰੀਆਂ ਦੀ ਨਿਸ਼ਾਨਦੇਹੀ ਵੀ ਤਕਰੀਬਨ ਹੋ ਹੀ ਗਈ ਹੈ।

ਇਸ ਮੇਲੇ ਦਾ ਇਕ ਸੁਨੇਹਾ ਇਹ ਵੀ ਰਿਹਾ ਕਿ ਪੰਜਾਬ ਦੇ ਲੋਕ ਸੂਬੇ ਵਿਚ ਵੱਡੀ ਪੱਧਰ 'ਤੇ ਤਬਦੀਲੀ ਚਾਹੁੰਦੇ ਹਨ। ਇਹ ਕਾਂਗਰਸ ਅਤੇ ਅਕਾਲੀ ਦਲ ਦੀ ਡੰਗ ਟਪਾਊ ਸਿਆਸਤ ਤੋਂ ਅੱਕੇ ਹੋਏ ਹਨ। ਇਹ ਗੱਲ ਉਕਾ ਹੀ ਵੱਖਰੀ ਹੈ ਕਿ ਇਨ੍ਹਾਂ ਪਾਰਟੀਆਂ ਦੇ ਲੀਡਰਾਂ ਦੀਆਂ ਪੰਜੇ ਉਂਗਲਾਂ ਸਦਾ ਘਿਓ ਵਿਚ ਹੀ ਰਹੀਆਂ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਟੇਜ ਤੋਂ ਆਪਣੇ ਬਾਪੂ ਬਾਰੇ ਟਿੱਪਣੀਆਂ ਕਰਕੇ ਆਪਣੀ ਸਿਆਸੀ ਔਕਾਤ ਦਿਖਾ ਦਿੱਤੀ ਹੈ ਅਤੇ ਦੱਸ ਦਿੱਤਾ ਹੈ ਕਿ ਹੁਣ ਤੱਕ ਉਸ ਦੀ ਗੱਡੀ ਸਿਰਫ਼ ਤੇ ਸਿਰਫ਼, ਬਾਪੂ ਕਰਕੇ ਹੀ ਚੱਲ ਰਹੀ ਹੈ। ਸਿਆਸੀ ਪਿੜ ਵਿਚ ਦਬੰਗ ਵਿਚਰਨਾ ਉਸ ਦੇ ਵੱਸ ਵਿਚ ਨਹੀਂ। ਸਿਆਸੀ ਮਾਹਿਰ ਤਾਂ ਪਹਿਲਾਂ ਹੀ ਉਹਦੇ ਨਾਲੋਂ ਵੱਧ ਨੰਬਰ ਉਸ ਦੀ ਲੋਕ ਸਭਾ ਮੈਂਬਰ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਦੇ ਚੁੱਕੇ ਹਨ। ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਪਿੜ ਤੋਂ ਲਾਂਭੇ ਹੁੰਦਿਆਂ ਹੀ ਦਲ ਦੀ ਸੀਨੀਅਰ ਲੀਡਰਸ਼ਿਪ ਅਤੇ ਦਲ ਦੀ ਮੁੱਖ ਸਿਆਸੀ ਭਾਈਵਾਲ ਭਾਜਪਾ ਨੇ ਸੁਖਬੀਰ ਬਾਦਲ ਨਾਲ ਕਿਸ ਤਰ੍ਹਾਂ ਵਰਤਣਾ ਹੈ, ਇਹ ਗੱਲ ਹੁਣ ਕਿਸੇ ਤੋਂ ਗੁਝੀ ਨਹੀਂ ਹੈ। ਰਹੀ ਗੱਲ ਕਾਂਗਰਸ ਦੀ, ਚਿਰਾਂ ਤੋਂ ਪੰਜਾਬ ਦੀ ਕਾਂਗਰਸੀ ਲੀਡਰਸ਼ਿਪ ਇਕਸਾਰ ਚੱਲਣ ਵਿਚ ਨਾਕਾਮ ਰਹੀ ਹੈ। ਇੱਦਾਂ ਦੇ ਪਾੜੇ ਦਾ ਫਾਇਦਾ ਵਿਰੋਧੀਆਂ ਨੂੰ ਹੀ ਮਿਲਦਾ ਹੁੰਦਾ ਹੈ।

ਮਨਪ੍ਰੀਤ ਸਿੰਘ ਬਾਦਲ ਪਹਿਲੇ ਅਕਾਲੀ ਬਾਗ਼ੀਆਂ ਨਾਲੋਂ ਇਕ ਗੱਲੋਂ ਵੱਖਰਾ ਸਾਬਤ ਹੋਇਆ ਹੈ। ਉਸ ਨੇ ਬਗ਼ਾਵਤ ਦੀ ਸੁਰ ਬਰਕਰਾਰ ਰੱਖੀ ਹੈ। ਇਸ ਦੇ ਨਾਲ ਹੀ ਜਿਸ ਜ਼ਬਤ ਅਤੇ ਢੰਗ ਨਾਲ ਉਸ ਨੇ ਮੁਹਿੰਮ ਚਲਾਈ ਹੈ, ਉਸ ਨੇ ਹੀ ਸਿਆਸੀ ਮਾਹਿਰਾਂ ਦੀਆਂ ਗਿਣਤੀਆਂ-ਮਿਣਤੀਆਂ ਫ਼ੇਲ੍ਹ ਕਰ ਦਿੱਤੀਆਂ ਹਨ। ਪਹਿਲੀ ਸੱਟੇ ਹੀ ਉਸ ਦੇ ਬਾਪੂ ਗੁਰਦਾਸ ਸਿੰਘ ਬਾਦਲ ਦਾ ਉਸ ਦੇ ਹੱਕ ਵਿਚ ਨਿੱਤਰ ਕੇ ਖਲੋ ਜਾਣਾ ਅਤੇ ਆਪਣੇ ਸਤਿਕਾਰਯੋਗ ਵੱਡੇ ਭਰਾ ਪ੍ਰਕਾਸ਼ ਸਿੰਘ ਬਾਦਲ ਦੀ ਖ਼ਬਰ ਤੱਕ ਨਾ ਲੈਣ ਦੀਆਂ ਘਟਨਾਵਾਂ ਨੇ ਮਨਪ੍ਰੀਤ ਦੀ ਮੁਹਿੰਮ ਦਾ ਮੂੰਹ-ਮੱਥਾ ਬਣਾ ਦਿੱਤਾ। ਇਸ ਮੁਹਿੰਮ ਨੂੰ ਮਿਲੀ ਹਮਾਇਤ ਨੂੰ ਉਹ ਚੋਣਾਂ ਦੌਰਾਨ ਵੋਟਾਂ ਵਿਚ ਬਦਲਣ ਵਿਚ ਕਿੰਨਾ ਕੁ ਸਫ਼ਲ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਅਜੇ ਤੱਕ ਉਹ ਪੰਜਾਬ ਬਾਰੇ ਆਪਣਾ ਏਜੰਡਾ ਲੋਕਾਂ ਅੱਗੇ ਰੱਖਣ ਵਿਚ ਨਾਕਾਮ ਹੀ ਰਿਹਾ ਹੈ। ਹਰ ਸਟੇਜ ਤੋਂ ਉਹ ਸ਼ਹੀਦ ਭਗਤ ਸਿੰਘ ਦਾ ਵਾਰਸ ਹੋਣ ਦੇ ਦਾਅਵੇ ਕਰਦਾ ਹੈ। ਇਸ ਨੁਕਤਾ-ਨਿਗ੍ਹਾ ਤੋਂ ਜੇ ਉਸ ਦੇ ਪਿਛੋਕੜ ਉਤੇ ਨਜ਼ਰ ਮਾਰੀਏ ਤਾਂ ਗੱਲ ਕਿਸੇ ਪਾਸੇ ਵੀ ਤੁਰਦੀ ਨਹੀਂ ਦਿਸਦੀ। ਬਤੌਰ ਵਿੱਤ ਮੰਤਰੀ ਉਸ ਨੇ ਸੂਬੇ ਲਈ 4 ਬਜਟ ਪੇਸ਼ ਕੀਤੇ ਹਨ। ਇਨ੍ਹਾਂ ਬਜਟਾਂ ਉਪਰ ਜੇ ਤਰਦੀ-ਤਰਦੀ ਨਜ਼ਰ ਵੀ ਮਾਰੀਏ ਤਾਂ ਮਨਪ੍ਰੀਤ ਦਾ ਪੰਜਾਬ ਦੇ ਭਲੇ ਲਈ ਏਜੰਡਾ ਕਿਧਰੇ ਨਜ਼ਰੀ ਨਹੀਂ ਪੈਂਦਾ। ਚਾਰ ਸਾਲ ਉਹ ਆਪਣੇ ਹਲਕੇ ਵਿਚੋਂ ਵੀ ਨਹੀਂ ਸੀ ਨਿਕਲਿਆ। ਉਸ ਦੇ ਸਬਸਿਡੀਆਂ ਵਾਲੇ ਨੁਕਤੇ ਨੂੰ ਜੇਕਰ ਰਤਾ ਕੁ ਛਿਲ-ਤਰਾਸ਼ ਕੇ ਦੇਖਿਆ ਜਾਵੇ ਤਾਂ ਇਸ ਵਿਚੋਂ ਕੇਂਦਰ/ਕਾਂਗਰਸ ਸਰਕਾਰ ਦੀ ਉਹ ਮਾਰੂ ਸਿਆਸਤ ਪ੍ਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਦਾ ਖਾਮਿਆਜਾ ਪੰਜਾਬ ਦੇ ਆਮ ਲੋਕਾਂ ਨੂੰ ਬੇਵਜ੍ਹਾ ਭੁਗਤਣਾ ਪੈ ਜਾਂਦਾ ਹੈ। ਕੇਂਦਰ/ਕਾਂਗਰਸ, ਖਾਸ ਕਰਕੇ ਪੰਜਾਬ ਵਿਚ ਸਦਾ ਅਜਿਹੇ ਨੇਤਾ ਦੀ ਭਾਲ ਵਿਚ ਰਹੀ ਹੈ ਜਿਹੜਾ ਟਿੰਡ ਵਿਚ ਕਾਨਾ ਪਾਈ ਰੱਖੇ ਅਤੇ ਇਸ ਦਾ ਫਾਇਦਾ ਕਿਸੇ ਨਾ ਕਿਸੇ ਸੂਰਤ ਸੱਤਾਧਾਰੀ ਕਾਂਗਰਸ ਨੂੰ ਮਿਲਦਾ ਰਹੇ। ਦੂਜੀ ਗੱਲ, ਸਬਸਿਡੀਆਂ ਬਾਰੇ ਮਨਪ੍ਰੀਤ ਦੀ ਉਹੀ ਪਹੁੰਚ ਹੈ ਜੋ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਹੈ। ਜੱਗ ਜਾਣਦਾ ਹੈ ਕਿ ਇਨ੍ਹਾਂ ਸਭ ਮਾਮਲਿਆਂ 'ਤੇ ਡਾ. ਮਨਮੋਹਨ ਸਿੰਘ ਕਿਸ ਕਦਰ ਨਾਕਾਮ ਅਤੇ ਨਾਲਾਇਕ ਸਾਬਤ ਹੋਏ ਹਨ। ਉਨ੍ਹਾਂ ਦੀ ਗਿਣਤੀ ਅੱਜਕੱਲ੍ਹ ਸੰਸਾਰ ਦੇ ਅਰਥਸ਼ਾਸਤਰੀਆਂ ਵਿਚ ਹੁੰਦੀ ਹੈ; ਉਨ੍ਹਾਂ ਦੀ ਈਮਾਨਦਾਰੀ ਦੇ ਕਿੱਸੇ ਵੀ ਬੜੇ ਮਸ਼ਹੂਰ ਹਨ ਪਰ ਮਹਿੰਗਾਈ ਦਾ ਮੁੱਖ ਕਾਰਨ ਬਣ ਰਿਹਾ ਸ਼ਰਦ ਪਵਾਰ ਉਨ੍ਹਾਂ ਦੀ ਵਜ਼ਾਰਤ ਵਿਚ ਹੈ ਅਤੇ ਸ਼ਰਦ ਪਵਾਰ ਬਾਰੇ ਡਾ. ਮਨਮੋਹਨ ਸਿੰਘ ਨੇ ਜ਼ੁਬਾਨ ਉਕਾ ਹੀ ਨਹੀਂ ਖੋਲ੍ਹੀ। ਇਸ ਸੂਰਤ ਵਿਚ ਮਨਪ੍ਰੀਤ ਸਿੰਘ ਬਾਦਲ ਪੰਜਾਬ ਦੀ ਬੇੜੀ ਬੰਨ੍ਹੇ ਲਾਉਣ ਵਿਚ ਕਿੰਨਾ ਕੁ ਕਾਮਯਾਬ ਹੋ ਸਕਦਾ ਹੈ, ਸਾਫ਼ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਦਰਅਸਲ, ਕਿਸੇ ਨੇ ਅਜੇ ਤੱਕ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ। ਇਨ੍ਹਾਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕੀਤੇ ਬਗ਼ੈਰ ਤਰਜੀਹਾਂ ਨਹੀਂ ਮਿਥੀਆਂ ਜਾ ਸਕਦੀਆਂ ਅਤੇ ਤਰਜੀਹਾਂ ਮਿਥੇ ਬਿਨਾ ਪੰਜਾਬ ਦਾ ਬੇੜਾ ਬੰਨ੍ਹੇ ਨਹੀਂ ਲੱਗਣਾ। ਇਸ ਵੇਲੇ ਪੰਜਾਬ ਦੀ ਬਦਕਿਸਮਤੀ ਹੀ ਇਹ ਹੈ ਕਿ ਜਿਹੜੇ ਮੁੱਦੇ ਲੋਕਾਂ ਅਤੇ ਪ੍ਰਸ਼ਾਸਨ ਉਤੇ ਅਸਰਅੰਦਾਜ਼ ਹੋ ਰਹੇ ਹਨ, ਉਨ੍ਹਾਂ ਬਾਰੇ ਤਾਂ ਕੋਈ ਗੱਲ ਹੀ ਨਹੀਂ ਤੁਰ ਰਹੀ। ਸਾਰਿਆਂ ਨੂੰ ਆਪੋ-ਆਪਣੀ ਸਿਆਸਤ ਸਿੱਧੀ ਰੱਖਣ ਦਾ ਫ਼ਿਕਰ ਲੱਗਿਆ ਹੋਇਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਮਾਘੀ ਮੇਲਾ ਤੇ ਮਨਪ੍ਰੀਤ !**

ਟੁੱਟੀ-ਗੰਢੀ ਦੇ ਮੇਲੇ 'ਤੇ 'ਕੱਠ ਕਰਕੇ, ਆਪੋ ਆਪਣਾ ਤਾਣ ਦਿਖਲਾਇ ਦਿੱਤਾ।<br>
ਕੈਪਟਨ ਸਾਬ੍ਹ ਵੰਗਾਰਿਆ ਬਾਦਲਾਂ ਨੂੰ, ਪਹਿਲੋਂ ਵਾਲਾ ਹੀ ਤੀਰ ਚਲਾਇ ਦਿੱਤਾ।<br>
ਦੋਸ਼ ਕੇਂਦਰ ਨੂੰ ਦੇਣ ਦਾ 'ਕਾਲੀਆਂ ਨੇ, ਘਸਿਆ ਪਿਟਿਆ ਹੀ ਰਾਗ ਸੁਣਾਇ ਦਿੱਤਾ।<br>
ਹਾਂਡੀ ਕਾਠ ਦੀ ਚਾੜ੍ਹਨ ਨੂੰ ਪਏ ਕਾਹਲੇ, ਪਰ ਪੰਜਾਬੀਆਂ ਰੋਸ ਜਤਾਇ ਦਿੱਤਾ।<br>
ਮੂੰਹ ਮੋੜ ਕੇ ਚਿੱਟਿਆਂ-ਨੀਲਿਆਂ ਤੋਂ, ਪਰਜਾ ਰੋਹ ਵਿਚ ਆਈ ਹੁਣ ਤੱਤੜੀ ਜੀ।<br>
ਮਾਘੀ ਮੌਕੇ ਮਨਪ੍ਰੀਤ ਦਾ ਦੇਖ 'ਜਲਵਾ', ਹੋ ਗਏ ਦੰਗ 'ਹੱਥ-ਪੰਜਾ' ਤੇ 'ਤੱਕੜੀ' ਜੀ!

# ਪੰਜਾਬ 'ਚ ਹਕੀਕੀ ਜਮਹੂਰੀ ਬਦਲ ਦੀ ਤਲਾਸ਼

**ਕਰਮ ਬਰਸਟ**

ਪੰਜਾਬ ਦਾ ਰਾਜਨੀਤਕ ਮਾਹੌਲ ਬੜੀ ਤੇਜ਼ੀ ਨਾਲ ਬਦਲ ਵੀ ਰਿਹਾ ਹੈ ਅਤੇ ਇਕ ਵਾਰ ਫੇਰ ਗਰਮ ਵੀ ਹੋ ਰਿਹਾ ਹੈ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਆਮ ਚੋਣਾਂ ਤੋਂ ਕਰੀਬ ਡੇਢ ਸਾਲ ਪਹਿਲਾਂ ਹੀ ਸਿਆਸੀ ਪਿੜ ਗਰਮਾਹਟ ਫੜ ਰਿਹਾ ਹੈ। ਸਾਬਕਾ ਵਿਤ ਮੰਤਰੀ ਦੀ 'ਜਾਗੋ ਪੰਜਾਬ ਯਾਤਰਾ' ਨੇ ਇਕ ਵਾਰ ਤਾਂ ਉਸਦੇ ਪਰਿਵਾਰਕ/ਰਾਜਸੀ ਕੁਨਬੇ ਵਿਚ ਖਲਬਲੀ ਮਚਾ ਦਿੱਤੀ ਹੈ। ਇਹ ਵੱਖਰਾ ਸਵਾਲ ਹੈ ਕਿ ਉਹ ਕਦੋਂ ਨਵੀਂ ਪਾਰਟੀ ਦਾ ਐਲਾਨ ਕਰਦੇ ਹਨ ਅਤੇ ਇਹ ਪਾਰਟੀ ਸ਼੍ਰੋਮਣੀ ਕਮੇਟੀ ਵਰਗੀ ਤਾਕਤਵਰ ਸੰਸਥਾ 'ਤੇ ਕਾਬਜ਼ ਰਵਾਇਤੀ ਅਕਾਲੀ ਧਿਰ ਨੂੰ ਖੋਰਾ ਲਗਾ ਵੀ ਸਕੇਗੀ ਕਿ ਨਹੀਂ। ਦੂਜਾ, ਲੰਬੇ ਸਮੇਂ ਦੀ ਜੱਕੋ ਤਕੀ ਤੋਂ ਬਾਅਦ ਕਾਂਗਰਸ ਦੀ ਹਾਈ ਕਮਾਨ ਨੇ ਪੰਜਾਬ ਦੀ ਵਾਗਡੋਰ ਇਕ ਵਾਰ ਫੇਰ ਕੈਪਟਨ ਅਮਰਿੰਦਰ ਸਿੰਘ ਵਰਗੇ ਹੰਢੇ ਵਰਤੇ ਰਾਜ ਨੇਤਾ ਨੂੰ ਸੌਂਪ ਕੇ, ਪਿਛਲੇ ਚਾਰ ਸਾਲਾਂ ਤੋਂ ਨਿੰਸਲ ਹੋਈ ਬੈਠੀ ਪੰਜਾਬ ਕਾਂਗਰਸ ਵਿਚ ਨਵੀਂ ਰੂਹ ਭਰ ਦਿੱਤੀ ਹੈ।

ਇਕ ਸਮੇਂ ਖ਼ੁਦ ਭ੍ਰਿਸ਼ਟਾਚਾਰ ਦੇ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਬਾਦਲ ਅਤੇ ਉਸ ਦੇ ਜੋਟੀਦਾਰਾਂ ਨੂੰ ਬੇਸ਼ਕ ਹੇਠਲੀ ਅਦਾਲਤ ਨੇ ਸਾਫ਼ ਬਰੀ ਕਰ ਦਿੱਤਾ ਹੈ ਅਤੇ ਬਾਦਲ ਵਰਗੇ ਘਾਗ ਸਿਆਸਤਦਾਨ ਨੇ ਦੂਰ ਦੀ ਕੌਡੀ ਖੇਡਦਿਆਂ, ਅਮਰਿੰਦਰ ਸਿੰਘ ਵਿਰੁਧ ਦਾਇਰ ਕੀਤੇ ਮਾਨਹਾਨੀ ਦੇ ਕੇਸਾਂ ਨੂੰ ਵੀ ਵਾਪਸ ਲੈ ਲਿਆ ਹੈ। ਕੋਈ ਇਸ ਨੂੰ ਦੋ ਪਰਿਵਾਰਾਂ ਵਿਚਕਾਰ ਹੋਈ ਗੰਢਤੁੱਪ ਵੀ ਆਖ ਸਕਦਾ ਹੈ, ਲੇਕਿਨ ਇਹ ਬਜ਼ੁਰਗ ਬਾਦਲ ਵੱਲੋਂ ਛੱਡਿਆ ਸਿਆਸੀ ਬਾਣ ਹੈ ਜਿਸ ਦਾ ਲਾਭ ਅੰਤ ਨੂੰ ਅਤੇ ਮੋੜਵੇਂ ਰੂਪ ਵਿਚ ਛੋਟੇ ਬਾਦਲ ਨੂੰ ਹੀ ਹੋਵੇਗਾ। ਵੈਸੇ ਪੰਜਾਬ ਦੇ ਪ੍ਰਸ਼ਾਸਨ ਅਤੇ ਰਾਜਨੀਤੀ ਵਿਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦੇਣ ਦੇ ਨਾਅਰੇ ਦੀ ਨੈਤਿਕ ਵੁੱਕਤ ਕਦੋਂ ਦੀ ਖ਼ਤਮ ਹੋ ਚੁੱਕੀ ਹੈ। ਜਿਵੇਂ ਬਾਦਲ ਪਰਿਵਾਰ ਬਰੀ ਹੋ ਗਿਆ ਹੈ, ਉਵੇਂ ਹੀ ਸਮਾਂ ਆਉਣ 'ਤੇ ਕੈਪਟਨ ਪਰਿਵਾਰ ਵੀ ਨਿਰਦੋਸ਼ ਸਾਬਤ ਹੋਣ ਲਈ ਬੱਝਿਆ ਹੋਇਆ ਹੈ। ਭਾਰਤ ਸਮੇਤ ਪੰਜਾਬ ਦੀ ਸਿਆਸਤ ਵਿਚ "ਚੋਰ ਚੋਰ ਮਸੇਰੇ ਭਾਈ" ਹਰ ਕਿਸੇ ਨੂੰ ਪ੍ਰਵਾਨ ਹੋ ਚੁੱਕਿਆ ਮੁਹਾਵਰਾ ਹੈ। ਰੌਲਾ ਸਿਰਫ਼ ਉਦੋਂ ਹੀ ਪੈਂਦਾ ਹੈ, ਜਦੋਂ ਕੋਈ ਵਿਸ਼ੇਸ਼ ਧਿਰ "ਈਮਾਨਦਾਰ ਚੋਰ" ਵਾਲੇ ਫ਼ਰਜ਼ ਨਿਭਾਉਣ ਤੋਂ ਆਨਾਕਾਨੀ ਕਰ ਜਾਂਦੀ ਹੈ।

ਸਥਾਪਤ ਰਵਾਇਤ ਮੁਤਾਬਕ ਪੰਜਾਬ ਵਿਚ "ਉਤਰ ਕਾਟੋ, ਮੈਂ ਚੜ੍ਹਾਂ" ਦੀ ਕਹਾਵਤ ਮੁਤਾਬਕ ਅਗਲੀ ਸਰਕਾਰ ਕਾਂਗਰਸ ਦੀ ਬਣਨੀ ਯਕੀਨੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਬਿਹਾਰ ਦੀਆਂ ਤਾਜ਼ਾ ਚੋਣਾਂ ਨਾਲ ਬੇਸ਼ਕ ਆਪਣੇ ਆਪ ਨੂੰ ਤਸੱਲੀ ਦੇਈ ਜਾਵੇ, ਲੇਕਿਨ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਨੂੰ ਬਦਲ ਦੇਣਾ ਹਾਰੀ-ਸਾਰੀ ਦੇ ਵਸ ਦੀ ਗੱਲ ਨਹੀਂ ਹੈ। ਕਿਸੇ ਵੇਲੇ ਅਮਰਿੰਦਰ ਸਿੰਘ ਨੇ ਵੀ ਪੰਜਾਬ ਅਸੰਬਲੀ ਵਿਚ ਘਟੋਘਟ ਲਗਾਤਾਰ ਪੰਦਰਾਂ ਸਾਲ ਤੱਕ ਹਕੂਮਤ ਕਰਨ ਦੀ ਸ਼ੇਖੀ ਮਾਰੀ ਸੀ।



ਆਮ ਚੋਣਾਂ ਵਿਚ ਭਾਵੇਂ ਕਾਫ਼ੀ ਵਕਤ ਪਿਆ ਹੈ, ਲੇਕਿਨ ਸ਼ੁਰੂ ਹੋ ਚੁੱਕੀ ਸਿਆਸੀ ਮੁਹਿੰਮ ਸੰਕੇਤ ਕਰਦੀ ਹੈ ਕਿ ਅਗਲਾ ਪੂਰਾ ਸਾਲ ਦੋਵੇਂ ਹੀ ਵੱਡੀਆਂ ਪਾਰਟੀਆਂ ਵੋਟਰਾਂ ਨੂੰ ਭਰਮਾਉਣ ਲਈ ਹਰ ਤਰ੍ਹਾਂ ਦੇ ਲਾਰੇ ਅਤੇ ਨਾਅਰੇ ਦੇਣਗੀਆਂ।

ਕਰਜ਼ੇ ਅਤੇ ਰਿਆਇਤਾਂ ਦੇ ਮਾਮਲੇ ਵਿਚ ਮਾਂ ਪਾਰਟੀ ਤੋਂ ਅੱਲਗ ਹੋਏ ਮਨਪ੍ਰੀਤ ਸਿੰਘ ਕੋਲ ਵੀ ਦੇਣ ਲਈ ਕੋਈ ਨਿੱਗਰ ਆਰਥਿਕ ਅਤੇ ਸਿਆਸੀ ਏਜੰਡਾ ਨਹੀਂ ਹੈ। ਇਸ ਲਈ ਸਮਾਜ ਦੇ ਕਿਸੇ ਵੀ ਵਰਗ ਲਈ ਚੋਣਾਂ ਤੱਕ ਦਾ ਮੌਸਮ ਮਨਪ੍ਰਚਾਵੇ ਦਾ ਵਧੀਆ ਸਰੋਤ ਬਣਿਆ ਰਹੇਗਾ। ਸਧਾਰਨ ਬਹੁਮਤ ਨਾਲ ਬਣੀ ਅਕਾਲੀ ਭਾਜਪਾ ਸਰਕਾਰ ਦੇ ਦਿਨ ਨੇੜੇ ਢੁਕ ਰਹੇ ਪ੍ਰਤੀਤ ਹੁੰਦੇ ਹਨ। ਮਨਪ੍ਰੀਤ ਸਿੰਘ ਵਾਲਾ ਫ਼ੈਕਟਰ ਨਾ ਵੀ ਹੁੰਦਾ, ਤਦ ਵੀ ਅਕਾਲੀ-ਭਾਜਪਾਈਆਂ ਦੀ ਸਿਆਸੀ ਹੋਣੀ ਨੂੰ ਕੋਈ ਨਹੀਂ ਟਾਲ ਸਕਦਾ। ਫ਼ਰਕ ਸਿਰਫ਼ ਇਹ ਪਿਆ ਹੈ ਕਿ ਉਸ ਦੀ ਸਿਆਸੀ ਮੁਹਿੰਮ ਨੇ ਸਥਾਪਤ ਲੀਡਰਸ਼ਿਪ ਨੂੰ ਝਟਕਾ ਜ਼ਰੂਰ ਦੇ ਦਿੱਤਾ ਹੈ।

ਪੰਜਾਬ ਦੀ ਸਿਆਸਤ ਵਿਚ ਤੀਜੇ ਚੌਥੇ ਮੋਰਚੇ ਦੀ ਸੰਭਾਵਨਾ ਕਦੇ ਵੀ ਨਹੀਂ ਰਹੀ। ਬਲਵੰਤ



ਸਿੰਘ ਰਾਮੂਵਾਲੀਆ, ਅਕਾਲੀ ਦਲ (ਲੌਂਗੋਵਾਲ), ਬਹੁਜਨ ਸਮਾਜ ਪਾਰਟੀ, ਸੱਜੀਆਂ-ਖੱਬੀਆਂ ਕਮਿਊਨਿਸਟ ਪਾਰਟੀਆਂ ਅਤੇ ਕਈ ਨਕਸਲੀ ਕਹਾਉਂਦੀਆਂ ਧਿਰਾਂ ਵਿਚ ਜੇਕਰ ਮਨਪ੍ਰੀਤ ਦੀ ਮੰਡਲੀ ਨੂੰ ਵੀ ਸ਼ਾਮਲ ਕਰ ਲਿਆ ਜਾਵੇ, ਤਾਂ ਇਨ੍ਹਾਂ ਸਾਰੀਆਂ ਦਾ ਜਮ੍ਹਾਂਜੋੜ ਵੀ ਸਿਆਸੀ ਤਸਵੀਰ ਨੂੰ ਬਦਲਣ ਦੇ ਸਮਰੱਥ ਨਹੀਂ ਜਾਪਦਾ। ਹਾਕਮ ਗਠਜੋੜ ਦੀ ਭਾਈਵਾਲ ਭਾਜਪਾ ਠੰਢੀ ਹੋਈ ਪਈ ਹੈ ਅਤੇ ਅੰਦਰੂਨੀ ਵਿਰੋਧਾਂ ਦੀ ਸ਼ਿਕਾਰ ਹੈ। ਇਕ ਤਾਂ ਅਕਾਲੀਆਂ ਵੱਲੋਂ ਹੀ ਗੁੱਠੇ ਲਾਉਣ ਕਰਕੇ ਅਤੇ ਦੂਜਾ ਇਹਦੇ ਕੋਲ ਆਪਣਾ ਠੋਸ ਜਨ ਆਧਾਰ ਨਾ ਹੋਣ ਕਰਕੇ ਅਤੇ ਤੀਜਾ ਕੇਂਦਰੀ ਹਾਈ ਕਮਾਨ ਵੱਲੋਂ ਥਾਪੜਾ ਨਾ ਮਿਲਣ ਕਰਕੇ ਇਸ ਕੋਲ ਪੰਜਾਬੀਆਂ ਨੂੰ ਦੇਣ ਲਈ ਕੋਈ ਪ੍ਰੋਗਰਾਮ ਹੀ ਨਹੀਂ ਬਚਿਆ।

ਕਾਂਗਰਸ ਅੰਦਰਲਾ ਕੈਪਟਨ ਅਮਰਿੰਦਰ ਸਿੰਘ ਧੜਾ ਤਾਂ ਹਾਰਨ ਦੇ ਬਾਵਜੂਦ ਵੀ ਮੁੱਢ ਤੋਂ ਹੀ ਹਮਲਾਵਰ ਰੌਅ ਵਿਚ ਚੱਲਦਾ ਆ ਰਿਹਾ ਹੈ, ਪਰ ਮਈ 2009 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਪੰਜਾਬ ਅੰਦਰਲੀ ਪਾਟੋਧਾੜ ਦੇ ਬਾਵਜੂਦ ਇਸ ਦੀ ਭਰਵੀਂ ਜਿੱਤ ਨਾਲ ਇਸ ਦੇ ਤੇਵਰਾਂ ਨੂੰ ਤਕੜਾ ਹੁਲਾਰਾ ਮਿਲਿਆ ਸੀ। ਜਿਉਂ-ਜਿਉਂ ਹਾਕਮ ਪਾਰਟੀ ਦੇ ਭ੍ਰਿਸ਼ਟਾਚਾਰ ਵਿਰੋਧੀ "ਜਹਾਦ" ਦੀ ਲੀਰਾਂ ਦੀ ਖ਼ੁੱਦੋ ਉਧੜਨੀ ਸ਼ੁਰੂ ਹੋਈ ਤਾਂ ਕਾਂਗਰਸੀਆਂ ਵਿਚ ਵੀ ਦਲੇਰੀ ਆਉਣੀ ਸ਼ੁਰੂ ਹੋਈ। ਅਕਾਲੀ ਰਾਜ ਵਿਚ ਹੇਠਲੇ ਪੱਧਰ 'ਤੇ ਨਾ ਕਦੇ ਭ੍ਰਿਸ਼ਟਾਚਾਰ ਖ਼ਤਮ ਹੋਇਆ ਸੀ, ਨਾ ਹੋ ਸਕਦਾ ਹੈ। ਅਸਲ ਵਿਚ ਮੌਜੂਦਾ ਗੈਰ-ਬਰਾਬਰੀ ਅਤੇ ਸੋਸ਼ਣ ਉਪਰ ਆਧਾਰਤ ਨਿਜ਼ਾਮ ਵਿਚ ਕੋਈ ਵੀ ਸਿਆਸੀ ਪਾਰਟੀ ਇਸ ਬਿਮਾਰੀ ਨੂੰ ਖ਼ਤਮ ਨਹੀਂ ਕਰ ਸਕਦੀ, ਸਗੋਂ ਇਕ ਸਮੇਂ ਬਾਅਦ ਖ਼ੁਦ ਵੀ ਇਸ ਦਲਦਲ ਵਿਚ ਗਰਕ ਜਾਣ ਲਈ ਸਰਾਪੀ ਜਾਂਦੀ ਹੈ। ਕੈਪਟਨ ਦੇ ਨੇੜਲੇ ਲੰਗੋਟੀਆਂ ਦੇ ਲੁਧਿਆਣਾ ਦੇ ਸਿਟੀ ਸੈਂਟਰ ਘਪਲੇ ਵਿਚ ਫਸ ਜਾਣ ਨਾਲ ਬਾਦਲ ਪਰਿਵਾਰ ਨੂੰ ਅਜਿਹਾ ਮੁੱਦਾ ਮਿਲ ਗਿਆ ਸੀ ਕਿ ਉਹ ਹੁਣ ਸ਼ਾਹੀ ਫਰਜ਼ੰਦ ਨੂੰ ਸਿਆਸੀ ਤੌਰ 'ਤੇ ਹੌਂਸਲ ਕਰ ਸਕਦੇ ਸਨ ਅਤੇ ਉਹ ਸ਼ੁਰੂ ਸ਼ੁਰੂ ਵਿਚ ਕਿਸੇ ਹੱਦ ਤੱਕ ਅਜਿਹਾ ਕਰਨ ਵਿਚ ਸਫ਼ਲ ਵੀ ਰਹੇ। ਲੇਕਿਨ ਉਹ ਇਸ 'ਗਤਕੇਬਾਜ਼ੀ' ਨੂੰ ਮੰਤਕੀ ਸਿੱਟੇ ਤੱਕ ਨਹੀਂ ਲਿਜਾ ਸਕੇ, ਕਿਉਂਕਿ ਉਹ ਖ਼ੁਦ ਵੀ ਇਸੇ ਖੋਭੇ ਵਿਚ ਫਸੇ ਹੋਏ ਸਨ।

ਪੰਜਾਬ ਵਿਚ ਜੋ ਸਿਆਸੀ ਮਾਹੌਲ ਬਣ ਰਿਹਾ ਹੈ, ਜੋ ਸਿਆਸੀ ਧਿਰਾਂ ਉਭਰ ਰਹੀਆਂ ਹਨ ਅਤੇ ਬਣਨ ਜਾ ਰਹੇ ਸੰਭਾਵੀ ਮੋਰਚਿਆਂ ਦੇ ਭਰੂਣ ਰੂਪ ਸਿਆਸੀ ਗਰਮੀ ਦਾ ਅਹਿਸਾਸ ਤਾਂ ਕਰਵਾਉਣਗੇ ਲੇਕਿਨ ਪੰਜਾਬ ਦੀ ਦੋ ਧਿਰੀ ਸਿਆਸਤ ਵਿਚ ਡੂੰਘਾ ਟੋਆ ਨਹੀਂ ਪਾ ਸਕਣਗੇ।

'ਤੀਜੇ' ਜਾਂ 'ਚੌਥੇ' ਮੋਰਚਿਆਂ ਵਾਲੇ ਲੋਕ-ਲੁਭਾਊ ਵਾਅਦੇ, ਲਾਰੇ ਅਤੇ ਨਾਅਰੇ ਤਾਂ ਦੇ ਸਕਦੇ ਹਨ, ਲੇਕਿਨ ਜਾਨਦਾਰ ਜਥੇਬੰਦਕ ਏਕਤਾ ਦੀ ਅਣਹੋਂਦ ਵਿਚ ਲਾਰਿਆਂ ਨੂੰ ਅਸੰਬਲੀ ਸੀਟਾਂ ਦੀ ਕੁਠਾਲੀ ਵਿਚ ਢਾਲ ਸਕਣਾ ਉਨ੍ਹਾਂ ਦੇ ਵਸ ਦਾ ਰੋਗ ਨਹੀਂ ਹੋਵੇਗਾ। ਫੇਰ ਵੀ ਲਾਰਿਆਂ ਅਤੇ ਨਾਅਰਿਆਂ ਦੀ ਸਿਆਸੀ ਖੇਡ ਵਿਚੋਂ ਜੇਕਰ ਕੋਈ ਗੈਰ ਹਾਜ਼ਰ ਹੈ ਤਾਂ ਉਹ ਹੈ ਪੰਜਾਬੀ ਜਨਤਾ। ਇਸ ਜਨਤਾ ਨੂੰ ਭਰਮਾਇਆ ਜਾਂਦਾ ਰਿਹਾ ਹੈ, ਗੁੰਮਰਾਹ ਕੀਤਾ ਜਾਂਦਾ ਰਿਹਾ ਹੈ ਅਤੇ ਇਸ ਦੇ ਦੁੱਖਾਂ ਦੇ ਤਵੇ 'ਤੇ ਸਿਆਸੀ ਰੋਟੀਆਂ ਸੇਕੀਆਂ ਜਾਂਦੀਆਂ ਰਹੀਆਂ ਹਨ। ਤਦ ਵੀ ਪਿਛਲੇ 63 ਸਾਲਾਂ ਦੇ ਇਤਿਹਾਸ ਨੇ ਵਾਰ-ਵਾਰ ਸਿੱਧ ਕੀਤਾ ਹੈ ਕਿ ਹਾਕਮ ਭਾਵੇਂ ਕਿਸੇ ਵੀ ਪਾਰਟੀ, ਧਰਮ ਅਤੇ ਸ਼ਕਲ ਦੇ ਹੋਣ ਪਰ ਉਨ੍ਹਾਂ ਦਾ ਉਦੇਸ਼ ਕਿਵੇਂ ਵੀ ਲੋਕਾਂ ਦੀ ਸੇਵਾ ਕਰਨਾ ਨਹੀਂ ਰਿਹਾ। ਉਨ੍ਹਾਂ ਨੇ ਜੇਕਰ ਕੋਈ "ਸੇਵਾ" ਕੀਤੀ ਹੈ ਤਾਂ ਜਨਤਾ ਰੂਪੀ ਘੋੜੀ ਦੀ ਸਵਾਰੀ ਕਰਕੇ "ਰਾਜ" ਹੀ ਕੀਤਾ ਹੈ।

ਪੰਜਾਬ ਦੇ ਇਤਿਹਾਸ ਵਿਚ ਹਾਕਮ ਅਕਾਲੀ ਪਾਰਟੀ ਨੂੰ ਪਹਿਲੀ ਵਾਰ ਇੰਨੀ ਵੱਡੀ ਪੱਧਰ 'ਤੇ ਕਿਸਾਨਾਂ, ਮੁਲਾਜ਼ਮਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਅਕਾਲੀਆਂ ਕੋਲ ਲੋਕਾਂ ਨੂੰ ਭੜਕਾਉਣ ਲਈ ਕੋਈ ਧਾਰਮਿਕ ਮੁੱਦਾ ਨਹੀਂ ਬਚਿਆ। ਜਿਹੜੇ ਵੀ ਇਕ ਦੋ ਮੁੱਦੇ ਉਠੇ ਵੀ, ਉਹ ਸ਼ੁਰੂ ਵਿਚ ਹੀ ਠੁੱਸ ਹੋ ਕੇ ਰਹਿ ਗਏ। ਗੱਲ ਇਹ ਨਹੀਂ ਕਿ ਪੰਜਾਬੀ ਕੌਮੀਅਤ ਦੇ ਜਾਂ ਸਿੱਖ ਧਾਰਮਿਕ ਘੱਟ ਗਿਣਤੀ ਦੇ ਪੁਰਾਣੇ ਮਸਲੇ ਹੱਲ ਹੋ ਗਏ ਹਨ ਸਗੋਂ ਇਹ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਾਂ ਕੋਈ ਅਕਾਲੀ ਸਰਕਾਰ ਦੂਜੀ ਵਾਰ ਪੰਜ ਸਾਲ ਪੂਰੇ ਕਰਨ ਜਾ ਰਹੀ ਹੈ। ਲੇਕਿਨ ਅਕਾਲੀ ਸਰਕਾਰ ਨੇ ਆਪਣੇ ਪੰਜ-ਪੰਜ ਸਾਲਾਂ ਦੇ ਦੋ ਕਾਰਜਕਾਲਾਂ ਅੰਦਰ ਪੰਜਾਬੀ ਕੌਮੀਅਤ ਦੇ ਸਾਰੇ ਮੁੱਦਿਆਂ ਜਿਵੇਂ ਚੰਡੀਗੜ੍ਹ ਨੂੰ ਪੰਜਾਬ ਦੇ ਸਪੁਰਦ ਕਰਨਾ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਦੁਬਾਰਾ ਸ਼ਾਮਲ ਕਰਨੇ, ਦਰਿਆਈ ਪਾਣੀਆਂ ਦੀ ਵਾਜਬ ਵੰਡ ਕਰਨੀ, ਹਰਿਆਣੇ ਅਤੇ ਹਿਮਾਚਲ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਰੁਤਬਾ ਦਿਵਾਉਣਾ, ਆਲ ਇੰਡੀਆ ਗੁਰਦੁਆਰਾ ਕਾਨੂੰਨ ਬਣਾ ਕੇ ਸਾਰੇ ਇਤਿਹਾਸਕ ਗੁਰਧਾਮਾਂ ਨੂੰ ਸ਼੍ਰੋਮਣੀ ਕਮੇਟੀ ਦੇ ਅਧੀਨ ਲਿਆਉਣਾ ਆਦਿ ਉਪਰ ਸਥਾਈ ਤੌਰ 'ਤੇ ਮਿੱਟੀ ਪਾ ਦਿੱਤੀ ਹੈ। ਇਸ ਦਾ ਦੂਜਾ ਕਾਰਨ, ਸੋਨੀਆ-ਮਨਮੋਹਨ ਦੀ ਅਗਵਾਈ ਵਾਲੀ ਕੇਂਦਰ ਦੀ ਸਰਕਾਰ ਹੈ, ਜਿਹੜੀ ਹੋਰ ਅਨੇਕਾਂ ਅਲਾਮਤਾਂ ਦੇ ਬਾਵਜੂਦ, ਧਾਰਮਿਕ ਮਸਲਿਆਂ ਨੂੰ ਵਰਤਣ



ਤੋਂ ਗੁਰੇਜ਼ ਕਰਦੀ ਆ ਰਹੀ ਹੈ।

ਇਸ ਵੇਲੇ ਜਦੋਂ ਚੋਣਾਂ ਵਿਚ ਸਵਾ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤਾਂ ਵੱਡੇ ਜਾਂ ਛੋਟੇ ਮੁੱਖ ਮੰਤਰੀ ਵੱਲੋਂ ਕੀਤੇ ਜਾ ਰਹੇ ਲੋਕ ਲੁਭਾਊ ਵਾਅਦੇ ਕੋਈ ਅਰਥ ਨਹੀਂ ਰੱਖਦੇ। ਪੰਜਾਬ ਦੀ ਜਨਤਾ ਇੰਨੀ ਵੀ ਮੂਰਖ ਨਹੀਂ ਹੈ ਕਿ ਉਹ ਹਾਕਮਾਂ ਦੀਆਂ ਤਿਕੜਮਬਾਜ਼ੀਆਂ ਨੂੰ ਨਾ ਸਮਝਦੀ ਹੋਵੇ। ਇਸ ਲਈ ਹਾਕਮ ਗਠਜੋੜ ਦੇ ਹੱਥਾਂ ਵਿਚੋਂ ਦਿਨੋ-ਦਿਨ ਕਿਰ ਰਹੀ ਸੱਤਾ ਨੂੰ ਮੁੱਠੀ ਵਿਚ ਬੰਨ੍ਹ ਕੇ ਰੱਖਣਾ ਸੰਭਵ ਨਹੀਂ ਜਾਪਦਾ।

ਬਾਦਲ ਅਕਾਲੀ ਦਲ ਦੀ ਸਿਆਸੀ ਹਾਲਤ ਇੰਨੀ ਪਤਲੀ ਕਦੇ ਵੀ ਨਹੀਂ ਰਹੀ ਜਿੰਨੀ ਇਸ ਵਾਰ ਦਿਖਾਈ ਦਿੰਦੀ ਹੈ। ਲੇਕਿਨ ਇਹ ਵੀ ਸੱਚ ਹੈ ਕਿ ਅਕਾਲੀਆਂ ਦੇ ਰਾਜ ਤੋਂ ਅੱਕੇ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਲੋਕਾਂ ਕੋਲ ਕਾਂਗਰਸੀਆਂ ਦੇ ਵਹਿਣ ਚੜ੍ਹ ਜਾਣ ਤੋਂ ਬਿਨਾਂ ਹੋਰ ਕੋਈ ਬਦਲ ਵੀ ਨਹੀਂ ਹੈ। ਇਸ ਲਈ ਲਾ ਪਾ ਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਹੀ ਆਗਾਮੀ ਅਸੰਬਲੀ ਚੋਣਾਂ ਵਿਚ ਸੱਤਾ ਦੀ ਮੁੱਖ ਦਾਅਵੇਦਾਰ ਬਣ ਜਾਂਦੀ ਹੈ ਪਰ ਇਹ ਵੀ ਉਨਾ ਹੀ ਸੱਚ ਹੈ ਕਿ ਅਕਾਲੀਆਂ ਦੇ ਲਾਰਿਆਂ ਅਤੇ ਨਾਅਰਿਆਂ ਵਾਂਗ ਕਾਂਗਰਸ ਪਾਰਟੀ ਦੇ ਲਾਰੇ ਵੀ ਖੋਖਲੇ ਹੀ ਰਹਿਣਗੇ। ਫਰਕ ਸਿਰਫ਼ ਇੰਨਾ ਪੈ ਸਕਦਾ ਹੈ ਕਿ ਹੁਣ 'ਮਾਇਆ ਦੇਵੀ' ਅਕਾਲੀਆਂ ਦੀਆਂ ਕੋਠੀਆਂ ਵੱਲ ਨੂੰ ਤਣੀਆਂ ਵਾਲੇ ਝੋਲਿਆਂ ਵਿਚ ਸਫ਼ਰ ਕਰਦੀ ਹੋਵੇਗੀ ਅਤੇ ਕਾਂਗਰਸੀਆਂ ਦੇ ਮਹਿਲਾਂ ਵੱਲ ਨੂੰ ਸ਼ਾਨਦਾਰ ਸੂਟਕੇਸਾਂ ਵਿਚ ਸਫਰ ਕਰ ਲਿਆ ਕਰੇਗੀ। ਪੰਜਾਬ ਦੇ ਲੋਕ ਇਕ ਵਾਰ ਫੇਰ ਉਵੇਂ ਹੀ ਠੱਗੇ ਜਾਣਗੇ, ਜਿਵੇਂ ਪਿਛਲੇ ਤਰੇਹਠ ਸਾਲਾਂ ਤੋਂ ਹੁੰਦਾ ਆ ਰਿਹਾ ਹੈ। ਕਾਂਗਰਸ ਅਤੇ ਅਕਾਲੀ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਪੰਜਾਬ 'ਚ ਕਿਸੇ ਹਕੀਕੀ ਅਤੇ ਜਮਹੂਰੀ ਲੋਕ-ਪੱਖੀ ਬਦਲ ਦੀ ਉਸਾਰੀ ਦੂਰ ਦੀ ਗੱਲ ਲਗਦੀ ਹੈ।

# ਬੰਦੇ ਨੂੰ ਕਿੱਥੇ ਲਿਜਾ ਸੁੱਟੇਗੀ ਆਲਮੀ ਤਪਸ਼?

**ਨਰਦੇਵ ਸਿੰਘ**

ਆਲਮੀ ਤਪਸ਼ ਘਟਾਉਣ ਲਈ ਮੈਕਸੀਕੋ ਦੇ ਸ਼ਹਿਰ ਕੈਨਕਨ ਵਿਖੇ ਯੂ.ਐਨ.ਓ. ਵੱਲੋਂ ਸੱਦਿਆ ਕੌਮਾਂਤਰੀ ਵਾਤਾਵਰਨ ਸੰਮੇਲਨ ਇਕ ਵਾਰ ਫਿਰ ਫੇਲ੍ਹ ਹੋ ਗਿਆ। ਅਜੇ ਇਕ ਸਾਲ ਪਹਿਲਾਂ ਹੀ ਇਹ ਕੋਪਨਹੈਗਨ ਵਿਖੇ ਕਿਸੇ ਸਾਰਥਿਕ ਸਿੱਟੇ ਉਤੇ ਪਹੁੰਚਣ ਵਿਚ ਅਸਫ਼ਲ ਰਿਹਾ ਸੀ। ਅੱਜ ਜਦੋਂ ਆਲਮੀ ਤਪਸ਼ ਦੁਨੀਆਂ ਦੀ ਹੋਂਦ ਲਈ ਖ਼ਤਰਾ ਬਣਦੀ ਜਾ ਰਹੀ ਹੈ ਤਾਂ ਇਸ ਸੰਮੇਲਨ ਦੀ ਨਾਕਾਮਯਾਬੀ ਦੁਨੀਆਂ ਲਈ ਚਿੰਤਾ ਦੀ ਗੱਲ ਹੈ। ਡੂੰਘੇ ਆਰਥਿਕ ਸੰਕਟ ਵਿਚ ਫਸੇ ਅਤੇ ਤਿੱਖੀ ਮੁਕਾਬਲੇਬਾਜ਼ੀ ਵਿਚ ਉਲਝੇ ਪੂੰਜੀਵਾਦੀ ਮੁਲਕ ਆਲਮੀ ਤਪਸ਼ ਨੂੰ ਕੰਟਰੋਲ ਕਰਨ ਲਈ ਕੋਈ ਠੋਸ ਨਿਸ਼ਾਨੇ ਤੈਅ ਕਰਨ ਤੇ ਉਨ੍ਹਾਂ ਦੀ ਪੂਰਤੀ ਲਈ ਕੋਈ ਵੀ ਕਾਨੂੰਨੀ ਬੰਧੇਜ ਵਾਲੀ ਸੰਧੀ ਤੈਅ ਕਰਨ ਤੋਂ ਸਾਫ਼ ਮੁਕਰ ਗਏ ਹਨ। ਇਹ ਜਲਵਾਯੂ ਸੰਮੇਲਨ ਉਸ ਸਮੇਂ ਫੇਲ੍ਹ ਹੋਇਆ ਹੈ ਜਦੋਂ ਯੂ.ਐਨ.ਓ. ਦੇ ਜਲਵਾਯੂ ਤਬਦੀਲੀ ਸਬੰਧੀ ਅੰਤਰ-ਸਰਕਾਰੀ ਪੈਨਲ ਨੇ



*ਆਲਮੀ ਤਪਸ਼ ਲਈ ਜ਼ਿੰਮੇਵਾਰ ਵਿਕਸਿਤ ਦੇਸ਼ਾਂ ਦਾ ਸਨਅਤੀ ਪ੍ਰਦੂਸ਼ਣ*

ਆਪਣੀ ਹੁਣੇ ਦਿੱਤੀ ਚੌਥੀ ਰਿਪੋਰਟ ਵਿਚ ਹੈਰਾਨੀਜਨਕ ਤੱਥ ਪੇਸ਼ ਕੀਤੇ ਹਨ।

ਰਿਪੋਰਟ ਅਨੁਸਾਰ 2010 ਦਾ ਇਹ ਸਾਲ, ਹੁਣ ਤਕ ਦੇ ਸਭ ਤੋਂ ਗਰਮ ਦਹਾਕੇ ਦਾ ਸਭ ਤੋਂ ਵੱਧ ਗਰਮੀ ਵਾਲਾ ਸਾਲ ਰਿਹਾ ਹੈ। 2007 ਤੇ 2009 ਤੋਂ ਬਾਅਦ ਇਸ ਵਾਰ ਸਮੁੰਦਰ 'ਤੇ ਬਰਫ਼ ਰਿਕਾਰਡ ਪੱਧਰ ਤਕ ਘੱਟ ਵੇਖੀ ਗਈ, ਭਾਵ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਸਮੁੰਦਰ ਦੇ ਪਾਣੀ ਦਾ ਪੱਧਰ ਤੇਜ਼ੀ ਨਾਲ 3.4 ਮਿਲੀਮੀਟਰ ਪ੍ਰਤੀ ਸਾਲ ਦੀ ਰਫ਼ਤਾਰ ਨਾਲ ਵਧ ਰਿਹਾ ਹੈ। ਬਰਤਾਨੀਆ ਵਿਚ ਪਈ ਅੰਤਾਂ ਦੀ ਬਰਫ਼ ਤੇ ਦੂਜੇ ਪਾਸੇ ਰੂਸ ਵਿਚ ਲੂਹ ਸੁੱਟਣ ਵਾਲੀਆਂ ਗਰਮ ਹਵਾਵਾਂ ਨੇ ਤਾਪਮਾਨ ਨੂੰ ਆਮ ਨਾਲੋਂ 7.6 ਸੈਲਸੀਅਸ ਵਧਾ ਦਿੱਤਾ, ਜੰਗਲ ਅੱਗ ਦੀ ਭੇਟ ਚੜ੍ਹ ਗਏ ਤੇ ਅਨਾਜ ਦੀ ਫ਼ਸਲ ਵੱਡੇ ਪੱਧਰ ਉਤੇ ਤਬਾਹ ਹੋ ਗਈ। ਤਪਸ਼ ਦੇ ਸਿੱਟੇ ਵਜੋਂ ਆ ਰਹੀਆਂ ਤਬਦੀਲੀਆਂ ਮੌਸਮ ਵਿਚ ਅਣਕਿਆਸੇ ਤੇ ਅਗਾਂਵੇ ਵਰਤਾਰਿਆਂ, ਗਰਮ ਲਹਿਰਾਂ, ਵੱਡੇ-ਵੱਡੇ ਤੂਫ਼ਾਨਾਂ, ਸੁਨਾਮੀ ਲਹਿਰਾਂ, ਹੜ੍ਹਾਂ ਤੇ ਵੱਡੇ ਸੋਕਿਆਂ ਆਦਿ ਨੂੰ ਜਨਮ ਦੇ ਰਹੀਆਂ ਹਨ। ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਵਰਤਾਰਿਆਂ ਦੇ ਵਾਪਰਨ ਦੀ ਰਫ਼ਤਾਰ ਤੇ ਤੀਬਰਤਾ ਅਤੇ ਇਨ੍ਹਾਂ ਦਾ ਘੇਰਾ ਪਿਛਲੇ ਸਮੇਂ ਵਿਚ ਵਾਪਰੇ ਅਜਿਹੇ ਵਰਤਾਰਿਆਂ ਤੋਂ ਕਿਤੇ ਵੱਧ ਵਿਸ਼ਾਲ ਹੈ। ਅਜਿਹੇ ਵਰਤਾਰੇ, ਜਿਹੜੇ ਪਹਿਲਾਂ ਸਾਲ ਵਿਚ ਇਕ ਵਾਰ ਵਾਪਰਦੇ ਸਨ, ਹੁਣ ਉਹ ਜਲਦੀ-ਜਲਦੀ ਵਾਪਰ ਰਹੇ ਹਨ। ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਵਰਤਾਰਿਆਂ 'ਚ ਹੋਰ ਤੇਜ਼ੀ ਆਉਣ ਦਾ ਖ਼ਦਸ਼ਾ ਹੈ।

ਮਨੁੱਖਤਾ ਦੀ ਹੋਂਦ ਲਈ ਖ਼ਤਰਾ ਬਣਿਆ ਖੜ੍ਹਿਆ ਇਹ ਵਰਤਾਰਾ ਕੋਈ ਕੁਦਰਤ ਦੀ ਦੇਣ ਨਹੀਂ ਹੈ। ਇਹ ਵੀਹਵੀਂ ਸਦੀ ਵਿਚ ਉਸਰੇ ਉਸ ਪੂੰਜੀਵਾਦ ਦਾ ਮੰਤਕੀ ਸਿੱਟਾ ਹੈ ਜੋ ਆਪਣੇ ਮੁਨਾਫ਼ੇ ਲਈ ਊਰਜਾ ਦੀ ਅੰਨ੍ਹੀ ਤੇ ਬੇਕਿਰਕ ਵਰਤੋਂ ਉਤੇ ਨਿਰਭਰ ਹੈ। ਇਹਦੇ ਨਾਲ ਮੱਧ-ਵਰਗੀ ਜਮਾਤ ਦੀ ਇਕ ਵੱਡੀ ਮੰਡੀ ਜੁੜੀ ਹੋਈ ਹੈ ਜਿਸ ਦੀਆਂ ਲੋੜਾਂ ਦੀ ਪੂਰਤੀ ਲਈ ਇਹ ਕੁਦਰਤ ਦੀ ਬੇਕਿਰਕ ਲੁੱਟ ਕਰਦਾ ਹੈ, ਜਦੋਂ ਕਿ ਵਿਸ਼ਾਲ ਜਨਤਾ ਨੂੰ ਭੁੱਖਮਰੀ ਤੇ ਗ਼ਰੀਬੀ ਵੱਲ ਧੱਕਦਾ ਹੈ। ਅੰਨ੍ਹੇ ਮੁਨਾਫ਼ੇ ਲਈ ਊਰਜਾ ਦੀ ਬੇਹਿਸਾਬ ਵਰਤੋਂ, ਖ਼ਾਸਕਰ ਬਿਜਲੀ ਪੈਦਾਵਾਰ, ਮੱਧ-ਵਰਗ ਲਈ ਸ਼ੂਕਦੀਆਂ ਕਾਰਾਂ ਜਾਂ ਕਹੀਏ ਆਟੋ-ਮੋਬਾਈਲ ਸਨਅਤ ਤੇ ਸ਼ਹਿਰੀਕਰਨ ਅੱਜ ਆਲਮੀ ਤਪਸ਼ ਦੇ ਵੱਡੇ ਮੁੱਖ ਕਾਰਨ ਹੈ। ਇਹ ਹੋਰ ਵੀ ਵਿਤਕਰੇ ਵਾਲੀ ਗੱਲ ਹੈ ਕਿ ਪੂੰਜੀਵਾਦ ਨੇ ਊਰਜਾ ਦੀ ਇਹ ਅੰਨ੍ਹੀ ਵਰਤੋਂ ਵਿਕਸਤ ਮੁਲਕਾਂ ਦੀ ਮੁੱਠੀ ਭਰ ਜਮਾਤ ਲਈ ਕੀਤੀ ਹੈ।

ਊਰਜਾ ਦੇ ਮੁੱਖ ਸਰੋਤ ਬਿਜਲੀ ਦੀ ਖ਼ਪਤ ਨੂੰ ਹੀ ਵੇਖ ਲਿਆ ਜਾਵੇ ਤਾਂ 2008 ਦੇ ਅੰਕੜਿਆਂ ਅਨੁਸਾਰ ਇਹ ਅਮਰੀਕਾ ਵਿਚ ਪ੍ਰਤੀ ਵਿਅਕਤੀ 14240 ਯੂਨਿਟ ਦੇ ਮੁਕਾਬਲੇ ਭਾਰਤ ਵਿਚ ਸਿਰਫ਼ 618 ਯੂਨਿਟ ਸੀ। ਊਰਜਾ ਦੇ ਇਕ ਹੋਰ ਮਹੱਤਵਪੂਰਨ ਸਰੋਤ ਪੈਟਰੋਲੀਅਮ ਦੀ ਖ਼ਪਤ ਅਮਰੀਕਾ ਵਿਚ 3458 ਕਿਲੋਗ੍ਰਾਮ ਪ੍ਰਤੀ ਵਿਅਕਤੀ ਦੇ ਮੁਕਾਬਲੇ ਭਾਰਤ ਵਿਚ ਸਿਰਫ਼ 108 ਕਿਲੋਗ੍ਰਾਮ ਹੈ। ਜਹਾਜ਼ ਦਾ ਸਫ਼ਰ ਕਰਨ ਵਾਲੇ ਅਮਰੀਕਾ ਵਿਚ ਦੁਨੀਆਂ ਭਰ ਦੇ 1000 ਪਿੱਛੇ 4780 ਲੋਕ ਹਨ ਜਦੋਂ ਕਿ ਭਾਰਤ ਵਿਚ ਸਿਰਫ਼ 71 ਹਨ। ਅੱਜ ਕੁੱਲ ਮਿਲਾ ਕੇ ਅਮਰੀਕਾ ਦੇ ਮੁਕਾਬਲੇ ਭਾਰਤ ਦੀ ਊਰਜਾ ਖ਼ਪਤ ਸਿਰਫ਼ 5 ਫ਼ੀਸਦ ਹੈ। ਇਸ ਤਸਵੀਰ ਦੇ ਦੂਜੇ ਪਾਸੇ, ਗ਼ਰੀਬ ਮੁਲਕਾਂ ਦੇ 150 ਕਰੋੜ ਲੋਕਾਂ ਦੀ ਅਜੇ ਬਿਜਲੀ ਤਕ ਪਹੁੰਚ ਨਹੀਂ ਹੈ ਤੇ ਦੁਨੀਆਂ ਦੇ 300 ਕਰੋੜ ਲੋਕ ਅਜੇ ਵੀ ਰਵਾਇਤੀ ਸਾਧਨਾਂ (ਜਿਵੇਂ ਲੱਕੜ, ਗੋਹਾ ਜਾਂ ਕੋਇਲਾ ਆਦਿ) ਨਾਲ ਹੀ ਆਪਣਾ ਚੁੱਲ੍ਹਾ ਤਪਾਉਂਦੇ ਹਨ। ਵਿਕਸਤ ਤੇ ਵਿਕਾਸਸ਼ੀਲ ਜਾਂ ਬੇਹੱਦ ਘੱਟ ਵਿਕਸਤ ਮੁਲਕਾਂ ਵਿਚਕਾਰ ਊਰਜਾ ਦੀ ਇਹ ਅਸਾਵੀਂ ਵੰਡ ਦਿਖਾਉਂਦੀ ਹੈ ਕਿ ਆਲਮੀ ਤਪਸ਼ ਲਈ ਦੁਨੀਆਂ ਜਾਂ ਕੁਦਰਤ ਜ਼ਿੰਮੇਵਾਰ ਨਹੀਂ ਹੈ, ਸਗੋਂ ਸਿੱਧੇ ਤੌਰ ਉਤੇ ਇਹ ਵਿਕਸਤ ਪੂੰਜੀਵਾਦੀ ਮੁਲਕ ਜ਼ਿੰਮੇਵਾਰ ਹਨ।

ਇਹ ਪੂੰਜੀਵਾਦ ਪ੍ਰਬੰਧ ਹੀ ਹੈ ਜੋ ਸੰਘਣੇ ਸ਼ਹਿਰਾਂ ਨੂੰ ਜਨਮ ਦਿੰਦਾ ਹੈ, ਪਿੰਡਾਂ ਨੂੰ ਵਿਕਾਸ ਵਿਚੋਂ ਪਿੱਛੇ ਧੱਕ ਦਿੰਦਾ ਹੈ ਤੇ ਲੋਕ ਰੁਜ਼ਗਾਰ ਦੀ ਭਾਲ ਵਿਚ ਸ਼ਹਿਰਾਂ ਵਿਚ ਪਰਵਾਸ ਕਰਦੇ ਹਨ। 2007 ਵਿਚ ਦੁਨੀਆਂ ਅੰਦਰ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਵਿਚ ਰਹਿਣ ਵਾਲਿਆਂ ਦੀ ਗਿਣਤੀ ਵਧ ਚੁੱਕੀ ਹੈ ਤੇ 2030 ਤਕ ਦੁਨੀਆਂ ਦੀ ਤਿੰਨ-ਚੌਥਾਈ ਵਸੋਂ ਸ਼ਹਿਰਾਂ ਵਿਚ ਆ ਜਾਵੇਗੀ। ਸ਼ਹਿਰਾਂ ਵਿਚ ਵਧਦੀ ਵਸੋਂ ਤੇ ਵਧਦੀ ਤਪਸ਼, ਮੱਧ-ਵਰਗ ਜਮਾਤ ਲਈ ਏਅਰ-ਕੰਡੀਸ਼ਨਰ ਨੂੰ ਅਣਸਰਦੀ ਲੋੜ ਬਣਾ ਰਹੀ ਹੈ। ਬਿਜਲੀ ਕੰਪਨੀਆਂ ਇਥੋਂ ਭਰਪੂਰ ਮੁਨਾਫ਼ੇ ਕਮਾ ਰਹੀਆਂ ਹਨ ਪਰ ਆਟੋ-ਮੋਬਾਈਲ ਤੋਂ ਬਾਅਦ ਏਅਰਕੰਡੀਸ਼ਨ ਵੀ ਆਲਮੀ ਤਪਸ਼ ਦਾ ਇਕ ਵੱਡਾ ਕਾਰਨ ਬਣਦਾ ਜਾ ਰਿਹਾ ਹੈ। ਇਕ ਅੰਦਾਜ਼ੇ ਮੁਤਾਬਕ 2050 ਤਕ ਏਅਰਕੰਡੀਸ਼ਨਰ ਦੁਨੀਆਂ ਦੇ ਕੁੱਲ ਕਾਰਬਨ ਨਿਕਾਸ ਦਾ ਪੰਜਵਾਂ ਹਿੱਸਾ ਛੱਡ ਰਹੇ ਹੋਣਗੇ।

ਇਥੇ ਵਿਰੋਧ ਦਾ ਸਵਾਲ ਇਹ ਹੈ ਕਿ ਊਰਜਾ ਦੀ ਖ਼ਪਤ ਉਤੇ ਟਿਕੀ ਇਹ ਪੂੰਜੀਵਾਦੀ ਸਨਅਤ, ਜੋ ਪੂੰਜੀਪਤੀਆਂ ਲਈ ਮੁਨਾਫ਼ੇ ਦਾ ਸਰੋਤ ਹੈ ਤੇ ਸਮਾਜ ਦੇ ਇਕ ਮੁੱਠੀ ਭਰ ਮੱਧ-ਵਰਗ ਜਮਾਤ ਦੀ ਐਸ਼ੋ-ਆਰਾਮ ਦੀਆਂ ਲੋੜਾਂ ਪੂਰੀਆਂ ਕਰਦੀਆਂ ਹਨ, ਆਲਮੀ ਤਪਸ਼ ਲਈ ਜ਼ਿੰਮੇਵਾਰ ਹੈ। ਲੇਕਿਨ ਤਪਸ਼ ਦੇ ਸਿੱਟੇ ਵਜੋਂ ਉਠਦੇ ਭਿਆਨਕ ਤੂਫ਼ਾਨਾਂ, ਸੋਕਿਆਂ ਤੇ ਹੜ੍ਹਾਂ ਦਾ ਨਤੀਜਾ ਸਾਡੀ ਆਮ ਜਨਤਾ ਭੁਗਤ ਰਹੀ ਹੈ। ਇਸੇ ਲਈ ਮੁਨਾਫ਼ਿਆਂ ਉਤੇ ਰੋਕ ਲਾਏ ਤੋਂ ਬਿਨਾਂ, ਤਪਸ਼ ਘਟਾਉਣ ਦੇ ਫ਼ਰੇਬੀ ਨਾਅਰਿਆਂ ਤੇ ਫੋਕੇ ਵਾਅਦਿਆਂ ਨਾਲ ਕੈਨਕੁਨ ਸੰਮੇਲਨ ਸਮਾਪਤ ਹੋ ਗਿਆ।

ਪਿਛਲੇ 25 ਸਾਲਾਂ ਤੋਂ ਇਸ ਗੰਭੀਰ ਸਮੱਸਿਆ ਪ੍ਰਤੀ ਪੂੰਜੀਵਾਦੀ ਦੇਸ਼ਾਂ ਦਾ ਰਵੱਈਆ ਬੇਹੱਦ ਨਾਂਹ-ਪੱਖੀ ਰਿਹਾ ਹੈ। 25 ਸਾਲ ਪਹਿਲਾਂ ਅੰਦਾਜ਼ਾ ਲਾਇਆ ਗਿਆ ਸੀ ਕਿ 19.6 ਬਿਲੀਅਨ ਟਨ ਕਾਰਬਨ ਗੈਸਾਂ ਛੱਡੀਆਂ ਜਾ ਰਹੀਆਂ ਹਨ ਜੋ ਖ਼ਤਰਨਾਕ ਹਨ ਪਰ 2007 ਵਿਚ ਇਹ ਅੰਕੜਾ ਵਧ ਕੇ 29.32 ਬਿਲੀਅਨ ਟਨ ਹੋ ਗਿਆ। ਹਾਲਾਂਕਿ ਉਦੋਂ ਵੀ ਇਸ ਨੂੰ ਵੱਡੀ ਤਬਦੀਲੀ ਵਜੋਂ ਵੇਖਿਆ ਗਿਆ ਸੀ ਤੇ ਅੰਦਾਜ਼ਾ ਸੀ ਕਿ 2050 ਤਕ ਸਮੁੰਦਰ ਦਾ ਪੱਧਰ ਇਕ ਮੀਟਰ ਤਕ ਵਧ ਜਾਵੇਗਾ। ਇਨ੍ਹਾਂ ਤਬਦੀਲੀਆਂ ਸਬੰਧੀ 1988 ਵਿਚ ਯੂ.ਐਨ.ਓ. ਨੇ 'ਜਲਵਾਯੂ ਤਬਦੀਲੀ ਸਬੰਧੀ ਅੰਤਰ-ਸਰਕਾਰੀ ਪੈਨਲ' ਸਥਾਪਤ ਕੀਤਾ। 1990 ਵਿਚ ਇਸ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਪਿਛਲੀ ਸਦੀ ਵਿਚ ਸੰਸਾਰ ਦਾ ਤਾਪਮਾਨ 0.5 ਡਿਗਰੀ ਵਧਿਆ ਹੈ ਤੇ ਇਹ ਭਵਿੱਖ ਵਿਚ ਹੋਰ ਵਧੇਗਾ।

1994 ਵਿਚ 154 ਦੇਸ਼ ਇਸ ਗੱਲ ਉਤੇ ਸਹਿਮਤ ਹੋਏ ਕਿ ਵਿਕਸਤ ਦੇਸ਼ ਸੰਨ 2000 ਤਕ ਗੈਸਾਂ ਦੀ ਨਿਕਾਸੀ ਦਾ ਪੱਧਰ 1990 ਤੋਂ ਪਹਿਲਾਂ ਦੇ ਪੱਧਰ ਤਕ ਘਟਾਉਣਗੇ। ਇਸ ਨੂੰ ਰੀਓ ਸਮਝੌਤੇ ਨਾਲ ਜਾਣਿਆ ਗਿਆ। 1995 ਵਿਚ ਇਸ ਪੈਨਲ ਨੇ ਫਿਰ ਸਾਵਧਾਨ ਕੀਤਾ ਕਿ 2100 ਤਕ ਦੁਨੀਆਂ ਦਾ ਤਾਪਮਾਨ 3.5 ਡਿਗਰੀ ਵਧ ਜਾਵੇਗਾ। ਅਖ਼ੀਰ 1992 ਵਿਚ ਜਾ ਕੇ ਇਕ 'ਕਯੋਟੋ' ਸੰਧੀ ਸਿਰੇ ਚੜ੍ਹੀ ਜੋ ਵਿਕਸਤ ਮੁਲਕਾਂ ਉਤੇ 2012 ਤਕ ਕਾਰਬਨ ਗੈਸਾਂ ਦੀ ਨਿਕਾਸੀ ਵਿਚ 5.2 ਫ਼ੀਸਦੀ ਤਕ ਦੀ ਕਟੌਤੀ ਕਰਨ ਦੀ ਕਾਨੂੰਨੀ ਬੰਦਿਸ਼ ਲਾਉਂਦੀ ਸੀ। ਉਦੋਂ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਇਸ ਉਤੇ ਦਸਤਖ਼ਤ ਵੀ ਕੀਤੇ ਪਰ ਅਮਰੀਕੀ ਸੈਨੇਟ ਨੇ ਇਸ ਦੀ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ।

2001 ਵਿਚ ਅੰਤਰ-ਸਰਕਾਰੀ ਪੈਨਲ ਨੇ ਇਕ ਵਾਰ ਫੇਰ ਬੇਮਿਸਾਲ ਤਪਸ਼ ਦੀ ਚਿਤਾਵਨੀ ਦਿੱਤੀ ਪਰ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਨੇ ਕਯੋਟੋ ਸੰਧੀ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਹ ਅਮਰੀਕੀ ਆਰਥਿਕਤਾ ਨੂੰ ਢਾਹ ਲਾਵੇਗੀ, ਭਾਵ ਅਮਰੀਕੀ ਬਹੁਕੌਮੀ ਕੰਪਨੀਆਂ ਨੂੰ ਮੁਨਾਫ਼ਿਆਂ ਦੀ ਦੌੜ ਵਿਚੋਂ ਪਿੱਛੇ ਧੱਕ ਦੇਵੇਗੀ। ਰੂਸ ਵੱਲੋਂ 8 ਸਾਲਾਂ ਬਾਅਦ ਇਸ ਸੰਧੀ ਉਤੇ ਦਸਤਖ਼ਤ ਕਰਨ ਉਪਰੰਤ ਹੀ ਇਹ ਸੰਧੀ ਅਮਲ ਵਿਚ ਆ ਸਕੀ ਪਰ ਅਮਰੀਕਾ ਨੇ ਫਿਰ ਵੀ ਇਸ ਨੂੰ ਪ੍ਰਵਾਨ ਨਹੀਂ ਕੀਤਾ। ਇਹ ਅਮਲ ਦਿਖਾਉਂਦਾ ਹੈ ਕਿ ਐਨੀ ਗੰਭੀਰ ਸਮੱਸਿਆ ਪ੍ਰਤੀ ਸ਼ੁਰੂ ਤੋਂ ਕੋਈ ਠੋਸ ਕਦਮ ਉਠਾਉਣ ਦੀ ਥਾਂ, ਇਹ ਪੂੰਜੀਵਾਦੀ ਮੁਲਕ ਮਹਿਜ਼ ਵੱਡੀਆਂ ਕਾਨਫ਼ਰੰਸਾਂ, ਗੱਲਬਾਤਾਂ ਤੇ ਅੰਕੜਿਆਂ ਦੇ ਰੁਮਾਂਸ ਤਕ ਹੀ ਸੀਮਤ ਰਹੇ ਹਨ।

ਉਨ੍ਹਾਂ ਦੀ ਇਹ ਗ਼ੈਰ-ਜ਼ਿੰਮੇਵਾਰਾਨਾ ਅਤੇ ਮਨੁੱਖਤਾ ਵਿਰੋਧੀ ਪਹੁੰਚ ਪਿਛਲੇ ਕੋਪਨਹੈਗਨ ਤੇ ਹੁਣ ਕੈਨਕੁਨ ਸੰਮੇਲਨ ਵਿਚ ਵੇਖਣ ਨੂੰ ਮਿਲੀ। ਦੁਨੀਆਂ ਉਤੇ ਛਾਈ ਆਲਮੀ ਮੰਦੀ ਦੇ ਮੱਦੇਨਜ਼ਰ ਇਹ ਗੱਲ ਬੜੀ ਸਪਸ਼ਟ ਹੈ ਕਿ ਵਿਕਸਤ ਪੂੰਜੀਵਾਦੀ ਮੁਲਕਾਂ, ਖ਼ਾਸਕਰ ਅਮਰੀਕਾ ਦੀ ਵਿਕਾਸ ਦਰ ਬੇਹੱਦ ਧੀਮੀ ਹੋ ਚੁੱਕੀ ਹੈ ਜਦੋਂ ਕਿ ਚੀਨ ਤੇ ਭਾਰਤ ਵਰਗੇ ਮੁਲਕਾਂ ਦੀ ਵਿਕਾਸ ਦਰ ਉਹੀ ਹੈ। ਇਸ ਲਈ ਹੁਣ ਵਿਕਸਤ ਮੁਲਕ ਆਪਣੇ ਉਤੇ ਕੋਈ ਬੰਦਿਸ਼ ਲਾਉਣ ਦੀ ਥਾਂ, ਅਸਲ ਵਿਚ ਚੀਨ ਵਰਗੇ ਦੇਸ਼ ਉਤੇ ਪਾਬੰਦੀਆਂ ਲਾਉਣ ਲਈ ਲਾਮਬੰਦੀ ਕਰ ਰਹੇ ਹਨ। ਇਨ੍ਹਾਂ ਦੋਵਾਂ ਸੰਮੇਲਨਾਂ ਵਿਚ ਫੋਕੀ ਬਹਿਸ ਤੋਂ ਇਲਾਵਾ, ਮੁੱਖ ਮੁੱਦਾ ਕਯੋਟੋ ਸੰਧੀ (ਜੋ 2012 ਵਿਚ ਖ਼ਤਮ ਹੋ ਰਹੀ ਹੈ) ਨੂੰ ਅੱਗੇ ਵਧਾਉਣ ਦਾ ਹੀ ਰਿਹਾ। ਅਮਰੀਕਾ, ਰੂਸ, ਜਾਪਾਨ, ਇੰਗਲੈਂਡ ਤੇ ਫ਼ਰਾਂਸ ਆਦਿ ਸਭ ਨੇ ਕਯੋਟੋ ਸੰਧੀ ਨੂੰ ਅੱਗੇ ਵਧਾਉਣ ਜਾਂ ਤਪਸ਼ ਘਟਾਉਣ ਲਈ ਕੋਈ ਠੋਸ ਨਿਸ਼ਾਨਾ ਤੈਅ ਕਰਨ ਤੇ ਇਹਦੀ ਪੂਰਤੀ ਲਈ ਕਿਸੇ ਵੀ ਤਰ੍ਹਾਂ ਦੇ ਕਾਨੂੰਨੀ ਬੰਦੇਜ ਵਾਲੀ ਸੰਧੀ ਤੋਂ ਸਾਫ਼ ਇਨਕਾਰ ਕਰ ਦਿੱਤਾ। ਘੱਟ ਵਿਕਸਤ ਮੁਲਕਾਂ ਨੂੰ ਆਪਣੇ ਜੰਗਲ ਬਚਾ ਕੇ ਰੱਖਣ ਲਈ 'ਗਰੀਨ ਫ਼ੰਡ' ਕਾਇਮ ਕਰਨ, ਕਾਰਬਨ ਗੈਸਾਂ ਘਟਾਉਣ ਲਈ ਨਵੀਂ ਤਕਨੀਕ ਦੇਣ ਆਦਿ ਜਿਹੇ ਫੋਕੇ ਤੇ ਫ਼ਰੇਬੀ ਫ਼ੈਸਲਿਆਂ ਨਾਲ ਇਹ ਸੰਮੇਲਨ ਸਮਾਪਤ ਕਰ ਦਿੱਤਾ ਗਿਆ।

ਸੰਮੇਲਨ ਫੋਕਾ ਇਸ ਲਈ ਰਿਹਾ ਕਿ 'ਗਰੀਨ ਫ਼ੰਡ' ਸਿਰਫ਼ ਹਵਾ ਵਿਚ ਲਟਕਦਾ ਨਾਅਰਾ ਹੈ। ਇਹਦੇ ਲਈ ਪੈਸਾ ਕਿੱਥੋਂ ਆਵੇਗਾ, ਇਹ ਤੈਅ ਨਹੀਂ ਹੋ ਸਕਿਆ। ਕੋਪਨਹੈਗਨ ਸੰਮੇਲਨ ਵਿਚ ਵੀ ਅਜਿਹੀ ਹੀ 2012 ਤਕ 30 ਅਰਬ ਡਾਲਰ ਦੀ ਮਦਦ ਦੇਣ ਦਾ ਵਾਅਦਾ ਹੋਇਆ ਸੀ। ਇਸ 30 ਅਰਬ ਡਾਲਰ ਵਿਚੋਂ ਅਜੇ ਤਕ ਅਮਰੀਕਾ ਨੇ ਸਿਰਫ਼ 1.8 ਅਰਬ ਤੇ ਸਾਰੇ ਮੁਲਕਾਂ ਨੇ ਮਿਲ ਕੇ ਸਿਰਫ਼ 3 ਅਰਬ ਡਾਲਰ ਜਾਰੀ ਕਰਨ ਦਾ ਵਾਅਦਾ ਕੀਤਾ ਹੈ। ਇਹ ਪੈਸਾ ਵੀ ਕਰਜ਼ਾ ਹੈ ਜਾਂ ਗਰਾਂਟ, ਇਹ ਵੀ ਤੈਅ ਨਹੀਂ ਹੋਇਆ। ਅਮਰੀਕਾ ਜਿਸ ਦਾ ਇਕੱਲਾ ਫ਼ੌਜੀ ਖ਼ਰਚਾ ਹੀ 700 ਬਿਲੀਅਨ ਡਾਲਰ ਤੋਂ ਵੱਧ ਹੈ, ਜੋ ਰੋਜ਼ਾਨਾ ਹੀ ਅਫ਼ਗਾਨਿਸਤਾਨ, ਪਾਕਿਸਤਾਨ ਤੇ ਯਮਨ ਉਤੇ ਬੰਬ ਵਰਸਾ ਕੇ ਵਾਤਵਰਣ ਨੂੰ ਪਲੀਤ ਕਰ ਰਿਹਾ ਹੈ, ਉਹ ਵੀ ਆਪਣਾ ਹਿੱਸਾ ਦੇਣ ਲਈ ਤਿਆਰ ਨਹੀਂ ਹੈ। ਅਸਲੀਅਤ ਇਹ ਹੈ ਕਿ ਇਹ ਮੁਲਕ ਇਸ ਪੈਸੇ ਨੂੰ ਯੂ.ਐਨ.ਓ. ਰਾਹੀਂ ਦੇਣ ਦੀ ਥਾਂ ਖ਼ੁਦ ਕਰਜ਼ੇ ਦੇ ਰੂਪ ਵਿਚ ਕਰੜੀਆਂ ਸ਼ਰਤਾਂ ਲਾ ਕੇ ਦੇਣ ਲਈ ਅੜੇ ਹੋਏ ਹਨ। ਇਹ ਵੀ ਇਕ ਖ਼ਬਰ ਹੈ ਕਿ ਇਹ ਪੈਸਾ ਪ੍ਰਾਈਵੇਟ ਕੰਪਨੀਆਂ ਵੱਲੋਂ ਦਿੱਤਾ ਜਾਵੇਗਾ।

ਵਿਕਸਤ ਦੇਸ਼ਾਂ ਤੋਂ ਬਾਅਦ ਉਭਰ ਰਹੇ ਚੀਨ ਤੇ ਭਾਰਤ ਵਰਗੇ ਵਿਕਾਸਸ਼ੀਲ ਮੁਲਕ ਵੀ ਆਲਮੀ ਤਪਸ਼ ਵਿਚ ਆਪਣੀ ਭੂਮਿਕਾ ਤੋਂ ਇਨਕਾਰ ਨਹੀਂ ਕਰ ਸਕਦੇ ਕਿਉਂਕਿ ਆਲਮੀ ਤਪਸ਼ ਘਟਾਉਣ ਸਬੰਧੀ ਇਨ੍ਹਾਂ ਦੀਆਂ ਨੀਤੀਆਂ ਵੀ ਵਿਕਸਤ ਦੇਸ਼ਾਂ ਦੀ ਤਰਜ਼ ਉਤੇ ਹੀ ਚੱਲ ਰਹੀਆਂ ਹਨ। ਭਾਰਤ ਦੀ ਗੱਲ ਹੀ ਲਈਏ ਤਾਂ ਸਨਅਤੀ ਵਿਕਾਸ ਦੇ ਨਾਂ ਉਤੇ, ਜੰਗਲਾਂ ਦੀ ਅੰਨ੍ਹੇਵਾਹ ਕਟਾਈ ਤੇ ਖਾਣਾਂ ਦੀ ਪੁਟਾਈ ਲਈ ਕਾਰਪੋਰੇਟ ਘਰਾਣਿਆਂ ਨਾਲ ਕੀਤੇ ਸਮਝੌਤਿਆਂ ਨੂੰ ਨਸ਼ਰ ਨਹੀਂ ਕੀਤਾ ਜਾ ਰਿਹਾ। ਕਿਤੇ ਵੇਦਾਂਤ ਤੇ ਕਿਤੇ ਰੈਡੀ ਭਰਾ ਵਣ ਕਾਨੂੰਨ ਦੀ ਧੱਜੀਆਂ ਉਡਾ ਰਹੇ ਹਨ। ਪਬਲਿਕ ਟਰਾਂਸਪੋਰਟ ਦੀ ਥਾਂ ਟਾਟਾ, ਮਾਰੂਤੀ ਤੇ ਹੋਰ ਆਟੋ-ਮੋਬਾਈਲ ਕਾਰਪੋਰੇਟ ਕੰਪਨੀਆਂ ਨੂੰ ਹਜ਼ਾਰਾਂ ਕਰੋੜ ਦੀਆਂ ਟੈਕਸ ਛੋਟਾਂ ਦੇ ਕੇ ਪ੍ਰਫੁਲਤ ਕੀਤਾ ਜਾ ਰਿਹਾ ਹੈ। ਵੱਧ ਤੋਂ ਵੱਧ ਤੇ ਵੱਡੀਆਂ ਕਾਰਾਂ ਖ਼ਰੀਦਣ ਲਈ ਮੱਧ-ਵਰਗੀ ਜਮਾਤ ਨੂੰ ਕਰਜ਼ਿਆਂ ਦੇ ਗੱਫ਼ੇ ਦਿੱਤੇ ਜਾ ਰਹੇ ਹਨ ਜਦੋਂ ਕਿ ਖੇਤੀ ਖੇਤਰ ਵਿਚ ਨਿਵੇਸ਼ ਘਟਦਾ ਜਾ ਰਿਹਾ ਹੈ। ਸਿੱਟੇ ਵਜੋਂ ਖੇਤਾਂ ਦੀ ਵਿਕਾਸ ਦਰ 2 ਫ਼ੀਸਦ ਤਕ ਡਿੱਗੀ ਹੋਈ ਹੈ ਤੇ ਭੁੱਖੇ ਮਰਦੇ ਲੋਕ ਸ਼ਹਿਰਾਂ ਵੱਲ ਪਰਵਾਸ ਕਰ ਰਹੇ ਹਨ ਜਦੋਂ ਕਿ ਦੇਸ਼ ਦੇ 50 ਕਰੋੜ ਲੋਕ ਬਿਜਲੀ ਤੋਂ ਸੱਖਣੇ ਹਨ ਤੇ 70 ਕਰੋੜ ਲੋਕ ਆਪਣੀਆਂ ਊਰਜਾ ਲੋੜਾਂ ਦੀ ਪੂਰਤੀ ਲਈ ਲੱਕੜ ਤੇ ਗੋਹੇ ਉਤੇ ਨਿਰਭਰ ਹਨ। ਇਹ ਉਹ ਲੋਕ ਹਨ ਜੋ 20 ਰੁਪਏ ਰੋਜ਼ਾਨਾ ਕਮਾਉਂਦੇ ਹਨ ਤੇ ਜ਼ਿਆਦਾਤਰ ਪਿੰਡਾਂ ਵਿਚ ਰਹਿੰਦੇ ਹਨ। ਵੀਹ ਰੁਪਏ ਦੀ ਇਸ ਦਿਹਾੜੀ ਨਾਲ ਉਹ ਕਿੰਨੀ ਕੁ ਐਨਰਜੀ ਖ਼ਪਤ ਕਰਦੇ ਹੋਣਗੇ ਜੋ ਆਲਮੀ ਤਪਸ਼ ਵਿਚ ਵਾਧਾ ਕਰਦੀ ਹੋਵੇਗੀ?

ਚੀਨ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ ਹੈ। ਉਥੇ ਵੀ ਸਨਅਤੀ ਵਿਕਾਸ ਦੇ ਮੁਨਾਫ਼ੇ ਦਾ ਵੱਡਾ ਹਿੱਸਾ ਜਿਥੇ ਅਮਰੀਕੀ ਤੇ ਚੀਨ ਦੀਆਂ ਕੰਪਨੀਆਂ ਹੜੱਪ ਕਰ ਰਹੀਆਂ ਹਨ, ਉਥੇ ਨਿਗੂਣੀਆਂ ਉਜਰਤਾਂ ਤੇ ਕੰਮ ਕਰਦੇ ਕਿਰਤੀ ਖ਼ੁਦਕੁਸ਼ੀਆਂ ਲਈ ਮਜਬੂਰ ਹੋ ਰਹੇ ਹਨ। ਸਪਸ਼ਟ ਤੌਰ ਉਤੇ ਆਲਮੀ ਤਪਸ਼ ਵਿਚ ਵਿਕਾਸਸ਼ੀਲ ਦੇਸ਼ਾਂ ਦੀ ਜੋ ਗੱਲ ਹੋ ਰਹੀ ਹੈ, ਉਹਦੇ ਲਈ ਵੱਡੇ ਕਾਰਪੋਰੇਟ ਘਰਾਣੇ ਤੇ ਇਨ੍ਹਾਂ ਦੀ ਲੰਮੀ ਪੂਛ 20 ਫ਼ੀਸਦੀ ਮੱਧ-ਵਰਗ ਜਮਾਤ ਹੀ ਜ਼ਿੰਮੇਵਾਰ ਹੈ।

ਇਹ ਆਲਮੀ ਤਪਸ਼ ਜਿਥੇ ਸਾਡੇ ਲੋਕਾਂ ਲਈ ਸਰਾਪ ਸਾਬਤ ਹੋ ਰਹੀ ਹੈ, ਉਥੇ ਕਾਰਪੋਰੇਟ ਸੈਕਟਰ ਲਈ ਵਰਦਾਨ ਬਣਦੀ ਜਾ ਰਹੀ ਹੈ। ਆਸਟਰੇਲੀਆ ਵਿਚ ਚੱਲੀਆਂ ਤੇਜ਼ ਹਵਾਵਾਂ ਕਾਰਨ, ਅਨਾਜ ਦੇ ਹੋਏ ਨੁਕਸਾਨ ਕਾਰਨ, ਕੌਮਾਂਤਰੀ ਮੰਡੀ ਵਿਚ ਅਨਾਜ ਦੀਆਂ ਕੀਮਤਾਂ 5 ਫ਼ੀਸਦੀ ਤਕ ਵਧ ਗਈਆਂ ਹਨ। ਅਗਾਊਂ ਸੌਦੇ ਕਰਨ ਵਾਲੀਆਂ ਵਪਾਰਕ ਕੰਪਨੀਆਂ ਲਈ ਇਹ ਸੋਕਾ ਵਰਦਾਨ ਸਾਬਤ ਹੋਇਆ ਜਦੋਂ ਕਿ ਅਨਾਜ ਦੀਆਂ ਕੀਮਤਾਂ ਵਿਚ ਆਏ ਪਿਛਲੇ ਉਛਾਲ ਦੀ ਵਜ੍ਹਾ ਕਰਕੇ 10 ਕਰੋੜ ਲੋਕ ਹੋਰ ਭੁੱਖਿਆਂ ਦੀ ਕਤਾਰ ਵਿਚ ਸ਼ਾਮਲ ਹੋ ਗਏ ਹਨ ਤੇ ਹੁਣ ਹੋਰ ਹੋ ਜਾਣਗੇ। ਇਸੇ ਤਰ੍ਹਾਂ ਕੈਨਕੁਨ ਸਮਝੌਤਾ ਸਸਤੀ ਗਰੀਨ ਟੈਕਨਾਲੋਜੀ ਕਾਰਪੋਰੇਟਾਂ ਲਈ ਵਰਦਾਨ ਸਾਬਤ ਹੋਵੇਗਾ। ਅਮਰੀਕਾ-ਆਧਾਰਤ ਪੀਊ ਚੈਰੀਟੇਬਲ ਟਰਸਟ ਦੀ ਰਿਪੋਰਟ ਹੈ ਕਿ ਭਾਰਤੀ ਮੰਦੀ 'ਕਲੀਨ ਐਨਰਜੀ' ਦੇ ਖੇਤਰ ਵਿਚ 169 ਬਿਲੀਅਨ ਡਾਲਰ ਦੇ ਨਿਵੇਸ਼ ਲਈ ਤਿਆਰ ਹੈ। ਸੋ, ਵਾਤਾਵਰਨ ਵਿਗਾੜ ਨੂੰ ਕੁਦਰਤੀ ਕਹਿਰ ਵਜੋਂ ਵੇਖਣ ਦੀ ਥਾਂ ਪੂੰਜੀਵਾਦ ਦੇ ਮੰਤਕੀ ਸਿੱਟੇ ਵਜੋਂ ਘੋਖਣ ਦੀ ਲੋੜ ਹੈ ਅਤੇ ਮਨੁੱਖਤਾ ਦੇ ਭਵਿੱਖ ਨੂੰ ਬਚਾਉਣ ਲਈ ਪੂੰਜੀਵਾਦ ਨੂੰ ਖ਼ਤਮ ਕਰਨਾ ਪਵੇਗਾ। ਇਸ ਤੋਂ ਸਰਲ ਕੋਈ ਹੋਰ ਹੱਲ ਨਹੀਂ ਹੋ ਸਕਦਾ।




**ਕੈਨਕੁਨ, ਮੈਕਸੀਕੋ ਵਿਚ ਸੰਯੁਕਤ ਰਾਸ਼ਟਰ ਦੀ ਆਲਮੀ ਤਪਸ਼ ਬਾਰੇ ਕਾਨਫਰੰਸ ਵਾਲੀ ਥਾਂ ਨੇੜੇ ਸਮੁੰਦਰ ਕੰਢੇ ਆਲਮੀ ਤਪਸ਼ ਵਿਰੁਧ ਜਥੇਬੰਦੀ ਗਰੀਨ ਪੀਸ ਦੇ ਕਾਰਕੁਨ ਆਪਣੇ ਜਿਸਮਾਂ ਨਾਲ ਸ਼ਬਦ 'ਹੋਪ' (ਆਸ) ਸਿਰਜਦੇ ਹੋਏ**

# ਮਜਬੂਰੀ ਦੀ ਚੱਕੀ ਵਿਚ ਪਿਸਦੀ ਮਰਜ਼ੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

"ਵੀਹ ਸਾਲ ਦੀ ਉਮਰ ਤਕ ਜਜ਼ਬਾ ਰਾਜ ਕਰਦਾ ਹੈ, ਤੀਹ ਵਿਚ ਅਕਲ ਅਤੇ ਚਾਲੀ ਸਾਲ ਦੀ ਉਮਰ ਵਿਚ ਤਜਰਬੇ ਦੀ ਹਕੂਮਤ ਹੁੰਦੀ ਹੈ। ਇਸ ਪਿੱਛੋਂ ਰਾਜ ਲਗਭਗ ਟੁੱਟ ਹੀ ਜਾਂਦਾ ਹੈ।"

ਕਿਸੇ ਨੀਤੀ-ਵੇਤਾ ਵੱਲੋਂ ਇਨਸਾਨ ਦੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਬਾਰੇ ਬਣਾਇਆ ਗਿਆ ਇਹ ਖਾਕਾ, ਬਿਨਾਂ ਸ਼ੱਕ ਤੱਥਾਂ ਉਤੇ ਆਧਾਰਤ ਜਾਪਦਾ ਹੈ ਪਰ ਜ਼ਰੂਰੀ ਨਹੀਂ ਕਿ ਇਸ 'ਫਰੇਮ' ਵਿਚ ਸਾਰਿਆਂ ਵੱਲੋਂ ਹੰਢਾਇਆ ਹੋਇਆ ਜੀਵਨ ਫਿੱਟ ਆ ਜਾਏ! ਜਿਨ੍ਹਾਂ ਘਰਾਂ ਵਿਚ ਰੋਟੀ ਦੇ ਹੀ ਲਾਲੇ ਪਏ ਰਹਿੰਦੇ ਹੋਣ, ਉਥੇ ਜਨਮੇ ਵੀਹ ਸਾਲ ਦੀ ਉਮਰ ਦੇ ਨਿਆਣਿਆਂ ਦੇ ਕਾਹਦੇ ਜਜ਼ਬਾਤ? ਜਿਹੜੇ ਜਵਾਨੀ ਪਹਿਰੇ ਹੀ ਵਿਗੜਿਆਂ-ਤਿਗੜਿਆਂ ਦੀ ਸੰਗਤ ਵਿਚ ਪੈ ਗਏ ਹੋਣ, ਅਕਲ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਹੁੰਦੀ। ਇਸੇ ਤਰ੍ਹਾਂ ਜਿਸ ਨੇ ਚਾਲੀਆਂ ਤਕ ਪਹੁੰਚ ਕੇ ਵੀ ਕੋਈ ਸਿੱਧਾ ਕੰਮ ਨਹੀਂ ਕੀਤਾ ਹੁੰਦਾ, ਉਹਦੇ ਕੋਲ ਤਜਰਬਿਆਂ ਦੀ ਪੂੰਜੀ ਕਿੱਥੋਂ ਲੱਭਣੀ ਹੋਈ! ਰਹੀ ਗੱਲ ਚਾਲੀ ਸਾਲ ਦੀ ਉਮਰ ਤੋਂ ਬਾਅਦ ਰਾਜ-ਭਾਗ ਟੁੱਟਣ ਦੀ, ਇਹਦੇ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਸਮੇਂ ਲੱਦ ਗਏ ਜਦ ਘਰਾਂ ਵਿਚ ਕਿਸੇ ਇਕ ਮੁਖੀਏ ਦਾ, ਖ਼ਾਸ ਕਰਕੇ ਬਾਪ ਦਾ 'ਰਾਜ-ਭਾਗ' ਚੱਲਦਾ ਹੁੰਦਾ ਸੀ। ਅੱਜ ਕੱਲ੍ਹ ਤਾਂ ਇੰਜ ਕਿਹਾ ਜਾਣਾ ਚਾਹੀਦਾ ਹੈ ਕਿ ਜਜ਼ਬਾਤ ਅਤੇ ਅਕਲ ਦਾ ਭੋਗ ਤਾਂ ਵਿਆਹ ਹੁੰਦਿਆਂ ਹੀ ਪੈ ਜਾਂਦਾ ਹੈ। ਨਾਲ ਹੀ ਬੰਦੇ ਦੇ ਰਾਜ-ਭਾਗ ਦਾ ਕੀਰਤਨ ਸੋਹਿਲਾ ਵੀ ਪੜ੍ਹਿਆ ਜਾਂਦਾ ਹੈ। ਜੇ ਕਿਸੇ ਕਾਰਨ 'ਹਕੂਮਤ' ਦੀ ਰਹਿੰਦ-ਖੂੰਹਦ ਵਿਆਹ ਤੋਂ ਬਾਅਦ ਵੀ ਬਚੀ ਰਹਿ ਜਾਵੇ ਤਾਂ ਵੱਡੀ ਹੋਈ ਔਲਾਦ ਸਾਰੀਆਂ ਕਸਰਾਂ ਕੱਢ ਦਿੰਦੀ ਹੈ। "ਪੁੱਤ ਰਾਜ ਮਲੇਛ ਰਾਜ" ਵਾਲਾ ਅਖਾਣ ਬੰਦੇ ਦੀ ਉਸ ਤਰਸਯੋਗ ਹਾਲਤ ਦਾ ਪ੍ਰਗਟਾਵਾ ਹੀ ਹੈ ਜਦੋਂ ਕੋਈ ਬਾਪ ਆਪਣਾ ਪਤ-ਤੇਜ਼ ਗਵਾ ਕੇ ਆਪਣੇ ਪੁੱਤਾਂ ਦੇ ਹੁਕਮ ਅਧੀਨ ਜਿਉ ਰਿਹਾ ਹੋਵੇ।

ਇਕੱਲੀ ਔਲਾਦ ਜਾਂ ਪਤਨੀ ਹੀ ਨਹੀਂ ਸਗੋਂ ਕਈ ਵਾਰੀ ਕਬੀਲਦਾਰੀ ਦੀ ਗੱਡੀ ਚਲਾਉਂਦਿਆਂ ਹੋਰ ਨਿਕਟਵਰਤੀ ਅੰਗ-ਸਾਕ ਵੀ ਧੱਕੇ ਨਾਲ ਸਟੇਅਰਿੰਗ ਫੜ ਕੇ ਘੁੰਮਾ ਦਿੰਦੇ ਹਨ। ਲੱਖ ਨਾ ਚਾਹੁੰਦਿਆਂ ਹੋਇਆਂ ਵੀ ਅੱਕ ਚੱਬਣਾ ਪੈ ਜਾਂਦਾ ਹੈ। ਉਪਰੋਂ ਸਿਤਮ ਇਹ ਕਿ ਕਈ ਵਾਰ ਅਜਿਹੀ ਮਜਬੂਰੀ 'ਮੁਸਕਰਾਉਂਦਿਆਂ' ਜਾਂ ਬੰਨ੍ਹੇ ਹੱਥੀਂ ਨਿਭਾਉਣੀ ਪੈਂਦੀ ਹੈ। ਉਦੋਂ ਬੰਦੇ ਦੀ ਆਪਣੀ ਮਰਜ਼ੀ ਜਾਂ ਆਪਣੇ ਅਸੂਲ, ਸਾਰਾ ਕੁਝ 'ਜ਼ੀਰੋ' ਹੋ ਕੇ ਰਹਿ ਜਾਂਦਾ ਹੈ।

ਹਰ ਤਰ੍ਹਾਂ ਦੇ ਨਸ਼ੇ-ਪਤੇ ਅਤੇ ਅੰਡਾ-ਮੀਟ ਤੋਂ ਕੋਹਾਂ ਦੂਰ ਰਹਿਣ ਵਾਲੇ ਇਕ ਜਾਣੂ ਸੱਜਣ ਨੇ ਆਪਣੀ ਬੇਟੀ ਲਈ ਸਾਬਤ-ਸੂਰਤਿ ਵਰ ਤਾਂ ਲੱਭ ਲਿਆ ਪਰ ਜਦੋਂ ਬਰਾਤ ਦੀ 'ਸੇਵਾ' ਕਰਨ ਦੀ ਗੱਲ ਆਈ ਤਾਂ ਮੁੰਡੇ ਵਾਲਿਆਂ ਦੀਆਂ ਸਾਰੀਆਂ ਮੰਗਾਂ ਮਜਬੂਰਨ ਮੰਨਣੀਆਂ ਪਈਆਂ। ਇਹ ਮੈਰਿਜ ਪੈਲੇਸਾਂ ਦੇ ਰਿਵਾਜ ਤੋਂ ਪਹਿਲੇ ਸਮਿਆਂ ਦੀ ਗੱਲ ਹੈ। ਸੋ, ਘਰ ਵਿਚ ਹੀ ਚੁਟੰਗੇ ਝਟਕਾਏ ਗਏ, ਕੁੱਕੜਾਂ ਦੀਆਂ ਕਲਗੀਆਂ ਦੇ ਢੇਰ ਲੱਗੇ। ਸੋਮ ਰਸ ਦੀਆਂ ਬੋਤਲਾਂ ਦੇ ਢੱਕਣ ਖੁੱਲ੍ਹੇ। ਬਰਾਤ ਦੇ ਨਾਲ ਆਈ ਗਾਉਣ ਵਾਲੀ ਦਾ ਅਖਾੜਾ ਵੀ ਭਖ਼ਿਆ। ਸਾਰੇ ਵਿਆਹ ਦੌਰਾਨ ਸਰਦਾਰ ਸਾਹਿਬ ਦੇ ਚਿਹਰੇ ਉਤੇ ਮੁਸਕਰਾਹਟ ਦੇ ਚਿੰਨ੍ਹ ਤਾਂ ਬਣਦੇ ਰਹੇ ਪਰ ਨਾਲ ਦੀ ਨਾਲ ਹਵਾਈਆਂ ਵੀ ਉਡਦੀਆਂ ਰਹੀਆਂ। ਟੇਬਲਾਂ ਉਤੇ ਪਏ ਮੀਟ ਦੇ ਡੌਂਗੇ ਅਤੇ ਸ਼ਰਾਬ ਦੀਆਂ ਬੋਤਲਾਂ ਵੱਲ ਤਿਰਛੀ ਨਜ਼ਰ ਦੇਖਦਿਆਂ ਕੁੜੀ ਦਾ ਬਾਪ ਸਬਰ ਦੇ ਘੁੱਟ ਭਰ ਰਿਹਾ ਸੀ। ਧੀ ਦੇ ਡੋਲੀ ਵਿਚ ਬਹਿਣ ਸਮੇਂ ਫੁੱਟ-ਫੁੱਟ ਰੋ ਰਹੇ ਸਰਦਾਰ ਜੀ ਵੱਲ ਵੇਖ ਕੇ ਲੋਕੀਂ ਘੁਸਰ-ਮੁਸਰ ਕਰ ਰਹੇ ਸਨ ਕਿ ਧੀ ਦੇ ਵਿਛੋੜੇ ਦੇ ਨਾਲ-ਨਾਲ ਵੱਡਾ ਦੁੱਖ ਤਾਂ ਇਨ੍ਹਾਂ ਨੂੰ ਆਪਣਾ ਰਾਜ-ਭਾਗ ਟੁੱਟ ਜਾਣ ਦਾ ਹੀ ਹੈ। ਸੱਚਮੁਚ ਵਿਚਾਰੇ ਦੇ ਚਿਰਾਂ ਤੋਂ ਕਾਇਮ ਹੋਏ ਅਸੂਲ, ਔਲਾਦ ਦੀ ਮਜਬੂਰੀ ਸਾਹਮਣੇ ਤੀਲਾ-ਤੀਲਾ ਹੋ ਗਏ!

ਆਪਣੇ ਹੀ ਸਕੇ-ਸੋਧਰਿਆਂ ਦੇ ਹੱਠ ਕਾਰਨ ਮਜਬੂਰੀ ਦੀ ਚੱਕੀ ਵਿਚ ਪਿਸਣ ਦੀ ਇਕ ਹੋਰ ਇਹੋ ਜਿਹੀ ਕਹਾਣੀ ਮੇਰੇ ਪਿਤਾ ਜੀ ਸੁਣਾਇਆ ਕਰਦੇ ਸਨ। ਸਾਡੇ ਦਾਦੀ ਜੀ ਦੇ ਅਕਾਲ ਚਲਾਣਾ ਕਰ ਜਾਣ ਉਤੇ ਸਹਿਜ ਪਾਠ ਦਾ ਭੋਗ ਪਾਇਆ ਜਾਣਾ ਸੀ। ਆਪਣੇ ਸਮੇਂ ਦਾ ਪ੍ਰਸਿੱਧ ਨਕਸੀਹਾਂ ਵਾਲਾ ਰਾਗੀ ਜਥਾ ਆਇਆ ਬੈਠਾ ਸੀ। ਦੂਰ-ਨੇੜੇ ਦੇ ਸਾਕ-ਸਬੰਧੀ ਅਤੇ ਹੋਰ ਮਿੱਤਰ-ਸੱਜਣ ਸਭ ਪਹੁੰਚੇ ਹੋਏ ਸਨ। ਭੋਗ ਤੋਂ ਪਹਿਲਾਂ ਸਾਡੀ ਇਕ ਭੂਆ, ਭਾਈਆ ਜੀ ਨੂੰ ਪੁੱਛਣ ਲੱਗੀ ਕਿ ਵੀਰਾ, ਮਾਂ ਦੇ ਨਮਿਤ ਦਾਨ ਕੀਤੇ ਜਾਣ ਵਾਲੇ ਭਾਂਡੇ, ਬਿਸਤਰ ਅਤੇ ਵਸਤਰਾਂ ਦਾ ਇੰਤਜ਼ਾਮ ਕੀਤਾ ਹੋਇਐ?

ਖੜ੍ਹ ਗਿਆ ਪੰਗਾ!! ਭਾਈਆ ਜੀ ਸਾਡੇ ਪੱਕੇ ਸਿੰਘ ਸਭੀਏ। ਹਰ ਤਰ੍ਹਾਂ ਦੇ ਫ਼ਜ਼ੂਲ ਕਰਮ-ਕਾਂਡਾਂ ਅਤੇ ਮਨਮਤਾਂ ਦੇ ਕੱਟੜ ਵਿਰੋਧੀ ਹੀ ਨਹੀਂ ਸਗੋਂ ਇਨ੍ਹਾਂ ਵਿਰੁਧ ਡਟ ਕੇ ਪ੍ਰਚਾਰ ਕਰਨ ਵਾਲੇ। ਭੋਗ ਮੌਕੇ ਭਾਈਆ ਜੀ ਦੇ ਉਹ ਜਾਣੂ-ਪਛਾਣੂ ਵੀ ਪਹੁੰਚੇ ਹੋਏ ਸਨ ਜਿਨ੍ਹਾਂ ਦੇ ਘਰਾਂ ਵਿਚ ਹੋਏ ਸੋਗ ਸਮਾਗਮਾਂ ਮੌਕੇ ਭਾਈਆ ਜੀ ਨੇ ਮ੍ਰਿਤਕ ਪ੍ਰਾਣੀਆਂ ਲਈ ਕੀਤੇ ਜਾਂਦੇ ਫੋਕਟ ਕਰਮ-ਕਾਂਡ ਨਹੀਂ ਸੀ ਕਰਨ ਦਿੱਤੇ। ਗ੍ਰਹਿਸਥ ਦੇ ਆਮ ਕਾਰ-ਵਿਹਾਰਾਂ ਵਿਚ ਗੁਰਮਤਿ ਪੱਖੀ ਦ੍ਰਿੜ੍ਹ ਸਟੈਂਡ ਲੈਂਦੇ ਰਹਿਣ ਕਰਕੇ ਪੂਰੇ ਇਲਾਕੇ ਵਿਚ ਭਾਈਆ ਜੀ ਨੂੰ ਮਾਣ-ਸਤਿਕਾਰ ਵਜੋਂ 'ਗਿਆਨੀ ਜੀ' ਕਿਹਾ ਜਾਂਦਾ ਸੀ ਪਰ ਅੱਜ ਆਪਣੀ ਵੱਡੀ ਭੈਣ ਦੇ ਮੂੰਹੋਂ ਭਾਂਡਿਆਂ-ਕੱਪੜਿਆਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਸੁੱਝੇ ਕੁਝ ਨਾ ਕਿ ਕੀ ਕੀਤਾ ਜਾਏ!

ਪ੍ਰੇਮ-ਪਿਆਰ ਨਾਲ ਉਨ੍ਹਾਂ ਆਪਣੀ ਭੈਣ ਨੂੰ ਅੰਦਰ ਲਿਜਾ ਕੇ ਪਰਦੇ ਨਾਲ ਸਮਝਾਇਆ ਕਿ ਜਿਹੜਾ ਪ੍ਰਾਣੀ ਇਸ ਦੁਨੀਆਂ ਤੋਂ ਕੂਚ ਕਰ ਗਿਆ, ਨਾ ਉਸ ਨੂੰ ਭਾਂਡਿਆਂ ਦੀ ਲੋੜ ਹੈ, ਨਾ ਵਸਤਰਾਂ ਜਾਂ ਬਿਸਤਰਿਆਂ ਦੀ। ਇਹ ਸਾਰਾ ਢਕਵੰਜ ਪ੍ਰੋਹਿਤ ਸ਼੍ਰੇਣੀ ਨੇ ਆਪਣਾ ਤੋਰੀ-ਫੁਲਕਾ ਚੱਲਦਾ ਰੱਖਣ ਵਾਸਤੇ ਹੀ ਰਚਿਆ ਹੋਇਆ ਹੈ। ਜਿੰਨੀਆਂ ਕੁ ਗੁਰਬਾਣੀ ਦੀਆਂ ਪੰਕਤੀਆਂ ਅਤੇ ਇਸ ਪ੍ਰਕਰਨ ਬਾਬਤ ਜਿੰਨਾ ਕੁ ਇਤਿਹਾਸ ਭਾਈਆ ਜੀ ਨੂੰ ਆਉਂਦਾ ਸੀ, ਉਨ੍ਹਾਂ ਭੂਆ ਜੀ ਨੂੰ ਸੁਣਾਇਆ। ਲੇਕਿਨ ਭੂਆ ਜੀ ਸਿਰ ਫੇਰਦਿਆਂ ਕਹਿੰਦੇ, "ਆਪਣਾ ਇਹ ਗਿਆਨ-ਧਿਆਨ ਤੇ ਲੈਕਚਰਬਾਜ਼ੀ ਰੱਖ ਆਪਣੇ ਕੋਲ ਹੀ। ਭੋਗ ਵੇਲੇ ਮਹਾਰਾਜ ਦੇ ਸਾਹਮਣੇ ਸਭ ਕੁਝ ਧਰਿਆ ਹੋਣਾ ਚਾਹੀਦਾ ਹੈ। ਸੁਣਿਆਂ?"

ਭਾਈਆ ਜੀ ਨੇ ਆਪਣੇ ਸਿਧਾਂਤਾਂ ਦੇ ਕਿਲੇ ਨੂੰ ਢਹਿਣੋਂ ਬਚਾਉਣ ਲਈ ਆਖ਼ਰੀ ਹੰਭਲੇ ਵਜੋਂ ਭੋਗ ਉਤੇ ਪਹੁੰਚੇ ਹੋਏ ਸਿੰਘ ਸਭੀਏ ਮਿੱਤਰਾਂ ਦਾ ਵਾਸਤਾ ਪਾਉਣ ਦੇ ਨਾਲ-ਨਾਲ ਸਿੱਖ ਇਤਿਹਾਸ ਵਿਚੋਂ ਕੁਝ ਸ਼ਹੀਦਾਂ ਦੇ ਵੇਰਵੇ ਸੁਣਾਏ ਜਿਨ੍ਹਾਂ ਨੂੰ ਸ਼ਹਾਦਤਾਂ ਉਪਰੰਤ ਭਾਂਡੇ-ਬਿਸਤਰੇ ਤਾਂ ਦੂਰ ਦੀ ਗੱਲ, ਦੋ ਗਜ਼ ਕਫ਼ਨ ਵੀ ਨਸੀਬ ਨਾ ਹੋਇਆ ਸੀ। ਕੀ ਉਹ ਸਾਰੇ ਬੇ-ਗਤੇ ਹੀ ਫਿਰ ਰਹੇ ਹੋਣਗੇ?

ਹੁਣ ਭੂਆ ਜੀ ਨੇ ਵੀ ਆਖ਼ਰੀ ਹਥਿਆਰ ਵਰਤਿਆ। ਉਸ ਨੇ ਸਿਰ ਉਤੇ ਲਏ ਦੁਪੱਟੇ ਨਾਲ ਅੱਖਾਂ ਪੂੰਝਦਿਆਂ ਹਟਕੋਰੇ ਭਰੇ- "ਜੇ ਭਰਾਵਾ, ਤੈਂ ਸਾਡੀ ਮਾਂ ਦੇ ਸਿਵੇ ਨੂੰ ਇੱਦਾਂ ਈ ਖੱਜਲ ਕਰਨੈ ਤਾਂ ਕਰ ਆਪਣੀ ਮਰਜ਼ੀ!" ਇਹ ਕਹਿ ਕੇ ਉਸ ਨੇ ਮੋਰਨੀਆਂ ਦੀ ਕਢਾਈ ਵਾਲਾ ਆਪਣਾ ਝੋਲਾ ਚੁੱਕਿਆ ਅਤੇ ਆਪਣੇ ਨਿਆਣਿਆਂ ਨੂੰ ਉਠਣ ਦਾ ਇਸ਼ਾਰਾ ਕੀਤਾ। 'ਵੀਟੋ ਪਾਵਰ' ਵਰਤਣ ਵਾਂਗ ਉਹ ਪੇਕੇ ਘਰੋਂ ਰੁੱਸ ਕੇ ਜਾਣ ਲਈ ਤਿਆਰ ਹੋ ਗਈ। ਭਾਈਏ ਹੁਰੀਂ ਲੱਗ ਪਏ ਪਾਣੀ ਵਿਚ ਮੁੱਠੀਆਂ ਵੱਟਣ!!

ਖੜ੍ਹੇ ਪੈਰ ਜਾਡਲੇ ਨੂੰ ਇਕ ਬੰਦਾ ਦੌੜਾਇਆ ਗਿਆ। ਜੁੱਤੀ ਸਮੇਤ ਤਿੰਨੇ ਕੱਪੜੇ ਅਤੇ ਭਾਂਡੇ ਆਦਿ ਸਗਲੀ ਰਾਮ ਪੰਡਤ ਦੀ ਦੁਕਾਨ ਤੋਂ ਲਿਆਂਦੇ ਗਏ। ਭੋਗ ਵੇਲੇ ਅਰਦਾਸੀਏ ਭਾਈ ਜੀ ਵੱਲੋਂ ਬੋਲੇ ਜਾ ਰਹੇ ਇਹ ਲਫ਼ਜ਼: "ਵਿਛੜੀ ਮਾਤਾ ਜੀ ਦੇ ਨਮਿਤ ਤਿਨ੍ਹਾਂ ਦੇ ਸਪੁੱਤਰ ਭਾਈ ਕਰਮ ਸਿੰਘ ਵੱਲੋਂ ਵਸਤਰ, ਬਰਤਨ ਅਤੇ ਬਿਸਤਰਾ... " ਭਾਈਆ ਜੀ ਦੀ ਆਤਮਾ ਨੂੰ ਛਲਣੀ-ਛਲਣੀ ਕਰ ਰਹੇ ਸਨ। ਭੈਣ ਦੇ ਮਨ-ਮਤੀਏ ਹਠ ਦੀ ਮਜਬੂਰੀ ਨੇ ਗਿਆਨਵਾਨ ਭਰਾ ਦੇ ਸਿਧਾਂਤਾਂ ਦਾ ਉਸਰਿਆ ਬੁਰਜ, ਪਲਾਂ ਵਿਚ ਹੀ ਢਹਿ-ਢੇਰੀ ਕਰ ਦਿੱਤਾ।

ਰਾਜ-ਭਾਗ ਦੇ ਉਤਰਾਧਿਕਾਰੀ ਬਣਨ ਵਾਲੇ ਆਪਣੇ ਲਾਇਕ ਪੁੱਤਰ ਸ੍ਰੀ ਰਾਮ ਚੰਦਰ ਅਤੇ ਨੂੰਹ ਨੂੰ ਬਣਵਾਸ ਲਈ ਜਾਂਦੇ ਦੇਖ ਰਹੇ ਦਸ਼ਰਥ ਦੀ ਮਰਜ਼ੀ, ਮਜਬੂਰੀ ਦੀ ਚੱਕੀ ਵਿਚ ਬੁਰੀ ਤਰ੍ਹਾਂ ਪਿਸ ਗਈ। ਭਾਰਤੀ ਮਿਥਿਹਾਸ ਦੇ ਇਸ ਪ੍ਰਸੰਗ ਵਿਚਲੇ ਰਾਜਾ ਦਸ਼ਰਥ ਵੱਲੋਂ ਕੈਕਈ ਨੂੰ ਦਿੱਤੇ ਗਏ 'ਵਚਨ' ਦੀ ਮਜਬੂਰੀ ਕਾਰਨ ਹੀ ਸਾਰੀ ਰਾਮਾਇਣ ਹੋਂਦ ਵਿਚ ਆਈ। ਮਜਬੂਰੀ ਦੀ ਬੇ-ਤਰਸ ਚੱਕੀ ਨੇ ਕਿੱਡਾ ਉਪੱਦਰ ਮਚਾਇਆ ਕਿ ਸਦੀਆਂ ਲਈ ਇਹ ਮਨੋਰੰਜਕ ਕਥਾ ਲੋਕਾਂ ਲਈ ਦਿਲਚਸਪੀ ਦਾ ਬਾਇਸ ਬਣ ਗਈ।

ਧਰਤੀ ਤੋਂ ਛੇ-ਸੱਤ ਫੁੱਟ ਉਚੇ ਬੰਨ੍ਹੇ ਹੋਏ ਰੱਸੇ ਉਪਰ ਬੋਚ-ਬੋਚ ਕੇ ਪੈਰ ਧਰ ਕੇ ਤੁਰਦੀ ਹੋਈ ਨਟਣੀ ਜਦੋਂ ਛੜੱਪਾ ਮਾਰ ਕੇ ਥੱਲੇ ਉਤਰੀ ਤਾਂ ਪਿੰਡ ਦੇ ਇਕ ਬਾਬੇ ਨੇ ਪੁੱਛਿਆ, "ਕੁੜੇ ਭਾਈ...ਤੈਨੂੰ ਇਹ ਖ਼ਤਰਨਾਕ ਕਰਤਬ ਕਰਦਿਆਂ ਡਰ ਨਹੀਂ ਲੱਗਦਾ?"

"ਬਾਬਾ, ਪਾਪੀ ਪੇਟ ਕੀ ਮਜਬੂਰੀ ਮੁਝੇ ਡਰਨੇ ਨਹੀਂ ਦੇਤੀ!" ਨਟਣੀ ਦਾ ਜਵਾਬ ਸੁਣ ਕੇ ਬਾਬੇ ਨੂੰ ਆਪਣੀਆਂ ਮਜਬੂਰੀਆਂ ਚੇਤੇ ਆ ਗਈਆਂ ਕਿ ਮੈਂ ਖ਼ੁਦ ਹਵੇਲੀ ਵਿਚ ਕਿਉਂ ਆ ਬੈਠਾ ਹਾਂ।

ਜਾਪਦਾ ਹੈ ਕਿ ਆਦਿ ਕਾਲ ਤੋਂ ਹੀ ਮਨੁੱਖ ਮਜਬੂਰੀਆਂ ਦੀ ਮਾਰ ਸਹਿੰਦਾ ਆਇਆ ਹੈ ਪਰ ਅਜੋਕੇ ਸਮੇਂ ਦੀ ਤੇਜ਼ ਰਫ਼ਤਾਰੀ ਨੇ ਮਜਬੂਰੀ ਦੀ ਚੱਕੀ ਨੂੰ ਵੀ ਤੇਜ਼ ਗਤੀ ਨਾਲ ਘੁੰਮਾਇਆ ਹੋਇਆ ਹੈ। ਕੋਈ ਵੀ ਮਾਈ-ਭਾਈ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹ ਮਜਬੂਰੀਆਂ ਤੋਂ ਮੁਕਤ ਹੈ। ਕਿਸੇ ਦੇ ਹਾਸੇ ਦੇਖ ਕੇ ਉਸ ਨੂੰ 'ਅੰਦਰੋਂ' ਖ਼ੁਸ਼ ਸਮਝਣਾ, ਸਾਡੀਆਂ ਅੱਖਾਂ ਦਾ ਭਰਮ ਹੋ ਸਕਦਾ ਹੈ, ਹਕੀਕਤ ਨਹੀਂ।

ਮੁਸਤਕਿਲ ਹੰਸਨੇ ਕੀ ਆਦਤ ਸੇ ਪ
ਤਾ ਚਲਤਾ ਹੈ,
ਤੁਮਨੇ ਸੀਨੇ ਮੇਂ ਕਿਸੀ ਮਜਬੂਰੀ ਕੋ
ਛੁਪਾ ਰੱਖਾ ਹੈ।

---

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

# ਐਸੀ ਪਈ ਦੁੱਖਾਂ ਵਾਲੀ ਮਾਰ

ਗੁਰਦੁਆਰਾ ਸਾਹਿਬ ਵਿਚ ਹਫ਼ਤਾਵਾਰੀ ਦੀਵਾਨ ਸਜਿਆ ਹੋਇਆ ਸੀ। ਭਾਈ ਪਿੰਦਰ ਪਾਲ ਸਿੰਘ ਲੁਧਿਆਣਾ ਵਾਲੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕਰਦੇ ਹੋਏ ਦੱਸ ਰਹੇ ਸਨ ਕਿ ਸਿੱਖ ਪੰਥ ਵਿਚ 'ਸੇਵਾ' ਦਾ ਕੀ ਮਹੱਤਵ ਹੈ। ਮੇਰਾ ਦਿਲ ਚਾਹੁੰਦਾ ਸੀ ਕਿ ਦੀਵਾਨ ਦੀ ਸਮਾਪਤੀ ਤੋਂ ਬਾਅਦ ਹੀ ਸੰਗਤ ਵਿਚੋਂ ਉਠਿਆ ਜਾਵੇ ਪਰ ਕੰਧ ਉਤੇ ਲਟਕ ਰਹੀ ਘੜੀ ਮੁੜ-ਮੁੜ ਕੇ ਕੰਮ ਦੇ ਸਮੇਂ ਦਾ ਧਿਆਨ ਦਿਵਾ ਰਹੀ ਸੀ। ਮੈਂ ਨਾ ਚਾਹੁੰਦਿਆਂ ਵੀ ਸੰਗਤ ਵਿਚੋਂ ਉਠ ਕੇ ਬਾਹਰ ਆ ਗਿਆ। ਪ੍ਰਸਾਦਾ ਛਕਣ ਵਾਲਿਆਂ ਦੀ ਲੰਮੀ ਲਾਈਨ ਵੇਖ ਕੇ ਮੈਂ ਆਪਣੀ ਕਾਰ ਵੱਲ ਤੁਰ ਪਿਆ। ਮਨ ਚਾਹੁੰਦਾ ਸੀ ਕਿ ਕੰਮ ਦਾ ਕੋਈ ਘੰਟਾ ਮਰ ਨਾ ਜਾਵੇ। ਅੱਗੇ ਥੋੜ੍ਹੀ ਦੂਰ ਇਕ ਮਾਤਾ ਦੋ ਬੱਚੀਆਂ ਨੂੰ ਲੈ ਕੇ ਖੜ੍ਹੀ ਸੀ। ਆਪਣੀ ਆਦਤ ਤੋਂ ਮਜਬੂਰ ਮਾਤਾ ਦੇ ਗੋਡੀਂ ਹੱਥ ਲਾ ਕੇ ਫ਼ਤਿਹ ਬੁਲਾਈ ਤੇ ਪੁੱਛਿਆ, "ਮਾਤਾ ਜੀ, ਇਥੇ ਕਿਉਂ ਖੜ੍ਹੇ ਹੋ? ਕਿਸੇ ਦੀ ਉਡੀਕ ਕਰ ਰਹੇ ਹੋ?" ਮੈਂ ਇਕੋ ਸਾਹੇ ਦੋ ਸਵਾਲ ਪੁੱਛ ਗਿਆ। "ਹਾਂ ਪੁੱਤ, ਮੈਂ ਆਪਣੀ ਧੀ ਨੂੰ ਉਡੀਕ ਰਹੀ ਹਾਂ। ਉਹ ਅਜੇ ਆਈ ਨਹੀਂ, ਪਤਾ ਨਹੀਂ ਕੀ ਗੱਲ ਹੈ," ਮਾਤਾ ਕਹਿ ਕੇ ਰਾਹ ਵੱਲ ਦੇਖਣ ਲੱਗੀ। "ਮਾਤਾ ਜੀ, ਤੁਹਾਡੇ ਕੋਲ ਉਸ ਦਾ ਸੈਲ ਫ਼ੋਨ ਨੰਬਰ ਹੈ ਤਾਂ ਮੈਂ 'ਕਾਲ' ਕਰ ਕੇ ਪੁੱਛ ਲੈਂਦਾ ਹਾਂ," ਮੈਂ ਮਾਤਾ ਜੀ ਦੀ ਮਦਦ ਕਰਨ ਦੇ ਲਹਿਜੇ ਨਾਲ ਨਾਲ ਪੁੱਛਿਆ। ਮਾਤਾ ਦੇ ਦੱਸੇ ਨੰਬਰ ਉਤੇ ਫ਼ੋਨ ਕੀਤਾ। ਮੈਂ ਆਪਣਾ ਨਾਂ ਦੱਸਦੇ ਹੋਏ ਮਾਤਾ ਦੀ ਗੱਲ ਕਰਵਾ ਦਿੱਤੀ। ਮੈਨੂੰ ਵੀ ਕਥਾ ਸੁਣੀ ਦਾ ਅਸਰ ਹੋਇਆ ਲੱਗਦਾ ਸੀ, ਕਿਉਂ ਜੋ ਮੈਂ ਕੰਮ ਉਤੇ ਜਾਣਾ ਭੁੱਲ ਗਿਆ ਅਤੇ ਮਾਤਾ ਨੂੰ ਛੱਡਣ ਉਨ੍ਹਾਂ ਦੇ ਘਰ ਤੁਰ ਪਿਆ।

ਰਸਤੇ ਵਿਚ ਜਾਂਦਿਆਂ ਮੈਂ ਮਾਤਾ ਨੂੰ ਪਿੰਡ ਅਤੇ ਪਰਿਵਾਰ ਬਾਰੇ ਪੁੱਛਣ ਲੱਗ ਪਿਆ। ਪਰਿਵਾਰ ਦੇ ਨਾਂ ਨਾਲ ਮਾਤਾ ਦੀਆਂ ਅੱਖਾਂ ਵਿਚ ਅੱਥਰੂ ਆਪ ਮੁਹਾਰੇ ਵਗ ਤੁਰੇ। ਮੈਂ ਇਨ੍ਹਾਂ ਅੱਥਰੂਆਂ ਪਿੱਛੇ ਕੋਈ ਦੁੱਖ ਛਿਪਿਆ ਹੋਇਆ ਵੇਖਣ ਲੱਗਾ। ਮੈਂ ਮਾਤਾ ਨਾਲ ਹਮਦਰਦੀ ਪ੍ਰਗਟਾਉਂਦਿਆਂ ਦੁੱਖ ਸਾਂਝਾ ਕਰਨ ਲੱਗਾ। ਮਾਤਾ ਨੇ ਆਪਣਾ ਦੁੱਖ ਇੰਜ ਸੁਣਾਇਆ:

"ਪੁੱਤ ਜੇ ਮਾਂ ਆਖ ਦਿੱਤਾ ਤਾਂ ਮਾਂ ਦਾ ਦੁੱਖ ਸੁਣ ਕੇ ਅੱਖਾਂ ਨਮ ਨਾ ਕਰੀਂ, ਮਾਂ ਨੇ ਗੋਦੀ ਵਿਚ ਪਈ ਬੱਚੀ ਨੂੰ ਥਾਪੜਦਿਆਂ ਗੱਲ ਤੋਰੀ। ਮੈਨੂੰ ਵਿਆਹੀ ਨੂੰ ਅਜੇ ਦੋ ਸਾਲ ਹੋਏ ਸਨ। ਇਕ ਵੱਡੀ ਧੀ ਕੰਤੋ ਗੋਦੀ ਸੀ ਕਿ ਮੇਰਾ ਘਰਵਾਲਾ ਰੱਬ ਨੂੰ ਪਿਆਰਾ ਹੋ ਗਿਆ। ਚੜ੍ਹਦੀ ਜਵਾਨੀ ਨੂੰ ਵੇਖਦੇ ਹੋਏ ਮਾਪਿਆਂ ਮੈਨੂੰ ਮੇਰੇ ਦਿਉਰ ਦੇ ਬਿਠਾ ਦਿੱਤਾ। ਮੈਂ ਕਰਮਾਂ ਮਾਰੀ ਕਿੱਥੇ ਜਾਂਦੀ, ਸਭ ਕੁਝ ਸਬਰ ਕਰਦੀ ਦਿਨ ਕੱਟਣ ਲੱਗੀ। ਪਰਮਾਤਮਾ ਨੇ ਜ਼ਖ਼ਮਾਂ ਉਤੇ ਮੱਲ੍ਹਮ ਲਾਈ, ਮੇਰੀ ਝੋਲੀ ਪੁੱਤ ਪਾ ਦਿੱਤਾ। ਸੱਸ-ਸਹੁਰਾ ਖ਼ੁਸ਼ ਹੋ ਗਏ। ਮੇਰਾ ਵੀ ਬੱਚਿਆਂ ਨਾਲ ਦਿਲ ਲੱਗਣ ਲੱਗ ਗਿਆ। ਚਾਰ ਦਿਨ ਪੇਕੀਂ ਜਾ ਕੇ ਮਿਲ ਆਉਂਦੀ। ਮੇਰੇ ਭਰਾ ਆਪਣੇ ਥਾਈਂ ਰੰਗੀਂ ਵੱਸਦੇ ਸਨ। ਸਹੁਰੇ ਘਰ ਵੀ ਕਿਸੇ ਚੀਜ਼ ਦਾ ਘਾਟਾ ਨਹੀਂ ਸੀ। ਪਤਾ ਨਹੀਂ ਫਿਰ ਕਦੋਂ ਮੇਰੀ ਜ਼ਿੰਦਗੀ ਵਿਚ ਭੂਚਾਲ ਆ ਗਿਆ। ਪੁੱਤ ਤੋਂ ਬਾਅਦ ਦੋ ਧੀਆਂ ਹੋ ਗਈਆਂ। ਇਕ ਵਾਰ ਫਿਰ ਸਿਰ ਦਾ ਸਾਈਂ ਰੋਂਦਿਆਂ ਨੂੰ ਛੱਡ ਜਹਾਨੋਂ ਤੁਰ ਗਿਆ। ਰੋਹੀ ਦੀ ਕਿੱਕਰ ਵਾਂਗ ਇਕੱਲੀ ਰਹਿ ਗਈ। ਭਰਾਵਾਂ ਦੇ ਜ਼ੋਰ ਨਾਲ ਸਹੁਰੇ ਰਹਿ ਕੇ ਬੱਚੇ ਪੜ੍ਹਾਉਣ ਲੱਗ ਗਈ। ਦੋ ਪੁੱਤਾਂ ਦੀ ਮੌਤ ਵਾਲੀ ਸੱਟ ਨੇ ਸੱਸ-ਸਹੁਰਾ ਵੀ ਦਬੋਚ ਲਏ। ਫਿਰ ਤਿੰਨ ਧੀਆਂ ਤੇ ਪੁੱਤ ਦੇ ਆਸਰੇ ਦਿਨ ਕੱਟਣ ਲੱਗੀ।

ਅੱਲ੍ਹੜ ਉਮਰੇ ਪਏ ਰੋਣੇ ਨੇ ਮਨ ਪੱਥਰ ਕਰ ਦਿੱਤਾ। ਸੋਚਦੀ ਰੱਬ ਨਾਂ ਦੀ ਕੋਈ ਚੀਜ਼ ਨਹੀਂ। ਅੱਖਾਂ ਵਿਚੋਂ ਰੋਣਾ ਹੀ ਮੁਕ ਗਿਆ। ਸਾਰੇ ਹੰਝੂ ਮੌਤਾਂ ਨੇ ਖੋਹ ਲਏ। ਹੁਣ ਕੰਤੋ ਮੁਟਿਆਰ ਹੋ ਗਈ। ਭਰਾਵਾਂ ਨੇ ਕੰਤੋ ਲਈ ਵਰ ਲੱਭ ਲਿਆ। ਫ਼ੌਜੀ ਮੁੰਡਾ ਲੰਮਾ ਸੋਹਣਾ ਤੇ ਸੁਨੱਖਾ। ਦੋਵਾਂ ਦੀ ਜੋੜੀ ਪੂਰੀ ਜੱਚ ਗਈ। ਮੈਨੂੰ ਲੱਗਾ ਹੁਣ ਦੁੱਖਾਂ ਮਾਰੀ ਦੇ ਵਿਹੜੇ ਵਿਚ ਖ਼ੁਸ਼ੀਆਂ ਨੱਚਣਗੀਆਂ ਪਰ ਪੁੱਤ ਕਿੱਥੇ...ਪਤਝੜ ਦੇ ਪੱਤਿਆਂ ਵਿਚ ਸੁਗੰਧੀਆਂ ਮਿਲਦੀਆਂ ਨੇ! ਕੰਤੋ ਦੀ ਕੁੱਖੋਂ ਧੀ ਪੈਦਾ ਹੋਈ, ਨਾਲ ਹੀ ਕੰਤੋ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ। ਫ਼ੌਜੀ ਜਵਾਈ ਨੇ ਬਹੁਤ ਇਲਾਜ ਕਰਵਾਇਆ ਪਰ ਕੰਤੋਂ ਅੱਖੋਂ ਅੰਨ੍ਹੀ ਹੀ ਰਹੀ।

ਜਵਾਨ ਹੋ ਰਹੇ ਪੁੱਤ ਨੂੰ ਉਸ ਦਾ ਮਾਮਾ ਜਰਮਨੀ ਲੈ ਗਿਆ। ਮੈਂ ਚਾਹੁੰਦੀ ਸੀ ਪੁੱਤ ਮੇਰੇ ਕੋਲ ਰਹੇ ਪਰ ਪੰਜਾਬ ਦੇ ਮਾੜੇ ਹਾਲਾਤ ਨੂੰ ਵੇਖਦਿਆਂ ਪੁੱਤ ਦੀ ਜੁਦਾਈ ਵੀ ਝੱਲਣੀ ਪਈ। ਦੋ ਛੋਟੀਆਂ ਧੀਆਂ ਜੱਸੀ ਤੇ ਪੀਤਾ ਸਕੂਲੇ ਜਾਂਦੀਆਂ, ਕੰਤੋ ਮੇਰੇ ਕੋਲੇ ਹੀ ਰਹਿੰਦੀ। ਭਰਾ-ਭਰਜਾਈਆਂ ਗੇੜਾ ਮਾਰ ਜਾਂਦੇ। ਮਰਿਆਂ ਨਾਲ ਮਰ ਤਾਂ ਨਹੀਂ ਹੁੰਦਾ ਪਰ ਵਕਤ ਕੱਢਣਾ ਹੀ ਮਰਨ ਨਾਲੋਂ ਭੈੜਾ ਹੋ ਜਾਂਦਾ ਹੈ। ਫ਼ੌਜੀ ਵੀ ਹੁਣ ਕੰਤੋ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਸੀ ਪਰ ਮੇਰੇ ਭਰਾ ਇਲਾਜ ਨਾਲ ਅੱਖਾਂ ਵਾਪਸ ਲਿਆਉਣ ਦਾ ਭਰੋਸਾ ਦੇ ਕੇ ਫ਼ੌਜੀ ਨੂੰ ਟਿਕਾ ਲੈਂਦੇ। ਕਦੇ ਫ਼ੌਜੀ ਜੱਸੀ ਦਾ ਰਿਸ਼ਤਾ ਮੰਗਣ ਲੱਗ ਜਾਂਦਾ। ਹੁਣ ਪੁੱਤ ਗਏ ਨੂੰ ਪੰਜ ਸਾਲ ਹੋ ਗਏ ਸਨ। ਜਰਮਨੀ ਵਿਚ ਪੇਪਰ ਨਾ ਬਣੇ। ਮਾਮੇ ਨੇ ਪਿੰਡ ਭੇਜ ਦਿੱਤਾ। ਰਿਸ਼ਤੇ ਵਾਲੇ ਆਉਣ ਲੱਗੇ। ਮੈਂ ਚਾਈਂ-ਚਾਈਂ ਪੁੱਤ ਦਾ ਵਿਆਹ ਕੀਤਾ। ਕੰਤੋ ਦੋਵਾਂ ਨੂੰ ਹੱਥਾਂ ਨਾਲ ਟੋਹ ਕੇ ਰੋਂਦੀ ਕਿ ਵੀਰਾ! ਜੇ ਅੱਖਾਂ ਹੁੰਦੀਆਂ, ਮੈਂ ਆਪਣੀ ਭਰਜਾਈ ਨੂੰ ਵੇਖ-ਵੇਖ ਨਾ ਰੱਜਦੀ! ਪੁੱਤ ਕੀ ਦੱਸਾਂ...ਨੂੰਹ ਰਾਣੀ ਦਾ ਚਾਅ ਅਜੇ ਪੂਰਾ ਨਾ ਹੋਇਆ, ਕੰਤੋ ਰੱਬ ਨੂੰ ਪਿਆਰੀ ਹੋ ਗਈ। ਸ਼ਗਨਾਂ ਦੇ ਦਿਨਾਂ ਵਿਚ ਹੀ ਮੌਤ ਬੂਹੇ ਆ ਨੱਚਣ ਲੱਗੀ। ਕੰਤੋ ਦੇ ਭੋਗ ਤੋਂ ਬਾਅਦ ਫ਼ੌਜੀ ਆਪਣੀ ਧੀ ਨੂੰ ਲੈ ਗਿਆ। ਝੱਟ ਦੂਜਾ ਵਿਆਹ ਕਰਵਾ ਲਿਆ, ਫ਼ੌਜੀ ਤਾਂ ਜਿਵੇਂ ਕੰਤੋ ਦੀ ਮੌਤ ਨੂੰ ਹੀ ਉਡੀਕਦਾ ਹੋਵੇ।

ਪੁੱਤ ਜਿਵੇਂ ਪੰਜਾਬ ਨੇ ਦਸ-ਬਾਰਾਂ ਸਾਲ ਸੰਤਾਪ ਹੰਢਾਇਆ ਹੈ, ਉਸੇ ਤਰ੍ਹਾਂ ਮੈਂ ਸਾਰੀ ਉਮਰ ਹੀ ਸੰਤਾਪ ਹੰਢਾਉਂਦੀ ਨੇ ਮਰ ਜਾਣਾ। ਮੈਂ ਨੂੰਹ ਰਾਣੀ ਨੂੰ ਵਿਹੜੇ ਵਿਚ ਤੁਰਦੀ ਵੇਖ ਕੇ ਰੱਬ ਦਾ ਸ਼ੁਕਰ ਮਨਾਉਂਦੀ ਕਿ ਰੱਬਾ ਮੈਨੂੰ ਵੀ ਚੰਗੇ ਦਿਨ ਵਿਖਾ ਦੇ। ਪਰਮਾਤਮਾ ਨੇ ਮੈਨੂੰ ਬੜਾ ਸੁਹਣਾ ਪੋਤਰਾ ਦੇ ਦਿੱਤਾ। ਪੋਤਰਾ ਅਜੇ ਪੰਜ ਮਹੀਨੇ ਦਾ ਸੀ ਕਿ ਮੇਰੇ ਪੁੱਤ ਦਾ ਮੋਟਰਸਾਈਕਲ ਉਤੇ ਐਕਸੀਡੈਂਟ ਹੋ ਗਿਆ। ਮੇਰੇ ਪੁੱਤ ਦੇ ਨਾਲ ਹੀ ਗੁਆਂਢੀਆਂ ਦਾ ਜਵਾਨ ਪੁੱਤ ਵੀ ਥਾਈਂ ਪੂਰਾ ਹੋ ਗਿਆ। ਮੇਰੇ ਉਪਰ ਦੁੱਖਾਂ ਦਾ ਪਹਾੜ ਫਿਰ ਟੁੱਟ ਪਿਆ। ਕਦੇ ਭਰ ਜਵਾਨ ਨੂੰਹ ਵੱਲ ਵੇਖਦੀ, ਕਦੇ ਛੋਟੇ ਜਿਹੇ ਪੋਤਰੇ ਨੂੰ ਵੇਖ ਕੇ ਧਾਹੀਂ ਰੋਂਦੀ। ਪੁੱਤ ਮੇਰਾ ਸਭ ਕੁਝ ਉਜੜ ਗਿਆ। ਮਰ ਵੀ ਨਹੀਂ ਹੁੰਦਾ ਸੀ ਕਿ ਕਿਸੇ ਖੂਹ-ਟੋਭੇ ਪੈ ਜਾਵਾਂ। ਜੱਸੀ ਤੇ ਪੀਤਾ ਵੀ ਮੁਟਿਆਰ ਹੋ ਗਈਆਂ। ਮੇਰੇ ਭਰਾ, ਜੱਸੀ ਦਾ ਵਿਆਹ ਕਰਨ ਲਈ ਜ਼ੋਰ ਪਾਉਣ ਲੱਗੇ। ਵਿਚਾਰੀ ਜੱਸੀ ਵੀ ਡਰਦੀ ਸੀ ਕਿ ਜੇ ਕੋਈ ਸ਼ਰਾਬੀ-ਕਬਾਬੀ ਮਿਲ ਗਿਆ ਤਾਂ ਜ਼ਿੰਦਗੀ ਕਿਤੇ ਨਰਕ ਹੀ ਨਾ ਬਣ ਜਾਵੇ। ਮੇਰੇ ਭਰਾਵਾਂ ਨੇ ਜੱਸੀ ਲਈ ਮੁੰਡਾ ਲੱਭ ਲਿਆ। ਗੁਰਸਿੱਖ ਪਰਿਵਾਰ ਦਾ ਬੀਬਾ ਮੁੰਡਾ। ਗਿਆਰ੍ਹਾਂ ਬੰਦੇ ਆਏ ਅਤੇ ਜੱਸੀ ਨੂੰ ਵਿਆਹ ਕੇ ਲੈ ਗਏ। ਮੈਂ, ਪੀਤਾ ਤੇ ਨੂੰਹ ਰਾਣੀ ਇਕ-ਦੂਜੀ ਦੇ ਗਲ ਲੱਗ-ਲੱਗ ਧਾਹਾਂ ਮਾਰਦੀਆਂ। ਪੁੱਤ ਕਹਿੰਦੇ ਨੇ, ਖ਼ੁਸ਼ੀ ਮੌਕੇ ਵੀ ਮੁੱਕੇ ਹੋਏ ਯਾਦ ਆਉਂਦੇ ਨੇ। ਅਸੀਂ ਤਿੰਨੋਂ ਜਣੀਆਂ ਪੋਤਰੇ ਨਾਲ ਲਾਡ ਲਡਾ ਕੇ ਮਨਪ੍ਰਚਾਵਾ ਕਰ ਲੈਂਦੀਆਂ। ਖ਼ੁਸ਼ ਦਿਲ ਅੰਦਰ ਵੀ ਪਹਾੜਾਂ ਵਰਗੇ ਦੁੱਖ ਛਿਪੇ ਹੋਏ ਸਨ।

ਮੇਰੇ ਆਂਢ-ਗੁਆਂਢ ਨੇ ਮੇਰਾ ਬਥੇਰਾ ਦੁੱਖ ਵੰਡਾਇਆ। ਭਰਾਵਾਂ ਨੇ ਕਦੇ ਮੇਰੇ ਕੋਲੋਂ ਪਾਸਾ ਨਾ ਵੱਟਿਆ। ਭੈਣਾਂ ਐਵੇਂ ਤਾਂ ਨਹੀਂ ਵੀਰਾਂ ਦੀਆਂ ਸੁੱਖਾਂ ਮਨਾਉਂਦੀਆਂ! ਹੁਣ ਜਵਾਈ ਵੀ ਬਥੇਰਾ ਹੌਸਲਾ ਦਿੰਦਾ। ਦਿਨ ਬੀਤਦੇ ਗਏ। ਜੱਸੀ ਨੂੰ ਪਰਮਾਤਮਾ ਨੇ ਪੁੱਤ ਦੀ ਦਾਤ ਬਖ਼ਸ਼ੀ। ਸਾਰਿਆਂ ਤੋਂ ਚਾਅ ਨਾ ਚੁੱਕ ਹੋਵੇ। ਮੈਂ ਸੋਚਦੀ ਪਰਮਾਤਮਾ ਨੇ ਹੁਣ ਮੇਰੇ ਉਤੇ ਮਿਹਰਾਂ ਵਾਲਾ ਹੱਥ ਰੱਖ ਦਿੱਤਾ ਹੈ। ਜਵਾਈ ਦੀ ਭੈਣ ਅਮਰੀਕਾ ਤੋਂ ਲੋਹੜੀ ਮਨਾਉਣ ਪਿੰਡ ਗਈ। ਪੁੱਤ ਸਾਰਾ ਕੁਝ ਠੀਕ-ਠਾਕ ਚੱਲ ਰਿਹਾ ਸੀ, ਜਿਵੇਂ ਹੋਣੀ ਹੁੰਦੀ ਹੈ...ਜਵਾਈ ਟਰੈਕਟਰ ਕੱਢ ਕੇ ਖੇਤ ਲੈ ਗਿਆ। ਭਾਣਜਿਆਂ ਨੂੰ ਟਰੈਕਟਰ ਟਿੱਬੇ ਉਤੇ ਚੜ੍ਹਾ ਕੇ ਵਿਖਾਉਣ ਲੱਗ ਪਿਆ। ਟਰੈਕਟਰ ਟਿੱਬੇ ਤੋਂ ਪਲਟ ਗਿਆ। ਜਵਾਈ ਥੱਲੇ ਆ ਗਿਆ। ਸਾਂਝੀ ਬੱਚਿਆਂ ਨੂੰ ਲੈ ਕੇ ਪਿੰਡ ਆ ਗਿਆ।

ਸਾਂਝੀ ਦੇ ਦੱਸਣ ਨਾਲ ਸਾਰਾ ਪਿੰਡ ਖੇਤ ਇਕੱਠਾ ਹੋ ਗਿਆ ਪਰ ਜਵਾਈ ਦਮ ਤੋੜ ਗਿਆ ਸੀ। ਜੱਸੀ ਪੱਥਰ ਦੀ ਮੂਰਤ ਹੋ ਗਈ। ਜਨਾਨੀਆਂ ਕਹਿਣ ਤੂੰ ਰੋ, ਤੇਰਾ ਬੰਦਾ ਮੁੱਕ ਗਿਆ ਪਰ ਜੱਸੀ ਪੱਥਰ ਹੀ ਬਣੀ ਰਹੀ। ਜੱਸੀ ਦੇ ਸਹੁਰਿਆਂ ਉਸ ਨੂੰ ਉਥੇ ਹੀ ਰੱਖ ਲਿਆ। ਮੇਰਾ ਜਵਾਈ ਵੀ ਇਕੱਲਾ ਪੁੱਤ ਸੀ। ਜੱਸੀ ਆਪਣੇ ਛੋਟੇ ਜਿਹੇ ਪੁੱਤ ਦੇ ਸਹਾਰੇ ਦਿਨ ਕੱਟਣ ਲੱਗੀ।

ਜਵਾਈ ਦੀ ਅਮਰੀਕਾ ਵਾਲੀ ਭੈਣ ਨੇ ਪੀਤਾ ਦਾ ਰਿਸ਼ਤਾ ਅਮਰੀਕਾ ਕਰਵਾ ਦਿੱਤਾ। ਮੇਰੇ ਜਵਾਈ ਕੋਲ ਗਰੀਨ ਕਾਰਡ ਸੀ। ਨੇਕ ਘਰ ਦਾ ਮੁੰਡਾ ਹੈ। ਪੀਤਾ ਨੂੰ ਆਉਂਦਿਆਂ ਚਾਰ ਸਾਲ ਲੱਗ ਗਏ। ਇਹ ਚਾਰ ਸਾਲ ਪੀਤਾ ਮੇਰੇ ਕੋਲ ਹੀ ਰਹੀ। ਜਵਾਈ ਸਾਲ ਪਿੱਛੋਂ ਜਾ ਆਉਂਦਾ। ਆਹ ਦੋ ਬੱਚੀਆਂ ਪੀਤਾ ਦੀਆਂ ਹਨ। ਇਥੇ ਆ ਜਾਂਦੀ ਹਾਂ ਤਾਂ ਪਿੱਛੇ ਨੂੰਹ ਤੇ ਪੋਤਰੇ ਦਾ ਫ਼ਿਕਰ ਲੱਗਿਆ ਰਹਿੰਦਾ ਹੈ। ਜਦੋਂ ਪਿੰਡ ਚਲੀ ਜਾਂਦੀ ਹਾਂ, ਆਹ ਬੱਚੀਆਂ ਦਾ ਮੋਹ ਟਿਕਣ ਨਹੀਂ ਦਿੰਦਾ। ਮੇਰੀ ਤਾਂ ਉਮਰ ਹੀ ਦੁੱਖਾਂ ਨਾਲ ਨਿਕਲ ਗਈ। ਹੁਣ ਫਿਰ ਪਰਮਾਤਮਾ ਅੱਗੇ ਅਰਦਾਸਾਂ ਕਰਦੀ ਹਾਂ ਕਿ ਜੋ ਮੇਰੇ ਨਾਲ ਹੋਈ, ਮੈਂ ਝੱਲ ਗਈ।...ਆਹ ਪੀਤਾ ਨੂੰ ਪਰਮਾਤਮਾ ਪੁੱਤ ਦੇ ਦੇਵੀਂ।"

ਇਸ ਮਾਤਾ ਨੇ ਆਪਣੀ ਜ਼ਿੰਦਗੀ ਦੀ ਦੁੱਖ ਭਰੀ ਕਹਾਣੀ ਸੁਣਾ ਕੇ ਮੈਨੂੰ ਵੀ ਬਹੁਤ ਰੁਆਇਆ। ਕੰਮ ਦਾ ਖ਼ਿਆਲ ਛੱਡ ਕੇ ਫਿਰ ਗੁਰਦੁਆਰੇ ਵਾਪਸ ਜਾ ਕੇ ਅਰਦਾਸ-ਬੇਨਤੀ ਕੀਤੀ ਕਿ ਪਰਮਾਤਮਾ ਧੀ ਬੇਸ਼ੱਕ ਦੇਹ ਪਰ ਕਰਮ ਚੰਗੇ ਲਿਖ ਕੇ ਭੇਜ। ਕਿਸੇ ਦੀ ਧੀ-ਭੈਣ ਨਾਲ ਇੰਜ ਨਾ ਹੋਵੇ ਜਿਵੇਂ ਮਾਤਾ ਨੇ ਆਪਣੇ ਹੱਡਾਂ ਨਾਲ ਹੰਢਾਈ ਹੈ। ਹੁਣ ਵੀ ਜੇ ਕਦੇ ਮਾਤਾ ਮਿਲਦੀ ਹੈ, ਸਤਿਕਾਰ ਨਾਲ ਬੁਲਾਈਦਾ ਹੈ। ਕਹਿੰਦੇ ਨੇ ਖ਼ੁਸ਼ੀ ਵਿਚ ਸ਼ਰੀਕ ਹੋ ਕੇ ਖ਼ੁਸ਼ੀ ਵਧਾਈ ਜਾਂਦੀ ਹੈ। ਦੁਖੀ ਨਾਲ ਦੁੱਖ ਸਾਂਝਾ ਕਰ ਕੇ ਦੁੱਖ ਵੰਡਾਇਆ ਜਾਂਦਾ ਹੈ। ਦੁਖੀ ਨੂੰ ਵੇਖ ਕੇ ਕਦੇ ਹੱਸੋ ਨਾ, ਪਤਾ ਨਹੀਂ ਲੱਗਦਾ ਕਿ ਕਦੋਂ ਉਲਟੀ ਪੈ ਜਾਂਦੀ ਹੈ!

# ਪੰਜਾਬ ਦੀ ਅਗਲੀ ਸਿਆਸਤ ਦੀ ਬਾਤ ਪਾ ਗਈਆਂ ਮੁਕਤਸਰ ਰੈਲੀਆਂ

**ਜਤਿੰਦਰ ਪਨੂੰ**

ਐਨ ਉਦੋਂ, ਜਦੋਂ ਪੰਜਾਬ ਦੀ ਮੌਜੂਦਾ ਸਰਕਾਰ ਦੇ ਸਿਰਫ਼ ਤੇਰਾਂ ਮਹੀਨੇ ਰਹਿ ਗਏ ਹਨ, ਮਾਘੀ ਦੇ ਮੇਲੇ ਮੌਕੇ ਮੁਕਤਸਰ ਵਿਚ ਲੱਗੀਆਂ ਰਾਜਨੀਤਕ ਸਟੇਜਾਂ ਨੇ ਅਗਲੇ ਸਾਲ ਦੀ ਸਰਗਰਮੀ ਦਾ ਏਜੰਡਾ ਤਕਰੀਬਨ ਤੈਅ ਕਰ ਦਿੱਤਾ ਹੈ। ਰੈਲੀਆਂ ਉਥੇ ਕਈ ਹੋਈਆਂ ਪਰ ਤਿੰਨਾਂ ਦੀ ਚਰਚਾ ਰਾਜਨੀਤਕ ਖੇਤਰਾਂ ਵਿਚ ਵੱਧ ਹੋਈ ਹੈ। ਇਕ ਤਾਂ ਰਾਜ ਕਰਦੇ ਗਠਜੋੜ ਦੀ ਮੋਹਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ, ਦੂਜੀ ਕਾਂਗਰਸ ਅਤੇ ਤੀਜੀ ਅਕਾਲੀ ਦਲ ਤੋਂ ਹਾਲੇ ਤਿੰਨ ਮਹੀਨੇ ਪਹਿਲਾਂ ਵੱਖ ਹੋਏ ਮਨਪ੍ਰੀਤ ਸਿੰਘ ਬਾਦਲ ਦੀ। ਹੋਣ ਨੂੰ ਕਾਂਗਰਸ ਪਹਿਲੀਆਂ ਦੋ ਧਿਰਾਂ ਵਿਚ ਹੋਣੀ ਚਾਹੀਦੀ ਸੀ ਪਰ ਉਸ ਦੇ ਲੀਡਰਾਂ ਦੀ 'ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਵਾਲੀ ਰੀਤ ਕਾਰਨ ਇਹ ਤੀਜੇ ਥਾਂ ਡਿੱਗ ਪਈ। ਮੁਕਤਸਰ ਵਿਚ ਰੈਲੀ ਹੋਈ ਅਤੇ ਉਸ ਸ਼ਹਿਰ ਦਾ ਬਾਸ਼ਿੰਦਾ ਤੇ ਸੀਨੀਅਰ ਕਾਂਗਰਸੀ ਲੀਡਰ ਜਗਮੀਤ ਸਿੰਘ ਬਰਾੜ ਉਥੇ ਕਿਸੇ ਨੂੰ ਦਿਖਾਈ ਨਹੀਂ ਦਿੱਤਾ। ਕਾਰਨ ਕੁਝ ਵੀ ਹੋਵੇ, ਲੋਕਾਂ ਵਿਚ ਇਹ ਪ੍ਰਭਾਵ ਗਿਆ ਕਿ ਕਾਂਗਰਸ ਸਰਕਾਰ ਦੇ ਹੁੰਦਿਆਂ ਜਿਹੜਾ ਨਿਰਾਦਰ ਮੁਕਤਸਰ ਦੀ ਮਾਘੀ ਦੀ ਸਟੇਜ ਤੋਂ ਉਸ ਦਾ ਪੰਜ ਸਾਲ ਪਹਿਲਾਂ ਕੀਤਾ ਗਿਆ ਸੀ, ਉਸ ਨੂੰ ਉਹ ਅਜੇ ਤਕ ਭੁੱਲਾ ਨਹੀਂ। ਉਦੋਂ ਉਸ ਦੇ ਆਪਣੇ ਸ਼ਹਿਰ ਵਿਚ ਹੋਈ ਇਸ ਕਾਨਫ਼ਰੰਸ ਵਿਚ ਬਾਕੀ ਸਾਰੇ ਤਾਂ ਬੋਲਦੇ ਰਹੇ ਸਨ, ਜਗਮੀਤ ਸਿੰਘ ਬਰਾੜ ਨੂੰ ਪੰਜ ਮਿੰਟ ਵੀ ਨਹੀਂ ਸਨ ਦਿੱਤੇ ਗਏ। ਜੋ ਵੀ ਹੋਇਆ ਹੋਵੇ, ਕਾਂਗਰਸ ਦੀ ਰੈਲੀ ਓਥੇ ਇਸ ਵਾਰੀ ਤੀਜੇ ਨੰਬਰ ਦੀ ਬਣ ਗਈ ਅਤੇ ਚਰਚਾ ਲਈ ਜੇ ਕੁਝ ਨਿਕਲ ਸਕਿਆ ਤਾਂ ਸਿਰਫ਼ ਇੰਨਾ ਕਿ ਕਾਂਗਰਸ ਦਾ ਸੂਬਾਈ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਇਕੱਠੇ ਬੈਠੇ ਨਜ਼ਰ ਆ ਗਏ।

ਦੂਜੀਆਂ ਦੋ ਰੈਲੀਆਂ ਵਿਚੋਂ ਜਿਵੇਂ ਪਹਿਲਾਂ ਹੀ ਪਤਾ ਸੀ ਕਿ ਬਾਦਲ ਪਰਿਵਾਰ ਦੀ ਰਾਜ ਕਰਦੀ ਧਿਰ ਨਾਲ ਸਰਕਾਰ, ਪਾਰਟੀ ਅਤੇ ਸ਼੍ਰੋਮਣੀ ਕਮੇਟੀ ਤਿੰਨੇ ਹੋਣ ਕਰਕੇ ਉਨ੍ਹਾਂ ਦਾ ਇਕੱਠ ਭਾਰਾ ਹੋਵੇਗਾ, ਉਹੋ ਭਾਰਾ ਹੋ ਗਿਆ ਪਰ ਫ਼ਰਕ ਇੰਨਾ ਥੋੜ੍ਹਾ ਸੀ ਕਿ ਕੁਝ ਲੋਕ ਉਸ ਨੂੰ ਦੂਜੇ ਨੰਬਰ ਦਾ ਵੀ ਕਹਿ ਰਹੇ ਹਨ। ਉਨ੍ਹਾਂ ਤੋਂ ਥੋੜ੍ਹੀ ਦੂਰ ਪਾਰਟੀ ਵਿਚੋਂ ਕੱਢਿਆ ਗਿਆ ਮਨਪ੍ਰੀਤ ਸਿੰਘ ਬਾਦਲ, ਜਿਹੜਾ ਪਹਿਲਾਂ ਸਮਾਜੀ ਰਿਸ਼ਤੇ ਤੋਂ ਸ਼ਰੀਕ ਸੀ ਅਤੇ ਹੁਣ ਰਾਜਨੀਤਕ ਪੱਖੋਂ ਵੀ ਸ਼ਰੀਕੇਬਾਜ਼ੀ ਵਿਚ ਆ ਚੁੱਕਾ ਹੈ, ਆਪਣਾ ਪੰਡਾਲ ਲਾਈ ਬੈਠਾ ਸੀ। ਰੈਲੀ ਲਈ ਜਿਹੜੀਆਂ ਗੱਡੀਆਂ ਉਸ ਦੇ ਬੰਦਿਆਂ ਨੇ ਬੁੱਕ ਕਰਵਾਈਆਂ ਸਨ, ਉਨ੍ਹਾਂ ਦੀ ਆਖ਼ਰੀ ਦਿਨਾਂ ਵਿਚ ਨਾਂਹ ਕਰਵਾ ਕੇ ਫੜੇ ਹੋਏ ਸਾਈ ਦੇ ਪੈਸੇ ਵੀ ਵਾਪਸ ਕਰਵਾ ਦਿੱਤੇ ਗਏ। ਮਾਘੀ ਤੋਂ ਸਿਰਫ਼ ਦੋ ਦਿਨ ਪਹਿਲਾਂ ਬਾਦਲ ਪਿੰਡ ਵਿਚ ਵੀ ਦੋਵਾਂ ਸ਼ਰੀਕਾਂ ਨੇ ਇਕੋ ਦਿਨ ਮੀਟਿੰਗਾਂ ਕੀਤੀਆਂ ਸਨ। ਮਨਪ੍ਰੀਤ ਬਾਦਲ ਦੀ ਮੀਟਿੰਗ ਵਾਲੀ ਥਾਂ ਦਾ ਮਾਲਕ ਸਰਕਾਰੀ ਧਿਰ ਦੇ ਦਬਾਅ ਅੱਗੇ ਝੁਕ ਕੇ ਉਸ ਦਿਨ ਵੀ ਆਖ਼ਰੀ ਵਕਤ ਕਹਿ ਗਿਆ ਕਿ ਉਥੇ ਮੀਟਿੰਗ ਨਹੀਂ ਕਰਨ ਦੇਣੀ ਅਤੇ ਫਿਰ ਉਹ ਮੀਟਿੰਗ ਸੜਕ ਉਤੇ ਕੀਤੀ ਗਈ ਸੀ, ਪਰ ਉਸੇ ਦਿਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਉਸੇ ਪਿੰਡ ਹੋਈ ਮੀਟਿੰਗ ਤੋਂ ਮਨਪ੍ਰੀਤ ਵਾਲੀ ਮੀਟਿੰਗ ਦੀ ਹਾਜ਼ਰੀ ਫਿਰ ਵੀ ਦੁੱਗਣੀ ਤੋਂ ਵੱਧ ਸੀ। ਸ਼ਰੀਕੇਬਾਜ਼ੀ ਵਿਚ ਸਰਕਾਰੀ ਦਬਾਅ ਅਤੇ ਬਾਹੂ-ਬਲੀ ਧਾੜ ਦੀ ਵਰਤੋਂ ਨੇ ਸਰਕਾਰੀ ਧਿਰ ਦੇ ਵਿਰੁਧ ਮਨਪ੍ਰੀਤ ਨਾਲ ਲੋਕ ਹੋਰ ਵੀ ਜੋੜ ਦਿੱਤੇ ਜਿਸ ਦਾ ਪ੍ਰਗਟਾਵਾ ਮੁਕਤਸਰ ਦੀ ਰੈਲੀ ਮੌਕੇ ਹੋਇਆ। ਹੁਣ ਮੁਕਤਸਰ ਦੀ ਰੈਲੀ ਨਾਲ ਮਨਪ੍ਰੀਤ ਬਾਦਲ ਬਾਰੇ ਕਈ ਕਿਆਫ਼ੇ ਲਾਏ ਜਾਣ ਲੱਗੇ ਹਨ ਜਿਹੜੇ ਸੱਤਾਧਾਰੀ ਅਕਾਲੀ ਦਲ ਵਿਚੋਂ ਛੜੱਪਿਆਂ ਦੀ ਚਰਚਾ ਤਕ ਪਹੁੰਚਦੇ ਹਨ।

ਬਾਦਲ ਅਕਾਲੀ ਦਲ ਦੀ ਰੈਲੀ ਵਿਚ ਚੌਦਾਂ ਅਕਾਲੀ ਮੰਤਰੀ ਦਿਖਾਈ ਨਹੀਂ ਦਿੱਤੇ। ਹੁਣੇ ਹੀ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਉਹ ਸਾਰੇ ਕਿਸੇ ਕਿੜ ਕਾਰਨ ਜਾਂ ਮਨਪ੍ਰੀਤ ਬਾਦਲ ਨਾਲ ਅੰਦਰਖ਼ਾਤੇ ਦੇ ਅੱਖ-ਮਟੱਕੇ ਕਰ ਕੇ ਨਹੀਂ ਆਏ ਹੋਣਗੇ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਹਰ ਪਾਸੇ ਰਸਤੇ ਜਾਮ ਹੋ ਜਾਣ ਨਾਲ ਕਈ ਸੱਜਣ ਪਹੁੰਚ ਹੀ ਨਹੀਂ ਸਕੇ ਹੋਣਗੇ, ਜਿਨ੍ਹਾਂ ਵਿਚੋਂ ਕੁਝ ਬਾਰੇ ਸਾਨੂੰ ਵੀ ਪਤਾ ਹੈ ਪਰ ਇਹ ਵੀ ਸੱਚ ਹੈ ਕਿ ਕੁਝ ਸੱਜਣਾਂ ਨੇ ਇਹ ਨੀਤੀ ਧਾਰਨ ਕੀਤੀ ਸੀ ਕਿ ਦੋਵੇਂ ਬਾਦਲਾਂ ਦੀ ਤਾਕਤ ਜ਼ਰਾ ਪਾਸੇ ਬੈਠ ਕੇ ਵੇਖਣ ਮਗਰੋਂ ਕੋਈ ਕਦਮ ਚੁੱਕਾਂਗੇ। ਹੈਰਾਨੀ ਵਾਲੀ ਗੱਲ ਇਹ ਕਿ ਭਾਰਤੀ ਜਨਤਾ ਪਾਰਟੀ ਦੇ ਕਿਸੇ ਵੀ ਆਗੂ ਜਾਂ ਵਜ਼ੀਰ ਨੇ ਉਥੇ ਦਰਸ਼ਨ ਨਹੀਂ ਦਿੱਤੇ ਜਦਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਸਮਾਗਮਾਂ ਮੌਕੇ ਵੀ ਅਤੇ ਤਰਨਤਾਰਨ ਦੇ ਸਥਾਪਨਾ ਦਿਵਸ ਦੇ ਧਾਰਮਿਕ ਸਮਾਗਮਾਂ ਵਿਚ ਵੀ ਨਾ ਅਕਾਲੀ ਆਗੂ ਉਨ੍ਹਾਂ ਨੂੰ ਸੱਦਣਾ ਭੁੱਲੇ ਸਨ ਅਤੇ ਨਾ ਹੀ ਉਹ ਹੀ ਆਉਣਾ ਭੁੱਲੇ ਸਨ। ਇਸ ਪਿੱਛੋਂ ਚੰਡੀਗੜ੍ਹ ਵਿਚ ਹੀ ਨਹੀਂ, ਦਿੱਲੀ ਵਿਚ ਵੀ ਇਹ ਗੱਲ ਸੁਣੀ ਗਈ ਕਿ ਭਾਜਪਾ ਦੀ ਹਾਈ ਕਮਾਨ ਹੁਣ ਪੰਜਾਬ ਬਾਰੇ ਵੀ ਆਂਧਰਾ ਪ੍ਰਦੇਸ਼ ਵਾਲੀ ਦੁਚਿੱਤੀ ਵਿਚ ਹੈ। ਆਂਧਰਾ ਪ੍ਰਦੇਸ਼ ਵਿਚ ਐਨ.ਟੀ. ਰਾਮਾਰਾਓ ਦੇ ਪਿੱਛੋਂ ਹੋਈ ਚੋਣ ਵਿਚ ਭਾਜਪਾ ਵਾਲਿਆਂ ਨੂੰ ਆਸ ਸੀ ਕਿ ਉਸ ਦੀ ਪਤਨੀ ਪਾਰਵਤੀ ਬੇੜਾ ਪਾਰ ਲਾ ਸਕਦੀ ਹੈ ਪਰ ਉਸ ਦੀ ਥਾਂ ਜਵਾਈ ਚੰਦਰਬਾਬੂ ਨਾਇਡੂ ਭਾਜਪਾ ਦੀ ਮਦਦ ਦੇ ਬਗ਼ੈਰ ਵੀ ਅੱਗੇ ਨਿਕਲ ਗਿਆ ਸੀ। ਹੁਣ ਉਹ ਪੰਜਾਬ ਦੇ ਮਾਮਲੇ ਵਿਚ ਫੂਕ-ਫੂਕ ਕੇ ਕਦਮ ਪੁੱਟ ਰਹੇ ਹਨ, ਖ਼ਾਸ ਕਰਕੇ ਇਸ ਲਈ ਵੀ ਕਿ ਸੁਖਬੀਰ ਬਾਦਲ ਨੇ ਪਿਛਲੇ ਸਮੇਂ ਵਿਚ ਉਨ੍ਹਾਂ ਅੰਦਰ ਜਿਹੜੀ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਭਾਜਪਾ ਦੇ ਪੰਜਾਬ ਦੇ ਆਗੂਆਂ ਵਿਚ ਕਾਫ਼ੀ ਕੌੜ ਹੈ।

ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੂੰ ਬੀਤੇ ਹਫ਼ਤੇ ਜਦੋਂ ਬਠਿੰਡਾ ਵਿਚ ਆਤਮ-ਹੱਤਿਆ ਕਰਨ ਦੀ ਧਮਕੀ ਦੇਣ ਲਈ ਮਜਬੂਰ ਹੋਣਾ ਪਿਆ, ਉਦੋਂ ਬਹੁਤੇ ਭਾਜਪਾ ਵਾਲੇ ਇਹ ਕਹਿੰਦੇ ਸੁਣੇ ਗਏ ਕਿ ਇਸ ਨਾਲ ਇਹੋ ਹੋਣੀ ਚਾਹੀਦੀ ਸੀ ਕਿਉਂਕਿ ਇਹ ਸੁਖਬੀਰ ਸਿੰਘ ਬਾਦਲ ਦੀ ਨੇੜਤਾ ਕਾਰਨ ਭਾਜਪਾ ਦੇ ਆਪਣੇ ਆਗੂਆਂ ਅਤੇ ਮੰਤਰੀਆਂ ਨੂੰ ਟਿੱਚ ਜਾਣਨ ਲੱਗ ਪਿਆ ਸੀ। ਸੁਖਬੀਰ ਸਿੰਘ ਬਾਦਲ ਨੇ ਭਾਜਪਾ ਅੰਦਰ ਸੰਨ੍ਹ ਲਾਉਣ ਦਾ ਸਿਲਸਿਲਾ ਕੋਈ ਹੁਣ ਨਹੀਂ, ਚਾਰ ਸਾਲ ਪਹਿਲਾਂ ਨਗਰ ਨਿਗਮ ਚੋਣਾਂ ਵਿਚ ਹੀ ਅਰੰਭ ਦਿੱਤਾ ਸੀ, ਜਦੋਂ ਭਾਜਪਾ ਤੋਂ ਬਾਗ਼ੀ ਹੋ ਕੇ ਜਿੱਤਣ ਵਾਲੇ ਕੌਂਸਲਰਾਂ ਨੂੰ ਅਕਾਲੀ ਦਲ ਵਿਚ ਲੈ ਕੇ ਜਲੰਧਰ ਦੀ ਨਗਰ ਨਿਗਮ ਵਿਚ ਆਪਣਾ ਮੇਅਰ ਬਣਾਉਣ ਦੀ ਚਾਲ ਚੱਲੀ ਸੀ। ਉਸ ਚਾਲ ਨਾਲ ਹਾਲੇ ਚਾਰ ਮਹੀਨੇ ਪਹਿਲਾਂ ਬਣੀ ਸਾਂਝੀ ਸਰਕਾਰ ਨੂੰ ਖ਼ਤਰਾ ਬਣ ਰਿਹਾ ਵੇਖ ਕੇ ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪ ਅੱਗੇ ਆ ਕੇ ਸਾਫ਼ ਕਰਨਾ ਪਿਆ ਸੀ ਕਿ ਜਲੰਧਰ ਵਿਚ ਮੇਅਰ ਭਾਜਪਾ ਦਾ ਹੀ ਬਣੇਗਾ ਤੇ ਉਸ ਦੇ ਬਾਗ਼ੀ ਹੋਏ ਬੰਦੇ ਵੀ ਅਕਾਲੀ ਦਲ ਵਿਚ ਨਹੀਂ ਲਏ ਜਾਣਗੇ, ਜਦਕਿ ਉਦੋਂ ਤਕ ਆਪਣੀ ਗੋਦ ਵਿਚ ਬਿਠਾ ਕੇ ਇਹ ਐਲਾਨ ਸੁਖਬੀਰ ਸਿੰਘ ਨੇ ਉਨ੍ਹਾਂ ਤੋਂ ਕਰਵਾ ਵੀ ਲਏ ਸਨ।

ਬਾਦਲ ਅਕਾਲੀ ਦਲ ਦੇ ਆਪਣੇ ਅੰਦਰ ਵੀ ਸਭ ਅੱਛਾ ਨਹੀਂ ਅਤੇ ਸਰਕਾਰ ਕਿਸੇ ਜਮਹੂਰੀ ਢੰਗ ਦੀ ਥਾਂ ਪਾਸੇ ਬੈਠੇ ਬੰਦੇ ਉਵੇਂ ਹੀ ਚਲਾ ਰਹੇ ਸੁਣੀਂਦੇ ਹਨ ਜਿਵੇਂ ਐਮਰਜੈਂਸੀ ਦੇ ਦਿਨਾਂ ਵਿਚ ਇੰਦਰਾ ਗਾਂਧੀ ਦੇ ਛੋਟੇ ਪੁੱਤਰ ਦੀ ਟੀਮ ਭਾਰਤ ਦੀ ਕਮਾਨ ਸਾਂਭੀ ਫਿਰਦੀ ਸੀ। ਇਹੋ ਜਿਹੇ ਲੋਕ ਕਿਸੇ ਵੀ ਸਰਕਾਰ ਦੇ ਨੇੜੇ ਲੱਗ ਜਾਣ, ਉਸ ਦਾ ਭਲਾ ਨਹੀਂ ਕਰਦੇ ਹੁੰਦੇ; ਜੜ੍ਹਾਂ ਹੀ ਖੋਖਲੀਆਂ ਕਰਦੇ ਹੁੰਦੇ ਹਨ।

ਅਸੀਂ ਇਕ ਪੁਰਾਣੀ ਮਿਸਾਲ ਯਾਦ ਕਰਾਉਣੀ ਚਾਹੁੰਦੇ ਹਾਂ, ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਆਖ਼ਰੀ ਸਾਲ ਸੀ। ਜੋ ਹਾਲ ਉਦੋਂ ਉਸ ਦਾ ਸੀ, ਉਹੋ ਹੁਣ ਵਾਲੀ ਸਰਕਾਰ ਦਾ ਬਣਿਆ ਪਿਆ ਹੈ। ਅਸੀਂ ਉਦੋਂ ਵੀ ਲਿਖਿਆ ਸੀ ਕਿ ਜੇ ਕਿਸੇ ਰਾਜੇ ਦੀਆਂ ਸੱਤ ਰਾਣੀਆਂ ਹੋਣ ਤਾਂ ਸੱਤ ਦੀਆਂ ਸੱਤ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਰਾਜੇ ਦੇ ਸਿਰ ਦੀ ਖ਼ੈਰ ਮਨਾਉਂਦੀਆਂ ਹਨ ਕਿਉਂਕਿ ਜਦੋਂ ਤਕ ਰਾਜਾ ਸਲਾਮਤ ਹੈ, ਉਹ ਵੀ ਉਦੋਂ ਤਕ ਹੀ ਰਾਣੀਆਂ ਹਨ ਪਰ ਸੌਕਣ ਦਾ ਸਾਕ ਹੋਣ ਕਰਕੇ ਉਹ ਆਪੋ ਵਿਚ ਇਕ-ਦੂਜੀ ਦੀ ਖ਼ੈਰ ਨਹੀਂ ਮਨਾ ਸਕਦੀਆਂ। ਇਸ ਕਰਕੇ ਉਹ ਰਾਜੇ ਦੀ ਸੁੱਖ ਮੰਗਣ ਦੇ ਨਾਲ ਹੀ ਇਹ ਸੁੱਖਣਾ ਵੀ ਸੁੱਖਦੀਆਂ ਹਨ ਕਿ ਬਾਕੀਆਂ ਦੀਆਂ ਛੇਆਂ ਵਿਚੋਂ ਇਕ ਹੀ ਅੱਜ ਸ਼ਾਮ ਤਕ ਗਲੋਂ ਲਹਿ ਜਾਵੇ। ਅਜਿਹਾ ਕਰਨ ਨਾਲ ਉਹ ਇਕ-ਦੂਜੀ ਦਾ ਹੀ ਨਹੀਂ, ਉਸ ਰਾਜੇ ਦਾ ਵੀ ਨੁਕਸਾਨ ਕਰ ਦਿੰਦੀਆਂ ਹਨ ਜਿਸ ਦੀ ਖ਼ੈਰ ਮਨਾਉਂਦੀਆਂ ਹਨ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਇਕ ਸਿਖਰਲੇ ਅਫ਼ਸਰ ਦੀ ਪਤਨੀ ਚੰਡੀਗੜ੍ਹ ਦੇ ਨਾਲ ਲੱਗਦੇ ਹਰਿਆਣਾ ਦੇ ਕਸਬੇ ਪੰਚਕੂਲਾ ਦੀ ਇਕ ਕੋਠੀ ਵਿਚ ਆਪਣੇ ਪਤੀ ਦੇ ਜੂਨੀਅਰ ਅਫ਼ਸਰ ਨਾਲ ਫੜੀ ਗਈ ਅਤੇ ਪੁਲੀਸ ਵਾਲੇ ਦੋਵਾਂ ਨੂੰ ਥਾਣੇ ਲੈ ਗਏ। ਫਿਰ ਪੰਜਾਬ ਦੀ ਸਰਕਾਰੀ ਮਸ਼ੀਨਰੀ ਨੇ ਇੱਜ਼ਤ ਦਾ ਸਵਾਲ ਬਣਾ ਕੇ ਦੋਵਾਂ ਨੂੰ ਛੁਡਾ ਤਾਂ ਲਿਆ ਪਰ ਛੱਡਣ ਵੇਲੇ ਜੂਨੀਅਰ ਅਫ਼ਸਰ ਨੂੰ ਪੁਲੀਸ ਨੇ ਉਸ ਦੇ ਡਰਾਈਵਰ ਦੇ 'ਹਵਾਲੇ' ਕੀਤਾ ਅਤੇ ਵੱਡੇ ਅਫ਼ਸਰ ਦੀ ਪਤਨੀ ਨੂੰ ਉਸ ਦੇ ਧੋਬੀ ਤੋਂ ਸਪੁਰਦਦਾਰੀ ਦਾ ਕਾਗ਼ਜ਼ ਭਰਵਾ ਕੇ ਛੱਡਿਆ ਗਿਆ ਸੀ। ਇਹ ਵੀ 'ਸੱਤਾ' ਦੇ ਸਾੜੇ ਦਾ ਨਤੀਜਾ ਸੀ। ਅਸੀਂ ਉਦੋਂ ਲਿਖਿਆ ਸੀ ਕਿ ਅਮਰਿੰਦਰ ਸਿੰਘ ਹੁਰੀਂ ਆਪਣੇ ਨਾਲ ਫਿਰਦੇ ਰਾਣੀਆਂ ਦਾ ਦਰਜਾ ਰੱਖਦੇ ਸੱਤ ਕੁ ਜਣਿਆਂ ਨੂੰ ਸੰਭਾਲ ਲੈਣ ਤਾਂ ਬਚ ਜਾਣਗੇ, ਵਰਨਾ ਔਖਾ ਜਾਪਦਾ ਹੈ। ਅੰਤ ਨੂੰ ਉਹੋ ਸੱਤ ਕੁ ਜਣੇ ਉਸ ਸਰਕਾਰ ਦੀ ਬੇੜੀ ਦੇ ਪੱਥਰ ਬਣ ਗਏ ਸਨ।

ਹੁਣ ਵਾਲੀ ਸਰਕਾਰ ਦਾ ਹਾਲ ਵੀ ਵੱਖਰਾ ਨਹੀਂ। ਪਿਛਲੇ ਦਿਨੀਂ ਚੰਡੀਗੜ੍ਹ ਵਿਚ ਇਸ ਸਰਕਾਰ ਦੇ ਇਕ ਹਿਤ ਚਿੰਤਕ ਨਾਲ ਸਾਡੀ ਗੱਲ ਹੋਈ ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵੇਲੇ ਦਾ ਸਾਡਾ 'ਸੱਤ ਰਾਣੀਆਂ' ਦਾ ਕਿੱਸਾ ਯਾਦ ਸੀ। ਉਸ ਤੋਂ ਹੁਣ ਵਾਲੀ ਸਰਕਾਰ ਦਾ ਹਾਲ ਪੁੱਛਿਆ ਤਾਂ ਕਹਿਣ ਲੱਗੇ ਕਿ ਜਿਵੇਂ ਆਕਾਸ਼ ਵਿਚ ਸੱਤ ਤਾਰਿਆਂ ਦੇ ਸਮੂਹ ਨੂੰ 'ਸਪਤ ਰਿਸ਼ੀ' ਕਿਹਾ ਜਾਂਦਾ ਹੈ, ਇਸ ਸਰਕਾਰ ਵਿਚ ਵੀ ਡਿਪਟੀ ਮੁੱਖ ਮੰਤਰੀ ਦੇ ਨਾਲ ਸੱਤ ਕੁ 'ਤਾਰੇ' ਜੁੜੇ ਹੋਏ ਹਨ ਜਿਹੜੇ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਤੇ ਬਾਕੀ ਸਾਰੇ ਲੋਕ ਇਨ੍ਹਾਂ ਤੋਂ ਇੰਨੇ ਔਖੇ ਹੋ ਚੁੱਕੇ ਹਨ ਕਿ ਇਕ-ਦੂਜੇ ਕੋਲੋਂ ਇਨ੍ਹਾਂ ਤੋਂ ਖਹਿੜਾ ਛੁੱਟਣ ਦਾ ਮਹੂਰਤ ਪੁੱਛਣ ਲੱਗ ਪਏ ਹਨ। ਸੁਖਬੀਰ ਸਿੰਘ ਬਾਦਲ ਦੇ ਇਨ੍ਹਾਂ ਸੱਤਾਂ ਕੁ ਚਹੇਤਿਆਂ ਵਿਚ ਦੋ ਤਾਂ ਵੱਡੇ ਟਰਾਂਸਪੋਰਟਰ ਹਨ ਜਿਨ੍ਹਾਂ ਦੇ ਆਲੀਸ਼ਾਨ ਬੰਗਲਿਆਂ ਵਿਚ ਉਸ ਦੇ ਆਉਣ ਸਮੇਂ ਬੰਦੂਕਾਂ ਦੇ ਫ਼ਾਇਰ ਹੋਣੇ ਆਮ ਜਿਹੀ ਗੱਲ ਮੰਨੀ ਜਾਂਦੀ ਹੈ। ਜਿਸ ਕਿਸੇ ਨੂੰ ਸੁਖਬੀਰ ਸਿੰਘ ਬਾਦਲ ਦੇ ਨਾਲ ਕੋਈ ਕੰਮ ਹੋਵੇ, ਉਹ ਇਨ੍ਹਾਂ ਕੋਲ ਚਲਾ ਜਾਵੇ ਤਾਂ ਕੰਮ ਹੋ ਜਾਂਦਾ ਹੈ ਅਤੇ ਕਈ ਵਾਰ ਉਹ ਕੰਮ ਵੀ ਹੋ ਜਾਂਦੇ ਹਨ ਜਿਨ੍ਹਾਂ ਨੂੰ ਮੁੱਖ ਮੰਤਰੀ ਬਾਦਲ ਸਾਹਿਬ ਸਿਰ ਫੇਰ ਚੁੱਕੇ ਹੁੰਦੇ ਹਨ।

ਕਈ ਲੋਕ ਇਹ ਗੱਲਾਂ ਸੁਣ ਕੇ ਹੈਰਾਨ ਹੋ ਕੇ ਪੁੱਛਦੇ ਹਨ ਕਿ ਇਹ ਕਿਵੇਂ ਹੋ ਸਕਦਾ ਹੈ ਤੇ ਇੰਜ ਕਰਨ ਨੂੰ ਸੁਖਬੀਰ ਬਾਦਲ ਕਿਵੇਂ ਤਿਆਰ ਹੋ ਜਾਂਦਾ ਹੈ? ਇਸ ਦਾ ਕਾਰਨ ਵੀ ਮੁਕਤਸਰ ਦੀ ਬਾਦਲ ਅਕਾਲੀ ਦਲ ਦੀ ਰੈਲੀ ਨੇ ਦੱਸ ਦਿੱਤਾ ਹੈ। ਉਥੇ ਸੁਖਬੀਰ ਸਿੰਘ ਬਾਦਲ ਨੇ ਆਪਣੀ ਤਕਰੀਰ ਕਰਦਿਆਂ ਦੋ ਗੱਲਾਂ ਕਹੀਆਂ ਜਿਨ੍ਹਾਂ ਦਾ ਖੰਡਨ ਖੜ੍ਹੇ ਪੈਰ ਮੁੱਖ ਮੰਤਰੀ ਬਾਦਲ ਸਾਹਿਬ ਨੂੰ ਹੀ ਕਰਨਾ ਪੈ ਗਿਆ। ਇਕ ਤਾਂ ਇਹ ਕਿ ਮੁੱਖ ਮੰਤਰੀ ਬਾਦਲ ਸਾਹਿਬ 'ਬਜ਼ੁਰਗ' ਹਨ ਅਤੇ ਦੂਜੀ ਇਹ ਕਿ 'ਬਾਦਲ ਸਾਹਿਬ ਮੇਰੇ ਲਈ ਪਿਤਾ ਸਮਾਨ ਹਨ।' ਲੋਕਾਂ ਨੇ ਪਹਿਲੀ ਵਾਰ ਕਿਸੇ ਪੁੱਤਰ ਨੂੰ ਆਪਣੇ ਪਿਤਾ ਲਈ 'ਪਿਤਾ ਜੀ' ਦੀ ਬਜਾਏ 'ਪਿਤਾ ਸਮਾਨ' ਸ਼ਬਦ ਵਰਤਦੇ ਸੁਣਿਆ ਸੀ, ਇਸ ਕਰਕੇ ਸਭਨਾਂ ਦਾ ਹਾਸਾ ਨਿਕਲ ਗਿਆ। ਇਹ ਗੱਲ ਭਾਵੇਂ ਸਹਿਵਨ ਮੂੰਹੋਂ ਨਿਕਲੀ ਹੋਵੇ, ਜੋ ਨਿਕਲਣੀ ਨਹੀਂ ਸੀ ਚਾਹੀਦੀ ਪਰ ਇਸ ਦਾ ਅਸਰ ਇਹ ਪਿਆ ਕਿ ਬਾਦਲ ਸਾਹਿਬ ਨੂੰ ਆਪਣੀ ਤਕਰੀਰ ਵਿਚ ਹੀ ਇਹ ਸਾਫ਼ ਕਰਨਾ ਪੈ ਗਿਆ ਕਿ "ਸੁਖਬੀਰ, ਮੈਂ ਤੇਰੇ ਪਿਤਾ ਸਮਾਨ ਨਹੀਂ, ਤੇਰਾ ਪਿਤਾ ਹੀ ਹਾਂ।" ਆਖ਼ਰ ਏਡੀ ਵੱਡੀ ਗੱਲ ਮੁੰਡੇ ਦੇ ਮੂੰਹੋਂ ਨਿਕਲ ਕਿਵੇਂ ਗਈ, ਕੋਈ ਨਹੀਂ ਸਮਝ ਸਕਦਾ; ਪਰ ਦੂਜੀ ਗੱਲ ਕਹੀ ਜਾਣ ਦੇ ਕਈ ਅਰਥ ਲੋਕਾਂ ਨੇ ਬਾਅਦ ਵਿਚ ਉਦੋਂ ਕੱਢੇ, ਜਦੋਂ ਮੁੱਖ ਮੰਤਰੀ ਬਾਦਲ ਸਾਹਿਬ ਨੇ ਉਸ ਦਾ ਸਪਸ਼ਟੀਕਰਨ ਦੇਣ ਵਰਗਾ ਖੰਡਨ ਕਰ ਦਿੱਤਾ। ਉਨ੍ਹਾਂ ਕਿਹਾ ਕਿ "ਸੁਖਬੀਰ, ਮੈਂ ਹਾਲੇ ਬਜ਼ੁਰਗ ਨਹੀਂ ਹੋਇਆ, ਅਜੇ ਵੀ ਅਠਾਈਆਂ ਸਾਲਾਂ ਦੇ ਨੌਜਵਾਨ ਵਰਗਾ ਹਾਂ। ਨਹੀਂ ਯਕੀਨ ਤਾਂ ਮੇਰੇ ਨਾਲ ਮੁਕਾਬਲਾ ਕਰ ਕੇ ਵੇਖ ਲੈ।" ਇਹ ਗੱਲ ਪਿਤਾ-ਪੁੱਤਰ ਦਾ ਹਾਸਾ-ਠੱਠਾ ਨਾ ਰਹਿ ਕੇ ਵੱਡੇ ਰਾਜਸੀ ਅਰਥਾਂ ਬਾਰੇ ਨਵੀਂ ਬਹਿਸ ਦਾ ਆਧਾਰ ਬਣ ਗਈ ਹੈ।

ਪਿਛਲਾ ਸਾਰਾ ਸਾਲ ਅਸੀਂ ਇਹ ਚਰਚਾ ਸੁਣਦੇ ਰਹੇ ਕਿ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਇਆ ਜਾ ਰਿਹਾ ਹੈ। ਬਣਾਉਣਾ ਚਾਹੁੰਦੇ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਿਸੇ ਦਿਨ ਵੀ ਬਣਾ ਸਕਦੇ ਸਨ ਪਰ ਬਣਾਇਆ ਨਹੀਂ ਸੀ। ਫਿਰ ਇਹ ਪਤਾ ਲੱਗਾ ਕਿ ਉਹ ਤਾਂ ਸਹਿਜ ਭਾਵ ਨਾਲ ਚੱਲਦੇ ਹਨ, ਸੁਖਬੀਰ ਹੀ ਕਾਹਲੀ ਕਰ ਰਿਹਾ ਹੈ। ਵਿਚਲੀ ਗੱਲ ਤਾਂ ਉਹੋ ਦੋਵੇਂ ਜਾਣਦੇ ਹੋਣਗੇ ਪਰ ਮੁਕਸਤਰ ਵਿਚ ਜਦੋਂ ਉਸ ਨੇ 'ਪਿਤਾ ਸਮਾਨ' ਕਹਿ ਕੇ ਮੁੱਖ ਮੰਤਰੀ ਨੂੰ 'ਬਜ਼ੁਰਗ' ਵੀ ਆਖ ਦਿੱਤਾ ਤਾਂ ਸ਼ਾਮ ਤਕ ਇਹ ਗੱਲ ਚੱਲ ਪਈ ਕਿ ਬਾਪੂ ਨੂੰ ਬਜ਼ੁਰਗੀ ਦਾ ਵਾਸਤਾ ਦੇ ਕੇ ਬੇਟਾ ਗੱਦੀ ਸਾਂਭਣ ਲਈ ਸੱਚਮੁਚ ਕਾਹਲਾ ਪੈ ਰਿਹਾ ਹੈ ਤੇ ਬਾਪੂ ਜੀ ਹਾਲੇ ਮੰਨਦੇ ਨਹੀਂ।

ਇਸ ਤਰ੍ਹਾਂ ਮੁਕਤਸਰ ਦੀ ਜਿਸ ਰੈਲੀ ਨੂੰ ਬਾਦਲ ਅਕਾਲੀ ਦਲ ਆਪਣੇ ਵਿਰੋਧੀਆਂ ਦੇ ਗਿੱਟੇ ਸੇਕਣ ਲਈ ਵਰਤਣ ਦਾ ਖ਼ਾਹਿਸ਼ਮੰਦ ਸੀ, ਉਹ ਉਸ ਦੇ ਆਪਣੇ ਲਈ ਹੀ ਵਾਹਵਾ ਘਾਟੇਵੰਦੀ ਸਾਬਤ ਹੋਈ ਹੈ।

ਅਸੀਂ ਮੁੱਢ ਵਿਚ ਹੀ ਕਿਹਾ ਹੈ ਕਿ ਇਸ ਸਰਕਾਰ ਦੇ ਤੇਰਾਂ ਮਹੀਨੇ ਬਾਕੀ ਰਹਿ ਗਏ ਹਨ ਤੇ ਇੰਜ ਇਸ ਆਖ਼ਰੀ ਸਾਲ ਦੇ ਮੁੱਢ ਵਿਚ ਹੋਈਆਂ ਮੁਕਤਸਰ ਦੀਆਂ ਇਨ੍ਹਾਂ ਰੈਲੀਆਂ ਨੇ ਚੋਣ-ਚੱਕਰ ਦੀ ਰਾਜਨੀਤੀ ਦਾ ਏਜੰਡਾ ਤੈਅ ਕਰਨ ਦਾ ਕੰਮ ਕਰਨਾ ਸੀ। ਜੋ ਕੁਝ ਵੇਖਿਆ, ਉਸ ਤੋਂ ਜਾਪਦਾ ਹੈ ਕਿ ਆਖ਼ਰੀ ਸਾਲ ਵਿਚ 'ਬਜ਼ੁਰਗ' ਬਾਦਲ ਤਾਂ ਭਾਵੇਂ ਸਥਿਤੀ ਸਾਂਭ ਲਵੇ, 'ਜਵਾਨ' ਬਾਦਲ ਦੀ ਫ਼ੌਜ ਜੱਖਣਾ-ਪੁੱਟਣ ਵਿਚ ਕੋਈ ਕਸਰ ਨਹੀਂ ਛੱਡਦੀ ਲੱਗਦੀ।

# ਇਮੀਗ੍ਰੇਸ਼ਨ ਹਿਰਾਸਤ ਵਿਚ ਬੰਦ ਵਿਅਕਤੀਆਂ ਲਈ ਕਾਨੂੰਨੀ ਉਪਰਾਲਾ

**ਅਟਾਰਨੀ ਗੁਰਪਤਵੰਤ ਸਿੰਘ ਪੰਨੂ***

ਸਰਕਾਰੀ ਅਤਿਆਚਾਰ ਤੋਂ ਆਪਣੀਆਂ ਜਾਨਾਂ ਬਚਾਉਣ ਲਈ ਭਾਰਤ ਛੱਡ ਆਏ ਕਈ ਵਿਅਕਤੀ ਇਸ ਵੇਲੇ ਟੈਕਸਸ, ਐਰੀਜ਼ੋਨਾ ਤੇ ਹੋਰ ਥਾਂਵਾਂ 'ਤੇ ਆਈ ਸੀ ਈ ਡਿਟੈਨਸ਼ਨ ਕੇਂਦਰਾਂ ਵਿਚ ਬੰਦ ਹਨ। ਜੇ ਕੋਈ ਵਿਅਕਤੀ ਆਪਣਾ ਜ਼ੱਦੀ ਦੇਸ਼ ਅਤਿਆਚਾਰ ਦੇ ਡਰੋਂ ਛੱਡ ਕੇ ਬਿਨਾਂ ਕਿਸੇ ਜਾਂਚ ਪੜਤਾਲ ਦੇ ਅਮਰੀਕਾ ਵਿਚ ਦਾਖਲ ਹੋਇਆ ਹੈ ਤੇ ਇਸ ਵੇਲੇ ਅਮਰੀਕਾ ਵਿਚ ਕਿਤੇ ਵੀ ਆਈ.ਸੀ.ਈ. ਹਿਰਾਸਤ ਵਿਚ ਬੰਦ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਆਪਣੀ ਰਿਹਾਈ ਲਈ ਤੁਰੰਤ ਕਿਸੇ ਮਾਹਿਰ ਅਟਾਰਨੀ ਰਾਹੀਂ ਸ਼ਰਨਾਰਥੀ ਕੇਸ ਦੀ ਪੈਰਵੀ ਕਰੇ।

ਤਸ਼ੱਦਦ ਖਿਲਾਫ ਕਨਵੈਨਸ਼ਨ ਸਮੇਤ ਵੱਖ ਵੱਖ ਕੌਮਾਂਤਰੀ ਸੰਧੀਆਂ ਵਿਚ ਆਪਣੇ ਮਨੁੱਖਤਾ ਬਾਰੇ ਕਾਨੂੰਨਾਂ ਅਤੇ ਮੈਂਬਰਸ਼ਿਪ ਕਾਰਨ ਅਮਰੀਕਾ ਹਰ ਉਸ ਵਿਅਕਤੀ ਨੂੰ ਸੁਰੱਖਿਆ ਮੁਹੱਈਆ ਕਰਵਾਉਂਦਾ ਹੈ ਜਿਹੜਾ ਆਪਣੇ ਦੇਸ਼ ਵਿਚ ਸਰਕਾਰੀ ਜਬਰ ਦਾ ਸ਼ਿਕਾਰ ਹੋਇਆ ਹੋਵੇ ਜਾਂ ਫਿਰ ਜਿਸ ਨੂੰ ਅਤਿਆਚਾਰ ਦਾ ਖਤਰਾ ਹੋਵੇ।

ਪਿਛਲੇ ਕੁਝ ਮਹੀਨਿਆਂ ਵਿਚ ਭਾਰਤ ਵਿਚ ਸਿਆਸੀ ਹਾਲਤ ਇਸ ਕਦਰ ਵਿਗੜ ਗਏ ਹਨ ਕਿ ਕਈ ਲੋਕਾਂ ਨੂੰ ਆਪਣੀਆਂ ਜਾਨਾਂ ਬਚਾਉਣ ਲਈ ਦੇਸ਼ ਛੱਡਣਾ ਪੈ ਰਿਹਾ ਹੈ। ਹਾਲ ਦੇ ਮਹੀਨਿਆਂ ਵਿਚ ਦੇਸ਼ ਦੇ ਕਈ ਹਿੱਸਿਆਂ ਵਿਚ ਗੈਰ ਕਾਨੂੰਨੀ ਹਿਰਾਸਤ, ਤਸ਼ੱਦਦ ਤੇ ਲਾਪਤਾ ਵਰਗੀਆਂ ਕਈ ਘਟਨਾਵਾਂ ਵਾਪਰੀਆਂ ਹਨ। ਪੰਜਾਬ ਵਿਚ ਮੌਜੂਦਾ ਸਿੱਖ ਇਨਸਾਫ ਲਹਿਰ ਦੇ ਕਾਰਨ ਭਾਰਤ ਸਰਕਾਰ ਨੇ ਸਿੱਖਾਂ, ਵਿਸ਼ੇਸ਼ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਅਕਾਲੀ ਦਲ (ਮਾਨ) ਦੀ ਪਾਰਟੀ ਨਾਲ ਸਬੰਧਤ ਸਿੱਖਾਂ ਦੇ ਖਿਲਾਫ ਤਸ਼ੱਦਦ ਕਰਨਾ ਫਿਰ ਸ਼ੁਰੂ ਕਰ ਦਿੱਤਾ ਹੈ। ਸਰਕਾਰ ਨੇ ਪੰਜਾਬ 'ਚ ਅਤਿਵਾਦ ਦੇ ਮੁੜ ਸੁਰਜੀਤ ਹੋਣ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਸਿੱਖਾਂ 'ਤੇ ਜ਼ਿਆਦਤੀਆਂ ਖਿਲਾਫ ਆਵਾਜ਼ ਉਠਾਉਣ ਵਾਲਿਆਂ ਨੂੰ ਜ਼ੁਲਮ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਅਜਿਹੇ ਵਿਅਕਤੀ ਜਿਨ੍ਹਾਂ ਨੂੰ ਆਪਣੇ ਹੀ ਦੇਸ਼ ਵਿਚ ਸਰਕਾਰੀ ਜ਼ਬਰ ਦਾ ਸ਼ਿਕਾਰ ਹੋਣਾ ਪਿਆ ਤੇ ਜਿਨ੍ਹਾਂ ਨੂੰ ਆਪਣੀ ਸਿਆਸੀ ਰਾਏ, ਸਮਾਜਿਕ ਗਰੁਪ ਵਿਚ ਮੈਂਬਰਸ਼ਿਪ, ਧਰਮ, ਨਸਲ ਕਰਕੇ ਨੇੜ ਭਵਿਖ ਵਿਚ ਸਰਕਾਰੀ ਜਬਰ ਦਾ ਖਤਰਾ ਹੈ ਨੂੰ ਅਮਰੀਕਾ ਵਿਚ ਸ਼ਰਨ ਮਿਲ ਸਕਦੀ ਹੈ। ਹਰ ਉਸ ਵਿਅਕਤੀ ਨੂੰ ਤਸ਼ੱਦਦ ਖਿਲਾਫ ਕਨਵੈਨਸ਼ਨ ਤਹਿਤ ਸੁਰੱਖਿਆ ਵੀ ਮੁਹੱਈਆ ਕਰਵਾਈ ਜਾ ਸਕਦੀ ਹੈ ਜਿਸ 'ਤੇ ਉਸ ਦੇ ਦੇਸ਼ ਵਿਚ ਤਸ਼ਦਦ ਹੋਇਆ ਹੋਵੇ ਜਾਂ ਉਸ 'ਤੇ ਤਸ਼ੱਦਦ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਲਈ ਜਿਸ ਵਿਅਕਤੀ 'ਤੇ ਕਿਸੇ ਘੱਟ ਗਿਣਤੀ ਧਾਰਮਿਕ ਗਰੁਪ ਜਿਵੇਂ ਸਿੱਖ, ਮੁਸਲਿਮ, ਇਸਾਈ, ਦਲਿਤ (ਕੁਝ ਕੇਸਾਂ ਵਿਚ ਹਿੰਦੂ ਵੀ) ਨਾਲ ਸਬੰਧ ਰੱਖਣ ਕਾਰਨ ਜਾਂ ਆਪਣੇ ਭਾਈਚਾਰੇ ਲਈ ਸਿਆਸੀ ਹੱਕਾਂ ਦੀ ਮੰਗ ਲਈ ਸਰਕਾਰੀ ਜਬਰ ਹੋਇਆ ਹੈ, ਉਹ ਸ਼ਰਨ ਹਾਸਿਲ ਕਰ ਸਕਦਾ ਹੈ। ਅਜਿਹੇ ਵਿਅਕਤੀ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਬਾਅਦ ਸ਼ਰਨ ਲੈਣ ਲਈ ਯੂ ਐਸ ਸੀ ਆਈ ਐਸ ਵਿਚ ਤੁਰੰਤ ਅਰਜ਼ੀ ਦਾਇਰ ਕਰਨੀ ਚਾਹੀਦੀ ਹੈ। ਅਜਿਹੀ ਅਰਜ਼ੀ ਨੂੰ ਅਫਰਮੇਟਿਵ ਅਸਾਈਲਮ ਐਪਲੀਕੇਸ਼ਨ ਕਿਹਾ ਜਾਂਦਾ ਹੈ ਤੇ ਇਹ ਦੇਸ਼ ਵਿਚ ਦਾਖਲ ਹੋਣ ਤੋਂ ਇਕ ਸਾਲ ਦੇ ਅੰਦਰ ਅੰਦਰ ਦਾਇਰ ਕੀਤੀ ਜਾਣੀ ਚਾਹੀਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਸਰਹੱਦ ਪਾਰ ਕਰਦਿਆਂ ਇਮੀਗ੍ਰੇਸ਼ਨ ਏਜੰਟਾਂ ਵਲੋਂ ਫੜ ਲਿਆ ਜਾਂਦਾ ਹੈ ਜਾਂ ਦੇਸ਼ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿਣ ਲਈ ਆਈ ਸੀ ਈ ਵਲੋਂ ਹਿਰਾਸਤ ਵਿਚ ਲਿਆ ਜਾਂਦਾ ਹੈ ਤਾਂ ਉਸ ਨੂੰ ਤੇਜ਼ੀ ਨਾਲ ਨਿਪਟਾਏ ਜਾਣ ਵਾਲੇ "ਰਿਮੂਵਲ ਪ੍ਰੋਸੀਡਿੰਗ" ਵਿਚ ਪਾਇਆ ਜਾਂਦਾ ਹੈ ਤੇ ਉਹ ਸ਼ਰਨ ਲਈ ਡਿਫੈਂਸਿਵ ਅਰਜ਼ੀ ਦਾਇਰ ਕਰ ਸਕਦਾ ਹੈ। ਅਜਿਹੇ ਕੇਸ ਵਿਚ ਉਸ ਨੂੰ ਤੁਰੰਤ ਕਿਸੇ ਅਟਾਰਨੀ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੋ ਕਿ ਉਸ ਨੂੰ ਦਰਪੇਸ਼ ਜ਼ਬਰ ਦੇ ਖਤਰੇ ਦੀ ਪੁਸ਼ਟੀ ਲਈ ਬੇਨਤੀ ਦਾਇਰ ਕਰਦਾ ਹੈ। ਅਟਾਰਨੀ ਖੁਦ ਪੇਸ਼ ਹੁੰਦਾ ਹੈ ਤੇ ਉਸ ਨੂੰ ਖਤਰੇ ਦੀ ਪੁਸ਼ਟੀ ਬਾਰੇ ਇੰਟਰਵਿਊ ਲਈ ਮਦਦ ਕਰਦਾ ਹੈ ਜਿਸ ਵਿਚ ਅਸਾਇਲਮ ਅਫਸਰ ਵਲੋਂ ਪਤਾ ਲਾਇਆ ਜਾਂਦਾ ਹੈ ਕਿ ਉਕਤ ਵਿਅਕਤੀ ਨੂੰ ਆਪਣੇ ਦੇਸ਼ ਵਾਪਸ ਜਾਣ 'ਤੇ ਵਾਕਿਆ ਖਤਰਾ ਹੈ? ਜਦੋਂ ਉਕਤ ਵਿਅਕਤੀ ਨੂੰ ਆਪਣੇ ਦੇਸ਼ ਵਿਚ ਸਰਕਾਰੀ ਜਬਰ ਦੇ ਖਤਰੇ ਦੀ ਅਸਾਇਲਮ ਅਫਸਰ ਵਲੋਂ ਪੁਸ਼ਟੀ ਕਰ ਦਿੱਤੀ ਜਾਂਦੀ ਹੈ ਤਾਂ ਕੇਸ ਨੂੰ ਇਮੀਗ੍ਰੇਸ਼ਨ ਜੱਜ ਕੋਲ ਭੇਜ ਦਿੱਤਾ ਜਾਂਦਾ ਹੈ। ਇਸ ਮੌਕੇ ਵਕੀਲ ਬਾਂਡ 'ਤੇ ਉਕਤ ਵਿਅਕਤੀ ਦੀ ਰਿਹਾਈ ਲਈ ਬੇਨਤੀ ਕਰ ਸਕਦਾ ਹੈ। ਆਪਣੇ ਮੁਵੱਕਲ ਦੀ ਅਟਾਰਨੀ ਬਾਂਡ ਲਈ ਲੋੜੀਂਦੇ ਦਸਤਾਵੇਜ਼ ਤਿਆਰ ਕਰਨ ਵਿਚ ਮਦਦ ਕਰਦਾ ਹੈ ਤੇ ਸੁਣਵਾਈ ਲਈ ਪ੍ਰਤੀਨਿਧਤਾ ਕਰਦਾ ਹੈ। ਬਾਂਡ ਸੈਟ ਹੋਣ ਪਿਛੋਂ ਵਿਅਕਤੀ ਨੂੰ ਆਈ.ਸੀ. ਈ. ਹਿਰਾਸਤ ਵਿਚ ਰਿਹਾ ਕਰ ਦਿੱਤਾ ਜਾਂਦਾ ਹੈ।

ਉਕਤ ਵਿਅਕਤੀ ਨੂੰ ਫਿਰ ਇਮੀਗ੍ਰੇਸ਼ਨ ਜੱਜ ਅੱਗੇ "ਰਿਮੂਵਲ ਪ੍ਰੋਸੀਡਿੰਗ" 'ਚ ਪਾਇਆ ਜਾਂਦਾ ਹੈ ਤੇ ਉਹ ਅਦਾਲਤ ਵਿਚ ਸ਼ਰਨ ਲਈ ਅਰਜੀ ਪੇਸ਼ ਕਰਦਾ ਹੈ। ਇਸ ਮੌਕੇ ਅਟਾਰਨੀ ਵਲੋਂ ਸ਼ਰਨ ਬਾਰੇ ਅਰਜੀ ਲਈ ਕਾਨੂੰਨੀ ਸਲਾਹ ਦਿੱਤੀ ਜਾਂਦੀ ਹੈ, ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ ਤਿਆਰ ਕਰਾ ਕੇ ਜੱਜ ਅੱਗੇ ਪੈਰਵੀ ਕੀਤੀ ਜਾਂਦੀ ਹੈ।

ਰਿਹਾਈ ਤੋਂ ਪਿਛੋਂ ਵਿਅਕਤੀ ਕਿਸੇ ਵੀ ਰਾਜ ਵਿਚ ਸ਼ਰਨ ਲਈ ਆਪਣੀ ਮਰਜੀ ਦਾ ਵਕੀਲ ਕਰ ਸਕਦਾ ਹੈ। ਕਿਉਂਕਿ ਇਮੀਗ੍ਰੇਸ਼ਨ ਇਕ ਫੈਡਰਲ ਪ੍ਰੈਕਟਿਸ ਹੈ ਇਸ ਲਈ ਕਿਸੇ ਵੀ ਰਾਜ ਵਿਚ ਪ੍ਰੈਕਟਿਸ ਕਰਦੇ ਅਟਾਰਨੀ ਕਿਸੇ ਵੀ ਰਾਜ ਵਿਚ ਮੁਵੱਕਲਾਂ ਦੀ ਪੈਰਵੀ ਕਰ ਸਕਦੇ ਹਨ। ਸ਼ਰਨ ਬਾਰੇ ਦਾਅਵੇ ਲਈ ਠੀਕ ਤਰੀਕੇ ਨਾਲ ਕਾਨੂੰਨੀ ਪੈਰਵੀ ਬਹੁਤ ਅਹਿਮ ਹੈ ਕਿਉਂਕਿ ਇਸ ਵਿਚ ਗੁੰਝਲਦਾਰ ਕਾਨੂੰਨੀ ਪ੍ਰਕ੍ਰਿਆ ਸ਼ਾਮਿਲ ਹੈ ਜੋ ਕਿ ਪੇਚੀਦਾ ਹੋ ਸਕਦਾ ਹੈ।

**ਅਟਾਰਨੀ ਪੰਨੂ ਦੀ ਆਪਣੀ ਇਮੀਗ੍ਰੇਸ਼ਨ ਇਕ ਫੈਡਰਲ ਪ੍ਰੈਕਟਿਸ ਹੈ ਅਤੇ ਉਨ੍ਹਾਂ ਦੇ ਦਫਤਰ ਦੇ ਵਕੀਲ ਟੈਕਸਸ, ਐਰੀਜ਼ੋਨਾ, ਕੈਲੀਫੋਰਨੀਆ, ਵਾਸ਼ਿੰਗਟਨ, ਨਿਊ ਜਰਸੀ, ਨਿਊ ਯਾਰਕ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚਲੇ ਆਈ.ਸੀ.ਈ. ਡਿਟੈਨਸ਼ਨ ਕੇਂਦਰਾਂ ਵਿਚ ਬੰਦ ਵਿਅਕਤੀਆਂ ਦੇ ਸਰਨਾਰਥੀ ਕੇਸਾਂ ਦੀ ਪੈਰਵਾਈ ਕਰਦੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 718-672-8000 'ਤੇ ਕੀਤਾ ਜਾ ਸਕਦਾ ਹੈ।*

## ਮੁਕਤਸਰ ਦੇ ਮਾਘੀ ਮੇਲੇ ਮੌਕੇ ਸਿਆਸੀ ਕਾਨਫਰੰਸਾਂ

# ਲੋਕਾਂ ਦੇ ਉਤਸ਼ਾਹ ਨੇ ਮਨਪ੍ਰੀਤ ਨੂੰ ਕੀਤਾ ਬਾਗੋਬਾਗ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਵੱਖ ਹੋ ਕੇ ਪਹਿਲੀ ਵਾਰ ਮੁਕਤਸਰ ਦੇ ਮਾਘੀ ਮੇਲੇ ਵਿਚ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਕੀਤੀ ਗਈ ਕਾਨਫਰੰਸ ਨੇ ਵਿਰੋਧੀਆਂ ਦੀ ਨੀਂਦ ਉਡਾ ਦਿੱਤੀ। ਸਾਬਕਾ ਖ਼ਜ਼ਾਨਾ ਮੰਤਰੀ ਦੀ ਕਾਨਫਰੰਸ ਵਿਚ ਸਭ ਕਿਆਸਅਰਾਈਆਂ ਦੇ ਉਲਟ ਤੇ ਸਰਕਾਰੀ ਰੋਕਾਂ ਦੇ ਬਾਵਜੂਦ ਰਿਕਾਰਡ ਤੋੜ ਇਕੱਠ ਹੋਇਆ ਜਿਸ ਨਾਲ ਮਨਪ੍ਰੀਤ ਦਾ ਖੇਮਾ ਬਾਗੋਬਾਗ ਹੋ ਗਿਆ।

ਇਸ ਮੌਕੇ ਮਨਪ੍ਰੀਤ ਸਿੰਘ ਨੇ ਕਿਹਾ ਕਿ 1947 ਦੀ ਵੰਡ 'ਚ ਅਨੇਕਾਂ ਲੋਕ ਮਾਰੇ ਗਏ, ਔਰਤਾਂ ਵਿਧਵਾ ਹੋਈਆਂ ਤੇ ਵੱਡਾ ਖ਼ੂਨ-ਖ਼ਰਾਬਾ ਹੋਇਆ। ਦੇਸ਼ ਭਾਵੇਂ ਆਜ਼ਾਦ ਹੋ ਗਿਆ ਪਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਾ ਹੋਏ। ਆਜ਼ਾਦੀ ਦੇ 64 ਸਾਲ ਬੀਤਣ ਦੇ ਬਾਵਜੂਦ ਲੋਕ ਬੁਨਿਆਦੀ ਸਹੂਲਤਾਂ ਤੋਂ ਵਿਰਵੇ ਹਨ। ਉਨ੍ਹਾਂ ਕਿਹਾ ਕਿ ਅੱਜ ਕਿਸਾਨ ਤੇ ਮਜ਼ਦੂਰ ਦੀ ਜੋ ਦੁਰਦਸ਼ਾ ਹੋ ਰਹੀ ਹੈ ਉਸ ਲਈ ਸਾਡਾ ਮੌਜੂਦਾ ਨਿਜ਼ਾਮ ਜ਼ਿੰਮੇਵਾਰ ਹੈ। ਸਰਕਾਰਾਂ ਆਪਣੇ ਨਿੱਜੀ ਹਿੱਤਾਂ ਲਈ ਤਾਂ ਕੰਮ ਕਰਦੀਆਂ ਰਹੀਆਂ ਹਨ ਪਰ ਲੋਕਾਂ ਦੇ ਭਲੇ ਲਈ ਕਿਸੇ ਨੇ ਵੀ ਨਹੀਂ ਸੋਚਿਆ। ਅੱਜ ਵੀ ਕਮਿਸ਼ਨ ਖਾਣ ਵਾਲੇ ਲੋਕ ਕੈਬਨਿਟ ਮੰਤਰੀ ਵਜੋਂ ਸਹੂਲਤਾਂ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਢਾਈ ਕਰੋੜ ਲੋਕ ਮੁਸ਼ਕਲਾਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ। ਜੇ ਪੰਜਾਬੀ ਨੌਜਵਾਨਾਂ ਨੂੰ ਪੰਜਾਬ ਵਿਚ ਹੀ ਰੁਜ਼ਗਾਰ ਮਿਲੇ ਤਾਂ ਉਹ ਬਾਹਰ ਜਾ ਕੇ ਅਪਣਾ ਸੁਨਹਿਰੀ ਭਵਿੱਖ ਕਿਉਂ ਤਬਾਹ ਕਰਨ? ਪੰਜਾਬ ਸਿਰ ਕਰਜ਼ਾ ਅਮਰਵੇਲ ਵਾਂਗ ਵਧ ਰਿਹਾ ਹੈ ਤੇ ਹਰ ਵਿਅਕਤੀ ਕਰਜ਼ਈ ਹੈ।



*ਮਾਘੀ ਮੇਲੇ ਮੌਕੇ ਮੰਚ 'ਤੇ ਮਨਪ੍ਰੀਤ ਬਾਦਲ ਬੀਰਦਵਿੰਦਰ ਸਿੰਘ ਅਤੇ ਹੋਰਨਾਂ ਨਾਲ*

ਆਪਣੇ ਭਵਿੱਖ ਦੀ ਗੱਲ ਕਰਦਿਆਂ ਮਨਪ੍ਰੀਤ ਬਾਦਲ ਨੇ ਐਲਾਨ ਕੀਤਾ ਕਿ 23 ਮਾਰਚ ਤਕ ਜਾਗੋ ਪੰਜਾਬ ਯਾਤਰਾ ਦਾ ਦੂਜਾ ਪੜਾਅ ਮੁਕੰਮਲ ਹੋ ਜਾਵੇਗਾ ਤੇ ਲੋਕਾਂ ਦੇ ਹੁੰਗਾਰੇ ਤੇ ਆਸਾਂ ਵੀ ਕਾਫੀ ਹੱਦ ਤਕ ਸਪਸ਼ਟ ਹੋ ਜਾਣਗੀਆਂ ਤੇ ਸੰਭਾਵਨਾ ਹੈ ਕਿ ਉਹ ਨਵੀਂ ਪਾਰਟੀ ਜਾਂ ਪਲੇਟਫਾਰਮ ਦਾ ਵਿਧਾਨ ਇਸ ਇਤਿਹਾਸਕ ਦਿਹਾੜੇ 'ਤੇ ਲੋਕਾਂ ਅੱਗੇ ਰੱਖ ਦੇਣਗੇ। ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੀਆਂ ਨੀਤੀਆਂ ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ 1966 ਤੋਂ ਪਿਛੋਂ ਅਕਾਲੀ ਦਲ ਨੇ ਪੰਜਾਬ ਲਈ ਜੋ ਵੀ ਏਜੰਡਾ ਦਿੱਤਾ ਕਾਂਗਰਸ ਨੇ ਸਿਰਫ਼ ਇਸ ਏਜੰਡੇ ਬਾਰੇ ਪ੍ਰਤੀਕ੍ਰਿਆ ਹੀ ਜ਼ਾਹਰ ਕੀਤੀ ਹੈ। ਮਾਲੀ ਤੇ ਸਮਾਜੀ ਸੰਕਟਾਂ 'ਚ ਫਸੇ ਪੰਜਾਬ ਲਈ ਹੁਣ ਨਵੇਂ ਵਿਚਾਰਾਂ ਦੀ ਲੋੜ ਹੈ।

ਮਨਪ੍ਰੀਤ ਨੇ ਆਖਿਆ ਕਿ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਵਿਚ ਦੀ ਭੱਠੀ ਵਿਚ ਤਪ ਰਹੇ ਪੰਜਾਬ ਲਈ ਵੱਡੀ ਤਬਦੀਲੀ ਦੀ ਜ਼ਰੂਰਤ ਹੈ ਤੇ ਇਸ ਖਾਤਰ ਲੋਕਾਂ ਨੂੰ ਜਾਗਣਾ ਪਵੇਗਾ। ਉਨ੍ਹਾਂ ਲਈ ਸਭ ਤੋਂ ਵੱਡੀ ਤਾਕਤ ਪੰਜਾਬ ਦੇ ਲੋਕਾਂ ਦਾ ਸਮਰਥਨ ਹੈ ਤੇ ਮਾਘੀ ਮੇਲੇ 'ਤੇ ਲੋਕਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ ਹੈ।

ਕਾਨਫਰੰਸ ਨੂੰ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਨੂੰ ਕੱਢਣ ਲਈ ਜਿਹੜੀ ਅਨੁਸ਼ਾਸਨੀ ਕਮੇਟੀ ਬਣਾਈ ਗਈ ਸੀ ਉਸ ਵਿਚ ਲੋਕਾਂ ਦੇ ਨਕਾਰੇ ਹੋਏ ਲੀਡਰ ਸ਼ਾਮਲ ਸਨ। ਇਸ ਕਾਨਫਰੰਸ ਨੂੰ ਜਗਬੀਰ ਸਿੰਘ ਬਰਾੜ ਵਿਧਾਇਕ, ਮਨਜਿੰਦਰ ਸਿੰਘ ਕੰਗ, ਕੁਲਦੀਪ ਸਿੰਘ ਢੋਸ, ਮਨਜਿੰਦਰ ਸਿੰਘ, ਗੁਰਪ੍ਰੀਤ ਸਿੰਘ ਭੱਟੀ, ਸ਼ਵਿੰਦਰ ਕੌਰ ਜੌਹਲ, ਕੁਸ਼ਲਦੀਪ ਸਿੰਘ ਢਿੱਲੋਂ, ਸਰਬਜੀਤ ਸਿੰਘ ਬਰਾੜ ਤੇ ਅਮਨਦੀਪ ਸਿੰਘ ਮਹਾਸ਼ਾ ਨੇ ਵੀ ਸੰਬੋਧਨ ਕੀਤਾ।

ਉਧਰ ਪਤਾ ਲੱਗਾ ਹੈ ਕਿ ਮਨਪ੍ਰੀਤ ਬਾਦਲ ਤੇ ਉਨ੍ਹਾਂ ਦੇ ਹਮਾਇਤੀ ਵਿਧਾਇਕ 23 ਮਾਰਚ ਤੋਂ ਪਹਿਲਾਂ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫ਼ੇ ਦੇ ਸਕਦੇ ਹਨ। ਜਲੰਧਰ ਵਿਚ ਸ੍ਰੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਹ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਖਟਕੜ ਕਲਾਂ ਵਿਖੇ ਲੋਕਾਂ ਲਈ ਨਵਾਂ ਪਾਰਟੀ ਪਲੇਟਫਾਰਮ ਐਲਾਨਣਗੇ ਤੇ ਇਸ ਤੋਂ ਪਹਿਲਾਂ ਸ਼ਾਇਦ ਉਹ ਇਸ ਸਟੇਜ 'ਤੇ ਅੱਪੜ ਜਾਣ ਕਿ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਉਹ ਤੇ ਉਨ੍ਹਾਂ ਦੇ ਸਾਥੀ ਅਸਤੀਫ਼ੇ ਦੇ ਦੇਣ।

# ਅਕਾਲੀ ਕਾਂਗਰਸ 'ਤੇ ਵਰ੍ਹੇ ਪਰ ਮਨਪ੍ਰੀਤ ਦਾ ਨਾਂ ਲੈਣ ਤੋਂ ਗੁਰੇਜ਼

**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਦੌਰਾਨ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਬੁਲਾਰੇ ਕਾਂਗਰਸ 'ਤੇ ਸਿੱਧੇ ਰੂਪ 'ਚ ਵਰ੍ਹੇ ਪਰ ਮਨਪ੍ਰੀਤ ਬਾਦਲ ਦਾ ਨਾਂ ਇਸ਼ਾਰਿਆਂ ਨਾਲ ਹੀ ਲਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ, 'ਮੇਰੇ ਪਿਤਾ ਨੇ ਪੰਜਾਬ ਦੀ ਸੇਵਾ ਕੀਤੀ, ਹੁਣ ਮੈਂ ਕਰ ਰਿਹਾ ਹਾਂ ਤੇ ਅੱਗੇ ਮੇਰੇ ਬੱਚੇ ਤੁਹਾਡੀ ਸੇਵਾ ਕਰਨਗੇ।'

ਇਸ ਮੌਕੇ ਮੰਚ ਤੋਂ ਸਭ ਤੋਂ ਅਖੀਰ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਬੋਧਨ ਕੀਤਾ ਜਦੋਂਕਿ ਮੁੱਖ ਬੁਲਾਰੇ ਵਜੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹੀ ਬੋਲੇ। ਉਨ੍ਹਾਂ ਦੇ ਬੋਲਣ ਉਪਰੰਤ ਇਕ ਵਾਰ ਤਾਂ ਮੰਚ ਤੇ ਪੰਡਾਲ 'ਚ ਕਾਫੀ ਹਿਲਜੁਲ ਹੋਈ ਜੋ ਬਾਅਦ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਵਿਸ਼ੇਸ਼ ਸੰਬੋਧਨੀ ਸ਼ੈਲੀ ਨਾਲ ਕਾਬੂ ਕੀਤੀ। ਇਸ ਸਟੇਜ 'ਤੇ ਭਾਜਪਾ ਦਾ ਕੋਈ ਮੰਤਰੀ ਤੇ ਸੀਨੀਅਰ ਆਗੂ ਨਹੀਂ ਸੀ ਤੇ ਅਕਾਲੀ ਮੰਤਰੀਆਂ 'ਚੋਂ ਵੀ ਸਿਰਫ਼ ਸਿੰਜਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਹੀ ਬੋਲੇ। ਇਸ ਮੌਕੇ ਸਾਬਕਾ ਖੇਤੀਬਾੜੀ ਮੰਤਰੀ ਗੁਰਦੇਵ ਸਿੰਘ ਬਾਦਲ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਾਲਾ ਪੈਟਰਨ ਅਪਨਾਉਣ ਦੀ ਗੱਲ ਕੀਤੀ।

ਸੁਖਬੀਰ ਬਾਦਲ ਨੇ ਬਿਨਾਂ ਕਿਸੇ ਦਾ ਨਾਂ ਲਿਆਂ ਕਿਹਾ ਕਿ 'ਕਿਸੇ' ਵੱਲੋਂ ਇਹ ਕਹਿਣਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਕਾਰ ਚਲਾਉਣੀ ਨਹੀਂ ਆਉਂਦੀ ਬੇਮਤਲਬੀ, ਅਹਿਮਕਾਨਾ ਤੇ ਬਚਕਾਨਾ ਗੱਲ ਹੈ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਦੀ ਸਰਕਾਰ ਨੇ ਪੰਜਾਬ 'ਚ ਵਿਕਾਸ ਕਾਰਜਾਂ ਦੀ 'ਹਨੇਰੀ' ਲਿਆਂਦੀ ਹੋਈ ਹੈ ਜਦੋਂ ਕਿ ਕਾਂਗਰਸ ਸਰਕਾਰ ਕੋਲ ਦੱਸਣ ਲਈ ਇਕ ਵੀ ਗੱਲ ਨਹੀਂ। ਉਨ੍ਹਾਂ ਆਪਣੇ ਕੰਮਾਂ ਦਾ ਲੇਖਾ-ਜੋਖਾ ਕਰਦਿਆਂ ਕਿਹਾ ਕਿ ਸੇਮ ਦਾ ਖਾਤਮਾ ਕਰਕੇ ਲੱਖਾਂ ਪਰਿਵਾਰਾਂ ਨੂੰ ਖੁਸ਼ਹਾਲ ਕਰਨਾ, 17 ਲੱਖ ਪਰਿਵਾਰਾਂ ਨੂੰ ਆਟਾ-ਦਾਲ ਦੇਣਾ, ਕਰੋੜਾਂ ਰੁਪਏ ਸ਼ਗਨ ਸਕੀਮ ਤਹਿਤ ਵੰਡਣੇ, ਅਰਬਾਂ ਦੇ ਬਿਜਲੀ ਪ੍ਰਾਜੈਕਟ ਲਾਉਣੇ, ਬਠਿੰਡਾ ਦੀ ਰਿਫਾਇਨਰੀ ਦੇ ਪ੍ਰਾਜੈਕਟ ਨੂੰ ਲੀਹ 'ਤੇ ਲਿਆਉਣਾ, ਅੰਮ੍ਰਿਤਸਰ ਤੋਂ ਬਾਅਦ ਮੁਹਾਲੀ, ਮਾਛੀਵਾੜਾ ਤੇ ਬਠਿੰਡਾ ਵਿਚ ਹਵਾਈ ਅੱਡਿਆਂ ਦਾ ਨਿਰਮਾਣ ਕਰਨਾ, ਸਕੂਲਾਂ 'ਚ 30 ਹਜ਼ਾਰ ਅਧਿਆਪਕਾਂ ਦੀ ਭਰਤੀ, 7 ਸੌ ਕਰੋੜ ਰੁਪਏ ਦੀ ਲਾਗਤ ਨਾਲ ਹਰ ਹਲਕੇ 'ਚ ਮੁਫ਼ਤ ਪੜ੍ਹਾਈ ਵਾਲਾ ਆਦਰਸ਼ ਸਕੂਲ ਸਥਾਪਤ ਕਰਨਾ ਤੇ ਪ੍ਰਸ਼ਾਸਨਿਕ ਸੁਧਾਰ ਕਰਨਾ ਸਿਰਫ਼ 'ਬਾਦਲ ਸਾਹਿਬ' ਕਰਕੇ ਹੀ ਸੰਭਵ ਹੋਇਆ ਹੈ।


*ਅਕਾਲੀ ਦਲ (ਬਾਦਲ) ਦੀ ਕਾਨਫਰੰਸ ਵਿਚ ਮੰਚ 'ਤੇ ਬੈਠੇ ਸ. ਬਾਦਲ ਤੇ ਹੋਰ ਆਗੂ*

ਸਰਕਾਰ ਕਬੱਡੀ ਨੂੰ ਮਾਨਤਾ ਦਿਵਾਉਣ ਤੋਂ ਬਾਅਦ ਗਤਕੇਬਾਜ਼ੀ ਨੂੰ ਵੀ ਮਾਨਤਾ ਦਿਵਾਉਣ ਜਾ ਰਹੀ ਹੈ।

ਆਪਣੀ ਗੱਲ ਜਾਰੀ ਰੱਖਦਿਆਂ ਸੁਖਬੀਰ ਨੇ ਕਿਹਾ ਕਿ 'ਜਾਗੋ ਵਾਲਿਆਂ ਵੱਲੋਂ' ਪੰਜਾਬ ਨੂੰ ਦੇਸ਼ ਦਾ ਸਭ ਤੋਂ ਵਧ ਕਰਜ਼ਈ ਸੂਬਾ ਕਹਿਣਾ ਬਿਲਕੁਲ ਝੂਠ ਹੈ ਕਿਉਂਕਿ ਉਤਰ ਪ੍ਰਦੇਸ਼ ਸਿਰ 2 ਲੱਖ 21 ਹਜ਼ਾਰ ਕਰੋੜ ਰੁਪਏ, ਮਹਾਰਾਸ਼ਟਰ ਸਿਰ ਦੋ ਲੱਖ ਕਰੋੜ ਰੁਪਏ ਤੇ ਆਂਧਰਾ ਪ੍ਰਦੇਸ਼ ਸਿਰ ਇਕ ਹਜ਼ਾਰ ਕਰੋੜ ਰੁਪਏ ਤੋਂ ਵੀ ਵੱਧ ਕਰਦਾ ਹੈ ਜਦੋਂ ਕਿ ਪੰਜਾਬ ਦਾ ਕਰਜ਼ਾ ਸਿਰਫ਼ 65 ਹਜ਼ਾਰ ਕਰੋੜ ਰੁਪਏ ਹੈ ਜਿਹੜਾ ਅਤਿਵਾਦ ਵੇਲੇ ਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਜਿਸ ਵੇਲੇ ਸੱਤਾ ਸੰਭਾਲੀ ਸੀ ਉਦੋਂ ਰਾਜ ਦੀ ਸਾਲਾਨਾ ਆਮਦਨ 5 ਹਜ਼ਾਰ ਕਰੋੜ ਰੁਪਏ ਸੀ ਜੋ ਹੁਣ ਵਧ ਕੇ 11 ਹਜ਼ਾਰ ਕਰੋੜ ਰੁਪਏ ਹੋ ਗਈ ਹੈ ਤੇ ਅਗਲੇ ਵਰ੍ਹੇ ਇਹ 14 ਹਜ਼ਾਰ ਕਰੋੜ ਕਰਨੀ ਹੈ। ਉਨ੍ਹਾਂ ਨੇ 'ਛੋਟੇ ਵੀਰ' ਵੱਲੋਂ ਸਬਸਿਡੀਆਂ ਬੰਦ ਕਰਨ ਦੀ ਪੈਰਵੀ ਦੀ ਨੁਕਤਾਚੀਨੀ ਕਰਦਿਆਂ ਕਿਹਾ, 'ਸਾਡੀ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਤੋਂ ਨਹੀਂ ਭੱਜ ਸਕਦੀ। ਅਸੀਂ ਸਬਸਿਡੀਆਂ ਦਿੰਦੇ ਰਹਾਂਗੇ, ਭਾਵੇਂ ਸਿਰ ਕੱਟਿਆ ਜਾਵੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ ਪਾਰਟੀ ਉਪਰ ਤਿੱਖੇ ਹਮਲੇ ਕਰਦਿਆਂ ਇਸ ਨੂੰ ਘਪਲੇਬਾਜ਼, ਰਿਸ਼ਵਤਖੋਰ ਤੇ ਪੰਜਾਬ ਵਿਰੋਧੀ ਕਿਹਾ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੇ ਆਗੂਆਂ ਨੇ ਇੰਨੇ ਪੈਸਿਆਂ ਦਾ ਗਬਨ ਕੀਤਾ ਹੈ ਜਿਸ ਨਾਲ ਸੱਤ ਸੂਬਿਆਂ ਦਾ ਇਕ ਸਾਲ ਦਾ ਖਰਚਾ ਚੱਲ ਸਕਦਾ ਹੈ ਫਿਰ ਵੀ ਸਰਕਾਰ ਉਨ੍ਹਾਂ ਆਗੂਆਂ ਨੂੰ 'ਸੁਥਰੇ' ਦੱਸ ਰਹੀ ਹੈ। ਉਨ੍ਹਾਂ ਇਸ਼ਾਰਿਆਂ ਨਾਲ ਮਨਪ੍ਰੀਤ ਦੇ ਕਾਂਗਰਸ ਨੂੰ ਸਾਥ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਪਾਰਟੀ ਤੋਂ ਬਿਨਾਂ ਕਿਸੇ ਨੂੰ ਕੋਈ ਚਾਹ ਦਾ ਕੱਪ ਵੀ ਨਹੀਂ ਪਿਆਉਂਦਾ, ਮਨਪ੍ਰੀਤ ਨੇ ਪਾਰਟੀ ਛੱਡ ਕੇ ਭਾਰੀ ਗਲਤੀ ਕੀਤੀ ਹੈ।

ਅਕਾਲੀ ਕਾਨਫਰੰਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ, ਜਥੇਦਾਰ ਤੋਤਾ ਸਿੰਘ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਮਲੋਟ ਦੇ ਵਿਧਾਇਕ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਭੂੰਦੜ ਤੇ ਜ਼ਿਲ੍ਹਾ ਅਕਾਲੀ ਪ੍ਰਧਾਨ ਮਨਜੀਤ ਸਿੰਘ ਬਰਕੰਦੀ ਹੋਰਾਂ ਨੇ ਵੀ ਸੰਬੋਧਨ ਕੀਤਾ।

### 'ਸੁਖਬੀਰ ਮੈਂ ਤੇਰਾ ਪਿਤਾ ਹੀ ਹਾਂ'

ਅਕਾਲੀ ਦਲ ਦੀ ਕਾਨਫਰੰਸ ਵਾਲੀ ਸਟੇਜ ਤੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੇ ਸੰਬੋਧਨ ਦੌਰਾਨ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੂੰ ਵਾਰ-ਵਾਰ ਮੇਰੇ ਪਿਤਾ ਸਮਾਨ ਕਹਿੰਦੇ ਰਹੇ। ਉਨ੍ਹਾਂ ਕਈ ਵਾਰ 'ਤੁਹਾਡੇ ਪਿਤਾ ਸਮਾਨ, ਆਪਣੇ ਪਿਤਾ ਸਮਾਨ' ਵੀ ਕਿਹਾ। ਆਪਣੇ ਪਿਤਾ ਨੂੰ ਉਨ੍ਹਾਂ ਨੇ ਇਕ ਵਾਰ ਵੀ 'ਮੇਰੇ ਪਿਤਾ' ਨਹੀਂ ਕਿਹਾ। ਉਨ੍ਹਾਂ ਦੇ ਇਸ ਸੰਬੋਧਨ 'ਤੇ ਸਾਰੇ ਲੋਕ ਹੈਰਾਨ ਸਨ।

'ਪਿਤਾ ਸਮਾਨ' ਕਹਿਣ 'ਤੇ ਲੋਕਾਂ ਵੱਲੋਂ ਮੁਸਕਣੀਏ ਹੱਸਣ 'ਤੇ ਵੀ ਸੁਖਬੀਰ ਬਾਦਲ ਰਮਜ਼ ਨਹੀਂ ਸਮਝੇ। ਅਖੀਰ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਸੰਬੋਧਨ ਕਰਨਾ ਸ਼ੁਰੂ ਕੀਤਾ ਤਾਂ ਉਨ੍ਹਾਂ ਤਨਜ ਨਾਲ ਸੁਖਬੀਰ ਨੂੰ ਕਿਹਾ 'ਸੁਖਬੀਰ ਮੈਂ ਤੇਰੇ ਪਿਤਾ ਸਮਾਨ ਨਹੀਂ, ਤੇਰਾ ਪਿਤਾ ਹੀ ਹਾਂ।' ਇਸ ਦੇ ਨਾਲ ਹੀ ਉਨ੍ਹਾਂ ਸੁਖਬੀਰ ਨੂੰ ਇਹ ਵੀ ਕਿਹਾ, 'ਮੈਨੂੰ ਬਜ਼ੁਰਗ ਨਾ ਕਿਹਾ ਕਰੋ, ਚੰਗਾ ਨਹੀਂ ਲੱਗਦਾ, ਮੈਂ ਅਜੇ ਬਜ਼ੁਰਗ ਨਹੀਂ।'

## ਆਮ ਟਰਾਂਸਪੋਰਟਰਾਂ ਨੂੰ ਵਗਾਰਾਂ ਤੇ ਆਪ ਲੁੱਟੀਆਂ 'ਬਹਾਰਾਂ'

**ਬਠਿੰਡਾ:** ਸਰਕਾਰ ਵੱਲੋਂ ਮਾਘੀ ਮੇਲੇ 'ਤੇ ਇਕੱਠ ਕਰਨ ਲਈ ਆਮ ਬੱਸ ਮਾਲਕ ਤੋਂ ਵਗਾਰ ਵਿਚ ਬੱਸਾਂ ਲਈਆਂ ਗਈਆਂ ਜਦੋਂਕਿ ਔਰਬਿਟ ਤੇ ਨਿਊ ਦੀਪ ਬੱਸ ਕੰਪਨੀ ਦੀ ਕੋਈ ਬੱਸ ਵੀ ਮਾਘੀ ਮੇਲੇ 'ਤੇ ਨਹੀਂ ਗਈ। ਉਸ ਦਿਨ ਬਠਿੰਡਾ ਦੇ ਬੱਸ ਅੱਡੇ ਵਿਚ ਔਰਬਿਟ ਕੰਪਨੀ ਦੀਆਂ ਬੱਸਾਂ ਹੀ ਦਿਖ ਰਹੀਆਂ ਸਨ।

ਸੂਤਰਾਂ ਅਨੁਸਾਰ ਮਾਘੀ ਮੇਲੇ 'ਤੇ ਇਕੱਲੀ ਹਾਕਮ ਧਿਰ ਵੱਲੋਂ 800 ਬੱਸਾਂ ਵਰਤੀਆਂ ਗਈਆਂ। ਪ੍ਰਾਈਵੇਟ ਬੱਸ ਮਾਲਕਾਂ ਨੇ ਦੱਸਿਆ ਕਿ ਪੰਜਾਬ ਦੇ ਆਮ ਬੱਸ ਮਾਲਕਾਂ ਨੂੰ ਤਕਰੀਬਨ 35 ਲੱਖ ਰੁਪਏ ਦਾ ਨੁਕਸਾਨ ਝੱਲਣਾ ਪਿਆ ਹੈ ਜਦੋਂਕਿ ਵੱਡਿਆਂ ਦੀਆਂ ਬੱਸਾਂ ਨੇ ਕਾਫੀ ਕਮਾਈ ਕੀਤੀ ਹੈ। ਉਸ ਦਿਨ ਬਠਿੰਡਾ ਤੋਂ ਪਟਿਆਲਾ-ਚੰਡੀਗੜ੍ਹ ਲਈ 24 ਬੱਸਾਂ ਔਰਬਿਟ ਕੰਪਨੀ ਦੀਆਂ ਗਈਆਂ ਤੇ ਇਸ ਤਰ੍ਹਾਂ ਔਰਬਿਟ ਦੀਆਂ ਬਠਿੰਡਾ ਤੋਂ ਲੁਧਿਆਣਾ 24 ਬੱਸਾਂ ਗਈਆਂ ਜੋ ਹੋਰ ਸ਼ਹਿਰਾਂ ਤੋਂ ਚੱਲਦੀਆਂ ਹਨ, ਉਹ ਵੱਖਰੀਆਂ ਹਨ। ਇਸ ਤਰ੍ਹਾਂ ਨਿਊ ਦੀਪ ਬੱਸ ਕੰਪਨੀ ਦੀਆਂ ਬਠਿੰਡਾ ਤੋਂ ਅੰਮ੍ਰਿਤਸਰ ਲਈ ਤਿੰਨ ਦਰਜਨ ਦੇ ਕਰੀਬ ਬੱਸਾਂ ਚੱਲੀਆਂ। ਬਠਿੰਡਾ ਬੱਸ ਅੱਡਾ ਫੀਸ ਦੇ ਠੇਕੇਦਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰੋਜ਼ਾਨਾ 14260 ਰੁਪਏ ਅੱਡਾ ਫੀਸ ਤੋਂ ਇਕੱਠੇ ਹੁੰਦੇ ਹਨ ਪਰ ਉਸ ਦਿਨ 8000 ਰੁਪਏ ਹੀ ਪ੍ਰਾਪਤ ਹੋਏ। ਉਨ੍ਹਾਂ ਦੱਸਿਆ ਕਿ ਔਰਬਿਟ ਤੇ ਨਿਊ ਦੀਪ ਬੱਸ ਕੰਪਨੀ ਦੇ ਸਾਰੇ ਰੂਟ ਹੀ ਚੱਲੇ ਹਨ। ਲਿੰਕ ਸੜਕਾਂ 'ਤੇ ਤਕਰੀਬਨ 300 ਮਿੰਨੀ ਬੱਸਾਂ ਦੇ ਰੂਟ ਹਨ ਪਰ ਉਸ ਦਿਨ 98 ਦੇ ਕਰੀਬ ਰੂਟਾਂ 'ਤੇ ਹੀ ਮਿੰਨੀ ਬੱਸਾਂ ਚੱਲੀਆਂ। ਲਿਬੜਾ ਬੱਸ ਕੰਪਨੀ ਦੇ ਵੀ ਅੱਧੀ ਦਰਜਨ ਰੂਟ ਮਿਸ ਸਨ। ਜਾਣਕਾਰੀ ਅਨੁਸਾਰ ਬਠਿੰਡਾ ਦੇ ਬੱਸ ਅੱਡੇ ਵਿਚ ਆਮ ਟਰਾਂਸਪੋਰਟਰਾਂ ਦੀਆਂ ਬੱਸਾਂ ਗੈਰ ਹਾਜ਼ਰ ਸਨ ਜਿਸ ਕਰਕੇ ਸਵਾਰੀਆਂ ਨੂੰ ਦੇਰ ਸ਼ਾਮ ਤੱਕ ਖੱਜਲ ਖੁਆਰੀ ਝੱਲਣੀ ਪਈ।

ਪੀ.ਆਰ.ਟੀ.ਸੀ. ਦੇ ਬਠਿੰਡਾ ਡਿੱਪੂ ਨੂੰ ਵੀ ਪ੍ਰਾਈਵੇਟ ਬੱਸਾਂ ਦੀ ਕਮੀ ਕਾਰਨ ਕਾਫੀ ਫਾਇਦਾ ਮਿਲਿਆ ਹੈ। ਬਠਿੰਡਾ ਡਿੱਪੂ ਦੇ ਜਨਰਲ ਮੈਨੇਜਰ ਇਕਬਾਲ ਸਿੰਘ ਨੇ ਦੱਸਿਆ ਕਿ ਪੀ.ਆਰ.ਟੀ.ਸੀ ਨੂੰ ਕਰੀਬ ਡੇਢ ਲੱਖ ਰੁਪਏ ਦੀ ਵੱਧ ਆਮਦਨ ਹੋਈ।

## ਜ਼ਾਰ ਪਰਿਵਾਰ ਦੇ ਕਤਲ ਕਾਂਡ 'ਚੋਂ ਲੈਨਿਨ ਨੂੰ ਕਲੀਨ ਚਿਟ

**ਮਾਸਕੋ:** ਰੂਸ ਦੇ ਆਖਰੀ ਜ਼ਾਰ ਨਿਕੋਲਸ ਦੋਇਮ ਤੇ ਉਸ ਦੇ ਪਰਿਵਾਰ ਦੇ ਕਤਲਾਂ ਦੀ ਲੰਮੇ ਸਮੇਂ ਤੋਂ ਚਲਦੀ ਜਾਂਚ ਬੰਦ ਕਰ ਦਿੱਤੀ ਗਈ ਹੈ ਤੇ ਮੁੱਖ ਤਫਤੀਸ਼ਕਾਰ ਵਲਾਦੀਮੀਰ ਸੋਲੋਵਯੋਵ ਨੇ ਆਖਿਆ ਹੈ ਕਿ ਇਸ ਦਾ ਕੋਈ ਸਬੂਤ ਨਹੀਂ ਮਿਲਿਆ ਕਿ ਕਤਲਾਂ ਦੇ ਹੁਕਮ ਲੈਨਿਨ ਵੱਲੋਂ ਦਿੱਤੇ ਗਏ ਸਨ।

ਸੋਲੋਵਯੋਵ ਨੇ 'ਇਜ਼ਵੇਸਤੀਆ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਤਿਹਾਸਕਾਰਾਂ ਅਤੇ ਪੁਰਾਤੱਤਵ ਮਾਹਰਾਂ ਨੂੰ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਬੋਲਸ਼ੇਵਿਕ ਆਗੂ ਜਾਂ ਇਲਾਕਾਈ ਅਹਿਲਕਾਰ ਯਾਕੋਵ ਸਵਰਦਲੋਵ ਨੇ 1918 ਵਿਚ ਜ਼ਾਰ ਦੇ ਪਰਿਵਾਰ ਨੂੰ ਗੋਲੀਆਂ ਮਾਰਨ ਦੇ ਹੁਕਮ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਜਾਂਚ ਦੇ ਕੰਮ ਵਿਚ ਇਤਿਹਾਸਕਾਰਾਂ ਅਤੇ ਪੁਰਾਤੱਤਵ ਮਾਹਰਾਂ ਨੇ ਹਿੱਸਾ ਲਿਆ। ਰੂਸ ਨੇ ਜ਼ਾਰ ਦੇ ਵੰਸ਼ਜਾਂ ਦੀ ਬੇਨਤੀ 'ਤੇ ਪਿਛਲੇ ਸਾਲ ਜਾਂਚ ਮੁੜ ਸ਼ੁਰੂ ਕਰਵਾਈ ਸੀ। ਫੌਜਦਾਰੀ ਜਾਂਚ 14 ਜਨਵਰੀ ਨੂੰ ਬੰਦ ਕਰ ਦਿੱਤੀ ਗਈ। ਰੂਸੀ ਸੁਪਰੀਮ ਕੋਰਟ ਨੇ ਅਕਤੂਬਰ 2008 ਵਿਚ ਜ਼ਾਰ ਪਰਿਵਾਰ ਨੂੰ ਸਿਆਸੀ ਦਮਨ ਦਾ ਸ਼ਿਕਾਰ ਗਰਦਾਨਿਆ ਸੀ ਅਤੇ ਤਫਤੀਸ਼ਕਾਰਾਂ ਨੂੰ ਇਹ ਸਬੂਤ ਲੱਭਣ ਲਈ ਕਿਹਾ ਗਿਆ ਸੀ ਕਿ ਹੱਤਿਆਵਾਂ ਸਰਕਾਰੀ ਹੁਕਮਾਂ 'ਤੇ ਕੀਤੀਆਂ ਗਈਆਂ ਸਨ।

# ਬਾਦਲਾਂ ਨੇ ਪੰਜਾਬ ਦਾ ਕੱਖ ਨਹੀਂ ਸੰਵਾਰਿਆ-ਕੈਪਟਨ

**ਸ੍ਰੀ ਮੁਕਤਸਰ ਸਾਹਿਬ:** ਮਾਘੀ ਮੇਲੇ ਮੌਕੇ ਕਾਂਗਰਸ ਦੀ ਕਾਨਫਰੰਸ ਵਿਚ ਸੱਤਾਧਾਰੀ ਅਕਾਲੀ ਦਲ ਨੂੰ ਚੰਗੇ ਰਗੜੇ ਲਾਏ ਗਏ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਵੇਂ ਪ੍ਰਕਾਸ਼ ਸਿੰਘ ਬਾਦਲ ਚਾਰ ਵਾਰ ਮੁੱਖ ਮੰਤਰੀ ਬਣ ਚੁੱਕੇ ਹਨ ਪਰ ਉਨ੍ਹਾਂ ਨੇ ਸੂਬੇ ਲਈ ਕੱਖ ਨਹੀਂ ਕੀਤਾ ਤੇ ਹਮੇਸ਼ਾਂ ਲੋਕਾਂ ਨੂੰ ਝੂਠੇ ਲਾਰਿਆਂ ਵਿਚ ਰੱਖ ਕੇ ਗੁਮਰਾਹ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਸਾਡੇ ਨਾਲ ਪੰਜਾਬ ਬਾਰੇ ਖੁੱਲ੍ਹੀ ਬਹਿਸ ਕਰ ਕੇ ਵੇਖ ਲੈਣ ਕਿ ਕਿਸ ਨੇ ਜ਼ਿਆਦਾ ਕੰਮ ਕੀਤਾ ਹੈ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਦੋਸ਼ ਲਾਇਆ ਕਿ ਅਕਾਲੀ ਦਲ ਵਾਲੇ ਪੰਥ ਦੇ ਨਾਂ ਨੂੰ ਵਰਤ ਕੇ ਵੋਟਾਂ ਲੈਂਦੇ ਹਨ ਪਰ ਹੁਣ ਤਕ ਜਿਹੜੀਆਂ ਵੀ ਧਾਰਮਿਕ ਯਾਦਗਾਰਾਂ ਪੰਜਾਬ ਵਿਚ ਬਣੀਆਂ ਹਨ, ਉਹ ਸਭ ਕਾਂਗਰਸ ਦੇ ਰਾਜ ਸਮੇਂ ਹੀ ਬਣੀਆਂ ਹਨ। ਉਨ੍ਹਾਂ ਕਿਹਾ ਕਿ ਨਾ ਮਨਪ੍ਰੀਤ ਸਿੰਘ ਨੂੰ ਪੰਜਾਬ ਨਾਲ ਮੋਹ ਹੈ ਤੇ ਨਾ ਹੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਦੀ ਕੋਈ ਫ਼ਿਕਰ ਹੈ। ਪੰਜਾਬ ਵਿਚ ਗ਼ਰੀਬ ਲੋਕਾਂ ਤੇ ਹੋਰ ਵਰਗਾਂ ਨੂੰ ਜਿਹੜੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਉਹ ਸਾਰਾ ਪੈਸਾ ਕੇਂਦਰ ਸਰਕਾਰ ਵਲੋਂ ਭੇਜਿਆ ਜਾ ਰਿਹਾ ਹੈ। ਪੰਜਾਬ ਦਾ ਇਸ ਵਿਚ ਕੋਈ ਯੋਗਦਾਨ ਨਹੀਂ ਹੈ। ਕੈਪਟਨ ਨੇ ਇਹ ਵੀ ਕਿਹਾ ਕਿ ਬਾਦਲ ਪਰਵਾਰ ਨੂੰ ਪੰਜਾਬ ਨੂੰ ਲੁੱਟਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਹੜੇ ਅਫ਼ਸਰਾਂ ਨੇ ਅਕਾਲੀਆਂ ਨਾਲ ਮਿਲ ਕੇ ਪਿਛਲੇ ਸਮੇਂ ਦੌਰਾਨ ਤਕਰੀਬਨ 25 ਹਜ਼ਾਰ ਕਾਂਗਰਸੀ ਵਰਕਰਾਂ 'ਤੇ ਝੂਠੇ ਪਰਚੇ ਦਰਜ ਕਰਵਾਏ ਹਨ, ਸਮਾਂ ਆਉਣ 'ਤੇ ਉਨ੍ਹਾਂ ਕੋਲੋਂ ਹਿਸਾਬ-ਕਿਤਾਬ ਲਿਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਿਰ ਇਸ ਵੇਲੇ 1 ਲੱਖ 60 ਹਜ਼ਾਰ ਕਰੋੜ ਦਾ ਕਰਜ਼ਾ ਹੈ ਪਰ ਆਮਦਨ ਸਿਰਫ਼ 20 ਹਜ਼ਾਰ ਕਰੋੜ ਹੈ। ਬਾਦਲਾਂ ਨੂੰ ਕਾਨੂੰਨ ਦਾ ਸਾਹਮਣਾ ਜ਼ਰੂਰ ਕਰਨਾ ਪਵੇਗਾ ਪਰ ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਦਿਲ ਵਿਚ ਬਾਦਲਾਂ ਵਿਰੁੱਧ ਕੋਈ ਸਿਆਸੀ ਕਿੜ ਜਾਂ ਬਦਲੇ ਦੀ ਭਾਵਨਾ ਨਹੀਂ।

ਮਨਪ੍ਰੀਤ 'ਤੇ ਨਿਸ਼ਾਨਾ ਸਾਧਦਿਆਂ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਉਹ ਸਿਧਾਂਤਾਂ ਲਈ ਨਹੀਂ ਲੜ ਰਿਹਾ, ਉਨ੍ਹਾਂ ਦੀ ਲੜਾਈ ਤਾਂ ਸਿਰਫ਼ ਸਫ਼ਲਤਾ ਪ੍ਰਾਪਤ ਕਰਨ ਦੀ ਹੈ। ਮਨਪ੍ਰੀਤ ਸਿੰਘ ਇਹ ਜਾਣਦਾ ਹੈ ਕਿ ਬਾਦਲ ਤੋਂ ਬਾਅਦ ਉਨ੍ਹਾਂ ਦਾ ਅਕਾਲੀ ਦਲ 'ਚ ਕੋਈ ਭਵਿੱਖ ਨਹੀਂ ਹੈ। ਸੁਖਬੀਰ ਸਿੰਘ ਬਾਦਲ ਆਪਣੀ ਪਤਨੀ ਤੇ ਉਸ ਦੇ ਭਰਾ ਨਾਲ ਮਿਲ ਕੇ ਪਾਰਟੀ 'ਤੇ ਪੂਰਾ ਕੰਟਰੋਲ ਕਰ ਲਏਗਾ। ਮਨਪ੍ਰੀਤ ਸਿੰਘ ਸਾਫ਼ ਤੌਰ 'ਤੇ ਆਪਣੇ ਵਾਸਤੇ ਜਗ੍ਹਾ ਤਲਾਸ਼ਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨੇ ਹਰ ਜਗ੍ਹਾ ਆਪਣਾ ਹਿੱਸਾ ਲੱਭਿਆ ਇਥੋਂ ਤੱਕ ਕਿ ਰੇਤਾ, ਸ਼ਰਾਬ ਦੇ ਠੇਕਿਆਂ ਤੇ ਟਰਾਂਸਪੋਰਟ ਨੂੰ ਨਹੀਂ ਛੱਡਿਆ ਗਿਆ।

ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਕਾਂਗਰਸ ਵੱਲੋਂ ਰਾਜ ਸਰਕਾਰ ਦੀਆਂ ਵਧੀਕੀਆਂ ਤੇ ਧੱਕੇਸ਼ਾਹੀਆਂ ਦੇ ਮੁੱਦੇ ਨੂੰ ਆਧਾਰ ਬਣਾ ਕੇ ਅਕਾਲੀ-ਭਾਜਪਾ ਗੱਠਜੋੜ ਨੂੰ ਘੇਰਿਆ ਜਾਵੇਗਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਕਾਰ ਦੀਆਂ ਪ੍ਰਾਪਤੀਆਂ ਤੇ ਖ਼ਾਮੀਆਂ ਬਾਰੇ ਲੋਕਾਂ ਅੱਗੇ ਜਵਾਬਦੇਹ ਹੋਣ ਲਈ ਮਜਬੂਰ ਕੀਤਾ ਜਾਵੇਗਾ। ਕੈਪਟਨ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਵਿਜੀਲੈਂਸ ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਆਪਣੇ ਪਹਿਲੇ ਬਿਆਨਾਂ ਤੋਂ ਮੁਨਕਰ ਹੋਏ ਸਰਕਾਰੀ ਗਵਾਹਾਂ ਬਾਰੇ ਉਚ ਪੱਧਰੀ ਜਾਂਚ ਪੜਤਾਲ ਕਰਵਾਈ ਜਾਵੇਗੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਨ੍ਹਾਂ



ਮੰਚ ਉਤੇ ਕੈਪਟਨ ਅਮਰਿੰਦਰ ਸਿੰਘ, ਬੀਬੀ ਭੱਠਲ ਅਤੇ ਹੋਰ ਆਗੂ

ਦੇ ਆਪਣੇ ਬਿਆਨਾਂ ਤੋਂ ਮੁਨਕਰ ਹੋਣ ਪਿੱਛੇ ਕੀ ਵਜ੍ਹਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਦੇਸ਼ ਦੀਆਂ ਨਾਮੀ ਕੰਪਨੀਆਂ ਨੂੰ ਧੜਾਧੜ ਅਲਾਟ ਕੀਤੀਆਂ ਜਾ ਰਹੀਆਂ ਕੀਮਤੀ ਜ਼ਮੀਨਾਂ ਦੇ ਮਾਮਲੇ ਦੀ ਵੀ ਉਚ ਪੱਧਰੀ ਜਾਂਚ ਕਰਵਾਈ ਜਾਵੇਗੀ। ਜਾਂਚ ਦੌਰਾਨ ਜਿਥੇ ਵੀ ਗੜਬੜੀ ਪਾਈ ਗਈ, ਜ਼ਿੰਮੇਵਾਰ ਵਿਅਕਤੀਆਂ ਵਿਰੁਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮਨਪ੍ਰੀਤ ਸਿੰਘ ਬਾਦਲ ਦੀ ਵਧਦੀ ਲੋਕਪ੍ਰਿਯਤਾ ਬਾਰੇ ਉਨ੍ਹਾਂ ਕਿਹਾ ਕਿ ਮਨਪ੍ਰੀਤ ਤੋਂ ਕਾਂਗਰਸ ਪਾਰਟੀ ਨੂੰ ਕੋਈ ਖਤਰਾ ਨਹੀਂ ਸਗੋਂ ਅਕਾਲੀ ਦਲ ਨੂੰ ਹੀ ਵਧੇਰੇ ਖਤਰਾ ਪੈਦਾ ਹੋ ਸਕਦਾ ਹੈ। ਕਾਂਗਰਸ ਪਾਰਟੀ ਦਾ ਕੋਈ ਸਾਧਾਰਨ ਮੈਂਬਰ ਵੀ ਮਨਪ੍ਰੀਤ ਦੇ ਕਾਫਲੇ 'ਚ ਸ਼ਾਮਲ ਨਹੀਂ ਹੋਇਆ ਜਦਕਿ ਅਕਾਲੀ ਦਲ ਦੇ ਸੀਨੀਅਰ ਆਗੂ ਉਸ ਨਾਲ ਜਾ ਰਲੇ ਹਨ। ਉਨ੍ਹਾਂ ਆਖਿਆ ਕਿ ਪੰਜਾਬ ਕਾਂਗਰਸ ਦਾ ਪੁਨਰਗਠਨ ਛੇਤੀ ਹੀ ਕਰ ਦਿੱਤਾ ਜਾਵੇਗਾ। ਪੰਜਾਬ 'ਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ ਤੇ ਲੋਕ ਦਹਿਸ਼ਤ ਦੇ ਸਾਏ ਹੇਠ ਜ਼ਿੰਦਗੀ ਬਤੀਤ ਕਰ ਰਹੇ ਹਨ। ਸਾਬਕਾ ਮੁੱਖ ਮੰਤਰੀ ਨੇ ਸਬਸਿਡੀ ਦੀ ਵਕਾਲਤ ਕਰਦਿਆਂ ਕਿਹਾ ਕਿ ਸਬਸਿਡੀਆਂ ਦੇਣਾ ਕੋਈ ਗਲਤ ਗੱਲ ਨਹੀਂ ਹੈ ਪਰ ਇਸ ਦਾ ਲਾਭ ਅਸਲ ਲੋੜਵੰਦ ਲੋਕਾਂ ਨੂੰ ਮਿਲਣਾ ਯਕੀਨੀ ਬਣਾਉਣਾ ਚਾਹੀਦਾ ਹੈ।

ਇਸ ਮੌਕੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਦਾ ਬੋਰੀਆ-ਬਿਸਤਰਾ ਗੋਲ ਕਰ ਦੇਵਾਂਗੇ ਤੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਵੱਲ ਸਰਕਾਰ ਨੇ ਧਿਆਨ ਹੀ ਨਹੀਂ ਦਿੱਤਾ ਤੇ 50 ਲੱਖ ਤੋਂ ਵੱਧ ਪੜ੍ਹੇ ਲਿਖੇ ਮੁੰਡੇ ਕੁੜੀਆਂ ਰੁਲ ਰਹੇ ਹਨ। ਅਜੇ ਤਾਂ ਇਕੱਲੇ ਮਨਪ੍ਰੀਤ ਬਾਦਲ ਨੇ ਹੀ ਸਾਰੇ ਅਕਾਲੀ ਦਲ ਨੂੰ ਭਾਜੜਾਂ ਪਈਆਂ ਹੋਈਆਂ ਹਨ। ਅਕਾਲੀ ਦਲ ਚੋਣਾਂ ਵਿਚ ਕਾਂਗਰਸ ਦਾ ਮੁਕਾਬਲਾ ਕਿਵੇਂ ਕਰੇਗਾ?

## ਐਚ-1 ਬੀ ਵੀਜ਼ਿਆਂ ਦਾ ਲਾਹਾ ਲੈਣ 'ਚ ਭਾਰਤੀ ਅੱਵਲ

**ਵਾਸ਼ਿੰਗਟਨ:** ਅਮਰੀਕਾ ਵਿਚ ਐਚ-1 ਬੀ ਵੀਜ਼ਿਆਂ ਦਾ ਸਭ ਤੋਂ ਵੱਧ ਲਾਭ ਭਾਰਤੀ ਲੈ ਰਹੇ ਹਨ। ਅਜਿਹੇ ਕੁੱਲ ਵੀਜ਼ਿਆਂ ਵਿਚੋਂ ਅੱਧੇ ਭਾਰਤੀਆਂ ਨੂੰ ਮਿਲੇ ਹਨ। ਸਰਕਾਰੀ ਜਵਾਬਦੇਹੀ ਦਫ਼ਤਰ ਵੱਲੋਂ ਸਾਲ 2000 ਤੋਂ 2009 ਲਈ ਜਾਰੀ ਅੰਕੜਿਆਂ ਮੁਤਾਬਕ 49.9 ਐਚ-1 ਬੀ ਵੀਜੇ ਭਾਰਤੀਆਂ ਨੂੰ ਮਿਲੇ। ਪਿਛਲੇ ਇਕ ਦਹਾਕੇ ਦੌਰਾਨ ਇਸ ਵੀਜ਼ੇ 'ਤੇ ਅਮਰੀਕਾ ਆਉਣ ਵਾਲੇ ਸਭ ਤੋਂ ਵੱਧ ਭਾਰਤੀ, ਚੀਨੀ, ਕੈਨੇਡੀਅਨ ਤੇ ਫਿਲਪੀਨੀ ਹਨ।

ਦਸ ਸਾਲਾਂ ਦੌਰਾਨ 64 ਫੀਸਦੀ ਐਚ-1 ਬੀ ਵੀਜ਼ੇ ਇਨ੍ਹਾਂ ਮੁਲਕਾਂ ਨੂੰ ਦਿੱਤੇ ਗਏ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ। ਸਾਲ 2011 ਲਈ ਅਮਰੀਕਾ ਨੇ 65 ਹਜ਼ਾਰ ਐਚ-1 ਬੀ ਵੀਜ਼ੇ ਦੇਣੇ ਹਨ।



ਗੁਰਦੁਆਰਾ ਗੁਰੂ ਅੰਗਦ ਦਰਬਾਰ, ਬੇਕਰਜ਼ਫੀਲਡ ਵਿਚ ਸੰਗਤਾਂ ਲੋਹੜੀ ਮਨਾਉਂਦੀਆਂ ਹੋਈਆਂ (ਤਸਵੀਰ: ਮਾਨ ਮਨਦੀਪ)







# ਦਸ਼ਮੇਸ਼ ਪੁਰਬ 'ਤੇ ਬੇਕਰਜ਼ਫੀਲਡ ਵਿਚ ਸ਼ਾਨਦਾਰ ਨਗਰ ਕੀਰਤਨ



**ਬੇਕਰਜ਼ਫੀਲਡ (ਮਾਨ ਮਨਦੀਪ):** ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੰਘੇ ਐਤਵਾਰ ਇਥੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਲੋਂ ਚੌਥਾ ਨਗਰ ਕੀਰਤਨ ਬੜੀ ਧੂਮਧਾਮ ਨਾਲ ਕੱਢਿਆ ਗਿਆ ਜਿਸ ਵਿਚ ਸੰਗਤਾਂ ਦਾ ਇਕੱਠ ਰਿਕਾਰਡਤੋੜ ਰਿਹਾ।

ਨਗਰ ਕੀਰਤਨ ਤੋਂ ਪਹਿਲਾਂ ਗੁਰੂ ਘਰ ਵਿਚ ਮਨਾਏ ਗਏ ਸਮਾਗਮਾਂ ਦੌਰਾਨ ਹਜ਼ੂਰੀ ਰਾਗੀ ਜਥੇ ਤੋਂ ਇਲਾਵਾ ਸਥਾਨਕ ਸਾਰੇ ਗੁਰੂ ਘਰਾਂ ਦੇ ਕੀਰਤਨੀ ਜਥਿਆਂ ਅਤੇ ਕਥਾਵਾਚਕਾਂ ਨੇ ਸੰਗਤਾਂ ਨੂੰ ਗੁਰਬਾਣੀ ਦੇ ਇਲਾਹੀ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ। ਇਨ੍ਹਾਂ ਤਿੰਨ ਰੋਜ਼ਾ ਸਮਾਗਮਾਂ ਦੌਰਾਨ ਪਟਿਆਲੇ ਵਾਲੀਆਂ ਬੀਬੀਆਂ ਤੇ ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥਿਆਂ ਅਤੇ ਗੁਰਦੇਵ ਸਿੰਘ ਸਾਹੋਕੇ ਦੇ ਕਵੀਸ਼ਰੀ ਜਥੇ ਨੇ ਸਿੱਖ ਇਤਿਹਾਸ ਨਾਲ ਸਬੰਧਤ ਬੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ।

ਨਗਰ ਕੀਰਤਨ ਇਕ ਸਜੀ ਹੋਈ ਪਾਲਕੀ ਵਿਚ ਗੁਰੂ ਮਹਾਰਾਜ ਦੀ ਸਵਾਰੀ ਦੀ ਅਗਵਾਈ ਹੇਠ ਖਾਲਸਾਈ ਜੈਕਾਰਿਆਂ ਦੀ ਗੂੰਜ ਨਾਲ ਅਰੰਭ ਹੋਇਆ। ਸਭ ਤੋਂ ਅੱਗੇ ਰਵਾਇਤੀ ਅਸਤਰ-ਬਸਤਰ ਨਾਲ ਸਜੇ ਪੰਜ ਪਿਆਰੇ ਚੱਲ ਰਹੇ ਸਨ। ਸੇਵਾਦਾਰ ਅੱਗੇ ਅੱਗੇ ਸੜਕ ਦੀ ਸਫਾਈ ਕਰ ਰਹੇ ਸਨ। ਨਗਰ ਕੀਰਤਨ ਦੁਪਹਿਰ ਇਕ ਵਜੇ ਅਰੰਭ ਹੋਣਾ ਸੀ ਪਰ ਬੁਲਾਰਿਆਂ ਦੀ ਸਟੇਜ ਤੋਂ ਵੱਧ ਤੋਂ ਵੱਧ ਸਮਾਂ ਬੋਲਣ ਦੀ ਤਮਾ ਕਰਕੇ ਨਗਰ ਕੀਰਤਨ ਤਿੰਨ ਵਜੇ ਹੀ ਅਰੰਭ ਹੋ ਸਕਿਆ। ਨਗਰ ਕੀਰਤਨ ਗੁਰੂ ਘਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੀਆਂ ਵੱਖ ਵੱਖ ਸੜਕਾਂ-ਸਾਊਥ ਐਚ ਤੋਂ ਖੱਬੇ, ਹੌਸਕਿੰਗ ਤੋਂ ਸੱਜੇ ਤੇ ਮਕਈ ਰੋਡ ਤੋਂ ਹੁੰਦਾ ਹੋਇਆ ਦੇਰ ਸ਼ਾਮ ਵਾਪਸ ਗੁਰੂ ਘਰ ਆ ਕੇ ਸਮਾਪਤ ਹੋਇਆ। ਹਰ ਨਗਰ ਕੀਰਤਨ ਵਾਂਗ ਗੁਰੂ ਕੀਆਂ ਸੰਗਤਾਂ ਦੀ ਭਾਂਤ ਸੁਭਾਂਤੇ ਪਦਾਰਥਾਂ ਦੇ ਲੰਗਰ ਨਾਲ ਸੇਵਾ ਲਈ ਸ਼ਰਧਾਲੂਆਂ ਦਾ ਉਤਸ਼ਾਹ ਵੇਖਿਆਂ ਹੀ ਬਣਦਾ ਸੀ। ਇਸ ਮੌਕੇ ਭਾਂਤ ਸੁਭਾਂਤੇ ਖਰੀਦਦਾਰੀ ਦੇ ਸਟਾਲ ਵੀ ਲੱਗੇ ਹੋਏ ਸਨ। ਪੁਸਤਕਾਂ ਦੇ ਸਟਾਲ ਉਤੇ ਖਾਸ ਹੀ ਭੀੜ ਨਜ਼ਰ ਆਈ।

ਨਾ ਨਗਰ ਕੀਰਤਨ ਤੋਂ ਪਹਿਲਾਂ ਅਤੇ ਨਾ ਹੀ ਨਗਰ ਕੀਰਤਨ ਦੌਰਾਨ ਸਥਾਨਕ ਮੁੱਖ ਧਾਰਾ ਦੇ ਆਗੂਆਂ ਵਿਚੋਂ ਕੋਈ ਖਾਸ ਆਗੂ ਜਾਂ ਅਧਿਕਾਰੀ ਨਜ਼ਰ ਆਇਆ। ਸਿਰਫ ਇਕੋ ਇਕ ਬੀਬੀ ਸ਼ੈਨਨ ਗਰੂਵ ਹੀ ਪਹੁੰਚੀ। ਆਮ ਹਾਲਤਾਂ ਵਿਚ ਸਥਾਨਕ ਆਗੂ ਅਤੇ ਅਫਸਰ ਨਗਰ ਕੀਰਤਨ ਸਮਾਗਮਾਂ ਵਿਚ ਵਧ ਚੜ੍ਹ ਕੇ ਆਪਣੀ ਹਾਜ਼ਰੀ ਲਵਾਉਂਦੇ ਦੇਖੇ ਗਏ ਹਨ। ਇਹ ਗੱਲ ਵੀ ਦਿਲਚਸਪ ਹੈ ਕਿ ਬੇਕਰਜ਼ਫੀਲਡ ਵਿਚ ਸਾਲ ਵਿਚ ਕਈ ਨਗਰ ਕੀਰਤਨ ਨਿਕਲਦੇ ਹਨ। ਜ਼ਾਹਰਾ ਤੌਰ 'ਤੇ ਇਨ੍ਹਾਂ ਨਗਰ ਕੀਰਤਨਾਂ ਦਾ ਮਕਸਦ ਗੁਰਪੁਰਬ ਮਨਾਉਣਾ ਅਤੇ ਸਿੱਖਾਂ ਦੀ ਪਹਿਚਾਣ ਸਥਾਪਤ ਕਰਨਾ ਹੈ। ਪਰ ਜੇ ਸਿਰਫ ਅਜਿਹਾ ਹੀ ਹੁੰਦਾ ਤਾਂ ਸਾਰੇ ਗੁਰੂ ਘਰ ਰਲ ਕੇ ਇਕੋ ਨਗਰ ਕੀਰਤਨ ਵੀ ਸਜਾ ਸਕਦੇ ਸਨ। ਆਮ ਵਿਸ਼ਵਾਸ ਹੈ ਕਿ ਇਹ ਨਗਰ ਕੀਰਤਨ ਵੱਖੋ ਵੱਖ ਧੜੇਬੰਦੀਆਂ ਦਾ ਹੀ ਪ੍ਰਗਟਾਵਾ ਕਰਦੇ ਹਨ ਅਤੇ ਇਸ ਪਿਛੇ ਧਰਮ ਨਾਲੋਂ ਸਿਆਸਤ ਵੱਧ ਭਾਰੂ ਰਹਿੰਦੀ ਹੈ। ਪੂਰੇ ਅਮਰੀਕਾ ਵਿਚ ਬੇਕਜ਼ਫੀਲਡ ਸ਼ਹਿਰ ਇਕੋ ਇਕ ਸ਼ਹਿਰ ਹੈ ਜਿਥੇ ਸਾਲ ਵਿਚ ਇੰਨੇ ਨਗਰ ਕੀਰਤਨ ਨਿਕਲਦੇ ਹਨ। ਇਕ ਬਜ਼ੁਰਗ ਦੀ ਵਿਅੰਗਾਤਮਕ ਟਿੱਪਣੀ ਸੀ ਕਿ ਇਨ੍ਹਾਂ ਨਗਰ ਕੀਰਤਨਾਂ ਨੂੰ ਮੁੱਖ ਰੱਖ ਕੇ ਸ਼ਾਇਦ ਬੇਕਰਜ਼ਫੀਲਡ ਦੇ ਨਾਂ ਨਾਲ ਵੀ ਸਾਹਿਬ ਲਾ ਕੇ ਸਿੱਖਾਂ ਨੂੰ ਇਸ ਸ਼ਹਿਰ ਨੂੰ ਬੇਕਰਜ਼ਫੀਲਡ ਸਾਹਿਬ ਦਾ ਦਰਜਾ ਦੇਣਾ ਪਵੇ।





ਨਗਰ ਕੀਰਤਨ ਨੂੰ ਕਾਮਯਾਬ ਕਰਨ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ. ਸੁੱਖੀ ਘੁੰਮਣ, ਪ੍ਰਧਾਨ ਸ. ਗੁਰਮੀਤ ਸਿੰਘ, ਸ. ਮਹਿੰਦਰ ਸਿੰਘ ਧਾਲੀਵਾਲ, ਸ. ਸੁਰਜੀਤ ਸਿੰਘ ਧਾਲੀਵਾਲ, ਸ. ਹਾਕਮ ਸਿੰਘ, ਸ. ਰੁਪਿੰਦਰ ਸਿੰਘ ਝੱਜ ਅਤੇ ਹੋਰਨਾਂ ਨੇ ਦਿਨ ਰਾਤ ਇਕ ਕਰੀ ਰੱਖਿਆ ਜਿਸ ਕਰਕੇ ਸੰਗਤਾਂ ਦਾ ਇਕੱਠ ਆਮ ਨਾਲੋਂ ਦੁੱਗਣਾ ਸੀ। ਗੁਰੂ ਘਰ ਦੀ ਸਟੇਜ ਨੂੰ ਚਲਾਉਣ ਲਈ ਇਕ ਆਗੂ ਬੜਾ ਤਰਲੋਮੱਛੀ ਹੁੰਦਾ ਰਿਹਾ ਪਰ ਕਮੇਟੀ ਨੇ ਸਿਆਣਪ ਦਿਖਾਉਂਦਿਆਂ ਸਟੇਜ ਦੀ ਕਾਰਵਾਈ ਚਲਾਉਣ ਲਈ ਇਕ ਤਿੰਨ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਹੋਈ ਸੀ ਜਿਸ ਕਰਕੇ ਉਹ ਸਟੇਜੀ ਆਗੂ ਬੇਬੱਸ ਹੋਇਆ ਰਿਹਾ। ਇਸ ਵਰਤਾਰੇ ਤੋਂ ਉਹ ਕਾਫੀ ਖਫਾ ਵੀ ਨਜ਼ਰ ਆਇਆ ਅਤੇ ਉਸ ਦੀ ਬੇਬਸੀ ਉਸ ਦੇ ਚਿਹਰੇ ਤੋਂ ਸਪਸ਼ਟ ਝਲਕ ਰਹੀ ਸੀ। ਕਦੇ ਹਰ ਗੁਰੂ ਘਰ ਦੀ ਸਟੇਜ ਦਾ ਸ਼ਿੰਗਾਰ ਬਣਨ ਵਾਲਾ ਇਹ 'ਨਿਮਾਣਾ ਸੇਵਕ' ਇਸ ਵਾਰ ਮਾਈਕ 'ਤੇ ਦੋ-ਤਿੰਨ ਮਿੰਟ ਲਈ ਬੋਲਣ ਵਾਸਤੇ ਵੀ ਤਰਲੇ ਲੈ ਰਿਹਾ ਸੀ। ਆਮ ਲੋਕਾਂ ਵਿਚ ਚਰਚਾ ਸੀ ਕਿ ਕਮੇਟੀ ਨੇ ਵਿਚਾਰੇ ਦੇ ਖੰਭ ਕੁਤਰ ਦਿੱਤੇ ਹਨ ਅਤੇ ਇਹ ਹੁਣ ਸਵਾਏ ਫੜਫੜਾਉਣ ਦੇ ਹੋਰ ਕੁਝ ਨਹੀਂ ਕਰ ਸਕਦਾ।

ਇਸ ਨਗਰ ਕੀਰਤਨ ਵਿਚ ਪਾਕਿਸਤਾਨ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਜਨਾਬ ਸੁਹੇਲ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਜਗਦੀਸ਼ ਢਿੱਲੋਂ, ਤੇਜਪਾਲ ਨਿਕਸਨ, ਸੁਖਬੀਰ ਸਿੰਘ ਪ੍ਰਧਾਨ, ਪਾਲ ਮੰਨਣ, ਜੀਤਾ ਮਾਣਕ, ਹੈਰੀ ਗਿੱਲ, ਪੱਤਰਕਾਰ ਗੁਰਜਤਿੰਦਰ ਰੰਧਾਵਾ, ਹਰਜੀਤ ਸਿੰਘ ਚੜ੍ਹਦੀ ਕਲਾ, ਤਰਮਿੰਦਰ ਸਿੰਘ ਧਰਮਾ,

ਗਿਆਨੀ ਬਲਰਾਜ ਸਿੰਘ, ਡਾ. ਮਨਬੀਰ ਸਿੰਘ, ਅਮਰੀਕ ਸਿੰਘ ਗੋਰਾਇਆ, ਪ੍ਰਭਦੀਪ ਸਿੰਘ, ਅਰਵਿੰਦਰ ਸਿੰਘ ਲਾਖਨ, ਸਿੰਮੀ ਮਾਵੀ, ਰਾਜਵੀਰ ਕੌਰ, ਮਨਪ੍ਰੀਤ ਕੌਰ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਬੀਬੀਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਤੇਜੀ ਵੀਡੀਓ ਵਲੋਂ ਨਗਰ ਕੀਰਤਨ ਦੀ ਵੀਡੀਓ ਬਣਾਈ ਜਾ ਰਹੀ ਸੀ।



ਬੇਕਰਜ਼ਫੀਲਡ ਦੇ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ







# ਪਰਵਾਸੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਦਿਲੋਂ ਯਤਨ ਕਰਾਂਗਾ-ਖਹਿਰਾ

**ਫਰੀਮਾਂਟ (ਗੁਰਦਾਵਰ ਸਿੰਘ ਮਹੇੜੂ):** ਆਪਣੇ ਅਮਰੀਕਾ ਦੌਰੇ ਦੌਰਾਨ ਪਰਵਾਸੀ ਪੰਜਾਬੀਆਂ ਤੋਂ ਮਿਲੇ ਭਰਵੇਂ ਹੁੰਗਾਰੇ ਤੇ ਪਿਆਰ ਲਈ ਉਨ੍ਹਾਂ ਦਾ ਦਿਲੋਂ ਧੰਨਵਾਦ ਕਰਦਿਆਂ ਹਲਕਾ ਭੁਲੱਥ (ਕਪੂਰਥਲਾ) ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਅਤੇ ਨੌਜਵਾਨ ਆਗੂ ਸ. ਸੁਖਪਾਲ ਸਿੰਘ ਖਹਿਰਾ ਨੇ ਆਖਿਆ ਹੈ ਕਿ ਉਹ ਵਾਪਸ ਪੰਜਾਬ ਪਰਤ ਕੇ ਪਰਵਾਸੀ ਵੀਰਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਦਿਲੋਂ ਯਤਨ ਕਰਨਗੇ।

ਆਪਣੇ 28 ਦਿਨ ਦੇ ਉਤਰੀ ਅਮਰੀਕਾ ਦੌਰੇ ਦੇ ਅਖੀਰਲੇ ਪੜਾਅ ਉਤੇ ਨਿਊ ਮੈਕਸੀਕੋ ਤੋਂ ਫੋਨ ਉਤੇ ਸ. ਖਹਿਰਾ ਨੇ ਦੱਸਿਆ ਕਿ ਉਨ੍ਹਾਂ ਆਪਣੇ ਇਸ ਦੌਰੇ ਦੌਰਾਨ ਅਮਰੀਕਾ ਦੀਆਂ ਬਾਰਾਂ ਸਟੇਟਾਂ ਦੇ 26 ਸ਼ਹਿਰਾਂ ਵਿਚ ਜਿਥੇ ਵੱਡੇ ਸਮਾਗਮਾਂ ਵਿਚ ਹਾਜ਼ਰੀ ਭਰੀ, ਉਥੇ ਨਾਲ ਹੀ 30 ਤੋਂ ਵੱਧ ਹੋਰ ਸਮਾਗਮਾਂ ਵਿਚ ਸ਼ਿਰਕਤ ਕੀਤੀ। ਇਨ੍ਹਾਂ ਸਮਾਗਮਾਂ ਦੌਰਾਨ ਉਨ੍ਹਾਂ ਨੂੰ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਹੋ ਕੇ ਸੁਣਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਇਹ ਸਭ ਮੁਸ਼ਕਲਾਂ ਹੱਲ ਕਰਾਉਣ ਲਈ ਉਹ ਪੰਜਾਬ ਪਰਤ ਕੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰਨਗੇ ਅਤੇ ਇਕ ਵਫਦ ਲੈ ਕੇ ਕੇਂਦਰ ਸਰਕਾਰ ਦੇ ਜ਼ਿੰਮੇਵਾਰ ਅਧਿਕਾਰੀਆਂ ਤੱਕ ਵੀ ਪਹੁੰਚ ਕਰਨਗੇ। ਪਰਵਾਸੀਆਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਜੋ ਵੀ ਉਪਰਾਲੇ ਕਰਨੇ ਪਏ ਉਹ ਜ਼ਰੂਰ ਕਰਨਗੇ। ਇਨ੍ਹਾਂ ਵਿਚ ਜਾਇਦਾਦਾਂ ਸਬੰਧੀ ਝਗੜੇ ਅਤੇ ਨਿਵੇਸ਼ ਸਬੰਧੀ ਮੁਸ਼ਕਲਾਂ ਵੀ ਸ਼ਾਮਲ ਹਨ।

ਸ. ਖਹਿਰਾ ਨੇ ਆਖਿਆ ਕਿ ਪੰਜਾਬ ਵਿਚ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਬਣਨ ਦੀ ਪੂਰੀ ਪੂਰੀ ਸੰਭਾਵਨਾ ਹੈ ਅਤੇ ਸਾਡੀ ਪੂਰੀ ਕੋਸ਼ਿਸ਼ ਹੋਵੇਗੀ ਕਿ ਪਰਵਾਸੀ ਭਾਰਤੀਆਂ ਦਾ ਪੰਜਾਬ ਸਰਕਾਰ ਪ੍ਰਤੀ ਭੰਗ ਹੋਇਆ ਭਰੋਸਾ ਮੁੜ ਤੋਂ ਬਹਾਲ ਕੀਤਾ ਜਾ ਸਕੇ। ਉਨ੍ਹਾਂ ਮੰਨਿਆ ਕਿ ਪੰਜਾਬ ਵਿਚ ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ ਪਰਵਾਸੀ ਪੰਜਾਬੀਆਂ ਦੇ ਸਹਿਯੋਗ ਤੋਂ ਬਿਨਾਂ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਪਾਉਣਾ ਮੁਸ਼ਕਿਲ ਹੈ। ਉਨ੍ਹਾਂ ਇਸ ਗੱਲ ਉਤੇ ਖੁਸ਼ੀ ਪ੍ਰਗਟਾਈ ਕਿ ਅਮਰੀਕਾ ਵਿਚ ਵਸਦੇ ਸਾਰੇ ਪੰਜਾਬੀ ਚੰਗੀ ਜ਼ਿੰਦਗੀ ਬਤੀਤ ਕਰ ਰਹੇ ਹਨ ਅਤੇ ਉਨ੍ਹਾਂ ਵਿਚ 20% ਤੋਂ ਵੱਧ ਪੰਜਾਬ ਵਿਚ ਨਿਵੇਸ਼ ਕਰਨ ਲਈ ਵੀ ਤਿਆਰ ਹਨ ਬਸ਼ਰਤੇ ਕਿ ਉਨ੍ਹਾਂ ਨੂੰ ਸਾਜਗਾਰ ਮਾਹੌਲ ਮੁਹੱਈਆ ਹੋ ਸਕੇ।



ਸ. ਸੁਖਪਾਲ ਸਿੰਘ ਖਹਿਰਾ

ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੀ ਤਰੱਕੀ ਵਿਚ ਵਧ ਸਰਗਰਮੀ ਨਾਲ ਸ਼ਰੀਕ ਹੋਣ ਦਾ ਸੱਦਾ ਦਿੰਦਿਆਂ ਸ. ਖਹਿਰਾ ਨੇ ਆਖਿਆ ਕਿ ਇਸ ਵੇਲੇ ਪੰਜਾਬ ਵਿਚ ਸਿਹਤ ਸੇਵਾਵਾਂ ਅਤੇ ਸਿਖਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ ਅਤੇ ਪੰਜਾਬੀ ਪਰਵਾਸੀ ਇਸ ਮਾਮਲੇ ਵਿਚ ਬਹੁਤ ਕੁਝ ਕਰ ਸਕਦੇ ਹਨ। ਉਹ ਆਪੋ ਆਪਣੇ ਪਿੰਡ ਵਿਚ ਹੀ ਸਿਖਿਆ ਅਤੇ ਸਿਹਤ ਸਬੰਧੀ ਸਹੂਲਤਾਂ ਦੇਣ ਲਈ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਸ. ਖਹਿਰਾ ਨੇ ਸਮੂਹ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਹੋਰ ਤੇਰਾਂ ਮਹੀਨਿਆਂ ਨੂੰ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਕਮਰਕੱਸੇ ਕਰ ਲੈਣ ਅਤੇ ਕਾਂਗਰਸ ਨੂੰ ਜਿਤਾਉਣ ਤਾਂ ਜੋ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ ਉਤੇ ਹੱਲ ਕੀਤਾ ਜਾ ਸਕੇ।

ਪੰਜਾਬ ਦੀ ਅਜੋਕੀ ਨਿੱਘਰੀ ਹੋਈ ਸਮਾਜਕ ਤੇ ਆਰਥਕ ਹਾਲਤ ਲਈ ਸਾਰੀ ਜ਼ਿੰਮੇਵਾਰੀ ਬਾਦਲ ਸਰਕਾਰ ਉਤੇ ਸੁੱਟਦਿਆਂ ਤੇਜ ਤਰਾਰ ਬੁਲਾਰੇ ਸ. ਖਹਿਰਾ ਨੇ ਆਖਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਚੌਥੀ ਵਾਰ ਮੁੱਖ ਮੰਤਰੀ ਬਣੇ ਹਨ, ਲੋਕਾਂ ਵਲੋਂ ਪ੍ਰਗਟਾਏ ਗਏ ਭਰੋਸੇ ਉਪਰ ਪੂਰਾ ਉਤਰਨਾ ਉਨ੍ਹਾਂ ਦੀ ਖਾਸ ਜ਼ਿੰਮੇਵਾਰੀ ਸੀ ਪਰ ਉਹ ਆਪਣੀ ਪਰਿਵਾਰਪ੍ਰਸਤੀ ਕਰਕੇ ਅਜੋਕੇ ਸਮੇਂ ਦੇ ਹਾਣੀ ਨਹੀਂ ਬਣ ਸਕੇ ਅਤੇ ਨਤੀਜਾ ਪੰਜਾਬ ਦੇ ਨਿਘਾਰ ਦੇ ਰੂਪ ਵਿਚ ਸਭ ਦੇ ਸਾਹਮਣੇ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਸਿਰਫ ਉਹੋ ਆਗੂ ਹੀ ਲੋਕਾਂ ਦਾ ਆਗੂ ਬਣ ਸਕਦਾ ਹੈ ਜੋ ਆਮ ਆਵਾਮ ਦੀਆਂ ਲੋੜਾਂ ਅਤੇ ਮੁਸ਼ਕਲਾਂ ਦਾ ਹੱਲ ਕਰ ਸਕੇ।

ਅਮਰੀਕਾ ਵਿਚ ਵੱਖ ਵੱਖ ਥਾਂਈਂ ਸਮੂਹ ਪਰਵਾਸੀਆਂ ਵਲੋਂ ਮਿਲੇ ਪਿਆਰ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਸ. ਖਹਿਰਾ ਨੇ ਵਿਸ਼ੇਸ਼ ਤੌਰ 'ਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਅਤੇ ਉਨ੍ਹਾਂ ਦੀ ਟੀਮ ਅਤੇ ਆਪਣੇ ਪੁਰਾਣੇ ਪਰਿਵਾਰਕ ਮਿੱਤਰ ਸ. ਮੰਗਲ ਸਿੰਘ ਭੰਡਾਲ ਪ੍ਰਤੀ ਉਚੇਚੀ ਅਹਿਸਾਨਮੰਦੀ ਦਾ ਪ੍ਰਗਟਾਵਾ ਕੀਤਾ ਜਿਨ੍ਹਾਂ ਨੇ ਉਨ੍ਹਾਂ ਦਾ ਇਹ ਪ੍ਰੋਗਰਾਮ ਉਲੀਕਿਆ ਅਤੇ ਇਸ ਨੂੰ ਕਾਮਯਾਬ ਵੀ ਬਣਾਇਆ।













# ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਦਾ ਸਨਮਾਨ

**ਸ਼ਿਕਾਗੋ:** ਪਿਛਲੇ 11 ਸਾਲਾਂ ਤੋਂ ਨਿਰੰਤਰ ਪੰਜਾਬੀ ਪਾਠਕਾਂ ਦੇ ਦਰਾਂ 'ਤੇ ਦਸਤਕ ਦਿੰਦੇ ਆ ਰਹੇ ਪੰਜਾਬੀ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਦੀ ਆਨਰੇਰੀ ਸਲਾਹਕਾਰ ਕਮੇਟੀ ਦੇ ਉਦਮ ਨਾਲ ਇਸ ਅਖਬਾਰ ਵਲੋਂ ਪੰਜਾਬੀ ਭਾਈਚਾਰੇ ਵਿਚ ਨਿਭਾਏ ਗਏ ਉਸਾਰੂ ਰੋਲ ਦੇ ਮਾਣ ਵਜੋਂ ਇਸ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਗਮ ਮੌਕੇ ਜਿਥੇ ਪੰਜਾਬ ਟਾਈਮਜ਼ ਦੇ ਸਪਾਂਸਰ, ਪ੍ਰਸ਼ੰਸਕ ਅਤੇ ਸੁਪੋਰਟਰ ਹਾਜ਼ਰ ਸਨ ਉਥੇ ਸ਼ਿਕਾਗੋ, ਇੰਡੀਆਨਾ ਅਤੇ ਮਿਸ਼ੀਗਨ ਦੀਆਂ ਸਭਿਆਚਾਰਕ, ਸਮਾਜਕ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਅਖਬਾਰ ਪੰਜਾਬ ਟਾਈਮਜ਼ ਸ਼ੂਰੂ ਕਰਨ ਵਿਚ ਅਹਿਮ ਰੋਲ ਨਿਭਾਉਣ ਵਾਲੇ ਅਤੇ ਇਸ ਨਾਲ ਲਗਾਤਾਰ ਖੜ੍ਹੇ ਹੋਣ ਵਾਲੇ ਸ਼ਿਕਾਗੋ ਦੇ ਉਘੇ ਬਿਜਨਸਮੈਨ ਸ. ਸਵਰਨਜੀਤ ਸਿੰਘ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਇਹ ਅਖਬਾਰ ਸ਼ੁਰੂ ਹੋਣ ਤੋਂ ਲੈ ਕੇ ਇਸ ਨੂੰ ਇਕ ਕਾਮਯਾਬ ਅਖਬਾਰ ਬਣਾਉਣ ਤੱਕ ਅਮੋਲਕ ਸਿੰਘ ਸਾਡੀਆਂ ਆਸਾਂ ਉਤੇ ਪੂਰਾ ਪੂਰਾ ਉਤਰਿਆ ਹੈ। ਸਾਨੂੰ ਇਸ ਗੱਲ 'ਤੇ ਮਾਣ ਹੈ ਕਿ ਅਸੀਂ ਇਸ ਨਾਲ ਜੁੜੇ ਹੋਏ ਹਾਂ। ਇਸ ਸਮਾਗਮ ਦਾ ਉਦਮ ਕਰਨ ਵਾਲੇ ਡਾ. ਗੁਰਦਿਆਲ ਸਿੰਘ ਬਸਰਾਨ ਅਤੇ ਸ. ਹਰਦਿਆਲ ਸਿੰਘ ਦਿਓਲ ਨੇ ਵੀ ਅਜਿਹੀਆਂ ਹੀ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ ਟਾਈਮਜ਼ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਲਈ ਅਮੋਲਕ ਸਿੰਘ ਨੇ ਸੱਚਮੁਚ ਹੀ ਸਖਤ ਮਿਹਨਤ ਕੀਤੀ ਹੈ ਅਤੇ ਉਸਦੀ ਹੌਂਸਲਾ-ਅਫ਼ਜਾਈ ਕਰਨਾ ਸਾਡਾ ਸਭ ਦਾ ਫਰਜ਼ ਹੈ। ਡਾ. ਹਰਗੁਰਮੁਖਪਾਲ ਸਿੰਘ ਨੇ ਪੰਜਾਬ ਟਾਈਮਜ਼ ਵਿਚ ਛਪਦੇ ਕਾਲਮਾਂ ਅਤੇ ਮਿਆਰੀ ਸਾਹਿਤਕ ਸਾਮਗਰੀ ਦੀ ਭਰਵੀਂ ਪ੍ਰਸ਼ੰਸਾ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਗਿਰਨ ਨੇ ਪੰਜਾਬ ਟਾਈਮਜ਼ ਵਲੋਂ ਨਿਭਾਏ ਗਏ ਰੋਲ ਦੀ ਚਰਚਾ ਕਰਦਿਆਂ ਕਿਹਾ ਕਿ ਇਸ ਨੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇਕ ਸਾਂਝਾ ਮੰਚ ਮੁਹੱਈਆ ਕਰ ਕੇ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਰ ਕੇ ਇਸ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਵਧਾਈ ਦੇ ਹੱਕਦਾਰ ਹਨ। ਇਸੇ ਗੱਲ ਨੂੰ ਅੱਗੇ ਤੋਰਦਿਆਂ ਮਿਡਵੈਸਟ ਦੇ ਪੰਜਾਬੀ ਭਾਈਚਾਰੇ ਵਿਚ ਬਹੁਤ ਹੀ ਸਰਗਰਮ ਸ਼ਖਸ ਅਤੇ ਰੇਡੀਓ ਪ੍ਰੋਗਰਾਮ ਦੇਸੀ ਜੰਕਸ਼ਨ ਦੇ ਹੋਸਟ ਹੈਪੀ ਹੀਰ ਨੇ ਆਖਿਆ ਕਿ ਪੰਜਾਬ ਟਾਈਮਜ਼ ਨੇ ਮਿਡਵੈਸਟ ਦੀਆਂ ਸਾਰੀਆਂ ਸੰਸਥਾਵਾਂ ਨੂੰ ਇਕ ਛੱਤ ਥੱਲੇ ਇਕੱਠੇ ਹੋਣ ਦਾ ਮੌਕਾ ਦਿਤਾ ਹੈ। ਇਹ ਸੰਸਥਾਵਾਂ ਭਾਵੇਂ ਆਪੋ ਵਿਚ ਜਿੰਨੀ ਮਰਜੀ ਮੁਕਾਬਲੇਬਾਜ਼ੀ ਵਿਚ ਪੈਣ ਪਰ ਪੰਜਾਬ ਟਾਈਮਜ਼ ਦੇ ਪੰਨਿਆਂ ਵਿਚ ਸਭ ਨੂੰ ਬਣਦਾ ਹਿੱਸਾ ਮਿਲਦਾ ਹੈ। ਆਪਣੀ ਗੱਲ ਨੂੰ ਹੋਰ ਸਪਸ਼ਟ ਕਰਦਿਆਂ ਹੈਪੀ ਹੀਰ ਨੇ ਕਿਹਾ ਕਿ ਜੇ ਵਾਰਿਸ ਹੀਰ ਨਾ ਲਿਖਦਾ ਤਾਂ ਸ਼ਾਇਦ ਹੀਰ-ਰਾਂਝੇ ਨੂੰ ਕੋਈ ਨਾ ਜਾਣਦਾ। ਮੈਂ ਇਸ ਗੱਲ ਬਾਰੇ ਬਿਲਕੁਲ ਸਪਸ਼ਟ ਹਾਂ ਕਿ ਜੇ ਪੰਜਾਬ ਟਾਈਮਜ਼ ਮੇਰੀ ਜਾਣ-ਪਛਾਣ ਨਾ ਬਣਾਉਂਦਾ ਤਾਂ ਅਮਰੀਕਾ ਦੇ ਪੰਜਾਬੀ ਭਾਈਚਾਰੇ ਵਿਚ ਮੇਰੀ ਹੁਣ ਜਿਹੀ ਪਛਾਣ ਕਦੇ ਨਾ ਬਣ ਪਾਉਂਦੀ।

ਕਰਾਊਨ ਪੁਆਇੰਟ ਇੰਡੀਆਨਾ ਤੋਂ ਆਏ ਅਤੇ ਪੰਜਾਬ ਟਾਈਮਜ਼ ਦੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਸ੍ਰੀ ਰਾਜਿੰਦਰ ਸਿੰਘ ਬੈਂਸ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਅਖਬਾਰ ਕੱਢਣਾ ਖਾਸ ਕਰਕੇ ਪੰਜਾਬੀ ਅਖਬਾਰ ਕੱਢਣਾ ਕੋਈ ਸੌਖਾ ਕੰਮ ਨਹੀਂ। ਇਸ ਤੋਂ ਵੱਡੀ ਗੱਲ ਇਹ ਹੈ ਕਿ ਕਲਮਾਂ ਦੇ ਖਰੀਦਦਾਰ ਬਹੁਤ ਹਨ ਅਤੇ ਕਲਮਾਂ ਅਕਸਰ ਵਿਕ ਵੀ ਜਾਂਦੀਆਂ ਹਨ। ਖਰੀਦਦਾਰ ਕਲਮਾਂ ਤੋਂ ਆਪਣੀ ਮਰਜ਼ੀ ਦਾ ਲਿਖਾਉਣ ਵਿਚ ਅਕਸਰ ਕਾਮਯਾਬ ਹੋ ਜਾਂਦੇ ਹਨ ਪਰ ਮੈਨੂੰ ਇਸ ਗੱਲ 'ਤੇ ਮਾਣ ਹੈ ਕਿ ਪੰਜਾਬ ਟਾਈਮਜ਼ ਵਿਚ ਅਜਿਹਾ ਕਦੇ ਨਹੀਂ ਵਾਪਰਿਆ। ਮੈਨੂੰ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਵਿਚ ਹੋਣ ਦਾ ਇਸ ਗੱਲੋਂ ਮਾਣ ਹੈ। ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਸ. ਜਗਮੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬ ਟਾਈਮਜ਼ ਸਭ ਦੀ ਖਬਰ ਲੈਂਦਾ ਹੈ ਅਤੇ ਸਭ ਨੂੰ ਖਬਰ ਦਿੰਦਾ ਹੈ, ਇਹੋ ਕਿਸੇ ਅਖਬਾਰ ਦਾ ਚੰਗਾ ਗੁਣ ਹੁੰਦਾ ਹੈ। ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਸ. ਸਤਵੰਤ ਸਿੰਘ ਅਟੱਲ ਨੇ ਆਏ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬੀ ਅਖਬਾਰ ਤਾਂ ਹੋਰ ਵੀ ਬਹੁਤ ਹਨ ਪਰ ਮਿਆਰੀ ਸਮੱਗਰੀ ਦਾ ਪੜ੍ਹਨ ਵਾਲਾ ਜੋ ਖਜ਼ਾਨਾ ਪੰਜਾਬ ਟਾਈਮਜ਼ ਵਿਚ ਮਿਲਦਾ ਹੈ, ਅਮਰੀਕਾ ਤੋਂ ਛਪਦੇ ਹੋਰ ਕਿਸੇ ਪੰਜਾਬੀ ਅਖਬਾਰ ਵਿਚ ਨਹੀਂ ਮਿਲਦਾ। ਸ਼ਿਕਾਗੋ ਵਾਸੀ ਪੰਜਾਬੀਆਂ ਨੂੰ ਇਸ ਗੱਲ ਉਤੇ ਮਾਣ ਹੈ ਕਿ ਸ਼ਿਕਾਗੋ ਤੋਂ ਅਜਿਹਾ ਮਿਆਰੀ ਅਖਬਾਰ ਨਿਕਲਦਾ ਹੈ। ਕੁਝ ਅਜਿਹੇ ਹੀ ਵਿਚਾਰ ਗੁਰਦੁਆਰਾ ਦੀਵਾਨ ਦੇ ਨੁਮਾਇੰਦੇ ਸ. ਕਰਮਜੀਤ ਸਿੰਘ ਨੇ ਪ੍ਰਗਟਾਏ। ਪੰਜਾਬ ਲਾਇਨਜ਼ ਕਲੱਬ, ਸ਼ਿਕਾਗੋ ਦੇ ਪ੍ਰਧਾਨ ਸ. ਗਿਆਨ ਸਿੰਘ ਸੀਹਰਾ ਦੀ ਰਾਏ ਸੀ ਕਿ ਅੱਜ ਪੰਜਾਬ ਟਾਈਮਜ਼ ਜੇ ਇਕ ਖਾਸ ਅਕਸ ਵਾਲਾ ਅਖਬਾਰ ਹੈ ਤਾਂ ਇਹ ਇਸ ਦੇ ਸੰਪਾਦਕ ਅਮੋਲਕ ਸਿੰਘ ਦੀ ਉਸਾਰੂ ਅਤੇ ਨਿਰਪੱਖ ਸੋਚ ਕਰਕੇ ਹੀ ਹੈ। ਸਾਨੂੰ ਇਸ ਗੱਲ ਉਤੇ ਮਾਣ ਹੈ ਕਿ ਅਮੋਲਕ ਸਿੰਘ ਸਾਡਾ ਹੈ।

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਸ਼ਿਕਾਗੋ) ਦੇ ਪ੍ਰਧਾਨ ਸ. ਨਰਿੰਦਰ ਸਿੰਘ ਸਰਾਂ ਨੇ ਆਪਣੀਆਂ ਭਾਵਨਾਵਾਂ ਦਾ ਇਜਹਾਰ ਕਰਦਿਆਂ ਆਖਿਆ ਕਿ ਪੰਜਾਬ ਟਾਈਮਜ਼ ਸ਼ਿਕਾਗੋ ਦੇ ਪੰਜਾਬੀ ਭਾਈਚਾਰੇ ਦੀ ਨਾ ਸਿਰਫ ਅਮਰੀਕਾ ਦੀ ਸਗੋਂ ਕੈਨੇਡਾ ਅਤੇ ਇੰਗਲੈਂਡ ਵਿਚ ਵੀ ਪਛਾਣ ਬਣ ਚੁਕਾ ਹੈ। ਪੰਜਾਬੀ ਭਾਈਚਾਰੇ ਨੂੰ ਨਿਰਪੱਖ ਜਾਣਕਾਰੀ ਦੇਣ ਅਤੇ ਸਿੱਖਿਅਤ ਕਰਨ ਵਿਚ ਇਸ ਅਖਬਾਰ ਨੇ ਸੱਚਮੁਚ ਹੀ ਅਹਿਮ ਭੂਮਿਕਾ ਨਿਭਾਈ ਹੈ। ਸ਼ਿਕਾਗੋਲੈਂਡ ਦੇ ਇਕ ਹੋਰ ਖੇਡ ਕਲੱਬ ਪੰਜਾਬ ਸਪੋਰਟਸ ਕਲੱਬ, ਮਿਡਵੈਸਟ ਵਲੋਂ ਗੱਲ ਕਰਦਿਆਂ ਇਸ ਦੇ ਪ੍ਰਧਾਨ ਮਨਜੀਤ ਸਿੰਘ ਧਨੋਆ ਅਤੇ ਇਕ ਹੋਰ ਮੈਂਬਰ ਦਰਸ਼ਨ ਸਿੰਘ ਬਸਰਾਓ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਪੰਜਾਬ ਟਾਈਮਜ਼ ਨੇ ਪਿਛਲੇ 11 ਸਾਲਾਂ ਵਿਚ ਸ਼ਿਕਾਗੋ ਦੇ ਪੰਜਾਬੀ ਭਾਈਚਾਰੇ ਦੀ ਬਹੁਤ ਸੇਵਾ ਕੀਤੀ ਹੈ ਅਤੇ ਇਸਦੇ ਸੰਪਾਦਕ ਦਾ ਇਹ ਮਾਣ-ਤਾਣ ਸ਼ਲਾਘਾਯੋਗ ਉਦਮ ਹੈ। ਕੁਝ ਅਜਿਹੀਆਂ ਹੀ ਭਾਵਨਾਵਾਂ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਸਾਬਕਾ ਪ੍ਰਧਾਨ ਸ੍ਰੀ ਤੇਜਿੰਦਰ ਸਿੰਘ ਮਿਨਹਾਸ ਨੇ ਪ੍ਰਗਟਾਈਆਂ।

ਪੰਜਾਬੀ ਅਮੈਰਿਕਨ ਯੂਥ ਕਲੱਬ, ਇੰਡੀਆਨਾ ਦੇ ਇਕ ਅਹੁਦੇਦਾਰ ਅਤੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਇਕ ਮੁਅਜ਼ਜ਼ ਮੈਂਬਰ ਸ. ਸਰਵਣ ਸਿੰਘ ਟਿਵਾਣਾ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਅੱਜ ਅਸੀਂ ਇਕ ਐਸੇ ਇਨਸਾਨ ਦਾ ਸਨਮਾਨ ਕਰਨ ਲਈ ਇਕੱਠੇ ਹੋਏ ਹਾਂ ਜੋ ਸਿਰਸਾ ਜ਼ਿਲੇ ਦੇ ਇਕ ਪੱਛੜੇ ਪਿੰਡ ਕੁੱਤੇਵੱਢ ਵਿਚ ਜੰਮਿਆ, ਚੰਡੀਗੜ੍ਹ ਤੋਂ ਪੜ੍ਹਾਈ ਪੂਰੀ ਕਰਨ ਉਪਰੰਤ ਪੰਜਾਬੀ ਟ੍ਰਿਬਿਊਨ ਵਿਚ ਕੰਮ ਕੀਤਾ ਅਤੇ ਫਿਰ ਸ਼ਿਕਾਗੋ ਆ ਕੇ 'ਪੰਜਾਬ ਟਾਈਮਜ਼' ਨਾਂ ਦਾ ਅਖਬਾਰ ਕੱਢ ਕੇ ਸ਼ਿਕਾਗੋ ਦੇ ਪੰਜਾਬੀ ਭਾਈਚਾਰੇ ਦੀ ਪਹਿਚਾਣ ਨਾ ਸਿਰਫ ਅਮਰੀਕਾ ਵਿਚ ਹੀ ਸਗੋਂ ਵਿਸ਼ਵ ਦੇ ਹੋਰਨਾਂ ਦੇਸ਼ਾਂ ਵਿਚ ਵੀ ਬਣਾਈ। ਸਾਨੂੰ ਇਸ ਗੱਲ ਉਤੇ ਫਖ਼ਰ ਹੈ ਕਿ ਅਸੀਂ ਪੰਜਾਬ ਟਾਈਮਜ਼ ਦੇ ਨਾਲ ਜੁੜੇ ਹੋਏ ਹਾਂ। ਉਨ੍ਹਾਂ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਇਸ ਅਖਬਾਰ ਨੂੰ ਹੋਰ ਅੱਗੇ ਵਧਾਉਣ ਲਈ ਬਣਦਾ ਸਹਿਯੋਗ ਦੇਣ।

ਰੇਡੀਓ ਪ੍ਰੋਗਰਾਮ ਦੇਸੀ ਜੰਕਸ਼ਨ ਦੇ ਹੋਸਟ ਸ੍ਰੀ ਜੱਸੀ ਪਰਮਾਰ ਨੇ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਨਾਲ ਆਪਣੀ ਸਾਂਝ ਦੀ ਗੱਲ ਕਰਦਿਆਂ ਆਖਿਆ ਕਿ ਪੰਜਾਬੀ ਪੱਤਰਕਾਰੀ ਅਤੇ ਖਾਸ ਕਰ ਪੰਜਾਬੀ ਭਾਸ਼ਾ ਉਤੇ ਉਨ੍ਹਾਂ ਦੀ ਜਿੰਨੀ ਪੀਡੀ ਪਕੜ ਹੈ, ਉਨੇ ਹੀ ਉਹ ਚੰਗੇ ਸਲਾਹਕਾਰ ਵੀ ਹਨ। ਉਨ੍ਹਾਂ ਕਿਹਾ ਕਿ ਮੈਂ ਜਦ ਵੀ ਉਨ੍ਹਾਂ ਤੋਂ ਕਿਸੇ ਮਾਮਲੇ ਵਿਚ ਸਲਾਹ ਮੰਗੀ, ਉਨ੍ਹਾਂ ਦੂਰਅੰਦੇਸ਼ੀ ਨਾਲ ਸਹੀ ਸਲਾਹ ਦਿਤੀ।

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇਲੀਨਾਇ (ਯੂ ਐਸ ਏ) ਦੇ ਪ੍ਰਧਾਨ ਸ੍ਰੀ ਅਜੈਬ ਸਿੰਘ ਲੱਖਣ ਨੇ ਪੰਜਾਬ ਟਾਈਮਜ਼ ਨਾਲ ਆਪਣੀ ਸਾਂਝ ਦੀ ਗੱਲ ਕਰਦਿਆਂ ਕਿਹਾ ਕਿ ਇਸ ਅਖਬਾਰ ਨੇ ਹਮੇਸ਼ਾ ਨਿਰਪੱਖ ਨੀਤੀ ਅਪਨਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਸੇ ਵਕਤ ਸਾਨੂੰ ਆਪਣੇ ਹਿੱਤਾਂ ਕਰਕੇ ਜਾਪਦਾ ਹੈ ਕਿ ਸਾਡੀ ਗੱਲ ਜਿਸ ਤਰ੍ਹਾਂ ਅਸੀਂ ਚਾਹੁੰਦੇ ਸੀ, ਨਹੀਂ ਹੋਈ ਪਰ ਜੇ ਸਹੀ ਅਰਥਾਂ ਵਿਚ ਦੇਖੀਏ ਤਾਂ ਪੰਜਾਬ ਟਾਈਮਜ਼ ਨੇ ਬਿਨਾਂ ਪੱਖਪਾਤ ਸਾਰੀਆਂ ਸੰਸਥਾਵਾਂ ਨੂੰ ਆਪਣੀ ਗੱਲ ਕਹਿਣ ਦਾ ਸਹੀ ਮੰਚ ਮੁਹੱਈਆ ਕੀਤਾ ਹੈ। ਅੱਜ ਅਮਰੀਕਾ ਵਿਚ ਜੇ ਸ਼ਿਕਾਗੋ ਦੇ ਪੰਜਾਬੀ ਭਾਈਚਾਰੇ ਦੀ ਪਛਾਣ ਹੈ ਤਾਂ ਮੈਂ ਸਮਝਦਾਂ ਕਿ ਇਹ ਸਿਰਫ ਪੰਜਾਬ ਟਾਈਮਜ਼ ਕਰਕੇ ਹੀ ਹੈ। ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਯੂ ਐਸ ਏ) ਦੇ ਪ੍ਰਧਾਨ ਸ੍ਰੀ ਵਿਕਰਾਂਤ ਸਿੰਘ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਟਾਈਮਜ਼ ਨਾ ਸਿਰਫ ਕਹਿਣ ਲਈ ਹੀ ਮਿਆਰੀ ਅਤੇ ਨਿਰਪੱਖ ਅਖਬਾਰ ਹੈ ਸਗੋਂ ਇਸ ਨੇ ਸਭ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਨੁਮਾਇੰਦਗੀ ਦੇ ਕੇ ਇਹ ਸਾਬਤ ਕੀਤਾ ਹੈ ਕਿ ਇਹ ਸਹੀ ਅਰਥਾਂ ਵਿਚ ਮਿਆਰੀ ਅਤੇ ਨਿਰਪੱਖ ਅਖਬਾਰ ਹੈ।

ਪੰਜਾਬ ਟਾਈਮਜ਼ ਨਾਲ ਮੁੱਢ ਤੋਂ ਹੀ ਜੁੜੇ ਹੋਏ ਅਤੇ ਸਲਾਹਕਾਰ ਕਮੇਟੀ ਦੇ ਸੀਨੀਅਰ ਮੈਂਬਰ ਤੇ ਸਿੱਖ ਵਿਦਵਾਨ ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੇ ਅਮੋਲਕ ਸਿੰਘ ਨੂੰ ਆਪਣਾ ਰੋਲ ਮਾਡਲ ਦੱਸਦਿਆਂ ਕਿਹਾ ਕਿ ਪੰਜਾਬ ਟਾਈਮਜ਼ ਉਸ ਲਈ ਇਕ ਇਬਾਦਤ ਬਣ ਚੁਕਾ ਹੈ। ਇਹੋ ਵਜ੍ਹਾ ਹੈ ਕਿ ਉਸ ਦੀਆਂ ਸਿਹਤ ਦੀਆਂ



**ਅਮੋਲਕ ਸਿੰਘ ਜੰਮੂ ਦੇ ਸਨਮਾਨ ਮੌਕੇ ਖੱਬਿਓਂ ਮਨਦੀਪ ਸਿੰਘ, ਰਾਜਿੰਦਰ ਸਿੰਘ ਬੈਂਸ, ਡਾ. ਗੁਰਦਿਆਲ ਸਿੰਘ ਬਸਰਾਨ, ਜਸਪ੍ਰੀਤ ਕੌਰ, ਸਵਰਨਜੀਤ ਸਿੰਘ ਢਿੱਲੋਂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਹਰਜੀਤ ਸਿੰਘ ਸਾਹੀ, ਬਲਵਿੰਦਰ ਸਿੰਘ ਸੰਧੂ, ਸਰਵਣ ਸਿੰਘ ਟਿਵਾਣਾ, ਹਰਦਿਆਲ ਸਿੰਘ ਦਿਓਲ, ਡਾ. ਹਰਜਿੰਦਰ ਸਿੰਘ ਖਹਿਰਾ, ਗੁਰਿੰਦਰ ਸਿੰਘ ਗਿੱਲ, ਜੈਦੇਵ ਸਿੰਘ ਭੱਠਲ ਤੇ ਮਨਦੀਪ ਸਿੰਘ ਭੂਰਾ**



**ਗੁਰਮੁਖ ਭੁੱਲਰ (ਖੱਬਿਓਂ ਦੂਜੇ) ਸਨਮਾਨ ਲੈਂਦੇ ਹੋਏ**



**ਡਾ. ਖਹਿਰਾ (ਵਿਚਕਾਰ) ਸ. ਦਿਓਲ ਅਤੇ ਸ. ਸਾਹੀ ਕੋਲੋਂ ਸਨਮਾਨ ਲੈਂਦੇ ਹੋਏ**



**ਗੁਰਮੇਲ ਸਿੰਘ ਕੰਗ (ਖੱਬੇ) ਬਲਵਿੰਦਰ ਸਿੰਘ ਸੰਧੂ ਅਤੇ ਮਨਦੀਪ ਭੂਰਾ ਤੋਂ ਸਨਮਾਨ ਹਾਸਲ ਕਰਦੇ ਹੋਏ**



**ਸੁਰਿੰਦਰ ਸਿੰਘ ਭਾਟੀਆ (ਐਨ ਸੱਜੇ) ਸ੍ਰੀ ਢਿੱਲੋਂ ਅਤੇ ਸ੍ਰੀ ਬੈਂਸ ਤੋਂ ਸਨਮਾਨ ਲੈਂਦੇ ਹੋਏ**

ਮਜਬੂਰੀਆਂ ਦੇ ਬਾਵਜੂਦ ਅਖਬਾਰ ਲਗਾਤਾਰ ਨਵੀਆਂ ਮੰਜ਼ਿਲਾਂ ਛੂਹ ਰਿਹਾ ਹੈ। ਪ੍ਰੋ. ਰਮਦੇਵ ਨੇ ਅਮੋਲਕ ਸਿੰਘ ਦੀ ਸਿਹਤਯਾਬੀ ਅਤੇ ਚੜ੍ਹਦੀ ਕਲਾ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਮੰਚ ਸੰਚਾਲਨ ਕਰਦਿਆਂ ਗੁਰਮੁਖ ਸਿੰਘ ਭੁਲਰ ਨੇ ਪੰਜਾਬ ਟਾਈਮਜ਼ ਦੇ 11 ਸਾਲ ਦੇ ਸਫਰ ਦੀ ਚਰਚਾ ਕਰਦਿਆਂ ਕਿਹਾ ਕਿ ਸੰਨ 2000 ਦੇ ਸ਼ੁਰੂ ਵਿਚ ਸ਼ਿਕਾਗੋ ਦੇ ਛੋਟੇ ਜਿਹੇ ਪੰਜਾਬੀ ਭਾਈਚਾਰੇ ਵਿਚੋਂ ਸ਼ੁਰੂ ਹੋਇਆ ਕੁਝ ਹੀ ਸਫਿਆਂ ਦਾ ਇਹ ਅਖਬਾਰ ਅਜ ਅਮਰੀਕਾ ਦਾ ਛਪਣ ਗਿਣਤੀ ਅਤੇ ਪਾਠਕਾਂ ਦੀ ਪਸੰਦ ਦੇ ਲਿਹਾਜ ਨਾਲ ਨੰਬਰ-1 ਪੰਜਾਬੀ ਅਖਬਾਰ ਬਣ ਚੁਕਾ ਹੈ। ਸ਼ਿਕਾਗੋ ਮਿਡਵੈਸਟ ਤੋਂ ਇਲਾਵਾ ਕੈਲੀਫੋਰਨੀਆ ਅਤੇ ਨਿਊ ਯਾਰਕ ਤੋਂ ਛਪਦੇ 3 ਐਡੀਸ਼ਨਾਂ ਨਾਲ ਇਸ ਦੀ 21 ਹਜਾਰ ਕਾਪੀਆਂ ਦੀ ਛਪਣ ਗਿਣਤੀ ਪੰਜਾਬੀ ਅਖਬਾਰਾਂ ਵਿਚ ਸਭ ਤੋਂ ਵਧ ਹੈ। ਇੰਨਾ ਹੀ ਨਹੀਂ, ਵੈਬਸਾਈਟ ਜ਼ਰੀਏ ਪੰਜਾਬ ਟਾਈਮਜ਼ ਅਮਰੀਕਾ ਕੈਨੇਡਾ ਤੋਂ ਇਲਾਵਾ ਦੁਨੀਆਂ ਦੇ ਹੋਰ ਬਹੁਤ ਸਾਰੇ ਮੁਲਕਾਂ ਵਿਚ ਪੜ੍ਹਿਆ ਜਾਂਦਾ ਹੈ। ਸ. ਭੁੱਲਰ ਦੇ ਨਾਲ ਹੀ ਮੰਚ ਸੰਚਾਲਨ ਕਰ ਰਹੇ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਸ. ਮਨਜੀਤ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਅਤੇ ਸਥਾਨਕ ਸੰਸਥਾਵਾਂ ਵਲੋਂ ਸੰਪਾਦਕ ਅਮੋਲਕ ਸਿੰਘ ਦਾ ਸਨਮਾਨ ਕੀਤਾ ਜਾਣਾ ਅਸਲ ਵਿਚ ਸਾਡਾ ਸਭ ਦਾ ਆਪਣਾ ਹੀ ਸਨਮਾਨ ਹੈ ਕਿਉਂਕਿ ਪੰਜਾਬ ਟਾਈਮਜ਼ ਸਾਡਾ ਸਭ ਦਾ ਆਪਣਾ ਹੈ। ਸ. ਗਿੱਲ ਨੇ 1998 ਦਾ ਉਹ ਸਮਾਂ ਚੇਤੇ ਕੀਤਾ ਜਦੋਂ ਉਨ੍ਹਾਂ ਅਮੋਲਕ ਸਿੰਘ ਨੂੰ ਆਪਣੇ ਪੱਤਰਕਾਰੀ ਪਿਛੋਕੜ ਨੂੰ ਮੁਖ ਰਖਦਿਆਂ ਪੰਜਾਬੀ ਅਖਬਾਰ ਸ਼ੁਰੂ ਕਰਨ ਦਾ ਸੁਝਾਅ ਦਿਤਾ ਸੀ।



ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਸ੍ਰੀ ਰਾਜਿੰਦਰ ਸਿੰਘ ਬੈਂਸ, ਡਾ. ਗੁਰਦਿਆਲ ਸਿੰਘ ਬਸਰਾਨ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸ. ਸਵਰਨਜੀਤ ਸਿੰਘ ਢਿੱਲੋਂ, ਸ. ਹਰਜੀਤ ਸਿੰਘ ਸਾਹੀ, ਸ. ਸਰਵਣ ਸਿੰਘ ਟਿਵਾਣਾ, ਸ. ਹਰਦਿਆਲ ਸਿੰਘ ਦਿਓਲ, ਸ੍ਰੀ ਗੁਰਿੰਦਰ ਸਿੰਘ ਗਿੱਲ, ਸ੍ਰੀ ਬਲਵਿੰਦਰ ਸਿੰਘ ਸੰਧੂ, ਸ. ਜੈਦੇਵ ਸਿੰਘ ਭੱਠਲ ਅਤੇ ਸ. ਮਨਦੀਪ ਸਿੰਘ ਭੂਰਾ



ਹੈਪੀ ਹੀਰ ਤੇ ਜੱਸੀ ਪਰਮਾਰ ਸਕਿੱਟ ਪੇਸ਼ ਕਰਦੇ ਹੋਏ

ਪੰਜਾਬ ਟਾਈਮਜ਼ ਦੇ ਇਕ ਪ੍ਰਸ਼ੰਸਕ ਸ੍ਰੀ ਲਖਵੀਰ ਸਹੋਤਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜੋ ਮੁਕਾਮ ਅਮਰੀਕੀ ਪੰਜਾਬੀ ਪੱਤਰਕਾਰੀ ਵਿਚ ਪੰਜਾਬ ਟਾਈਮਜ਼ ਨੇ ਹਾਸਲ ਕੀਤਾ ਹੈ ਉਹ ਹੋਰ ਕਿਸੇ ਪੰਜਾਬੀ ਅਖਬਾਰ ਦੇ ਹਿੱਸੇ ਨਹੀਂ ਆਇਆ। ਇਹ ਅਖਬਾਰ ਸਭ ਦੀ ਗੱਲ ਕਹਿੰਦਾ ਹੈ, ਸਭ ਨੂੰ ਨੁਮਾਇੰਦਗੀ ਦਿੰਦਾ ਹੈ ਪਰ ਆਪਣੀ ਰਾਏ ਕਿਸੇ 'ਤੇ ਥੋਪਦਾ ਨਹੀਂ। ਇਸ ਅਖਬਾਰ ਦੀ ਇਕ ਖਾਸੀਅਤ ਇਹ ਵੀ ਹੈ ਕਿ ਇਸ ਦੇ ਕਾਲਮਨਵੀਸ ਵੱਖੋ ਵੱਖ ਸੋਚ ਦੇ ਮਾਲਕ ਹਨ ਪਰ ਅਖਬਾਰ ਕਿਸੇ ਇਕ ਧਿਰ ਦੀ ਸੋਚ ਦਾ ਪੱਖ ਨਹੀਂ ਪੂਰਦਾ।

ਆਪਣੇ ਸਨਮਾਨ ਲਈ ਸਲਾਹਕਾਰ ਕਮੇਟੀ ਅਤੇ ਸ਼ਿਕਾਗੋਲੈਂਡ ਦੀਆਂ ਸਮੂਹ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਸ. ਅਮੋਲਕ ਸਿੰਘ ਜੰਮੂ ਨੇ ਕਿਹਾ ਕਿ ਪੰਜਾਬ ਟਾਈਮਜ਼ ਅੱਜ ਜੋ ਵੀ ਹੈ ਅਤੇ ਜਿਸ ਮੁਕਾਮ 'ਤੇ ਵੀ ਹੈ, ਉਹ ਆਪਣੇ ਹਮਾਇਤੀਆਂ, ਪਾਠਕਾਂ ਅਤੇ ਪ੍ਰਸ਼ੰਸਕਾਂ ਸਦਕਾ ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਟਾਈਮਜ਼ ਅਜ ਤੁਹਾਡੇ ਸਹਿਯੋਗ ਸਦਕਾ ਇਕ ਸੰਸਥਾ ਦਾ ਰੂਪ ਧਾਰ ਚੁਕਾ ਹੈ ਅਤੇ ਸੰਸਥਾਵਾਂ ਵਿਅਕਤੀਆਂ ਦੀਆਂ ਮੁਥਾਜ ਨਹੀਂ ਰਹਿੰਦੀਆਂ। ਸੰਪਾਦਕ ਆਉਂਦੇ-ਜਾਂਦੇ ਰਹਿਣਗੇ ਪਰ ਉਮੀਦ ਹੈ, ਪੰਜਾਬ ਟਾਈਮਜ਼ ਤੁਹਾਡੇ ਸਹਿਯੋਗ ਸਦਕਾ ਹਮੇਸ਼ਾਂ ਚਲਦਾ ਰਹੇਗਾ।

ਇਸ ਸਮਾਗਮ ਦੌਰਾਨ ਪੰਜਾਬ ਟਾਈਮਜ਼ ਨਾਲ ਨੇੜਿਓਂ ਜੁੜੀਆਂ ਕੁਝ ਸ਼ਖਸੀਅਤਾਂ ਦਾ ਵੀ ਮਾਣ-ਸਨਮਾਨ ਕੀਤਾ ਗਿਆ, ਜਿਨ੍ਹਾਂ ਵਿਚ ਵਰਜੀਨੀਆ ਤੋਂ ਗੁਰਮੇਲ ਸਿੰਘ ਕੰਗ, ਡਾ. ਹਰਜਿੰਦਰ ਸਿੰਘ ਖਹਿਰਾ, ਗੁਰਮੁਖ ਸਿੰਘ ਭੁੱਲਰ, ਜੈਰਾਮ ਸਿੰਘ ਕਾਹਲੋਂ, ਬਲਕਾਰ ਸਿੰਘ ਢਿਲੋਂ ਅਤੇ ਕੁਲਜੀਤ ਸਿੰਘ (ਸਹਾਇਕ ਸੰਪਾਦਕ, ਪੰਜਾਬ ਟਾਈਮਜ਼) ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਰੇਡੀਓ 'ਰੌਣਕ ਮੇਲਾ' ਦੀ ਹੋਸਟ ਪੰਮੀ ਗਿੱਲ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਆਏ ਮਹਿਮਾਨਾਂ ਦਾ ਮਨੋਰੰਜਨ ਡਾ. ਹਰਜਿੰਦਰ ਖਹਿਰਾ ਅਤੇ ਪੰਮੀ ਗਿੱਲ ਨੇ ਗੀਤ ਗਾ ਕੇ ਕੀਤਾ। ਰੇਡੀਓ 'ਦੇਸੀ ਜੰਕਸ਼ਨ' ਦੇ ਮੇਜ਼ਬਾਨਾਂ ਜੱਸੀ ਪਰਮਾਰ ਅਤੇ ਹੈਪੀ ਹੀਰ ਨੇ ਇਕ ਖੂਬਸੂਰਤ ਸਕਿਟ ਪੇਸ਼ ਕਰ ਕੇ ਚੰਗੀ ਰੌਣਕ ਲਾਈ। ਸਤਿੰਦਰ ਸੁਸਾਣਾ ਨੇ ਇਕ ਕਵਿਤਾ ਪੇਸ਼ ਕਰ ਕੇ ਆਪਣੀ ਹਾਜਰੀ ਲਵਾਈ ਜਦੋਂਕਿ ਪਾਕਿਸਤਾਨੀ ਮੂਲ ਦੇ ਲੇਖਕ ਜਨਾਬ ਭੱਟੀ ਨੇ 'ਚਾਹ ਤੇ ਲੱਸੀ' ਨਾਂ ਦੀ ਹਾਸਰਸੀ ਕਵਿਤਾ ਪੜ੍ਹ ਕੇ ਚੰਗੀਆਂ ਢਿਡੀਂ ਪੀੜਾਂ ਪਾਈਆਂ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਇੰਡੀਆਨਾ ਤੋਂ ਬਿਜਨਸਮੈਨ ਅਤੇ ਪੰਜਾਬ ਟਾਈਮਜ਼ ਦੇ ਵੱਡੇ ਮੱਦਾਹ ਸ. ਹਰਜੀਤ ਸਿੰਘ ਸਾਹੀ, ਪੰਜਾਬੀ ਅਮੈਰਿਕਨ ਯੂਥ ਕਲੱਬ ਵਲੋਂ ਮਨਦੀਪ ਸਿੰਘ ਭੂਰਾ, ਗੁਰਿੰਦਰ ਸਿੰਘ ਗਿੱਲ, ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਸੀ ਆਈ ਸੀ ਮੈਂਬਰ ਮੱਤ ਸਿੰਘ ਢਿੱਲੋਂ, ਸਾਬਕਾ ਪ੍ਰਧਾਨ ਇਕਬਾਲ ਸਿੰਘ ਚੋਪੜਾ, ਮੇਜਰ ਗੁਰਚਰਨ ਸਿੰਘ ਝੱਜ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ, ਸ਼ਿਕਾਗੋ ਵਲੋਂ ਪ੍ਰਧਾਨ ਲਖਬੀਰ ਸਿੰਘ ਸੰਧੂ, ਸਾਬਕਾ ਪ੍ਰਧਾਨ ਕਿਰਪਾਲ ਸਿੰਘ ਰੰਧਾਵਾ, ਟੋਨੀ ਸੰਘੇੜਾ, ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵਲੋਂ ਸਾਬਕਾ ਪ੍ਰਧਾਨ ਰਾਜਿੰਦਰ ਸਿੰਘ ਮਾਗੋ, ਸੰਨੀ ਕੁਲਾਰ, ਓਂਕਾਰ ਸਿੰਘ ਸੰਘਾ, ਜਸਬੀਰ ਸਿੰਘ ਪੇਲੀਆ, ਬਲਜੀਤ ਸਿੰਘ ਸਿੱਧੂ, ਸੁਖਮੇਲ ਸਿੰਘ ਅਟਵਾਲ, ਸੁਰਿੰਦਰ ਸਿੰਘ ਸੰਘਾ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ, ਪਰਮਿੰਦਰ ਸਿੰਘ ਵਾਲੀਆ ਆਪਣੀ ਪੂਰੀ ਟੀਮ ਨਾਲ, ਪੰਜਾਬ ਸਪੋਰਟਸ ਕਲੱਬ ਮਿਡਵੈਸਟ ਵਲੋਂ ਮਿੱਕੀ ਕਾਹਲੋਂ, ਜਗਦੇਵ ਖੇੜਾ, ਦਰਸ਼ਨ ਬਸਰਾਓ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਇਲੀਨਾਏ, ਯੂ ਐਸ ਏ) ਵਲੋਂ ਸੰਤੋਖ ਸਿੰਘ ਡੀ ਸੀ, ਅਜਮੇਰ ਸਿੰਘ ਪੰਨੂ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ ਦੇ ਐਗਜ਼ੈਕਟਿਵ ਸੈਕਟਰੀ ਲਵਦੀਪ ਸਿੰਘ ਦੂੱਲਤ, ਪੰਜਾਬੀ ਯੂਥ ਐਸੋਸੀਏਸ਼ਨ ਦੇ ਜਸਕੀਰਤ ਧਾਲੀਵਾਲ, ਰਵੀ ਹੰਝਰਾ, ਅਮੈਰਿਕਨ ਸੀਨੀਅਰਜ਼ ਸਿੱਖ ਐਸੋਸੀਏਸ਼ਨ (ਆਸਾ) ਵਲੋਂ ਸੇਵਾ ਸਿੰਘ ਵਿਰਦੀ, ਅਮੋਲਕ ਸਿੰਘ ਗਿੱਧਾ, ਜਸਬੀਰ ਸਿੰਘ ਭੱਲਾ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਵਲੋਂ ਗੁਲਜ਼ਾਰ ਸਿੰਘ ਮੁਲਤਾਨੀ ਅਤੇ ਜਸਵੀਰ ਸਿੰਘ ਸੁੱਗਾ ਪਹੁੰਚੇ ਹੋਏ ਸਨ।

ਹੋਰ ਮਹਿਮਾਨਾਂ ਵਿਚ ਸ. ਜੈਦੇਵ ਸਿੰਘ ਭੱਠਲ, ਡਾ. ਮੁਖਤਿਆਰ ਸਿੰਘ ਨੰਦੜਾ, ਭੁਪਿੰਦਰ (ਬੌਬ) ਹੁੰਦਲ, ਬਲਵਿੰਦਰ ਸਿੰਘ (ਬੌਬ) ਸੰਧੂ, ਜਸਵਿੰਦਰ ਸਿੰਘ ਸੰਧੂ, ਸੋਨੀ ਜੱਜ, ਮਨਜਿੰਦਰ ਭੰਵਰਾ, ਨਿੱਕ ਗਾਖਲ, ਰਿਨੇ, ਜਸਪਾਲ ਸਿੰਘ ਮੁਲਤਾਨੀ, ਕਰਮਜੀਤ ਸਿੰਘ, ਸੰਤੋਖ ਸਿੰਘ, ਮਿਸ਼ੀਗਨ ਤੋਂ ਸੁਰਿੰਦਰ ਸਿੰਘ ਕੰਗ, ਵਰਜੀਨੀਆ ਤੋਂ ਗੁਰਮੇਲ ਸਿੰਘ ਕੰਗ, ਰੇਡੀਓ ਦੇਸੀ ਜੰਕਸ਼ਨ ਦੇ ਹੋਸਟ ਜੱਸੀ ਪਰਮਾਰ, ਡਾ. ਸਰਬਜੀਤ ਸਿੰਘ ਭੰਡਾਲ, ਸੋਨੂ ਖਹਿਰਾ, ਬਾਬ ਵੂਲਫ, ਪਿੰਕਾ ਪੇਲੀਆ, ਬਿਕਰਮ ਸਿੱਧੂ, ਬਲਦੇਵ ਸਿੰਘ ਗਿੱਲ, ਜਤਿੰਦਰ ਚੌਹਾਨ, ਰਾਬਰਟ, ਸ਼ਿਵਚਰਨ ਸਿੰਘ ਘੁਮਾਣ ਅਤੇ ਭੁਪਿੰਦਰ ਸਿੰਘ ਬਾਵਾ ਸ਼ਾਮਲ ਸਨ।

# ਕੈਲੀਫੋਰਨੀਆ ਵਿਚ ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ ਦੇ ਦੀਵਾਨ 17 ਤੋਂ



**ਬੇਕਰਜ਼ਫੀਲਡ (ਮਾਨ ਮਨਦੀਪ):** ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ 17 ਜਨਵਰੀ ਤੋਂ 23 ਜਨਵਰੀ ਤਕ ਹਰ ਰੋਜ਼ ਸ਼ਾਮ 6.30 ਤੋਂ 7.30 ਵਜੇ ਤਕ ਇਥੇ ਗੁਰਦੁਆਰਾ ਅੰਗਦ ਦਰਬਾਰ (ਸਟਾਈਨ ਰੋਡ) ਵਿਖੇ ਕੀਰਤਨ ਦੀਵਾਨ ਸਜਾਉਣਗੇ। ਸੰਗਤਾਂ ਵਿਚ ਉਨ੍ਹਾਂ ਦੇ ਦੀਵਾਨਾਂ ਪ੍ਰਤੀ ਭਾਰੀ ਉਤਸ਼ਾਹ ਹੈ।

ਇਹ ਜਾਣਕਾਰੀ ਦਿੰਦਿਆਂ ਦਮਦਮੀ ਟਕਸਾਲ ਦੇ ਇਕ ਬੁਲਾਰੇ ਨੇ ਦੱਸਿਆ ਕਿ ਬੇਕਰਜ਼ਫੀਲਡ ਤੋਂ ਇਲਾਵਾ ਭਾਈ ਰਾਮ ਸਿੰਘ ਸਟਾਕਟਨ ਵਿਚ 24 ਤੋਂ 29 ਜਨਵਰੀ ਤਕ ਅਤੇ ਉਸਤੋਂ ਬਾਅਦ 30 ਜਨਵਰੀ ਤੋਂ 1 ਫਰਵਰੀ ਤਕ ਸੈਕਰਾਮੈਂਟੋ ਦੇ ਗੁਰਦੁਆਰਾ ਬਰਾਡਸ਼ਾਹ ਵਿਖੇ, 2 ਫਰਵਰੀ ਤੋਂ 6 ਫਰਵਰੀ ਤਕ ਬਿਊਨਾ ਪਾਰਕ ਗੁਰੂਘਰ, 7 ਫਰਵਰੀ ਤੋਂ 9 ਫਰਵਰੀ ਤਕ ਦਸ਼ਮੇਸ਼ ਦਰਬਾਰ ਟੂਲੈਹਰੀ, 10 ਤੋਂ 13 ਫਰਵਰੀ ਤਕ ਐਲ ਸਬਰਾਂਟੇ (ਬੇ-ਏਰੀਆ) ਅਤੇ 14 ਫਰਵਰੀ ਤੋਂ 20 ਫਰਵਰੀ ਤਕ ਗੁਰਦੁਆਰਾ ਸੈਨ ਹੋਜੇ ਵਿਖੇ ਦੀਵਾਨ ਸਜਾਉਣਗੇ। 20 ਫਰਵਰੀ ਨੂੰ ਹੀ ਭਾਈ ਸਾਹਿਬ ਭਾਰਤ ਲਈ ਰਵਾਨਾ ਹੋ ਜਾਣਗੇ। ਬੁਲਾਰੇ ਨੇ ਸਮੂਹ ਸੰਗਤਾਂ ਨੂੰ ਇਨ੍ਹਾਂ ਦੀਵਾਨਾਂ ਵਿਚ ਹਾਜਰੀਆਂ ਲਵਾ ਕੇ ਗੁਰਬਾਣੀ ਕੀਰਤਨ ਦਾ ਲਾਹਾ ਲੈਣ ਅਤੇ ਆਪਣਾ ਜੀਵਨ ਸਫਲਾ ਕਰਨ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਗੁਰਦੁਆਰਾ ਅੰਗਦ ਦਰਬਾਰ ਦੇ ਪ੍ਰਧਾਨ ਸ. ਸੁਖਬੀਰ ਸਿੰਘ ਸੰਧੂ ਨਾਲ ਫੋਨ 661-204-0096 ਜਾਂ ਭਾਈ ਤਰਸੇਮ ਸਿੰਘ ਟੂਲੈਹਰੀ ਨਾਲ ਫੋਨ 559-331-1326 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲਾਸ ਵੇਗਸ ਵਿਚ ਲੋਹੜੀ ਦੀਆਂ ਰੌਣਕਾਂ

**ਲਾਸ ਵੇਗਸ, ਨੇਵਾਡਾ (ਜਤਿੰਦਰ ਸ਼ਰਮਾ):** ਸਥਾਨਕ ਪੰਜਾਬੀ ਭਾਈਚਾਰੇ ਵਲੋਂ ਲੋਹੜੀ ਦਾ ਤਿਓਹਾਰ ਇਥੇ ਜੈਨ ਹਿੰਦੂ ਟੈਂਪਲ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮ 6.30 ਵਜੇ ਮੰਦਿਰ ਦੇ ਪੁਜਾਰੀ ਗੋਪਾਲ ਕ੍ਰਿਸ਼ਨ ਵਲੋਂ ਲੋਹੜੀ ਦੀ ਧੂਣੀ ਬਾਲ ਕੇ ਕੀਤੀ ਗਈ।

ਧੂਣੀ ਦੁਆਲੇ ਜੁੜੇ ਪਰਿਵਾਰਾਂ ਦੀਆਂ ਬੀਬੀਆਂ ਨੇ ਗਿੱਧਾ ਪਾਇਆ ਅਤੇ ਸਭ ਨੇ ਰਲ ਕੇ ਲੋਹੜੀ ਦੇ ਗੀਤ ਗਾਏ। ਇਸ ਮੌਕੇ ਸਥਾਨਕ ਭਾਈਚਾਰੇ ਦੇ ਹਿੰਦੂ ਅਤੇ ਸਿੱਖ ਪਰਿਵਾਰ ਹੁਮ-ਹੁੰਮਾ ਕੇ ਪਹੁੰਚੇ ਹੋਏ ਸਨ। ਇਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਐਨ ਆਰ ਆਈ ਸਭਾ ਦੇ ਪ੍ਰਧਾਨ ਗੁਰਵਿੰਦਰ ਸਿੰਘ ਸੰਧੂ ਅਤੇ ਸਕੱਤਰ ਜਨਰਲ ਕਮਲ ਸਿੱਧੂ, ਮੰਦਿਰ ਦੇ ਸੰਸਥਾਪਕ ਰਣਜੀਤ ਜੈਨ, ਖਜਾਨਚੀ ਵਰਿੰਦਰ ਸਾਂਵਲ ਅਤੇ ਭਾਰਤੀ ਸ਼ਰਮਾ ਤੋਂ ਇਲਾਵਾ ਡਾ. ਭੁਪਿੰਦਰ ਸਿੰਘ ਵੀ ਹਾਜਰ ਸਨ। ਲੋਹੜੀ ਦੇ ਸਮਾਗਮ ਦੌਰਾਨ ਲੰਗਰ ਦੀ ਸੇਵਾ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਵਲੋਂ ਕੀਤੀ ਗਈ। ਇਹ ਪਹਿਲੀ ਵਾਰ ਨਹੀਂ ਜਦੋ ਸਥਾਨਕ ਹਿੰਦੂ ਤੇ ਸਿੱਖ ਭਾਈਚਾਰੇ ਨੇ ਕੋਈ ਤਿਓਹਾਰ ਸਾਂਝੇ ਤੌਰ 'ਤੇ ਮਨਾਇਆ ਹੋਵੇ।



ਲਾਸ ਵੇਗਸ, ਨੇਵਾਡਾ ਵਿਚ ਲੋਹੜੀ ਦਾ ਨਜ਼ਾਰਾ

# ਰੱਸਲ ਜੌਹਨਸਨ ਲਈ ਫੰਡਰੇਜ਼ਰ ਸਮਾਗਮ



**ਬੇਕਰਜ਼ਫੀਲਡ (ਮਾਨ ਮਨਦੀਪ):** ਬੇਕਰਜ਼ਫੀਲਡ ਸਿਟੀ ਦੇ ਵਾਰਡ ਨੰਬਰ 7 ਤੋਂ ਕੌਂਸਲ ਮੈਂਬਰ ਰੱਸਲ ਜੌਹਨਸਨ ਲਈ ਇਕ ਫੰਡਰੇਜ਼ਿਗ ਸਮਾਗਮ ਇਥੇ ਇਕ ਰੈਸਟੋਰੈਂਟ ਵਿਚ ਹੋਇਆ ਜਿਸ ਵਿਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਜੌਹਨਸਨ ਨੇ ਸਮੂਹ ਵੋਟਰਾਂ ਦਾ ਦਿਲੀ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੀਆਂ ਵੋਟਾਂ ਪਾ ਕੇ ਸਿਟੀ ਕੌਂਸਲ ਲਈ ਜਿਤਾਇਆ। ਪੰਜਾਬੀ ਭਾਈਚਾਰੇ ਦਾ ਉਚੇਚਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀਆਂ ਦੇ ਸਹਿਯੋਗ ਬਿਨਾ ਉਨ੍ਹਾਂ ਦੀ ਇਡੀ ਵਡੀ ਜਿੱਤ ਸ਼ਾਇਦ ਸੰਭਵ ਨਹੀਂ ਸੀ। ਜ਼ਿਕਰਯੋਗ ਹੈ ਕਿ ਵਾਰਡ ਨੰਬਰ 7 ਵਿਚ ਵਡੀ ਗਿਣਤੀ ਵਿਚ ਪੰਜਾਬੀ ਅਤੇ ਸਿੱਖ ਭਾਈਚਾਰੇ ਦੇ ਲੋਕ ਵਸਦੇ ਹਨ। ਸ੍ਰੀ ਜੌਹਨਸਨ ਨੇ ਆਖਿਆ ਕਿ ਕਿਸੇ ਵੀ ਸ਼ਹਿਰੀ ਨੂੰ ਕੋਈ ਮੁਸ਼ਕਿਲ ਹੋਵੇ ਤਾਂ ਉਨ੍ਹਾਂ ਨੂੰ ਬਿਨਾ ਝਿਜਕ ਮਿਲ ਸਕਦਾ ਹੈ, ਉਨ੍ਹਾਂ ਦੇ ਦਰਵਾਜ਼ੇ ਹਮੇਸ਼ਾਂ ਵੋਟਰਾਂ ਲਈ ਖੁਲ੍ਹੇ ਹਨ। ਇਸ ਸਮਾਗਮ ਦੌਰਾਨ ਉਨ੍ਹਾਂ ਦੇ ਵੋਟਰਾਂ, ਮਿੱਤਰਾਂ-ਰਿਸ਼ਤੇਦਾਰਾਂ ਤੋਂ ਇਲਾਵਾ ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਜਗਦੀਸ਼ ਢਿਲੋਂ, ਤੇਜਪਾਲ ਨਿਕਸਨ, ਗੁਰਸੇਵਕ ਬਰਾੜ, ਪਾਲ ਮੰਨਣ, ਜੀਤਾ ਮਾਣਕ, ਗੁਰਦੀਪ ਢੀਂਡਸਾ ਅਤੇ ਸੁਖਬੀਰ ਸਿੰਘ ਸੰਧੂ (ਪ੍ਰਧਾਨ) ਆਦਿ ਪਤਵੰਤੇ ਹਾਜਰ ਸਨ।

To Advertise with Punjab Times Call: 847-359-0746

# ਪੰਜਾਬ ਵਿਚ ਝੂਠੇ ਮੁਕਾਬਲਿਆਂ ਵੇਲੇ ਅਦਾਲਤਾਂ ਕਿੱਥੇ ਸਨ?

14 ਜਨਵਰੀ ਨੂੰ ਭਾਰਤ ਦੀ ਉੱਚਤਮ ਅਦਾਲਤ (ਸੁਪਰੀਮ ਕੋਰਟ) ਨੇ ਸਮਾਜਿਕ ਕਾਰਕੁਨ ਸਵਾਮੀ ਅਗਨੀਵੇਸ਼ ਅਤੇ ਪੱਤਰਕਾਰ ਹੇਮਚੰਦਰ ਪਾਂਡੇ ਦੀ ਪਤਨੀ ਬਬੀਤਾ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਭਾਰਤ ਸਰਕਾਰ ਅਤੇ ਆਂਧਰਾ ਪ੍ਰਦੇਸ਼ ਸਰਕਾਰ ਨੂੰ ਫਿਟਕਾਰ ਪਾਈ ਕਿ "ਸਾਡਾ ਗਣਰਾਜ ਇਸ ਤਰੀਕੇ ਨਾਲ ਵਿਹਾਰ ਨਹੀਂ ਕਰ ਸਕਦਾ ਅਤੇ ਆਪਣੇ ਬੱਚਿਆਂ ਦੇ ਕਤਲ ਨਹੀਂ ਕਰ ਸਕਦਾ। ਸਰਕਾਰ ਨੂੰ ਬਹੁਤ ਸਾਰੇ ਸਵਾਲਾਂ ਦਾ ਜਵਾਬਦੇਹ ਜ਼ਰੂਰ ਹੋਣਾ ਪਵੇਗਾ।" ਇਹ ਸ਼ਬਦ ਜਸਟਿਸ ਆਫਤਾਬ ਆਲਮ ਅਤੇ ਜੇ ਐੱਲ ਲੋਧਾ ਬੈਂਚ ਦੇ ਹਨ ਜੋ ਸੀ.ਪੀ.ਆਈ (ਮਾਓਵਾਦੀ) ਦੇ ਬੁਲਾਰੇ ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਅਤੇ ਹੇਮਚੰਦਰ ਪਾਂਡੇ ਬਾਰੇ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ।

ਭਾਰਤੀ ਹੁਕਮਰਾਨਾਂ ਨੂੰ ਕੀਤੀ ਇਹ ਤਾੜਨਾ ਆਪਣੇ ਆਪ ਵਿਚ ਚੰਗੀ ਗੱਲ ਹੈ, ਪਰ ਮਾਮਲਾ ਇੰਨਾ ਸਿੱਧਾ-ਸਾਦਾ ਅਤੇ ਛੋਟਾ ਨਹੀਂ ਹੈ। ਭਾਰਤੀ ਰਾਜ ਅਤੇ ਇਸ ਦੀਆਂ 'ਸੁਰੱਖਿਆ' ਏਜੰਸੀਆਂ ਪਿਛਲੇ ਤਰੇਹਟ ਸਾਲਾਂ ਤੋਂ ਲੋਕਾਂ ਨੂੰ ਝੂਠੇ ਮੁਕਾਬਲਿਆਂ ਵਿਚ ਕਤਲ ਕਰਦੀਆਂ ਆ ਰਹੀਆਂ ਹਨ। ਚਾਹੇ ਤਿਲੰਗਾਨਾ ਲਹਿਰ ਹੋਵੇ ਜਾਂ ਨਕਸਲੀ ਲਹਿਰ ਦਾ ਦੌਰ। ਨਾਗਾਲੈਂਡ, ਕਸ਼ਮੀਰ, ਮਨੀਪੁਰ ਆਦਿ ਦੇ ਕੌਮੀ ਸੰਘਰਸ਼ ਹੋਣ ਜਾਂ ਪੰਜਾਬ ਦੀ ਖਾਲਿਸਤਾਨ ਲਹਿਰ, ਹਰ ਥਾਂ ਦਹਿ-ਹਜ਼ਾਰਾਂ ਲੋਕਾਂ ਨੂੰ ਥੋਕ ਗਿਣਤੀ ਵਿਚ ਕੋਹ-ਕੋਹ ਕੇ ਕਤਲ ਕੀਤਾ ਗਿਆ। ਗ਼ੈਰ-ਸਰਕਾਰੀ ਅੰਦਾਜ਼ਿਆਂ ਅਨੁਸਾਰ ਪੰਜਾਬ ਅਤੇ ਕਸ਼ਮੀਰ ਵਿਚ ਇਸ ਤਰ੍ਹਾਂ ਮਾਰੇ ਗਏ ਲੋਕਾਂ ਦੀ ਗਿਣਤੀ ਇਕ ਲੱਖ ਤੋਂ ਵੀ ਵੱਧ ਹੈ। ਪੰਜਾਬ ਵਿਚ 2000 ਲਾਸ਼ਾਂ ਨੂੰ ਅਣਪਛਾਤੀਆਂ ਕਹਿ ਕੇ ਖੁਰਦ-ਬੁਰਦ ਕਰਨ ਦਾ ਪਰਦਾਫਾਸ਼ ਹੋਣ ਨਾਲ ਭਾਰਤੀ ਰਾਜ ਦੇ ਅਸਲ ਚਿਹਰੇ ਦੀ ਘ੍ਰਿਣਤ ਝਲਕ ਦੁਨੀਆਂ ਨੇ ਦੇਖੀ ਸੀ। ਕੀ ਇਹ "ਗਣਰਾਜ ਦੇ ਬੱਚੇ" ਨਹੀਂ ਸਨ? ਹੋ ਸਕਦਾ ਹੈ ਭਾਰਤੀ ਨਿਆਂ ਪ੍ਰਣਾਲੀ ਨੇ ਕੁਝ ਇੱਕਾ-ਦੁੱਕਾ ਮਾਮਲਿਆਂ ਵਿਚ ਇਨ੍ਹਾਂ 'ਮੁਕਾਬਲਿਆਂ' ਲਈ ਜ਼ਿੰਮੇਵਾਰ ਜਲਾਦ ਅਫ਼ਸਰਾਂ ਨੂੰ ਕੁਝ ਸਜ਼ਾ ਦਿੱਤੀ ਹੋਵੇ, ਪਰ ਕੇ.ਪੀ.ਐੱਸ.ਗਿੱਲ ਵਰਗੇ ਮੁੱਖ ਮੁਜਰਮ ਨਾ ਸਿਰਫ਼ ਸਜ਼ਾ ਤੋਂ ਬਚੇ ਹੋਏ ਹਨ ਸਗੋਂ ਹੋਰ ਸੂਬਿਆਂ ਅੰਦਰ ਲਹਿਰਾਂ ਨੂੰ ਦਬਾਉਣ ਦੇ ਤਜਰਬੇਕਾਰ ਮਾਹਰਾਂ ਦੇ ਅਹੁਦਿਆਂ 'ਤੇ ਬਿਰਾਜਮਾਨ ਹਨ। ਚਾਲੀ ਸਾਲ ਪਹਿਲਾਂ ਕੇਰਲਾ ਦੇ ਨਕਸਲੀ ਆਗੂ ਵਰਗੀਜ਼ ਨੂੰ ਮੁਕਾਬਲੇ ਵਿਚ ਕਤਲ ਕਰਨ ਵਾਲੇ ਪੁਲਿਸ ਅਧਿਕਾਰੀ ਨੂੰ ਮਿਲੀ ਸਜ਼ਾ, ਸੁਰਖ਼ੀ ਜ਼ਰੂਰ ਬਣੀ ਪਰ ਜਸਟਿਸ ਤਾਰਕੁੰਡੇ ਕਮਿਸ਼ਨ ਵਲੋਂ ਪੂਰੇ ਦੇਸ਼ ਵਿਚ ਨਕਸਲੀ ਕਾਰਕੁਨਾਂ ਨੂੰ ਮਾਰਨ ਦੀ ਜੋ ਪ੍ਰਮਾਣਿਕ ਤੱਥ ਰਿਪੋਰਟ ਜਾਰੀ ਕੀਤੀ ਗਈ ਸੀ, ਉਨ੍ਹਾਂ ਸੈਂਕੜੇ ਕਤਲਾਂ ਦੇ ਜ਼ਿੰਮੇਵਾਰ ਕਿੰਨੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ? ਅਹਿਮ ਸਵਾਲ ਇਹ ਹੈ ਕਿ ਜਦੋਂ ਸੁਰੱਖਿਆ ਏਜੰਸੀਆਂ ਨਿਆਂ ਪ੍ਰਣਾਲੀ ਦੇ ਐਨ ਨੱਕ ਹੇਠ ਸ਼ਰੇਆਮ ਕਤਲੋਗ਼ਾਰਤ ਕਰ ਰਹੀਆਂ ਹੁੰਦੀਆਂ ਹਨ, ਜਿਵੇਂ ਓਪਰੇਸ਼ਨ ਗਰੀਨ ਹੰਟ ਤਹਿਤ ਪਿਛਲੇ ਸਵਾ ਸਾਲ ਤੋਂ ਸੱਤ ਸੂਬਿਆਂ ਵਿਚ ਕੀਤਾ ਜਾ ਰਿਹਾ ਹੈ, ਓਦੋਂ ਉੱਚ ਅਦਾਲਤਾਂ ਹੁਕਮਰਾਨਾਂ ਅਤੇ ਸੁਰੱਖਿਆ ਤਾਕਤਾਂ ਦੇ ਖ਼ੂਨੀ ਹੱਥ ਰੋਕਣ ਲਈ ਪਹਿਲ ਕਿਉਂ ਨਹੀਂ ਕਰਦੀਆਂ?




ਦੋ ਸਾਲ ਪਹਿਲਾਂ ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਹੁਕਮ ਦਿੱਤਾ ਸੀ ਕਿ ਮੁਕਾਬਲਿਆਂ ਵਿਚ ਹੋਈਆਂ ਮੌਤਾਂ ਕਤਲ ਹਨ ਅਤੇ ਇਨ੍ਹਾਂ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਖਿਲਾਫ਼ ਕਤਲ ਦੇ ਪਰਚੇ ਦਰਜ ਹੋਣੇ ਚਾਹੀਦੇ ਹਨ ਪਰ ਪੁਲਿਸ ਐਸੋਸੀਏਸ਼ਨ ਨੇ ਸੁਪਰੀਮ ਕੋਰਟ ਵਿਚ ਜਾ ਕੇ ਹੁਕਮ ਰੁਕਵਾ ਲਿਆ। ਹਰ ਵਾਰ ਮਨੁੱਖੀ ਅਧਿਕਾਰ ਕਾਰਕੁਨ ਅਤੇ ਹੋਰ ਜਮਹੂਰੀਅਤ ਪਸੰਦ ਲੋਕ ਹੰਭ ਕੇ ਬੈਠ ਗਏ।

ਅਸਲ ਵਿਚ ਨਿਆਂ ਪ੍ਰਣਾਲੀ ਕੋਈ ਐਸੀ ਕਾਨੂੰਨੀ ਪੇਸ਼ਬੰਦੀ ਨਹੀਂ ਕਰਦੀ ਜਿਸ ਨਾਲ ਮੁਕਾਬਲਿਆਂ ਵਿਚ ਕਤਲਾਂ ਨੂੰ ਠੱਲ੍ਹ ਪੈ ਸਕੇ। ਸਭ ਤੋਂ ਅਹਿਮ ਸਵਾਲ ਹੈ: ਕੀ ਨਿਆਂ ਪ੍ਰਣਾਲੀ ਖ਼ੁਦ ਪਹਿਲਕਦਮੀ ਲੈ ਕੇ ਸੁਰੱਖਿਆ ਏਜੰਸੀਆਂ ਦੇ ਚਿਦੰਬਰਮ ਵਰਗੇ ਸਿਆਸੀ ਸਰਪ੍ਰਸਤਾਂ ਨੂੰ ਕਦੇ ਕਟਹਿਰੇ ਵਿਚ ਖੜ੍ਹਾ ਕਰੇਗੀ, ਜਿਨ੍ਹਾਂ ਦੀਆਂ ਸਿੱਧੀਆਂ-ਅਸਿੱਧੀਆਂ ਹਦਾਇਤਾਂ 'ਤੇ ਸੁਰੱਖਿਆ ਏਜੰਸੀਆਂ ਪੁਲਿਸ ਮੁਕਾਬਲੇ ਬਣਾਉਂਦੀਆਂ ਹਨ?

## ਮਾਓਵਾਦੀ ਆਗੂ ਆਜ਼ਾਦ ਦੀ ਹੱਤਿਆ ਬਾਰੇ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** ਚੋਟੀ ਦੇ ਮਾਓਵਾਦੀ ਆਗੂ ਰਾਜ ਕੁਮਾਰ ਚੇਰੂਕੁਰੀ ਉਰਫ ਆਜ਼ਾਦ ਅਤੇ ਪੱਤਰਕਾਰ ਹੇਮਚੰਦਰ ਪਾਂਡੇ ਦੇ ਕਥਿਤ ਝੂਠੇ ਮੁਕਾਬਲੇ ਵਿਚ ਮਾਰੇ ਜਾਣ ਬਾਰੇ ਕੇਂਦਰ ਤੇ ਆਂਧਰਾ ਪ੍ਰਦੇਸ਼ ਨੂੰ ਨੋਟਿਸ ਜਾਰੀ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਹ (ਅਦਾਲਤ) ਗਣਰਾਜ ਨੂੰ 'ਆਪਣੇ ਹੀ ਪੁੱਤਰਾਂ' ਦਾ ਘਾਣ ਕਰਨ ਦੀ ਆਗਿਆ ਨਹੀਂ ਦੇ ਸਕਦਾ।

ਸਮਾਜਕ ਕਾਰਕੁਨ ਸਵਾਮੀ ਅਗਨੀਵੇਸ਼ੀ ਅਤੇ ਹੇਮਚੰਦਰ ਪਾਂਡੇ ਦੀ 30 ਸਾਲਾ ਪਤਨੀ ਬਬਿਤਾ ਵੱਲੋਂ ਛੇ ਮਹੀਨੇ ਪਹਿਲਾਂ ਹੋਈਆਂ ਇਨ੍ਹਾਂ ਹੱਤਿਆਵਾਂ ਦੀ ਨਿਆਂਇਕ ਜਾਂਚ ਕਰਾਏ ਜਾਣ ਦੀ ਬੇਨਤੀ ਕਰਦੀ ਪਟੀਸ਼ਨ 'ਤੇ ਕੇਂਦਰ ਅਤੇ ਆਂਧਰਾ ਸਰਕਾਰਾਂ ਨੂੰ ਨੋਟਿਸ ਜਾਰੀ ਕਰਦਿਆਂ ਬੈਂਚ ਨੇ ਇਹ ਟਿੱਪਣੀ ਕੀਤੀ, "ਸਾਨੂੰ ਆਸ ਹੈ ਕਿ ਦੋਵੇਂ ਸਰਕਾਰਾਂ ਇਸ ਦਾ ਜਵਾਬ ਦੇਣਗੀਆਂ। ਇਸ ਦਾ ਠੀਕ ਢੁੱਕਵਾਂ ਤੇ ਮਨ ਲੱਗਦਾ ਜਵਾਬ ਹੋਵੇਗਾ। ਸਰਕਾਰ ਨੂੰ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ।" ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਦੀ ਕੇਂਦਰੀ ਕਮੇਟੀ ਦੇ ਸੀਨੀਅਰ ਮੈਂਬਰ ਰਾਜ ਕੁਮਾਰ ਚੇਰੂਕੁਰੀ ਉਰਫ ਆਜ਼ਾਦ ਤੇ ਪੁਲਿਸ ਵੱਲੋਂ ਮਾਓਵਾਦੀ ਕਰਾਰ ਦਿੱਤੇ ਗਏ ਪੱਤਰਕਾਰ ਪਾਂਡੇ ਨੂੰ 1-2 ਜੁਲਾਈ 2010 ਦੀ ਰਾਤ ਨੂੰ ਆਂਧਰਾ ਪ੍ਰਦੇਸ਼ ਵਿਚ ਆਦਿਲਾਬਾਦ ਜ਼ਿਲ੍ਹੇ ਵਿਚ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ। ਪਟੀਸ਼ਨਰਾਂ ਨੇ ਦੋਸ਼ ਲਾਇਆ ਹੈ ਕਿ ਦੋਵਾਂ ਮਰਨ ਵਾਲਿਆਂ ਦੇ ਪੋਸਟਮਾਰਟਮ ਦੀਆਂ ਰਿਪੋਰਟਾਂ ਅਤੇ ਮਾਨਵੀ ਹੱਕਾਂ ਬਾਰੇ ਜਥੇਬੰਦੀਆਂ ਵੱਲੋਂ ਕੀਤੀ ਜਾਂਚ ਦੇ ਤੱਥ ਇਸ ਮੁਕਾਬਲੇ ਨੂੰ ਕਥਿਤ ਝੂਠਾ ਕਰਾਰ ਦੇ ਰਹੇ ਹਨ। ਪਟੀਸ਼ਨਰਾਂ ਨੇ ਕੋਆਰਡੀਨੇਸ਼ਨ ਆਫ ਡੈਮੋਕ੍ਰੈਟਿਕ ਰਾਈਟਸ ਆਰਗੇਨਾਈਜ਼ੇਸ਼ਨ (ਸੀ.ਡੀ.ਆਰ.ਓ.) ਜੋ ਮਾਨਵੀ ਹੱਕਾਂ ਸਬੰਧੀ ਵੱਖ-ਵੱਖ ਸੰਗਠਨਾਂ ਦਾ ਕੌਮੀ ਸਮੂਹ ਹੈ, ਵੱਲੋਂ ਕੀਤੀ ਗਈ ਜਾਂਚ ਰਿਪੋਰਟ ਦਾ ਵੀ ਹਵਾਲਾ ਦਿੱਤਾ ਹੈ ਅਤੇ ਕਿਹਾ ਹੈ ਕਿ ਸੰਵਿਧਾਨ ਦੀ ਧਾਰਾ 14 ਤੇ 21 ਅਧੀਨ ਹੱਕਾਂ ਦੀ ਘੋਰ ਉਲੰਘਣਾ ਕਰਦਿਆਂ ਆਂਧਰਾ ਪ੍ਰਦੇਸ਼ ਦੀ ਪੁਲਿਸ ਨੇ ਉਨ੍ਹਾਂ ਨੂੰ ਕਥਿਤ ਤੌਰ 'ਤੇ ਖ਼ਤਮ ਕਰ ਦਿੱਤਾ।

## *ਕਿੱਥੇ ਗਏ ਕਾਨੂੰਨ, ਤੇ ਹਕੂਮਤ ਕਿੱਥੇ ਹੈ...?*

ਆਂਧਰਾ ਪ੍ਰਦੇਸ਼ ਪੁਲਿਸ ਮੇਰੇ ਪਤੀ ਹੇਮਚੰਦਰ ਪਾਂਡੇ ਦੇ ਬਾਰੇ ਝੂਠਾ ਪ੍ਰਚਾਰ ਕਰਕੇ ਫਰਜ਼ੀ ਮੁਕਾਬਲੇ ਵਿਚ ਕੀਤੇ ਗਏ ਉਸਦੇ ਕਤਲ ਉਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਮਸਲੇ ਦੀ ਨਿਆਂਇਕ ਜਾਂਚ ਕਰਨ ਦੀ ਬਜਾਏ ਲਗਾਤਾਰ ਮੈਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ। ਪੁਲਿਸ ਨੇ ਸ਼ਾਸਤਰੀ ਨਗਰ ਸਥਿਤ ਸਾਡੇ ਕਿਰਾਏ ਦੇ ਘਰ ਵਿਚ ਬਿਨਾਂ ਮੈਨੂੰ ਦੱਸੇ ਛਾਪਾ ਮਾਰਿਆ ਤੇ ਓਥੋਂ ਕਈ ਤਰ੍ਹਾਂ ਦੀਆਂ ਨਜਾਇਜ਼ ਚੀਜ਼ਾਂ ਦੀ ਬਰਾਮਦਗੀ ਦਿਖਾਈ ਹੈ। ਆਂਧਰਾ ਪ੍ਰਦੇਸ਼ ਪੁਲਿਸ ਨੇ ਇਹ ਝੂਠਾ ਦਾਅਵਾ ਕੀਤਾ ਹੈ ਕਿ ਮੈਂ ਉਨ੍ਹਾਂ ਨੂੰ ਘਰ ਦਾ ਪਤਾ ਨਹੀਂ ਦੱਸਿਆ।



ਮੈਂ ਆਪਣੇ ਪਤੀ ਹੇਮਚੰਦਰ ਪਾਂਡੇ ਨਾਲ ਸ਼ਾਸਤਰੀ ਨਗਰ ਵਿਚ ਰਹਿੰਦੀ ਸੀ। ਹੇਮ ਅਗਾਂਹਵਧੂ ਪੱਤਰਕਾਰ ਸੀ। ਸਾਹਿਤ ਤੇ ਰਾਜਨੀਤੀ ਵਿਚ ਉਸ ਦੀ ਗਹਿਰੀ ਦਿਲਚਸਪੀ ਸੀ। ਉਨ੍ਹਾਂ ਕੋਲ ਮੈਕਸਿਮ ਗੋਰਕੀ ਦੇ ਨਾਵਲ ਅਤੇ ਉੱਤਰਾਖੰਡ ਦੇ ਲੋਕ ਕਵੀ ਗਿਰਦਾ ਜਿਹੇ ਰਚਨਾਕਾਰਾਂ ਦੀਆਂ ਢੇਰ ਸਾਰੀਆਂ ਰਚਨਾਵਾਂ ਸਨ। ਇਸ ਤੋਂ ਇਲਾਵਾ ਮਾਰਕਸਵਾਦੀ ਸਿਆਸਤ ਦੀਆਂ ਕਈ ਕਿਤਾਬਾਂ ਦੀ ਸਾਡੇ ਘਰ ਵਿਚ ਸਨ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਮਾਰਕਸਵਾਦ ਦਾ ਅਧਿਐੱਨ ਕਰਨਾ ਕੋਈ ਜੁਰਮ ਹੈ? ਪੁਲਿਸ ਜਿਨ੍ਹਾਂ ਨਜਾਇਜ਼ ਦਸਤਾਵੇਜ਼ਾਂ ਦੀ ਗੱਲ ਕਰ ਰਹੀ ਹੈ, ਉਨ੍ਹਾਂ ਦੀ ਸਾਡੇ ਘਰ ਵਿਚ ਹੋਣ ਦੀ ਜਾਣਕਾਰੀ ਮੈਨੂੰ ਨਹੀਂ ਹੈ। ਮੇਰੇ ਪਤੀ ਦਾ ਡੈਸਕਟੌਪ ਕੰਪਿਊਟਰ ਸੀ, ਉਨ੍ਹਾਂ ਕੋਲ ਕੋਈ ਲੈਪਟੌਪ ਨਹੀਂ ਸੀ। ਉਨ੍ਹਾਂ ਕੋਲ ਫੈਕਸ ਮਸ਼ੀਨ ਜਿਹੀ ਕੋਈ ਚੀਜ਼ ਵੀ ਨਹੀਂ ਸੀ (ਜੋ ਪੁਲਿਸ ਕਹਿ ਰਹੀ ਹੈ)। ਓਥੇ ਗੁਪਤ ਦਸਤਾਵੇਜ਼ ਹੋਣ ਦੀ ਗੱਲ ਪੂਰੀ ਤਰ੍ਹਾਂ ਮਨਘੜਤ ਹੈ। ਮੈਨੂੰ ਲਗਦਾ ਹੈ ਕਿ ਪੁਲਿਸ ਮੇਰੇ ਪਤੀ ਦੇ ਕਤਲ ਦੀ ਨਿਆਂਇਕ ਜਾਂਚ ਨੂੰ ਭਟਕਾਉਣ ਲਈ ਅਜਿਹੇ ਕੰਮ ਕਰ ਰਹੀ ਹੈ।

ਮੈਂ ਪੁੱਛਣਾ ਚਾਹੁੰਦੀ ਹਾਂ ਕਿ ਸਰਕਾਰ ਨਿਆਂਇਕ ਜਾਂਚ ਵਾਸਤੇ ਤਿਆਰ ਕਿਉਂ ਨਹੀਂ ਹੋ ਰਹੀ ਹੈ ?

# ਇਕ ਇੰਚ ਤੋਂ ਗੋਲੀ ਮਾਰ ਕੇ ਕਤਲ, ਪਰ ਝੂਠ ਮੀਲਾਂ ਲੰਮੇ

### *ਯੋਜਨਾਬੱਧ ਕਤਲ ਖ਼ਿਲਾਫ ਉਠਦੀਆਂ ਆਵਾਜ਼ਾਂ*

- *ਆਜ਼ਾਦ ਦੇ ਮਾਮਲੇ ਵਿਚ (ਇਵੇਂ ਹੀ ਹੋਰ ਸਾਰੇ ਮਾਮਲਿਆਂ ਵਿਚ ਵੀ) ਕਿਸੇ ਆਜ਼ਾਦ ਸੰਸਥਾ ਨੂੰ ਜਾਂਚ ਜ਼ਰੂਰ ਕਰਨੀ ਚਾਹੀਦੀ ਹੈ, ਨਾ ਕਿ ਉਹੀ ਪੁਲਿਸ ਜਾਂਚ ਕਰੇ, ਜਿਸ ਨੇ ਉਸ ਨੂੰ ਮਾਰਿਆ ਸੀ।*

  ***-ਜਸਟਿਸ ਮਾਲੀਮਥ, ਕੇਰਲ ਦਾ ਸਾਬਕਾ ਮੁੱਖ ਜੱਜ***
- *ਦੋ ਸਾਲਾਂ ਵਿਚ ਮੈਂ ਮੁਕਾਬਲਿਆਂ ਦੇ 110 ਮਾਮਲਿਆਂ ਦੀ ਸੁਣਵਾਈ ਕੀਤੀ ਹੈ...ਸਾਰੇ ਮ੍ਰਿਤਕਾਂ ਦੇ ਸਿਰ ਜਾਂ ਛਾਤੀ ਵਿਚ ਗੋਲੀ ਮਾਰੀ ਗਈ ਸੀ। ਪੁਲਿਸ ਸੱਚੀ ਹੀ ਕਮਾਲ ਦੀ ਨਿਸ਼ਾਨਚੀ ਹੋਵੇਗੀ।*

  ***-ਜਸਟਿਸ ਏ ਪੀ ਸ਼ਾਹ, ਸਾਬਕਾ ਮੁੱਖ ਜੱਜ, ਦਿੱਲੀ ਹਾਈ ਕੋਰਟ***
- *ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਅਗਵਾਈ ਸੇਧਾਂ ਕਾਰਗਰ ਨਹੀਂ ਹਨ। ਬੇਖੌਫ਼ ਹੋ ਕੇ ਐਸੀਆਂ ਕਾਰਵਾਈਆਂ ਕਰਦੀ ਰਹਿੰਦੀ ਹੈ ਅਸੀਂ ਵਾਰ ਵਾਰ ਇਨ੍ਹਾਂ ਦੀ ਜਾਂਚ ਕਰਾਏ ਜਾਣ ਦੀ ਮੰਗ ਕਰਦੇ ਹਾਂ, ਪਰ ਕੋਈ ਫ਼ਾਇਦਾ ਨਹੀਂ ਹੁੰਦਾ।*


  ***-ਕੇ ਜੀ ਕੰਨਾਬਿਰਾਨ, ਐਡਵੋਕੇਟ, ਮਨੁੱਖੀ ਅਧਿਕਾਰ ਘੁਲਾਈਆ***
- *ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਆਜ਼ਾਦ ਦੇ ਕਤਲ ਦੀ ਆਪ ਜਾਂਚ ਕਰਾਉਣ ਦੀ ਪਹਿਲ ਕਰਨੀ ਚਾਹੀਦੀ ਸੀ। ਉਸ ਦੀ ਖਾਮੋਸ਼ੀ ਦਰਸਾਉਂਦੀ ਹੈ ਕਿ ਉਹ ਖ਼ੁਦ ਦੋਸ਼ੀ ਹੈ।*

  ***-ਪ੍ਰਸ਼ਾਂਤ ਭੂਸ਼ਨ, ਐਡਵੋਕੇਟ, ਸੁਪਰੀਮ ਕੋਰਟ***


ਮਾਓਵਾਦੀ ਪਾਰਟੀ ਦੇ ਬੁਲਾਰੇ ਚੇਰੂਕੁਰੀ ਰਾਜ ਕੁਮਾਰ ਉਰਫ ਆਜ਼ਾਦ ਅਤੇ ਪੱਤਰਕਾਰ ਹੇਮਚੰਦਰ ਪਾਂਡੇ ਦੇ ਮੁਕਾਬਲੇ ਨੂੰ ਮਾਓਵਾਦੀਆਂ ਨੇ ਝੂਠਾ ਮੁਕਾਬਲਾ ਦੱਸਿਆ ਸੀ। ਮਸ਼ਹੂਰ ਮੈਗਜ਼ੀਨ "ਆਊਟ ਲੁੱਕ" ਨੇ "ਅਜ਼ਾਦ ਦਾ ਕਤਲ" ਨਾਂ ਹੇਠ ਲੰਮੀ ਰਿਪੋਰਟ ਛਾਪੀ। ਇਸ ਰਿਪੋਰਟ ਦਾ ਸਾਰ ਇਸ ਤਰ੍ਹਾਂ ਹੈ:

ਮ੍ਰਿਤਕ ਬੰਦੇ ਆਪਣੇ ਨਾਲ ਬੀਤੀ ਬਿਆਨ ਨਹੀਂ ਕਰ ਸਕਦੇ ਹੁੰਦੇ, ਪਰ ਜਦੋਂ ਮ੍ਰਿਤਕ ਬੰਦਾ ਚੇਰੂਕੁਰੀ ਰਾਜ ਕੁਮਾਰ ਉਰਫ਼ ਆਜ਼ਾਦ ਹੋਵੇ ਤਾਂ ਮੌਤ ਦਾ ਢੰਗ ਬਹੁਤ ਕੁਝ ਬਿਆਨ ਕਰ ਦਿੰਦਾ ਹੈ। ਇਸ ਮਾਓਵਾਦੀ ਆਗੂ ਦੀ ਪੋਸਟਮਾਰਟਮ ਰਿਪੋਰਟ ਸਪਸ਼ਟ ਤੌਰ ਉਤੇ ਸਾਬਤ ਕਰਦੀ ਹੈ ਕਿ ਉਸ ਨੂੰ ਝੂਠੇ ਮੁਕਾਬਲੇ ਵਿਚ ਮਾਰਿਆ ਗਿਆ ਸੀ। ਆਜ਼ਾਦ ਨੂੰ ਚੁੱਕ ਕੇ, ਗਿੱਠ ਕੁ ਜਿੰਨੀ ਦੂਰੀ ਤੋਂ ਪਿਸਤੌਲ ਨਾਲ ਗੋਲੀ ਮਾਰਕੇ ਮਾਰ ਦਿੱਤਾ ਗਿਆ। ਮਾਰੇ ਜਾਣ ਤੋਂ ਦੋ ਦਿਨ ਬਾਅਦ ਆਦਿਲਾਬਾਦ ਜ਼ਿਲ੍ਹਾ ਹਸਪਤਾਲ ਦੇ ਡਾਕਟਰਾਂ ਵੱਲੋਂ ਆਜ਼ਾਦ ਦੀ ਲਾਸ਼ ਦੇ ਪੋਸਟਮਾਰਟਮ ਦੀ ਰਿਪੋਰਟ ਵਿਚ ਦਰਜ ਹੈ ਕਿ ਉਸਦੀ ਛਾਤੀ ਦੇ ਖੱਬੇ ਪਾਸੇ ਕੁਝ ਇੰਚ ਉਪਰ ਵੱਲ ਇਕ ਸੈਂਟੀਮੀਟਰ ਦਾ ਅੰਡਾਕਾਰ ਜ਼ਖ਼ਮ ਸੀ ਜਿੱਥੇ ਗੋਲੀ ਲੱਗਕੇ ਦਿਲ ਪਾੜਕੇ ਕੰਗਰੋੜ ਦੇ ਨੌਵੇਂ ਤੇ ਦਸਵੇਂ ਮਣਕੇ ਵਿਚਾਲਿਉਂ ਬਾਹਰ ਨਿੱਕਲੀ ਹੋਈ ਸੀ। ਪੋਸਟਮਾਰਟਮ ਕਰਨ ਵਾਲੇ ਡਾਕਟਰਾਂ ਨੇ ਰਿਪੋਰਟ ਵਿਚ ਦਰਜ ਕੀਤਾ ਹੈ ਕਿ ਜਿਸ ਥਾਂ ਜ਼ਖ਼ਮ ਸੀ ਉਥੇ, "ਖੱਬੇ ਪਾਸੇ ਪੱਸਲੀਆਂ ਵਿਚਕਾਰਲੀ ਥਾਂ" ਉਤੇ "ਕਾਲੇ ਅਤੇ ਲੂਹੇ ਹੋਣ" ਦੇ ਨਿਸ਼ਾਨ ਸਨ।

ਫਾਰੈਂਸਿਕ ਪ੍ਰਣਾਲੀ, ਜੋ ਗੋਲੀ ਦੇ ਘਾਤਕ ਜ਼ਖ਼ਮਾਂ ਦੀ ਬੁਝਾਰਤ ਬੁੱਝਣ ਦਾ ਕੰਮ ਵੀ ਕਰਦੀ ਹੈ, ਮੁਤਾਬਿਕ "ਕਾਲੇ ਅਤੇ ਲੂਹੇ ਹੋਣ ਦੇ ਨਿਸ਼ਾਨ" ਭੇਤ ਨਸ਼ਰ ਕਰਨ ਵਾਲੇ ਹੁੰਦੇ ਹਨ। ਸੈਂਕੜੇ ਪੋਸਟ ਮਾਰਟਮਾਂ ਦੇ ਸਾਰੇ ਮਾਹਰ ਕਹਿੰਦੇ ਹਨ ਕਿ ਜਦੋਂ ਜ਼ਖ਼ਮ ਵਾਲੀ ਜਗ੍ਹਾ ਉਤੇ "ਲੂਹੇ ਹੋਣ" ਦੇ ਨਾਲ "ਕਾਲੇ ਨਿਸ਼ਾਨ" ਪਏ ਹੋਣ ਤਾਂ ਇਸ ਦਾ ਅਰਥ ਸਿਰਫ਼ ਇਹ ਹੁੰਦਾ ਹੈ ਕਿ ਗੋਲੀ 7.5 ਸੈਂਟੀਮੀਟਰ ਜਾਂ ਇਸ ਤੋਂ ਵੀ ਥੋੜ੍ਹੇ ਫਾਸਲੇ ਤੋਂ ਮਾਰੀ ਗਈ। ਪੋਸਟਮਾਰਟਮ ਰਿਪੋਰਟ ਦੀਆਂ ਟਿੱਪਣੀਆਂ ਦੀ ਬਿਹਤਰ ਵਿਆਖਿਆ ਕਰਾਉਣ ਅਤੇ ਇਸ ਬਾਰੇ ਵਿਚਾਰ ਲੈਣ ਲਈ, 'ਆਊਟ ਲੁੱਕ' ਨੇ ਤਿੰਨ ਵੱਖ-ਵੱਖ ਸ਼ਹਿਰਾਂ ਨਾਲ ਸਬੰਧਤ, ਦੇਸ਼ ਦੇ ਫੌਰੈਂਸਿਕ ਪ੍ਰਣਾਲੀ ਦੇ ਅਤੇ ਬਾਰੂਦੀ ਹਥਿਆਰਾਂ ਦੇ ਜ਼ਖ਼ਮਾਂ ਦੇ ਚੋਟੀ ਦੇ ਮਾਹਰਾਂ ਨੂੰ ਇਸ ਦੀਆਂ ਕਾਪੀਆਂ ਦਿੱਤੀਆਂ। ਤੁਅੱਸਬ ਰਹਿਤ ਅਤੇ ਹਕੀਕਤਮੁਖੀ ਰਾਏ ਯਕੀਨੀ ਬਣਾਉਣ ਲਈ, ਸਿਰਫ਼ ਰਿਪੋਰਟ ਦਾ ਸਾਰਤੱਤ ਹੀ ਉਨ੍ਹਾਂ ਨੂੰ ਦਿੱਤਾ ਗਿਆ, ਮ੍ਰਿਤਕ ਦਾ ਨਾਂ ਨਹੀਂ ਦੱਸਿਆ ਗਿਆ। ਤਿੰਨਾਂ ਹੀ ਮਾਹਰਾਂ ਦੀ ਰਾਏ ਸੀ ਕਿ ਨੇੜਿਉਂ, ਸ਼ਾਇਦ 7.5 ਸੈਂਟੀਮੀਟਰ ਤੋਂ ਵੀ ਘੱਟ ਨੇੜਿਉਂ, ਗੋਲੀ ਮਾਰੇ ਜਾਣ ਦੀ ਸੰਭਾਵਨਾ ਜ਼ਿਆਦਾ, ਬਹੁਤ ਜ਼ਿਆਦਾ ਹੈ। ਮੈਡੀਸਿਨ ਦੇ ਗੋਲਡ ਮੈਡਲਿਸਟ ਅਤੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਨਵੀਂ ਦਿੱਲੀ ਵਿਖੇ ਫੌਰੈਂਸਿਕ ਮੈਡੀਸਿਨ ਅਤੇ ਜ਼ਹਿਰ ਅਧਿਐਨ ਵਿਗਿਆਨ ਦੇ ਐਸੋਸੀਏਟ ਪ੍ਰੋਫੈਸਰ ਡਾ. ਸੁਧੀਰ ਗੁਪਤਾ ਨੂੰ ਇਸ ਖੇਤਰ ਦੀ ਅਥਾਰਟੀ ਮੰਨਿਆ ਜਾਂਦਾ ਹੈ। ਉਹ ਮੁਕਾਬਲਿਆਂ ਵਿਚ ਮੌਤਾਂ ਬਾਰੇ ਪੁਣਛਾਣ ਦਾ ਮਾਹਿਰ ਵੀ ਹੈ ਜਿਸ ਦਾ ਅਜਿਹੇ 30 ਮਾਮਲਿਆਂ ਨਾਲ ਵਾਹ ਪਿਆ ਹੈ। ਆਜ਼ਾਦ ਦੀ ਪੋਸਟ-ਮਾਰਟਮ ਰਿਪੋਰਟ ਦੀ ਘੋਖ ਕਰਨ ਤੋਂ ਬਾਅਦ, ਉਸ ਨੇ ਨਿਚੋੜ ਕੱਢਿਆ ਕਿ ਬਹੁਤ "ਨੇੜਿਉਂ ਗੋਲੀ" ਮਾਰੀ ਗਈ। ਉਸ ਮੁਤਾਬਕ: "ਜਦੋਂ ਗੋਲੀ ਲੱਗਣ ਵਾਲੀ ਥਾਂ ਦੇ ਦੁਆਲੇ ਕਾਲਾ ਦਾਗ਼ ਪੈ ਕੇ ਚਮੜੀ ਕਾਲੀ ਹੋ ਗਈ ਹੋਵੇ, ਲੂਹੇ ਹੋਣ ਦੇ ਨਿਸ਼ਾਨ ਪਏ ਹੋਣ, ਤਾਂ ਇਹ ਬੰਦੂਕ ਚਲ ਕੇ ਨਿਕਲੀ ਬਾਰੂਦ ਦੀ ਲਾਟ ਅਤੇ ਧੂੰਏਂ ਦੀ ਵਜ੍ਹਾ ਕਰਕੇ ਹੁੰਦਾ ਹੈ। ਇਹ ਨਿਸ਼ਾਨ ਨੇੜਿਉਂ (ਐਨ ਨੇੜਿਉਂ) ਗੋਲੀ ਮਾਰੀ ਹੋਣ ਦਾ ਜ਼ੋਰਦਾਰ ਸੰਕੇਤ ਹੁੰਦੇ ਹਨ। ਜੇ ਗੋਲੀ ਐਨ ਨੇੜਿਉਂ ਚਲਾਈ ਗਈ ਹੋਵੇ, ਤਾਂ ਇਹ (ਲਾਟ) ਬੰਦੂਕ ਦੇ ਮੂੰਹ ਤੋਂ ਬਹੁਤ ਥੋੜ੍ਹੇ ਫ਼ਾਸਲੇ ਤੱਕ ਹੀ ਜਾਂਦੀ ਹੈ ਅਤੇ ਇਸ ਕਰਕੇ ਇਸ ਨਾਲ ਚਮੜੀ ਲੂਹੀ ਜਾਂਦੀ ਹੈ। ਨੇੜਿਉਂ ਵੱਜੀ ਗੋਲੀ ਦੇ ਬਾਰੂਦ ਦੀ ਰਹਿੰਦ-ਖੂੰਹਦ ਚਮੜੀ ਵਿਚ ਧਸ ਜਾਂਦੀ ਹੈ ਅਤੇ ਦਾਗ਼ ਪੈ ਜਾਂਦਾ ਹੈ।"



ਕਾਮਰੇਡ ਆਜ਼ਾਦ



ਪੱਤਰਕਾਰ ਪਾਂਡੇ

### ਕਾਮਰੇਡ ਆਜ਼ਾਦ ਦੀ ਪੋਸਟਮਾਰਟਮ ਰਿਪੋਰਟ ਬਾਰੇ ਕੁਝ ਤੱਥ

ਜਿਹੜੇ ਦੂਸਰੇ ਮਾਹਰ ਤੱਕ 'ਆਊਟ ਲੁੱਕ' ਨੇ ਪਹੁੰਚ ਕੀਤੀ ਸੀ, ਉਸ ਦੇ ਨਾਂ ਤੋਂ ਫੌਰੈਂਸਿਕ ਮੈਡੀਸਿਨ ਦੇ ਸਾਰੇ ਵਿਦਿਆਰਥੀ ਚੰਗੀ ਤਰ੍ਹਾਂ ਵਾਕਫ਼ ਹਨ। ਡਾ. ਬੀ ਊਮਾਦੇਤਨ ਫੌਰੈਂਸਿਕ ਮੈਡੀਸਿਨ ਵਿਭਾਗ ਦਾ ਸਾਬਕਾ ਮੁਖੀ ਅਤੇ ਤਿਰੂਵਨੰਤਪੁਰਮ ਮੈਡੀਕਲ ਕਾਲਜ ਵਿਖੇ ਪੁਲਿਸ ਸਰਜਨ ਹੈ। ਉਸਦੀ ਕਿਤਾਬ 'ਫੌਰੈਂਸਿਕ ਮੈਡੀਸਿਨ ਦੇ ਅਸੂਲ ਅਤੇ ਅਭਿਆਸ' ਫਾਰੈਂਸਿਕ ਵਿਦਿਆਰਥੀਆਂ ਲਈ ਮਿਆਰੀ ਪਾਠ-ਪੁਸਤਕ ਹੈ। ਉਸ ਮੁਤਾਬਕ: "ਆਮ ਤੌਰ ਉਤੇ ਐਨ ਨੇੜਿਉਂ, 7.5 ਸੈਂਟੀਮੀਟਰ ਤੋਂ ਵੀ ਘੱਟ ਫ਼ਾਸਲੇ ਤੋਂ, ਗੋਲੀ ਲੱਗਣ ਨਾਲ ਤਿੰਨ ਤਰ੍ਹਾਂ ਦੇ ਨਿਸ਼ਾਨ ਪੈ ਜਾਂਦੇ ਹਨ-ਜ਼ਖ਼ਮ ਵਾਲੀ ਥਾਂ ਲੂਹੀ ਜਾਂਦੀ ਹੈ; ਅਣ-ਮੱਚੇ ਬਾਰੂਦ ਨਾਲ ਗੋਲ ਨਿਸ਼ਾਨ ਬਣ ਜਾਂਦਾ ਹੈ ਅਤੇ ਧੂੰਏ ਨਾਲ ਥਾਂ ਕਾਲੀ ਪੈ ਜਾਂਦੀ ਹੈ। ਜੇ ਮ੍ਰਿਤਕ ਨੇ ਸੂਤੀ ਕਮੀਜ਼ ਪਹਿਨੀਂ ਹੋਈ ਹੋਵੇ ਤਾਂ ਬਾਰੂਦ ਦਾ ਦਾਗ਼ ਕੱਪੜੇ ਉਤੇ ਪੈ ਜਾਂਦਾ ਹੈ, ਪਰ ਇਨ੍ਹਾਂ ਹੋਰ ਸੰਕੇਤਾਂ ਨਾਲ ਜੁੜਕੇ ਚਮੜੀ ਲੂਹੀ ਹੋਣ ਦਾ ਪੱਕਾ ਸੰਕੇਤ ਇਹੀ ਹੁੰਦਾ ਹੈ ਕਿ ਐਨ ਨੇੜਿਉਂ ਗੋਲੀ ਮਾਰੀ ਗਈ ਹੈ।"

ਤੀਜਾ ਮਾਹਿਰ ਬਹੁਤ ਜ਼ਿਆਦਾ ਕਾਬਲੀਅਤ ਰੱਖਦਾ ਹੈ। ਉਸ ਨੇ ਨਾਂ ਗੁਪਤ ਰੱਖਣ ਦੀ ਗੁਜ਼ਾਰਿਸ਼ ਤਹਿਤ ਰਾਏ ਦਿੱਤੀ। ਚੰਡੀਗੜ੍ਹ ਦੀ ਕੇਂਦਰੀ ਫੌਰੈਂਸਿਕ ਸਾਇੰਸਿਜ਼ ਲੈਬੋਰੇਟਰੀ ਦਾ ਇਹ ਸਾਬਕਾ ਡਾਇਰੈਕਟਰ ਬਾਰੂਦੀ ਹਥਿਆਰਾਂ ਦੇ ਜ਼ਖ਼ਮਾਂ ਦੇ ਅਧਿਐਨ ਦਾ ਮਾਹਿਰ ਹੈ ਅਤੇ ਉਸ ਨੇ ਇਸ ਵਿਸ਼ੇ ਬਾਰੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ। ਉਸ ਦਾ ਕਹਿਣਾ ਹੈ, "ਜ਼ਖ਼ਮ ਦੇ ਦੁਆਲੇ ਦਾ ਰੰਗ ਕਾਲਾ ਹੋ ਜਾਣ ਦੀ ਵਜ੍ਹਾ ਗੰਦਗੀ ਅਤੇ ਸੱਟ ਦੇ ਨਿਸ਼ਾਨ ਵੀ ਹੋ ਸਕਦੀ ਹੈ, ਪਰ ਜਦੋਂ ਇਸ ਦੇ ਜ਼ਖ਼ਮ ਦਾ ਆਲਾ ਦੁਆਲਾ ਲੂਹਿਆ ਗਿਆ ਹੋਵੇ, ਫੇਰ ਇਹ ਲਗਭਗ ਯਕੀਨੀ ਹੁੰਦਾ ਹੈ ਕਿ ਗੋਲੀ ਐਨ ਨੇੜਿਉਂ ਚਲਾਈ ਗਈ ਸੀ।"

# ਸਿਹਤ ਸਹੂਲਤਾਂ 'ਚ ਪਛੜ ਰਿਹਾ ਹੈ ਭਾਰਤ

**ਵਿਸ਼ਲੇਸ਼ਣ**

**ਗੋਬਿੰਦ ਠੁਕਰਾਲ**

ਭਾਰਤ ਨੇ ਆਰਥਿਕ ਪੱਖੋਂ ਵੱਡੀ ਪੁਲਾਂਘ ਭਰੀ ਹੈ। ਸਾਡੀ ਸਰਕਾਰ ਕੋਠੇ 'ਤੇ ਚੜ੍ਹ ਕੇ ਇਹ ਗੱਲ ਉਚੀ ਸੁਰ ਵਿਚ ਕਹਿ ਰਹੀ ਹੈ ਕਿ ਭਾਰਤ ਸੰਸਾਰ ਦੀ ਉਭਰਦੀ ਹੋਈ ਆਰਥਿਕ ਸ਼ਕਤੀ ਹੈ। ਕੀ ਇਨ੍ਹਾਂ ਦਾਅਵਿਆਂ ਵਿਚ ਸੱਚਮੁੱਚ ਵਜ਼ਨ ਹੈ? ਕੁੱਲ ਘਰੇਲੂ ਉਤਪਾਦਨ ਵਿਚ 9 ਫ਼ੀਸਦੀ ਦਾ ਵਾਧਾ ਦਰ ਕੋਈ ਮਾਖੌਲ ਨਹੀਂ ਹੈ। ਸਾਡੇ ਦੇਸ਼ ਵਿਚ ਕੰਮ ਕਰਨ ਵਾਲੇ ਨੌਜਵਾਨਾਂ ਦੀ ਵੱਡੀ ਆਬਾਦੀ ਹੈ। ਅਸੀਂ ਵੱਡੀ ਪੱਧਰ 'ਤੇ ਪੂੰਜੀ ਜੁਟਾ ਰਹੇ ਹਾਂ, ਪਰ ਇਹ ਪੂੰਜੀ ਕਿੱਥੇ ਜਾਂਦੀ ਹੈ ਅਤੇ ਅਸੀਂ ਸਿੱਖਿਆ ਤੇ ਸਿਹਤ ਖੇਤਰ ਨੂੰ ਕਿਉਂ ਨਜ਼ਰਅੰਦਾਜ਼ ਕਰ ਰਹੇ ਹਾਂ, ਜਿਸ ਨਾਲ ਅੰਤਿਮ ਤੌਰ 'ਤੇ ਸਾਡੀਆਂ ਸਾਰੀਆਂ ਯੋਜਨਾਵਾਂ ਨੂੰ ਹੀ ਨੁਕਸਾਨ ਪੁੱਜਦਾ ਹੈ?

ਸਾਡੀ ਸਿਹਤ ਸੰਭਾਲ ਪ੍ਰਣਾਲੀ ਬਾਰੇ ਤੱਥਾਂ ਨੂੰ ਦੇਖੋ। ਅਸੀਂ ਇਸ ਮੁਹਾਜ਼ 'ਤੇ ਬਹੁਤ ਗਰੀਬ ਦੇਸ਼ਾਂ ਬੰਗਲਾਦੇਸ਼ ਜਾਂ ਕਾਂਗੋ ਆਦਿ ਤੋਂ ਥੋੜ੍ਹੀ ਹੀ ਬਿਹਤਰ ਹਾਲਤ ਵਿਚ ਹਾਂ। ਹਰ ਸਾਲ ਪੰਜ ਸਾਲ ਤੱਕ ਦੀ ਉਮਰ ਦੇ ਇਕ ਕਰੋੜ ਤੇ 80 ਲੱਖ ਬੱਚੇ ਮਾੜੀਆਂ ਸਿਹਤ ਸੇਵਾਵਾਂ ਕਾਰਨ ਮਰ ਜਾਂਦੇ ਹਨ। 68,000 ਔਰਤਾਂ ਜਣੇਪੇ ਨਾਲ ਸਬੰਧਿਤ ਕਾਰਨਾਂ ਕਰਕੇ ਮਰ ਜਾਂਦੀਆਂ ਹਨ। ਖਰਾਬ ਸਿਹਤ ਸੰਭਾਲ ਪ੍ਰਣਾਲੀ ਅਤੇ ਸਿਹਤ ਸਹੂਲਤਾਂ ਨੇ ਸਾਡੇ 5.2 ਕਰੋੜ ਬੱਚਿਆਂ ਦਾ ਵਿਕਾਸ ਰੋਕ ਦਿੱਤਾ ਹੈ। ਭਾਰਤ ਦੀ 30 ਫ਼ੀਸਦੀ ਆਬਾਦੀ ਛੂਤ ਦੀਆਂ ਬਿਮਾਰੀਆਂ ਤੋਂ ਪੀੜਤ ਹੈ। ਪੰਜਾਂ ਵਿਚੋਂ ਇਕ ਭਾਰਤੀ ਪੁਰਾਣੀਆਂ ਬਿਮਾਰੀਆਂ ਤੋਂ ਪੀੜਤ ਹੈ। ਦਸਾਂ ਵਿਚੋਂ ਘੱਟੋ-ਘੱਟ ਇਕ ਭਾਰਤੀ ਦੋ ਵੱਡੀਆਂ ਛੂਤ ਦੀਆਂ ਬਿਮਾਰੀਆਂ ਤੋਂ ਪੀੜਤ ਹੈ। ਹੋ ਰਹੀਆਂ ਦੋ ਮੌਤਾਂ ਵਿਚੋਂ ਇਕ ਮੌਤ ਇਨ੍ਹਾਂ ਬਿਮਾਰੀਆਂ ਕਰਕੇ ਹੁੰਦੀ ਹੈ। ਸਿਰਫ਼ 10 ਫ਼ੀਸਦੀ ਭਾਰਤੀਆਂ ਦਾ ਹੀ ਸਿਹਤ ਬੀਮਾ ਹੋਇਆ ਹੈ। ਸਰਕਾਰ ਕੁੱਲ ਘਰੇਲੂ ਉਤਪਾਦਨ ਦਾ ਸਿਰਫ਼ ਇਕ ਫ਼ੀਸਦੀ ਹਿੱਸਾ ਸਿਹਤ ਸੇਵਾਵਾਂ 'ਤੇ ਖਰਚਦੀ ਹੈ। ਇਸ ਨੂੰ ਇਸ ਖੇਤਰ ਵਿਚ ਘੱਟੋ-ਘੱਟ 6 ਫ਼ੀਸਦੀ ਹਿੱਸਾ ਖਰਚਣਾ ਚਾਹੀਦਾ ਹੈ ਤਾਂ ਜੋ ਅਜਿਹੀ ਸਿਹਤ ਸੰਭਾਲ ਪ੍ਰਣਾਲੀ ਲੋਕਾਂ ਨੂੰ ਦਿੱਤੀ ਜਾਵੇ ਜਿਸ ਲਈ 1950 ਵਿਚ ਵਾਅਦਾ ਕੀਤਾ ਗਿਆ ਸੀ। ਦੇਸ਼ ਦੇ 70 ਕਰੋੜ ਲੋਕਾਂ ਕੋਲ ਨਾ ਤਾਂ ਪੀਣਯੋਗ ਸਾਫ਼ ਪਾਣੀ ਹੈ, ਨਾ ਹੀ ਪਾਖਾਨੇ ਹਨ। ਵੱਡੀਆਂ ਬਿਮਾਰੀਆਂ ਲਈ ਇਹੀ ਕਾਰਨ ਜ਼ਿੰਮੇਵਾਰ ਹਨ। ਅਜੇ ਵੀ ਅਸੀਂ ਇਹ ਚੀਕ-ਚੀਕ ਕੇ ਕਹਿ ਰਹੇ ਹਾਂ ਕਿ ਅਸੀਂ ਉਭਰਦੀ ਹੋਈ ਆਲਮੀ ਆਰਥਿਕ ਸ਼ਕਤੀ ਹਾਂ। ਇਹ ਦਿਨੇ ਹੀ ਸੁਪਨੇ ਲੈਣ ਵਾਲੀ ਗੱਲ ਹੈ।

ਬ੍ਰਿਟਿਸ਼ ਮੈਡੀਕਲ ਪਰਚੇ 'ਦ ਲੈਂਸੇਟ' ਵਿਚ ਭਾਰਤ ਦੀਆਂ ਸਿਹਤ ਸੇਵਾਵਾਂ ਬਾਰੇ ਲੜੀਵਾਰ ਛਪੇ ਪੇਪਰ ਚਿਤਾਵਨੀ ਦਿੰਦੇ ਹਨ ਕਿ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਦਾ ਗਰਕਦੇ ਜਾਣਾ ਸ਼ਾਇਦ ਭਾਰਤ ਦੀ ਸਭ ਤੋਂ ਵੱਡੀ ਸਮੱਸਿਆ ਹੈ। 'ਦ ਲੈਂਸੇਟ' ਸਿਹਤ ਤੇ ਮੈਡੀਕਲ ਖੋਜ ਲਈ ਸੰਸਾਰ ਪ੍ਰਸਿੱਧ ਪਰਚਾ ਹੈ ਅਤੇ ਇਸ ਦੇ ਲੇਖਾਂ ਨੂੰ ਸਾਰੇ ਸੰਸਾਰ ਵਿਚ ਗੰਭੀਰਤਾ ਨਾਲ ਲਿਆ ਜਾਂਦਾ ਹੈ। ਇਸ ਦੇ ਸੰਪਾਦਕ ਰਿਚਰਡ ਹਾਰਟਨ ਦਾ ਕਹਿਣਾ ਹੈ ਕਿ ਭਾਰਤ ਵਿਚ ਤਿੰਨ ਨਵੇਂ ਕਦਮ ਸ਼ਲਾਘਾਯੋਗ ਹਨ। ਇਹ ਹਨ ਕੌਮੀ ਪੇਂਡੂ ਸਿਹਤ ਮਿਸ਼ਨ, ਔਰਤ ਸੁਰੱਖਿਆ ਯੋਜਨਾ ਅਤੇ ਕੌਮੀ ਸਿਹਤ ਬੀਮਾ ਯੋਜਨਾ। ਵੱਖ-ਵੱਖ ਖੇਤਰਾਂ ਦੇ 30 ਤੋਂ ਜ਼ਿਆਦਾ ਮਾਹਿਰ ਤੇ 15 ਮੈਂਬਰੀ ਸਲਾਹਕਾਰ ਗਰੁੱਪ ਨੇ ਇਸ ਖੇਤਰ ਵਿਚ ਤਿੰਨ ਸਾਲਾਂ ਤੱਕ ਕੰਮ ਕੀਤਾ ਹੈ।

> ***ਪੱਛਮੀ ਦੁਨੀਆਂ ਵਿਚ ਭਾਰਤ ਦਾ ਵੱਕਾਰ ਆਰਥਿਕ ਵਿਕਾਸ ਦੇ ਕੇਂਦਰ ਵਜੋਂ ਬਣਿਆ ਹੈ। ਆਰਥਿਕ ਪੱਖੋਂ ਇਹ ਵੱਡੀ ਗੱਲ ਹੈ, ਪਰ ਇਸ ਸਮਝ ਨਾਲ ਜੁੜੀ ਸਮੱਸਿਆ ਇਹ ਹੈ ਕਿ ਭਾਰਤ ਆਪਣੇ ਲੋਕਾਂ ਨੂੰ ਭੁੱਲ ਗਿਆ ਹੈ। ਜੇਕਰ ਦੇਸ਼ ਦੇ ਸ਼ਹਿਰੀ, ਸਿਹਤ ਸਬੰਧੀ ਉਚ-ਮਿਆਰੀ ਸਹੂਲਤਾਂ ਨਹੀਂ ਮਾਣ ਸਕਦੇ ਤਾਂ ਆਰਥਿਕ ਵਿਕਾਸ ਦਾ ਕੀ ਮਾਅਨਾ ਰਹਿ ਜਾਂਦਾ ਹੈ?***

ਭਾਰਤ ਵਿਚ ਦੁਨੀਆਂ ਦੀ ਆਬਾਦੀ ਦਾ ਪੰਜਵਾਂ ਹਿੱਸਾ ਰਹਿੰਦਾ ਹੈ। ਭਾਰਤ ਸੰਸਾਰ ਪੱਧਰ 'ਤੇ ਤਾਕਤਵਰ ਧਿਰ ਵਜੋਂ ਉਭਰਿਆ ਹੈ। ਜੇਕਰ ਭਾਰਤ ਸਰਕਾਰ ਆਪਣੇ ਦੇਸ਼ ਦੇ ਲੋਕਾਂ ਦੀ ਸਿਹਤ ਸਬੰਧੀ ਢੁਕਵੇਂ ਪ੍ਰਬੰਧ ਕਰ ਸਕਦੀ ਤਾਂ ਦੁਨੀਆਂ ਦੇ ਦੇਸ਼ ਇਸ ਤੋਂ ਕਾਫੀ ਕੁਝ ਸਿੱਖ ਸਕਦੇ ਸਨ।

ਹਾਰਟਨ ਨੇ ਕਿਹਾ ਹੈ, "ਮੈਂ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ ਕਿ ਪੱਛਮੀ ਦੁਨੀਆਂ ਵਿਚ ਭਾਰਤ ਦਾ ਵੱਕਾਰ ਆਰਥਿਕ ਵਿਕਾਸ ਦੇ ਕੇਂਦਰ ਵਜੋਂ ਬਣਿਆ ਹੈ। ਇਹ ਆਰਥਿਕ ਪੱਖੋਂ ਵੱਡੀ ਗੱਲ ਹੈ, ਪਰ ਇਸ ਸਮਝ ਨਾਲ ਜੁੜੀ ਸਮੱਸਿਆ ਇਹ ਹੈ ਕਿ ਭਾਰਤ ਆਪਣੇ ਲੋਕਾਂ ਨੂੰ ਭੁੱਲ ਗਿਆ ਹੈ। ਜੇਕਰ ਦੇਸ਼ ਦੇ ਸ਼ਹਿਰੀ, ਸਿਹਤ ਸਬੰਧੀ ਉਚ-ਮਿਆਰੀ ਸਹੂਲਤਾਂ ਨਹੀਂ ਮਾਣ ਸਕਦੇ ਤਾਂ ਆਰਥਿਕ ਵਿਕਾਸ ਦਾ ਕੀ ਮਾਅਨਾ ਰਹਿ ਜਾਂਦਾ ਹੈ?"

ਭਾਰਤ ਨਾਲ ਸਬੰਧਿਤ ਛਪੇ ਲੇਖਾਂ ਦੇ ਸੰਪਾਦਕਾਂ ਵਿਕਰਮ ਪਟੇਲ, ਸ੍ਰੀਨਾਥ ਰੈਡੀ, ਸ਼ਿਵ ਕੁਮਾਰ ਅਤੇ ਵਿਨੋਦ ਪਾਲ ਦਾ ਕਹਿਣਾ ਹੈ ਕਿ ਉਹ ਇਸ ਗੱਲ ਤੋਂ ਜਾਣੂ ਹਨ ਕਿ ਜਿਹੜਾ ਟੀਚਾ ਮਿਥਿਆ ਹੈ, ਉਹ ਅਗਾਂਹਵਧੂ ਅਤੇ ਚੁਣੌਤੀ ਭਰਪੂਰ ਹੈ ਪਰ ਉਨ੍ਹਾਂ ਦਾ ਵਿਸ਼ਵਾਸ ਹੈ ਕਿ 21ਵੀਂ ਸਦੀ ਦਾ ਭਾਰਤ ਸਾਰਿਆਂ ਲਈ ਸਿਹਤ ਸਹੂਲਤਾਂ ਯਕੀਨੀ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਸਹਾਈ ਹੋਣ ਲਈ ਸਿਆਸੀ ਵਚਨਬੱਧਤਾ ਨਿਭਾਅ ਸਕਦਾ ਹੈ ਤੇ ਸਾਧਨ ਮੁਹੱਈਆ ਕਰ ਸਕਦਾ ਹੈ। ਇਸ ਲਈ ਇਸ ਦਿਸ਼ਾ ਵਿਚ ਕਾਰਜਸ਼ੀਲ ਹੋਣ ਦਾ ਸਮਾਂ ਆ ਗਿਆ ਹੈ।

ਇਸ ਪਰਚੇ ਵਿਚ ਡਾ. ਬਿਨਾਇਕ ਸੇਨ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਨੂੰ ਛੱਤੀਸਗੜ੍ਹ ਦੀ ਅਦਾਲਤ ਨੇ ਦੇਸ਼ ਧ੍ਰੋਹ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਦਿੱਤੀ ਹੈ। ਇਸ ਪਰਚੇ ਦਾ ਕਹਿਣਾ ਹੈ ਕਿ ਡਾ. ਸੇਨ ਲੋਕਾਂ ਦੀ ਸੇਵਾ ਅਤੇ ਇਲਾਜ ਕਰਨ ਵਾਲਾ ਸੰਸਾਰ ਦਾ ਨਾਮਵਰ ਡਾਕਟਰ, ਮਨੁੱਖੀ ਅਧਿਕਾਰ ਕਾਰਕੁਨ ਅਤੇ ਸ਼ਹਿਰੀ ਆਜ਼ਾਦੀਆਂ ਦੇ ਵਿਸ਼ੇ ਦਾ ਮਾਹਿਰ ਹੈ, ਜਿਸ ਨੇ ਕਈ ਸਾਲਾਂ ਤੋਂ ਤਰਸਯੋਗ ਹਾਲਤ ਵਿਚ ਜੀਂਦੇ ਲੋਕਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਅਣਥੱਕ ਘਾਲਣਾ ਘਾਲੀ ਹੈ। ਇਨ੍ਹਾਂ ਮਨੁੱਖੀ ਅਧਿਕਾਰਾਂ ਵਿਚ ਸਿਹਤ ਵੀ ਆਉਂਦੀ ਹੈ। ਡਾ. ਸੇਨ ਜਿਨ੍ਹਾਂ ਨੂੰ ਗ਼ਲਤ ਦੋਸ਼ਾਂ ਤਹਿਤ ਦਿੱਤੀ ਸਜ਼ਾ ਵਿਰੁੱਧ ਸਾਰੇ ਭਾਰਤ ਵਿਚ ਵਿਰੋਧ ਪ੍ਰਦਰਸ਼ਨ ਹੋਏ ਹਨ, ਨੇ ਆਪਣੇ ਲੇਖ ਵਿਚ ਲਿਖਿਆ ਹੈ, "ਸਾਰੇ ਭਾਰਤ ਵਿਚ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਮੌਜੂਦ ਸਿਹਤ ਸਬੰਧੀ ਅਧਿਕਾਰ ਬੇਇਨਸਾਫ਼ੀ ਦਾ ਸ਼ਿਕਾਰ ਹੈ। ਇਕ ਪਾਸੇ ਕੌਮਾਂਤਰੀ 'ਮੈਡੀਕਲ ਟੂਰਿਜ਼ਮ' ਨੂੰ ਉਤਸ਼ਾਹਿਤ ਕਰਨ ਦੇ ਅਮਲ ਵਿਚ ਹੁੰਦੀ ਵੱਡੀ ਬੇਇਨਸਾਫ਼ੀ ਸਾਡੇ ਸਾਹਮਣੇ ਹੈ ਅਤੇ ਉਚ-ਤਕਨਾਲੋਜੀ ਵਾਲੇ ਬਾਇਓਮੈਡੀਕਲ ਦਖ਼ਲ ਇਸ ਖੇਤਰ ਵਿਚ ਆਸਾਨੀ ਨਾਲ ਦਿੱਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਦੀ ਸਿਹਤ ਸੰਭਾਲ ਲਈ ਘੱਟੋ-ਘੱਟ ਪੱਧਰ ਨਿਰਧਾਰਿਤ ਨਹੀਂ ਕੀਤਾ ਗਿਆ।"

ਭਾਰਤ ਦਾ ਹੋ ਰਿਹਾ ਆਰਥਿਕ ਵਿਕਾਸ ਓਨਾ ਚਿਰ ਖ਼ਤਰੇ ਵਿਚ ਰਹੇਗਾ, ਜਿੰਨਾ ਚਿਰ ਭਾਰਤ ਦੀ ਵਧ ਰਹੀ ਆਬਾਦੀ ਦੀ ਸਿਹਤ ਨੂੰ ਸੁਧਾਰਨ ਲਈ ਤੁਰੰਤ ਕਾਰਵਾਈ ਨਹੀਂ ਕੀਤੀ ਜਾਂਦੀ। ਕਿਹਾ ਜਾ ਰਿਹਾ ਹੈ ਕਿ ਭਾਰਤ ਗੰਭੀਰ ਮਹਾਂਮਾਰੀ ਫੈਲਣ ਦੇ ਸ਼ੁਰੂਆਤੀ ਪੜਾਅ 'ਤੇ ਖੜ੍ਹਾ ਹੈ ਜੋ ਅਮੀਰ ਤੇ ਗਰੀਬ ਦੋਵਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਭਾਰਤ ਵਿਚ ਸਮਾਜਕ-ਆਰਥਿਕ ਦਰਜੇ ਵਿਚ ਤੇਜ਼ੀ ਨਾਲ ਆ ਰਿਹਾ ਸੁਧਾਰ ਸਰੀਰਕ ਸਰਗਰਮੀ ਨੂੰ ਘਟਾ ਰਿਹਾ ਹੈ ਅਤੇ ਇਸ ਨੇ ਮੋਟਾਪਾ ਤੇ ਸ਼ੱਕਰ ਰੋਗ ਵਰਗੀਆਂ ਬਿਮਾਰੀਆਂ ਨੂੰ ਵੀ ਵਧਾਇਆ ਹੈ। ਪ੍ਰਸਿੱਧ ਡਾਕਟਰਾਂ ਵੱਲੋਂ ਲਿਖੇ ਲੇਖ ਕਹਿੰਦੇ ਹਨ ਕਿ ਭਾਰਤੀ ਪੈਸੇ ਪੱਖੋਂ ਅਮੀਰ ਹੋ ਰਹੇ ਹਨ ਪਰ ਉਨ੍ਹਾਂ ਦੀ ਸਰੀਰਕ ਹਿਲਜੁਲ ਘਟ ਗਈ ਹੈ ਤੇ ਉਹ ਮੋਟਾਪੇ ਦਾ ਕਾਰਨ ਬਣਦੇ ਭੋਜਨ ਪਦਾਰਥ ਖਾਂਦੇ ਹਨ। ਉਹ ਭਾਰਤ ਦੀਆਂ ਹਾਦਸਿਆਂ ਲਈ ਬਦਨਾਮ ਖਰਾਬ ਸੜਕਾਂ 'ਤੇ ਵਾਹਨ ਤੇਜ਼ ਚਲਾਉਣ ਦਾ ਵੀ ਖ਼ਤਰਾ ਉਠਾਉਂਦੇ ਹਨ। ਅਜਿਹਾ ਅਕਸਰ ਸ਼ਰਾਬ ਪੀ ਕੇ ਕੀਤਾ ਜਾਂਦਾ ਹੈ। ਸਮਾਜਕ-ਆਰਥਿਕ ਵਿਕਾਸ ਦੇ ਪਹਿਲੇ ਦੌਰ ਵਿਚ ਹੀ ਭਾਰਤੀਆਂ ਨੇ ਖਾਣ-ਪੀਣ ਦੀਆਂ ਅਜਿਹੀਆਂ ਆਦਤਾਂ ਖ਼ੁਦ ਨੂੰ ਪਾ ਲਈਆਂ ਹਨ ਜੋ ਨੁਕਸਾਨਦੇਹ ਹਨ। ਇਹ ਸਮੱਸਿਆ ਸਿਰਫ਼ ਬਿਹਤਰ ਸਿੱਖਿਆ ਨਾਲ ਹੀ ਹੱਲ ਕੀਤੀ ਜਾ ਸਕਦੀ ਹੈ। ਖ਼ਪਤਕਾਰ ਜਦੋਂ ਇਕ ਵਾਰ ਇਨ੍ਹਾਂ ਕਾਰਨ ਸਰੀਰ ਨੂੰ ਪੈਦਾ ਹੁੰਦੇ ਖ਼ਤਰਿਆਂ ਤੋਂ ਜਾਣੂ ਹੋ ਜਾਵੇਗਾ ਤਾਂ ਅਜਿਹੀਆਂ ਆਦਤਾਂ ਤਿਆਗ ਦੇਵੇਗਾ। ਇਕ ਰਿਪੋਰਟ ਅਨੁਸਾਰ ਸਾਰੇ ਭਾਰਤ ਵਿਚਲੇ ਗਰੀਬ ਸਭ ਤੋਂ ਵੱਧ, ਬਿਮਾਰੀਆਂ ਕਾਰਨ ਮਾੜੀ ਹਾਲਤ ਵਿਚ ਹਨ ਅਤੇ ਮਹਿੰਗੇ ਇਲਾਜ ਦਾ ਬੋਝ ਉਠਾ ਰਹੇ ਹਨ। ਇਸ ਅਧਿਐਨ ਦਾ ਇਹ ਵੀ ਕਹਿਣਾ ਹੈ ਕਿ ਇਹ ਗੱਲ ਅਹਿਮ ਹੈ ਕਿ ਭਾਰਤ (ਜਿਸ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ 120 ਕਰੋੜ ਤੱਕ ਪਹੁੰਚ ਰਹੀ ਹੈ) ਦਿਲ ਤੇ ਸਾਹ ਦੀਆਂ ਬਿਮਾਰੀਆਂ, ਕੈਂਸਰ ਤੇ ਸ਼ੱਕਰ ਰੋਗਾਂ ਦੀ ਰੋਕਥਾਮ ਲਈ ਕਦਮ ਚੁੱਕ ਰਿਹਾ ਹੈ। ਇਸ ਅਧਿਐਨ ਮੁਤਾਬਕ ਅਜਿਹਾ ਸਰਕਾਰੀ ਖਜ਼ਾਨੇ ਵਿਚੋਂ ਇਸ ਕਾਜ ਲਈ ਖਰਚੀ ਜਾਂਦੀ ਰਕਮ ਵਿਚ ਵਾਧਾ ਕਰ ਕੇ ਅਤੇ ਤੰਬਾਕੂ, ਸ਼ਰਾਬ ਅਤੇ ਸਿਹਤ ਵਿਰੋਧੀ ਭੋਜਨ ਪਦਾਰਥਾਂ 'ਤੇ ਨਵੇਂ ਕਰ ਲਾ ਕੇ ਕੀਤਾ ਜਾ ਸਕਦਾ ਹੈ।

'ਦ ਲੈਂਸੇਟ' ਨੇ ਅਜਿਹੇ ਸਬੂਤ ਸਾਹਮਣੇ ਲਿਆਂਦੇ ਹਨ, ਜੋ ਦੱਸਦੇ ਹਨ ਕਿ ਭਾਰਤੀਆਂ ਦੀ ਸਿਹਤ ਸੰਕਟ ਵਿਚ ਹੈ। ਸਾਧਾਰਨ ਸ਼ਬਦਾਂ ਵਿਚ ਸੰਪਾਦਕ ਹਾਰਟਨ ਨੇ ਕਿਹਾ ਕਿ ਭਾਰਤ ਵਿਚ ਅਜਿਹੇ ਕਈ ਸਿਆਸਤਦਾਨ ਹਨ ਜਿਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਸਿਹਤ ਸਮੱਸਿਆ ਨੂੰ ਢੁਕਵੇਂ ਰੂਪ ਵਿਚ ਗੰਭੀਰਤਾ ਨਾਲ ਨਹੀਂ ਲਿਆ, ਜਿਨ੍ਹਾਂ ਦੀ ਨੁਮਾਇੰਦਗੀ ਕਰਨ ਦਾ ਉਹ ਦਾਅਵਾ ਕਰਦੇ ਹਨ। ਅਖੀਰ ਵਿਚ ਹਾਰਟਨ ਨੇ ਭਾਰਤ ਵਿਚ ਵਿਆਪਕ ਸਿਹਤ ਸੰਭਾਲ ਪ੍ਰਣਾਲੀ ਯਕੀਨੀ ਬਣਾਉਣ, ਸਿਹਤ ਖੇਤਰ ਲਈ ਫੰਡ ਦੀ ਰਕਮ ਵਧਾਉਣ, ਭਾਰਤੀ ਕੌਮੀ ਸਿਹਤ ਸੇਵਾ ਨੂੰ ਚਾਲੂ ਕਰਨ, ਬਿਹਤਰ ਸਿਹਤ ਸੂਚਨਾਵਾਂ ਮੁਹੱਈਆ ਕਰਾਉਣ, ਪ੍ਰਾਈਵੇਟ ਖੇਤਰ ਲਈ ਠੋਸ ਨੇਮ ਬਣਾਉਣ ਅਤੇ ਮਾੜੀਆਂ ਸਿਹਤ ਸੇਵਾਵਾਂ ਵਿਚ ਸੁਧਾਰ ਕਰਨ ਲਈ ਯਤਨਸ਼ੀਲ ਹੋਣ ਦਾ ਸੱਦਾ ਦਿੱਤਾ ਹੈ।

#

# ਨਿੱਕੀ ਹੈਲੇ ਨੇ ਗਵਰਨਰ ਵਜੋਂ ਸਹੁੰ ਚੁੱਕੀ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਪੰਜਾਬੀ ਮੂਲ ਦੀ ਨਮਰਤਾ ਨਿੱਕੀ ਰੰਧਾਵਾ ਹੈਲੇ ਨੇ 12 ਜਨਵਰੀ ਬੁਧਵਾਰ ਨੂੰ ਦੱਖਣੀ ਕੈਰੋਲਾਈਨਾ ਦੇ 90ਵੇਂ ਗਵਰਨਰ ਦੇ ਤੌਰ 'ਤੇ ਸਹੁੰ ਚੁਕ ਕੇ ਅਹੁਦਾ ਸੰਭਾਲ ਲਿਆ। 38 ਸਾਲਾ ਨਿੱਕੀ ਹੈਲੇ ਦੂਜੀ ਅਮਰੀਕਨ ਭਾਰਤੀ ਹੈ ਜਿਸ ਨੂੰ ਬੌਬੀ ਜਿੰਦਲ ਤੋਂ ਬਾਅਦ ਅਮਰੀਕਾ ਵਿਚ ਗਵਰਨਰ ਬਣਨ ਦਾ ਮਾਣ ਹਾਸਲ ਹੋਇਆ ਹੈ। ਦੋਹਾਂ ਦਾ ਪਿਛੋਕੜ ਪੰਜਾਬ ਤੋਂ ਹੈ।



*ਨਿੱਕੀ ਹੈਲੇ*

ਸਹੁੰ ਚੁਕ ਸਮਾਗਮ ਵਿਚ ਰਿਪਬਲਿਕਨ ਪਾਰਟੀ ਦੇ ਸਾਰੇ ਹੀ ਪ੍ਰਮੁਖ ਆਗੂ ਸ਼ਾਮਿਲ ਸਨ। ਇਨ੍ਹਾਂ ਤੋਂ ਇਲਾਵਾ ਮਿਸੀਸਿਪੀ ਦੀ ਗਵਰਨਰ ਬਾਰਬੋ, ਅਮਰੀਕਾ ਵਿਚ ਭਾਰਤੀ ਰਾਜਦੂਤ ਮੀਰਾ ਸੰਕਰ ਤੇ ਸਥਾਨਕ ਭਾਈਚਾਰੇ ਦੀਆਂ ਕਈ ਪ੍ਰਮੁੱਖ ਹਸਤੀਆਂ ਸ਼ਾਮਿਲ ਸਨ। ਨਿੱਕੀ ਦਾ ਪਤੀ ਮਾਈਕਲ ਤੇ ਬੱਚੇ 8 ਸਾਲਾ ਨਾਲੀਨ ਤੇ 12 ਸਾਲ ਦੀ ਰੀਨਾ ਵੀ ਮੌਜੂਦ ਸਨ। ਦੇਸ਼ ਦੇ ਲਗਪਗ ਸਾਰੇ ਚੈਨਲਾਂ 'ਤੇ ਇਸ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ।

ਨਿੱਕੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਭਾਰਤੀ ਤੇ ਪੰਜਾਬੀ ਪ੍ਰਵਾਸੀਆਂ ਦੀ ਧੀ ਦੇ ਰੂਪ ਵਿਚ ਤੁਹਾਡੇ ਸਾਹਮਣੇ ਖੜੀ ਹਾਂ। ਦੱਖਣੀ ਕੈਰੋਲਾਈਨਾ ਲਈ ਇਹ ਮਹਾਨ ਦਿਨ ਹੈ ਤੇ ਅਜ ਇਕ ਨਵੇਂ ਅਧਿਆਏ ਦੀ ਸ਼ੁਰੂਆਤ ਹੋਈ ਹੈ। ਬੈਮਬਰਗ (ਅਮਰੀਕਾ) ਵਿਚ ਜਨਮੀ ਨਿੱਕੀ ਨੇ ਕਲੈਮਸਨ ਯੂਨੀਵਰਸਿਟੀ ਤੋਂ ਅਕਾਉਂਟਿਗ ਵਿਚ ਡਿਗਰੀ ਹਾਸਿਲ ਕੀਤੀ। ਉਸ ਦੇ ਪਿਤਾ ਡਾ. ਅਜੀਤ ਸਿੰਘ ਤੇ ਮਾਂ ਸ੍ਰੀਮਤੀ ਰਾਜ ਕੌਰ ਰੰਧਾਵਾ ਅੰਮ੍ਰਿਤਸਰ ਤੋਂ ਅਮਰੀਕਾ ਆਏ ਸਨ।

ਚੇਤੇ ਰਹੇ ਨਿੱਕੀ ਨੇ ਨਵੰਬਰ ਵਿਚ ਡੈਮੋਕਰੇਟ ਪਾਰਟੀ ਦੇ ਉਮੀਦਵਾਰ ਵਿਨਸਟ ਵਿਰੁਧ ਜਿੱਤ ਹਾਸਲ ਕਰਕੇ ਗਵਰਨਰ ਚੁਣੀ ਗਈ ਸੀ।


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

Cell:(510) 557-6988, Ph:209-982-9996

# ਜੱਗਾ ਸੂਰਮਾ ਕਿਸੇ ਨਾ ਬਣ ਜਾਣਾ...

**ਹਰਨੇਕ ਸਿੰਘ ਘੜੂੰਆਂ**

*ਜੱਗਾ ਡਾਕੂ ਅਣਵੰਡੇ ਪੰਜਾਬ ਦਾ ਅਜਿਹਾ ਨਾਇਕ ਹੋਇਆ ਹੈ ਜੋ ਪੰਜਾਬ ਦੇ ਅਣਖੀਲੇ, ਜੁਝਾਰੂ ਅਤੇ ਮੋਹਵੰਤੇ ਸੁਭਾਅ ਨਾਲ ਪੂਰੀ ਤਰ੍ਹਾਂ ਘੁਲਿਆ-ਮਿਲਿਆ ਹੋਇਆ ਹੈ। ਕੱਲ੍ਹ ਤਕ ਅਸੀਂ ਜੱਗੇ ਡਾਕੂ ਬਾਰੇ ਟੱਪੇ ਜਾਂ ਗੀਤ ਹੀ ਸੁਣਦੇ ਆਏ ਸਾਂ, ਪਰ ਜਦੋਂ ਸ. ਹਰਨੇਕ ਸਿੰਘ ਘੜੂੰਆਂ ਲਹਿੰਦੇ ਪੰਜਾਬ ਗਏ ਤਾਂ ਉਨ੍ਹਾਂ ਜੱਗੇ ਬਾਰੇ ਖੋਜ-ਖੁਰਾ ਲੱਭਣਾ ਆਰੰਭ ਕੀਤਾ। ਬਹੁਤ ਮਿਹਨਤ ਨਾਲ ਉਨ੍ਹਾਂ ਜੱਗੇ ਦੀ ਧੀ ਗਾਬੋ ਨੂੰ ਲੱਭ ਲਿਆ ਜੋ ਅੱਜ ਕੱਲ੍ਹ ਪਿੰਡ ਵਣਵਾਲਾ (ਮੁਕਤਸਰ) ਵਿਖੇ ਰਹਿੰਦੀ ਹੈ। ਗਾਬੋ ਦੀ ਆਖ਼ਰੀ ਇੱਛਾ ਹੈ ਕਿ ਕੋਈ ਚਿੱਤਰਕਾਰ ਉਸ ਦੇ ਬਾਪੂ ਦਾ ਚਿੱਤਰ ਬਣਾਵੇ ਤਾਂ ਕਿ ਪੰਜਾਬ ਦੇ ਆਪਣੇ ਨਾਇਕ ਦੇ ਨੈਣ-ਨਕਸ਼ ਦੇਖ ਸਕਣ। ਉਹ ਆਪਣੇ ਚੇਤਿਆਂ ਵਿਚ ਵਸੇ ਆਪਣੇ ਬਾਪੂ ਦੇ ਨੈਣ-ਨਕਸ਼ ਚਿੱਤਰਕਾਰ ਨੂੰ ਦੱਸਣ ਲਈ ਤਿਆਰ ਹੈ। ਇਸ ਲੇਖ ਵਿਚ ਸ. ਹਰਨੇਕ ਸਿੰਘ ਘੜੂੰਆਂ ਨੇ ਜੱਗੇ ਬਾਰੇ ਗੱਲਾਂ ਕੀਤੀਆਂ ਹਨ। ਜਾਪਦਾ ਹੈ ਇਹ ਪੰਜਾਬ ਦੇ ਗਲ ਨਾਲ ਲੱਗ ਕੇ ਕੀਤੀਆਂ ਗੱਲਾਂ ਹਨ। -ਸੰਪਾਦਕ*

ਸਰਦੀਆਂ ਦੇ ਦਿਨ, ਦੁਪਹਿਰ ਵੇਲੇ ਅਸੀਂ ਸ਼ੇਖ਼ੂਪੁਰਾ ਤੋਂ ਲਾਹੌਰ ਜਾ ਰਹੇ ਸਾਂ। ਸਾਹਮਣੇ ਸ਼ੀਸ਼ੇ ਵਿਚੋਂ ਪੈਂਦੀ ਧੁੱਪ ਸਰੀਰ ਨੂੰ ਗਰਮਾ ਰਹੀ ਸੀ। ਧੁੱਪ ਦਾ ਨਿੱਘ ਕਦੇ-ਕਦੇ ਮੈਨੂੰ ਅੱਖ ਝਮਕਣ ਲਈ ਮਜਬੂਰ ਕਰ ਦਿੰਦਾ। ਅਰਸ਼ਦ ਵਿਰਕ ਨੇ ਸਟੀਰੀਓ ਦਾ ਬਟਨ ਦਬਾਇਆ, ਮਨ ਮੋਹਣੇ ਸੰਗੀਤ ਨੇ ਮੈਨੂੰ ਇਕਦਮ ਚੁਕੰਨਾ ਕਰ ਦਿੱਤਾ ਤੇ ਮੇਰੀ ਸਾਰੀ ਸੁਸਤੀ ਲਾਹ ਦਿੱਤੀ। "ਲਓ ਸਰਦਾਰ ਸਾਹਿਬ! ਇਹ ਕੈਸਿਟ ਤੁਹਾਡੇ ਲਈ ਲਾਈ ਏ," ਅਰਸ਼ਦ ਵਿਰਕ ਨੇ ਕਿਹਾ। ਬੁਲੰਦ ਤੇ ਸੁਰੀਲੀ ਆਵਾਜ਼ ਵਿਚ ਪਹਿਲਾ ਟੱਪਾ ਸੁਣਿਆ: "ਜੱਗਾ ਜੰਮਿਆ ਫਜ਼ਰ ਦੀ ਬਾਂਗੇ, ਲੌਢੇ ਵੇਲੇ ਖੇਡਦਾ ਫਿਰੇ", ਦੂਜਾ ਟੱਪਾ ਸੀ: "ਜੱਗਾ ਜੰਮਿਆ ਤੇ ਮਿਲਣ ਵਧਾਈਆਂ, ਵੱਡਾ ਹੋ ਕੇ ਡਾਕੇ ਮਾਰਦਾ।" ਮੇਰੇ ਮੂੰਹੋਂ ਇਕਦਮ ਨਿਕਲ ਗਿਆ: "ਯਾਰ ਇਹ ਜੱਗਾ ਤੇ ਸਾਡਾ ਏ।"


ਹਰਨੇਕ ਸਿੰਘ ਘੜੂੰਆਂ

"ਨਹੀਂ ਸਰਦਾਰ ਸਾਹਿਬ, ਇੰਨੀ ਜ਼ਿਆਦਤੀ ਨਾ ਕਰੋ। ਜੱਗਾ ਵੀ ਤੁਹਾਡਾ ਤੇ ਕਸ਼ਮੀਰ ਵੀ ਤੁਹਾਡਾ, ਤੇ ਫਿਰ ਸਾਡੇ ਪੱਲੇ ਕੀ ਰਿਹਾ?" ਇੰਨਾ ਆਖ ਕੇ ਅਰਸ਼ਦ ਵਿਰਕ ਖਿੜਖਿੜਾ ਕੇ ਹੱਸ ਪਿਆ। ਲਗਦੇ ਹੱਥ ਨਵੀਦ ਵੜੈਚ ਦਾ ਵੀ ਬਹਿਸ ਵਿਚ ਲੱਤ ਅੜਾਉਣ ਨੂੰ ਜੀਅ ਕਰ ਆਇਆ: "ਦੇਖੋ ਸਰਦਾਰ ਸਾਹਿਬ! ਨਾ ਜੱਗਾ ਹਿੰਦੁਸਤਾਨ ਦਾ ਏ, ਨਾ ਪਾਕਿਸਤਾਨ ਦਾ ਏ। ਜੱਗਾ ਤਾਂ ਪੰਜਾਬ ਦਾ ਏ। ਜੱਗਾ ਪੰਜਾਬ ਦਾ ਮਸ਼ਹੂਰ ਕਿਰਦਾਰ ਜੋ ਹੋਇਆ।" ਇਹ ਟੱਪੇ ਪਾਕਿਸਤਾਨ ਪੰਜਾਬ ਦੇ ਮਹਾਨ ਗਾਇਕ ਸ਼ੌਕਤ ਅਲੀ ਨੇ ਗਾਏ ਸਨ। ਜਿਉਂ-ਜਿਉਂ ਟੱਪੇ ਚੱਲਦੇ ਗਏ, ਮੇਰੇ ਜਿਸਮ ਵਿਚ ਝਰਨਾਹਟ ਜਿਹੀ ਛਿੜ ਗਈ। ਅਜੀਬ ਕਿਸਮ ਦੀਆਂ ਚਿਣਗਾਂ ਸਰੀਰ ਵਿਚੋਂ ਨਿਕਲਦੀਆਂ ਮਹਿਸੂਸ ਹੋ ਰਹੀਆਂ ਸਨ। ਅਸੀਂ ਛੋਟੀ ਉਮਰੇ ਗਰਮੀਆਂ ਦੀਆਂ ਛੁੱਟੀਆਂ ਵਿਚ ਮਾਲ ਚਾਰਦੇ 'ਜੱਗਾ' ਗਾਉਂਦੇ ਹੁੰਦੇ ਸਾਂ ਪਰ ਹੈਰਾਨੀ ਵਾਲੀ ਗੱਲ ਇਹ ਸੀ ਕਿ ਇਕ ਸਿੱਖ ਡਾਕੂ ਪਾਕਿਸਤਾਨ ਵਿਚ ਅਜੇ ਵੀ ਸਾਡੇ ਨਾਲੋਂ ਕਿਤੇ ਵੱਧ ਹਰਮਨ ਪਿਆਰਾ ਹੈ। ਇਧਰਲੇ ਤੇ ਉਧਰਲੇ ਪੰਜਾਬ ਵਿਚ ਬੜੇ ਲੋਕਾਂ ਤੋਂ ਜੱਗੇ ਦੇ ਪਿੰਡ ਅਤੇ ਪਤੇ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਉੱਘ-ਸੁੱਘ ਨਹੀਂ ਮਿਲੀ। ਮੈਨੂੰ ਜੱਗੇ ਦੀ ਜੀਵਨੀ ਜਾਣਨ ਦੀ ਤਲਬ ਜਿਹੀ ਲੱਗ ਗਈ। ਕਿਸੇ ਸੱਜਣ ਨੇ ਦੱਸਿਆ ਕਿ ਕਰਨਾਲ ਤੋਂ ਕੁਝ ਕਿਲੋਮੀਟਰ ਪਹਿਲਾ ਨਹਿਰ ਦੇ ਕੰਢੇ ਜੀ.ਟੀ. ਰੋਡ ਤੋਂ ਕੁਝ ਕਦਮਾਂ ਉਤੇ ਬਰੋਟੇ ਹੇਠ ਜੱਗੇ ਦੀ ਸਮਾਧ ਬਣੀ ਹੋਈ ਹੈ, ਇਥੇ ਹੀ ਜੱਗਾ ਕਤਲ ਹੋਇਆ ਸੀ ਪਰ ਪੜਤਾਲ ਕਰਨ ਉਤੇ ਇਹ ਸੱਚ ਨਾ ਨਿਕਲਿਆ। ਫਿਰ ਮੋਟੇ ਤੌਰ ਉਤੇ ਅੰਦਾਜ਼ਾ ਲਗਾਇਆ...ਜੱਗੇ ਦੇ ਲਾਇਲਪੁਰ ਡਾਕਾ ਮਾਰਨ ਦਾ ਜ਼ਿਕਰ ਆਉਂਦਾ ਹੈ: "ਜੱਗੇ ਮਾਰਿਆ ਲਾਇਲਪੁਰ ਡਾਕਾ, ਤਾਰਾਂ ਖੜਕ ਗਈਆਂ।" ਇਸ ਦਾ ਮਤਲਬ ਜੱਗਾ ਪੰਜਾਬ ਦੇ ਓਸ ਪਾਸੇ ਪੈਦਾ ਹੋਇਆ, ਇਸ ਘਟਨਾ ਨੂੰ ਆਧਾਰ ਮੰਨ ਕੇ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ। ਕੁਝ ਅਰਸਾ ਪਹਿਲਾਂ ਅਚਾਨਕ ਮੇਰੀ ਮੁਲਾਕਾਤ ਜਥੇਦਾਰ ਹਰੀ ਸਿੰਘ ਵਿਰਕ ਨਾਲ ਹੋਈ। ਜਥੇਦਾਰ ਸਾਹਿਬ ਨੇ ਮੈਨੂੰ ਜੱਗੇ ਦਾ ਖੁਰਾ ਲੱਭ ਕੇ ਦਿੱਤਾ। ਜੱਗੇ ਦਾ ਜਨਮ 1901 ਤੇ 1902 ਦੇ ਨੇੜੇ ਪਿੰਡ ਬੁਰਜ ਰਣਸਿੰਘਵਾਲਾ, ਤਹਿਸੀਲ ਚੂੰਨੀਆਂ ਜ਼ਿਲ੍ਹਾ ਕਸੂਰ ਵਿਖੇ ਹੋਇਆ। ਜੱਗੇ ਦੇ ਬਾਪੂ ਸਰਦਾਰ ਮੱਖਣ ਸਿੰਘ ਦਾ ਸਾਇਆ ਜੱਗੇ ਦੇ ਸਿਰੋਂ ਬਚਪਨ ਵਿਚ ਹੀ ਉਠ ਗਿਆ ਸੀ ਤੇ ਉਸ ਦਾ ਪਾਲਣ-ਪੋਸ਼ਣ ਜੱਗੇ ਦੇ ਚਾਚੇ ਰੂਪ ਸਿੰਘ ਅਤੇ ਜੱਗੇ ਦੀ ਮਾਂ ਭਾਗਣ ਦੀ ਦੇਖ-ਰੇਖ ਹੋਇਆ ਜਿਨ੍ਹਾਂ ਨੂੰ ਜੱਗਾ ਬਹੁਤ ਹੀ ਪਿਆਰਾ ਸੀ। ਜੱਗੇ ਦੀ ਮਾਂ ਦੇ ਹਵਾਲੇ ਨਾਲ ਭਾਵੇਂ ਇਹ ਕਿਹਾ ਜਾਂਦਾ ਹੈ: "ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ, ਇਕ ਪੁੱਤ ਹੋਰ ਜੰਮਦੀ।" ਪਰ ਅਸਲੀਅਤ ਕੁਝ ਹੋਰ ਏ, ਜੱਗੇ ਦੇ ਛੇ ਭਰਾ ਅਠਮਾਹੇ ਜਾਂ ਸ਼ਿਲੇ ਵਿਚ ਹੀ ਮਰ ਗਏ ਸਨ। ਕਹਿੰਦੇ ਹਨ ਕਿ ਜੱਗੇ ਦਾ ਬਾਪ ਨਾਲ ਲੱਗਦੇ ਪਿੰਡ ਸੋਢੀਵਾਲਾ ਵਿਚ ਸਰਦਾਰ ਇੰਦਰ ਸਿੰਘ ਹੁਰਾਂ ਕੋਲ ਬੇਨਤੀ ਕਰਨ ਗਿਆ ਜੋ ਬੜੇ ਤਪੱਸਵੀ ਸਨ। ਭਾਈ ਇੰਦਰ ਸਿੰਘ ਸੋਢੀ ਨੇ ਕਿਹਾ, "ਜਦੋਂ ਬੱਚੇ ਦਾ ਜਨਮ ਹੋਵੇ, ਉਸ ਤੋਂ ਪਹਿਲਾਂ ਬੱਕਰਾ ਖ਼ਰੀਦ ਲਿਆਉਣਾ, ਬੱਚਾ ਜੰਮਣ ਉਤੇ ਉਸ ਦਾ ਹੱਥ ਬੱਕਰੇ ਨੂੰ ਲਗਵਾ ਕੇ ਬੱਕਰਾ ਘਰ ਵਿਚ ਬੰਨ੍ਹ ਲੈਣਾ।" ਅਖ਼ੀਰ ਬੱਚੇ ਦਾ ਜਨਮ ਹੋਇਆ ਤੇ ਕਹਿਣ ਮੁਤਾਬਕ ਬੱਕਰੇ ਨੂੰ ਹੱਥ ਲਗਵਾ ਦਿੱਤਾ। ਭਾਈ ਇੰਦਰ ਸਿੰਘ ਹੁਰਾਂ ਨੇ ਇਕ ਤਾਕੀਦ ਹੋਰ ਕੀਤੀ ਸੀ ਕਿ ਬੱਚੇ ਦਾ ਨਾਂ 'ਜ' ਤੋਂ ਨਾ ਰੱਖਣਾ ਪਰ ਸ਼ਰੀਕੇ ਦੇ ਇਕ ਹੋਰ ਇੰਦਰ ਸਿੰਘ ਜੋ ਬੱਚੇ ਦਾ ਚਾਚਾ ਲੱਗਦਾ ਸੀ, ਨੇ ਜ਼ਿੱਦ ਕਰ ਕੇ ਨਾਮ ਜਗਤ ਸਿੰਘ ਰੱਖ ਦਿੱਤਾ। ਕੁਝ ਦਿਨਾਂ ਬਾਅਦ ਬੱਕਰਾ ਬੀਮਾਰ ਹੋ ਕੇ ਮਰ ਗਿਆ। ਸਰਦਾਰ ਇੰਦਰ ਸਿੰਘ ਦੀ ਹਦਾਇਤ ਮੁਤਾਬਕ ਇਕ ਹੋਰ ਬੱਕਰਾ ਖ਼ਰੀਦ ਕੇ ਲਿਆਂਦਾ ਗਿਆ। ਪਹਿਲੇ ਬੱਕਰੇ ਦਾ ਪਟਾ ਕੱਢ ਕੇ ਇਸ ਦੇ ਗਲੇ ਵਿਚ ਪਾ ਦਿੱਤਾ। ਥੋੜ੍ਹੇ ਦਿਨਾਂ ਬਾਅਦ ਇਹ ਬੱਕਰਾ ਵੀ ਉਸੇ ਤਰ੍ਹਾਂ ਬੀਮਾਰ ਹੋ ਗਿਆ। 12 ਸਾਲ ਬੱਕਰੇ ਖ਼ਰੀਦੇ ਜਾਂਦੇ ਰਹੇ ਅਤੇ ਉਹ ਮਰਦੇ ਰਹੇ। ਸਾਰੇ ਬੱਕਰਿਆਂ ਨੂੰ ਵਿਹੜੇ ਵਿਚ ਹੀ ਦਬਾਇਆ ਗਿਆ ਤਾਂ ਜੋ ਇਨ੍ਹਾਂ ਦੇ ਮਾਸ ਨੂੰ ਕੋਈ ਕੁੱਤਾ-ਬਿੱਲਾ ਨਾ ਖਾਵੇ।

ਜਦੋਂ ਜੱਗਾ ਜ਼ਰਾ ਪਠੀਰ (ਜਵਾਨੀ ਤੇ ਬਚਪਨ ਦੇ ਵਿਚਕਾਰ) ਹੋਇਆ, ਉਹ ਸ਼ੌਕੀਆ ਕਦੇ-ਕਦੇ ਦੋਸਤਾਂ ਨਾਲ ਪਸ਼ੂ ਚਾਰਨ ਚਲਿਆ ਜਾਂਦਾ। ਉਂਜ ਚਾਚਾ ਉਸ ਨੂੰ ਘੱਟ-ਵੱਧ ਹੀ ਕੰਮ ਕਰਨ ਦਿੰਦਾ ਸੀ। ਜੱਗਾ 50 ਕਿੱਲੇ ਦਾ ਮਾਲਕ ਸੀ। ਇਕ ਦਿਨ ਉਹ ਡੰਗਰ ਚਾਰਦਾ ਸ਼ਰੀਕੇ ਦੇ ਚਾਚੇ ਇੰਦਰ ਦੇ ਖੇਤ ਵਿਚੋਂ ਸਾਰੇ ਦੋਸਤਾਂ ਲਈ ਗੰਨਿਆਂ ਦੀ ਸੱਥਰੀ ਪੁੱਟ ਲਿਆਇਆ। ਇੰਦਰ ਸਿੰਘ ਨੇ ਜੱਗੇ ਦੇ ਝੋਲ-ਧੱਫਾ ਕਰ ਦਿੱਤਾ। ਜੱਗੇ ਨੇ ਰਾਤੀਂ ਇੰਦਰ ਸਿੰਘ ਦੇ ਖੂਹ ਦਾ ਬੈੜ ਟੁਕੜੇ-ਟੁਕੜੇ ਕਰ ਕੇ ਖੂਹ ਵਿਚ ਸੁੱਟ ਦਿੱਤਾ। ਜਦੋਂ ਇੰਦਰ ਸਿੰਘ ਨੇ ਥਾਣੇ ਜਾਣ ਦੀ ਗੱਲ ਕਹੀ ਤਾਂ ਸਾਰੇ ਸ਼ਰੀਕੇ ਵਾਲਿਆਂ ਨੇ ਕਿਹਾ, "ਤੈਨੂੰ ਇਸ ਦਾ ਨਾਂ ਜਗਤ ਸਿੰਘ ਰੱਖਣ ਬਾਰੇ ਕਿਸ ਨੇ ਕਿਹਾ ਸੀ?" ਪਿੰਡ ਬੁਰਜ ਰਣਸਿੰਘਵਾਲਾ ਵਿਚ ਬਹੁਤੇ ਘਰ ਮੁਸਲਮਾਨ ਤੇਲੀਆਂ ਦੇ ਸਨ। ਸਿਰਫ਼ 17-18 ਘਰ ਜੱਟ ਸਿੱਖਾਂ ਦੇ ਸਨ, ਇਨ੍ਹਾਂ ਦਾ ਗੋਤ ਸਿੱਧੂ ਸੀ। ਦੋਵੇਂ ਫ਼ਿਰਕਿਆਂ ਦੇ ਲੋਕ ਬੜੇ ਪਿਆਰ-ਮੁਹੱਬਤ ਨਾਲ ਰਹਿੰਦੇ ਸਨ। ਜੱਗੇ ਨੇ ਜਵਾਨੀ ਦੀ ਦਹਿਲੀਜ਼ ਉਤੇ ਪੈਰ ਰੱਖਦਿਆਂ ਅਖਾੜਿਆਂ ਵਿਚ ਘੁਲਣਾ ਸ਼ੁਰੂ ਕਰ ਦਿੱਤਾ। ਤੇਲੀਆਂ ਦਾ ਇਕ ਮੁੰਡਾ ਜੱਗੇ ਨਾਲ ਅਖਾੜਿਆਂ ਵਿਚ ਘੁਲਣ ਲਈ ਜਾਂਦਾ ਸੀ ਜਿਸ ਦਾ ਨਾਮ ਸੀ ਸੋਹਣ। ਸੋਹਣ ਤੇਲੀ ਨੇ ਜੱਗੇ ਨਾਲ ਮਰਦੇ ਦਮ ਤਕ ਦੋਸਤੀ ਨਿਭਾਈ। ਜੱਗੇ ਦੀ ਭਲਵਾਨੀ ਦਾ ਜ਼ਿਕਰ ਕਰਦਿਆਂ ਹੀ ਕਿਹਾ ਗਿਆ ਹੈ: "ਜੱਗੇ ਜੱਟ ਦਾ ਜਾਂਘੀਆ ਪੱਟ (ਰੇਸ਼ਮ) ਦਾ, ਕਿੱਲੀ ਉਤੇ ਟੰਗਿਆ ਰਿਹਾ।" ਜੱਗੇ ਦੀ ਵਿਆਹ ਬੁਰਜ ਪਿੰਡ ਦੀ ਇੰਦਰ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਇਕ ਬੇਟੀ ਪੈਦਾ ਹੋਈ ਜਿਸ ਦਾ ਨਾਮ ਗਾਬੋ ਰੱਖਿਆ ਗਿਆ। ਅੱਜ ਕੱਲ੍ਹ ਗਾਬੋ ਲੰਬੀ (ਮੁਕਤਸਰ) ਨੇੜੇ ਪਿੰਡ ਵਣਵਾਲਾ ਵਿਚ ਰਹਿੰਦੀ ਹੈ ਜਿਸ ਦੀ ਉਮਰ 90 ਸਾਲ ਦੇ ਨੇੜੇ-ਤੇੜੇ ਹੈ।

ਫ਼ਿਰੰਗੀ ਦੇ ਰਾਜ ਵੇਲੇ ਹਰ ਉਸ ਗੱਭਰੂ ਉਤੇ ਨਿਗ੍ਹਾ ਰੱਖੀ ਜਾਂਦੀ ਸੀ ਜਿਸ ਵਿਚ ਕੁਝ ਕਣੀ ਹੋਵੇ ਅਤੇ ਥੋੜ੍ਹੀ-ਬਹੁਤ ਆਜ਼ਾਦਾਨਾ ਤਬੀਅਤ ਦਾ ਮਾਲਕ ਹੋਵੇ। ਸਰਕਾਰ ਦੀ ਪਹਿਲੀ ਇਕਾਈ ਜੋ ਇਲਾਕੇ ਵਿਚ ਦਹਿਸ਼ਤ ਰੱਖਦੀ ਸੀ, ਉਸ ਦੇ ਆਮ ਮੈਂਬਰ ਪਿੰਡ ਦਾ ਪਟਵਾਰੀ, ਨੰਬਰਦਾਰ, ਇਲਾਕੇ ਦਾ ਥਾਣੇਦਾਰ ਤੇ ਸਫ਼ੈਦਪੋਸ਼ ਹੁੰਦੇ ਸਨ। ਹਰ ਬੰਦੇ ਨੂੰ ਇਨ੍ਹਾਂ ਅੱਗੇ ਸਿਰ ਝੁਕਾਉਣਾ ਪੈਂਦਾ ਸੀ, ਪਰ ਜੱਗੇ ਨੂੰ ਇਹ ਮਨਜ਼ੂਰ ਨਹੀਂ ਸੀ। ਜੱਗੇ ਦਾ ਕੱਦ ਦਰਮਿਆਨਾ, ਰੰਗ ਕਣਕ-ਵੰਨਾ, ਨਕਸ਼ ਤਿੱਖੇ, ਪਹਿਲਵਾਨਾਂ ਵਾਲਾ ਜੁੱਸਾ, ਕਾਤਰੀ ਹੋਈ ਦਾੜ੍ਹੀ, ਦੂਹਰੇ ਛੱਲੇ ਵਾਲੀਆਂ ਮੁੱਛਾਂ ਤੇ ਅਣਖੀਲਾ ਸੁਭਾਅ ਸੀ। ਜੱਗਾ ਪਿੰਡ ਦੇ ਪਟਵਾਰੀ ਕੋਲੋਂ ਜ਼ਮੀਨ ਦੀਆਂ ਫ਼ਰਦਾਂ ਲੈਣ ਗਿਆ। ਨਾ ਪਟਵਾਰੀ ਨੂੰ ਸਾਹਿਬ ਸਲਾਮ, ਨਾ ਕੋਈ ਫ਼ੀਸ। ਇਸ ਤਰ੍ਹਾਂ ਫ਼ਰਦਾਂ ਦੇਣਾ ਤਾਂ ਪਟਵਾਰੀ ਦੀ ਹੱਤਕ ਸੀ। ਅਖ਼ੀਰ ਗੱਲ ਤੂੰ-ਤੂੰ ਮੈਂ-ਮੈਂ ਉਤੇ ਆ ਗਈ। ਜੱਗੇ ਨੇ ਪਟਵਾਰੀ ਨੂੰ ਢਾਹ ਕੇ ਕੁੱਟਿਆ। ਪਟਵਾਰੀ ਨੂੰ ਫ਼ਰਦਾਂ ਵੀ ਦੇਣੀਆਂ ਪਈਆਂ ਤੇ ਮਿੰਨਤਾਂ ਕਰ ਕੇ ਖਹਿੜਾ ਵੀ ਛੁਡਾਉਣਾ ਪਿਆ।

ਇਕ ਟੱਪੇ ਵਿਚ ਜ਼ਿਕਰ ਆਉਂਦਾ ਹੈ: "ਕੱਚੇ ਪੁਲਾਂ ਉਤੇ ਲੜਾਈਆਂ ਹੋਈਆਂ, ਛਵ੍ਹੀਆਂ ਦੇ ਘੁੰਡ ਮੁੜ ਗਏ।" ਕੱਚੇ ਪੁਲ ਪਿੰਡ ਤਲਵੰਡੀ ਅਤੇ ਬੁਰਜ ਪਿੰਡ ਦੇ ਵਿਚਕਾਰ ਹੁੰਦੇ ਹਨ। ਬਹਿਣੀਵਾਲੇ ਦੇ ਨਕੱਈ ਆਪਣੀ ਭੂਆ ਦੇ ਪਿੰਡ ਤਲਵੰਡੀ ਰਹਿੰਦੇ ਸਨ ਜੋ ਬੜੇ ਭੂਤਰੇ ਹੋਏ ਸਨ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਹੁਰੇ ਪਰਿਵਾਰ ਨਾਲ ਤੁਅੱਲਕ ਰੱਖਦੇ ਸਨ। ਇਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਕੋਈ ਕਦੇ ਪੁਲਾਂ ਤੋਂ ਲੰਘ ਨਹੀਂ ਸੀ ਸਕਦਾ। ਜਦੋਂ ਜੱਗਾ ਘੋੜੀ ਉਤੇ ਚੜ੍ਹ ਕੇ ਪੁਲ ਲੰਘਣ ਲੱਗਿਆ, ਉਨ੍ਹਾਂ ਵਿਚੋਂ ਇਕ ਨੇ ਘੋੜੀ ਦੀ ਪਿੱਠ ਉਤੇ ਡਾਂਗ ਮਾਰ ਕੇ ਘੋੜੀ ਨੂੰ ਸਣੇ ਜੱਗੇ ਜ਼ਮੀਨ ਉਤੇ ਸੁੱਟ ਲਿਆ। ਜੱਗਾ ਇਕੱਲਾ ਅਤੇ ਨਕੱਈ ਚਾਰ-ਪੰਜ ਭਰਾ ਸਨ। ਉਹਨੇ ਸਾਰਿਆਂ ਨੂੰ ਛਵ੍ਹੀ ਨਾਲ ਵਾਹਣੇ ਪਾ ਲਿਆ। ਉਹ ਇੰਨੇ ਡਰੇ ਕਿ ਉਸ ਤੋਂ ਬਾਅਦ ਇਲਾਕਾ ਛੱਡ ਕੇ ਲਾਹੌਰ ਰਹਿਣ ਲੱਗ ਪਏ।

ਇਲਾਕੇ ਵਿਚ ਜੱਗੇ ਦੀ ਚੜ੍ਹਤਲ, ਮੋਕਲ ਦੇ ਜ਼ੈਲਦਾਰ ਨੂੰ ਕੰਡੇ ਵਾਂਗੂੰ ਚੁੱਭਣ ਲੱਗ ਪਈ। ਇਹ ਜ਼ੈਲਦਾਰ ਨੂੰ ਆਪਣੀ ਧੌਂਸ ਲਈ ਵੰਗਾਰ ਜਾਪਦੀ ਸੀ। ਉਸ ਨੇ ਜੱਗੇ ਉਤੇ ਝੂਠਾ ਕੇਸ ਪੁਆ ਕੇ ਚਾਰ ਸਾਲ ਦੀ ਕੈਦ ਕਰਵਾ ਦਿੱਤੀ। ਜੱਗਾ ਕੈਦ ਕੱਟ ਕੇ ਆਇਆ ਹੀ ਸੀ, ਉਨ੍ਹਾਂ ਦਿਨਾਂ ਵਿਚ ਭਾਈ ਫੇਰੂ ਵਿਚ ਚੋਰੀ ਹੋ ਗਈ। ਇਹ ਪਿੰਡ ਕੱਚੀ ਕੋਠੀ ਥਾਣੇ ਵਿਚ ਪੈਂਦਾ ਸੀ। ਇਸ ਥਾਣੇ ਵਿਚ ਬੜਾ ਅਜ਼ਬ ਕਿਸਮ ਦਾ ਥਾਣੇਦਾਰ ਲੱਗਿਆ ਸੀ


(ਬਾਕੀ ਅਗਲੇ ਸਫ਼ੇ 'ਤੇ)

## ਮੇਰਾ ਬਾਪੂ ਡਾਕੂ ਨਹੀਂ, ਦੇਸ਼ ਭਗਤ ਸੀ: ਗਾਬੋ

### ਜਗਤ ਸਿੰਘ ਜੱਗਾ ਉਰਫ਼ ਜੱਗੇ ਡਾਕੂ ਦੀ ਬੇਟੀ ਦੀ ਅਰਜ਼ੋਈ

**ਮੁਕਤਸਰ:** ਜੱਗੇ ਡਾਕੂ ਵਜੋਂ ਪੰਜਾਬੀ ਲੋਕ-ਧਾਰਾ ਦਾ ਅਨਿੱਖੜ ਅੰਗ ਬਣੇ ਜਗਤ ਸਿੰਘ ਜੱਗਾ ਦੀ ਧੀ ਰੇਸ਼ਮ ਕੌਰ ਗਾਬੋ ਨੇ ਕਿਹਾ ਹੈ ਕਿ ਉਸ ਦੇ ਬਾਪੂ ਜਗਤ ਸਿੰਘ ਨੂੰ ਸਿਰਫ਼ ਡਾਕੂ ਕਹਿਣਾ ਉਸ ਸ਼ਖ਼ਸ ਨਾਲ ਸਰਾਸਰ ਅਨਿਆਂ ਹੈ। ਉਹ ਦੇਸ਼ ਭਗਤ ਸੀ ਅਤੇ ਉਸ ਨੇ ਉਸ ਦੌਰ ਵਿਚ ਬੱਬਰ ਅਕਾਲੀਆਂ ਦੀ ਡਟ ਕੇ ਹਮਾਇਤ ਕੀਤੀ ਸੀ। ਸਰਕਾਰ ਨੂੰ ਹੁਣ ਉਸ ਨੂੰ ਦੇਸ਼ ਭਗਤ ਐਲਾਨਣਾ ਚਾਹੀਦਾ ਹੈ। ਗਾਬੋ, ਜਿਸ ਦੀ ਉਮਰ ਨੱਬੇ ਸਾਲ ਹੈ, ਅੱਜਕੱਲ੍ਹ ਜ਼ਿਲ੍ਹਾ ਮੁਕਤਸਰ ਦੇ ਪਿੰਡ ਵਣਵਾਲਾ ਵਿਚ ਰਹਿੰਦੀ ਹੈ।





ਬੀਬੀ ਗਾਬੋ ਨੇ ਇਸ ਸਬੰਧੀ ਕੇਂਦਰ ਸਰਕਾਰ ਨੂੰ ਚਿੱਠੀ ਵੀ ਲਿਖੀ ਹੈ। ਇਸ ਚਿੱਠੀ ਵਿਚ ਲਿਖਿਆ ਗਿਆ ਹੈ ਕਿ ਜਗਤ ਸਿੰਘ ਨੇ ਉਸ ਵੇਲੇ ਅੰਗਰੇਜ਼ ਸ਼ਾਸਕਾਂ ਖ਼ਿਲਾਫ਼ ਚੱਲੀ ਮੁਹਿੰਮ ਵਿਚ ਹਿੱਸਾ ਲਿਆ ਸੀ। ਇਹ ਗੱਲ ਕਿਤੇ ਇਤਿਹਾਸ ਵਿਚ ਹੀ ਦੱਬੀ ਰਹਿ ਗਈ ਕਿ ਮੇਰੇ ਬਾਪੂ ਜਗਤ ਸਿੰਘ ਨੇ ਬੱਬਰ ਲਹਿਰ ਵਿਚ ਯੋਗਦਾਨ ਪਾਇਆ ਸੀ। ਬੱਬਰਾਂ ਨੂੰ ਕਾਲਕਾ ਲਿਜਾਉਣ ਅਤੇ ਉਥੋਂ ਉਨ੍ਹਾਂ ਨੂੰ ਸੁਰੱਖਿਅਤ ਵਾਪਸ ਲਿਆਉਣ ਦੀ ਜ਼ਿੰਮੇਵਾਰੀ ਮੇਰੇ ਬਾਪੂ ਨੇ ਹੀ ਨਿਭਾਈ ਸੀ। ਇਸ ਸਬੰਧੀ ਦਸਤਾਵੇਜ਼ ਵੀ ਮੌਜੂਦ ਹਨ, ਪਰ ਉਸ ਦੇ ਬਾਪੂ ਨੂੰ ਅਜੇ ਵੀ ਡਾਕੂ ਹੀ ਕਿਹਾ ਜਾ ਰਿਹਾ ਹੈ।

ਗ਼ੌਰਤਲਬ ਹੈ ਕਿ ਜਗਤ ਸਿੰਘ ਅਣਵੰਡੇ ਹਿੰਦੁਸਤਾਨ ਵਿਚ ਕਸੂਰ ਦੇ ਪਿੰਡ ਬੁਰਜ ਰਣਸਿੰਘਵਾਲਾ (ਹੁਣ ਤਹਿਸੀਲ ਚੂੰਨੀਆਂ) ਵਿਚ ਰਹਿੰਦਾ ਸੀ। ਉਸ ਇਲਾਕੇ ਵਿਚ ਉਹ ਬੜਾ ਮਸ਼ਹੂਰ ਰਿਹਾ ਹੈ। ਉਸ ਦੀ ਕਹਾਣੀ ਹੁਣ ਲੋਕ-ਧਾਰਾ ਦਾ ਅਟੁੱਟ ਅੰਗ ਬਣ ਚੁੱਕੀ ਹੈ ਅਤੇ ਉਸ ਬਾਰੇ ਟੱਪੇ ਇੰਨੇ ਪ੍ਰਚੱਲਿਤ ਹਨ ਕਿ ਬੱਚੇ-ਬੱਚੇ ਨੇ ਸੁਣੇ ਹੋਣਗੇ।

ਬੀਬੀ ਰੇਸ਼ਮ ਕੌਰ ਗਾਬੋ ਨੇ ਕਿਹਾ ਕਿ ਉਹ ਆਪਣ ਜਿਉਂਦੇ-ਜੀਅ ਆਪਣੇ ਬਾਪੂ ਦਾ ਚਿੱਤਰ ਬਣਿਆ ਦੇਖਣਾ ਚਾਹੁੰਦੀ ਹੈ। ਉਨ੍ਹਾਂ ਕਿਹਾ, "ਜਿਊਂਦੇ ਬੰਦਿਆਂ ਵਿਚੋਂ ਸਿਰਫ਼ ਮੈਨੂੰ ਹੀ ਜਗਤ ਸਿੰਘ ਦੇ ਨੈਣ-ਨਕਸ਼ਾਂ ਬਾਰੇ ਪਤਾ ਹੈ। ਮੈਂ ਚਾਹੁੰਦੀ ਹਾਂ ਕਿ ਕੋਈ ਚਿੱਤਰਕਾਰ ਮੈਥੋਂ ਪੁੱਛ-ਪੁੱਛ ਕੇ ਮੇਰੇ ਬਾਪੂ ਦਾ ਚਿੱਤਰ ਬਣਾਵੇ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਪੰਜਾਬ ਦਾ ਨਾਇਕ ਜਗਤ ਸਿੰਘ ਕਿੱਦਾਂ ਦਾ ਦਿਸਦਾ ਸੀ।"

ਉਨ੍ਹਾਂ ਸਰਕਾਰ ਅਤੇ ਚਿੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਸ ਇਹ ਕੰਮ ਕਰਨ ਲਈ ਅੱਗੇ ਆਉਣ। ਹੁਣ ਤਕ ਜਗਤ ਸਿੰਘ ਨੂੰ ਖ਼ੂੰਖ਼ਾਰ ਡਾਕੂ ਵਜੋਂ ਹੀ ਚਿਤਵਿਆ ਜਾਂਦਾ ਰਿਹਾ ਹੈ। ਫ਼ਿਲਮਾਂ ਵਿਚ ਵੀ ਉਸ ਨੂੰ ਹੋਰ ਵੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਚਿੱਤਰ ਬਣਾਉਣ ਲਈ ਉਹ ਕਿਸੇ ਨੂੰ ਮਿਹਨਤਾਨਾ ਨਹੀਂ ਦੇ ਸਕਦੀ ਕਿਉਂਕਿ ਉਸ ਕੋਲ ਇੰਨੇ ਪੈਸੇ ਨਹੀਂ ਹਨ ਪਰ ਜਿਹੜਾ ਵੀ ਚਿੱਤਰਕਾਰ ਇਹ ਚਿੱਤਰ ਬਣਾਏਗਾ, ਕਾਪੀ ਰਾਈਟ ਵੀ ਉਸੇ ਦਾ ਹੋਵੇਗਾ ਅਤੇ ਉਹ ਇਸ ਨੂੰ ਜਿਸ ਤਰ੍ਹਾਂ ਵੀ ਚਾਹੇ, ਵਰਤ ਸਕਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਆਮ ਧਾਰਨਾ ਹੈ ਕਿ ਜਗਤ ਸਿੰਘ ਕਲੀਨ ਸ਼ੇਵਨ ਸੀ ਜਿਹੜਾ ਕਦੇ-ਕਦਾਈਂ ਹੀ ਪਗੜੀ ਬੰਨ੍ਹਦਾ ਸੀ, ਪਰ ਅਸਲੀਅਤ ਇਸ ਤੋਂ ਐਨ ਉਲਟ ਹੈ। ਉਹ ਹਮੇਸ਼ਾ ਪੱਗ, ਪਰਨੇ ਜਾਂ ਦੋਹਰੀ ਨਾਲ ਸਿਰ ਕੱਜ ਕੇ ਰੱਖਦਾ ਸੀ ਅਤੇ ਉਹ ਮੁੱਛਾਂ-ਦਾੜ੍ਹੀ ਰੱਖਣ ਦਾ ਸ਼ੌਕੀਨ ਸੀ।

ਉਨ੍ਹਾਂ ਦੱਸਿਆ ਕਿ ਆਪਣੇ ਬਾਪੂ ਦਾ ਚਿੱਤਰ ਬਣਾਉਣ ਬਾਰੇ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਰਹੂਮ ਗੁਰਚਰਨ ਸਿੰਘ ਟੌਹੜਾ ਅਤੇ ਪੰਜਾਬੀ ਫ਼ਿਲਮਾਂ ਦੇ ਹੀਰੋ ਗੁੱਗੂ ਗਿੱਲ ਤੇ ਯੋਗ ਰਾਜ ਨਾਲ ਵੀ ਸੰਪਰਕ ਕੀਤਾ ਸੀ ਪਰ ਕਿਸੇ ਨੇ ਵੀ ਉਸ ਦੀ ਗੱਲ ਨੂੰ ਗੌਲਿਆ ਨਹੀਂ।

## ਹੁਣ ਜੱਗ ਦੇਖੇਗਾ ਲੋਕਨਾਇਕ ਜੱਗੇ ਦੇ ਨੈਣ-ਨਕਸ਼

**ਚੰਡੀਗੜ੍ਹ:** ਪੰਜਾਬ ਸਰਕਾਰ ਅਤੇ ਚੋਟੀ ਦੇ ਕੁਝ ਕਲਾਕਾਰਾਂ ਨੇ ਜਗਤ ਸਿੰਘ ਜੱਗਾ ਦੀ ਧੀ ਰੇਸ਼ਮ ਕੌਰ ਗਾਬੋ ਦੀ ਅਰਜ਼ੋਈ ਦਾ ਤੁਰੰਤ ਜਵਾਬ ਦਿੰਦਿਆਂ ਐਲਾਨ ਕੀਤਾ ਹੈ ਕਿ ਉਹ ਬੀਬੀ ਗਾਬੋ ਨੂੰ ਮਿਲ ਕੇ ਅਤੇ ਉਨ੍ਹਾਂ ਕੋਲੋਂ ਲੋਕ-ਨਾਇਕ ਜਗਤ ਸਿੰਘ ਜੱਗਾ ਦੇ ਨੈਣ-ਨਕਸ਼ਾਂ ਬਾਰੇ ਪਤਾ ਕਰ ਕੇ ਤਸਵੀਰ ਬਣਾਉਣਗੇ।



ਬਰਨਾਲਾ ਦੇ ਚਿੱਤਰਕਾਰ ਭੁਪਿੰਦਰ ਸਿੰਘ ਧਨੌਲਾ ਜਿਨ੍ਹਾਂ ਨੂੰ 'ਫੁਲਕਾਰੀ' ਚਿੱਤਰ ਲਈ ਕੌਮੀ ਪੁਰਸਕਾਰ ਮਿਲ ਚੁੱਕਾ ਹੈ, ਨੇ ਕਿਹਾ ਹੈ ਕਿ ਉਹ ਬੀਬੀ ਗਾਬੋ ਦੇ ਦੱਸਣ ਮੁਤਾਬਕ ਲੋਕ-ਨਾਇਕ ਜੱਗੇ ਦਾ ਚਿੱਤਰ ਬਣਾਉਣ ਲਈ ਤਿਆਰ ਹਨ। ਉਨ੍ਹਾਂ ਬੀਬੀ ਗਾਬੋ ਨਾਲ ਸੰਪਰਕ ਵੀ ਕਰ ਲਿਆ ਹੈ ਅਤੇ ਛੇਤੀ ਹੀ ਉਨ੍ਹਾਂ ਨੂੰ ਮਿਲ ਕੇ ਜਗਤ ਸਿੰਘ ਦਾ ਚਿੱਤਰ ਤਿਆਰ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ, "ਲੋਕ-ਨਾਇਕ ਜੱਗਾ ਅਣਵੰਡੇ ਹਿੰਦੁਸਤਾਨ ਵਿਚ ਪੰਜਾਬ ਦਾ ਨਾਇਕ ਰਿਹਾ ਹੈ। ਅਜਿਹੇ ਨਾਇਕ ਦਾ ਚਿੱਤਰ ਬਣਾਉਣਾ ਮੇਰੇ ਲਈ ਬਹੁਤ ਵੱਡਾ ਇਨਾਮ ਹੋਵੇਗਾ। ਇਹ ਨਾਇਕ ਤਾਂ ਦੋਹਾਂ ਪੰਜਾਬਾਂ ਦੇ ਹਰ ਘਰ ਦਾ ਸ਼ਿੰਗਾਰ ਹੈ।"

ਕੌਮਾਂਤਰੀ ਪੱਧਰ ਦੇ ਮੂਰਤੀਕਾਰ ਤਾਰਾ ਸਿੰਘ, ਜਿਨ੍ਹਾਂ ਦੀਆਂ ਮੂਰਤੀਆਂ ਗੁਰਦੁਆਰਾ ਮਹਿਦੀਆਣਾ ਸਾਹਿਬ (ਜਗਰਾਉਂ) ਵਿਖੇ ਲੱਗੀਆਂ ਹੋਈਆਂ ਹਨ, ਨੇ ਕਿਹਾ ਹੈ ਕਿ ਉਹ ਲੋਕ-ਨਾਇਕ ਜਗਤ ਸਿੰਘ ਦੀ ਮੂਰਤੀ ਮੁਫ਼ਤ ਬਣਾਉਣ ਲਈ ਤਿਆਰ ਹਨ।

ਪੰਜਾਬ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਵੀ.ਕੇ. ਜੁਨੇਜਾ, ਜਿਹੜੇ ਆਜ਼ਾਦੀ ਘੁਲਾਟੀਆਂ ਬਾਰੇ ਮਾਮਲਿਆਂ ਦੇ ਇੰਚਾਰਜ ਹਨ, ਨੇ ਦੱਸਿਆ ਕਿ ਉਹ ਗਾਬੋ ਦੀ ਅਰਜ਼ੋਈ ਬਾਰੇ ਵਿਚਾਰ ਕਰ ਰਹੇ ਹਨ ਅਤੇ ਇਸ ਸਬੰਧੀ ਜੋ ਵੀ ਦਸਤਾਵੇਜ਼ ਜਾਂ ਸਬੂਤ ਮਿਲੇ, ਉਨ੍ਹਾਂ ਦੇ ਆਧਾਰ ਉਤੇ ਇਸ ਲੋਕ-ਨਾਇਕ ਨਾਲ ਪੂਰਾ ਇਨਸਾਫ਼ ਕੀਤਾ ਜਾਵੇਗਾ। ਲੁਧਿਆਣਾ ਦੇ ਕੌਂਸਲਰ ਜਗਬੀਰ ਸਿੰਘ ਸੋਖੀ ਨੇ ਵੀ ਕਿਹਾ ਹੈ ਕਿ ਉਹ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਕੋਲ ਉਠਾਉਣਗੇ। ਯਾਦ ਰਹੇ ਕਿ ਬੀਬੀ ਰੇਸ਼ਮ ਕੌਰ ਗਾਬੋ ਦਾ ਪਤੀ ਅਵਤਾਰ ਸਿੰਘ ਅਕਾਲੀ ਸਿਆਸਤ ਵਿਚ ਸਰਗਰਮ ਰਿਹਾ ਹੈ ਅਤੇ ਹੁਣ ਉਹਦਾ ਪੋਤਾ ਕੁਲਬੀਰ ਸਿੰਘ ਵੀ ਸਿਆਸਤ ਵਿਚ ਸਰਗਰਮ ਹੈ।

ਜਿਸ ਦਾ ਨਾਂ ਸੀ ਅਸਗਰ ਅਲੀ। ਜ਼ੈਲਦਾਰ ਤੇ ਥਾਣੇਦਾਰ ਲਈ ਇਹ ਵਧੀਆ ਮੌਕਾ ਸੀ ਜੱਗੇ ਦੀ ਧੌਣ ਵਿਚੋਂ ਕਿੱਲਾ ਕੱਢਣ ਲਈ। ਥਾਣੇਦਾਰ ਦੇ ਸੁਨੇਹਾ ਭੇਜਣ ਉਤੇ ਜੱਗੇ ਨੇ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ। ਇਲਾਕੇ ਵਿਚ ਕੁਝ ਮੋਹਤਬਰ ਸੱਜਣ ਜਿਹੜੇ ਜੱਗੇ ਦੇ ਪਰਿਵਾਰ ਨਾਲ ਸਾਂਝ ਰੱਖਦੇ ਸਨ, ਉਸ ਨੂੰ ਪੇਸ਼ ਹੋਣ ਲਈ ਮਨਾਉਣ ਵਿਚ ਕਾਮਯਾਬ ਹੋ ਗਏ। ਇਨ੍ਹਾਂ ਵਿਚ ਕਿਹਰ ਸਿੰਘ ਕਾਵਾਂ, ਮਹਿਲ ਸਿੰਘ ਕਾਵਾਂ ਤੇ ਦੁੱਲਾ ਸਿੰਘ ਜੱਜਲ ਸ਼ਾਮਲ ਹਨ। ਜੱਗੇ ਨੂੰ ਦੁੱਲਾ ਸਿੰਘ ਜੱਜਲ ਨੇ ਆਪਣੇ ਧਰਮ ਦਾ ਪੁੱਤਰ ਬਣਾਇਆ ਹੋਇਆ ਸੀ। (ਬਾਅਦ ਵਿਚ ਦੁੱਲਾ ਸਿੰਘ ਦੇ ਪਰਿਵਾਰ ਦੇ ਸ਼ਰੀਕੇ ਦੇ ਅੱਠ ਬੰਦੇ ਕਤਲ ਕੀਤੇ ਤੇ ਦੁੱਲਾ ਸਿੰਘ ਸਮੇਤ ਅੱਠ ਬੰਦੇ ਫ਼ਾਂਸੀ ਲੱਗੇ)। ਜੱਗਾ ਸਿੰਘ ਤਿਆਰ ਹੋ ਕੇ ਇਨ੍ਹਾਂ ਨਾਲ ਤੁਰ ਪਿਆ ਪਰ ਰਸਤੇ ਵਿਚ ਥਾਣੇਦਾਰ ਦੇ ਸਖ਼ਤ ਸੁਭਾਅ ਬਾਰੇ ਸੋਚ ਕੇ ਰੁਕ ਗਿਆ। ਉਹਨੇ ਸਾਰਿਆਂ ਨੂੰ ਸਾਫ਼ ਕਹਿ ਦਿੱਤਾ, "ਜੇ ਥਾਣੇਦਾਰ ਨੇ ਗਾਲ੍ਹੀ-ਗਲੋਚ ਕੀਤੀ, ਮੈਥੋਂ ਬਰਦਾਸ਼ਤ ਨਹੀਂ ਹੋਣੀ। ਖ਼ਾਹਮਖ਼ਾਹ ਪੰਗਾ ਪੈ ਜਾਏਗਾ। ਮੈਂ ਵਾਪਸ ਚਲਿਆ ਹਾਂ।" ਥਾਣੇਦਾਰ ਦੇ ਕਸਾਈ ਸੁਭਾਅ ਨੂੰ ਸਾਰੇ ਜਾਣਦੇ ਸਨ। ਉਸ ਦਿਨ ਤੋਂ ਬਾਅਦ ਜੱਗਾ ਭਗੌੜਾ ਹੋ ਗਿਆ। ਸਭ ਤੋਂ ਪਹਿਲਾਂ ਉਸ ਨੇ ਸਿਪਾਹੀ ਦੀ ਬੰਦੂਕ ਖੋਹੀ। ਦੂਜੀ ਬੰਦੂਕ ਆਤਮਾ ਸਿੰਘ ਆਚਰਕੇ ਤੋਂ ਖੋਹੀ। ਜੱਗੇ ਨੇ ਪਹਿਲਾ ਡਾਕਾ ਪਿੰਡ ਘੁਮਿਆਰੀ ਵਾਲਾ ਵਿਖੇ ਮਾਰਿਆ। ਇਹ ਪਿੰਡ ਲਾਹੌਰ ਅਤੇ ਕਸੂਰ ਦੇ ਬਾਰਡਰ ਉਤੇ ਹੈ। ਜੱਗੇ ਦੇ ਨਾਲ ਹੋਰ ਸਾਥੀ ਝੰਡਾ ਸਿੰਘ ਨਿਰਮਲਕੇ ਅਤੇ ਠਾਕੁਰ ਸਿੰਘ ਮੰਡਿਆਲੀ ਦਾ ਸਨ। ਇਨ੍ਹਾਂ ਨੇ ਸਰਾਫ਼ਾਂ ਦਾ ਸੋਨਾ ਲੁੱਟਿਆ ਅਤੇ ਲੋਕਾਂ ਦੇ ਕਰਜ਼ੇ ਦੀਆਂ ਵਹੀਆਂ ਅੱਗ ਲਗਾ ਕੇ ਸਾੜ ਦਿੱਤੀਆਂ। ਝੰਡਾ ਸਿੰਘ ਦੇ ਖੂਹ ਉਤੇ ਬੈਠ ਕੇ ਸੋਨਾ ਵੰਡਿਆ ਜੋ ਸਾਰਿਆਂ ਨੂੰ ਡੇਢ ਡੇਢ ਸੇਰ ਆਇਆ। ਇਸ ਤੋਂ ਬਾਅਦ ਜੱਗੇ ਨੇ ਆਪਣਾ ਅਲੱਗ ਗਰੁੱਪ ਬਣਾ ਲਿਆ। ਇਸ ਦੇ ਨਵੇਂ ਸਾਥੀ ਬਣੇ: ਬੰਤਾ ਸਿੰਘ, ਸੋਹਣ ਤੇਲੀ, ਲਾਲੂ ਨਾਈ (ਲਾਲੂ ਇਕ ਅੱਖ ਤੋਂ ਕਾਣਾ ਸੀ), ਭੋਲੂ ਤੇ ਬਾਵਾ। ਲਾਲੂ ਨਾਈ ਰੋਟੀ-ਟੁੱਕ ਬਣਾਉਣ ਦਾ ਬੜਾ ਮਾਹਿਰ ਸੀ। ਜਦੋਂ ਸਾਰੇ ਸੌਂ ਜਾਂਦੇ, ਸਾਰੇ ਜਣੇ ਇਕ-ਇਕ ਕਰ ਕੇ ਹੱਥ ਵਿਚ ਬੰਦੂਕ ਲੈ ਕੇ ਪਹਿਰਾ ਦਿੰਦੇ। ਜੱਗੇ ਨੇ ਭਾਵੇਂ ਕਾਫ਼ੀ ਡਾਕੇ ਮਾਰੇ ਪਰ ਮਸ਼ਹੂਰ ਲਾਇਲਪੁਰ ਅਤੇ ਸਾਇਦਪੁਰ ਦੇ ਹੀ ਸਨ। ਜੱਗੇ ਦਾ ਭਤੀਜਾ ਠਾਕੁਰ ਸਿੰਘ, ਡੀ.ਐਸ.ਪੀ. ਕਸੂਰ ਦਾ ਰੀਡਰ ਸੀ। ਡੀ.ਐਸ.ਪੀ. ਨੇ ਠਾਕੁਰ ਸਿੰਘ ਨੂੰ ਜੱਗਾ ਪੇਸ਼ ਕਰਵਾਉਣ ਲਈ ਮਦਦ ਕਰਨ ਲਈ ਕਿਹਾ। ਅੱਗੋਂ ਜੱਗੇ ਨੇ ਠਾਕੁਰ ਸਿੰਘ ਨੂੰ ਕਿਹਾ ਕਿ ਪਹਿਲਾਂ ਤੂੰ ਮੇਰੀ ਇਕ ਖ਼ਾਹਿਸ਼ ਪੂਰੀ ਕਰ ਦੇ। ਮੇਰਾ ਡੀ.ਐਸ.ਪੀ. ਨਾਲ ਮੁਕਾਬਲਾ ਕਰਵਾ ਦੇ। ਠਾਕੁਰ ਸਿੰਘ ਦੋ ਪੁੜਾਂ ਵਿਚ ਫਸਿਆ ਹੋਇਆ ਸੀ। ਉਸ ਕੋਲ ਦੜ ਵੱਟ ਲੈਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਜੱਗਾ ਜਿਸ ਪਿੰਡ ਜਾਂਦਾ ਸੀ, ਪੁਲੀਸ ਨੂੰ ਪਹਿਲਾਂ ਸੁਨੇਹਾ ਭੇਜ ਦਿੰਦਾ ਸੀ: "ਜੇ ਫੜਨਾ ਹੈ ਤਾਂ ਆ ਕੇ ਫੜ ਲੈਣ, ਨਹੀਂ ਬਾਅਦ ਵਿਚ ਪਿੰਡ ਵਾਲਿਆਂ ਨੂੰ ਤੰਗ ਨਾ ਕਰਨਾ।"

ਇਕ ਵਾਰ ਜੱਗਾ ਆਪਣੇ ਨਾਨਕੇ ਪਿੰਡ ਘੁੰਮਣਕੇ ਰਾਸ ਦੇਖਣ ਗਿਆ। ਉਸ ਦਾ ਸੁਨੇਹਾ ਭੇਜਣ ਉਤੇ ਵੀ ਕੋਈ ਪੁਲੀਸ ਵਾਲਾ ਸਾਰੀ ਰਾਤ ਨੇੜੇ ਨਹੀਂ ਢੁੱਕਿਆ। ਜੱਗੇ ਨੇ ਕਈ ਗ਼ਰੀਬਾਂ ਦੇ ਕਰਜ਼ੇ ਸ਼ਾਹੂਕਾਰਾਂ ਕੋਲੋਂ ਵਹੀਆਂ-ਖਾਤੇ ਪੜਵਾ ਕੇ ਮੁਆਫ਼ ਕਰਵਾਏ। ਲਾਖੂਕੇ ਪਿੰਡ ਦੀ ਇਕ ਔਰਤ ਧਰਮ-ਭੈਣ ਬਣਾਈ ਹੋਈ ਸੀ ਜਿਹੜੀ ਕਈ ਵਾਰ ਵੇਲੇ-ਕੁਵੇਲੇ ਰੋਟੀਆਂ ਬਣਾ ਕੇ ਭੇਜਦੀ ਸੀ। ਜੱਗੇ ਨੇ ਉਸ ਔਰਤ ਨੂੰ ਇਕ ਵੇਰਾਂ ਕਾਫ਼ੀ ਅਸ਼ਰਫ਼ੀਆਂ ਦਿੱਤੀਆਂ। ਇਸੇ ਤਰ੍ਹਾਂ ਇਕ ਬਜ਼ੁਰਗ ਸਰਦੀਆਂ ਦੇ ਦਿਨਾਂ ਵਿਚ ਠਰੂੰ-ਠਰੂੰ ਕਰਦਾ ਗਾਜਰਾਂ ਵੇਚ ਰਿਹਾ ਸੀ। ਪੁੱਛਣ ਉਤੇ ਪਤਾ ਲੱਗਿਆ ਕਿ ਉਸ ਦਾ ਕੋਈ ਪੁੱਤ-ਧੀ ਨਹੀਂ। ਜੱਗੇ ਨੇ ਉਸ ਬਜ਼ੁਰਗ ਨੂੰ ਲੱਪ ਭਰ ਕੇ ਅਸ਼ਰਫ਼ੀਆਂ ਦਾ ਦੇ ਦਿੱਤਾ। ਇਨ੍ਹਾਂ ਦਿਨਾਂ ਵਿਚ ਇਲਾਕੇ ਦੀ ਪੁਲੀਸ ਵਾਲੇ ਜਿੰਦਰੇ-ਕੁੰਡੇ ਲਗਾ ਕੇ ਸੌਂਦੇ ਸਨ। ਉਨ੍ਹਾਂ ਨੂੰ ਡਰ ਸੀ ਕਿ ਜੱਗਾ ਕਿਤੇ ਅਸਲਾ ਹੀ ਨਾ ਲੁੱਟ ਕੇ ਲੈ ਜਾਵੇ। ਥਾਣੇਦਾਰ ਅਸਗਰ ਅਲੀ ਨੇ ਸੁਰੱਖਿਆ ਲਈ ਦੋ ਦਰਵਾਜ਼ੇ ਲਾ ਲਏ ਸਨ।

ਜੱਗੇ ਦੇ ਸਾਥੀ ਬੰਤਾ ਸਿੰਘ ਦੀ ਆਪਣੀ ਚਾਚੀ ਨਾਲ ਕਈ ਵਾਰ ਨੋਕ-ਝੋਕ ਹੋਈ। ਉਸ ਦੀ ਚਾਚੀ ਦੇ ਉਸੇ ਪਿੰਡ (ਥੰਮਣਕੇ ਵਾਲਾ) ਦੇ 'ਵੈਰਾਗੀ' ਨਾਲ ਨਾਜਾਇਜ਼ ਤੁਅਲਕਾਤ ਸਨ। ਦੋਹਾਂ ਨੂੰ ਕਈ ਵਾਰ ਟੋਕਿਆ ਪਰ ਬਾਜ਼ ਨਾ ਆਏ। ਇਕ ਦਿਨ ਬੰਤੇ ਦੀ ਚਾਚੀ ਠੰਢ ਵਿਚ ਧੂਣੀ ਅੱਗੇ ਅੱਗ ਸੇਕ ਰਹੀ ਸੀ। ਜੱਗੇ ਨੇ ਅਖ਼ੀਰੀ ਤਾਕੀਦ ਕੀਤੀ ਪਰ ਉਸ ਨੇ ਜਵਾਬ ਦਿੱਤਾ ਜੋ ਕਰਨਾ ਏ ਕਰ ਲਵੋ। ਇਨ੍ਹਾਂ ਨੇ ਗੁੱਸੇ ਵਿਚ ਆ ਕੇ ਗੋਲੀਆਂ ਮਾਰ ਦਿੱਤੀਆਂ। ਫਿਰ ਬਾਣੇ ਵੈਰਾਗੀ ਦੇ ਘਰ ਅੱਗੇ ਖਲੋ ਕੇ ਬਾਹਰ ਨਿਕਲਣ ਲਈ ਕਿਹਾ। ਉਸ ਦੇ ਘਰ ਕੋਈ ਪ੍ਰਾਹੁਣਾ ਆਇਆ ਹੋਇਆ ਸੀ ਜਿਸ ਨੇ ਉਸ ਨੂੰ ਬਾਹਰ ਨਿਕਲਣ ਤੋਂ ਵਰਜ ਦਿੱਤਾ ਤੇ ਕੁੰਡਾ ਲਾ ਕੇ ਘਰ ਦੇ ਸਾਰੇ ਜੀਅ ਅੰਦਰ ਬੈਠ ਗਏ। ਜਦੋਂ ਦੁਬਾਰਾ ਕਹਿਣ ਉਤੇ ਵੀ ਵੈਰਾਗੀ ਬਾਹਰ ਨਾ ਨਿਕਲਿਆ ਤਾਂ ਜੱਗੇ ਅਤੇ ਬੰਤੇ ਨੇ ਘਰ ਦੀ ਛੱਤ ਪਾੜ ਕੇ ਅੱਗ ਲਗਾ ਦਿੱਤੀ। ਇਨ੍ਹਾਂ ਨੂੰ ਆਸ ਸੀ ਕਿ ਅੱਗ ਲੱਗਣ ਨਾਲ ਸਾਰੇ ਜੀਅ ਬਾਹਰ ਆ ਜਾਣਗੇ ਪਰ ਉਹ ਧੂੰਏਂ ਵਿਚ ਸਾਹ ਘੁੱਟ ਕੇ ਅੰਦਰ ਹੀ ਮਰ ਗਏ। ਜੱਗੇ ਨੂੰ ਵੈਰਾਗੀ ਦੀਆਂ ਕੁੜੀਆਂ ਦੇ ਮਾਰੇ ਜਾਣ ਦਾ ਬੜਾ ਪਛਤਾਵਾ ਹੋਇਆ: "ਜੱਗੇ ਮਾਰੀਆਂ ਥੰਮਣਕੇ ਕੁੜੀਆਂ, ਜੱਗੇ ਨੂੰ ਉਹਨੂੰ ਪਾਪ ਲੱਗਿਆ।"

ਜੱਗੇ ਨੂੰ ਪਤਾ ਸੀ ਕਿ ਡਾਕੂਆਂ ਦੀ ਉਮਰ ਕੋਈ ਬਹੁਤ ਲੰਮੀ ਨਹੀਂ ਹੁੰਦੀ। ਇਸੇ ਲਈ ਉਸ ਨੇ ਆਪਣੀ ਧੀ ਦਾ ਰਿਸ਼ਤਾ ਸਰਦਾਰ ਕਿਹਰ ਸਿੰਘ ਕਾਵਾਂ ਦੇ ਛੋਟੇ ਭਰਾ ਗੁਲਾਬ ਸਿੰਘ ਦੇ ਲੜਕੇ ਅਵਤਾਰ ਸਿੰਘ ਨਾਲ ਕਰ ਦਿੱਤਾ। ਦੇਣ-ਲੈਣ, ਗਹਿਣਾ-ਗੱਟਾ ਵਿਆਹ ਤੋਂ ਪਹਿਲਾਂ ਹੀ ਗਾਭੋ ਦੇ ਸਹੁਰੇ ਘਰ ਭੇਜ ਦਿੱਤਾ।

ਜੱਗੇ ਦੇ ਪਿੰਡ ਤੋਂ ਕੁਝ ਕੋਹ ਦੂਰ ਸਿੱਧੂਪੁਰ ਪਿੰਡ ਸੀ। ਇਸ ਪਿੰਡ ਦਾ ਮਲੰਗੀ ਡਾਕੂ ਹੋਇਆ ਹੈ। ਇਸ ਦਾ ਇਕ ਸਾਥੀ ਹਰਨਾਮ ਸਿੰਘ ਸੀ। ਇਹ ਦੋ ਕੁ ਵਰ੍ਹੇ ਪਹਿਲਾਂ ਮਾਰੇ ਗਏ ਹਨ। ਮਲੰਗੀ ਮੁਸਲਮਾਨ ਫ਼ਕੀਰਾਂ ਦਾ ਮੁੰਡਾ ਸੀ ਤੇ ਹਰਨਾਮ ਸਿੰਘ ਇਕ ਛੋਟੇ ਜਿਹੇ ਕਿਸਾਨ ਪਰਿਵਾਰ ਦਾ ਮੁੰਡਾ। ਦੋਹਾਂ ਦੀ ਦੰਦ-ਟੁੱਕਵੀਂ ਰੋਟੀ ਸੀ। ਮਲੰਗੀ ਠੇਕੇ-ਵਟਾਈ ਉਤੇ ਜ਼ਮੀਨ ਦੀ ਵਾਹੀ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਆਮ ਰਿਵਾਜ ਸੀ ਕਿ ਸਾਰੇ ਪਿੰਡ ਦੀ ਰੋਟੀ ਸਾਂਝੇ ਤੰਦੂਰ ਉਤੇ ਪੱਕਦੀ ਹੁੰਦੀ ਸੀ। ਮਲੰਗੀ ਦੀ ਛੋਟੀ ਭੈਣ ਅਤੇ ਭਾਈ ਤੰਦੂਰ ਉਤੇ ਰੋਟੀਆਂ ਬਣਾ ਰਹੇ ਸਨ। ਇੰਨੇ ਨੂੰ ਜ਼ੈਲਦਾਰ ਦੇ ਕਾਮੇ ਵੀ ਰੋਟੀਆਂ ਬਣਾਉਣ ਆ ਗਏ। ਉਨ੍ਹਾਂ ਨੇ ਤੰਦੂਰ ਤੋਂ ਮਲੰਗੀ ਦੀਆਂ ਰੋਟੀਆਂ ਬੰਦ ਕਰ ਕੇ ਪਹਿਲਾਂ ਜ਼ੈਲਦਾਰਾਂ ਦੀਆਂ ਰੋਟੀਆਂ ਬਣਾਉਣ ਲਈ ਕਿਹਾ। ਜਦੋਂ ਮਲੰਗੀ ਦੀ ਭੈਣ ਨਾ ਮੰਨੀ, ਕਾਮਿਆਂ ਨੇ ਉਸ ਦੀ ਗੁੱਤ ਪੁੱਟ ਦਿੱਤੀ ਅਤੇ ਚਪੇੜਾਂ ਵੀ ਮਾਰੀਆਂ। ਇਸੇ ਦੌਰਾਨ ਮਲੰਗੀ ਦਾ ਛੋਟਾ ਭਾਈ, ਮਲੰਗੀ ਅਤੇ ਹਰਨਾਮੇ ਨੂੰ ਬੁਲਾ ਲਿਆਇਆ। ਝਗੜਾ ਵਧ ਗਿਆ। ਜ਼ੈਲਦਾਰ ਦੇ ਬੰਦਿਆਂ ਨੇ ਮਲੰਗੀ ਦੇ ਛੋਟੇ ਭਰਾ ਦਾ ਕਤਲ ਕਰ ਦਿੱਤਾ। ਮਲੰਗੀ ਤੇ ਹਰਨਾਮੇ ਦੇ ਵੀ ਸੱਟਾਂ ਆਈਆਂ। ਅਗਲਿਆਂ ਨੇ ਉਲਟਾ ਆਪਣੇ ਕਾਮੇ ਦੇ ਗੋਲੀਆਂ ਮਾਰ ਕੇ ਮਲੰਗੀ, ਹਰਨਾਮੇ ਅਤੇ ਹਰਨਾਮੇ ਦੇ ਬਾਪ ਉਤੇ ਕਤਲ ਦਾ ਕੇਸ ਬਣਾ ਦਿੱਤਾ। ਮਲੰਗੀ ਹਵਾਲਾਤ ਵਿਚ ਹੀ ਸੀ ਕਿ ਇਕ ਰਾਤ ਜ਼ੈਲਦਾਰ ਦੇ ਬੰਦਿਆਂ ਨੇ ਮਲੰਗੀ ਦੀ ਭੈਣ ਨੂੰ ਹੱਥ ਪਾ ਲਿਆ। ਅੰਨ੍ਹੀ ਮਾਂ ਕੰਧਾਂ ਨਾਲ ਟੱਕਰਾਂ ਮਾਰ ਮਾਰ ਕੇ ਬੇਹੋਸ਼ ਹੋ ਗਈ। ਜਦੋਂ ਇਸ ਘਟਨਾ ਦਾ ਮਲੰਗੀ ਹੋਰਾਂ ਨੂੰ ਪਤਾ ਲੱਗਿਆ ਤਾਂ ਹਰਨਾਮੇ ਦਾ ਬਾਪ ਦਿਲ ਦੇ ਦੌਰੇ ਨਾਲ ਥਾਂ ਹੀ ਢੇਰੀ ਹੋ ਗਿਆ। ਮਲੰਗੀ ਤੇ ਹਰਨਾਮਾ ਹਵਾਲਾਤ ਵਿਚੋਂ ਕੰਧ ਪਾੜ ਕੇ ਫ਼ਰਾਰ ਹੋ ਗਏ। ਹਵਾਲਾਤ ਵਿਚੋਂ ਬਾਹਰ ਆਉਂਦਿਆਂ ਇਨ੍ਹਾਂ ਨੇ ਸਭ ਤੋਂ ਪਹਿਲਾਂ ਸਿੱਧੂਪੁਰ ਦੇ ਜ਼ੈਲਦਾਰ ਦਾ ਸਾਰਾ ਟੱਬਰ (ਜ਼ਨਾਨੀਆਂ ਨੂੰ ਛੱਡ ਕੇ) ਮਾਰ ਦਿੱਤਾ। ਸਿਰਫ਼ ਇਕ ਮੁੰਡਾ ਜਾਨ ਬਚਾ ਕੇ ਨਿਕਲ ਸਕਿਆ। ਇਸ ਤੋਂ ਬਾਅਦ ਮਲੰਗੀ ਅਤੇ ਹਰਨਾਮਾ ਡਾਕੂ ਬਣ ਗਏ। ਇਨ੍ਹਾਂ ਨੇ ਪਹਿਲਾਂ ਕੁਝ ਲੁਟੇਰਿਆਂ ਅਤੇ ਵਿਆਜ ਖਾਣ ਵਾਲੇ ਸ਼ਾਹੂਕਾਰਾਂ ਨੂੰ ਸੋਧਿਆ। ਫਿਰ ਜਿਹੜਾ ਕੋਈ ਸਰਕਾਰ-ਪੱਖੀ ਬੰਦਾ ਗ਼ਰੀਬਾਂ ਨੂੰ ਤੰਗ ਕਰਦਾ ਸੀ, ਉਨ੍ਹਾਂ ਨੂੰ ਸਧਿਆ। ਫਿਰ ਤਾਂ ਕਹਾਵਤ ਬਣ ਗਈ: "ਦਿਨੇ ਰਾਜ ਫ਼ਿਰੰਗੀ ਦਾ, ਰਾਤੀਂ ਰਾਜ ਮਲੰਗੀ ਦਾ।" ਇਸ ਜੋੜੀ ਉਤੇ ਸਰਕਾਰ ਨੇ ਇਨਾਮ ਰੱਖ ਦਿੱਤਾ। ਇਕ ਰਾਤ ਮਲੰਗੀ ਹੁਰੀਂ ਆਪਣੇ ਕਿਸੇ ਵਾਕਫ਼ ਦੇ ਡੇਰੇ ਠਹਿਰੇ ਹੋਏ ਸਨ। ਡੇਰੇ ਵਾਲੇ ਨੇ ਮਲੰਗੀ ਨੂੰ ਮੇਥਿਆਂ ਵਾਲੀਆਂ ਰੋਟੀਆਂ ਦੱਸ ਕੇ ਭੰਗ ਵਾਲੀਆਂ ਰੋਟੀਆਂ ਖੁਆ ਦਿੱਤੀਆਂ ਅਤੇ ਇਨਾਮ ਦੇ ਲਾਲਚ ਵੱਸ ਪੁਲੀਸ ਨੂੰ ਮਲੰਗੀ ਹੋਰਾਂ ਬਾਰੇ ਇਤਲਾਹ ਦਿੱਤੀ। ਮਲੰਗੀ ਤੇ ਹਰਨਾਮਾ ਡੇਰੇ ਉਤੇ ਪੁਲੀਸ ਮੁਕਾਬਲੇ ਵਿਚ ਮਾਰੇ ਗਏ।

## ਜੱਗੇ ਸੂਰਮੇ ਬਾਰੇ ਟੱਪੇ

*ਜੱਗਾ ਜੰਮਿਆ ਫਜ਼ਰ ਦੀ ਬਾਂਗੇ*
*ਲੌਢੇ ਵੇਲੇ ਖੇਡਦਾ ਫਿਰੇ*
*ਜੱਗਾ ਜੰਮਿਆ ਤੇ ਮਿਲਣ ਵਧਾਈਆਂ*
*ਵੱਡਾ ਹੋ ਕੇ ਡਾਕੇ ਮਾਰਦਾ*
*ਜੱਗੇ ਮਾਰਿਆ ਲਾਇਲਪੁਰ ਡਾਕਾ*
*ਤਾਰਾਂ ਖੜਕ ਗਈਆਂ*
*ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ*
*ਇਕ ਪੁੱਤ ਹੋਰ ਜੰਮਦੀ*
*ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ*
*ਭੁੱਲ ਕੇ ਨਾ ਲਾਉਂਦੀ ਅੱਖੀਆਂ*
*ਜੱਗੇ ਜੱਟ ਦਾ ਜਾਂਘੀਆ ਪੱਟ (ਰੇਸ਼ਮ) ਦਾ*
*ਕਿੱਲੀ ਉਤੇ ਟੰਗਿਆ ਰਿਹਾ*
*ਕੱਚੇ ਪੁਲਾਂ ਉਤੇ ਲੜਾਈਆਂ ਹੋਈਆਂ*
*ਛਵ੍ਹੀਆਂ ਦੇ ਘੁੰਡ ਮੁੜ ਗਏ*
*ਉੱਚੇ ਪੁਲਾਂ ਉਤੇ ਲੜਾਈਆਂ ਹੋਈਆਂ*
*ਛਵ੍ਹੀਆਂ ਦੇ ਕਿੱਲ ਟੁੱਟ ਗਏ*
*ਜੱਗੇ ਮਾਰੀਆਂ ਥੰਮਣਕੇ ਕੁੜੀਆਂ*
*ਜੱਗੇ ਨੂੰ ਉਹਨੂੰ ਪਾਪ ਲੱਗਿਆ*
*ਜੱਗਾ ਮਾਰਿਆ ਬੋਹੜ ਦੀ ਛਾਵੇਂ*
*ਨੌਂ ਮਣ ਰੇਤ ਭਿੱਜ ਗਈ*
*ਜੱਗਾ ਸੂਰਮਾ ਕਿਸੇ ਨਾ ਬਣ ਜਾਣਾ*
*ਘਰ ਘਰ ਪੁੱਤ ਜੰਮਦੇ*
*ਜੱਗਾ ਜੱਟ ਨੀ ਕਿਸੇ ਨੇ ਬਣ ਜਾਣਾ*
*ਘਰ ਘਰ ਪੁੱਤ ਜੰਮਦੇ*
*ਜੱਗੇ ਜੱਟ ਦੀ ਗਲਾਸੀ ਖੜਕੇ*
*ਮਿੱਤਰਾਂ ਨੂੰ ਮਿਲਣੇ ਤੇ*
*ਜੱਗੇ ਜੱਟ ਦੇ ਕਬੂਤਰ ਚੀਨੇ*
*ਨਦੀਉਂ ਪਾਰ ਚੁਗਦੇ*

ਇਕ ਦਿਨ ਜੱਗੇ ਨੇ ਸਾਥੀਆਂ ਨਾਲ ਸਿੱਧੂਪੁਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਉਥੇ ਉਹ ਮਲੰਗੀ ਦੀ ਮਾਂ ਦੀ ਖ਼ਬਰ-ਸਾਰ ਲੈਣਾ ਚਾਹੁੰਦੇ ਸੀ, ਨਾਲੇ ਮਲੰਗੀ ਨੂੰ ਮਰਵਾਉਣ ਵਾਲੇ ਵੀ ਉਸ ਨੂੰ ਰੜਕ ਰਹੇ ਸਨ। ਮਲੰਗੀ ਦਾ ਡੇਰਾ ਉਜੜਿਆ ਪਿਆ ਸੀ, ਅੰਨ੍ਹੀ ਮਾਂ ਜ਼ਿੰਦਗੀ ਦੇ ਦਿਨ ਪੂਰੇ ਕਰ ਰਹੀ ਸੀ। ਜੱਗੇ ਨੇ ਦੁਪਹਿਰਾ ਡੇਰੇ ਉਤੇ ਹੀ ਕੱਟਣ ਦਾ ਪ੍ਰੋਗਰਾਮ ਬਣਾ ਲਿਆ। ਉਸ ਨੇ ਲਾਲੂ ਨਾਈ ਨੂੰ ਰੋਟੀ-ਟੁੱਕ ਦਾ ਇੰਤਜ਼ਾਮ ਕਰਨ ਲਈ ਕਿਹਾ। ਲਾਲੂ ਦਾ ਪਿੰਡ ਲੱਖੂਕੇ ਸਿੱਧੂਪੁਰ ਦੇ ਨਾਲ ਹੀ ਪੈਂਦਾ ਸੀ। ਉਸ ਨੇ ਆਪਣੇ ਪੰਜ ਭਾਈਆਂ ਨੂੰ ਮਿਲਣ ਦੇ ਬਹਾਨੇ ਬੁਲਾ ਲਿਆ ਅਤੇ ਆਉਣ ਲੱਗਿਆਂ ਦੇਸੀ ਸ਼ਰਾਬ ਲਿਆਉਣ ਲਈ ਤਾਕੀਦ ਕੀਤੀ। ਜੱਗੇ ਨੇ ਰੋਟੀ ਤੋਂ ਪਹਿਲਾਂ ਸ਼ਰਾਬ ਦੇ ਦੋ-ਦੋ ਹਾੜੇ ਲਾਉਣ ਦਾ ਪ੍ਰੋਗਰਾਮ ਬਣਾ ਲਿਆ। ਬੰਤੇ ਅਤੇ ਜੱਗੇ ਨੇ ਆਪਣੇ-ਆਪਣੇ ਗਲਾਸ ਵਿਚ ਸ਼ਰਾਬ ਪਾ ਕੇ ਬੋਤਲ ਮੰਜੇ ਦੇ ਦੌਣ ਵਿਚ ਫਸਾ ਦਿੱਤੀ। ਸੋਹਣ ਤੇਲੀ ਨੇ ਲਾਲੂ ਨਾਈ ਦੇ ਪਿੰਡ ਲੱਖੂਕੇ ਕਿਸੇ ਦੋਸਤ ਨੂੰ ਮਿਲਣ ਜਾਣਾ ਸੀ, ਇਸ ਕਰਕੇ ਨਹੀਂ ਪੀਤੀ ਤੇ ਸੋਹਣ ਨੇ ਭਾਈਆਂ ਸਮੇਤ ਪਹਿਰੇ ਉਤੇ ਖੜ੍ਹਨਾ ਸੀ। ਕਿੰਨੀ ਦੇਰ ਗਲਾਸ ਖੜਕਦੇ ਰਹੇ ਅਤੇ ਠੱਠੇ-ਮਖ਼ੌਲ ਚੱਲਦੇ ਰਹੇ। ਮਲੰਗੀ ਦੀ ਮਾਂ ਦੇ ਵਿਹੜੇ ਦੋ ਸਾਲ ਬਾਅਦ ਰੌਣਕ ਪਰਤੀ ਸੀ। ਅੰਨ੍ਹੀ ਮਾਂ ਨੂੰ ਜੱਗੇ ਦੀਆਂ ਗੱਲਾਂ ਵਿਚੋਂ ਮਲੰਗੀ ਦੀ ਰੂਹ ਦਿਸਣ ਲੱਗੀ। ਅੱਜ ਮਲੰਗੀ ਦੀ ਰੂਹ ਇਸ ਗੱਲੋਂ ਨਾ ਤੜਫ਼ਦੀ ਰਹੇ ਕਿ ਕਿਸੇ ਨੇ ਉਸ ਦਾ ਬਦਲਾ ਨਹੀਂ ਲਿਆ। ਅੱਜ ਸਾਰੇ ਉਲਾਂਭੇ ਲਾਹ ਦਿਆਂਗੇ। ਸਾਰਿਆਂ ਇਕੱਠੇ ਰੋਟੀ-ਪਾਣੀ ਖਾਧਾ। ਸੋਹਣ ਤੇਲੀ ਆਪਣੀ ਦੋਸਤ ਨੂੰ ਲੱਖੂਕੇ ਮਿਲਣ ਤੁਰ ਪਿਆ। ਲਾਲੂ ਨਾਈ ਤੇ ਉਸ ਦਾ ਭਾਈ ਬੰਦੂਕਾਂ ਫੜ ਕੇ ਪਹਿਰੇ ਉਤੇ ਖਲੋ ਗਏ। ਸ਼ਰਾਬ ਦੀ ਲੋਰ ਵਿਚ ਜੱਗੇ ਤੇ ਬੰਤੇ ਦੀ ਅੱਖ ਲੱਗ ਗਈ। ਉਹ ਇਕੋ ਹੀ ਮੰਜੇ ਉਤੇ ਟੇਢੇ ਹੋ ਗਏ। ਕੁਝ ਦੇਰ ਬਾਅਦ ਟਿਕੀ ਦੁਪਹਿਰ ਵੇਲੇ ਦੋਵਾਂ ਦੀ ਵੱਖੀ ਦੋ ਗੋਲੀਆਂ ਦੀ ਇਕੱਠੀ ਆਵਾਜ਼ ਨੇ ਚੀਰ ਕੇ ਲਹੂਲੁਹਾਨ ਕਰ ਦਿੱਤੀ। ਜੱਗੇ ਤੇ ਬੰਤੇ ਦੀਆਂ ਸਾਹ ਰਗਾਂ ਵਿਚ ਨੇੜਿਓਂ ਗੋਲੀਆਂ ਮਾਰੀਆਂ ਗਈਆਂ। ਮੰਜੇ ਉਤੇ ਲਾਸ਼ਾਂ ਤੜਫ਼ ਰਹੀਆਂ ਸਨ। ਫਿਰ ਹੋਰ ਗੋਲੀਆਂ ਨੇ ਲਾਸ਼ਾਂ ਨੂੰ ਠੰਢਿਆਂ ਕਰ ਦਿੱਤਾ। ਸੋਹਣ ਤੇਲੀ ਗੋਲੀਆਂ ਦੀ ਆਵਾਜ਼ ਸੁਣ ਕੇ ਵਾਪਸ ਮੁੜ ਆਇਆ। ਉਸ ਨੇ ਆ ਕੇ ਦੇਖਿਆ, ਜੱਗੇ ਤੇ ਬੰਤੇ ਦੀਆਂ ਲਾਸ਼ਾਂ ਵਿਚੋਂ ਖ਼ੂਨ ਚੋ ਕੇ ਮੰਜੇ ਦੇ ਸੰਘਿਆਂ ਰਾਹੀਂ ਧਰਤੀ ਉਤੇ ਟਪਕ ਰਿਹਾ ਸੀ। "ਜੱਗਾ ਮਾਰਿਆ ਬੋਹੜ ਦੀ ਛਾਵੇਂ, ਨੌਂ ਮਣ ਰੇਤ ਭਿੱਜ ਗਈ; ਪੂਰਨਾਂ! ਨਾਈਆਂ ਨੇ ਵੱਢ ਸੁੱਟਿਆ ਜੱਗਾ ਸੂਰਮਾ।" ਸੋਹਣ ਤੇਲੀ ਕੌਤਕ ਨੂੰ ਵੇਖ ਕੇ ਗ਼ੁੱਸੇ ਵਿਚ ਪਾਗ਼ਲ ਹੋ ਉਠਿਆ ਅਤੇ ਲਾਲੂ ਨਾਈ ਨੂੰ ਹੱਥੀਂ ਪੈ ਗਿਆ। ਪਿੱਛੋਂ ਲਾਲੂ ਦੇ ਭਾਈ ਨੇ ਉਸ ਦੀ ਪਿੱਠ ਵਿਚ ਗੋਲੀ ਮਾਰ ਕੇ ਉਸ ਨੂੰ ਥਾਏਂ ਢੇਰੀ ਕਰ ਦਿੱਤਾ। ਖ਼ਬਰ ਅੱਗ ਵਾਂਗੂੰ ਫੈਲ ਗਈ। ਪੂਰੇ ਇਲਾਕੇ ਵਿਚ ਸੰਨਾਟਾ ਛਾ ਗਿਆ। ਹਰ ਕੋਈ ਇਕ-ਦੂਜੇ ਕੋਲੋਂ ਅੱਖਾਂ ਵਿਚ ਅੱਖਾਂ ਪਾ ਕੇ ਬਗ਼ੈਰ ਬੁੱਲ੍ਹ ਹਿਲਾਇਆਂ ਤਸਦੀਕ ਕਰਦਾ ਸੀ, ਕੀ ਜੱਗਾ ਸੱਚਮੁਚ ਮਾਰਿਆ ਗਿਆ?

ਅੱਜ ਲਾਲੂ ਨਾਈ ਨੇ 'ਯਾਰ ਮਾਰ' ਕਰ ਕੇ ਭਾਰੀ ਰਕਮ, ਇਕ ਮੁਰੱਬਾ ਜ਼ਮੀਨ, ਇਕ ਘੋੜੇ ਦੀ ਖੱਟੀ ਖੱਟ ਲਈ ਸੀ ਜੋ ਸਰਕਾਰ ਵੱਲੋਂ ਜੱਗੇ ਉਤੇ ਇਨਾਮ ਰੱਖਿਆ ਹੋਇਆ ਸੀ। ਲਾਲੂ ਇਲਾਕੇ ਦੀ ਪੁਲੀਸ ਨਾਲ ਮਿਲ ਚੁੱਕਿਆ ਸੀ। ਜਿਸ ਜੱਗੇ ਦੇ ਪਰਛਾਵੇਂ ਕੋਲੋਂ ਪੁਲੀਸ ਨੂੰ ਡਰ ਲੱਗਦਾ ਸੀ, ਉਸ ਨੂੰ ਮਾਰਨਾ ਪੁਲੀਸ ਦੇ ਵੱਸ ਦੀ ਗੱਲ ਨਹੀਂ ਸੀ।

ਸੋ, ਇਹ ਕੌਤਕ ਪੁਲੀਸ ਨੇ ਲਾਲੂ ਨਾਈ ਦੀ ਜ਼ਮੀਰ ਖ਼ਰੀਦ ਕੇ ਕਰਵਾਇਆ। ਬਾਅਦ ਵਿਚ ਲਾਲੂ ਨੂੰ ਕੈਦੀਆਂ ਨੇ ਜੇਲ੍ਹ ਵਿਚ ਹੀ ਕੁੱਟ-ਕੁੱਟ ਕੇ ਮਾਰ ਦਿੱਤਾ। ਜੱਗਾ 29 ਸਾਲਾਂ ਦੀ ਭਰ ਜਵਾਨੀ ਵਿਚ ਬੇਵੱਸ ਲੋਕਾਂ ਨੂੰ ਕਿਸੇ ਹੋਰ ਜੱਗੇ ਦਾ ਇੰਤਜ਼ਾਰ ਕਰਨ ਲਈ ਛੱਡ ਗਿਆ, ਜੋ ਇਨ੍ਹਾਂ ਨੂੰ ਕਿਸੇ ਅਸਗਰ ਅਲੀ ਥਾਣੇਦਾਰ, ਸੂਦਖ਼ੋਰ ਸ਼ਾਹੂਕਾਰ ਅਤੇ ਅੰਗਰੇਜ਼ ਪੱਖੀ ਜਾਗੀਰਦਾਰਾਂ ਤੋਂ ਨਿਜ਼ਾਤ ਦਿਵਾਏਗਾ। ਜੱਗਾ ਸਿਰਫ਼ ਤਿੰਨ ਮਹੀਨੇ ਭਗੌੜਾ ਰਿਹਾ। ਇਸ ਦੌਰਾਨ ਪੂਰੇ ਇਲਾਕੇ ਨੇ ਆਜ਼ਾਦ ਫ਼ਿਜ਼ਾ ਦਾ ਆਨੰਦ ਮਾਣਿਆ। ਨਾ ਪੁਲੀਸ ਦੀ ਧੌਂਸ, ਨਾ ਸ਼ਾਹੂਕਾਰਾਂ ਦੀਆਂ ਕੁਰਕੀਆਂ, ਸਗੋਂ ਸਰਕਾਰ-ਪੱਖੀ ਆਪਣੀਆਂ ਜਾਨਾਂ ਬਚਾਉਂਦੇ ਰਹੇ। ਪਤੰਗੇ ਵਾਂਗੂੰ ਭਾਵੇਂ ਅਜਿਹੇ ਲੋਕਾਂ ਦੀ ਉਮਰ ਥੋੜ੍ਹੀ ਹੁੰਦੀ ਹੈ ਪਰ ਹਰ ਜਾਬਰ ਹੁਕਮਰਾਨ ਵੇਲੇ, ਪੰਜਾਬੀ ਆਪਣੀ ਅਣਖ ਅਤੇ ਹੱਕਾਂ ਲਈ ਕਿਸੇ ਨਾ ਕਿਸੇ ਨਾਂ ਹੇਠ ਜੂਝਦੇ ਤੇ ਕੁਰਬਾਨੀਆਂ ਦਿੰਦੇ ਰਹੇ। ਕਦੇ ਦੁੱਲਾ ਭੱਟੀ ਬਣ ਕੇ, ਕਦੇ ਅਹਿਮਦ ਖਰਲ ਬਣ ਕੇ, ਕਦੇ ਜੀਊਣਾ ਮੌੜ, ਕਦੇ ਮਲੰਗੀ ਤੇ ਕਦੇ ਜੱਗਾ ਜੱਟ ਬਣ ਕੇ। ਭਾਈਚਾਰੇ ਦੀ ਆਜ਼ਾਦੀ ਸਿਰਾਂ ਦੇ ਸੌਦੇ ਕਰ ਕੇ ਇਨ੍ਹਾਂ ਲੋਕਾਂ ਨੇ ਕਾਇਮ ਰੱਖੀ। ਇਸ ਦੀ ਤਾਈਦ ਹਜ਼ਰਤ ਸੁਲਤਾਨ ਬਾਹੂ ਸਾਹਿਬ ਕਰਦੇ ਹਨ:

"ਜੇ ਸਿਰ ਦਿੱਤਿਆਂ ਹੱਕ ਹਾਸਲ ਹੋਵੇ,
'ਬਾਹੂ' ਓਸ ਮੌਤੋਂ ਕਿਆ ਡਰਨਾ ਹੂ"

# ਹਯਾਤ-ਇ-ਤਾਸੀਰ

ਸੁਰਿੰਦਰ ਸਿੰਘ ਤੇਜ

ਸਲਮਾਨ ਤਾਸੀਰ ਨਾਂ ਦੇ ਸ਼ਖ਼ਸ ਬਾਰੇ ਪਹਿਲੀ ਵਾਰ 13 ਸਾਲ ਪਹਿਲਾਂ ਸੁਣਿਆ ਸੀ। ਜੋ ਸੁਣਿਆ ਸੀ, ਉਹ ਚੰਗਾ ਨਹੀਂ ਸੀ ਲੱਗਾ। ਇਸ ਦਾ ਸਬੰਧ ਅੰਗਰੇਜ਼ੀ ਦੀ ਸੀਨੀਅਰ ਪੱਤਰਕਾਰ ਤੇ ਕਾਲਮਨਵੀਸ ਤਵਲੀਨ ਸਿੰਘ ਨਾਲ ਉਸ ਵੱਲੋਂ ਕੀਤੀ ਬੇਵਫ਼ਾਈ ਨਾਲ ਸੀ। ਉਨ੍ਹੀਂ ਦਿਨੀਂ ਤਹਿਮੀਨਾ ਦੁਰਾਨੀ ਦੀ ਕਿਤਾਬ 'ਮਾਈ ਫਿਊਡਲ ਲਾਰਡ' ਪੜ੍ਹੀ ਸੀ। ਇਹ ਕਿਤਾਬ ਭਾਵੇਂ ਉਸ ਸਮੇਂ ਦੇ ਉੱਘੇ ਪਾਕਿਸਤਾਨੀ ਸਿਆਸਤਦਾਨ ਤੇ ਬਲੋਚਿਸਤਾਨ ਦੇ ਗਵਰਨਰ ਗ਼ੁਲਾਮ ਮੁਸਤਫ਼ਾ ਖ਼ਾਰ ਬਾਰੇ ਸੀ, ਪਰ ਉਸ ਕਿਤਾਬ ਵਿਚੋਂ ਉਭਰਿਆ ਖ਼ਾਰ ਦਾ ਅਤਿਆਚਾਰੀ ਵਾਲਾ ਅਕਸ ਸਲਮਾਨ ਤਾਸੀਰ 'ਤੇ ਵੀ ਚਿਪਕ ਗਿਆ ਸੀ। ਜਮਹੂਰੀ ਤੇ ਉਦਾਰਵਾਦੀ ਕਦਰਾਂ ਦੇ ਅਲੰਬਰਦਾਰ ਕਹਾਉਣ ਵਾਲੇ ਪਾਕਿਸਤਾਨੀ ਸਿਆਸਤਦਾਨਾਂ ਦੀ ਨਿੱਜੀ ਜ਼ਿੰਦਗੀ ਅੰਦਰਲੀ ਗਲਾਜ਼ਤ ਨੇ ਸਲਮਾਨ ਤਾਸੀਰ ਬਾਰੇ ਹੋਰ ਕੁਝ ਪੜ੍ਹਨ ਜਾਂ ਜਾਣਨ ਦੀ ਇੱਛਾ ਖ਼ਤਮ ਕਰ ਦਿੱਤੀ ਸੀ। ਸਾਲ ਕੁ ਪਹਿਲਾਂ ਆਤਿਸ਼ ਤਾਸੀਰ ਦੀ ਕਿਤਾਬ 'ਸਟਰੇਂਜਰ ਟੂ ਹਿਸਟਰੀ: ਏ ਸਨ'ਜ਼ ਜਰਨੀ ਟੂ ਇਸਲਾਮਿਕ ਲੈਂਡਜ਼' ਪੜ੍ਹੀ ਤਾਂ ਸਲਮਾਨ ਦੇ ਥੋੜ੍ਹੇ ਜਿਹੇ ਬਦਲਵੇਂ ਰੂਪ ਦੇ ਦੀਦਾਰ ਜ਼ਰੂਰ ਹੋਏ, ਪਰ ਉਸ ਪ੍ਰਤੀ ਨਾਪਸੰਦਗੀ ਨੂੰ ਬਹੁਤਾ ਮੱਧਮ ਨਾ ਕਰ ਸਕੇ। ਹੁਣ ਉਸ ਦੀ ਹੱਤਿਆ ਮਗਰੋਂ ਜੋ ਕੁਝ ਪੜ੍ਹਨ-ਸੁਣਨ ਨੂੰ ਮਿਲਿਆ ਹੈ, ਉਸ ਨੇ ਇਸ ਸ਼ਖ਼ਸ ਦੇ ਕਿਰਦਾਰ ਦਾ ਨਵੇਂ ਸਿਰਿਓਂ ਮੁਲੰਕਣ ਕਰਨ ਲਈ ਮਜਬੂਰ ਕਰ ਦਿੱਤਾ ਹੈ।

ਸਲਮਾਨ ਤਾਸੀਰ ਪਾਕਿਸਤਾਨ ਪੀਪਲਜ਼ ਪਾਰਟੀ ਦਾ ਆਗੂ ਸੀ, ਇਸ ਦੇ ਸਹਿ-ਮੁਖੀ ਤੇ ਪਾਕਿਸਤਾਨੀ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਦਾ ਕਰੀਬੀ ਦੋਸਤ ਸੀ ਅਤੇ ਪਾਕਿਸਤਾਨੀ ਪੰਜਾਬ ਦਾ ਗਵਰਨਰ ਸੀ। ਉਹ ਇਸਲਾਮੀ ਉਦਾਰਵਾਦ ਦਾ ਕੱਟੜ ਮੁਦਈ ਸੀ, ਸਿਆਸਤ ਵਿਚ ਮਜ਼ਹਬੀ ਦਖ਼ਲ ਦੇ ਖ਼ਿਲਾਫ਼ ਸੀ ਅਤੇ ਇੰਤਹਾਪਸੰਦੀ ਦਾ ਘੋਰ ਵਿਰੋਧੀ ਸੀ। ਸ਼ਰ੍ਹਾ ਤੇ ਸੁਰਾ ਦੇ ਫ਼ਾਸਲੇ ਨੂੰ ਸਮਝਣ ਦੇ ਬਾਵਜੂਦ ਉਹ ਦੋਵਾਂ ਦਾ ਸੁਮੇਲ ਚਾਹੁੰਦਾ ਸੀ ਅਤੇ ਅਜਿਹਾ ਕਰਨ ਲੱਗਿਆਂ ਆਪਣੇ ਉਦਾਰਵਾਦ ਨੂੰ ਲੇਬਲ ਵਜੋਂ ਵਰਤਣ ਤੋਂ ਵੀ ਨਹੀਂ ਸੀ ਝਿਜਕਦਾ। ਉਸ ਦੀ ਕਹਿਣੀ ਤੇ ਕਰਨੀ ਵਿਚ ਬਹੁਤੀ ਵਾਰ ਅੰਤਰ ਜ਼ਰੂਰ ਰਿਹਾ, ਪਰ ਇੰਤਹਾਪਸੰਦੀ ਪ੍ਰਤੀ ਉਸ ਦੀ ਹਿਕਾਰਤ ਅਸਲੀ ਸੀ। ਇਸੇ ਹਿਕਾਰਤ ਨੇ ਪਾਕਿਸਤਾਨੀ ਪੰਜਾਬ ਦੇ ਵਜ਼ੀਰ-ਏ-ਆਲ੍ਹਾ (ਮੁੱਖ ਮੰਤਰੀ) ਸ਼ਾਹਬਾਜ਼ ਸ਼ਰੀਫ਼ ਨਾਲ ਉਸ ਦੇ ਸੰਵਿਧਾਨਕ ਤੇ ਸਿਆਸੀ ਰਿਸ਼ਤੇ ਵਿਚ ਹਮੇਸ਼ਾਂ ਦੁਫੇੜ ਪਾਈ ਰੱਖੀ।

ਇਸੇ ਦੁਫੇੜ ਅਤੇ ਬੇਤੁਅੱਸਬੀ ਦੇ ਜਜ਼ਬੇ ਨੇ ਸਲਮਾਨ ਨੂੰ ਕੁਫ਼ਰ-ਵਿਰੋਧੀ ਕਾਨੂੰਨ ਦੇ ਖ਼ਿਲਾਫ਼ ਅਤੇ ਆਸੀਆ ਬੀਬੀ ਨਾਮੀ ਔਰਤ ਦੇ ਹੱਕ ਵਿਚ ਝੰਡਾ ਬੁਲੰਦ ਕਰਨ ਦੇ ਰਾਹ ਤੋਰਿਆ। ਆਸੀਆ ਬੀਬੀ ਅਨਪੜ੍ਹ ਤੇ ਗਰੀਬ ਇਸਾਈ ਔਰਤ ਹੈ ਜਿਸ ਦਾ ਕਸੂਰ ਬੱਸ ਇੰਨਾ ਹੈ ਕਿ ਉਸ ਨੇ ਸਰਕਾਰੀ ਟੂਟੀ ਤੋਂ ਪਾਣੀ ਭਰਨ ਦੀ ਵਾਰੀ ਤੋਂ ਆਪਣੇ ਗੁਆਂਢੀਆਂ ਨਾਲ ਝਗੜਾ ਮੁੱਲ ਲੈ ਲਿਆ। ਗੁਆਂਢਣ ਨੇ ਕਿੜ ਵਿਚ ਆ ਕੇ ਇਹ ਦੋਸ਼ ਲਾ ਦਿੱਤਾ ਕਿ ਆਸੀਆ ਨੇ ਪੈਗੰਬਰ ਹਜ਼ਰਤ ਮੁਹੰਮਦ ਤੇ ਇਸਲਾਮ ਬਾਰੇ ਬੁਰੇ ਅਲਫਾਜ਼ ਵਰਤੇ ਹਨ। ਪਾਕਿਸਤਾਨੀ ਸ਼ਰੱਈ ਕਾਨੂੰਨਾਂ ਮੁਤਾਬਕ ਮੁਲਜ਼ਮ ਨੇ ਆਪਣੀ ਮਾਸੂਮੀਅਤ ਸਾਬਤ ਕਰਨੀ ਹੁੰਦੀ ਹੈ। ਆਸੀਆ ਅਜਿਹਾ ਕਿਵੇਂ ਕਰਦੀ? ਉਸ ਦੇ ਸਾਰੇ ਗੁਆਂਢੀ ਮੁਸਲਮਾਨ ਸਨ ਅਤੇ ਕੋਈ ਉਸ ਦੇ ਹੱਕ ਵਿਚ ਭੁਗਤਣ ਲਈ ਤਿਆਰ ਨਾ ਹੋਇਆ। ਲਿਹਾਜ਼ਾ, ਅਤਿਵਾਦ-ਵਿਰੋਧੀ ਅਦਾਲਤ ਨੇ ਉਸ ਨੂੰ ਮੁਜਰਿਮ ਕਰਾਰ ਦਿੰਦਿਆਂ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਇਸ ਸਜ਼ਾ ਦੇ ਖ਼ਿਲਾਫ਼ ਪਾਕਿਸਤਾਨ ਦੇ ਪੜ੍ਹੇ-ਲਿਖੇ ਤਬਕੇ ਨੇ ਆਵਾਜ਼ ਜ਼ਰੂਰ ਉਠਾਈ ਅਤੇ ਕੁਫ਼ਰ-ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਨੂੰ ਨਰਮ ਬਣਾਏ ਜਾਣ ਦੀ ਮੰਗ ਸ਼ੁਰੂ ਕਰ ਦਿੱਤੀ, ਪਰ ਤੁਅੱਸਬੀ ਬਹੁਗਿਣਤੀ ਨੇ ਅਜੇ ਤਕ ਅਜਿਹੀ ਕੋਈ ਤਰਮੀਮ ਸੰਭਵ ਨਹੀਂ ਹੋਣ ਦਿੱਤੀ। ਅਜਿਹੇ ਤਬਕੇ ਦੀਆਂ ਨਜ਼ਰਾਂ ਵਿਚ ਗਵਰਨਰ ਸਲਮਾਨ ਤਾਸੀਰ ਨੇ ਹੋਰ ਵੀ ਵੱਡਾ ਗੁਨਾਹ ਕੀਤਾ। ਉਸ ਨੇ ਸ਼ੇਖ਼ੂਪੁਰਾ ਜੇਲ੍ਹ ਜਾ ਕੇ ਆਸੀਆ ਬੀਬੀ ਨਾਲ ਮੁਲਾਕਾਤ ਕੀਤੀ, ਉਸ ਨੂੰ ਹਰ ਤਰ੍ਹਾਂ ਦੀ ਕਾਨੂੰਨੀ ਮਦਦ ਦੇਣ ਦਾ ਭਰੋਸਾ ਦਿੱਤਾ ਅਤੇ ਮੀਡੀਆ ਨੂੰ ਸੱਦਾ ਦਿੱਤਾ ਕਿ ਉਹ ਕੁਫ਼ਰ-ਵਿਰੋਧੀ ਕਾਨੂੰਨ ਵਿਚ ਤਰਮੀਮ ਦੀ ਮੰਗ ਨੂੰ ਤਨਜ਼ੀਮ ਬਣਾਉਣ ਵਿਚ ਉਸ ਦੀ ਮਦਦ ਕਰੇ। ਉਸ ਦੀ ਇਸ ਕਾਰਵਾਈ ਨੂੰ ਤੁਅੱਸਬੀ ਬਹੁਗਿਣਤੀ ਨੇ ਇਸਲਾਮ ਦੇ ਖ਼ਿਲਾਫ਼ ਸਾਜ਼ਿਸ਼ ਤੇ ਬਗ਼ਾਵਤ ਕਰਾਰ ਦਿੱਤਾ ਅਤੇ ਤੁਅੱਸਬੀ ਨਫ਼ਰਤ ਦੇ ਇਸੇ ਆਲਮ ਵਿਚ ਉਸ ਦੇ ਆਪਣੇ ਹੀ ਸੁਰੱਖਿਆ ਗਾਰਡ ਨੇ ਉਸ ਉਪਰ ਗੋਲੀਆਂ ਦੀ ਬੁਛਾੜ ਕਰ ਦਿੱਤੀ।

ਪਾਕਿਸਤਾਨ ਦਾ ਕੁਫ਼ਰ-ਵਿਰੋਧੀ ਕਾਨੂੰਨ ਨਾ ਸਿਰਫ ਆਪਣੇ ਆਪ ਵਿਚ ਬੁਰਾ ਹੈ ਸਗੋਂ ਇਹ ਦੇਸ਼ ਵਿਚ ਧਾਰਮਿਕ ਅਸਹਿਣਸ਼ੀਲਤਾ ਦੇ ਵਧ ਰਹੇ ਮਾਹੌਲ ਨੂੰ ਵੀ ਸਰਕਾਰੀ ਮਨਜ਼ੂਰੀ ਦਿੰਦਾ ਹੈ। ਅਜੇ ਤਕ ਇਸ ਕਾਨੂੰਨ ਦੇ ਤਹਿਤ ਕਿਸੇ ਨੂੰ ਵੀ ਫਾਂਸੀ ਨਹੀਂ ਦਿੱਤੀ ਗਈ ਪਰ ਇੰਤਹਾਪਸੰਦ ਅਨਸਰਾਂ ਨੇ ਇਸ ਕਾਨੂੰਨ ਦੀ ਗ੍ਰਿਫਤ ਵਿਚ ਆਏ ਕਿਸੇ ਵੀ ਵਿਅਕਤੀ ਦੀ ਜ਼ਿੰਦਗੀ ਨੂੰ ਬਖ਼ਸ਼ਿਆ ਨਹੀਂ। ਹੁਣ ਤਕ ਇਸ ਕਾਨੂੰਨ ਅਧੀਨ 986 ਵਿਅਕਤੀਆਂ ਨੂੰ ਜਾਂ ਤਾਂ ਮੁਕੱਦਮਾ ਭੁਗਤਣਾ ਪਿਆ ਹੈ ਜਾਂ ਦੋਸ਼ੀ ਕਰਾਰ ਦਿੱਤੇ ਗਏ ਹਨ।

ਸਲਮਾਨ ਤਾਸੀਰ ਦਾ ਸਬੰਧ ਖਾਂਦੇ-ਪੀਂਦੇ ਜ਼ਿਮੀਂਦਾਰ ਘਰਾਣੇ ਨਾਲ ਸੀ। ਉਹ ਅਜੇ ਛੋਟਾ ਹੀ ਸੀ ਜਦੋਂ ਪਿਤਾ ਦੀ ਮੌਤ ਹੋ ਗਈ। ਮਾਂ ਨੇ ਮਿਹਨਤ ਕਰਕੇ ਉਸ ਨੂੰ ਤੇ ਉਸ ਦੀਆਂ ਦੋ ਭੈਣਾਂ ਨੂੰ ਪੜ੍ਹਾਇਆ। ਲੰਡਨ ਤੋਂ ਚਾਰਟਰਡ ਅਕਾਊਂਟੈਂਸੀ ਕਰਨ ਕਰਕੇ ਪੰਜਾਬੀ ਕੁਲੀਨ ਵਰਗ ਵਿਚ ਉਸ ਦੀ ਵੁੱਕਤ ਵਧ ਗਈ। ਚੰਗੇ ਘਰ ਉਸ ਦਾ ਵਿਆਹ ਹੋ ਗਿਆ। ਚਾਰਟਰਡ ਅਕਾਊਂਟੈਂਸੀ ਦੇ ਨਾਲ ਨਿੱਜੀ ਬਿਜ਼ਨਸ ਅਤੇ ਫਿਰ ਸਿਆਸਤ ਵਿਚ ਦਾਖਲਾ। ਜ਼ੁਲਫਿਕਾਰ ਅਲੀ ਭੁੱਟੋ ਦਾ ਕੱਟੜ ਹਮਾਇਤੀ ਹੋਣ ਕਾਰਨ ਜ਼ਿਆ-ਉਲ-ਹੱਕ ਦੀ ਹਕੂਮਤ ਵੇਲੇ ਉਸ ਨੂੰ ਲਾਹੌਰ ਦੇ ਕਿਲੇ ਦੇ ਤਹਿਖਾਨੇ ਵਿਚ ਪੁੱਠਾ ਵੀ ਲਟਕਾਇਆ ਗਿਆ। ਜਦੋਂ ਬਚ ਨਿਕਲਣ ਦਾ ਮੌਕਾ ਮਿਲਿਆ ਤਾਂ ਦੁਬਈ ਜਾ ਪਨਾਹ ਲਈ। ਵਤਨ ਪਰਤਣ 'ਤੇ ਹੋਟਲਾਂ, ਲਗਜ਼ਰੀ ਕਰੂਜ਼ਾਂ ਅਤੇ ਹੋਰ ਕਈ ਤਰ੍ਹਾਂ ਦਾ ਕਾਰੋਬਾਰ। ਮੀਡੀਆ ਸਾਮਰਾਜ ਵੀ ਖੜ੍ਹਾ ਕਰ ਲਿਆ ਜਿਸ ਵਿਚ 'ਦਿ ਟਾਈਮਜ਼' ਵਰਗਾ ਅੰਗਰੇਜ਼ੀ ਰੋਜ਼ਨਾਮਾ ਅਤੇ 'ਆਜ ਕਲ੍ਹ' ਸਮੇਤ ਕਈ ਟੀ.ਵੀ. ਚੈਨਲ ਸ਼ਾਮਲ ਹਨ। ਧਨ-ਦੌਲਤ, ਲਿਆਕਤ, ਕਾਰੋਬਾਰੀ ਸੂਝ ਅਤੇ ਸਿਆਸੀ ਸਬੰਧਾਂ ਦਾ ਲਾਹਾ ਲੈਣ ਦੀਆਂ ਤਰਕੀਬਾਂ ਨੇ ਸਲਮਾਨ ਤਾਸੀਰ ਨੂੰ ਵਿਵਾਦਿਤ ਹਸਤੀ ਬਣਾਇਆ, ਪਰ ਤੁਅੱਸਬੀ ਜਕੜਨ ਵਿਚ ਲਗਾਤਾਰ ਇਜ਼ਾਫੇ ਵਾਲੇ ਮਾਹੌਲ ਵਿਚ ਉਸ ਨੇ ਆਪਣੇ ਅੰਦਰਲੀ ਸਿਆਸੀ ਫਰਾਖ਼ਦਿਲੀ ਤੇ ਉਦਾਰਵਾਦੀ ਸੋਚ ਨੂੰ ਮਰਨ ਨਹੀਂ ਦਿੱਤਾ। ਇਸੇ ਸੋਚ 'ਤੇ ਪਹਿਰਾ ਦੇਣ ਦੀ ਬਿਰਤੀ ਅੰਤ ਵਿਚ ਉਸ ਲਈ ਜਾਨਲੇਵਾ ਸਾਬਤ ਹੋਈ।

# ਘੱਟ ਨਹੀਂ ਹੈ ਸਾਡੀ ਬੰਤੀ ਵੀਨਸ ਤੋਂ

**ਸ਼ਬਦ-ਝਰੋਖਾ**

ਬਲਜੀਤ ਬਾਸੀ
ਫੋਨ:734-454-4958

ਬੰਤੀ ਦਾ ਨਾਂ ਸੁਣਦਿਆਂ ਹੀ ਅਜੋਕੇ ਯੁਵਕਾਂ ਦੇ ਮਨ ਵਿਚ ਇਕ ਖਊਂ ਖਊਂ ਕਰਦੀ ਪੇਂਡੂ, ਖੋਸੜ ਔਰਤ ਦਾ ਬਿੰਬ ਉਭਰੇਗਾ, ਜਾਣੋਂ ਇਹ ਕੋਈ ਹੋਰ ਬੁਢੜੀ ਸੰਤੀ ਦੀ ਭੈਣ ਹੈ ਪਰ ਉਹ ਵੀ ਸਮੇਂ ਸਨ ਜਦ ਇਹ ਨਾਂ ਪੰਜਾਬੀ ਲੋਕ ਆਪਣੀਆਂ ਲਾਡਲੀਆਂ ਧੀਆਂ ਦਾ ਰੱਖਦੇ ਸਨ। ਅੱਜ ਕੱਲ੍ਹ



*ਇਸ ਸਾਲ ਦੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਵਨੀਤਾ*

ਭਲਾ ਕੌਣ ਆਪਣੀ ਬੱਚੀ ਦਾ ਨਾਂ ਸੰਤੀ ਬੰਤੀ ਰੱਖੇਗਾ! ਨਾਂ ਦੇ ਕਿੰਨੇ ਵੀ ਸੁਹਣੇ ਅਰਥ ਹੋਣ, ਅਗਲੀਆਂ ਪੀੜੀਆਂ ਤੱਕ ਜਾ ਕੇ ਇਹ ਪੁਰਾਣੇ ਘਸੇ ਪਿਟੇ ਲੱਗਣ ਲਗਦੇ ਹਨ ਤੇ ਲੋਕ ਹੋਰ ਨਵੇਂ ਨਾਂਵਾਂ ਦੀ ਤਲਾਸ਼ ਕਰਨ ਲਗਦੇ ਹਨ। ਇਸ ਦਾ ਇਕ ਕਾਰਨ ਤਾਂ ਏਹੀ ਹੈ, ਜਿਵੇਂ ਅਸੀਂ ਬੰਤੀ ਸੰਤੀ ਦੇ ਸੰਦਰਭ ਵਿਚ ਦੇਖ ਸਕਦੇ ਹਾਂ ਕਿ ਨਵੀਂ ਪੀੜੀ ਦੇ ਲੋਕਾਂ ਨੇ ਅਜੇਹੇ ਨਾਂ ਵਾਲੇ ਲੋਕਾਂ ਨੂੰ ਬੁਢੇ ਹੀ ਦੇਖਿਆ ਸੁਣਿਆ ਹੁੰਦਾ ਹੈ। ਪਰ ਹਰ ਨਾਂ ਦੇ ਆਪਣੇ ਦਿਨ ਰਹੇ ਹਨ। ਸਾਡੀ ਗਲੀ ਵਿਚ ਇਕ ਅਧਖੜ ਉਮਰ ਦਾ ਛੜਾ ਜੱਟ ਆਪਣੇ ਘਰ ਮੂਹਰੇ ਲੌਢੇ ਵੇਲੇ ਉਚੀ ਉਚੀ ਹੀਰ ਪੜ੍ਹਿਆ ਕਰਦਾ ਸੀ। ਚਾਰ ਘਰ ਛਡ ਕੇ ਬੰਤੀ ਨਾਂ ਦੀ ਇਕ ਵਿਧਵਾ ਜਿਸ ਨਾਲ ਉਸਦੀ ਗੁਪਤ ਸਾਂਝ ਸੀ, ਮਲਕ ਦੇ ਕੇ ਉਸਦੇ ਕੋਲ ਆਸਣ ਲਾ ਲੈਂਦੀ। ਛੜਾ ਇਕ ਦਮ ਹੁਸ਼ਿਆਰੀ ਵਿਚ ਆ ਕੇ ਐਨਕਾਂ ਨੱਕ ਦੇ ਨਾਲ ਹੋਰ ਕੱਸ ਲੈਂਦਾ ਤੇ ਬੰਤੀ ਨੂੰ ਮੁਖਾਤਿਬ ਹੁੰਦਾ, "ਸੁਣ, ਬੰਤੀਏ, ਰਾਂਝਾ ਕੀ ਕਹਿੰਦਾ।" ਤੇ ਉਹ ਹੇਕ ਲਾ ਕੇ ਹੀਰ ਗਾਉਣ ਲਗਦਾ। ਬੰਤੀ ਜਾਂ ਬੰਤੋ ਸਾਡੇ ਲੋਕ ਗੀਤਾਂ, ਬੋਲੀਆਂ, ਤੇ ਫਿਰ ਪੰਜਾਬੀ ਫਿਲਮੀ ਗੀਤਾਂ ਦੀ ਨਾਇਕਾ ਵੀ ਹੈ। ਬਹੁਤਿਆਂ ਨੇ ਹੇਠ ਲਿਖੀਆਂ ਜਾਂ ਇਸ ਵਰਗੀਆਂ ਕੋਈ ਹੋਰ ਬੋਲੀਆਂ ਜ਼ਰੂਰ ਸੁਣੀਆਂ ਹੋਣਗੀਆਂ:

ਆਂਡਾ ਆਂਡਾ ਆਂਡਾ
ਬੰਤੋ ਦੇ ਯਾਰਾਂ ਨੇ
ਬੋਤਾ ਬੀਕਾਨੇਰ ਤੋਂ ਆਂਦਾ
ਉਤੇ ਬਹਿ ਗਈ ਨਾਰ ਬੰਤੋ
ਬੋਤਾ ਰੇਲ ਦੇ ਬਰਾਬਰ ਜਾਂਦਾ
ਬੰਤੋ ਨੇ ਅੱਡੀ ਲਾ 'ਤੀ
ਬੋਤਾ ਰੇਲ ਦਾ ਇੰਜਣ ਬਣ ਜਾਂਦਾ।

***

ਬਾਹਮਣਾਂ ਦੀ ਬੰਤੋ ਦੀ,
ਠੇਕੇਦਾਰ ਨਾਲ ਯਾਰੀ,
ਅਧੀਏ ਦਾ ਮੁੱਲ ਪੁੱਛਦੀ,
ਬੋਤਲ ਪੀ ਗਈ ਸਾਰੀ.

***

ਬਾਰੀਂ ਬਰਸੀਂ ਖਟਣ ਗਿਆ ਸੀ
ਖਟ ਕੇ ਲਿਆਂਦਾ ਤਾਣਾ
ਬੰਤੋ ਬਣ ਬੱਕਰੀ
ਜੱਟ ਬਣੇ ਤੂਤ ਦਾ ਟਾਹਣਾ।

***

ਗੱਡੀ ਵਿਚ ਬਹਿ ਗਈ ਬੰਤੋ,
ਚਿੱਟੀ ਕੁੜਤੀ ਗਰਾਰਾ ਕਾਲਾ,
ਕਾਲਜੇ ਨੂੰ ਮੋਹ ਕੇ ਲੈ ਗਿਆ,
ਮੁੰਡਾ ਸੋਨੇ ਦੇ ਤਬੀਤਾਂ ਵਾਲਾ।

ਇਸ ਚਰਚਾ ਨੂੰ ਹੋਰ ਅੱਗੇ ਲਿਜਾਣ ਤੋਂ ਪਹਿਲਾਂ ਆਓ ਜ਼ਰਾ ਬੰਤੀ ਦੀਆਂ ਜੜ੍ਹਾਂ ਪੱਟੀਏ। ਸੰਸਕ੍ਰਿਤ ਦਾ ਇਕ ਬਹੁਅਰਥਕ ਮੂਲ ਹੈ 'ਵਨ' ਜਿਸ ਦਾ ਇਕ ਅਰਥ ਕਾਮਨਾ, ਰੱਤੀ, ਇਛਾ, ਅਭਿਲਾਸ਼ਾ ਹੈ। ਕਿਰਿਆ ਰੂਪ ਵਿਚ ਇਸ ਦੇ ਅਰਥ ਹਨ ਆਦਰ ਮਾਣ ਕਰਨਾ, ਪੂਜਣਾ, ਲਭਣਾ, ਪਾਉਣਾ, ਪਸੰਦ ਕਰਨਾ, ਪਿਆਰ ਕਰਨਾ, ਚਾਹੁਣਾ, ਕਾਮਨਾ ਕਰਨਾ ਆਦਿ। ਵਨ ਤੋਂ ਬਣੇ 'ਵਨਤਿ' ਦਾ ਭਾਵ ਹੋਇਆ, ਜਿਸ ਦੀ ਕਾਮਨਾ ਕੀਤੀ ਜਾਵੇ, ਜੋ ਚਾਹਿਆ ਜਾਵੇ। ਨਿਸਚੇ ਹੀ ਮਰਦ ਇਸਤਰੀ ਦੀ ਚਾਹਨਾ ਹੀ ਕਰਦਾ ਹੈ ਤੇ ਜਿਸ ਦੀ ਚਾਹਨਾ ਕੀਤੀ ਜਾਂਦੀ ਹੈ ਉਹ ਸੁੰਦਰ ਇਸਤਰੀ ਹੀ ਹੋਵੇਗੀ, ਜੇ ਨਾ ਵੀ ਹੋਵੇ ਤਾਂ ਉਹ ਸੁੰਦਰ ਲੱਗਣ ਲਗਦੀ ਹੈ। ਬੰਤੀ ਸ਼ਬਦ ਇਸ 'ਵਨਤਿ' ਤੋਂ ਹੀ ਵਿਕਸਿਤ ਹੋਇਆ ਹੈ। ਇਸੇ ਮੂਲ ਤੋਂ ਬਣਿਆ ਸੰਸਕ੍ਰਿਤ ਦਾ ਇਕ ਹੋਰ ਸ਼ਬਦ ਹੈ 'ਵਨਿਤਾ' ਜਿਸਦਾ ਅਰਥ ਇਸਤਰੀ, ਵਹੁਟੀ, ਭਾਰਯਾ, ਪ੍ਰੇਮਿਕਾ, ਕਿਸੇ ਵੀ ਜਾਨਵਰ ਦੀ ਮਦੀਨ ਆਦਿ ਹੁੰਦਾ ਹੈ। ਵਨਿਤਾ ਤੇ ਅੱਗੇ ਵਨੀਤਾ ਇਸਤਰੀਆਂ ਦਾ ਵਿਸ਼ੇਸ਼ ਨਾਂ ਵੀ ਹੁੰਦਾ ਹੈ। ਇਸ ਸਾਲ ਭਾਰਤ ਦੀ ਸਾਹਿਤ ਅਕਾਦਮੀ ਨੇ ਪੰਜਾਬੀ ਦੀ ਲੇਖਿਕਾ ਵਨੀਤਾ ਨੂੰ ਉਨ੍ਹਾਂ ਦੀ ਕਾਵਿ ਪੁਸਤਕ 'ਕਾਲ ਪਹਿਰ ਘੜੀਆਂ' ਇਨਾਮ ਲਈ ਚੁਣਿਆ ਹੈ। ਗੁਰਬਾਣੀ ਵਿਚ ਇਸ ਸ਼ਬਦ ਦਾ ਰੂਪ ਹੈ ਬਨਿਤਾ:

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸ ਲਪਟਾਨਾ -ਗੁਰੂ ਤੇਗ ਬਹਾਦਰ

ਅਰਥਾਤ ਦੁਨੀਆਦਾਰ ਮਾਤਾ, ਪਿਤਾ, ਭਰਾ, ਪੁਤਰ, ਪਤਨੀ ਦੇ ਮੋਹ ਵਿਚ ਫਸਿਆ ਰਹਿੰਦਾ ਹੈ।

ਬਨਿਤਾ ਛੋਡਿ ਬਦ ਨਦਰ ਪਰ ਨਾਰੀ
-ਗੁਰੂ ਅਰਜਨ ਦੇਵ

ਅਰਥਾਤ (ਭੇਖੀ) ਧਰਮ ਵਿਵਾਹਿਤਾ ਨਾਰੀ ਛੱਡ ਕੇ ਪਰਾਈ ਇਸਤਰੀ ਵੱਲ ਭੈੜੀ ਨਿਗਹ ਰੱਖਦਾ ਹੈ।

ਏਥੇ ਬਨਿਤਾ ਦਾ ਅਰਥ ਪਤਨੀ, ਭਾਰਯਾ ਤੋਂ ਹੀ ਹੈ। ਇਕ ਹੋਰ ਸ਼ਬਦ 'ਵਾਰਵਨਿਤਾ' ਹੁੰਦਾ ਹੈ ਜਿਸਦਾ ਮਤਲਬ ਭਾਈ ਕਾਹਨ ਸਿੰਘ ਅਨੁਸਾਰ ਹੈ: ਵਾਰ (ਬਹੁਤਿਆਂ) ਕਰ ਕੇ ਆਦਰ ਕੀਤੀ ਹੋਈ, ਬਹੁਤਿਆਂ ਦੀ ਔਰਤ, ਵੇਸਵਾ, ਗਣਿਕਾ। ਉਚੇ ਸੁਚੇ ਜਜ਼ਬਿਆਂ ਦੀ ਅਰਥਾਵੀਂ ਪ੍ਰੇਮਿਕਾ ਰੂਪੀ ਬੰਤੀ ਅੱਜ ਜਿਨ੍ਹਾਂ ਲੰਪਟ ਅਰਥਾਂ ਵਿਚ ਸਾਡੇ ਲੋਕ ਗੀਤਾਂ ਵਿਚ ਵਿਦਮਾਨ ਹੈ ਉਸ ਤੋਂ ਔਰਤ ਪ੍ਰਤੀ ਸਾਡੀਆਂ ਕਦਰਾਂ ਕੀਮਤਾਂ ਵਿਚ ਆਈ ਗਿਰਾਵਟ ਦੀ ਝਲਕ ਮਿਲ ਜਾਂਦੀ ਹੈ। ਉਪਰੋਕਤ ਬਿਆਨ ਕੀਤੀਆਂ ਬੋਲੀਆਂ ਵਿਚ ਬੰਤੀ ਜੇ ਨਿਪਟ ਵੇਸਵਾ ਨਹੀਂ ਤਾਂ ਇਹ ਕੋਈ ਪ੍ਰੇਮਿਕਾ ਵੀ ਨਹੀਂ ਹੈ। 'ਬੰਤੋ ਦੇ ਯਾਰਾਂ ਨੇ' ਵਾਲੇ ਸ਼ਬਦਾਂ ਵੱਲ ਗੌਰ ਕਰੋ, ਕੀ ਏਥੇ ਬੰਤੀ ਸਚਮੁਚ ਵਾਰਵਨਿਤਾ ਨਹੀਂ ਬਣੀ ਪਈ?

ਪਰ ਬੰਤੀ ਦੀ ਵਿਥਿਆ ਦਾ ਇਕ ਦਿਲਕਸ਼ ਪਹਿਲੂ ਹੈ। ਅਸੀਂ ਬੰਤੀ ਦੇ ਵਿਗੜ ਚੁੱਕੇ ਅਕਸ ਨੂੰ ਹੁਸੀਨ ਮੋੜ ਦੇਣਾ ਚਾਹੁੰਦੇ ਹਾਂ, ਇਹ ਰਹੱਸ ਖੋਲ੍ਹ ਕੇ ਕਿ ਇਸ ਦੀ ਰੋਮਨ ਪਿਆਰ ਤੇ ਸੁੰਦਰਤਾ ਦੀ ਦੇਵੀ ਵੀਨਸ ਨਾਲ ਸਗੋਤਰੀ ਸਾਂਝ ਹੈ। ਇਸ ਵੀਨਸ ਦੇ ਸੰਗਮਰਮਰ, ਦੰਦ ਖੰਡ, ਚੂਨੇ, ਚੀਨੀ ਅਤੇ ਹੋਰ ਸਮੱਗਰੀ ਨਾਲ ਬਣੇ ਮਨਮੋਹਕ ਮੂਰਤੀਆਂ ਤੇ ਬੁਤ ਯੂਰਪ ਭਰ ਦੇ ਸ਼ਹਿਰਾਂ ਵਿਚ ਮਿਲਦੇ ਹਨ। ਨਿਰੁਕਤੀ ਦੇ ਦ੍ਰਿਸ਼ਟੀਕੋਣ ਤੋਂ ਬੰਤੀ ਸ਼ਬਦ ਇਸ ਦੇਵੀ ਦਾ ਸਕਾ ਹੈ। ਵੀਨਿਸ ਮੁਢਲੇ ਤੌਰ ਤੇ ਰੋਮਨਾਂ ਦੀ ਬਾਗਾਂ ਜਾਂ ਵਣਾਂ ਦੀ ਦੇਵੀ ਹੈ ਜਿਸਦੀ ਬਾਅਦ ਵਿਚ ਯੂਨਾਨੀ ਪ੍ਰਭਾਵ ਕਾਰਨ ਯੁਨਾਨ ਦੀ ਪਿਆਰ ਜਾਂ ਕਾਮ ਦੇਵੀ ਐਫਰੋਡਾਇਟ ਨਾਲ ਪਛਾਣ ਜੁੜ ਗਈ। ਅੰਗਰੇਜ਼ੀ ਵਿਚ ਇਕ ਅਤੀ ਸੁੰਦਰ ਔਰਤ ਨੂੰ ਵੀ ਵੀਨਸ ਕਿਹਾ ਜਾਂਦਾ ਹੈ। ਸਵੇਰ ਸ਼ਾਮ ਦੇ ਸਭ ਤੋਂ ਚਮਕਦਾਰ ਗ੍ਰਹਿ ਸ਼ੁਕਰ ਨੂੰ ਅੰਗਰੇਜ਼ੀ ਵਿਚ ਵੀਨਸ ਆਖਿਆ ਜਾਂਦਾ ਹੈ। ਇਸਦੀ ਵੀਨਸ ਦੇਵੀ ਨਾਲ ਸਾਂਝ ਹੈ ਜੋ ਇਸਦੀ ਸੁੰਦਰਤਾ ਕਰ ਕੇ ਹੀ ਹੈ -ਜਾਣੋਂ ਦੋਵੇਂ ਸੁੰਦਰਤਾ ਵਿਚ ਚਮਕਦੇ, ਲਿਸ਼ਕਾਂ ਮਾਰਦੇ ਹਨ। ਵੀਨਸ ਮੁਢਲੇ ਤੌਰ ਤੇ ਲਾਤੀਨੀ ਸ਼ਬਦ ਹੈ ਤੇ ਅੱਗੋਂ vener ਤੋਂ ਬਣਿਆ ਹੈ ਜਿਸਦਾ ਲਾਤੀਨੀ ਵਿਚ ਅਰਥ ਹੈ ਰੱਤੀ, ਕਾਮ, ਹਿਰਸ। ਇਸ ਤੋਂ ਵਿਕਸਿਤ ਹੋ ਕੇ ਅਰਥ ਬਣਿਆ ਉਹ ਗੁਣ ਜਿਨ੍ਹਾਂ ਕਰ ਕੇ ਕਿਸੇ (ਮਰਦ) ਵਿਚ ਕਾਮ ਜਾਂ ਹਿਰਸ ਪੈਦਾ ਕੀਤੀ ਜਾ ਸਕੇ ਅਰਥਾਤ ਕਾਮੁਕ ਖਿਚ, ਕਾਮ ਉਤੇਜਨਾ। ਬੱਸ ਇਸੇ ਤੋਂ ਅੱਗੇ ਉਹ ਦੇਵੀ ਬਣ ਗਿਆ ਜਿਸ ਵਿਚ ਲੈਂਗਿਕ ਖਿਚ ਮੂਰਤੀਮਾਨ ਹੋਈ ਪਈ ਹੈ। ਇਸ ਪ੍ਰਸੰਗ ਤੇ ਆ ਕੇ ਤੁਸੀਂ ਠਠੰਬਰ ਗਏ ਹੋਵੋਗੇ, ਰੱਤੀ, ਕਾਮ, ਹਿਰਸ, ਕਾਮਨਾ ਜਿਹੀਆਂ ਗੱਲਾਂ ਤਾਂ ਪਹਿਲਾਂ ਸੰਸਕ੍ਰਿਤ ਸ਼ਬਦ 'ਵਨ' ਦੇ ਸੰਦਰਭ ਵਿਚ ਹੋ ਚੁਕੀਆਂ ਸਨ। ਬਿਲਕੁਲ ਠੀਕ, ਤੇ ਏਹੀ ਗੱਲ ਸਾਨੂੰ ਇਸ ਸ਼ਬਦ ਦੇ ਭਾਰੋਪੀ ਮੂਲ ਵੱਲ ਲੈ ਜਾਂਦੀ ਹੈ ਜਿਸ ਤੋਂ ਅੱਗੇ ਇਸ ਸੰਕਲਪ ਦੇ ਹੋਰ ਪਾਸਾਰ ਸਾਹਮਣੇ ਆਉਂਦੇ ਹਨ। ਇਹ ਭਾਰੋਪੀ ਮੂਲ ਵੀ 'ਵਨ' ਹੀ ਹੈ ਜਿਸ ਦੇ ਅਰਥ ਕਿਸੇ ਚੀਜ਼ ਦੇ ਪਿਛੇ ਪੈਣਾ, ਚਾਹੁਣਾ, ਕਾਮਨਾ ਕਰਨਾ, ਸੰਤੁਸ਼ਟ ਹੋਣਾ ਆਦਿ ਨਿਰਧਾਰਿਤ ਕੀਤੇ ਗਏ ਹਨ। ਲਗ ਭਗ ਏਹੀ ਅਰਥ ਅਸੀਂ ਸੰਸਕ੍ਰਿਤ ਧਾਤੂ 'ਵਨ' ਦੇ ਦੇਖ ਚੁਕੇ ਹਾਂ।

ਅੰਗਰੇਜ਼ੀ ਦੇ ਕੁਝ ਹੋਰ ਸ਼ਬਦ ਇਸੇ ਮੂਲ ਤੋਂ ਉਪਜੇ ਹਨ ਜਿਨ੍ਹਾਂ ਵਿਚੋਂ ਇਕ ਹੈ win ਜਿਸ ਦਾ ਅਰਥ ਜਿੱਤਣਾ ਹੁੰਦਾ ਹੈ। ਇਹ ਸ਼ਬਦ ਕਈ ਪੁਰਾਣੀਆਂ ਭਾਸ਼ਾਵਾਂ ਜਿਵੇਂ ਪੁਰਾਣੀ ਜਰਮਨ, ਡੱਚ, ਨੌਰਸ, ਡੈਨਿਸ਼, ਗੌਥਿਕ ਆਦਿ ਵਿਚੀਂ ਹੋ ਕੇ ਅੰਗਰੇਜ਼ੀ ਵਿਚ ਆਇਆ ਹੈ। ਇਨ੍ਹਾਂ ਭਾਸ਼ਾਵਾਂ ਵਿਚ ਇਸ ਦਾ ਅਰਥ ਲਗ ਭਗ ਏਹੀ ਹੈ ਅਰਥਾਤ ਜਿੱਤਣਾ, ਹਾਸਿਲ ਕਰਨਾ ਜਾਂ ਜਿੱਤਣ ਲਈ ਹੱਥ ਪੈਰ ਮਾਰਨਾ, ਜਦੋਜਹਿਦ ਕਰਨਾ। ਗੌਰ ਕਰਨ ਵਾਲੀ ਗੱਲ ਹੈ ਕਿ ਸ਼ਬਦ ਹੌਲੀ ਹੌਲੀ ਕਦਮ ਧਰਦੇ ਕਿਵੇਂ ਨਵੇਂ ਨਵੇਰੇ ਅਰਥ ਧਾਰਨ ਕਰਦੇ ਜਾਂਦੇ ਹਨ ਹਾਲਾਂ ਕਿ ਕਈ ਵਾਰੀ ਇਹ ਛੜੱਪੇ ਵੀ ਮਾਰਦੇ ਹਨ। ਕਿਸੇ ਚੀਜ਼ ਦੀ ਚਾਹਤ ਕਰਨ ਤੋਂ ਅੱਗੇ ਉਸਨੂੰ ਹਾਸਿਲ ਕਰਨ ਤੱਕ ਅਰਥ ਪੈਰ ਪੈਰ ਤੇ ਬਦਲ ਰਹੇ ਹਨ। ਪੰਜਾਬੀ ਦਾ ਇਕ ਗੀਤ ਹੈ 'ਏਹੋ ਕੁੜੀ ਲੈਣੀ ਹੈ' ਇਸ ਬੋਲ ਵਿਚ ਕੁੜੀ ਲਈ ਚਾਹਤ ਤੋਂ ਲੈ ਕੇ ਉਸ ਨੂੰ ਪ੍ਰਾਪਤ ਕਰਨ ਵਿਚਕਾਰ ਕਿੰਨੇ ਸਾਰੇ ਵਰਤਾਰਿਆਂ ਦੇ ਭਾਵ ਆ ਜਾਂਦੇ ਹਨ। ਇਸੇ ਪ੍ਰਸੰਗ ਵਿਚ ਅੰਗਰੇਜ਼ੀ ਸ਼ਬਦ wish (ਇੱਛਾ, ਕਾਮਨਾ) ਆਉਂਦਾ ਹੈ ਪਰ ਇਹ ਹੋਰ ਰਾਹ ਥਾਣੀਂ ਆਇਆ ਹੈ ਜਿਸ ਦੀਆਂ ਮੋੜਾਂ-ਘੇੜਾਂ ਵੱਲ ਜਾਣ ਦੀ ਲੋੜ ਨਹੀਂ। ਏਨਾ ਜਾਣ ਲੈਣਾ ਕਾਫ਼ੀ ਹੈ ਕਿ ਇਕੋ ਮੂਲ ਤੋਂ ਕਈ ਸ਼ਾਖਾਵਾਂ ਫੁੱਟਦੀਆਂ ਹਨ ਤੇ ਅਲੱਗ ਅਲੱਗ ਭਾਸ਼ਾਵਾਂ ਵਿਚੀਂ ਲੰਘਦੀਆਂ ਨਵੇਂ ਤੋਂ ਨਵਾਂ ਰੂਪ ਤੇ ਅਰਥ ਗ੍ਰਹਿਣ ਕਰ ਲੈਂਦੀਆਂ ਹਨ।

ਦਿਲਚਸਪ ਗੱਲ ਹੈ ਕਿ ਅੰਗਰੇਜ਼ੀ ਸ਼ਬਦ venom ਜਿਸ ਦਾ ਅਰਥ ਜ਼ਹਿਰ, ਵਿਸ ਹੁੰਦਾ ਹੈ, ਵੀ ਇਸ ਮੂਲ ਤੋਂ ਹੀ ਵਿਉਤਪਤ ਹੋਇਆ ਹੈ। ਉਂਜ ਵੀ ਜਿਥੇ ਹੁਸਨ ਇਸ਼ਕ ਹੁੰਦਾ ਹੈ ਉਥੇ ਕਹਿਰ ਤੇ ਜ਼ਹਿਰ ਹੁੰਦੇ ਹੀ ਹਨ। ਵੀਨਸ ਦੇਵੀ ਤੋਂ ਮੰਨਤਾਂ ਲੈਣ ਲਈ ਉਸ ਦੀ ਪੂਜਾ ਅਰਚਨਾ ਕਰ ਕੇ ਤੇ ਚੜ੍ਹਾਵੇ ਚੜ੍ਹਾ ਕੇ ਉਸ ਨੂੰ ਰਿਝਾਉਣਾ ਜ਼ਰੂਰੀ ਹੈ। ਇਹ ਕਾਰਜ ਇਕ ਤਰਾਂ ਧਰਤੀ ਦੇ ਮਨੁਖ ਦੁਆਰਾ ਦੇਵਤਿਆਂ ਨੂੰ ਰਿਝਾਉਣ, ਲਲਚਾਉਣ, ਫੁਸਲਾਉਣ ਦਾ ਹੀਲਾ ਹੀ ਕਹੇ ਜਾ ਸਕਦੇ ਹਨ। ਏਥੋਂ ਹੀ ਵਨ ਮੂਲ ਦੇ ਅਰਥ ਕਾਮਨਾ ਤੋਂ ਤੁਰ ਕੇ ਫੁਸਲਾਹਟ, ਜਾਦੂ ਤੇ ਆਖਿਰ ਜ਼ਹਿਰ ਦੇ ਭਾਵਾਂ ਵਿਚ ਵਿਕਸਿਤ ਹੁੰਦੇ ਹਨ। ਦੂਜਿਆਂ ਨੂੰ ਵੱਸ ਵਿਚ ਕਰਨ ਲਈ ਜਾਦੂ ਟੂਣਾ ਕਰਨਾ ਜਾਂ ਕੁਝ ਤਵੀਤ ਘੋਲ ਕੇ ਪਿਲਾਉਣਾ ਮੁਢ ਕਦੀਮ ਤੋਂ ਚੱਲਿਆ ਆਇਆ ਹੈ।



*ਔਰਤ ਦੀ ਖੂਬਸੂਰਤੀ ਨੂੰ ਮੂਰਤੀਮਾਨ ਕਰਦਾ ਪ੍ਰਾਚੀਨ ਯੂਨਾਨ ਦਾ ਪ੍ਰਸਿਧ ਵੀਨਸ ਦਾ ਬੁੱਤ*

# ਵੀਰੇ ਦੀ ਯਾਦ ਵਿਚ ਪਰਵਾਜ਼ ਬਣੇ ਅਹਿਸਾਸ

ਇਕਬਾਲ ਜੱਬੋਵਾਲੀਆ

ਪਿਤਾ ਸਮਾਨ ਵੱਡਾ ਵੀਰ ਗਿਆਨ ਸਿੰਘ ਜਿਸ ਨੇ ਬਚਪਨ ਵਿਚ ਉਂਗਲੀ ਫੜ ਕੇ ਤੁਰਨਾ ਸਿਖਾਇਆ, ਮਾਂ-ਬਾਪ ਦਾ ਪਿਆਰ ਦਿੱਤਾ। ਮੇਰੀ ਹਰ ਖ਼ਾਹਿਸ਼ ਦਾ ਖ਼ਿਆਲ ਰੱਖਿਆ। ਸਕੂਲ ਤੋਂ ਕਾਲਜ ਭੇਜਿਆ। ਆਪ ਚੰਗਾ ਖਿਡਾਰੀ ਹੋਣ ਦੇ ਨਾਤੇ ਉਹ ਮੈਨੂੰ ਵੀ ਚੰਗਾ ਖਿਡਾਰੀ ਵੇਖਣਾ ਚਾਹੁੰਦਾ ਸੀ। ਪਿਤਾ ਜੀ ਪਹਿਲਵਾਨੀ ਦੇ ਸ਼ੌਕੀਨ ਸਨ। ਉਨ੍ਹਾਂ ਦੀ ਖ਼ਾਹਿਸ਼ ਦੀ ਕਿ ਵੱਡਾ ਵੀਰ ਵੀ ਪਹਿਲਵਾਨ ਬਣੇ ਪਰ ਉਹ ਆਰ.ਕੇ. ਆਰੀਆ ਕਾਲਜ, ਨਵਾਂ ਸ਼ਹਿਰ ਦਾ ਨਾਮਵਰ ਫੁਟਬਾਲ ਖਿਡਾਰੀ, ਅਥਲੀਟ ਅਤੇ ਪੰਜਾਬ ਯੂਨੀਵਰਸਿਟੀ ਦਾ ਉੱਤਮ ਫੁਟਬਾਲ ਖਿਡਾਰੀ ਬਣਿਆ। ਚੰਗੀ ਪੜ੍ਹਾਈ ਕਰ ਕੇ ਟੀਚਰ ਲੱਗਿਆ। ਫਿਰ ਤਰੱਕੀ ਕਰ ਕੇ ਹੈਡ-ਮਾਸਟਰ ਬਣਿਆ।

ਅਧਿਆਪਕ ਦੇ ਤੌਰ 'ਤੇ ਉਹਨੇ ਪਿੰਡ ਗੁਣਾਚੌਰ, ਰਟੈਂਡਾ, ਭਾਰ ਸਿੰਘਪੁਰਾ ਅਤੇ ਨਕੋਦਰ ਪੜ੍ਹਾਇਆ। ਮੁੱਖ ਅਧਿਆਪਕ ਹੁੰਦਿਆਂ ਲੰਗੜੋਆ, ਮੂਸਾਪੁਰ ਅਤੇ ਆਖ਼ਰੀ ਸਮੇਂ ਗੜ੍ਹੀ ਮਹਾਂਸਿੰਘ ਦੇ ਹਾਈ ਸਕੂਲ ਵਿਚ ਸੇਵਾ ਨਿਭਾਈ। ਉਹ ਐਮ.ਏ. ਐਮ.ਐਡ. ਸਨ। ਐਮ.ਏ. ਇੰਗਲਿਸ਼, ਹਿਸਟਰੀ, ਪੋਲੀਟੀਕਲ ਸਾਇੰਸ ਅਤੇ ਧਾਰਮਿਕ ਪੰਜਾਬੀ ਦੀ ਡਿਗਰੀ ਪ੍ਰਾਪਤ ਕੀਤੀ। ਉਹ ਬਲਾਕ ਨਵਾਂ ਸ਼ਹਿਰ ਦੀ ਟੀਚਰਜ਼ ਯੂਨੀਅਨ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਤੋਂ ਸਿੱਖਿਆ ਹਾਸਲ ਕਰਨ ਵਾਲੇ ਖਿਡਾਰੀ ਅਤੇ ਵਿਦਿਆਰਥੀ ਅੱਜ ਉਚੇ ਅਹੁਦਿਆਂ 'ਤੇ ਬਿਰਾਜਮਾਨ ਹਨ। ਹਮੇਸ਼ਾ ਪਿੰਡ ਤੇ ਇਲਾਕੇ ਦੇ ਲੋੜਵੰਦ ਵਿਦਿਆਰਥੀਆਂ ਅਤੇ ਖਿਡਾਰੀਆਂ ਦੀ ਹਰ ਤਰ੍ਹਾਂ ਨਾਲ ਉਨ੍ਹਾਂ ਨੇ ਮਦਦ ਕੀਤੀ।



ਹੈਡ-ਮਾਸਟਰ ਗਿਆਨ ਸਿੰਘ ਜ਼ਿਲਾ ਜਲੰਧਰ ਦੀਆਂ ਸਕੂਲੀ ਖੇਡਾਂ ਦਾ ਚਾਰ ਸਾਲ ਪ੍ਰਧਾਨ ਰਿਹਾ। ਨਵਾਂ ਸ਼ਹਿਰ, ਬੰਗਾ ਅਤੇ ਜਲੰਧਰ ਦੇ ਸਾਲਾਨਾ ਪ੍ਰੀਖਿਆ ਦੇ 18 ਸਕੂਲਾਂ ਦੇ ਫਲਾਇੰਗ ਸਕੁਐਡ (ਉਡਣ ਦਸਤਾ) ਵਜੋਂ ਸੇਵਾ ਨਿਭਾਈ। ਉਚੀ-ਸੁੱਚੀ, ਉਡਾਰੂ ਤੇ ਉਸਾਰੂ ਸੋਚ ਦਾ ਮਾਲਕ ਵੱਡਾ ਵੀਰ 18 ਜਨਵਰੀ 2000 ਨੂੰ ਭਰੇ ਪਰਿਵਾਰ, ਸਿੱਖਿਆ ਵਿਭਾਗ, ਰਿਸ਼ਤੇਦਾਰਾਂ ਅਤੇ ਯਾਰਾਂ-ਦੋਸਤਾਂ ਨੂੰ ਸਦਾ-ਸਦਾ ਲਈ ਅਲਵਿਦਾ ਆਖ ਗਿਆ। ਉਸ ਦੀ ਮੌਤ ਤੋਂ ਬਾਅਦ ਹੀ ਮਾਂ-ਬਾਪ ਦਾ ਅਹਿਸਾਸ ਹੋਇਆ। ਵੱਡੇ ਵੀਰ ਦੀਆਂ ਯਾਦਾਂ ਅਤੇ ਸਿੱਖਿਆਵਾਂ ਹਰਦਮ ਅੰਗ-ਸੰਗ ਤੇ ਤਾਜ਼ਾ ਰਹਿੰਦੀਆਂ ਹਨ:

ਮੇਰੀ ਜੂਨ ਸੰਵਾਰ ਗਿਉਂ ਤੂੰ
ਆਪ ਉਡਾਰੀ ਮਾਰ ਗਿਉਂ ਤੂੰ
ਚਾਅ ਸੀ ਮੇਰੇ ਦਿਲ ਅੰਦਰ
ਤੇਰੀ ਸੇਵ ਕਮਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ,
ਤੈਨੂੰ ਭੇਟ ਚੜ੍ਹਾਵਾਂ ਮੈਂ...।

ਨਾਮ ਗਿਆਨ ਗਿਆਨ ਦਾ ਸਾਗਰ
ਯਾਦ ਕਰੇਂਦੇ ਤੇਰਾ ਆਦਰ
ਨਾ ਡਿੱਠਾ ਕੋਈ ਤੁੱਧ ਜੇਹਾ
ਡਿੱਠੀਆਂ ਲੱਖ ਕਥਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ,
ਤੈਨੂੰ ਭੇਟ ਚੜ੍ਹਾਵਾਂ ਮੈਂ...।

ਚੰਗੇ ਪਾਸੇ ਲਾਉਂਦਾ ਸੀ ਤੂੰ
ਸਭ ਕੁਝ ਸਿੱਖਿਆ ਤੇਰੇ ਤੋਂ
ਕਿਵੇਂ ਹੁਣ ਭੁਲਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ,
ਤੈਨੂੰ ਭੇਟ ਚੜ੍ਹਾਵਾਂ ਮੈਂ...।

ਚੌਹ ਵਿਸ਼ਿਆਂ ਦੀ ਐਮ.ਏ. ਕਰ ਕੇ
ਇਲਮ ਵਾਲੀ ਝੋਲੀ ਭਰ ਕੇ
ਪੋਥੀਆਂ ਅਤੇ ਡਿਗਰੀਆਂ ਨੂੰ
ਝੁਕ-ਝੁਕ ਸੀਸ ਨਿਵਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ,
ਤੈਨੂੰ ਭੇਟ ਚੜ੍ਹਾਵਾਂ ਮੈਂ...।

ਗ਼ਮ ਤੇਰੇ ਵਿਚ ਬਾਪੂ ਖੁਰਿਆ
ਨਾਲ ਦੁੱਖਾਂ ਮੇਰਾ ਨਾਤਾ ਜੁੜਿਆ
ਯਾਦ ਦੋਹਾਂ ਦੀ ਪਿੰਜ ਰਹੀ
ਨੈਣੋਂ ਲੜੀਆਂ ਲਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ,
ਤੈਨੂੰ ਭੇਟ ਚੜ੍ਹਾਵਾਂ ਮੈਂ...।

ਫ਼ਰਜ਼ ਤੇਰੇ ਮੈਂ ਪੂਰੀ ਜਾਵਾਂ
ਪਿਆਰ ਤੇਰੇ ਲਈ ਝੂਰੀ ਜਾਵਾਂ
ਉਲਝ ਗਈ ਜ਼ਿੰਦਗੀ ਦੀ ਤਾਣੀ
ਕਿਵੇਂ ਹੁਣ ਸੁਲਝਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ,
ਤੈਨੂੰ ਭੇਟ ਚੜ੍ਹਾਵਾਂ ਮੈਂ...।

ਹਨੀ-ਮਨੀ ਦੋਵੇਂ ਬੇਟੇ ਮੇਰੇ
ਪੁੱਛਣ ਹਮੇਸ਼ਾ ਬਾਰੇ ਤੇਰੇ
ਕਿਵੇਂ ਉਨ੍ਹਾਂ ਨੂੰ ਸਮਝਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ,
ਤੈਨੂੰ ਭੇਟ ਚੜ੍ਹਾਵਾਂ ਮੈਂ...।

ਹਰ ਹਫ਼ਤੇ ਪੁੱਛਦਾ ਸੀ ਹਾਲ
ਦਿਨ ਬੀਤਦੇ ਕਿੰਜ 'ਇਕਬਾਲ'
ਪਿਆਰ ਤੇਰੇ ਨੂੰ ਕਿਵੇਂ ਭੁਲਾਵਾਂ ਮੈਂ।
ਸ਼ਰਧਾ ਦੇ ਫੁੱਲ ਵੀਰ ਮੇਰੇ
ਤੈਨੂੰ ਭੇਟ ਚੜ੍ਹਾਵਾਂ ਮੈਂ...।

# ਸਿੱਖ ਬੀਬੀਆਂ ਅਤੇ ਸੇਵਾ

ਡਾ. ਗੁਰਨਾਮ ਕੌਰ

ਅਮਰੀਕਾ ਅਤੇ ਕੈਨੇਡਾ ਦੀ ਫੇਰੀ ਦੌਰਾਨ ਭਾਈ ਮਨਜੀਤ ਸਿੰਘ ਨਾਲ ਵਿਚਰਦਿਆਂ ਅਸੀਂ ਦੇਖਿਆ ਕਿ ਅਕਾਲ ਤਖ਼ਤ ਦਾ ਜਥੇਦਾਰ ਹੋਣ ਨਾਤੇ ਸਿੰਘ ਸਾਹਿਬ ਕੋਲ ਸੰਗਤ ਵੱਲੋਂ ਬਹੁਤ ਸਾਰੇ ਗਿਲੇ ਸ਼ਿਕਵੇ ਆ ਰਹੇ ਸਨ। ਇਨ੍ਹਾਂ ਵਿਚੋਂ ਬਹੁਤੇ ਸ਼ਿਕਵੇ ਸਿੱਖ ਬੀਬੀਆਂ ਵੱਲੋਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਸਿੱਖ ਧਰਮ ਵਿਚ ਬੀਬੀਆਂ ਨੂੰ ਅੰਮ੍ਰਿਤਪਾਨ ਕਰਨ ਅਤੇ ਹੋਰ ਅਧਿਕਾਰ ਸਿੱਖ ਵੀਰਾਂ ਦੇ ਬਰਾਬਰ ਦਿੱਤੇ ਗਏ ਹਨ ਤਾਂ ਫਿਰ ਗੁਰੂ ਘਰ ਵਿਚ ਗੁਰੂ ਦੀ ਸੇਵਾ ਕਰਨ ਦਾ ਅਧਿਕਾਰ ਕਿਉਂ ਖੋਹ ਲਿਆ ਗਿਆ ਹੈ? ਅਮਰੀਕਾ ਵਿਚ ਸਿੱਖ ਬੀਬੀਆਂ ਆਪਣੇ ਅਧਿਕਾਰਾਂ ਪ੍ਰਤੀ ਜ਼ਿਆਦਾ ਚੇਤੰਨ ਹਨ। ਨਿਊ ਯਾਰਕ ਦੇ ਸੈਮੀਨਾਰ ਸਮੇਂ ਇੱਕ ਬੀਬੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਗਈ ਸੀ ਅਤੇ ਰਾਤ ਉਥੇ ਹੀ ਰਹੀ ਸੀ। ਤੜਕੇ ਜਦੋਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਆਈ, ਉਸ ਬੀਬੀ ਨੇ ਮਹਾਰਾਜ ਦੀ ਪਾਲਕੀ ਦੇ ਪਾਵੇ ਨੂੰ ਸਪਰਸ਼ ਕਰਨਾ ਚਾਹਿਆ ਤਾਂ ਉਸ ਨੂੰ ਧੱਕਾ ਦੇ ਕੇ ਪਾਸੇ ਕਰ ਦਿੱਤਾ ਗਿਆ। ਇਸ ਤਰ੍ਹਾਂ ਇੱਕ ਗੁਰਸਿੱਖ ਬੀਬੀ ਨੂੰ ਗੁਰੂ-ਜੋਤਿ ਦੀ ਚਰਨ ਛੂਹ ਤੋਂ ਵਾਂਝਿਆਂ ਕਰ ਦਿੱਤਾ ਗਿਆ। ਇੱਕ ਹੋਰ ਬੀਬੀ ਦਾ ਸ਼ਿਕਵਾ ਸੀ ਕਿ ਉਹ ਅਮਰੀਕਾ ਤੋਂ ਚੱਲ ਕੇ ਹਰਿਮੰਦਰ ਸਾਹਿਬ ਦਰਸ਼ਨਾਂ ਨੂੰ ਪਰਿਵਾਰ ਸਮੇਤ ਗਈ। ਅੰਮ੍ਰਿਤ ਵੇਲੇ ਉਨ੍ਹਾਂ ਦਾ ਮਨ ਕੀਤਾ ਕਿ ਬਾਕੀ ਸੰਗਤ ਨਾਲ ਉਹ ਵੀ ਦਰਬਾਰ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਹੋਣ ਵਾਲੀ ਝਾੜੂ ਅਤੇ ਪੋਚਾ ਲਾਉਣ ਦੀ ਸੇਵਾ ਵਿਚ ਆਪਣਾ ਹਿੱਸਾ ਪਾਉਣ ਪਰ ਉਸ ਬੀਬੀ ਨੂੰ ਆਗਿਆ ਨਹੀਂ ਦਿੱਤੀ ਗਈ।



ਡਾ. ਗੁਰਨਾਮ ਕੌਰ

ਕਿਸੇ ਗੁਰਸਿੱਖ ਵਾਸਤੇ ਭਾਵੇਂ ਬੀਬੀ ਹੋਵੇ ਜਾਂ ਵੀਰ, ਗੁਰੂ ਦਾ ਪ੍ਰੇਮ ਅਤੇ ਸੇਵਾ ਭਾਵਨਾ ਇੱਕੋ ਜਿਹੀ ਹੈ, ਗੁਰੂ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਫਿਰ ਇੱਕ ਬੀਬੀ ਨੂੰ ਗੁਰੂ ਸੇਵਾ ਤੋਂ ਸਿਰਫ਼ ਇਸ ਕਰਕੇ ਮਹਿਰੂਮ ਕਰ ਦੇਣਾ ਕਿ ਉਹ ਬੀਬੀ ਹੈ ਸਰਾਸਰ ਸਿੱਖ ਸਿਧਾਂਤਾਂ ਦੇ ਖ਼ਿਲਾਫ ਹੈ ਕਿਉਂਕਿ ਅਧਿਆਤਮਕ ਅਨੁਭਵ ਦਾ ਬਰਾਬਰ ਦਾ ਹੱਕ ਸਿਰਫ ਤੇ ਸਿਰਫ ਸਿੱਖ ਇਸਤਰੀ ਨੂੰ ਮਿਲਿਆ ਹੈ ਜੋ ਗੁਰੂ ਦੇ ਅੰਮ੍ਰਿਤ ਦੀ ਬਰਾਬਰ ਦੀ ਅਧਿਕਾਰੀ ਹੈ। ਉਸ ਦੇ ਬਾਣੀ ਸੁਣਨ-ਪੜ੍ਹਨ ਦੀ ਕੋਈ ਰੋਕ ਨਹੀਂ ਹੈ ਅਤੇ ਨਾ ਹੀ ਬਾਬੇ ਦੀ ਬਾਣੀ ਵਿਚ ਕਿਸੇ ਕਿਸਮ ਦੀ ਸੁੱਚ-ਭਿੱਟ ਦਾ ਸਿਧਾਂਤ ਦਿੱਤਾ ਗਿਆ ਹੈ। ਸਗੋਂ ਬਾਣੀ ਵਿਚ ਇਸ ਕਿਸਮ ਦੇ ਵਿਚਾਰਾਂ ਨੂੰ ਮੁੱਢੋਂ-ਸੁੱਢੋਂ ਰੱਦ ਕੀਤਾ ਗਿਆ ਹੈ ਕਿਉਂਕਿ ਇਹ ਅਗਿਆਨ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਮੁਹਾਵਰਾ ਹੀ ਇਸ ਤਰ੍ਹਾਂ ਹੈ ਕਿ ਇਹ ਜਗਿਆਸੂ ਰੂਪੀ ਇਸਤਰੀ ਦੀ ਪ੍ਰਭੂ-ਪਰਮਾਤਮਾ ਨੂੰ ਮਿਲਣ ਦੀ ਲੋਚਾ ਅਤੇ ਉਸ ਦੇ ਪ੍ਰੇਮ ਦੀ ਪ੍ਰਾਪਤੀ ਲਈ ਸਿੱਕ ਅਤੇ ਤਾਂਘ ਨੂੰ ਦਰਸਾਉਂਦੀ ਹੈ। ਜਿਵੇਂ ਰਾਗ ਆਸਾ ਵਿਚ ਪੰਚਮ ਪਾਤਿਸ਼ਾਹ ਹਜ਼ੂਰ ਪਰਮਾਤਮਾ ਦੇ ਦਰ 'ਤੇ ਭਗਤ ਦੀ ਭਗਤੀ ਦੀ ਪ੍ਰਵਾਨਗੀ ਨੂੰ ਇਸਤਰੀ ਦੇ ਅਲੰਕਾਰ ਰਾਹੀਂ ਇਉਂ ਫ਼ਰਮਾਉਂਦੇ ਹਨ, "ਲਾਲੁ ਚੋਲਨਾ ਤੈ ਤਨਿ ਸੋਹਿਆ॥
ਸੁਰਿਜਨ ਭਾਨੀ ਤਾ ਮਨੁ ਮੋਹਿਆ॥
ਕਵਨ ਬਨੀ ਰੀ ਤੇਰੀ ਲਾਲੀ॥
ਕਵਨਿ ਰੰਗਿ ਤੂੰ ਭਈ ਗੁਲਾਲੀ॥"

*(ਪੰਨਾ 384)*

ਜਨਮ ਸਾਖੀਆਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਵਿਚ ਰੱਬੀ ਜੋਤਿ ਦੇ ਪ੍ਰਕਾਸ਼ ਦਾ ਗਿਆਨ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੀਬੀ ਨਾਨਕੀ ਨੂੰ ਹੁੰਦਾ ਹੈ। ਕਦਮ-ਕਦਮ 'ਤੇ ਉਹ ਇਹ ਅਹਿਸਾਸ ਬਾਕੀ ਪਰਿਵਾਰ ਅਤੇ ਆਲੇ-ਦੁਆਲੇ ਦੇ ਹੋਰ ਲੋਕਾਂ ਨੂੰ ਕਰਾਉਂਦੀ ਹੈ। ਮਸਲਨ ਜਦੋਂ ਵੇਈਂ ਨਦੀ ਪ੍ਰਵੇਸ਼ ਵੇਲੇ ਗੁਰੂ ਨਾਨਕ ਤਿੰਨ ਦਿਨ ਨਦੀ ਤੋਂ ਬਾਹਰ ਨਾ ਆਏ ਤਾਂ ਹਰ ਕੋਈ ਸਮਝਦਾ ਹੈ ਕਿ ਉਹ ਨਦੀ ਵਿਚ ਡੁੱਬ ਗਏ ਹਨ ਪਰ ਬੀਬੀ ਨਾਨਕੀ ਦੇ ਸ਼ਬਦ ਹਨ, "ਮੇਰਾ ਵੀਰ ਡੁੱਬ ਨਹੀਂ ਸਕਦਾ, ਉਹ ਤੇ ਆਪ ਡੁੱਬਦਿਆਂ ਨੂੰ ਤਾਰਨ ਆਇਆ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਾਮਕਲੀ ਵਿਚ ਸੱਤੇ-ਬਲਵੰਡ ਦੀ ਵਾਰ ਵਿਚ ਦਸਿਆ ਗਿਆ ਹੈ ਕਿ ਇੱਕ ਪਾਸੇ ਗੁਰੂ ਅੰਗਦ ਦੇਵ ਸੰਗਤ ਨੂੰ ਸ਼ਬਦ ਦੇ ਲੰਗਰ ਰਾਹੀਂ ਨਿਹਾਲ ਕਰ ਰਹੇ ਹਨ ਤਾਂ ਦੂਸਰੇ ਪਾਸੇ ਮਾਤਾ ਖੀਵੀ (ਗੁਰੂ ਅੰਗਦ ਦੇਵ ਜੀ ਦੀ ਧਰਮ ਪਤਨੀ) ਸੰਗਤ ਦੀ ਸੇਵਾ ਵਧੀਆ ਲੰਗਰ ਛਕਾ ਕੇ ਕਰ ਰਹੇ ਹਨ,
"ਬਲਵੰਡ ਖੀਵੀ ਨੇਕ ਜਨ
ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ
ਰਸੁ ਅੰਮ੍ਰਿਤੁ ਖੀਰਿ ਘਿਆਲੀ॥"

*(ਪੰਨਾ 967)*

ਅਸੀਂ ਇਸ ਤੱਥ ਤੋਂ ਵੀ ਭਲੀਭਾਂਤ ਜਾਣੂ ਹਾਂ ਕਿ ਗੁਰੂ ਅਮਰਦਾਸ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਦੀ ਤਾਂਘ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ, ਜੋ ਗੁਰੂ ਅਮਰਦਾਸ ਜੀ ਦੇ ਭਤੀਜੇ ਨੂੰ ਵਿਆਹੀ ਹੋਈ ਸੀ, ਪਾਸੋਂ ਗੁਰਬਾਣੀ ਸੁਣਦਿਆਂ ਪੈਦਾ ਹੋਈ ਸੀ। ਗੁਰੂ ਅਮਰਦਾਸ ਦੀ ਗੁਰੂ ਦਰਸ਼ਨਾਂ ਦੀ ਤਾਂਘ ਨੂੰ ਪੂਰਿਆਂ ਕਰਨ ਲਈ ਬੀਬੀ ਅਮਰੋ ਆਪ ਉਨ੍ਹਾਂ ਨੂੰ ਲੈ ਕੇ ਖ਼ਡੂਰ ਸਾਹਿਬ ਗੁਰੂ-ਪਿਤਾ ਦੇ ਦਰਸ਼ਨਾਂ ਨੂੰ ਆਈ ਅਤੇ ਉਹ ਹਮੇਸ਼ਾ ਲਈ ਗੁਰੂ ਦੇ ਹੋ ਕੇ ਉਥੇ ਰਹਿ ਪਏ, ਗੁਰੂ ਪਦਵੀ ਪ੍ਰਾਪਤ ਕੀਤੀ। ਗੁਰੂ ਅਮਰਦਾਸ ਦੀ ਪੁੱਤਰੀ ਬੀਬੀ ਭਾਨੀ, ਜਿਸ ਨੂੰ ਗੁਰੂ ਰਾਮ ਦਾਸ ਚੌਥੇ ਗੁਰੂ ਸਾਹਿਬ ਦੀ ਪਤਨੀ ਅਤੇ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੈ, ਗੁਰੂ-ਪਿਤਾ ਗੁਰੂ ਅਮਰਦਾਸ ਨੂੰ ਆਪਣੇ ਹੱਥੀਂ ਇਸ਼ਨਾਨ ਕਰਾਉਂਦੇ ਹੁੰਦੇ ਸਨ। ਕਹਿੰਦੇ ਹਨ ਕਿ ਇੱਕ ਦਿਨ ਇਸ਼ਨਾਨ ਕਰਦਿਆਂ ਗੁਰੂ ਪਿਤਾ ਜਿਸ ਪੀੜ੍ਹੇ 'ਤੇ ਬੈਠੇ ਸਨ, ਉਸ ਦਾ ਪਾਵਾ ਟੁੱਟ ਗਿਆ। ਬੀਬੀ ਭਾਨੀ ਨੇ ਉਸ ਟੁੱਟੇ ਹੋਏ ਪਾਵੇ ਥੱਲੇ ਆਪਣਾ ਹੱਥ ਦੇ ਕੇ ਪੀੜ੍ਹੇ ਨੂੰ ਟਿਕਾ ਕੇ ਰੱਖਿਆ।

ਪਿਤਾ ਜਾਂ ਗੁਰੂ ਦੀ ਸੇਵਾ ਸਿੱਖ ਧਰਮ ਵਿਚ ਵਿਵਰਜਤ ਨਹੀਂ ਹੈ, ਸਗੋਂ ਇਸ ਨੂੰ ਵਿਵਰਜਤ ਕਰਨਾ ਬਿਪਰ ਰੀਤ ਹੈ, ਸਿੱਖੀ ਸਿਧਾਂਤਾਂ ਦੇ ਖ਼ਿਲਾਫ ਹੈ। ਮੈਂ ਆਪਣੇ ਪਿੰਡ ਬਾਰੇ ਲਿਖਦਿਆਂ ਪੰਡਤ ਨੱਥੂ ਰਾਮ ਦਾ ਜ਼ਿਕਰ ਕੀਤਾ ਸੀ ਜਿਸ ਦੀ ਲੜਕੀ ਪ੍ਰੇਮ ਲਤਾ ਮੇਰੇ ਸਕੂਲ ਵਿਚ ਪੜ੍ਹਦੀ ਸੀ ਅਤੇ ਮੇਰੀ ਸਹੇਲੀ ਵੀ ਸੀ। ਗਰਮੀ ਦੀਆਂ ਛੁੱਟੀਆਂ ਵਿਚ ਅਸੀਂ ਉਨ੍ਹਾਂ ਦੇ ਘਰ ਬੈਠ ਕੇ ਚਾਦਰਾਂ ਦੀ ਕਢਾਈ ਕਰਦੀਆਂ ਸਾਂ। ਮੈਂ ਇੱਕ ਗੱਲ ਨੋਟ ਕੀਤੀ ਕਿ ਪ੍ਰੇਮ ਜਾਂ ਉਸ ਦੀ ਭੈਣ ਬਾਕੀ ਸਾਰੇ ਪਰਿਵਾਰ ਲਈ ਫੁਲਕੇ ਲਾਹ ਦਿੰਦੀਆਂ ਪਰ ਉਨ੍ਹਾਂ ਦੇ ਪਿਤਾ ਲਈ ਫੁਲਕਾ ਉਨ੍ਹਾਂ ਦੀ ਮਾਤਾ ਪਕਾਉਂਦੀ ਸੀ। ਮੈਨੂੰ ਥੋੜੀ ਹੈਰਾਨੀ ਹੋਈ ਅਤੇ ਪੁੱਛਣ 'ਤੇ ਪਤਾ ਲੱਗਿਆ ਕਿ ਕੁਆਰੀ ਪੁੱਤਰੀ ਦੇ ਹੱਥ ਦਾ ਫੁਲਕਾ ਪਿਤਾ ਨਹੀਂ ਛਕਦਾ ਅਤੇ ਨਾ ਹੀ ਕੁਆਰੀ ਪੁੱਤਰੀ ਪਿਤਾ ਦੇ ਜੂਠੇ ਭਾਂਡੇ ਮਾਂਜਦੀ ਹੈ। ਅਸੀਂ ਤਾਂ ਸਿੱਖ ਪਰਿਵਾਰ ਵਿਚ ਪੈਦਾ ਹੋਈਆਂ ਸਾਂ, ਸਾਡੇ ਬਾਪੂ ਜੀ ਵੀ ਗੁਰਸਿੱਖ ਹੋਣ ਦੇ ਬਾਵਜੂਦ ਸਾਨੂੰ ਆਪਣਾ ਜੂਠਾ ਭਾਂਡਾ ਨਹੀਂ ਸੀ ਚੁੱਕਣ ਦਿੰਦੇ, ਸ਼ਾਇਦ ਇਹ ਬਿਪਰ ਸੰਸਕਾਰ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ

## ਰੰਗ-ਬੇਰੰਗ

ਕਿਧਰੇ ਉਨ੍ਹਾਂ ਦੇ ਮਨ ਵਿਚ ਡੂੰਘੇ ਉਤਰੇ ਹੋਏ ਸਨ। ਅਸਲ ਵਿਚ ਗੁਰੂ ਦੇ ਸਿੰਘ ਆਪ ਲੰਬੇ ਸਮੇਂ ਤੱਕ ਸੰਘਰਸ਼ ਵਿਚ ਪਏ ਰਹੇ ਅਤੇ ਇਸ ਕਰਕੇ ਗੁਰਦੁਆਰਿਆਂ ਦਾ ਪ੍ਰਬੰਧ ਸੰਨਿਆਸੀ ਸਾਧੂਆਂ ਦੀ ਸੰਭਾਲ ਹੇਠ ਰਿਹਾ। ਸੰਨਿਆਸੀ ਸਾਧੂ ਦੇਖਣ ਨੂੰ ਭਾਵੇਂ ਸਿੱਖੀ ਸਰੂਪ ਵਿਚ ਹੀ ਹਨ ਅਤੇ ਬਾਣੀ ਦਾ ਓਟ ਆਸਰਾ ਵੀ ਲੈਂਦੇ ਹਨ ਪਰ ਵਿਚਾਰਧਾਰਕ ਪੱਧਰ 'ਤੇ ਉਹ ਵੇਦਾਂਤਕ ਫ਼ਲਸਫ਼ੇ ਅਤੇ ਸ਼ਾਸਤਰੀ ਰਹੁ-ਰੀਤਾਂ ਨਾਲ ਹੀ ਜੁੜੇ ਹੋਏ ਹਨ ਜਿਵੇਂ ਅੱਜ ਕੱਲ੍ਹ ਦੇ ਡੇਰੇਦਾਰ ਸੰਤ। ਇਹ ਪ੍ਰਚਾਰ ਵੀ ਇਸੇ ਵਿਚਾਰਧਾਰਾ ਦਾ ਕਰਦੇ ਹਨ।

ਦਰਬਾਰ ਸਾਹਿਬ ਵਿਚ ਪ੍ਰਚਲਤ ਬਹੁਤ ਸਾਰੀਆਂ ਕੁਰੀਤੀਆਂ ਦਾ ਸਿੰਘ ਸਭਾ ਲਹਿਰ ਦੇ ਜਤਨਾਂ ਸਦਕਾ ਭੋਗ ਪੈ ਗਿਆ ਪਰ ਫਿਰ ਵੀ ਬਹੁਤ ਕੁਝ ਰਹਿ ਗਿਆ ਕਿਉਂਕਿ ਲੰਬੇ ਸਮੇਂ ਤੋਂ ਰਹੁ-ਰੀਤਾਂ 'ਤੇ ਕਾਬਜ਼ ਧੜੇ ਦੇ ਸ਼ਿਕੰਜੇ ਨੂੰ ਤੋੜਨਾ ਏਨਾ ਸੌਖਾ ਕੰਮ ਨਹੀਂ ਹੁੰਦਾ। ਭਾਈ ਮਨਜੀਤ ਸਿੰਘ ਦੀ ਗੁਰੂ ਸਿਧਾਂਤਾਂ ਪ੍ਰਤੀ ਜਾਗ੍ਰਿਤ ਸਮਝ ਨੇ ਇਹ ਮਹਿਸੂਸ ਕੀਤਾ ਕਿ ਜੇ ਮਨੁੱਖੀ ਜਾਮੇ ਵਿਚ ਜਾਗਤ ਜੋਤਿ ਗੁਰੂ ਅਮਰਦਾਸ ਦੀ ਸੇਵਾ ਦੀ ਆਗਿਆ ਬੀਬੀ ਭਾਨੀ ਨੂੰ ਗੁਰੂ ਮਹਾਰਾਜ ਦੇ ਸਕਦੇ ਹਨ ਤਾਂ ਫਿਰ ਬੀਬੀਆਂ ਨੂੰ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰਨ ਦੀ ਆਗਿਆ ਕਿਉਂ ਨਹੀਂ ਦਿੱਤੀ ਜਾ ਸਕਦੀ? ਇਸੇ ਸਿਧਾਂਤ ਦੀ ਰੋਸ਼ਨੀ ਵਿਚ ਭਾਈ ਮਨਜੀਤ ਸਿੰਘ ਨੇ ਉਪਰਾਲਾ ਕੀਤਾ ਕਿ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਤੋਂ ਪਹਿਲਾਂ ਝਾੜੂ-ਪੋਚੇ ਦੀ ਸੇਵਾ ਦਾ ਹੱਕ ਬੀਬੀਆਂ ਨੂੰ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ 1994 ਵਿਚ ਉਨ੍ਹਾਂ ਨੇ ਇਹ ਉਪਰਾਲਾ ਸ਼ੁਰੂ ਕੀਤਾ।

ਸ਼ਹੀਦ ਭਾਈ ਫ਼ੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਅਤੇ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਦੀ ਸੁਪਤਨੀ ਬੀਬੀ ਇੰਦਰਜੀਤ ਕੌਰ ਦੀ ਅਗਵਾਈ ਵਿਚ ਅਮਰੀਕਨ ਸਿੰਘਣੀਆਂ ਅਤੇ ਅੰਮ੍ਰਿਤਸਰ ਤੋਂ ਬੀਬੀਆਂ ਨੇ ਇਹ ਸੇਵਾ ਅਰੰਭ ਕੀਤੀ। ਬੀਬੀਆਂ ਅੰਦਰ ਸੇਵਾ ਦਾ ਜੋਸ਼ ਅਤੇ ਚਾਅ ਠਾਠਾਂ ਮਾਰ ਰਿਹਾ ਸੀ। ਸਦੀਆਂ ਤੋਂ ਇਸ ਸੇਵਾ 'ਤੇ ਕਾਬਜ਼ ਧੜੇ ਅਤੇ ਉਨ੍ਹਾਂ ਦਾ ਸਾਥ ਨਿਭਾਉਣ ਵਾਲੇ ਪ੍ਰਬੰਧਕਾਂ ਨੇ ਬੀਬੀਆਂ ਨੂੰ ਸੇਵਾ ਕਰਨ ਤੋਂ ਹਰ ਤਰ੍ਹਾਂ ਰੋਕਣਾ ਚਾਹਿਆ ਅਤੇ ਘੇਰਾਬੰਦੀ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਬੀਬੀਆਂ ਦੇ ਜੋਸ਼ ਅਤੇ ਦ੍ਰਿੜ ਇਰਾਦੇ ਨੇ ਹਰ ਅੜਿੱਕੇ ਨੂੰ ਪਾਰ ਕਰਕੇ ਸੇਵਾ ਦਾ ਇਹ ਕਾਰਜ ਨਿਭਾਇਆ। ਅਮਰੀਕਨ ਸਿੰਘਣੀਆਂ ਵਿਚੋਂ ਇੱਕ ਬੀਬੀ ਨੇ ਆਪਣੀ ਇੱਕ ਸਾਥਣ ਨੂੰ ਈ-ਮੇਲ ਰਾਹੀਂ ਬਹੁਤ ਹੀ ਭਾਵੁਕ ਸ਼ਬਦਾਂ ਵਿਚ ਦਸਿਆ ਕਿ ਅੰਮ੍ਰਿਤ ਵੇਲੇ ਦੀ ਸੇਵਾ ਕਰਦਿਆਂ ਉਸ ਨੇ ਕਿਸ ਤਰ੍ਹਾਂ ਗੁਰੂ ਦੀ ਹਾਜ਼ਰੀ ਨੂੰ ਅਨੁਭਵ ਕੀਤਾ ਅਤੇ ਕਿਸ ਤਰ੍ਹਾਂ ਉਸ ਨੇ ਆਪਣੇ ਆਪ ਨੂੰ ਅਰਸ਼ਾਂ ਵਿਚ ਪਹੁੰਚ ਗਈ ਮਹਿਸੂਸ ਕੀਤਾ। ਇਹ ਇੱਕ ਬਹੁਤ ਹੀ ਸ਼ੁਭ ਸ਼ੁਰੂਆਤ ਸੀ ਪਰ ਅਫਸੋਸ ਕਿ ਸਾਡੇ ਪ੍ਰਬੰਧਕਾਂ 'ਤੇ ਬਿਪਰ ਸੰਸਕਾਰਾਂ ਦੀ ਜਕੜ ਏਨੀ ਪੀਡੀ ਹੈ ਕਿ ਇਸ ਤੋਂ ਨਿਜ਼ਾਤ ਪਾ ਸਕਣਾ ਸ਼ਾਇਦ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਰਿਹਾ ਜਾਂ ਰਾਜਨੀਤੀ ਧਰਮ 'ਤੇ ਏਨੀ ਹਾਵੀ ਹੈ ਕਿ ਇਸ ਨੇ ਸਹੀ ਅਤੇ ਗਲਤ ਦੀ ਪਛਾਣ ਹੀ ਧੁੰਦਲੀ ਕਰ ਦਿੱਤੀ ਹੈ।

ਮਨੌਤ ਹੈ ਅਤੇ ਸਿੱਖ ਪਰੰਪਰਾ ਦਾ ਧੁਰਾ ਵੀ ਕਿ ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜਦੋਂ ਪੰਜ ਪਿਆਰਿਆਂ ਨੂੰ ਖ਼ਾਲਸਾ ਸਜਾਉਣ ਲਈ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰ ਰਹੇ ਸਨ ਤਾਂ ਮਾਤਾ ਜੀਤੋ ਜੀ (ਕਈਆਂ ਅਨੁਸਾਰ ਮਾਤਾ ਸਾਹਿਬ ਦੇਵਾਂ) ਨੇ ਪਤਾਸੇ ਪਾ ਕੇ ਅੰਮ੍ਰਿਤ ਦਾ ਮਿਠਾਸ ਅਤੇ ਮਾਤਰੀ ਪੱਖ ਸਾਹਮਣੇ ਲਿਆਂਦਾ ਅਤੇ ਸ਼ਕਤੀ ਦੇ ਖ਼ਾਲਸੇ ਨੂੰ ਮਿਠਾਸ ਬਖਸ਼ੀ। ਗੁਰੂ ਗੋਬਿੰਦ ਸਿੰਘ ਨੇ ਜਦੋਂ ਆਪਣੇ ਆਪ ਨੂੰ ਖ਼ਾਲਸੇ ਦਾ ਪਿਤਾ ਐਲਾਨਿਆ ਤਾਂ ਨਾਲ ਹੀ ਮਾਤਾ ਸਾਹਿਬ ਕੌਰ (ਜੋ ਅੰਮ੍ਰਿਤ ਛਕ ਕੇ ਸਾਹਿਬ ਦੇਵਾਂ ਤੋਂ ਸਾਹਿਬ ਕੌਰ ਬਣ ਗਏ ਸਨ) ਨੂੰ ਖ਼ਾਲਸਾ ਪੰਥ ਦੀ ਮਾਤਾ ਹੋਣ ਦਾ ਖ਼ਿਤਾਬ ਦਿੱਤਾ। ਇਸ ਤਰ੍ਹਾਂ ਖ਼ਾਲਸੇ ਦੀ ਸਿਰਜਣਾ ਵਿਚ ਮਾਤਰੀ ਪੱਖ ਦੀ ਅਮਲੀ ਹਿੱਸੇਦਾਰੀ ਹੈ ਅਤੇ ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਹੈ, ਸਗੋਂ ਇੱਕ ਕਰਤਾਰੀ ਅਮਲ ਹੈ।

ਸਿੱਖ ਇਸਤਰੀ ਨੂੰ ਮਿਲੇ ਇਸ ਹੱਕ ਦੀ ਉਦਾਹਰਣ ਕਿਸੇ ਹੋਰ ਧਰਮ ਵਿਚ ਨਹੀਂ ਮਿਲਦੀ। ਭਾਈ ਮਨਜੀਤ ਸਿੰਘ ਨੇ ਪਰੰਪਰਾ ਵਿਚ ਮਿਲੇ ਇਸੇ ਮਾਣ ਦਾ ਸਤਿਕਾਰ ਕਰਦਿਆਂ 1990-91 ਵਿਚ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ 'ਤੇ ਅਰਬਨ ਅਸਟੇਟ ਪਟਿਆਲਾ ਵਿਚ ਨਿਕਲਣ ਵਾਲੀ ਪ੍ਰਭਾਤ ਫੇਰੀ ਦੀ ਅਗਵਾਈ ਅੰਮ੍ਰਿਤਧਾਰੀ ਬੀਬੀਆਂ ਵੱਲੋਂ ਪੰਜ ਪਿਆਰਿਆਂ ਦੇ ਰੂਪ ਵਿਚ ਕਰਨ ਦੀ ਪ੍ਰੇਰਨਾ ਕੀਤੀ। ਇਹ ਪ੍ਰਭਾਤ ਫੇਰੀ ਅਰਬਨ ਅਸਟੇਟ ਫੇਸ-2 ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਫੇਸ-1 ਦਾ ਚੱਕਰ ਕੱਟ ਕੇ ਵਾਪਸ ਗੁਰਦੁਆਰਾ ਫੇਸ-2 ਵਿਚ ਆਈ। ਜਿੰਨਾ ਇਕੱਠ ਅਤੇ ਉਤਸ਼ਾਹ ਇਸ ਪ੍ਰਭਾਤ ਫੇਰੀ 'ਤੇ ਮੈਂ ਦੇਖਿਆ, ਉਸ ਦਾ ਬਿਆਨ ਕਰਨਾ ਮੁਸ਼ਕਿਲ ਹੈ। ਮੇਰੇ ਲਈ ਬੀਬੀਆਂ ਨੂੰ ਪੰਜ ਪਿਆਰਿਆਂ ਦੇ ਸਰੂਪ ਵਿਚ ਦੇਖਣਾ ਗੁਰੂ ਦੀ ਬਖਸ਼ੀ ਅਲੌਕਿਕ ਕਿਰਪਾ ਦਾ ਅਨੁਭਵ ਕਰਨਾ ਸੀ। ਇਹ ਨਜ਼ਾਰਾ ਉਸ ਅਲੌਕਿਕਤਾ ਦੇ ਦਰਸ਼ਨ ਕਰਾਉਂਦਾ ਸੀ ਜੋ 'ਚਿੜੀਆਂ ਤੋਂ ਬਾਜ ਤੁੜਾਉਣ' ਨਾਲ ਜਾ ਕੇ ਇੱਕਸੁਰ ਹੁੰਦੀ ਹੈ। ਵਾਕਿਆ ਹੀ ਗੁਰੂ ਨੇ ਕਿੰਨੀਆਂ ਅਨਮੋਲ ਬਖਸ਼ਿਸ਼ਾਂ ਖ਼ਾਲਸੇ ਦੀ ਝੋਲੀ ਵਿਚ ਪਾਈਆਂ। ਇੱਕ ਸਿਰ ਬਦਲੇ ਗੁਰੂ ਦੀਆਂ ਬਖ਼ਸ਼ਿਸ਼ਾਂ ਦਾ ਖ਼ਜਾਨਾ ਅਮੁੱਕ ਹੈ।

1992-93 ਵਿਚ ਇੰਗਲੈਂਡ, ਸਾਊਥਹਾਲ ਦੇ ਹੰਸਲੋ ਇਲਾਕੇ ਵਿਚ ਨਵੇਂ ਬਣੇ ਗੁਰਦੁਆਰਾ ਸਾਹਿਬ ਦਾ ਉਦਘਾਟਨ ਸੀ। ਭਾਈ ਮਨਜੀਤ ਸਿੰਘ ਨੂੰ ਸੱਦਾ-ਪੱਤਰ ਭੇਜਿਆ ਗਿਆ। ਗੁਰੂ ਗ੍ਰੰਥ ਸਾਹਿਬ ਨੂੰ ਗਾਰਡ ਆਫ ਆਨਰ ਦੇਣ ਲਈ ਭਾਈ ਮਨਜੀਤ ਸਿੰਘ ਨੇ ਪੰਜ ਅੰਮ੍ਰਿਤਧਾਰੀ ਬੀਬੀਆਂ ਨੂੰ ਪਿਆਰੇ ਸਜਾਇਆ, ਜਿਨ੍ਹਾਂ ਨੇ ਗਾਰਡ ਆਫ ਆਨਰ ਦਿੱਤਾ। ਇਸ 'ਤੇ ਬਿਪਰਨ ਦੀ ਰੀਤ ਦੇ ਧਾਰਨੀਆਂ ਨੇ ਬੜਾ ਵਾਵੇਲਾ ਮਚਾਇਆ ਅਤੇ ਕ੍ਰਿਪਾਨਾਂ ਤੱਕ ਕੱਢ ਲਈਆਂ। ਬੀਬੀ ਜਗੀਰ ਕੌਰ ਨੇ ਜਦੋਂ ਬਤੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ, ਤਾਂ ਵੀ ਇਸੇ ਕਿਸਮ ਦਾ ਰੌਲਾ ਪਿਆ ਸੀ। ਇਹ ਵਿਰੋਧ ਕੋਈ ਬਾਹਰੋਂ ਨਹੀਂ ਸੀ ਹੋਇਆ ਸਗੋਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੇ ਕੀਤਾ ਸੀ, ਜਿਸ ਨੂੰ ਪਿੱਛੋਂ ਇੱਕ ਕੈਂਪ ਵਿਚ ਦਿੱਤੇ ਭਾਸ਼ਣ ਕਰਕੇ ਉਸ ਦੀਆਂ ਆਪਹੁਦਰੀਆਂ ਮਾਰਨ ਕਾਰਨ 'ਲਵ ਕੁਸ਼ ਦੀ ਔਲਾਦ' ਕਹਿ ਕੇ ਯਾਦ ਕੀਤਾ ਜਾਂਦਾ ਸੀ। ਉਦੋਂ ਸਿੱਖ ਜਗਤ ਦਾ ਖ਼ਿਆਲ ਸੀ ਕਿ ਸ਼ਾਇਦ ਬੀਬੀ ਜੀ ਨੇ ਕੈਲੰਡਰ ਲਾਗੂ ਕਰਨ ਦੀ ਕਾਹਲ ਕਰ ਲਈ ਹੈ, ਜੇ ਉਹ ਸਹੀ ਰਾਹ ਅਖ਼ਤਿਆਰ ਕਰਦਿਆਂ ਇਸ ਨੂੰ ਵਿਦਵਾਨਾਂ ਦੀ ਕਮੇਟੀ ਵਿਚ ਵਿਚਾਰ ਕੇ ਲਾਗੂ ਕਰਦੇ ਤਾਂ ਸ਼ਾਇਦ ਇਸ ਤਰ੍ਹਾਂ ਨਾ ਵਾਪਰਦਾ। ਇਸ ਲਈ ਕੈਲੰਡਰ ਵਾਪਸ ਲੈ ਲਿਆ ਗਿਆ ਅਤੇ ਜਦੋਂ ਜਥੇਦਾਰ ਕ੍ਰਿਪਾਲ ਸਿੰਘ ਬਡੂੰਗਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਅਗਵਾਈ ਵਿਚ ਵਿਦਵਾਨਾਂ ਦੀ ਕਮੇਟੀ ਬਣਾ ਕੇ ਬਾਕਾਇਦਗੀ ਨਾਲ ਲਾਗੂ ਕੀਤਾ ਗਿਆ ਪਰ ਹਸ਼ਰ ਫੇਰ ਉਹੀ ਹੋਇਆ।

ਭਾਈ ਮਨਜੀਤ ਸਿੰਘ ਦੇ ਪੰਥਕ ਫੈਸਲਿਆਂ ਦੀ ਵਿਰੋਧਤਾ ਵੀ ਸਭ ਤੋਂ ਵੱਧ ਅੰਦਰੋਂ ਹੀ ਗਿਆਨੀ ਪੂਰਨ ਸਿੰਘ ਵਰਗਿਆਂ ਵੱਲੋਂ ਕੀਤੀ ਜਾਂਦੀ ਰਹੀ। ਉਨ੍ਹਾਂ ਦੀ ਜਥੇਦਾਰੀ ਤੋਂ ਬਾਅਦ ਸਿੱਖ ਸਿਧਾਂਤਾਂ ਦੇ ਅਮਲੀ ਪ੍ਰਕਾਸ਼ਨ ਦਾ ਉਹੀ ਹਸ਼ਰ ਹੋਇਆ ਜੋ ਜਥੇਦਾਰ ਵੇਦਾਂਤੀ ਤੋਂ ਬਾਅਦ ਨਾਨਕਸ਼ਾਹੀ ਕੈਲੰਡਰ ਦਾ ਹੋਇਆ। ਅਸੀਂ ਜਿਹੜੇ ਰੋਜ ਹਰ ਮਾਮਲੇ ਲਈ 'ਬਿਪਰਨ' ਦਾ ਰੌਲਾ ਪਾਉਂਦੇ ਹਾਂ, ਸਾਨੂੰ ਅਜਿਹੇ ਮਾਮਲਿਆਂ ਪ੍ਰਤੀ ਬਹੁਤ ਗੰਭੀਰ ਹੋਣਾ ਚਾਹੀਦਾ ਹੈ। ਸਿੱਖ ਸਿਧਾਂਤ ਭਵਿੱਖਮੁਖੀ ਹੋਣ ਨਾਲੋਂ ਵਰਤਮਾਨ ਨੂੰ ਸੁਧਾਰਨ ਵੱਲ ਵੱਧ ਰੁਚਿਤ ਹਨ। ਅਸੀਂ ਵਰਤਮਾਨ ਵਿਚ ਕੋਈ ਦਿਲਚਸਪੀ ਨਹੀਂ ਲੈ ਰਹੇ, ਭਵਿੱਖ ਬਾਰੇ ਪਤਾ ਨਹੀਂ ਕੀ ਕੀ ਸੁਪਨੇ ਦਿਖਾਉਂਦੇ ਹਾਂ। ਇਸ ਸਬੰਧੀ ਸਿਧਾਂਤਕ ਚਰਚਾ ਜ਼ਾਰੀ ਰਹੇਗੀ। **(ਚਲਦਾ...)**

# ਵਿਕੀਲੀਕਸ ਖੋਲ੍ਹੇਗਾ ਸਵਿਸ ਬੈਂਕ ਦੇ ਖਾਤਿਆਂ ਦਾ ਭੇਤ

**ਲੰਡਨ:** ਵਿਸ਼ਵ ਭਰ ਦੇ ਅਹਿਮ ਭੇਤਾਂ ਦਾ ਖੁਲਾਸਾ ਕਰਕੇ ਚਰਚਾ 'ਚ ਆਈ ਵਿਕੀਲੀਕਸ ਵੈਬਸਾਈਟ ਕੋਲ ਅਮਰੀਕਾ, ਬਰਤਾਨੀਆ ਤੇ ਏਸ਼ੀਆ ਦੇ ਉਨ੍ਹਾਂ 2000 ਵਪਾਰੀਆਂ ਤੇ ਰਾਜਸੀ ਆਗੂਆਂ ਦੇ ਵੇਰਵੇ ਮੌਜੂਦ ਹਨ, ਜਿਨ੍ਹਾਂ ਨੇ ਆਪਣਾ 'ਕਾਲਾ ਧਨ' ਸਵਿਟਜ਼ਰਲੈਂਡ ਦੇ ਬੈਂਕਾਂ 'ਚ ਛੁਪਾ ਰੱਖਿਆ ਹੈ।

ਸਵਿਸ ਬੈਂਕ ਦੇ ਇਕ ਸਾਬਕਾ ਅਧਿਕਾਰੀ ਰੁਡੋਲਫ ਏਲਮੇਰ ਨੇ ਦਾਅਵਾ ਕੀਤਾ ਹੈ ਕਿ ਉਸ ਨੇ 2000 ਵਿਅਕਤੀਆਂ ਦੇ ਗੁਪਤ ਦਸਤਾਵੇਜ਼ ਵਿਕੀਲੀਕਸ ਨੂੰ ਸੌਂਪ ਦਿੱਤੇ ਹਨ। ਉਧਰ ਇਸ ਖੁਲਾਸੇ ਨਾਲ ਕਈ ਸਿਆਸੀ ਆਗੂਆਂ ਤੇ ਵਪਾਰੀਆਂ ਨੂੰ ਧੁੜਕੂ ਲੱਗ ਗਿਆ ਹੈ।

ਸਵਿਟਜ਼ਰਲੈਂਡ ਦੇ ਅਖ਼ਬਾਰ 'ਡੇਰ ਸੋਨਟੈਗ' 'ਚ ਛਪੀ ਰਿਪੋਰਟ ਅਨੁਸਾਰ ਵਿਕੀਲੀਕਸ ਕੋਲ ਮੌਜੂਦ ਦੋ ਡਿਸਕਾਂ 'ਚ 1990 ਤੋਂ ਲੈ ਕੇ 2009 ਤਕ ਬਰਤਾਨੀਆ, ਅਮਰੀਕਾ ਤੇ ਜਰਮਨੀ ਦੀਆਂ ਬਹੁਕੌਮੀ ਕੰਪਨੀਆਂ, ਵਿੱਤੀ ਫਰਮਾਂ ਤੇ ਅਮੀਰ ਲੋਕਾਂ ਦੇ ਸਵਿਸ ਬੈਂਕ 'ਚ ਲੈਣ-ਦੇਣ ਦਾ ਰਿਕਾਰਡ ਹੈ। ਏਲਮੇਰ ਦਾ ਦਾਅਵਾ ਹੈ ਕਿ ਬੈਂਕਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਵਿਦੇਸ਼ੀ ਲੋਕਾਂ ਵੱਲੋਂ ਜਮ੍ਹਾਂ ਕਰਾਇਆ ਧਨ ਕਾਲਾ ਹੈ ਤੇ ਇਹ ਉਨ੍ਹਾਂ ਟੈਕਸ ਤੋਂ ਬਚਣ ਲਈ ਹੀ ਛੁਪਾਇਆ ਹੈ।

ਉਧਰ ਵਿਕੀਲੀਕਸ ਦੇ ਮੋਢੀ ਜੂਲੀਅਨ ਐਸਾਂਜ ਨੇ ਕਿਹਾ ਹੈ ਕਿ ਏਲਮੇਰ ਵੱਲੋਂ ਦਿੱਤੇ ਗਏ ਦਸਤਾਵੇਜ਼ਾਂ ਦੀ ਪੁਣਛਾਣ ਕਰਨ ਤੋਂ ਪਿੱਛੋਂ ਇਨ੍ਹਾਂ ਨੂੰ ਵੈਬਸਾਈਟ 'ਤੇ ਪਾ ਕੇ ਵੱਡਾ ਧਮਾਕਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੋਰ ਸੂਚਨਾ ਵਾਂਗ ਇਸ ਦੀ ਵੀ ਪੁਣਛਾਣ ਕਰਨ ਤੋਂ ਪਿੱਛੋਂ ਹੀ ਇਸ ਦਾ ਖੁਲਾਸਾ ਕੀਤਾ ਜਾਵੇਗਾ।

## ਸਿਆਣਿਆਂ ਦਾ ਕਿਹਾ

(1) ਨਾਗਰਿਕ ਦੇਸ਼ ਨੂੰ ਬਣਾਉਂਦੇ ਹਨ, ਦੇਸ਼ ਨਾਗਰਿਕਾਂ ਨੂੰ ਨਹੀਂ।

(2) ਦਿੱਲੀ ਸਰਕਾਰ ਕੋਲ ਗੋਲੀ, ਤਸ਼ੱਦਦ, ਫੌਜ ਤੋਂ ਸਿਵਾ ਪੰਜਾਬ ਦੇ ਸੰਤਾਪ ਦਾ ਕੋਈ ਹੱਲ ਨਹੀਂ ਹੈ।

(3) ਭਾਰਤੀ ਕਾਨੂੰਨ ਲੋਕਾਂ ਲਈ ਨਹੀਂ ਇਹ ਤਾਂ ਹੁਕਮਰਾਨਾਂ ਦਾ ਹਥਿਆਰ ਹੈ। ਪਰਜਾ ਦਾ ਗਲ ਵੱਢਣ ਅਤੇ ਦੇਸ਼ ਨੂੰ ਅਗਵਾ ਕਰਨ ਲਈ।

(4) ਜੁਲਮਾਂ ਦਾ ਹਥਿਆਰ ਕਦੇ ਵੀ ਸ਼ਾਂਤੀ ਅਤੇ ਖੁਸ਼ਹਾਲੀ ਦੀ ਫਸਲ ਨਹੀਂ ਕਟਦਾ। ਇਹ ਤਾਂ ਨਵੀਆਂ ਬਿਪਤਾਵਾਂ ਨੂੰ ਜਨਮ ਦਿੰਦਾ ਹੈ।

(5) ਜੂਨ 84 'ਚ ਦਰਬਾਰ ਸਾਹਿਬ 'ਤੇ ਹਮਲਾ ਤੇ ਅਕਾਲ ਤਖਤ ਸਾਹਿਬ ਦੀ ਤਬਾਹੀ-ਇਤਿਹਾਸ ਦਾ ਇੱਕ ਅਜਿਹਾ ਸਬਕ ਸੀ ਜਿਸ ਨੂੰ ਨਾ ਤਾਂ ਅਸੀਂ ਭੁੱਲ ਸਕੇ ਹਾਂ ਅਤੇ ਨਾ ਹੀ ਉਸ ਤੋਂ ਕੁੱਝ ਸਿੱਖ ਸਕੇ ਹਾਂ।

(6) ਜਦੋਂ ਦੁਸ਼ਮਣ ਦੇ ਹਮਲੇ ਦਾ ਨਿਸ਼ਾਨਾ ਸਿੱਖ ਧਰਮ, ਪਵਿਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਵੇ, ਸੱਚੇ ਸਿੱਖ ਦਾ ਜਿਉਣਾ ਧ੍ਰਿਗ ਹੈ।

(7) ਸ਼ਹੀਦ ਭਾਈ ਅਮਰੀਕ ਸਿੰਘ ਦੀ ਸਿਆਣਪ ਅਤੇ ਲੜਨ ਮਰਨ ਦੀ ਜੁਰਅਤ ਦੀਆਂ ਤਾਰੀਫਾਂ ਦੇ ਮੌਜੂਦਾ ਫੈਡਰੇਸ਼ਨਾਂ ਬਹੁਤ ਪੁਲ ਬੰਨਦੀਆਂ ਹਨ ਪਰ ਜਦੋਂ ਕੁਰਬਾਨੀਆਂ ਦੇ ਦਰਿਆਵਾਂ ਵਿਚ ਛਾਲ ਮਾਰਨੀਆਂ ਹਨ ਤਾਂ ਕਿਨਾਰਿਆਂ ਤੋਂ ਵਾਪਸ ਪਰਤ ਆਉਂਦੀਆਂ ਹਨ।

(8) ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਦਾ ਮਿਸ਼ਨ ਅਜੇ ਮਰਿਆ ਨਹੀਂ।

(9) ਬਾਗੀਆਂ ਦੇ ਸਿਰ ਕਲਮ ਹੋਣ ਨਾਲ ਬਗਾਵਤ ਦੀ ਭਾਵਨਾ ਮਰਦੀ ਨਹੀਂ। ਬਗਾਵਤ ਕਰਨ ਵਾਲੇ ਸਿਰਾਂ ਨੂੰ ਵੱਢ ਵੀ ਦਿਉ ਤਾਂ ਵੀ ਬਗਾਵਤ ਦੀ ਚਿਣਗ ਕਿਤੇ ਨਾ ਕਿਤੇ ਪਈ ਸੁਲਘਦੀ ਰਹੇਗੀ।

(10) ਅਤੀਤ ਆਦਮੀ ਦਾ ਸਭ ਤੋਂ ਵੱਡਾ ਮਾਸਟਰ ਹੁੰਦਾ ਹੈ ਜਿਹੜਾ ਉਸ ਨੂੰ ਬਹੁਤ ਕੁੱਝ ਸਿਖਾਉਂਦਾ ਹੈ।

(11) ਸੋਚ ਲੈਣਾ ਕਹਿ ਦੇਣਾ ਬਹੁਤ ਸੌਖਾ ਹੈ। ਸੋਚ ਲੈਣਾ ਕਹਿ ਦੇਣਾ ਸਭ ਕੁੱਝ ਨਹੀਂ ਹੁੰਦਾ। ਅਮਲ ਕਰਨ ਵਿਚ ਹੀ ਸਭ ਕੁੱਝ ਹੈ।

(12) ਜ਼ਰੂਰਤ ਈਜ਼ਾਦ ਦੀ ਮਾਂ ਹੁੰਦੀ ਹੈ।

(13) ਲੜਾਈ ਵਿਚ ਫੈਸਲੇ ਆਰ ਜਾਂ ਪਾਰ ਦੇ ਹੁੰਦੇ ਹਨ।

(14) ਗੁਰੂ ਨਾਨਕ ਸਾਹਿਬ ਦੀ ਸਿੱਖੀ ਨੇ ਹਿੰਦੂਆਂ ਵਾਂਗ ਚੰਦਰਮਾ ਨੂੰ ਪੂਜਿਆ ਨਹੀਂ ਬਲਕਿ ਕਿਹਾ ਹੈ, ਲੱਖ ਆਗਾਸਾ ਆਗਾਸ।

(15) ਜ਼ਿੰਦਗੀ ਅੱਗ ਹੈ।

(16) ਸੁੰਦਰਤਾ ਉਹ, ਜੀਹਦੀ ਸੌਂਕਣ ਵੀ ਉਠ ਕੇ ਤਾਰੀਫ ਕਰੇ।

(17) ਭਾਰਤ ਸਰਕਾਰ ਕੋਲ ਸਿੱਖ ਲੀਡਰਾਂ ਨੂੰ ਡਰਾਉਣ ਧਮਕਾਉਣ ਲਈ ਬੜਾ ਵਧੀਆ ਤਰੀਕਾ ਹੈ, ਜਿਹੜਾ ਸਿੱਖ ਲੀਡਰ ਇਨ੍ਹਾਂ ਦੇ ਮੁਤਾਬਕ ਕੰਮ ਨਾ ਕਰੇ ਉਹਦੇ ਲਈ ਫੱਟ ਕਹਿ ਦਿੰਦੇ ਹਨ, ਇਹਦੇ ਅਤਿਵਾਦੀਆਂ ਨਾਲ ਸੰਬਧ ਹਨ।

(18) ਜਿਵੇਂ ਲੂਣ ਦੀ ਖਾਣ ਵਿਚ ਡਿੱਗੀ ਚੀਜ ਲੂਣ ਹੀ ਬਣ ਜਾਂਦੀ ਹੈ ਉਹ ਹੀ ਹਾਲ ਅਕਾਲੀ ਲੀਡਰਾਂ ਦਾ ਹੈ। ਹਿੰਦੂ ਰੂਪੀ ਖਾਣ ਵਿਚ ਡਿੱਗ ਕੇ ਕੇਸਾਧਾਰੀ ਹਿੰਦੂ ਬਣ ਗਏ ਹਨ।

(19) ਕਈ ਸਿੱਖ ਪ੍ਰਚਾਰਕ ਗੁਰਦੁਆਰਿਆਂ ਵਿਚ ਭਾਸ਼ਨ ਕਰਦੇ ਹਨ, ਹਿੰਦੋਸਤਾਨੀ ਲੋਕ ਸਾਨੂੰ ਅਤਿਵਾਦੀ ਆਖਦੇ ਹਨ ਪਰ ਅਸੀਂ ਭਾਰਤ ਦੇ ਅਤੇ ਭਾਰਤ ਸਾਡਾ ਹੈ, ਹਿੰਦੂ ਸਾਡੇ ਵੀਰ ਨੇ, ਨਹੁੰ ਨਾਲੋਂ ਕਦੇ ਮਾਸ ਟੁੱਟਾ ਹੈ? (ਸਿੱਖ ਪ੍ਰਚਾਰਕੋ ਤੁਸੀਂ ਜਿੰਨਾ ਮਰਜੀ ਭਾਰਤ ਦੇ ਬਣੀ ਜਾਓ, ਅਗਲੇ ਤੁਹਾਨੂੰ ਭਾਰਤੀ ਨਹੀਂ ਮੰਨਦੇ। ਜੇ ਤੁਸੀਂ 1984 ਵਿਚ ਦਿੱਲੀ, ਕਾਨਪੁਰ ਜਾਂ ਬੋਕਾਰੋ ਹੁੰਦੇ ਤਾਂ ਤੁਹਾਡਾ ਨੰਬਰ ਦੂਜਿਆਂ ਨਾਲੋਂ ਪਹਿਲਾਂ ਲੱਗਣਾ ਸੀ।

(20) ਸ਼ਿਵ ਸੈਨਾ ਵੀ ਰਾਸ਼ਟਰੀ ਸਿੱਖ ਸੰਗਤ ਦੀ ਭੈਣ ਹੈ ਤੇ ਸੰਘ ਪਰਿਵਾਰ ਦਾ ਇੱਕ ਪਰਿਵਾਰਕ ਮੈਂਬਰ। ਇਹ ਸੰਘ ਪਰਿਵਾਰ ਇੱਕ ਗੱਲ ਬਹੁਤ ਚੰਗੀ ਤਰਾਂ ਜਾਣਦਾ ਹੈ ਕਿ ਦੁਸ਼ਮਣ ਬਣ ਕੇ ਇਹ ਸਾਨੂੰ ਸਿੱਖਾਂ ਨੂੰ ਅੰਮ੍ਰਿਤ ਵੀ ਨਹੀਂ ਪਿਆ ਸਕਦੇ ਪਰ ਦੋਸਤ ਬਣਕੇ ਜ਼ਹਿਰ ਵੀ ਦੇ ਸਕਦੇ ਹਨ।

(21) ਅਸਫਲਤਾ ਬੰਦੇ ਨੂੰ ਬੌਖਲਾ ਦਿੰਦੀ ਹੈ।

(22) ਸਿੱਖਾਂ ਨੂੰ ਕੁੱਝ ਤਾਂ ਸਿਆਸੀ ਲੀਡਰਾਂ ਨੇ ਹੰਭਾਇਆ ਅਤੇ ਕੁੱਝ ਸਾਧਾਂ ਸੰਤਾਂ ਨੇ।

(23) ਤਿੰਨ ਬੁਰੀਆਂ ਨੇ- ਯਾਰੀ, ਗੱਦਾਰੀ, ਚੀਰ ਵਾਲਾ ਫੋੜਾ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਦੇਖੀ ਪਿਆਰ ਦੀ ਤਾਸੀਰ ਇਹੋ ਸ਼ੌਂਕੀਆ...

**ਡੇਵਿਡ ਐਲਿਨ ਲੌਂਗਫੈਲੋ**

ਲੋਕ-ਮਨ ਆਪਣਾ ਤਰਕ ਆਪ ਹੀ ਲੱਭ ਲੈਂਦਾ ਹੈ; ਜਿਵੇਂ ਇੰਨੇ ਮਿੱਠੇ ਨਾ ਹੋ ਜਾਵੋ ਕਿ ਅਗਲਾ ਮੂੰਹ ਵਿਚ ਪਾ ਲਵੇ ਅਤੇ ਇੰਨੇ ਕੌੜੇ ਨਾ ਹੋਵੋ ਕਿ ਉਹ ਥੁੱਕ ਦੇਵੇ। ਅਮਰ ਸਿੰਘ ਸ਼ੌਕੀ ਹੋਰ ਵੀ ਸਪਸ਼ਟ ਕਰਦਾ ਆਖਦਾ ਹੈ, “ਦੇਖੀ ਪਿਆਰ ਦੀ ਤਾਸੀਰ ਇਹੋ ਸ਼ੌਕੀਆ, ਜ਼ਹਿਰੀ ਨਾਗਾਂ ਨੂੰ ਪਟਾਰੀ ਲੈਂਦਾ ਪਾ।” ਰਵਾਇਤੀ ਤਿੱਥ-ਤਿਉਹਾਰਾਂ ’ਤੇ ਪੇਸ਼ੇਵਰ ਗਜ਼ਾ ਕਰਨ ਵਾਲੇ ਜਾਂ ਰਮਤੇ ਹਾਸ-ਰਸ ਦੇ ਕਲਾਕਾਰ ਸਿਰਫ਼ ਮਿੱਠੀ ਭਾਸ਼ਾ ਰਾਹੀਂ ਹੀ ਲੋਕਾਂ ਦਾ ਦਿਲ ਮੋਹ ਲੈਂਦੇ ਹਨ। ਮਿੱਠਾ ਬੋਲਣਾ ਵੀ ਸੁਭਾਵਕ ਗੁਣ ਹੈ ਜਿਸ ਵਿਚ ਜ਼ਿਆਦਾ ਅਨੁਪਾਤ ਵਿਰਾਸਤੀ ਕਾਰਕਾਂ ਨਾਲ ਸਬੰਧਤ ਹੈ ਅਤੇ ਕੁਝ ਵਾਤਾਵਰਨ ਦੀਆਂ ਤਬਦੀਲੀਆਂ ਕਾਰਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਅਨੁਕੂਲ ਬਣਾ ਕੇ ਅਪਣਾਏ ਜਾਂਦੇ ਹਨ। ਮਿਸਾਲ ਵਜੋਂ ਪੰਜਾਬੀਆਂ ਦੀ ‘ਛੱਡ ਯਾਰ’ ਲਖਨਊ ਵਾਲਿਆਂ ਨੂੰ ਕਟਾਰ ਵਾਂਗ ਚੁੱਭਦੀ ਹੈ। ਇਸ ਲਈ ‘ਅਜੀ ਜਨਾਬ’ ਵਾਤਾਵਰਨ ਨਾਲ ਅੰਗੀਕਰਨ ਦੀ ਪ੍ਰਵਾਨਗੀ ਹੈ ਅਤੇ ‘ਛੱਡ ਯਾਰ’ ਭਾਸ਼ਾਈ ਅਨੁਕੂਲਤਾ।

ਦੂਸਰੀ ਉਦਾਹਰਨ ਹੈ ਕਿ ‘ਤੇਰੀ’ ਨੂੰ ਅਸੀਂ ਉਥੋਂ ਦੀ ਗਲੀ-ਮੁਹੱਲੇ ਦੀ ਭਾਸ਼ਾ ਵਿਚ ‘ਤੇਰਈ’ ਕਹਾਂਗੇ, ਵਰਨਾ ਸਾਡੀ ਸ਼ਖ਼ਸੀਅਤ ਓਪਰੀ ਜਾਂ ਔਡਰੀ ਕਿਸਮ ਦੀ ਲੱਗੇਗੀ। ਕਈ ਘਟਨਾਵਾਂ ਬਹੁਤ ਹਾਸੋਹੀਣੀਆਂ ਬਣ ਜਾਂਦੀਆਂ ਹਨ। ਜੇਕਰ ਪੁਲੀਸ ਵਾਲੇ ਮਿਠਾਸ ਦੇ ਖ਼ਜ਼ਾਨੇ ਬਣ ਜਾਣ ਤਾਂ ਲੋਕ ਕਹਿਣਗੇ, “ਹੁਣ ਸੂਰਜ ਪੱਛਮ ਵੱਲੋਂ ਚੜ੍ਹਨਾ ਸ਼ੁਰੂ ਹੋ ਜਾਵੇਗਾ।” ਪੰਜਾਬੀ ਭਾਸ਼ਾ ਮੁਲਤਾਨੀ ਅਤੇ ਸਿੰਧੀ ਦਾ ਮਿਸ਼ਰਨ ਹੋਣ ਕਰਕੇ ਕਾਵਿ ਪ੍ਰਤਿਭਾ ਵਿਚ ਮਾਹਿਰ ਹੈ ਪਰ ਰਵਾਨੀ ਦੇ ਸੰਬੋਧਨ ਸੁਰਾਘਾਤ ਵਿਚ ਬਿਲਕੁਲ ਲੱਠ-ਮਾਰ ਹੈ। ਇਸ ਦੇ ਕੁਝ ਕਾਰਨ ਪੰਜਾਬੀਆਂ ਦਾ ਅਣਥੱਕ ਸੁਭਾਅ, ਮਿਹਨਤ ਕਰਨਾ ਅਤੇ ਖ਼ਤਰਿਆਂ ਨਾਲ ਜੂਝਣਾ ਹੈ। ਇਕ ਪੁਰਾਣੀ ਦੰਦ-ਕਥਾ ਹੈ ਕਿ ਜੱਟ ਦੇ ਮੁੰਡੇ ਨੂੰ ਦੇਖਣ ਅਤੇ ਰਿਸ਼ਤਾ ਕਰਨ ਲਈ ਨਾਈ ਆਇਆ ਤੇ ਪੁੱਛਿਆ, “ਚੌਧਰੀ ਸਾਹਿਬ, ਕਿੰਨੇ ਮੁੰਡੇ ਨੇ ਸੁਖ ਨਾਲ!” ਉਸ ਨੇ ਜਵਾਬ ਦਿੱਤਾ, “ਯਾਰ ਮੁੰਡੇ ਤਾਂ ਦੋ ਸੀ ਪਰ ਇਕ ਪੜ੍ਹ-ਲਿਖ ਕੇ ਕੁੜੀ ਬਣ ਗਿਆ। ਲਉ ਮੈਂ ਮੁੰਡਾ ਬੁਲਾਉਂਦਾ ਹਾਂ- ਓਏ ਮਿੰਦਰ, ਆ ਉਏ ਜ਼ਰਾ।”

“ਆਇਆ ਬਾਪੂ ਜੀ।”

“ਦੇਖ ਲੈ ਰਾਜ, ਸਹੁਰੇ ਦੀ ਕੁੜੀ।”

...ਲੈ ਹੁਣ ਮੁੰਡਾ ਬੁਲਾਉਂਦਾ ਹਾਂ।

“ਓਏ ਗੱਜਣ”

“ਹੋ...ਹੋਅ... “

“ਇਹਨੂੰ ਕਹਿੰਦੇ ਨੇ ਮੁੰਡਾ!”

ਪੰਜਾਬੀਆਂ ਦਾ ਸੁਭਾਅ ਹੈ ਕਿ ਛੇਤੀ ਹੀ ਭੜਕ ਜਾਂਦੇ ਹਨ ਤੇ ਥੋੜ੍ਹੇ ਪਿਆਰ ਦੇ ਨਿੱਘ ਨਾਲ ਹੀ ਮੋਮ ਵਾਂਗ ਪਿਘਲ ਜਾਂਦੇ ਹਨ। ਗੱਲ ਵਿਆਉਣ ਵਿਚ ਪੰਜਾਬੀ ਸਭ ਤੋਂ ਅੱਗੇ ਹਨ। ਸੱਥਾਂ-ਚੌਪਾਲਾਂ ਦੇ ਮੁਹਾਵਰੇ ਕੁਝ ਹੱਦ ਤਕ ਸਾਡੇ ਜਨ-ਜੀਵਨ ਦਾ ਸੁਧਾਰ ਕਰਦੇ ਹਨ। ਮਿੱਠਾ ਬੋਲਣ ਬਾਰੇ ਤ੍ਰੀਮਤਾਂ ਅਕਸਰ ਕਹਿੰਦੀਆਂ ਹਨ, “ਨੀ ਕੁੜੇ, ਅਜਿਹੀ ਸੱਤਿਆਵਾਨ ਆਈ ਹੈ, ਜਾਣੋਂ ਮੂੰਹ ਵਿਚ ਜ਼ਬਾਨ ਹੀ ਨਹੀਂ।” ਉਰਦੂ ਤਹਿਜ਼ੀਬ ਦਾ ਹਰਮਨ-ਪਿਆਰਾ ਸ਼ਬਦ ਹੈ ‘ਤਹੱਮਲ ਮਿਜ਼ਾਜੀ’। ਸ਼ਬਦ-ਘਾੜਤ ਦੇ ਹੁਨਰ ਨਾਲ ਅਸੀਂ ‘ਮਿੱਠਾ ਬੋਲਣ ਦੀ ਕਲਾ’ ਹੀ ਕਹਿ ਸਕਦੇ ਹਾਂ। ਕਿਸੇ ਵਾਡੀ ਦਾ ਕਥਨ ਕੁਝ ਹੱਦ ਤਕ ਸਾਵਾਂ ਤੋਲਦਾ ਹੈ:

ਭਗਤ ਸੂਰਮਾ ਤੇ ਦਾਨ ਕਰਨ ਵਾਲਾ,
ਐਸਾ ਲਾਲ ਮਾਤਾ ਪੈਦਾ ਕਰੇ ਕੋਈ-ਕੋਈ।
ਹਰ ਕੋਈ ਆਪਣੀ ਪੰਡ ਉਠਾਂਵਦਾ ਹੈ,
ਪੰਡ ਕਿਸੇ ਦੀ ਸਿਰ ’ਤੇ ਧਰੇ ਕੋਈ-ਕੋਈ।
ਮਿੱਠਾ ਬੋਲਿਆ ਹਰ ਕੋਈ ਕਦਰ ਕਰਦਾ,
ਕੌੜਾ ਬੋਲਿਆ ਕਿਸੇ ਦਾ ਜਰੇ ਕੋਈ-ਕੋਈ।

ਬਾਬਾ ਫ਼ਰੀਦ ਨੂੰ ਮਿਠਾਸ ਦਾ ਖ਼ਜ਼ਾਨਾ ਕਹਿੰਦੇ ਹਨ-ਸ਼ਕਰਗੰਜ, ਅਰਥਾਤ ਸ਼ੱਕਰ ਦਾ ਢੇਰ। ਕਿੰਨੇ ਕੁ ਮਹਾਨ ਹੋਣਗੇ ਉਹ ਲੋਕ, ਜਿਨ੍ਹਾਂ ਦੇ ਮੱਥੇ ’ਤੇ ਕ੍ਰੋਧ ਦੀ ਤਿਊੜੀ ਨਹੀਂ ਆਈ ਸਗੋਂ ਬੁੱਲ੍ਹਾਂ ਵਿਚੋਂ ਅਪਣੱਤ ਕਿਰਦੀ ਸੀ। ਆਮ ਕਿਹਾ ਜਾਂਦਾ ਹੈ ਕਿ ਤਹੱਮਲ-ਮਿਜ਼ਾਜੀ ਖ਼ਾਨਦਾਨ ਤੋਂ ਬਗ਼ੈਰ ਨਹੀਂ ਆਉਂਦੀ। ਮਨੋਵਿਗਿਆਨਕ ਮਨ ਇਸ ਥਿਊਰੀ ਦਾ ਧਾਰਨੀ ਹੈ ਕਿ ਵਾਤਾਵਰਨ ਅਤੇ ਵਿਰਾਸਤ ਦੀ ਭੂਮਿਕਾ ਸ਼ਖ਼ਸੀਅਤ ਦੇ ਵਿਕਾਸ ਲਈ ਅਹਿਮ ਰੋਲ ਅਦਾ ਕਰਦੀ ਹੈ। ਕਿਸੇ ਅੰਨ੍ਹੇ ਦਰਵੇਸ਼ ਨੂੰ ਕਿਸੇ ਨੇ ‘ਮਹਾਰਾਜ ਜੀ’ ਕਹਿ ਕੇ ਮੁਖ਼ਾਤਬ ਕੀਤਾ ਤੇ ਕਿਸੇ ਨੇ ‘ਸਾਈਂ ਜੀ’, ਪਰ ਚੌਕੀਦਾਰ ਨੇ ਆਉਂਦੇ ਹੀ ਕਿਹਾ, “ਓਏ ਅੰਨ੍ਹੇ ਫ਼ਕੀਰ, ਐਧਰ ਕੋਈ ਗਿਆ ਹੈ?” ਦਰਵੇਸ਼ ਦਾ ਜਵਾਬ ਸੀ, “ਨਹੀਂ ਚੌਕੀਦਾਰ ਜੀ।” ਚੌਕੀਦਾਰ ਉਸ ਦੇ ਪੈਰੀਂ ਪੈ ਗਿਆ, “ਤੈਨੂੰ ਚੌਕੀਦਾਰ ਕਿਸ ਦੱਸਿਆ?” ਅੱਗੋਂ ਜਵਾਬ ਸੀ, “ਤੇਰੀ ਔਕਾਤ ਨੇ।” ਅੰਗਰੇਜ਼ੀ ਦੀ ਇਕ ਕਵਿਤਾ ਸੀ ‘ਯੂਸਫ਼’। ਕਵਿਤਾ ਦਾ ਨਾਇਕ ਕਹਿੰਦਾ ਹੈ ਕਿ ਮੇਰੇ ਮੇਜ਼ਬਾਨ ਨੇ ਮੈਨੂੰ ਸੋਨਾ ਦਿੱਤਾ, ਰੁਪਿਆ ਦਿੱਤਾ, ਹਰ ਤਰ੍ਹਾਂ ਮੇਰੀ ਮਦਦ ਕੀਤੀ ਪਰ ਮੋਹ-ਭਿੱਜਿਆ ਇਕ ਸ਼ਬਦ ਵੀ ਨਾ ਕਿਹਾ।

ਅੱਜ ਦੇ ਯੁੱਗ ਵਿਚ ਹਜ਼ੂਰ ਮਾਈ-ਬਾਪ ਸਭਿਆਚਾਰ ਅਤੇ ‘ਅਰੇ ਭਾਈ’ ਸਭਿਆਚਾਰ ਦਾ ਗਹਿਰਾ ਟਕਰਾਓ ਹੈ। ਅਰੇ ਭਾਈ ਵਾਲੇ ਸੁਖਨ ਵਿਗਿਆਨ ਵਿਚੋਂ ਜਲੇਬੀਆਂ ਦੇ ਰਸੇ ਵਰਗੇ ਮਿੱਠੇ ਅਲੰਕਾਰ ਚੁਣਦੇ ਹਨ ਜਿਨ੍ਹਾਂ ’ਤੇ ਚਾਸ਼ਨੀ ਦਾ ਲੇਪ ਹੈ ਅਤੇ ਮਾਈ-ਬਾਪ ਵਾਲੇ ਸੰਤਾਪ ਦੀਆਂ ਤੰਦਾਂ ਨਾਲ ਪਿਆਰ ਦੇ ਸੰਸਕਾਰ ਬੁਣਦੇ ਹਨ। ਅੱਜ ਦਾ ਯੁੱਗ ਭਾਵੁਕ ਹੋ ਕੇ ਤਾਨਾਸ਼ਾਹੀ ਹਿਟਲਰ ਬਣਨ ਦਾ ਨਹੀਂ, ਬਲਕਿ ਸਮੱਸਿਆਵਾਂ ਦੀ ਉਲਝਣ ਨੂੰ ਸਮਝਣ ਦਾ ਹੈ। ਅਸੀਂ ਜੀਵਨ ਦੀ ਲੰਮੀ ਡਗਰ ਦੇ ਮੁਸਾਫ਼ਰ ਹਾਂ, ਨਾ ਕਿ ਪੰਗਡੰਡੀਆਂ ਦੇ। ਭਾਵੁਕ ਬੁਖ਼ਲਾਹਟ ਵਾਲੀ ਕਾਹਲੀ ਸਾਡੇ ਉਤੇ ਉਦੋਂ ਹਾਵੀ ਹੁੰਦੀ ਹੈ, ਜਦੋਂ ਅਸੀਂ ਸੰਚਾਰ ਅਵਸਥਾ ਵਿਚ ਦਿਮਾਗੀ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਜਾਂਦੇ ਹਨ। ਅੱਧ-ਪਚੱਧ ਗੱਲ ਸੁਣ ਕੇ ਆਪਣੀ ਪ੍ਰਤੀਕਿਰਿਆ ਵਿਚ ਪੱਖਪਾਤ ਜਾਂ ਵਿਰੋਧਤਾ ਉਗਲਣੀ ਸ਼ੁਰੂ ਕਰ ਦਿੰਦੇ ਹਾਂ। ਕਈ ਵਾਰ ਅਸਹਿਣਸ਼ੀਲ ਕੋਝੀਆਂ ਟਿੱਪਣੀਆਂ ਅਜਿਹੀ ਗੰਭੀਰ ਹਾਲਤ ਪੈਦਾ ਕਰਦੀਆਂ ਹਨ ਕਿ ਕਤਲ ਤੱਕ ਹੋ ਜਾਂਦਾ ਹੈ।

ਅੱਜ ਦੇ ਯੁੱਗ ਵਿਚ ਹਜ਼ੂਰ ਮਾਈ-ਬਾਪ ਸਭਿਆਚਾਰ ਅਤੇ ‘ਅਰੇ ਭਾਈ’ ਸਭਿਆਚਾਰ ਦਾ ਗਹਿਰਾ ਟਕਰਾਓ ਹੈ। ਅਰੇ ਭਾਈ ਵਾਲੇ ਸੁਖਨ ਵਿਗਿਆਨ ਵਿਚੋਂ ਜਲੇਬੀਆਂ ਦੇ ਰਸੇ ਵਰਗੇ ਮਿੱਠੇ ਅਲੰਕਾਰ ਚੁਣਦੇ ਹਨ ਜਿਨ੍ਹਾਂ ’ਤੇ ਚਾਸ਼ਨੀ ਦਾ ਲੇਪ ਹੈ ਅਤੇ ਮਾਈ-ਬਾਪ ਵਾਲੇ ਸੰਤਾਪ ਦੀਆਂ ਤੰਦਾਂ ਨਾਲ ਪਿਆਰ ਦੇ ਸੰਸਕਾਰ ਬੁਣਦੇ ਹਨ। ਅੱਜ ਦਾ ਯੁੱਗ ਭਾਵੁਕ ਹੋ ਕੇ ਤਾਨਾਸ਼ਾਹੀ ਹਿਟਲਰ ਬਣਨ ਦਾ ਨਹੀਂ, ਬਲਕਿ ਸਮੱਸਿਆਵਾਂ ਦੀ ਉਲਝਣ ਨੂੰ ਸਮਝਣ ਦਾ ਹੈ।

ਸੜਕ ’ਤੇ ਚੱਲਣ ਵਾਲਾ ਹਮਸਾਇਆ ਤੁਹਾਡੀ ਹੋਂਦ ਦਾ ਹਿੱਸਾ ਹੈ। ਸਿਰਫ਼ ਇੰਨਾ ਹੀ ਕਹਿਣਾ ‘ਅੰਨ੍ਹਾ ਏਂ, ਦੇਖ ਕੇ ਚੱਲ’ ਤੁਹਾਨੂੰ ਨਫ਼ਰਤ ਦੇ ਕਾਰਕਾਂ ਦਾ ਗ਼ੁਲਾਮ ਬਣਾ ਦਿੰਦਾ ਹੈ ਤੇ ਫਿਰ ਉਹ ਹਮਸਾਇਆ ਜ਼ਹਿਰ ਵਰਗਾ ਲੱਗਦਾ ਹੈ। ਘੱਟੋ-ਘੱਟ ਆਪਣੇ ਬੱਚਿਆਂ ਨਾਲ ਸੜੀ ਹੋਈ ਨਕਾਰਾਤਮਕ ਭਾਸ਼ਾ ਵਿਚ ਪੇਸ਼ ਨਾ ਆਓ, ਕਿਉਂਕਿ ਤੁਹਾਡੇ ਕੋਲੋਂ ਉਹ ਪਿਆਰ ਮੰਗਦੇ ਹਨ ਅਤੇ ਆਪਣੇ ਮਨ ਦੇ ਸ਼ੰਕੇ ਸਾਂਝੇ ਕਰਨਾ ਚਾਹੁੰਦੇ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਅਤੇ ਨਿਵਾਰਨ ਕਰਨਾ ਤੁਹਾਡਾ ਮੁੱਢਲਾ ਫ਼ਰਜ਼ ਹੈ।

ਤੁਸੀਂ ਸਾਇੰਸਦਾਨ ਨਿਊਟਨ ਦੀ ਹੀ ਮਿਸਾਲ ਲੈ ਲਵੋ। ਉਹ ਸਕੂਲ ਡਰਾਪ-ਆਊਟ (ਸਕੂਲੋਂ ਭੱਜਾ) ਅਤੇ ਗੁਸਤਾਖ਼ ਬੱਚਾ ਸੀ ਪਰ ਸਮਾਂ ਪੈਣ ’ਤੇ ਹਿਸਾਬ ਦਾ ਪ੍ਰੋਫ਼ੈਸਰ ਬਣਿਆ ਅਤੇ ਸੰਸਾਰ ਪ੍ਰਸਿੱਧ ਸਾਇੰਸਦਾਨ ਬਣ ਕੇ ਚਮਕਿਆ। ਗੁੱਸੇਖ਼ੋਰ ਅਤੇ ਮਾਂ-ਬਾਪ ਦੇ ਬੁਰੇ ਵਿਹਾਰ ਦਾ ਸ਼ਿਕਾਰ ਹੋਏ ਬੱਚੇ ਨਸ਼ਿਆਂ ਅਤੇ ਬਾਲ-ਅਪਰਾਧਾਂ ਵੱਲ ਪ੍ਰੇਰਿਤ ਹੋ ਜਾਂਦੇ ਹਨ। ਸਿੱਖਿਆ ਨੂੰ ਦਿਲਚਸਪ ਢੰਗ ਨਾਲ ਪੇਸ਼ ਕੀਤਾ ਜਾਵੇ ਤਾਂ ਹੋਰ ਵੀ ਚੰਗਾ ਹੈ। ਮੱਧ-ਵਰਗ ਦੇ ਲੋਕ, ਜ਼ਿਆਦਾਤਰ ਬੱਚਿਆਂ ’ਤੇ ਸਿੱਖਿਆ ਥੋਪਦੇ ਹਨ। ਰੋਜ਼ਾਨਾ ਦੀ ਟੋਕ-ਟੋਕਾਈ ਅਤੇ ਤਾੜਨਾ ਬੱਚਿਆਂ ਨੂੰ ਕਦੇ ਵੀ ਆਈ.ਏ.ਐਸ. ਨਹੀਂ ਬਣਾਉਂਦੀ, ਸਿਵਾਏ ਉਨ੍ਹਾਂ ਵਿਚ ਨਿਰਾਸ਼ਾ ਦੇ ਤੱਤ ਭਰਨ ਦੇ। ਬੱਚਿਆਂ ਵਿਚ ਮਾਨਸਿਕ ਸੰਤੁਲਨ, ਉਤਸ਼ਾਹ, ਰੌਸ਼ਨ-ਖ਼ਿਆਲੀ, ਸੰਵੇਦਨਸ਼ੀਲਤਾ, ਉਦਮ ਕਰਨ ਦੀ ਰੁਚੀ, ਸਾਕਾਰਾਤਮਕ ਨਜ਼ਰੀਆ ਆਦਿ ਹੋਣਾ ਜ਼ਰੂਰੀ ਹੈ, ਕਿਉਂਕਿ ਪ੍ਰਗਤੀਸ਼ੀਲ ਹੋਣ ਲਈ ਮਾਨਸਿਕ ਅਨੁਸ਼ਾਸਨ ਜ਼ਰੂਰੀ ਹੈ। ਸਾਹਸ ਕਿਸੇ ਦੀ ਸੰਪਤੀ ਨਹੀਂ ਅਤੇ ਦ੍ਰਿੜ੍ਹ ਨਿਸ਼ਚਾ ਅਨਮੋਲ ਵਰਦਾਨ ਹੈ। ਲਾਲ ਬਹਾਦਰ ਸ਼ਾਸਤਰੀ ਅਤੇ ਮੁਨਸ਼ੀ ਪ੍ਰੇਮ ਚੰਦ ਗੁਰਬਤ ਦੀ ਚੌਕੀ ਵਿਚ ਪਿਸਦੇ ਰਹੇ ਪਰ ਉਨ੍ਹਾਂ ਸਾਹਮਣੇ ਨਿਸ਼ਾਨਾ ਸੀ। ਆਖ਼ਰ ਉਹ ਦੇਸ਼ਵਾਸੀਆਂ ਲਈ ਮਿਸਾਲ ਬਣੇ।

ਸਾਡਾ ਵਿਦਿਅਕ ਢਾਂਚਾ ਦੋਸ਼ਪੂਰਨ ਹੈ। ਕਿਸੇ ਵੀ ਸਰਕਾਰ ਨੇ ਇਸ ਨੂੰ ਸੁਧਾਰਨ ਦੀ ਲੋੜ ਨਹੀਂ ਸਮਝੀ। ਕਈ ਵਾਰ ਫਟੇ-ਘਰਾਂ ਦੀ ਕਹਾਣੀ ਬਹੁਤ ਗੰਭੀਰ ਅਤੇ ਦਰਦਨਾਕ ਹੋ ਜਾਂਦੀ ਹੈ। ਮਾਂ-ਬਾਪ ਦੀ ਲੜਾਈ ਵਿਚ ਬੱਚਾ ਕਦੇ ਮਾਂ ਦਾ ਅਤੇ ਕਦੇ ਬਾਪ ਦਾ ਪੱਖ ਪੂਰਦਾ ਹੈ। ਬਹੁਤ ਦੇਰ ਪਹਿਲਾਂ ਮੈਂ ਪ੍ਰਿੰਸੀਪਲ ਤੇਜਾ ਸਿੰਘ ਦਾ ਲੇਖ ਪੜ੍ਹਿਆ ਸੀ। ਉਹ ਲਿਖਦੇ ਹਨ ਕਿ ਛੋਟੀਆਂ-ਛੋਟੀਆਂ ਚੀਜ਼ਾਂ ਵੀ ਸਾਡੀ ਜ਼ਿੰਦਗੀ ਵਿਚ ਮਹਾਨ ਉਦਾਹਰਨਾਂ ਬਣ ਕੇ ਸਾਡੀ ਸ਼ਖ਼ਸੀਅਤ ਦਾ ਮੁਲੰਕਣ ਕਰਦੀਆਂ ਹਨ। ਕਿਸੇ ਦੇ ਘਰ ਜਾਓ ਤਾਂ ਉਸ ਦੇ ਘਰ ਦੀ ਤਾਰ ’ਤੇ ਤੌਲੀਆ, ਕੱਛਾ ਅਤੇ ਰੁਮਾਲ ਸੁੱਕਣੇ ਪਾਇਆ ਦੇਖੋ। ਇਹੋ ਉਸ ਦੀ ਸਹੀ ਪਛਾਣ ਅਤੇ ਰਹਿਣ-ਸਹਿਣ ਦਾ ਢੰਗ ਹੈ। ਸਵਾਲ ਇਹ ਨਹੀਂ ਕਿ ਕਿਸੇ ਦੀ ਆਮਦਨ ਕਿੰਨੀ ਹੈ, ਵੱਧ ਹੈ ਜਾਂ ਘੱਟ। ਮੁੱਖ ਗੱਲ ਇਹ ਹੈ ਕਿ ਕੀ ਉਹ ਕਿਸੇ ਵੀ ਆਮਦਨ ਵਿਚ ਸਲੀਕੇ ਨਾਲ ਜਿਉ ਸਕਦਾ ਹੈ?

ਲਖਨਊ ਦੇ ਬੇਸ਼ੁਮਾਰ ਦੌਲਤ ਵਾਲੇ ਨਵਾਬ, ਪਾਨ ਦੀ ਚਗਲੀ ਪੀਕ ਸੜਕਾਂ ’ਤੇ ਸੁੱਟਦੇ ਹਨ। ਇਕ ਲਈ ਇਹ ਆਜ਼ਾਦੀ ਹੈ ਪਰ ਦੂਸਰੇ ਲਈ ਅਸਹਿ ਘਿਰਣਾ, ਕਿਉਂਕਿ ਬੇਵੱਸੀ ਵਿਚ ਦੂਸਰਾ ਬੋਲ ਨਹੀਂ ਸਕਦਾ। ਸਾਡਾ ਕੌਮੀ ਆਚਰਨ ਆਖ਼ਰਕਾਰ ਕੀ ਹੈ? ਸਿੰਗਾਪੁਰ ਵਿਚ ਸੜਕ ’ਤੇ ਥੁੱਕਣਾ ਜੁਰਮ ਹੈ ਜਿਸ ਦੀ ਸਜ਼ਾ ਵੀ ਹੈ ਤੇ ਜੁਰਮਾਨਾ ਵੀ। ਤੁਸੀਂ ਦੋ ਪਹੀਆਂ ਵਾਲੇ ਵਾਹਨ ਉਤੇ ਸੜਕ ’ਤੇ ਜਾ ਰਹੇ ਹੋ। ਮਨ ਵਿਚ ਸੰਘਰਸ਼ ਦੇ ਰਿਣਾਤਮਕ ਤੱਤ ਦਿਮਾਗੀ ਕਸ਼ਮਕਸ਼ ਨੂੰ ਜਕੜਦੇ ਹਨ। ਤੁਹਾਡਾ ਜਾਗਰੂਕ ਧਰੁਵ-ਬਿੰਦੂ ਸੜਕ ਨਹੀਂ, ਬਲਕਿ ਉਹ ਹਾਲਾਤ ਹਨ ਜੋ ਚਲਚਿੱਤਰ ਵਾਂਗ ਘੋਰੂ ਪਾਉਂਦੇ ਹਨ। ਹੋ ਸਕਦਾ ਹੈ ਕਿ ਕਿਸੇ ਅਣਹੋਣੀ ਦਾ ਸ਼ਿਕਾਰ ਹੋ ਜਾਓ।

ਸਾਡੇ ਉਪ ਮਹਾਂਦੀਪ ਦਾ ਸਭਿਆਚਾਰ ਯੂਰਪ ਨਾਲੋਂ ਭਿੰਨ ਹੈ। ਅਸੀਂ ਜ਼ਿਆਦਾ ਲਾਈਲੱਗ ਤੇ ਘੱਟ ਸ਼ਿਸ਼ਟਾਚਾਰੀ ਹਾਂ। ਅਸੀਂ ਭਾਵੇਂ ਸਿੱਖਿਅਕ ਹੋਈਏ ਪਰ ਸਾਡੇ ਵਿਚੋਂ ਕਿੰਨੇ ਕੁ ਬੌਧਿਕ ਗੁਣਾਂ ਦੇ ਧਨੀ ਹਨ? ਅਸੀਂ ਪਦਾਰਥਵਾਦੀ ਯੁੱਗ ਦੇ ਪੱਥਰ-ਮਾਨਵ ਹਾਂ। ਸਦਗੁਣਾਂ ਤੋਂ ਸੱਖਣੇ ਪਰ ਲਾਲਸਾ ਦੀ ਗ਼ੁਲਾਮੀ ਵਿਚ ਜਕੜੇ ਹੋਏ। ਕੱਟੇ ਦੀ ਪੂਛ ਵਰਗੀ ਟਾਈ ਲਗਾ ਕੇ ਅਤੇ ਸਾਨ੍ਹ ਦੀ ਧੌਣ ਵਾਂਗ ਆਕੜ ਕੇ ਹਾਕਮ ਦੀ ਕੁਰਸੀ ’ਤੇ ਬੈਠਣ ਦੇ ਸਭ ਹੀ ਇੱਛੁਕ ਹਨ। ਕਿਸੇ ਆਉਣ ਵਾਲੇ ਨੂੰ ਕੁਰਸੀ ਦਾ ਅਭਿਮਾਨ ਦਿਖਾਉਂਦੇ ਪੁੱਛਦੇ ਹਾਂ:

“ਬਾਬਾ, ਤੂੰ ਫਿਰ ਆ ਗਿਐਂ?”

“ਮੇਰੀ ਕਿਸਮਤ, ਗਰਜ਼, ਗ਼ਰੀਬੀ, ਬੇਵਸੀ, ਲਾਚਾਰੀ ਫਿਰ ਚੁੱਕ ਲਿਆਈ ਮਾਈ-ਬਾਪ।”

---

**ਗੀਤ-ਸੰਗੀਤ**

# ਜਾਤੀਵਾਦ ਨਹੀਂ, ਪਿਆਰ ਦੀ ਸਾਂਝ ਵਧਾਈਏ

**ਸਵਰਨ ਸਿੰਘ ਟਹਿਣਾ**

ਪੰਜਾਬ ਪਿਛਲੇ ਕੁਝ ਸਮੇਂ ਤੋਂ ਧਰਮਾਂ ਦੇ ਝੇੜਿਆਂ ਕਾਰਨ ਜਿਸ ਦੌਰ ’ਚੋਂ ਲੰਘ ਰਿਹਾ ਹੈ, ਉਸ ਤੋਂ ਕੋਈ ਵੀ ਅਣਜਾਣ ਨਹੀਂ। ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਵੱਖ-ਵੱਖ ਥਾਂਈਂ ਕਰਫ਼ਿਊ ਲੱਗਣ, ਭੰਨ ਤੋੜ ਹੋਣ, ਸਰਕਾਰੀ-ਗ਼ੈਰ ਸਰਕਾਰੀ ਸੰਪਤੀ ਦੇ ਨਾਲ-ਨਾਲ ਲੋਕਾਂ ਦੇ ਜਾਨੀ ਤੇ ਮਾਲੀ ਨੁਕਸਾਨ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਨੂੰ ਪੜ੍ਹ/ਸੁਣ ਦਿਮਾਗ ’ਚ ਸਵਾਲ ਉਠਦੇ ਨੇ ਕਿ ਜੋ ਧਰਮ ‘ਜੋੜਨ’ ਦਾ ਕੰਮ ਕਰਦਾ ਸੀ, ਉਸੇ ਦੇ ਨਾਂ ’ਤੇ ‘ਤੋੜਨ’ ਵਾਲਾ ਸਿਲਸਿਲਾ ਕਿਉਂ ਸ਼ੁਰੂ ਹੋ ਗਿਆ?

ਧਰਮਾਂ ਨੂੰ ਢਾਲ ਬਣਾ ਆਪਣੀਆਂ ਚਲਾਉਣ ਵਾਲੇ ਬਾਬੇ ਤੇ ਸਿਆਸਤਦਾਨ ਤਾਂ ਪਹਿਲਾਂ ਹੀ ਸਰਗਰਮ ਸਨ ਪਰ ਪਿਛਲੇ ਕੁਝ ਸਮੇਂ ਤੋਂ ਮਨੋਰੰਜਨ ਮੰਡੀ ਨਾਲ ਜੁੜੇ ਕਲਮਕਾਰ ਤੇ ਕੰਠਕਾਰ ਵੀ ਇਸੇ ਵਹਿਣ ’ਚ ਵਹਿੰਦੇ ਦਿਸ ਰਹੇ ਹਨ। ਥੋੜ੍ਹੇ ਕੁ ਸਮੇਂ ਬਾਅਦ ਅਜਿਹੇ ਗੀਤ ਕੰਨੀਂ ਪੈਂਦੇ ਨੇ ਜਿਨ੍ਹਾਂ ਜ਼ਰੀਏ ਜਾਤੀਵਾਦ ਨੂੰ ਖੁੱਲ੍ਹ ਕੇ ਉਤਸ਼ਾਹਤ ਕੀਤਾ ਜਾਂਦੈ ਤੇ ਧਰਮ ਦੇ ਨਾਂ ’ਤੇ ਹੁੰਦੇ ਝੇੜਿਆਂ ਦੇ ਵਿਰੋਧ ਦੀ ਥਾਂ ਇਸ ਸਭ ਨੂੰ ਹੋਰ ਬਲ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੱਲ੍ਹ ਤੱਕ ਗੀਤਾਂ ਦਾ ਵਿਵਾਦ ਸਿਰਫ਼ ‘ਜੱਟਵਾਦ’ ਤੱਕ ਸੀਮਤ ਸੀ ਪਰ ਹੌਲੀ-ਹੌਲੀ ਇਸ ਨਾਲ ਜੁੜੇ ਲੋਕਾਂ ਨੇ ਉਚੇ-ਨੀਵੇਂ ਦਾ ਵਖਰੇਵਾਂ ਵਧਾ ਆਪਣੀਆਂ ਰੋਟੀਆਂ ਸੇਕਣ ਦੀਆਂ ਕੋਸ਼ਿਸ਼ਾਂ ਅਰੰਭ ਦਿੱਤੀਆਂ। ਲੰਘੇ ਸਾਲ ਆਪੋ ਆਪਣੀ ਜਾਤ ਨੂੰ ਸ੍ਰੇਸ਼ਠ ਦੱਸਣ ਵਾਲੇ ਗੀਤਾਂ ਦੀ ਜਿਹੜੀ ਹਨੇਰੀ ਵਗੀ, ਉਸ ਨੇ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਜੋ ਗੀਤ ਅਮੀਰ-ਗ਼ਰੀਬ, ਛੋਟੇ-ਵੱਡੇ ਲਈ ਇਕ ਸਮਾਨ ਹੁੰਦੇ ਸਨ, ਅੱਜ ਉਹ ਵਰਗ ਵੰਡ ਦੇ ਸ਼ਿਕਾਰ ਕਿਉਂ ਹੋਣ ਲੱਗੇ ਨੇ। ਜੋ ਧੁੱਪ-ਛਾਂ, ਮੀਂਹ-ਹਨੇਰੀ ਛੋਟਿਆਂ-ਵੱਡਿਆਂ ਨਾਲ ਵਿਤਕਰਾ ਨਹੀਂ ਕਰਦੀ ਤਾਂ ਮਨੋਰੰਜਨ ਵੀ ਸਭ ਲਈ ਸਮਾਨ ਹੋਣਾ ਚਾਹੀਦਾ ਹੈ, ਇਸ ਵਿਚੋਂ ਕਿਸੇ ਪ੍ਰਤੀ ਨਫ਼ਰਤ ਦੀ ਭਾਵਨਾ ਨਹੀਂ ਝਲਕਣੀ ਚਾਹੀਦੀ।

ਸਮਾਜ ਦਾ ਵੱਡਾ ਹਿੱਸਾ, ਖ਼ਾਸ ਕਰਕੇ ਨੌਜਵਾਨ ਵਰਗ ਗਾਉਣ ਵਾਲਿਆਂ ਨੂੰ ਆਪਣਾ ਰਾਹ ਦਸੇਰਾ ਮੰਨਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੀਤਾਂ ਜ਼ਰੀਏ ਕੀਤੀਆਂ ਗੱਲਾਂ ਲੋਕ ਮਨਾਂ ’ਤੇ ਜਲਦੀ ਅਸਰ ਕਰਦੀਆਂ ਹਨ, ਏਸੇ ਕਰਕੇ ਜਦੋਂ ਵੀ ਕਲਾਕਾਰਾਂ ਵੱਲੋਂ ਸਮਾਜ ਵਿਚ ਹੁੰਦੇ-ਵਾਪਰਦੇ ਚੰਗੇ-ਮਾੜੇ ਨੂੰ ਪੇਸ਼ ਕੀਤਾ ਗਿਆ, ਇਨ੍ਹਾਂ ਦੀ ਸੋਚਣੀ ’ਤੇ ਫ਼ਖ਼ਰ ਹੋਇਆ। ਪਰ ਵੀਆਨਾ ਕਾਂਡ ਤੋਂ ਬਾਅਦ ਵਾਲੇ ਧਾਰਮਿਕ ਝੇੜਿਆਂ ਵੇਲੇ ਜਿਸ ਤਰ੍ਹਾਂ ਪੰਜਾਬ ਵਿਚ ਅਰਾਜਕਤਾ ਦਾ ਮਾਹੌਲ ਸਿਰਜਿਆ ਗਿਆ ਤੇ ਬਾਅਦ ਵਿਚ ਕਲਾਕਾਰਾਂ ਨੇ ਇਸ ਮਾਹੌਲ ਨਾਲ ਜੁੜੇ ਗੀਤ ਗਾਉਣੇ ਅਰੰਭੇ, ਉਸ ਨੇ ਉਨ੍ਹਾਂ ਦੀ ਸੋਚਣੀ ’ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਧਰਮ ਦੇ ਨਾਂ ’ਤੇ ਦੰਗਿਆਂ ਦਾ ਭਾਵੇਂ ਇਹ ਕੋਈ ਪਹਿਲਾ ਮੌਕਾ ਨਹੀਂ ਸੀ ਪਰ ਕਲਾਵਾਨਾਂ ਵੱਲੋਂ ਇਸ ਨੂੰ ਆਪਣੇ ਫ਼ਾਇਦੇ ਲਈ ਵਰਤਣ ਦਾ ਹੀਲਾ ਪਹਿਲੀ ਵਾਰ ਕੀਤਾ ਗਿਆ। ਬਲਦੀ ’ਤੇ ਤੇਲ ਪਾਉਣ ਵਾਲੇ ਗੀਤ ਪੇਸ਼ ਕੀਤੇ ਗਏ, ਜਿਨ੍ਹਾਂ ਜ਼ਰੀਏ ਪੰਜਾਬੀਆਂ ਨੂੰ ਧਰਮ ਦੇ ਨਾਂ ’ਤੇ ਵੰਡ ਇਕ-ਦੂਜੇ ਨਾਲ ਭਿੜਨ ਦੀਆਂ ਸਲਾਹਾਂ ਦਿੱਤੀਆਂ ਗਈਆਂ। ਵੀਡੀਓ ਵਿਚ ਤੇਜ਼ਧਾਰ ਹਥਿਆਰਾਂ ਦਾ ਪ੍ਰਦਰਸ਼ਨ ਕੀਤਾ ਗਿਆ, ਨੌਜਵਾਨਾਂ ਦੇ ਧੜਿਆਂ ਨੂੰ ਖ਼ੂਨ ਖ਼ਰਾਬਾ ਕਰਦਿਆਂ ਦਿਖਾਇਆ ਗਿਆ, ਤਾਂ ਜੋ ਚੁੱਪ ਵੱਟੀ ਰੱਖਣ ਵਾਲਿਆਂ ਨੂੰ ਭੜਕਾਇਆ ਜਾ ਸਕੇ। ਕਿਸੇ ਨੇ ਏਕਾ ਕਰਕੇ ਵੱਖਰਾ ਬੇਗਮਪੁਰਾ ਵਸਾਉਣ ਦੀ ਸਲਾਹ ਦਿੱਤੀ ਤੇ ਕਿਸੇ ਨੇ ਚੁੱਪ ਵੱਟੀ ਰੱਖਣ ਵਾਲੇ ਲੋਕਾਂ ਨੂੰ ਆਪਣੇ ਧਰਮ ਖ਼ਾਤਰ ਦੂਜੇ ਧਰਮੀਆਂ ਨਾਲ ਭਿੜਨ ਲਈ ਪ੍ਰੇਰਿਆ। ਜਾਤੀ ਵਿਸ਼ੇਸ਼ਣਾਂ ਦੀ ਖੁੱਲ੍ਹ ਕੇ ਵਰਤੋਂ ਹੋਈ ਤੇ ਆਖਿਆ ਗਿਆ ਕਿ ਫ਼ਲਾਣੇ ਧਰਮੀ ਕਿਸੇ ਨਾਲੋਂ ਘੱਟ ਨਹੀਂ ਤੇ ਉਹ ਆਪਣੇ ਧਰਮ ਦੀ ਰੱਖਿਆ ਲਈ ਜਾਨਾਂ ਦੇਣ ਤੇ ਲੈਣ ਤੋਂ ਨਹੀਂ ਝਿਜਕਣਗੇ।



ਕੱਲ ਤੱਕ ਜਿਹੜੇ ਕਲਾਕਾਰ ਹੋਰ ਮੁੱਦਿਆਂ ਦੀ ਗੱਲ ਕਰਕੇ ਲੋਕ ਮਨਾਂ ਦੇ ਮਹਿਰਮ ਬਣਦੇ ਸਨ, ਉਨ੍ਹਾਂ ਨੂੰ ਜਾਤੀ ਆਧਾਰਤ ਗੀਤਾਂ ਨੇ ਭਾਵੇਂ ਚੰਦ ਕੁ ਜਨੂੰਨੀਆਂ ਕੋਲੋਂ ਹੁੰਗਾਰਾ ਦਿਵਾਇਆ ਹੋਵੇ ਪਰ ਉਹ ਅਮਨਪਸੰਦਾਂ ਦੇ ਮਨਾਂ ਦੇ ਮੁਜਰਮ ਬਣ ਗਏ। ਅੱਜ ਜਦੋਂ ਭਾਈਚਾਰਕ ਏਕਤਾ ਪਹਿਲਾਂ ਹੀ ਤਾਰ-ਤਾਰ ਹੈ, ਸਿਆਸਤਦਾਨ ਆਪਣੇ ਸਵਾਰਥਾਂ ਖ਼ਾਤਰ ਹਿੰਦੂ-ਸਿੱਖ ਦੀਆਂ ਗੱਲਾਂ ਕਰ ਆਪਣੇ ਦਾਅ ਲਾ ਰਹੇ ਹਨ, ਜਾਤੀਵਾਦ ਦੇ ਚੁੰਗਲ ’ਚ ਫਸ ਸਿਰਫ਼ ਆਮ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ, ਉਦੋਂ ਕਲਾਕਾਰਾਂ ਨੂੰ ਇਨਸਾਨੀਅਤ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ ਨਾ ਕਿ ਬਲਦੀ ’ਤੇ ਤੇਲ ਪਾਉਣਾ ਚਾਹੀਦਾ ਹੈ।

ਕਿਸੇ ਵੀ ਗੁਰੂ, ਪੀਰ, ਪੈਗੰਬਰ, ਭਗਤ ਨੇ ਮਨੁੱਖਤਾ ਨੂੰ ਧਰਮ ਦੇ ਨਾਂ ’ਤੇ ਵੰਡੀਆਂ ਪਾਉਣ ਦੀ ਸਲਾਹ ਨਹੀਂ ਦਿੱਤੀ, ਗੁਰੂ ਸਾਹਿਬਾਨਾਂ ਦੀ ਬਾਣੀ ਵਿਚ ਸਭ ਜਾਤਾਂ-ਮਜ਼ਹਬਾਂ ਦਾ ਇਕ ਸਮਾਨ ਸਤਿਕਾਰ ਕੀਤਾ ਗਿਆ ਹੈ, ਫਿਰ ਉਨ੍ਹਾਂ ਦੀਆਂ ਸਿੱਖਿਆਵਾਂ ’ਤੇ ਅਮਲ ਕਰਨ ਦੀ ਥਾਂ ਇਕ-ਦੂਜੇ ਦੀ ਜਾਨ ਦੇ ਵੈਰੀ ਕਿਉਂ ਬਣਿਆ ਜਾ ਰਿਹਾ ਹੈ? ਕਿਹੜੀ ਬਾਣੀ ਆਖਦੀ ਹੈ ਕਿ ਧਰਮ ਦੇ ਨਾਂ ’ਤੇ ਲਿਸ਼ਕਦੀਆਂ ਤਲਵਾਰਾਂ ਕੱਢ ਇਕ-ਦੂਜੇ ਦੀ ਵੱਢ-ਟੁੱਕ ਕੀਤੀ ਜਾਵੇ, ਕਿਹੜੇ ਮਹਾਂਪੁਰਸ਼ ਨੇ ਆਖਿਆ ਹੈ ਕਿ ਧਰਮ ਦੇ ਨਾਂ ’ਤੇ ਲੋਕਾਂ ’ਤੇ ਜ਼ੁਲਮ ਢਾਹੁਣਾ ਜਾਇਜ਼ ਹੈ?

ਪਿੱਛੇ ਜਿਹੇ ਇਕ ਕਲਾਕਾਰ ਨੂੰ ਜਦੋਂ ਪੁੱਛਿਆ ਗਿਆ ਕਿ ਤੁਸੀਂ ਧਾਰਮਿਕ ਭਾਵਨਾਵਾਂ ਭੜਕਾਉਣ ਵਾਲੇ ਅਤੇ ਸਿੱਖਾਂ-ਰਵੀਦਾਸ ਭਾਈਚਾਰੇ ’ਚ ਪਾੜਾ ਵਧਾਉਣ ਵਾਲੇ ਗੀਤ ਕਿਉਂ ਗਾ ਰਹੇ ਹੋ ਤਾਂ ਜਵਾਬ ਸੀ, ‘ਸਾਡੇ ਭਾਈਚਾਰੇ ਦੀ ਵਕਾਲਤ ਬਹੁਤ ਘੱਟ ਗੀਤਾਂ ਵਿਚ ਕੀਤੀ ਗਈ ਹੈ, ‘ਜੱਟਵਾਦ’ ਨੂੰ ਬਿਨਾਂ ਵਜ੍ਹਾ ਪਰੋਸਿਆ ਜਾ ਰਿਹਾ ਹੈ, ਹੁਣ ਸਾਡੇ ਵਰਗ ਦੇ ਆਪਣੇ ਕਲਾਕਾਰ ਹੋਣਗੇ।’

ਜਵਾਬ ਨੇ ਸਾਬਤ ਕਰ ਦਿੱਤਾ ਕਿ ਕੱਲ੍ਹ ਤੱਕ ਸਿਰਫ਼ ‘ਜੱਟਵਾਦ’ ਪੇਸ਼ ਕਰਨ ਵਾਲੇ ਕਮਅਕਲੇ ਸਨ ਪਰ ਹੁਣ ਬਾਕੀਆਂ ਵੱਲੋਂ ਹੋਰ ਧਰਮਾਂ ਦੀਆਂ ਗੱਲਾਂ ਕਰ ਲੋਕਾਂ ਨੂੰ ਪਹਿਲਿਆਂ ਦਾ ਜਵਾਬ ਦੇਣ ਲਈ ਪ੍ਰੇਰਿਆ ਜਾ ਰਿਹਾ ਹੈ। ਕਲਾਕਾਰ ਤਾਂ ਸਭ ਦੇ ਸਾਂਝੇ ਹੁੰਦੇ ਹਨ, ਇਨ੍ਹਾਂ ਦੇ ਗੀਤਾਂ ਦਾ ਅਸਰ ਹਰ ਕਿਸੇ ’ਤੇ ਇਕ ਬਰਾਬਰ ਹੁੰਦਾ ਹੈ, ਸੰਗੀਤ ਦਾ ਕੋਈ ਧਰਮ ਨਹੀਂ, ਕੋਈ ਮਜ਼ਹਬ ਨਹੀਂ, ਫਿਰ ਕਲਾਕਾਰ ਧਰਮਾਂ ਦੇ ਚੱਕਰਵਿਊ ਵਿਚ ਕਿਉਂ ਫ਼ਸਦੇ ਜਾ ਰਹੇ ਹਨ?

ਕਲਾ ਇਬਾਦਤ ਦਾ ਨਾਂ ਹੈ। ਸੋ ਇਸ ਨੂੰ ਪ੍ਰਣਾਏ ਲੋਕਾਂ ਦੀ ਸੋਚਣੀ ਵੀ ਉਸਾਰੂ ਹੋਣੀ ਚਾਹੀਦੀ ਹੈ। ਪੰਜਾਬ ’ਚ ਨਫ਼ਰਤ ਦੇ ਜਿਹੜੇ ਬੂਟੇ ਵਧ ਫੁੱਲ ਰਹੇ ਨੇ, ਉਨ੍ਹਾਂ ਨੂੰ ਪੁੱਟਣ ਦਾ ਯਤਨ ਕਰਨਾ ਚਾਹੀਦਾ ਹੈ, ਸੌੜੀ ਸੋਚ ਨਾਲ ਪਾਣੀ ਨਹੀਂ ਦੇਣਾ ਚਾਹੀਦਾ। ਜਾਤਾਂ ਦੇ ਨਾਂ ’ਤੇ ਲੋਕਾਂ ’ਚ ਵੰਡੀਆਂ ਪਵਾਉਣ ਵਾਲੇ ਦੋ-ਚਾਰ ਕਲਾਕਾਰਾਂ ਨੂੰ ਭਾਵੇਂ ਆਰਥਿਕ ਤੌਰ ’ਤੇ ਥੋੜ੍ਹਾ-ਬਹੁਤ ਫ਼ਾਇਦਾ ਵੀ ਹੋਇਆ ਹੋਵੇ ਪਰ ਇਸ ਨਾਲ ਸਮਾਜ ਦਾ ਕਿੰਨਾ ਨੁਕਸਾਨ ਹੁੰਦਾ ਹੈ, ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਆਪਣੀ ਸ਼ੋਭਾ ਲਈ ਹੋਰਨਾਂ ਦੇ ਮਨਾਂ ’ਚ ਨਫ਼ਰਤ ਦੀਆਂ ਕੰਧਾਂ ਖੜੀਆਂ ਕਰਨੀਆਂ ਸੁਖਾਲੀਆਂ ਨੇ ਪਰ ਇਨ੍ਹਾਂ ਨੂੰ ਢਾਹ ਸਕਣਾ ਸੁਖਾਲਾ ਨਹੀਂ। ਕਲਾਵਾਨਾਂ ਦਾ ਆਮ ਲੋਕਾਂ ਨਾਲੋਂ ਵਖਰੇਵਾਂ ਫੇਰ ਹੀ ਜ਼ਾਹਰ ਹੋਵੇਗਾ ਜੇ ਇਨ੍ਹਾਂ ਦੀ ਸੋਚਣੀ ਉਚ ਪਾਏ ਦੀ ਹੋਵੇਗੀ ਤੇ ਜੇ ਇਹ ਵੀ ਜਾਤਾਂ-ਪਾਤਾਂ ’ਚ ਫਸ ਜਨੂੰਨੀ ਭੀੜਾਂ ਦੀ ਵਕਾਲਤ ਕਰਨਗੇ ਤਾਂ ਇਨ੍ਹਾਂ ਨੂੰ ਸਤਿਕਾਰ ਦੀ ਨਜ਼ਰ ਨਾਲ ਭਲਾ ਕਿਵੇਂ ਦੇਖਿਆ ਜਾਵੇਗਾ?

# ਜੋ ਖ਼ੁਦ ਹਨੇਰੇ 'ਚ ਹੈ, ਉਸ ਨੂੰ ਸਾਡੇ ਜਗਣ 'ਤੇ ਇਤਰਾਜ਼ ਹੈ

***20ਵੀਂ ਸਦੀ ਦੀ ਸਿੱਖ ਰਾਜਨੀਤੀ ਬਾਰੇ ਸ. ਅਜਮੇਰ ਸਿੰਘ ਦੀਆਂ ਤਿੰਨ ਚਰਚਿਤ ਕਿਤਾਬਾਂ ਬਾਰੇ ਸ. ਕਰਮਜੀਤ ਸਿੰਘ ਦਾ ਲੇਖ ਛਪਣ ਬਾਅਦ ਸਾਨੂੰ ਪ੍ਰੋ. ਅਵਤਾਰ ਸਿੰਘ ਫਗਵਾੜਾ ਵਲੋਂ 5-6 ਮਹੀਨੇ ਪਹਿਲਾਂ ਦਾ ਲਿਖਿਆ ਲੇਖ ਪ੍ਰੋ. ਹਰਪਾਲ ਸਿੰਘ ਪੰਨੂ ਹੋਰਾਂ ਰਾਹੀਂ ਪ੍ਰਾਪਤ ਹੋਇਆ ਹੈ। ਅਸੀਂ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

**ਅਵਤਾਰ ਸਿੰਘ ਫਗਵਾੜਾ**

ਇਸ ਵਰ੍ਹੇ ਘੱਲੂਘਾਰਾ ਦਿਨ 'ਤੇ ਪੰਥਕ ਹਸਤੀਆਂ ਦੀ ਮੌਜੂਦਗੀ ਵਿਚ ਮੈਂ ਕੁਝ ਵਿਚਾਰ ਪੇਸ਼ ਕੀਤੇ, ਜੋ ਕਈ ਰਸਾਲਿਆਂ ਤੇ ਅਖ਼ਬਾਰਾਂ 'ਚ ਵੀ ਛਪੇ। ਪੜ੍ਹ ਕੇ ਕਿਸੇ ਸਾਬਕਾ ਪੱਤਰਕਾਰ ਨੇ ਇਤਰਾਜ਼ ਕੀਤਾ ਹੈ, ਜੋ ਕਿਸੇ ਬਾਹਰਲੀ ਅਖਬਾਰ ਵਿਚ ਛਪਿਆ ਹੈ। ਨਾ ਉਹ ਮੇਰਾ ਦੋਸਤ ਹੈ, ਨਾ ਹੀ ਮੈਂ ਉਸਦਾ ਦੋਸਤ ਹਾਂ। ਉਹ ਮੇਰੇ ਉਸਤਾਦ ਨੂੰ ਜਾਣਦਾ ਹੈ। ਆਪਣੇ ਜਾਣਕਾਰ ਦੇ ਵਿਦਿਆਰਥੀ ਪ੍ਰਤੀ ਸਨੇਹ ਉਸ ਦੀ ਫ਼ਰਾਖ਼ਦਿਲੀ ਹੈ ਜਿਸ ਦਾ ਸਤਿਕਾਰ ਕਰਨਾ ਮੇਰਾ ਫ਼ਰਜ਼ ਹੈ। ਫ਼ਰਾਖ਼ਦਿਲੀ ਤੇ ਫ਼ਰਜ਼ਾਂ ਦਾ ਵਿਚਾਰਾਂ ਦੇ ਆਦਾਨ-ਪ੍ਰਦਾਨ ਵਿਚ ਕੋਈ ਦਖ਼ਲ ਨਹੀਂ ਹੁੰਦਾ। ਦੋਸਤਾਂ, ਹਮ ਰੁਤਬਾ ਸਹਿਕਰਮੀਆਂ, ਜਾਣਕਾਰਾਂ ਜਾਂ ਅਜਨਬੀਆਂ ਨਾਲ ਵੀ ਬਹਿਸ-ਮੁਬਾਹਿਸੇ ਦੌਰਾਨ ਜਿਸ ਤਹਿਜ਼ੀਬ ਤੇ ਮਰਿਆਦਾ ਦਾ ਪੱਲਾ ਕੱਤਈ ਨਹੀਂ ਛੱਡਿਆ ਜਾ ਸਕਦਾ, ਉਸ ਦੀ ਭਾਲ਼ ਮੈਂ ਕਈ ਦਿਨਾਂ ਤੋਂ ਉਸ ਦੇ ਪ੍ਰਤੀਕਰਮ ਵਿਚੋਂ ਕਰ ਰਿਹਾ ਹਾਂ। ਪੱਤਰਕਾਰ ਹੋਣ ਕਰਕੇ ਉਸ ਨੇ ਅਖ਼ਬਾਰੀ ਅੰਦਾਜ਼ ਵਿਚ ਆਮ ਬੰਦੇ ਦੀ ਉਤੇਜਨਾ ਨੂੰ ਪ੍ਰੇਰਤ ਕਰਨ ਵਾਲਾ ਪ੍ਰਤੀਕਰਮ ਜ਼ਾਹਿਰ ਕੀਤਾ ਹੈ। ਸਿੱਖੀ ਦੀਆਂ ਪੁੜੀਆਂ 'ਚ ਲਿਪਟੀ ਨਕਸਲੀ ਸੋਚ 'ਤੇ ਚਿਪਕੇ ਸ਼ਰਤੀਆ ਇਲਾਜ਼ ਦੇ ਲੇਬਲ ਦੇ ਭਰਮਜਾਲ਼ ਅਤੇ ਮਨੋਗੁੰਥੀਆਂ ਦੀ ਖਿਚੋਤਾਣ 'ਚੋਂ ਉਪਜੀ ਸਿਰ ਪੀੜਾ ਨੂੰ ਕਈ ਲੋਕ ਕੌਮੀ ਦਰਦ ਸਮਝ ਲੈਂਦੇ ਹਨ, ਜਿਨ੍ਹਾਂ ਦਾ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ ਪਰ ਮੈਂ ਲਾਜ਼ਮੀ ਸਮਝਦਾ ਹਾਂ।

ਹਿੰਦੁਸਤਾਨ ਵਿਚ ਕੀ ਸਾਰੀ ਦੁਨੀਆਂ ਵਿਚ ਬਹੁਤ ਸਾਰੇ ਗਰੁਪ ਖਾੜਕੂ ਲਹਿਜ਼ੇ ਵਿਚ ਆਪਣੇ ਕੌਮੀ ਮਸਲਿਆਂ ਨੂੰ ਨਜਿਠਣ ਲਈ ਯਤਨਸ਼ੀਲ ਹਨ। ਬਹੁਤ ਸਾਰੇ ਲੋਕ ਪੁਨਛਾਣ ਕਰਕੇ ਉਨ੍ਹਾਂ ਦੇ ਯਤਨ ਨੂੰ ਕਿਸੇ ਸਾਰਥਕ ਮਨੋਰਥ ਵੱਲ ਸੇਧਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਈ ਲੋਕ ਅਜਿਹੇ ਵੀ ਹਨ ਜੋ ਖਾੜਕੂ ਸੁਰ ਦੀ ਕੇਵਲ ਪ੍ਰੋੜਤਾ ਹੀ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਕੁ ਅਜਿਹੇ ਵੀ ਹਨ, ਜਿਨ੍ਹਾਂ ਲਈ ਪ੍ਰੋੜ੍ਹਤਾ ਇਕ ਕਾਰੋਬਾਰ ਹੈ। ਪੁਰਾਣੇ ਸਮਿਆਂ ਵਿਚ ਕੌਮਪ੍ਰਸਤ ਯੋਧੇ ਸਿਰ 'ਤੇ ਕੱਫਣ ਬੰਨ੍ਹ ਕੇ ਧਰਮ ਯੁਧ ਵਿਚ ਜੂਝ ਮਰਦੇ ਸਨ ਪਰ ਅੱਜ ਕਲ ਅਜਿਹਾ ਜੋਸ਼ ਗ਼ਾਇਬ ਹੈ। ਕਈ ਲੋਕ ਨੌਜਵਾਨਾਂ ਦੀ ਹਠੀਲੀ, ਉਤੇਜਤ ਅਤੇ ਭਾਵਕ ਮਨੋਦਸ਼ਾ ਨੂੰ ਭੜਕਾ ਕੇ, ਉਨ੍ਹਾਂ ਦੇ ਸਿਰਾਂ 'ਤੇ ਦਸਤਾਰ ਦੀ ਥਾਂ ਕੱਫ਼ਣ ਬੰਨ੍ਹ ਬੰਨ੍ਹ ਮੌਤ ਦੇ ਬੂਥੇ ਝੋਕ ਦੇਣ ਦੀ ਤਮੰਨਾ ਲੈ ਕੇ ਆਪਣੀਆਂ ਗਤੀਵਿਧੀਆਂ ਉਲੀਕਦੇ ਹਨ ਅਤੇ ਬਾਹਰਲੇ ਮੁਲਕਾਂ ਵਿਚ ਆਪਣੀ ਇਸ ਸੂਰਮਗਤੀ ਦੀ ਇਸ਼ਤਿਹਾਰਬਾਜ਼ੀ ਕਰਦੇ ਹਨ।

ਇਸ ਸ਼ਖ਼ਸ ਨੇ ਨੌਕਰੀ ਤੋਂ ਫ਼ਾਰਗ ਹੋਣ ਤੋਂ ਪਹਿਲਾਂ ਇਕ ਰਸਾਲਾ ਕੱਢਿਆ ਸੀ, ਜਿਸਦੇ ਰਿਲੀਜ਼ ਸਮਾਗਮ ਵਿਚ ਰਸਾਲੇ ਦੀ ਰੂਪ ਰੇਖਾ ਨੂੰ ਦੇਖ ਕੇ ਮੈਂ ਆਖ ਬੈਠਾ ਸੀ ਕਿ ਇਹ ਆਖਰੀ ਅੰਕ ਰਿਲੀਜ਼ ਹੋ ਰਿਹਾ ਹੈ। ਉਸ ਨੇ ਇਸ ਗੱਲ 'ਤੇ ਭਾਰੀ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਜੇ ਉਹ ਰਸਾਲਾ ਚਲਦਾ ਰਹਿੰਦਾ ਤਾਂ ਸ਼ਾਇਦ ਮੈਨੂੰ ਆਪਣੀ ਟਿੱਪਣੀ 'ਤੇ ਪਛਤਾਵਾ ਹੁੰਦਾ ਪਰ ਉਹ ਸੱਚ ਮੁਚ ਆਖਰੀ ਅੰਕ ਹੀ ਸੀ। ਫਿਰ ਉਸ ਨੇ ਸੇਵਾ ਨਵਿਰਤ ਹੋਣ ਉਪਰੰਤ ਇਕ ਅਖ਼ਬਾਰ ਕੱਢੀ, ਜਿਸ ਦੇ ਨਾਂ ਵਿਚ ਹੀ ਉਸ ਦੇ ਨਾ ਚੱਲਣ ਦੇ ਇਸ਼ਾਰੇ ਸਨ। ਉਹ ਵੀ ਬੰਦ ਹੋ ਗਈ।

ਇਕ ਵੇਰਾਂ ਉਸ ਦੇ ਮਨ ਵਿਚ ਅਚਾਨਕ ਕੁਝ ਚੰਗਾ ਪੜ੍ਹਨ ਦੀ ਤਮੰਨਾ ਜਾਗ ਪਈ ਤੇ ਉਹ ਮੇਰੇ ਕੋਲ਼ੋਂ ਸ. ਕਪੂਰ ਸਿੰਘ ਦੇ ਲੇਖ ਲੈ ਗਿਆ। ਅੱਠ ਦਸਾਂ ਸਾਲਾਂ ਤੋਂ ਮੈਂ ਉਹ ਵਾਪਸ ਲੈਣ ਲਈ ਕਈ ਦਫ਼ਾ ਆਖਿਆ ਹੈ ਪਰ ਹਰ ਵਾਰ ਇਹੀ ਜਵਾਬ ਮਿਲ਼ਦਾ ਹੈ, "ਉਹ ਪਤਾ ਨਹੀਂ ਕਿਥੇ (ਪੜ੍ਹੇ ਬਗ਼ੈਰ ਹੀ) ਰੱਖੇ ਗਏ।" ਜਿਸ ਨੂੰ ਨਾ ਪੜ੍ਹਨ ਦੀ ਇਤਨੀ ਸੁਆਦਲੀ ਆਦਤ ਹੋਵੇ, ਉਸਨੂੰ ਕਿਵੇਂ ਕਹਾਂ ਕਿ ਜਵਾਬ ਦੇਣ ਤੋਂ ਪਹਿਲਾਂ, ਸ਼ਾਇਰੇ ਮਸ਼ਰਿਕ ਡਾ. ਸਰ ਮੁਹੰਮਦ ਇਕਬਾਲ ਦਾ 'ਸ਼ਿਕਵਾ ਜਵਾਬਿ ਸ਼ਿਕਵਾ' 'ਚੋਂ ਹੋ ਗੁਜ਼ਰੇ। ਜਦ ਇਸ ਦਾ ਪਹਿਲਾ ਭਾਗ ਸ਼ਿਕਵਾ ਛਪਿਆ ਸੀ ਤਾਂ ਉਸ ਜਹੇ ਗਰਮ ਰੱਤ ਮੌਲਾਣਿਆਂ ਨੇ ਇਕਬਾਲ ਸਾਹਿਬ ਦੇ ਖ਼ਿਲਾਫ਼ ਹੱਲਾ ਗੁੱਲਾ ਮਚਾਇਆ ਸੀ ਪਰ ਜਦੋਂ ਉਨ੍ਹਾਂ ਨੇ ਜਵਾਬਿ ਸ਼ਿਕਵਾ ਲਿਖੀ ਤਾਂ ਮੂੰਹ 'ਚ ਉਂਗਲਾਂ ਲੈ ਕੇ ਬਹਿ ਗਏ ਸਨ। ਸਿਆਣੀਆਂ ਕੌਮਾਂ ਹਮੇਸ਼ਾਂ ਆਤਮ ਚਿੰਤਨ ਕਰਦੀਆਂ ਹਨ ਪਰ ਤੱਤ ਭੜੱਤੀਆਂ ਉਬਲ਼ ਉਬਲ਼ ਕੇ ਆਪਣੇ ਕੰਢੇ ਸਾੜਦੀਆਂ ਹਨ।

ਇਹ ਤਾਂ ਉਹ ਜਾਣਦੇ ਹੀ ਹੋਣਗੇ ਕਿ ਧਰਮ ਯੁਧ ਮੋਰਚਾ ਅਸਲ ਵਿਚ ਪੰਜਾਬ ਦੀ ਕਿਸਾਨੀ ਦੀ ਪਾਣੀ ਦੀ ਮੰਗ ਨਾਲ ਕਪੂਰੀ ਤੋਂ ਸ਼ੁਰੂ ਹੋਇਆ ਸੀ। ਇਹ ਤਾਂ ਉਹੀ ਚੰਗੀ ਤਰ੍ਹਾਂ ਦੱਸ ਸਕਦੇ ਹਨ ਕਿ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ ਨਾਲ ਹਰਿਆਣੇ, ਰਾਜਸਥਾਨ, ਹਿਮਾਚਲ ਆਦਿ ਦੂਸਰੇ ਸੂਬਿਆਂ 'ਚ ਵਸੇ ਸਿੱਖਾਂ ਦਾ ਕੀ ਸਬੰਧ ਹੈ? ਸਿੱਖੀ ਇਕ ਸਿਆਸੀ ਭੂਗੋਲਿਕ ਖਿਤੇ ਪੰਜਾਬ ਤੱਕ ਹੀ ਸੀਮਿਤ ਨਹੀਂ। ਸਿੱਖੀ ਅਤੇ ਪੰਜਾਬੀਅਤ ਇਕੋ ਸ਼ੈ ਦੇ ਦੋ ਨਾਂ ਨਹੀ ਹਨ।

ਹਥਿਆਰਾਂ ਦੀ ਵਰਤੋਂ ਨੂੰ ਉਹ ਕੇਵਲ ਉਸੇ ਲਈ ਜਾਇਜ਼ ਮੰਨਦਾ ਹੈ ਜੋ ਆਪਣੇ ਆਪ ਨੂੰ ਆਪ ਹੀ ਸੱਚ ਦੇ ਆਲਮਬਰਦਾਰ ਸਮਝਦਾ ਹੈ। ਜਿਸ ਨੂੰ ਦੁਸ਼ਮਣ ਮੰਨ ਲਿਆ ਹੈ ਉਸ ਤੋਂ ਉਹ ਮਨੁਖੀ ਅਧਿਕਾਰਾਂ ਦੀ ਰਖਵਾਲੀ ਦੀ ਉਮੀਦ ਵੀ ਰੱਖਦਾ ਹੈ। ਇਹ ਨਹੀਂ ਸੋਚਿਆ ਕਿ ਮਨੁਖੀ ਅਧਿਕਾਰਾਂ ਦਾ ਬੋਝ ਵੀ ਸੱਚ ਦੇ ਆਲਮਬਰਦਾਰਾਂ ਨੇ ਹੀ ਚੁਕਣਾ ਹੁੰਦਾ ਹੈ। ਬਿਬੇਕ ਨਾਲ ਸਾਂਝ ਪਾਏ ਬਿਨਾ ਕੋਈ ਗ਼ੈਰਸੰਵੇਦਨਸ਼ੀਲ ਨਿਧੜਕ ਸ਼ਖ਼ਸ ਹੀ ਮਾਂਵਾਂ ਦੇ ਅਨੋਭੜ ਪੁੱਤਾਂ ਨੂੰ ਸ਼ਿਸ਼ਕਾਰ ਕੇ ਮੌਤ ਦੇ ਮੂੰਹ ਧੱਕ ਸਕਦਾ ਹੈ। ਪਰ "ਹਮ ਲੇ ਜਾਨੋ ਪੰਥ ਉਚੇਰੋ ਅਧੋਗਤੀ ਕੋ ਨਹਿ ਪਹੁੰਚਾਵੈ" ਦਾ ਮਰਮ ਸਮਝਾਉਣ ਵਾਲਾ ਅਜਿਹਾ ਸੋਚ ਵੀ ਨਹੀਂ ਸਕਦਾ।

ਸਿਆਣੇ ਬੰਦੇ ਝਗੜੇ ਸਮੇਂ ਆਪਣੀਆਂ ਧੀਆਂ ਭੈਣਾਂ ਨੂੰ ਪਾਸੇ ਕਰ ਦਿੰਦੇ ਹਨ ਤਾਂ ਜੋ ਈਮਾਨੋ ਇਜ਼ਤ ਵਿਚ ਖ਼ਿਆਨਤ ਨਾ ਹੋਵੇ। ਅਨੰਦਪੁਰ ਸਾਹਿਬ ਛੱਡਣ ਪਿਛੋਂ ਦਸਮ ਪਾਤਸ਼ਾਹ ਨੇ ਵੀ ਆਪਣੇ ਮਹਿਲਾਂ ਨੂੰ ਦਿੱਲੀ ਵੱਲ ਮਹਿਫ਼ੂਜ਼ ਭੇਜ ਦਿਤਾ ਸੀ। ਫਿਰ ਦਿੱਲੀ ਤੋਂ ਦੱਖਣ ਵੱਲ ਜਾਂਦੇ ਹੋਏ ਵੀ ਮਹਿਲਾਂ ਨੂੰ ਨਾਲ ਨਹੀਂ ਸਨ ਲੈ ਕੇ ਗਏ। ਗੁਰੂ ਸਾਹਿਬਾਂ ਨੇ ਸੰਭਾਵਤ ਜੰਗੀ ਹਮਲਿਆਂ ਦੇ ਟਾਕਰੇ ਲਈ ਵਿਸ਼ੇਸ਼ ਕਿਲੇ ਉਸਾਰੇ। ਗੁਰੂ ਘਰਾਂ ਨੂੰ ਕਿਲਿਆਂ ਵਜੋਂ ਨਹੀਂ ਸੀ ਵਰਤਿਆ ਗਿਆ। ਛੇਵੇਂ ਪਾਤਸ਼ਾਹ ਵੀ ਹਕੂਮਤ ਨਾਲ ਟੱਕਰ ਤੋਂ ਨਹੀਂ ਸਨ ਟਲ਼ੇ, ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜੰਗ ਦਾ ਅਖਾੜਾ ਬਣਨ ਤੋਂ ਬਚਾਉਣ ਦੇ ਇਰਾਦੇ ਨਾਲ ਛੱਡ ਕੇ ਰਵਾਨਾ ਹੋ ਗਏ ਸਨ।

ਮੁਗਲ ਸਾਡੇ ਰੁਹਾਨੀ ਕੇਂਦਰ ਨੂੰ ਇਸ ਕਰਕੇ ਮਲ਼ੀਆਮੇਟ ਕਰ ਦੇਣਾ ਚਾਹੁੰਦੇ ਸਨ ਕਿ ਅਸੀਂ ਆਪਣੇ ਗੁਰੂ ਤੋਂ ਪ੍ਰੇਰਣਾ ਹਾਸਲ ਨਾ ਕਰ ਸਕੀਏ। ਹੁਣ ਕੋਈ ਦੇਸ਼ ਲੋਕਰਾਜੀ ਪ੍ਰਣਾਲ਼ੀ ਦੇ ਅਧੁਨਿਕ ਯੁਗ ਵਿਚ ਜ਼ਾਹਰਾ ਤੌਰ ਪਰ ਅਜਿਹਾ ਨਹੀਂ ਕਰ ਸਕਦਾ। ਅਗਰ ਕੋਈ ਰਾਜਸੀ ਧਿਰ ਆਪਣੀ ਸਮਝ ਦੀ ਬੇਹੋਸ਼ੀ ਵਿਚ ਆਪਣੀ ਹੀ ਸਾਖ ਨੂੰ ਤਬਾਹ ਕਰਨ ਵਾਲਾ ਅਜਿਹਾ ਇਰਾਦਾ ਰੱਖਦੀ ਵੀ ਹੋਵੇ ਤਾਂ ਵੀ ਉਸ ਨੂੰ ਅਜਿਹਾ ਮਨਸੂਬਾ ਸਿਰੇ ਚਾੜ੍ਹਨ ਲਈ ਕੋਈ ਬਹਾਨਾ ਚਾਹੀਦਾ ਹੈ। ਸਾਨੂੰ ਇਸ ਗੱਲ ਦੀ ਪੜਚੋਲ਼ ਕਰਨੀ ਪਵੇਗੀ ਕਿ ਧਰਮਯੁਧ ਮੋਰਚੇ ਦੌਰਾਨ ਅਕਾਲ ਤਖ਼ਤ ਨੂੰ ਰਿਹਾਇਸ਼ਗਾਹ ਵਜੋਂ ਵਰਤਣਾ ਉਸ ਤਰ੍ਹਾਂ ਦਾ ਬਹਾਨਾ ਬਣਾ ਦੇਣ ਵਾਲਾ ਕਦਮ ਤਾਂ ਨਹੀਂ ਸੀ?

ਚੇਤੇ ਰਹੇ ਜਿੰਨੀ ਦੇਰ ਜਥੇਦਾਰ ਤਲਵੰਡੀ ਨੇ ਧਰਮ ਯੁਧ ਮੋਰਚਾ ਦਿੱਲੀ ਵਿਚ ਜਾਰੀ ਰੱਖਿਆ ਉਦੋਂ ਕਿਸੇ ਗੁਰੂ ਘਰ ਨੂੰ ਆਂਚ ਨਹੀਂ ਸੀ ਆਈ। ਸ਼ਾਇਦ ਇਸੇ ਖ਼ਤਰੇ ਨੂੰ ਭਾਂਪਦਿਆਂ ਧਰਮ ਯੁਧ ਮੋਰਚੇ ਦੇ ਡਿਕਟੇਟਰ ਨੇ ਕਿਸੇ ਧਰਮ ਅਸਥਾਨ ਨੂੰ ਰਿਹਾਇਸ਼ਗਾਹ ਨਹੀਂ ਸੀ ਬਣਾਇਆ। ਅਕਾਲ ਤਖ਼ਤ ਸਾਹਿਬ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਫ਼ਰਕ ਹੈ। ਸਮੁੰਦਰੀ ਹਾਲ ਨੂੰ ਤਾਂ ਅਸੀਂ ਖ਼ੁਦ ਹੀ ਅਖਾੜਾ ਬਣਾਈ ਰੱਖਦੇ ਹਾਂ ਜਿਥੇ ਧੱਕਾ ਮੁੱਕੀ ਹੋਣ ਤੋਂ ਅਸੀਂ ਕਦੀ ਗੁਰੇਜ਼ ਨਹੀਂ ਕੀਤਾ। ਲੇਕਿਨ ਗੁਰੂ ਘਰ ਅੰਦਰ ਬੋਲੇ ਉਚੇ ਨੀਵੇਂ ਬੋਲ ਵੀ ਸੰਵੇਦਨਸ਼ੀਲ ਹਿਰਦਿਆਂ ਨੂੰ ਵਲੂੰਧਰ ਜਾਂਦੇ ਹਨ।

ਕਮਜ਼ੋਰ ਧਿਰਾਂ ਹੀ ਕਿਸੇ ਕਾਰਣ ਮਰ ਗਏ ਇਨਸਾਨ ਦੀ ਲਾਸ਼ ਚੌਰਸਤੇ 'ਚ ਰੱਖ ਕੇ ਪਿੱਟ ਸਿਆਪੇ ਕਰਦੀਆਂ ਹਨ। ਆਪਣੀ ਇਜ਼ਤ ਆਬਰੂ ਦਾ ਆਦਰ ਕਰਨ ਵਾਲ਼ੇ ਲੋਕ ਮਰ ਚੁਕਿਆਂ ਦਾ ਹੋਰ ਨਿਰਾਦਰ ਕਰਨ ਕਰਾਉਣ ਤੋਂ ਕਤਰਾਉਂਦੇ ਹਨ। ਪਿਛਲੇ ਤੀਹ ਪੈਂਤੀ ਸਾਲਾਂ ਤੋਂ ਸਿੱਖ ਰਸਾਲਿਆਂ ਦੇ ਮੁਖ ਪੰਨਿਆਂ 'ਤੇ ਢੱਠੇ ਹੋਏ ਅਕਾਲ ਤਖ਼ਤ ਦੀਆਂ ਫੋਟੋਆਂ ਲਗਾਤਾਰ ਛਪ ਰਹੀਆਂ ਹਨ। ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਬਤ ਸਬੂਤੀ ਇਮਾਰਤ ਨਾਲੋਂ ਸਾਨੂੰ ਇਸ ਦਾ ਢੱਠਾ ਹੋਇਆ ਦ੍ਰਿਸ਼ ਹੀ ਵਧੇਰੇ ਕਾਰਗਰ ਜਾਪਦਾ ਹੈ!

ਕਈ ਵਿਦੇਸ਼ੀ ਸਿੱਖ ਪੰਜਾਬੀਆਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਾ ਕੇ ਅਜ਼ਾਦੀ ਲਈ ਭੜਕਾਉਂਦੇ ਹਨ। ਉਹ ਖ਼ੁਦ ਨੂੰ ਅਮਰੀਕਨ ਬਾਰੂਦ ਤੰਤਰ ਦੀ ਛਾਂ ਹੇਠ ਮਹਿਫ਼ੂਜ਼ ਸਮਝਦੇ ਹੋਏ ਭਾਰਤੀ ਸਿੱਖਾਂ ਨੂੰ ਤੱਤੀਆਂ ਤੱਤੀਆਂ ਸਲਾਹਾਂ ਦੇ ਕੇ ਬਲ਼ਦੀ ਦੇ ਬੂਥੇ ਵੱਲ੍ਹ ਤੋਰ ਦਿੰਦੇ ਹਨ। ਪਰ ਉਹ ਆਪਣੀ ਸਿਟੀਜਨਸ਼ਿਪ ਵਾਲ਼ੇ ਮੁਲਕ ਵਿਚ ਖ਼ਾਲਸਾ ਰਾਜ ਸਥਾਪਤ ਕਰਨ ਬਾਬਤ ਕਦੀ ਨਹੀਂ ਸੋਚਦੇ। ਪੰਜਾਬੀ ਸਿੱਖਾਂ ਦੀ ਅਜ਼ਾਦੀ ਨਾਲ ਉਹ ਆਪਣੇ ਦੇਸ਼ ਦੀ ਹਕੂਮਤ ਤੋਂ ਕਿਵੇਂ ਅਜ਼ਾਦ ਹੋ ਜਾਣਗੇ, ਇਸ ਗੱਲ ਦੀ ਸਮਝ ਨਹੀਂ ਪੈਂਦੀ। ਉਨ੍ਹਾਂ ਨੇ ਪੈਂਟਾਗਨ ਨਿਜ਼ਾਮ ਨੂੰ ਸਮਝਣ ਦੀ ਕਦੀ ਕੋਸ਼ਿਸ਼ ਨਹੀਂ ਕੀਤੀ। ਸ਼ਸਤਰ ਕਿਸੇ ਸ਼ਾਸਤਰ ਅਧੀਨ ਹੀ ਚੱਲਦਾ ਹੈ। ਕੋਈ ਵੀ ਨਿਜ਼ਾਮ ਕਿਸੇ ਨਿਯਮ ਤਹਿਤ ਹੀ ਫੈਲਦਾ ਹੈ। ਜਿਹੋ ਜਿਹਾ ਸ਼ਾਸਤਰ ਉਹੋ ਜਿਹਾ ਸ਼ਸਤਰ। ਵਿਦੇਸ਼ਾਂ 'ਚ ਬੈਠੇ ਨਿਧੜਕ, ਬੇਖ਼ੌਫ਼ ਅਤੇ ਬੇਬਾਕ ਸਿੱਖ ਕਾਰਕੁਨ ਪੈਂਟਾਗਨ ਨਿਜ਼ਾਮ ਦੇ ਵਿਰੁਧ ਇਸ ਭਾਊ ਦਾ "ਚੜ੍ਹ ਜਾ ਬੱਚਾ ਸੂਲ਼ੀ 'ਤੇ" ਵਾਲਾ ਨਿਯਮ ਪਰਖ ਕੇ ਦੇਖਣ ਕਿਤਨਾ ਕੁ ਕਾਰਗਰ ਹੈ?

ਅਸੀਂ, "ਸਗਲੀ ਧਰਤੀ ਸਾਧ ਕੀ" ਦੇ ਵਿਪਰੀਤ ਕੇਵਲ ਭਾਰਤੀ ਪੰਜਾਬ ਨੂੰ ਹੀ ਸਿੱਖੀ ਦੀ ਕਰਮ ਭੂਮੀ ਮੰਨ ਲਿਆ ਹੈ। ਇਥੇ ਵਸਣ ਵਾਲ਼ਿਆਂ ਨੇ "ਜਹਾਂ ਜਹਾਂ ਖ਼ਾਲਸਾ ਜੀ ਸਾਹਿਬ" ਦੇ ਉਲ਼ਟ ਖ਼ੁਦ ਨੂੰ ਹੀ ਅਸਲ ਖ਼ਾਲਸਾ ਪੰਥ ਸਮਝਿਆ ਹੋਇਆ ਹੈ। ਅਰਦਾਸ ਵਿਚ ਵਿਛੋੜੇ ਗਏ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਦੀ ਤਾਂਘ ਤੱਕ ਤਾਂ ਠੀਕ ਹੈ ਪਰ ਸੰਭਾਲ਼ ਦੀ

## ਵਿਚਾਰ-ਚਰਚਾ

ਇਛਾ ਵਿਚ ਕਿਤੇ ਨਾ ਕਿਤੇ ਉਕਤ ਧਾਰਨਾ ਨਜ਼ਰ ਆਉਂਦੀ ਹੈ ਜਿਸ ਅਧੀਨ ਅਸੀਂ ਦੇਸਾਂ ਪ੍ਰਦੇਸਾਂ ਦੇ ਸਮੂਹ ਗੁਰਧਾਮਾਂ ਦਾ ਪ੍ਰਬੰਧ ਇਕੋ ਪੰਜਾਬੀ ਕਮੇਟੀ ਅਧੀਨ ਕਰਨ ਬਾਬਤ ਸੋਚਦੇ ਹਾਂ।

"ਰਾਜ ਕਰੇਗਾ ਖ਼ਾਲਸਾ" ਪੜ੍ਹਨ ਵੇਲੇ ਵੀ ਸਾਡਾ ਧਿਆਨ ਲਾਲੜੂ ਨਹੀਂ ਟੱਪਦਾ। ਸਿੱਖੀ ਸਿਰਫ਼ ਪੰਜਾਬ ਤੱਕ ਸੀਮਿਤ ਨਹੀਂ ਹੈ। ਵਿਦੇਸ਼ਾਂ 'ਚ ਬੈਠੇ ਸਿੱਖ ਜਦ ਇਹ ਦੋਹਰਾ ਪੜ੍ਹਦੇ ਹਨ ਤਾਂ ਉਸ ਦਾ ਭਾਵ ਉਸੇ ਦੇਸ਼ ਤੋਂ ਹੁੰਦਾ ਹੈ, ਜਿਥੇ ਉਹ ਰਹਿੰਦੇ ਹਨ। ਉਨ੍ਹਾਂ ਨੂੰ ਸਾਡੇ ਦੇਸੀ ਯੋਧਿਆਂ ਨੂੰ ਗੱਫੇ ਦੇਣ ਦੀ ਥਾਂ ਆਪੋ ਆਪਣੇ ਦੇਸ਼ ਕਾਲ ਦੇ ਸਮਾਜਿਕ, ਆਰਥਿਕ ਅਤੇ ਰਾਜਸੀ ਹਾਲਾਤ ਮੁਤਾਬਕ ਸ਼ਸਤਰ ਸ਼ਕਤੀ ਦੀ ਟੱਕਰ ਨੂੰ ਧਿਆਨ ਵਿਚ ਰਖਦੇ ਹੋਏ ਰਾਜ ਕਰੇਗਾ ਖ਼ਾਲਸਾ ਦੇ ਅਦਰਸ਼ ਵੱਲ੍ਹ ਵਧਣ ਦਾ ਕੋਈ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ।

ਖ਼ੂਨ ਪਸੀਨੇ ਦੀ ਕਮਾਈ ਵਿਚੋਂ ਪਿਆਰ ਜਾਂ ਤਰਸ ਵਿਚ ਭੇਜੀ ਫ਼ੌਰਨ ਕਰੰਸੀ ਨੇ ਇਹ ਹਾਲਤ ਬਣਾ ਦਿੱਤੀ ਹੈ ਕਿ ਜਿਨ੍ਹਾਂ ਦਾ ਵੀ ਕੋਈ ਭੈਣ ਭਾਈ, ਰਿਸ਼ਤੇਦਾਰ, ਦੋਸਤ, ਵਾਕਿਫ਼ਕਾਰ ਜਾਂ ਹਮਦਰਦ ਬਾਹਰ ਗਿਆ ਹੁੰਦਾ ਹੈ, ਉਹ ਇਧਰ ਕੰਮ ਬਾਬਤ ਸੋਚਣਾ ਵੀ ਛੱਡ ਦਿੰਦੇ ਹਨ। ਬੱਚੇ ਪੜ੍ਹਾਈ ਛੱਡ ਕੇ ਵਿਦੇਸ਼ਾਂ ਦੇ ਸੁਪਨੇ ਲੈਣ ਲੱਗਦੇ ਹਨ। ਪੰਜਾਬ ਉਜੜ ਨਹੀਂ ਰਿਹਾ, ਉਜੜ ਗਿਆ ਹੈ। ਸਿੱਖੀ ਅਤੇ ਸਿੱਖਾਂ ਦਾ ਘਾਣ ਕੋਈ ਹੋਰ ਨਹੀਂ ਅਸੀਂ ਖ਼ੁਦ ਕਰ ਰਹੇ ਹਾਂ। ਇਹ ਗੱਲ ਵੱਖਰੀ ਹੈ ਕਿ ਅਸੀਂ ਹਰੇਕ ਦੋਸ਼ ਦੂਸਰਿਆਂ 'ਤੇ ਮੜ੍ਹਨ ਦੇ ਆਦੀ ਹਾਂ। ਸਾਡੀਆਂ ਸਮੂਹਕ ਨਾਕਾਮੀਆਂ ਦੇ ਭਾਂਡੇ ਦੂਸਰਿਆਂ ਦੇ ਸਿਰ ਭੰਨਣ ਦੀਆਂ ਖ਼ਬਰਾਂ ਨਾਲ ਅਖ਼ਬਾਰਾਂ ਲੱਦੀਆਂ ਰਹਿੰਦੀਆਂ ਹਨ। ਆਪਣੀ ਪੀੜ੍ਹੀ ਹੇਠਾਂ ਸੋਟਾ ਮਾਰਨ ਦੀ ਅਸੀਂ ਕਹਾਵਤ ਵੀ ਭੁੱਲ ਚੁੱਕੇ ਹਾਂ।

ਆਸਾ ਨਿਰਾਸਾ ਵਾਲ਼ੇ ਖ਼ਿਆਲ ਨੂੰ ਮੈਂ ਉਸ ਸਮੇਂ ਵਧੇਰੇ ਸਪਸ਼ਟ ਨਹੀਂ ਸੀ ਕਰ ਸਕਿਆ। ਮੈਨੂੰ ਪਤਾ ਸੀ ਕਿ ਪੱਤਰਕਾਰ ਬਿਰਤੀ ਇਥੇ ਜ਼ਰੂਰ ਅਟਕ ਜਾਵੇਗੀ। ਉਸ ਨੇ ਮੇਰੇ ਲਿਖੇ ਉਕਤ ਖ਼ਿਆਲ ਨੂੰ ਅਜੀਬੋ ਗ਼ਰੀਬ ਅਤੇ ਗੁੰਮਰਾਹ ਕਰਨ ਵਾਲਾ ਲਿਖਿਆ ਹੈ। ਇਸ ਬਾਬਤ ਮੈਂ ਕੁਝ ਨਹੀਂ ਕਹਾਂਗਾ। ਬਾਣੀ ਦੀਆਂ ਪਾਵਨ ਪੰਗਤੀਆਂ ਉਹ ਖ਼ੁਦ ਪੜ੍ਹ ਲੈਣ। ਧੰਨ ਗੁਰੂ ਅਮਰਦਾਸ ਜੀ ਦਾ ਪਾਵਨ ਫ਼ੁਰਮਾਨ ਹੈ: "ਆਸਾ ਮਨਸਾ ਜਗਿ ਮੋਹਨੀ ਜਿਨਿ ਮੋਹਿਆ ਸੰਸਾਰੁ" ਅਤੇ "ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ।" ਇਸੇ ਤਰਾਂ ਨੌਵੇਂ ਸਤਿਗੁਰਾਂ ਨੇ ਵੀ ਫ਼ੁਰਮਾਇਆ ਹੈ ਕਿ "ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।"

ਪੱਤਰਕਾਰ ਜੀ ਅਤੇ ਉਨ੍ਹਾਂ ਦੇ ਪੰਥਕ ਦਰਦ ਨੂੰ ਧਰਮਯੁਧ ਮੋਰਚੇ ਦੇ ਅਰੰਭਲੇ ਦਿਨਾਂ ਤੋਂ ਲੋਕ ਜਾਣਦੇ ਹਨ। ਅਕਾਲ ਤਖ਼ਤ ਦੀ ਪਵਿਤਰ ਇਮਾਰਤ, ਜਿਸ ਪ੍ਰੋਗਰਾਮ ਤਹਿਤ, ਢਹਿਣ ਦੀ ਨੌਬਤ ਤੱਕ ਪੁਜੀ, ਮੈਂ ਉਸ ਨੂੰ ਨੇੜਿਉਂ ਦੇਖਿਆ, ਸਮਝਿਆ ਅਤੇ ਆਪਣੇ ਤਨ ਉਤੇ ਸਹਿਆ ਹੈ। ਮੈਂ ਉਸ ਅਸਹਿ ਅਤੇ ਅਕਹਿ ਪੀੜਾ ਦੇ ਰੁਦਨ 'ਚੋਂ ਵੀ ਗੁਜ਼ਰਿਆ ਹਾਂ। ਪਰ ਮੈਂ ਉਸ ਰੁਦਨ ਵਿਚ ਉਮਰ ਗੁਜ਼ਾਰਨ ਨੂੰ ਸਿੱਖੀ ਨਹੀਂ ਸਮਝਦਾ। ਲਗਾਤਾਰ ਵਾਪਰ ਰਹੀ ਤ੍ਰਾਸਦੀ ਦੇ ਡੂੰਘੇ ਅਧਿਐਨ, ਵਿਸ਼ਲੇਸ਼ਣ ਅਤੇ ਮੰਥਨ ਨੂੰ ਸਿੱਖ ਕਰਮ ਮੰਨਦਾ ਹਾਂ। ਆਪਣੇ ਕਰਮ ਦੀ ਪਰਖ ਪੜਚੋਲ਼ ਕਰਕੇ ਹੋਈ ਭੁੱਲ ਜਾਂ ਗ਼ਲਤੀ ਨੂੰ ਮੰਨਣ ਅਤੇ ਸੁਧਾਰਨ ਨੂੰ ਵੀ ਸਿੱਖੀ ਮੰਨਦਾ ਹਾਂ। ਪਰ ਇਸ ਪੱਤਰਕਾਰ ਭਾਊ ਲਈ ਆਪਣੀਆਂ ਗ਼ਲਤੀਆਂ ਨੂੰ ਦੇਖ ਕੇ ਵਾਰ ਵਾਰ, ਅਣਡਿਠ ਕਰੀ ਜਾਣਾ ਹੀ ਸਿੱਖੀ ਹੈ। ਗ਼ਲਤੀਆਂ ਨੂੰ ਸੁਧਾਰਨ ਦੀ ਥਾਂ ਪ੍ਰੋੜਤਾ ਕਰਨਾ ਤੇ ਫਿਰ ਇਸ ਪ੍ਰੋੜਤਾ ਦੇ ਕਿੱਸੇ ਡਾਲਰਾਂ, ਪੌਂਡਾਂ ਵਾਲ਼ੇ ਮੁਲਕਾਂ 'ਚ ਲਈ ਫਿਰਨਾ ਕਿਸੇ ਸੰਵੇਦਨਸ਼ੀਲ ਤੇ ਸੰਜੀਦਾ ਪੰਥ ਦਰਦੀ ਦਾ ਕੰਮ ਨਹੀਂ ਹੋ ਸਕਦਾ।

ਉਸ ਨੇ ਇਤਿਹਾਸ ਦੀ ਇਕ ਕਿਤਾਬ ਦਾ ਨਾਂ ਲੈ ਕੇ ਖ਼ੁਦ ਨੂੰ ਗਹਿਰਾਈ 'ਚ ਉਤਰਿਆ ਅਨੁਮਾਨ ਲਿਆ ਤੇ ਮੈਨੂੰ ਇਤਿਹਾਸਕਾਰੀ ਦੇ ਨੁਕਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਕ ਕਹਾਵਤ ਮੁਤਾਬਕ ਕੀੜੀ ਲਈ ਕੂੰਡਾ ਹੀ ਦਰਿਆ ਹੁੰਦਾ ਹੈ। ਜਿਸ ਨੂੰ ਤਰਨਾ ਨਾ ਆਉਂਦਾ ਹੋਵੇ ਉਸ ਲਈ ਛੱਪੜ 'ਹੀ ਸਮੁੰਦਰ ਹੁੰਦਾ ਹੈ'। ਸਿਰਦਾਰ ਕਪੂਰ ਸਿੰਘ ਨੇ ਲਿਖਿਆ ਹੈ, "ਇਸਲਾਮ ਅਤੇ ਇਸਾਈਅਤ ਦੇ ਉਲ਼ਟ, ਸਿੱਖੀ ਦਾ ਸੱਚ ਅਤੇ ਉਸ ਦੀ ਮਾਨਤਾ ਇਤਿਹਾਸ ਤੇ ਨਿਰਭਰ ਨਹੀਂ ਹੈ।" ਭਾਈ ਵੀਰ ਸਿੰਘ ਨੇ ਵੀ ਇੰਨ ਬਿੰਨ ਇਹੀ ਗੱਲ ਲਿਖੀ ਹੋਈ ਹੈ, "ਇਤਿਹਾਸ ਸਾਡਾ ਧਰਮ ਨਹੀਂ ਤੇ ਨਾ ਹੀ ਸਾਡੇ ਧਰਮ ਦਾ ਨਿਰਵਾਹ ਇਤਿਹਾਸ ਪਰ ਹੈ।" ਧਰਮ ਨਦਰ ਹੈ ਜਦਕਿ ਇਤਿਹਾਸ ਖ਼ਬਰ ਹੈ। ਵਿਦਵਾਨਾਂ ਤੋਂ ਲੋਕ ਨਜ਼ਰ ਦੀ ਤਵੱਕੋ ਰਖਦੇ ਹਨ, ਜਿਸ ਨਾਲ ਸਹੀ ਮਾਰਗ ਦੀ ਸ਼ਨਾਖ਼ਤ ਹੋ ਸਕੇ। ਪਰ ਅਖ਼ਬਾਰੀ ਕਾਰਿੰਦੇ ਅੰਮ੍ਰਿਤ ਵੇਲੇ ਮਾਸੂਮ ਮਸਤਕ ਵਿਚ ਖ਼ਬਰਾਂ ਘੁਸੇੜ ਜਾਂਦੇ ਹਨ। ਖ਼ਬਰ ਸਨਸਨੀਖ਼ੇਜ਼ ਹੈ, ਜੋ ਉਤੇਜਨਾ ਨੂੰ ਭੜਕਾਉਂਦੀ ਹੈ ਤੇ ਜਿਸ ਨਾਲ ਗੰਭੀਰਤਾ ਨਸ਼ਟ ਹੁੰਦੀ ਹੈ। ਗੰਭੀਰਤਾ ਦੀ ਗ਼ੈਰਹਾਜ਼ਰੀ ਵਿਚ ਕਦੀ ਮਸਲੇ ਹੱਲ ਨਹੀਂ ਹੁੰਦੇ।

ਕਿਸੇ ਵੀ ਚੰਗੀ ਕਿਤਾਬਾਂ ਦੀ ਦੁਕਾਨ 'ਤੇ ਅਖ਼ਬਾਰ ਨਹੀਂ ਵਿਕਦੇ। ਪਰ ਅਖ਼ਬਾਰਾਂ ਵਾਲ਼ੇ ਕਿਤਾਬਾਂ ਵੀ ਰੱਖ ਲੈਂਦੇ ਹਨ, ਕਿਉਂ ਜੋ ਕਿਤਾਬਾਂ ਨਾਲ ਅਖ਼ਬਾਰਾਂ ਵੀ ਵਿਕ ਜਾਂਦੀਆਂ ਹਨ। ਕਿਤਾਬ ਜਿਤਨੀ ਪੁਰਾਣੀ ਹੋਵੇ ਉਸ ਦੀ ਕੀਮਤ ਵਧ ਜਾਂਦੀ ਹੈ, ਜਦਕਿ ਅਖ਼ਬਾਰ ਦੁਪਹਿਰ ਨੂੰ ਹੀ ਪਕੌੜਿਆਂ ਜੋਗੀ ਜਾਂ ਲਫ਼ਾਫ਼ਿਆਂ ਜੋਗੀ ਰਹਿ ਜਾਂਦੀ ਹੈ। ਲੇਖਕ ਤੇ ਪੱਤਰਕਾਰ ਵਿਚ ਕਿਤਾਬ ਤੇ ਅਖ਼ਬਾਰ ਜਿਤਨਾ ਹੀ ਫਰਕ ਹੈ।

ਸਿੱਖੀ ਤਾਰੀਖ਼ੀ ਵਿਕਾਸ ਨਹੀਂ ਹੈ। ਤਾਰੀਖ਼ੀ ਵਿਕਾਸ ਵਿਚ ਬੰਦਾ ਕਿਸੇ ਇਕ ਬਿੰਦੂ ਤੋਂ ਕਿਸੇ ਦੂਸਰੇ ਬਿੰਦੂ ਵੱਲ ਵਧਦਾ ਹੈ। ਇਸ ਵਿਕਾਸ ਵਿਚ ਸ਼ਾਮਿਲ ਲੋਕਾਂ ਦੀ ਪਹਿਲੇ ਬਿੰਦੂ ਵੱਲ ਪਿਠ ਹੁੰਦੀ ਹੈ ਤੇ ਦੂਸਰੇ ਵੱਲ ਮੂੰਹ। ਅਸੀਂ ਕਿਸੇ ਗ਼ਲਤ ਪ੍ਰਭਾਵ ਵਿਚ ਸਿੱਖੀ ਨੂੰ ਇਤਿਹਾਸ ਕਹਿਣਾ ਸ਼ੁਰੂ ਕੀਤਾ ਹੈ। ਗੁਰੂ ਨਾਨਕ ਸਾਹਿਬ ਨੂੰ ਭਾਈ ਗੁਰਦਾਸ ਨੇ ਚੰਦਰਮਾ ਨਾਲ ਯਾਦ ਕੀਤਾ ਹੈ। ਭਾਈ ਨੰਦ ਲਾਲ ਨੇ ਦਸਮ ਪਾਤਸ਼ਾਹ ਨੂੰ ਸੂਰਜ ਕਿਹਾ ਹੈ। ਚੰਦਰਮਾ ਤੇ ਜਾਣਾ ਜੀਵਨ ਦਾ ਲੁਤਫ਼ ਹੈ। ਸੂਰਜ ਵੱਲ ਵਧਣਾ ਜੀਵਨ ਦਾ ਫ਼ਨਾਹ ਹੋਣਾ ਹੈ। ਸਿੱਖ ਫ਼ਨਾਹ ਵੀ ਹੁੰਦਾ ਹੈ ਤੇ ਜੀਵਨ ਦਾ ਲੁਤਫ਼ ਵੀ ਲੈਂਦਾ ਹੈ। ਇਹ ਦੋਹਵੇਂ ਚੀਜ਼ਾਂ ਇਕੱਠੀਆਂ ਹੀ ਵਾਪਰਦੀਆਂ ਹਨ। ਜਿਵੇਂ ਗੁਰੂ ਨਾਨਕ ਅਤੇ ਦਸਮ ਪਾਤਸ਼ਾਹ ਦੋ ਨਹੀਂ ਹਨ, ਇਵੇਂ ਇਹ ਚੰਦ ਸੂਰਜ, ਲੁਤਫ਼ ਤੇ ਫ਼ਨਾਹ ਵੀ ਦੋ ਨਹੀਂ ਹਨ।

ਸਿੱਖ ਦਾ ਸਫ਼ਰ ਗੁਰੂ ਵੱਲ ਪਿਠ ਕਰਕੇ ਕਿਸੇ ਅਨੰਤਤਾ ਵੱਲ਼ ਭਟਕ ਜਾਣ ਦਾ ਨਹੀਂ ਹੈ। ਮਨੁਖ ਕਿਸੇ ਅਨੰਤ ਸਫ਼ਰ ਤੋਂ ਆਇਆ ਹੈ ਅਤੇ ਗੁਰੂ ਦੇ ਉਕਤ ਬਿੰਬ ਦੀ ਸ਼ਰਣ ਵਿਚ ਸਮਾਉਣਾ ਉਸ ਦਾ ਲਕਸ਼ ਹੈ, "ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ।" ਮਿੱਥ ਮਨੁਖ ਨੂੰ ਉਸ ਅਨੰਤਤਾ ਵੱਲ ਤੋਰਦੀ ਹੈ, ਜਿਥੋਂ ਗੁਰੂ ਦੇ ਦੀਦਾਰ ਵਧੇਰੇ ਸਪਸ਼ਟ ਹੁੰਦੇ ਹਨ। ਜਿਵੇਂ ਹਨੇਰੇ ਵਿਚ ਖਲੋ ਕੇ ਰੌਸ਼ਨ ਚੀਜ਼ਾਂ ਜ਼ਿਆਦਾ ਨਿਖਰਦੀਆਂ ਹਨ। ਗੁਰੂ ਉਸ ਅਨੰਤਤਾ ਵਿਚੋਂ ਸਿੱਖ ਨੂੰ ਆਪਣੇ ਵੱਲ ਖਿਚ ਲੈਂਦਾ ਹੈ।

ਇਹ ਸਫ਼ਰ ਕਿਸੇ ਬਿੰਦੂ ਤੋਂ ਬਿੰਦੂ ਵੱਲ ਦਾ ਨਹੀਂ, ਹਨੇਰੇ ਤੋਂ ਚਾਨਣ ਦਾ ਸਫ਼ਰ ਹੈ। ਬਿੰਦੂ ਤੋਂ ਬਿੰਦੂ ਦਾ ਸਫ਼ਰ ਤਾਂ ਹਨੇਰੇ ਤੋਂ ਹਨੇਰੇ ਦਾ ਸਫ਼ਰ ਹੀ ਹੈ। ਗੁਰੂ ਕਾਲ ਪਰਿਪੂਰਣ ਸੰਪੰਨ ਇਕਾਈ ਹੈ। ਇਤਿਹਾਸ ਦੀ ਇਹ ਕੋਈ ਵਿਕਾਸਗਤ ਰੇਖਾ ਨਹੀਂ, ਜਿਸ ਨੂੰ ਸਿੱਖ ਅੱਗੇ ਵੱਲ ਲੈ ਜਾ ਰਹੇ ਹੋਣ। ਵਾਹਿਗੁਰੂ ਦੇ ਸਿਮਰਣ ਦੀ ਬਰਕਤ ਨਾਲ ਸ਼ੁੱਭ ਕਰਮ ਕਰਦੇ ਹੋਏ, ਸਿੱਖ ਆਪਣਾ ਜੀਵਨ ਸਫਲ ਕਰਦੇ ਹਨ। ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਜੀਵਨ ਸੂਤਰ ਸਿੱਖੀ ਦਾ ਤੱਤ ਸਾਰ ਹੈ।

ਗੁਰੂ ਸਾਹਿਬਾਂ ਨੇ ਕੋਈ ਯੋਜਨਾ ਸ਼ੁਰੂ ਨਹੀਂ ਸੀ ਕੀਤੀ ਜੋ ਅਧੂਰੀ ਰਹਿ ਗਈ ਤੇ ਜਿਸ ਨੂੰ ਹੁਣ ਸਿੱਖਾਂ ਨੇ ਮੁਕੰਮਲ ਕਰਨਾ ਹੈ। ਗੁਰੂ ਸਾਹਿਬਾਂ ਨੇ ਜੀਵਨ ਦਾ ਇਕ ਆਦਰਸ਼ ਸਿਰਜਿਆ ਹੈ, ਇਕ ਸੰਪੰਨ ਪੂਰਨਾ ਪਾਇਆ ਹੈ, ਜਿਸ ਨੂੰ ਸਿੱਖ ਨੇ ਸਮਰਪਤ ਹੋਣਾ ਹੈ। ਇਸ ਸਮਰਪਣ ਲਈ ਸ਼ਬਦ ਇਕ ਟਕਸਾਲ ਜਾਂ ਕੁਠਾਲ਼ੀ ਹੈ, ਜਿਸ ਵਿਚੋਂ ਦੀ ਸਿੱਖ ਨੇ ਆਪਣਾ ਜੀਵਨ ਲੰਘਾਉਣਾ ਹੈ। ਸਰਬੱਤ ਦਾ ਭਲਾ ਸਿੱਖ ਦਾ ਮੁਥਾਜ ਨਹੀਂ ਹੈ ਸਗੋ ਸਿੱਖ ਨੇ ਆਪਣੇ ਭਲੇ ਖਾਤਰ ਸਰਬਤ ਦਾ ਭਲਾ ਜੀਵਨ ਲਕਸ਼ ਚੁਣਿਆ ਹੈ। ਰਾਜ ਸਿੱਖ ਦਾ ਅਧਿਕਾਰ ਹੀ ਨਹੀਂ, ਸਗੋਂ ਫ਼ਰਜ਼ ਵੀ ਹੈ। ਇਹ ਰਾਜ ਉਸ ਤਰ੍ਹਾਂ ਦਾ ਨਹੀਂ ਜਿਸ ਤਰ੍ਹਾਂ ਦਾ ਪੰਜਾਬ, ਦਿੱਲੀ ਜਾਂ ਅਮਰੀਕਾ 'ਚ ਹੋ ਰਿਹਾ ਹੈ। ਅਜਿਹੇ ਰਾਜ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਥਾਂ ਥਾਂ ਨਿਖੇਧੀ ਕੀਤੀ ਗਈ ਹੈ। "ਐਸੋ ਰਾਜੁ ਨ ਕਿਤੈ ਕਾਜਿ।" ਅਜਿਹਾ ਰਾਜ ਮਨ ਅੰਦਰ ਮਾਣ ਉਤਪੰਨ ਕਰਦਾ ਹੈ ਜੋ ਅੱਗੋਂ ਅਭਿਮਾਨ ਵਿਚ ਤਬਦੀਲ ਹੋ ਜਾਂਦਾ ਹੈ। ਅਭਿਮਾਨ ਪਤਨ ਦਾ ਕਾਰਣ ਬਣਦਾ ਹੈ। ਸਤਿਗੁਰਾਂ ਦਾ ਫ਼ੁਰਮਾਨ ਹੈ, "ਰਾਜੰ ਤ ਮਾਨੰ ਅਭਿਮਾਨੰ ਤ ਹੀਨੰ।"

ਇਕ ਰਾਜ ਇਹ ਹੈ "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ।" ਇਸੇ ਦਾ ਛਤ੍ਰ ਅਤੇ ਸਿੰਘਾਸਣ ਪੰਚਮ ਪਾਤਸ਼ਾਹ ਜੀ ਨੂੰ ਬਖ਼ਸ਼ ਕੇ ਧੰਨ ਗੁਰੂ ਰਾਮ ਦਾਸ ਜੀ ਜੋਤੀ ਜੋਤ ਸਮਾਏ ਸਨ, "ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ।" ਗੁਰੂ ਦੀ ਬਖ਼ਸ਼ਿਸ਼ ਉਸ ਛਤ੍ਰ ਤੇ ਸਿੰਘਾਸਣ ਨੂੰ ਪਿਰਥਮੀ 'ਤੇ ਉਤਾਰਨ ਦੀ ਇਕ ਖ਼ਾਸ ਜੁਗਤ ਹੈ। ਇਹ ਜੁਗਤ ਹੀ ਸਿੱਖੀ ਦਾ ਧੁਰਾ ਹੈ, ਜਿਸ ਮੁਤਾਬਕ ਰਾਜ ਦਾ ਲਖ਼ਸ਼ ਅਟੱਲ ਹੈ। ਇਸ ਅਹਿਸਾਸ ਅਧੀਨ ਹਿੰਦੂ, ਮੁਸਲਮਾਨ, ਪੰਜਾਬੀ ਬੰਗਾਲੀ, ਪਾਕੀ, ਭਾਰਤੀ, ਲਿੰਗ ਭੇਦ, ਵਰਣ ਵੰਡ, ਜਾਤ ਪਾਤ, ਛੂਆ ਛਾਤ ਦੇ ਰੋਗ ਮਿਟ ਜਾਂਦੇ ਹਨ। ਫਿਰ ਇਕ ਹੀ ਭੇਦ ਬਾਕੀ ਬਚਦਾ ਹੈ, ਜੋ ਗੁਰੂ ਦੇ ਭੈ ਵਿਚ ਹੈ ਉਹ ਗੁਰਮੁਖ ਤੇ ਦੂਜਾ ਮਨਮੁਖ। ਸਿੱਖ ਰਾਜ ਦਾ ਸੰਕਲਪ ਆਪਣੇ ਜੀਵਨ ਦੀ ਲੋ ਨਾਲ ਸਭ ਨੂੰ ਗੁਰਮੁਖ ਬਣਾਉਣਾ ਹੈ ਤਾਂ ਜੋ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਦਾ ਆਦਰਸ਼ ਧਰਤੀ 'ਤੇ ਸਿਰਜਿਆ ਜਾ ਸਕੇ। ਭਗਤ ਰਵਿਦਾਸ ਜੀ ਦਾ ਉਚਾਰਣ ਕੀਤਾ "ਬੇਗਮ ਪੁਰਾ ਸਹਰ ਕੋ ਨਾਉ" ਵਾਲਾ ਸ਼ਬਦ ਆਪਣੀ ਸਿਮਰਤੀ 'ਚੋਂ ਖ਼ਾਰਜ ਕਰ ਕੇ, ਗਿਣਤੀਆਂ ਮਿਣਤੀਆਂ ਚਤੁਰਾਈਆਂ ਨਾਲ ਵੱਧ ਤੋਂ ਵੱਧ ਇਹੋ ਜਿਹਾ ਰਾਜ ਪ੍ਰਾਪਤ ਹੋ ਸਕਦਾ ਹੈ, ਜਿਹੋ ਜਿਹਾ ਪੰਜਾਬ ਲਗਾਤਾਰ ਹੰਢਾ ਰਿਹਾ ਹੈ। ਸ਼ਾਸ਼ਤਰ ਵਿਹੂਣੇ ਸ਼ਸਤਰ ਨਾਲ ਔਰੰਗਜ਼ੇਬੀ ਰਾਜ ਦੀ ਪ੍ਰਾਪਤੀ ਤੱਕ ਪੁਜਿਆ ਜਾ ਸਕਦਾ ਹੈ। ਪਰ ਅਬਚਲ ਰਾਜ ਦੇ "ਛਤ੍ਰ ਸਿੰਘਾਸਨੁ ਪਿਰਥਮੀ" ਵੱਲ ਇਕ ਕਦਮ ਵੀ ਨਹੀਂ ਪੁਟਿਆ ਜਾ ਸਕਦਾ।

ਪੰਥ ਦੀ ਗ਼ੈਰਹਾਜ਼ਰੀ ਵਿਚ ਵੀ ਗ੍ਰੰਥ ਗੁਰੂ ਹੈ। ਪਰ ਗ੍ਰੰਥ ਦੀ ਗ਼ੈਰਹਾਜ਼ਰੀ ਵਿਚ ਪੰਥ ਗੁਰੂ ਨਹੀਂ ਹੈ। ਸਿੱਖਾਂ ਦਾ ਇਹ ਆਖਣਾ ਕਿ "ਪੰਥ ਕੀ ਜੋ ਰਾਖੋਗੇ ਗ੍ਰੰਥ ਕੀ ਰਹੇਗੀ ਨਾਥ" ਗ੍ਰੰਥ ਤੇ ਪੰਥ ਵਿਚਲੀ ਵਧ ਰਹੀ ਵਿੱਥ ਨੂੰ ਹੀ ਦਰਸਾਉਂਦਾ ਹੈ। ਕਹਿਣਾ ਇਹ ਬਣਦਾ ਹੈ, "ਗ੍ਰੰਥ ਕੀ ਜੋ ਰਾਖੋਗੇ ਪੰਥ ਕੀ ਰਹੇਗੀ ਨਾਥ, ਗ੍ਰੰਥ ਨਾ ਰਹਾ ਤੋ ਤੇਰਾ ਪੰਥ ਕੌਣ ਮਾਨੇਗੋ।"

ਪੰਚਮ ਪਾਤਸ਼ਾਹ ਦੀ ਸ਼ਿਕਾਇਤ ਹੋਈ ਸੀ ਕਿ ਮੂਰਖ ਹਿੰਦੂ ਤੇ ਭੁਲੜ ਮੁਸਲਮਾਨ ਉਨ੍ਹਾਂ ਦੀ ਸੰਗਤ ਵਿਚ ਬੈਠਦੇ ਹਨ। ਸਾਂਝੀਵਾਲਤਾ ਦਾ ਲਾਮਿਸਾਲ ਅਭਿਆਸ ਹੀ ਉਨ੍ਹਾਂ ਦੀ ਸ਼ਹਾਦਤ ਦਾ ਕਾਰਣ ਸੀ। ਜਦੋਂ ਪੰਥ ਦੇ ਨੀਤੀ ਵਿਧਾਨ ਵਿਚ ਕੁੱਲ ਕਾਇਨਾਤ ਦੀ ਸਾਂਝੀਵਾਲਤਾ ਦਾ ਅਮਲ ਜਲਵਾਗਰ ਹੋਵੇਗਾ ਉਦੋਂ ਇਸ ਵੋਟ ਪ੍ਰਣਾਲੀ ਵਿਚ ਵੀ ਖ਼ਾਲਸਾ ਰਾਜ ਸੰਭਵ ਹੋ ਸਕੇਗਾ। ਇਸ ਤੋਂ ਬਗ਼ੈਰ ਲੋਕਰਾਜੀ ਵੋਟ ਤੰਤਰ ਵਿਚ ਕਾਮਯਾਬੀ ਹਾਸਲ ਕਰਨ ਦਾ ਕੋਈ ਦੂਸਰਾ ਰਾਹ ਵੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦਾ ਕੇਂਦਰੀ ਸੂਤਰ ਸਾਂਝੀਵਾਲਤਾ ਹੈ। ਪੰਥ ਦੀਆਂ ਗੂੰਜਾਂ ਜ਼ਰੂਰ ਪੈਣਗੀਆਂ ਜੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੇਂਦਰੀ ਸੂਤਰ ਨੂੰ ਆਪਣੇ ਕਿਰਦਾਰ ਦੀ ਪਹਿਚਾਣ

***(ਬਾਕੀ ਸਫ਼ਾ 33 'ਤੇ)***

### ਅਜਮੇਰ ਸਿੰਘ ਦੀਆਂ ਲਿਖਤਾਂ ਬਾਰੇ ਬਹਿਸ ਜਾਰੀ

# ਪਰਾਗ ਤੇ ਕਰਮ ਬਰੱਸਟ:ਝਲ ਵਲੱਲੀਆਂ ਗੱਲਾਂ ਦਾ ਮੇਲਾ

*ਸ. ਅਜਮੇਰ ਸਿੰਘ ਹੋਰਾਂ ਦੀਆਂ 20ਵੀਂ ਸਦੀ ਦੀ ਸਿੱਖ ਰਾਜਨੀਤੀ ਦੀ ਨਿਰਖ-ਪਰਖ ਕਰਦੀਆਂ ਬਹੁਤ ਹੀ ਜਜ਼ਬੇ ਅਤੇ ਮਿਹਨਤ ਨਾਲ ਲਿਖੀਆਂ ਤਿੰਨੇ ਪੁਸਤਕਾਂ ਸਿੱਖ ਕੌਮ, ਪੰਜਾਬੀ ਕੌਮ, ਸਿੱਖ ਧਰਮ ਅਤੇ ਸਿੱਖਾਂ ਦੀ ਪਾਤਸ਼ਾਹੀ ਦੇ ਰੁਲ ਜਾਣ ਵਰਗੇ ਸਾਡੇ ਭਾਈਚਾਰੇ ਦੀ ਭਵਿੱਖੀ ਹੋਣੀ ਨਾਲ ਜੁੜੇ ਹੋਏ ਅਨੇਕਾਂ ਅਹਿਮ ਮੁੱਦਿਆਂ ਨਾਲ ਸਬੰਧਤ ਹਨ। ਇਨ੍ਹਾਂ ਪੁਸਤਕਾਂ ਬਾਰੇ ਡਾ. ਪ੍ਰੇਮ ਸਿੰਘ ਦੀ ਟਿੱਪਣੀ ਨਾਲ ਸ਼ੁਰੂ ਹੋਈ ਬਹਿਸ ਜਾਰੀ ਹੈ। ਸਾਡੇ ਸਾਥੀ ਅਤੇ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਚੰਡੀਗੜ੍ਹ ਦਾ ਇਸ ਬਹਿਸ ਵਿਚ ਤੀਜਾ ਲੇਖ ਅਸੀਂ ਇਸ ਵਾਰ ਛਾਪ ਰਹੇ ਹਾਂ। ਇਸੇ ਅੰਕ ਵਿਚ ਪ੍ਰਭਸ਼ਰਨਦੀਪ ਸਿੰਘ ਦਾ ਲੇਖ ਵੀ ਛਾਪਿਆ ਜਾ ਰਿਹਾ ਹੈ। ਇਸ ਸਬੰਧੀ ਹੋਰ ਲਿਖਤਾਂ ਦੀ ਵੀ ਸਾਨੂੰ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਇਨ੍ਹਾਂ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ*

ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਬਹਿਸ ਜਾਰੀ ਹੈ ਅਤੇ ਇਹ ਇਕ ਚੰਗਾ ਸ਼ਗਨ ਹੈ ਪਰ ਇਹ ਵੀ ਯਾਦ ਰਹੇ ਕਿ ਇਹ ਬਹਿਸ ਕਿਸੇ ਤਣ-ਪੱਤਣ ਨਹੀਂ ਲੱਗੇਗੀ। ਵੱਡੀਆਂ ਬਹਿਸਾਂ ਦਾ ਇਤਿਹਾਸ ਦੱਸਦਾ ਹੈ ਕਿ ਹਰ ਬਹਿਸ ਵਿਚ ਧਿਰਾਂ ਅਤੇ ਵਿਅਕਤੀਆਂ ਨੇ ਪਹਿਲਾਂ ਹੀ ਆਪਣੇ ਆਪਣੇ ਪੈਂਤੜੇ ਮੱਲੇ ਹੁੰਦੇ ਹਨ। ਬਹਿਸ ਵਿਚ ਪੂਰਵ-ਨਿਸ਼ਚਿਤ ਧਾਰਨਾਵਾਂ ਦੀ ਬਾਕਾਇਦਾ ਦਖਲਅੰਦਾਜ਼ੀ ਹੁੰਦੀ ਹੈ ਅਤੇ ਅਜਮੇਰ ਸਿੰਘ ਦੀਆਂ ਕਿਤਾਬਾਂ ਉਤੇ ਹੋ ਰਹੀ ਬਹਿਸ ਵਿਚ ਵੀ ਇਹ ਦਖਲ ਨਜ਼ਰ ਆਉਂਦਾ ਹੈ। ਬਹਿਸ ਵਿਚ ਸ਼ਾਮਲ ਆਲੋਚਕ ਆਪਣੇ ਪੈਂਤੜੇ ਉਤੇ ਖਲੋ ਕੇ ਵਿਰੋਧੀ ਦੀਆਂ ਦਲੀਲਾਂ ਨੂੰ ਪੁਖਤਾ ਦਲੀਲਾਂ ਨਾਲ ਕੱਟਦੇ ਹੋਏ ਆਪਣੀ ਗੱਲ ਨੂੰ ਮੰਨਣਯੋਗ ਅਤੇ ਮਨਾਉਣਯੋਗ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਇਕ ਤਰ੍ਹਾਂ ਦੀ ਠੰਢੀ ਜੰਗ ਹੁੰਦੀ ਹੈ ਜਿਸ ਵਿਚ ਸ਼ਬਦ ਹੀ ਭਿੜਦੇ ਹਨ। ਇਹ ਜੰਗ ਉਨ੍ਹਾਂ ਲੋਕਾਂ ਤੱਕ ਹੀ ਸੀਮਤ ਹੁੰਦੀ ਹੈ ਜਿਨ੍ਹਾਂ ਵਿਚ ਉਚ ਕੋਟੀ ਦੇ ਦਾਨਿਸ਼ਵਰਾਂ ਤੋਂ ਲੈ ਕੇ ਨੀਵੇਂ ਦਰਜੇ ਦੇ ਦਾਨਿਸ਼ਵਰ ਵੀ ਸ਼ਾਮਿਲ ਹੁੰਦੇ ਹਨ। ਕਈ ਦੁੱਕੀ-ਤਿੱਕੀ ਲੋਕ ਵੀ ਛਾਲ ਮਾਰ ਕੇ ਮੈਦਾਨ

ਕਰਮਜੀਤ ਸਿੰਘ
ਫੋਨ:91-99150-91063

ਵਿਚ ਆ ਜਾਂਦੇ ਹਨ। ਇਸ ਲੜਾਈ ਦੀ ਵੇਖਣਯੋਗ ਗੱਲ ਇਹ ਹੈ ਕਿ ਇਸ ਵਿਚ 'ਤਨ' ਨਹੀਂ ਲੜਦੇ ਸਗੋਂ ਤਨਾਂ ਵਿਚ ਲੁਕੇ 'ਮਨ' ਹੀ ਲੜਦੇ ਹਨ। ਇਸ ਲਈ ਹਾਰ ਜਿੱਤ ਦਾ ਫੈਸਲਾ ਅੱਵਲ ਤਾਂ ਹੁੰਦਾ ਹੀ ਨਹੀਂ ਅਤੇ ਜੇ ਹੁੰਦਾ ਵੀ ਹੈ ਤਾਂ ਲਮਕ ਜਾਂਦਾ ਹੈ ਅਤੇ ਮਾਲੀ ਮੁਕੱਦਮਿਆਂ ਵਾਂਗ ਕਈ ਦਹਾਕਿਆਂ ਤੱਕ ਲਮਕ ਸਕਦਾ ਹੈ।

ਕਿਸੇ ਵੀ ਮਹਾਨ ਬਹਿਸ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੁੰਦੀ ਹੈ ਕਿ ਇਸ ਵਿਚ ਹਰ ਧਿਰ ਦੇ ਪਾਠਕਾਂ ਅਤੇ ਆਲੋਚਕਾਂ ਦਾ ਪੱਧਰ ਉਚਾ, ਵਿਸ਼ਾਲ ਅਤੇ ਪੁਖਤਾ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ ਪਰ... ਪਰ ਜੇ ਕਿਤੇ ਇਸ ਬਹਿਸ ਦਾ ਸੁੱਚਾ ਜਜ਼ਬਾ ਧਾਰਮਿਕ ਜਾਂ ਰਾਜਨੀਤਕ ਵਿਹੜੇ ਦੇ ਕਿਸੇ ਮਹਾਂਬਲੀ ਦੇ ਹੱਥ ਵਿਚ ਆ ਜਾਵੇ ਅਤੇ ਉਹ ਇਸ ਬਹਿਸ ਨੂੰ ਇਕ ਵਿਸ਼ਾਲ ਲਹਿਰ ਵਿਚ ਪਲਟ ਦੇਵੇ ਤਾਂ ਇਹੋ ਜਿਹੇ ਸਮਿਆਂ ਵਿਚ ਹਾਰ-ਜਿੱਤ ਦੇ ਫੈਸਲੇ ਵੀ ਹੋ ਜਾਇਆ ਕਰਦੇ ਹਨ। ਪਰ ਹਾਰਨ ਵਾਲੀ ਧਿਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦੀ। ਉਸ ਦੇ ਕੁਝ ਹਿੱਸੇ ਜੇਤੂ ਧਿਰ ਦੇ ਬਰਾਬਰ ਜਾਂ ਸਮਾਨਾਂਤਰ ਆਪਣੀ ਤੂਤੀ ਵਜਾਉਂਦੇ ਰਹਿੰਦੇ ਹਨ।

ਕਮਿਊਨਿਸਟ ਹਲਕਿਆਂ ਨੂੰ ਪਤਾ ਹੈ ਕਿ ਸੱਠਵਿਆਂ ਵਿਚ ਚੀਨ ਤੇ ਸੋਵੀਅਤ ਯੂਨੀਅਨ (ਹੁਣ ਰੂਸ) ਦਰਮਿਆਨ ਵਿਸ਼ਵ ਦੇ ਭਖਦੇ ਮਸਲਿਆਂ ਬਾਰੇ ਤਿੱਖੇ ਮਤਭੇਦਾਂ ਨੂੰ ਲੈ ਕੇ ਲੰਮੀ ਬਹਿਸ ਛਿੜੀ ਜਿਸ ਨੂੰ 'ਮਹਾਨ ਬਹਿਸ' ਕਿਹਾ ਜਾਂਦਾ ਹੈ। 'ਮਹਾਨ ਬਹਿਸ' ਦੇ ਟਾਈਟਲ ਹੇਠ ਸੀ.ਪੀ.ਐਮ. ਵਲੋਂ ਛਾਪੀ ਕਿਤਾਬ ਵੀ ਮਿਲਦੀ ਹੈ। ਜੇ ਤੁਹਾਨੂੰ ਸਮਾਂ ਮਿਲੇ ਤਾਂ ਇਹ ਜ਼ਰੂਰ ਪੜ੍ਹੋ ਕਿਉਂਕਿ ਘਟਨਾਵਾਂ ਅਤੇ ਵਰਤਾਰਿਆਂ ਦੇ ਵਿਸ਼ਲੇਸ਼ਣ ਵਿਚ ਸ਼ਬਦਾਂ ਦੀ ਜੰਗ ਦੇ ਭਰਵੇਂ ਮੇਲੇ ਦਾ ਆਨੰਦ ਤੁਸੀਂ ਇਸ ਕਿਤਾਬ ਵਿਚੋਂ ਮਾਣ ਸਕਦੇ ਹੋ। ਇਸ ਬਹਿਸ ਵਿਚ ਕੋਈ ਵੀ ਧਿਰ ਮਜਾਲ ਹੈ ਆਪਣੇ ਪੈਂਤੜੇ ਤੋਂ ਇਧਰ ਓਧਰ ਹਿੱਲੀ ਹੋਵੇ। ਸਾਹਿਤਕ ਰਾਜਨੀਤੀ ਦੇ ਖੇਤਰ ਵਿਚ ਦੋ ਵੱਡੇ ਪਹਿਲਵਾਨਾਂ-ਕਾਮੂ ਤੇ ਸਾਰਤਰ ਵਿਚ ਬਹਿਸ ਵੀ ਕਿਸੇ ਨਤੀਜੇ ਉਤੇ ਨਹੀਂ ਸੀ ਪਹੁੰਚ ਸਕੀ। ਮਨੋਵਿਗਿਆਨ ਦੇ ਖੇਤਰ ਵਿਚ 'ਅਵਚੇਤਨ ਜਗਤ' ਦੇ ਗੰਭੀਰ ਮੁੱਦੇ ਨੂੰ ਲੈ ਕੇ ਜੁੰਗ ਤੇ ਫਰਾਇਡ ਦੇ ਸਿੰਗ ਫਸੇ ਅਤੇ ਇਹ ਦ੍ਰਿਸ਼ ਦੁਨੀਆਂ ਨੇ ਵੇਖਿਆ। ਪਰ ਕੁੰਡੀਆਂ ਦੇ ਇਸ ਮੁਕਾਬਲੇ ਵਿਚ 'ਵੜੇਵੇਂ ਖਾਣੀ' ਦਾ ਖ਼ਿਤਾਬ ਅਜੇ ਤਕ ਵੀ ਦੋਵਾਂ ਵਿਚੋਂ ਕਿਸੇ ਨੂੰ ਹਾਸਲ ਨਹੀਂ ਹੋ ਸਕਿਆ। ਇਨ੍ਹਾਂ ਦੇ ਪੈਰੋਕਾਰਾਂ ਵਿਚ ਬਹਿਸ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਸੱਤਰਵਿਆਂ ਦੇ ਅਰੰਭ ਵਿਚ ਗੁਰਬਾਣੀ ਤੇ ਸੂਫ਼ੀਵਾਦ ਦੇ ਰੋਲ ਅਤੇ ਇਸ ਦੀ ਇਤਿਹਾਸਕ ਮਹਾਨਤਾ ਨੂੰ ਲੈ ਕੇ ਪ੍ਰੋ. ਕਿਸ਼ਨ ਸਿੰਘ ਤੇ ਸੰਤ ਸਿੰਘ ਸੇਖੋਂ ਦੇ ਸਮਰਥਕਾਂ ਨੇ 'ਸੇਧ' ਮੈਗਜ਼ੀਨ ਰਾਹੀਂ ਲੰਮਾ ਯੁੱਧ ਲੜਿਆ। ਇਸ ਲੜਾਈ ਨੂੰ ਖ਼ਤਮ ਕਰਨ ਲਈ ਸੀ.ਪੀ.ਆਈ. ਦੇ ਆਫੀਸ਼ੀਅਲ ਅਖ਼ਬਾਰ 'ਨਵਾਂ ਜ਼ਮਾਨਾ' ਨੂੰ 'ਸੇਧ ਨੂੰ ਸੇਧ ਦੀ ਲੋੜ' ਦੇ ਸਿਰਲੇਖ਼ ਹੇਠ ਇਕ ਸੰਪਾਦਕੀ ਲਿਖਣਾ ਪਿਆ। ਆਪਣੇ ਦੇਸ਼ ਪੰਜਾਬ ਵਿਚ ਦੋ ਪ੍ਰਮੁੱਖ ਪੰਜਾਬੀ ਅਖ਼ਬਾਰਾਂ-ਅਜੀਤ ਤੇ ਅਕਾਲੀ ਪਤ੍ਰਿਕਾ ਨੇ ਵੀਰ ਪ੍ਰਤਾਪ, ਮਿਲਾਪ, ਪੰਜਾਬ ਕੇਸਰੀ ਅਤੇ ਵੀਰ ਅਰਜਨ ਅਖ਼ਬਾਰਾਂ ਵਲੋਂ ਮਾਂ ਬੋਲੀ ਨਾਲ ਵਿਸ਼ਵਾਸਘਾਤ ਦੇ ਸਵਾਲ ਤੇ ਤੀਹ ਸਾਲ ਤੱਕ ਜੰਗ ਜਾਰੀ ਰੱਖੀ। ਕੋਈ ਸਿੱਟਾ ਨਹੀਂ ਨਿਕਲਿਆ। ਪੰਜਾਬ ਵਿਚ ਅਜੇ ਵੀ 15 ਤੋਂ 20% ਲੋਕ ਆਪਣੀ ਮਾਂ ਬੋਲੀ ਹਿੰਦੀ ਲਿਖਵਾਉਂਦੇ ਹਨ। ਇਹ ਲੋਕ ਮਹਾਰਾਸ਼ਟਰ, ਬੰਗਾਲ, ਤਾਮਿਲਨਾਡੂ, ਯੂ.ਪੀ. ਜਾਂ ਐਮ.ਪੀ. ਤੋਂ ਇਥੇ ਨਹੀਂ ਆਏ। ਇਹ ਲੋਕ ਇਥੋਂ ਦੇ ਹੀ ਵਾਸੀ ਹਨ ਜਿਨ੍ਹਾਂ ਨੂੰ ਪੰਜਾਬੀ ਕਿਹਾ ਜਾਂਦਾ ਹੈ। ਪਰ ਇਹ ਬਹਿਸ ਵੀ ਕਿਸੇ ਨਤੀਜੇ ਉਤੇ ਨਹੀਂ ਪਹੁੰਚ ਸਕੀ।

ਅਜਮੇਰ ਸਿੰਘ ਦੀਆਂ ਕਿਤਾਬਾਂ ਉਤੇ ਹੋਈ ਬਹਿਸ ਵਿਚ ਡਾ. ਬਲਕਾਰ ਸਿੰਘ, ਡਾ. ਹਰਪਾਲ ਸਿੰਘ ਪੰਨੂੰ, ਡਾ. ਪ੍ਰੇਮ ਸਿੰਘ, ਪ੍ਰਿੰ. ਅਮਰਜੀਤ ਪਰਾਗ਼ ਤੇ ਕਰਮ ਬਰੱਸਟ ਆਪਣੇ ਆਪਣੇ ਹਿਸਾਬ ਨਾਲ ਅਜਮੇਰ ਸਿੰਘ ਦੀਆਂ ਲਿਖਤਾਂ ਵਿਰੁਧ ਖਲੋਤੇ ਨਜ਼ਰ ਆਉਂਦੇ ਹਨ। ਇਹ ਸਭ ਵੀਰ ਇਕ ਢਿੱਲੀ ਮੱਠੀ ਏਕਤਾ ਵਿਚ ਬੱਝੇ ਹੋਏ ਹਨ ਪਰ ਅਜਮੇਰ ਸਿੰਘ ਦੀ ਆਲੋਚਨਾ ਵਿਚੋਂ ਖੱਟਾ-ਮਿੱਠਾ ਸਵਾਦ ਲੈਣ ਲਈ ਸਾਰੇ ਹੀ ਖੁਸ਼ੀ ਮਹਿਸੂਸ ਕਰਦੇ ਹਨ। ਸਾਂਝ ਦੀ ਇਹੋ ਮਾਲਾ ਉਨ੍ਹਾਂ ਨੂੰ ਇਕ ਲੜੀ ਵਿਚ ਪਰੋਂਦੀ ਹੈ। ਦੂਜੇ ਪਾਸੇ ਅਜਮੇਰ ਸਿੰਘ ਦੇ ਹੱਕ ਵਿਚ ਜੋ ਸੱਜਣ ਖਲੋਤੇ ਹਨ ਉਨ੍ਹਾਂ ਵਿਚ ਪ੍ਰਭਜੋਤ ਸਿੰਘ, ਰਜਿੰਦਰ ਸਿੰਘ ਰਾਹੀ, ਜਸਵੀਰ ਸਿੰਘ, ਹਰਕੀਰਤ ਸਿੰਘ, ਬੀਰ ਸਿੰਘ ਚੌਹਾਨ, ਰਣਜੀਤ ਸਿੰਘ, ਅਵਤਾਰ ਸਿੰਘ (ਯੂ.ਕੇ.) ਅਤੇ ਅਮਨਦੀਪ ਸਿੰਘ ਵਗੈਰਾ ਸ਼ਾਮਿਲ ਹਨ। ਹੱਕ ਵਿਚ ਖਲੋਤੇ ਸੱਜਣ ਬਹੁਤ ਵਧੀਆ ਲੜਾਈ ਦੇ ਰਹੇ ਹਨ ਜਿਸ ਤੋਂ ਇਹ ਨੁਕਤਾ ਨਿਖ਼ਰ ਕੇ ਸਾਹਮਣੇ ਆ ਰਿਹਾ ਹੈ ਕਿ ਦਲੀਲਾਂ ਨਾਲ ਠੋਕਵਾਂ ਤੇ ਢੁੱਕਵਾਂ ਜਵਾਬ ਦੇਣ ਲਈ ਵਿਦਵਤਾ ਦੇ ਖੇਤਰ ਵਿਚ ਇਨਕਲਾਬ ਲਿਆਉਣ ਲਈ ਹੁਣ ਬਹੁਤੀ ਦੇਰ ਨਹੀਂ ਲੱਗੇਗੀ। ਬਸ, ਸ਼ਰਤ ਇਕੋ ਹੈ ਕਿ ਇਨ੍ਹਾਂ ਸੱਜਣਾਂ ਨੂੰ ਵਧੀਆ ਕੁਝ ਪੜ੍ਹਨ ਲਈ ਜੁੱਟ ਜਾਣਾ ਚਾਹੀਦਾ ਹੈ ਅਤੇ ਲਿਖਣ ਦਾ ਅਭਿਆਸ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਇਨ੍ਹਾਂ ਸੱਜਣਾਂ ਦੀ ਆਲੋਚਨਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਯਾਦ ਦਿੱਸਦੇ ਤੇ ਅਣਦਿੱਸਦੇ ਰੂਪ ਵਿਚ ਨਜ਼ਰ ਵੀ ਆਉਂਦੀ ਹੈ। ਉਘੇ ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਮੁਤਾਬਕ ਗੁਰੂ ਗ੍ਰੰਥ ਸਾਹਿਬ ਨੇ ਆਰੀਆਈ ਅਤੇ ਅਣਆਰੀਆਈ ਸਭਿਆਚਾਰਾਂ ਨੂੰ ਧਿਆਨ ਵਿਚ ਰਖ ਕੇ ਰਾਜਸੀ ਤੇ ਸਮਾਜਕ ਵਿਰੋਧਾਂ ਉਤੇ ਜਿੱਤ ਹਾਸਲ ਕੀਤੀ ਹੈ। ਕਿੰਨਾ ਚੰਗਾ ਹੋਵੇ ਜੇ ਇਸ ਜਿੱਤ ਦਾ ਨਸ਼ਾ ਹਰ ਆਲੋਚਕ ਦੀ ਲਿਖਤ ਵਿਚ ਉਤਰ ਆਵੇ। ਇਹ ਹਕੀਕਤ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਅਤੇ ਲੇਖਕ ਸਭਾਵਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਸਰਗਰਮ ਹਮਦਰਦ ਅਤੇ ਹਮਾਇਤੀ ਬਹੁਤ ਵੱਡੀ ਗਿਣਤੀ ਵਿਚ ਚੌਂਕੜਾ ਮਾਰ ਕੇ ਬੈਠੇ ਹੋਏ ਹਨ ਅਤੇ ਰਾਜਨੀਤਕ ਸੱਤਾ ਨਾਲ ਵੀ ਉਨ੍ਹਾਂ ਦੀਆਂ ਡੂੰਘੀਆਂ ਸਾਂਝਾਂ ਹਨ। ਉਹ ਅਨੇਕਾਂ ਜੁਗਤਾਂ ਨਾਲ ਇਨ੍ਹਾਂ ਸੰਸਥਾਵਾਂ ਵਿਚ ਦਾਖਲ ਵੀ ਹੋ ਜਾਂਦੇ ਹਨ। ਇਥੋਂ ਤਕ ਕਿ ਸਿੱਖਾਂ ਦੀਆਂ ਸੰਸਥਾਵਾਂ ਵਿਚ ਵੀ ਉਹ ਭਾਰੂ ਹਨ, ਪਰ ਚੰਗੀ ਗੱਲ ਇਹ ਹੈ ਕਿ ਸੋਵੀਅਤ ਯੂਨੀਅਨ ਵਿਚ ਸਮਾਜਵਾਦ ਦੇ ਢਹਿ-ਢੇਰੀ ਹੋਣ ਪਿੱਛੋਂ ਇਹ ਹਾਰੀ ਹੋਈ ਲੜਾਈ ਲੜ ਰਹੇ ਹਨ। ਸਿਧਾਂਤਕ ਜੰਗ ਵਿਚ ਉਨ੍ਹਾਂ ਨੂੰ ਬੇਅਸਰ ਅਤੇ ਅਪ੍ਰਸੰਗਕ ਕਰਨ ਲਈ ਸਿੱਖ ਦਾਨਿਸ਼ਵਰਾਂ ਨੂੰ ਬਹੁਤ ਵੱਡਾ ਤਿਆਗ ਕਰਨਾ ਪਵੇਗਾ।

ਪ੍ਰਭਸ਼ਰਨ ਭਰਾ-ਪ੍ਰਭਸ਼ਰਨਬੀਰ ਸਿੰਘ ਅਤੇ ਪ੍ਰਭਸ਼ਰਨਦੀਪ ਸਿੰਘ ਅਮਰੀਕਾ ਤੇ ਕੈਨੇਡਾ ਦੀ ਧਰਤੀ 'ਤੇ ਫ਼ਿਲਾਸਫ਼ੀ, ਧਰਮ ਅਤੇ ਰਾਜਨੀਤੀ ਵਿਚ ਉਭਰ ਰਹੇ ਨਵੇਂ ਰੁਝਾਨਾਂ ਨੂੰ ਗੁਰੂ-ਨਜ਼ਰ ਨਾਲ ਵੇਖਣ ਲਈ ਸਿਰ ਜੋੜ ਕੇ ਲੱਗੇ ਹੋਏ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਉਹ ਛੇਤੀ ਹੀ ਖ਼ਾਲਸਾ ਪੰਥ ਨੂੰ ਕੋਈ ਵੱਡੀ ਗੱਲ ਦੱਸਣਗੇ। ਪ੍ਰਭਸ਼ਰਨਬੀਰ ਸਿੰਘ ਹਾਲ ਵਿਚ ਹੀ ਪੇਸ਼ ਕੀਤੇ ਇਕ ਆਰਟੀਕਲ ਰਾਹੀਂ ਅਸਲੋਂ ਹੀ ਇਕ ਨਿਵੇਕਲੇ ਨਜ਼ਰੀਏ ਤੋਂ ਇਸ ਬਹਿਸ ਵਿਚ ਸ਼ਾਮਿਲ ਹੋਏ ਹਨ। ਇਸ ਨਾਲ ਬਹਿਸ ਨੂੰ ਮੌਲਿਕ ਰੰਗ ਹਾਸਲ ਹੋਇਆ ਹੈ। ਅਰਵਿੰਦ ਪਾਲ ਸਿੰਘ ਮੰਡੇਰ, ਗੁਰਹਰਪਾਲ ਸਿੰਘ, ਨਵਦੀਪ ਸਿੰਘ ਅਤੇ ਹਰਿੰਦਰ ਸਿੰਘ ਤੋਂ ਵੀ ਪੰਥ ਨੂੰ ਵੱਡੀਆਂ ਉਮੀਦਾਂ ਹਨ ਕਿਉਂਕਿ ਸਿੱਖਾਂ ਦੇ ਅੰਤਰੀਵ ਦਰਦ ਦੀ ਹਰ ਪਰਤ ਨੂੰ ਵਿਦਵਤਾ ਦੀ ਬੋਲੀ ਵਿਚ ਜ਼ਬਾਨ ਦੇਣ ਦਾ ਤੋਹਫ਼ਾ ਉਨ੍ਹਾਂ ਨੂੰ ਹਾਸਲ ਹੈ। ਇਸ ਵਿਦਵਤਾ ਦੇ ਰਾਜਨੀਤਕ ਰੂਪ ਨੂੰ ਜਾਨਣ ਲਈ ਅੰਮ੍ਰਿਤਸਰ ਜੇਲ੍ਹ ਵਿਚ ਨਜ਼ਰਬੰਦ ਭਾਈ ਦਲਜੀਤ ਸਿੰਘ ਬਿੱਟੂ ਨੇ ਪਿਛਲੇ ਇਕ ਸਾਲ ਦੌਰਾਨ ਗੰਭੀਰ ਕਿਤਾਬਾਂ ਦਾ ਮੁਤਾਲਿਆ ਕੀਤਾ ਹੈ। ਇਸ ਲਈ ਖ਼ਾਲਸਾ ਪੰਥ ਨੂੰ ਵਿਦਵਤਾ ਦੇ ਇਹ ਖ਼ਜ਼ਾਨੇ ਰਾਜਨੀਤਕ ਸੱਤਾ ਦੇ ਵਰਾਂਡਿਆਂ ਵਿਚ ਲਿਜਾਣ ਲਈ ਹੁਣ ਬਹੁਤੀ ਦੇਰ ਨਹੀਂ ਲੱਗੇਗੀ।

ਉਪਰੋਂ ਉਪਰੋਂ ਇਉਂ ਲਗਦਾ ਹੈ ਜਿਵੇਂ ਸਿੱਖ ਰੁਲਦੇ ਜਾ ਰਹੇ ਹਨ ਅਤੇ ਕੰਮਾਂ-ਧੰਦਿਆਂ ਵਿਚ ਗੁਆਚ ਗਏ ਹਨ। ਸਾਡੀਆਂ ਸੰਸਥਾਵਾਂ ਨਿਘਾਰ ਦੀ ਪੌੜੀ ਦੇ ਆਖ਼ਰੀ ਡੰਡੇ 'ਤੇ ਪੁੱਜ ਗਈਆਂ ਹਨ।

> ***ਉਪਰੋਂ ਉਪਰੋਂ ਇਉਂ ਲਗਦਾ ਹੈ ਜਿਵੇਂ ਸਿੱਖ ਰੁਲਦੇ ਜਾ ਰਹੇ ਹਨ ਅਤੇ ਕੰਮਾਂ-ਧੰਦਿਆਂ ਵਿਚ ਗੁਆਚ ਗਏ ਹਨ। ਸਾਡੀਆਂ ਸੰਸਥਾਵਾਂ ਨਿਘਾਰ ਦੀ ਪੌੜੀ ਦੇ ਆਖ਼ਰੀ ਡੰਡੇ 'ਤੇ ਪੁੱਜ ਗਈਆਂ ਹਨ। ਬੁਢਾਪੇ ਦੀ ਮੰਜ਼ਿਲ ਨੂੰ ਪੁੱਜੇ ਵਿਦਵਾਨਾਂ ਵਿਚ ਵੀ ਕੋਈ ਚਿਣਗ ਨਜ਼ਰ ਨਹੀਂ ਆਉਂਦੀ ਅਤੇ ਕਈ ਦਾਨੇ ਇਹੋ ਜਿਹੇ ਵੀ ਹਨ ਜੋ ਕਮਲਿਆਂ ਵਾਂਗ ਆਪਸ ਵਿਚ ਉਲਝ ਗਏ ਹਨ। ਪਰ ਇਸ ਉਦਾਸ ਸਥਿਤੀ ਦੇ ਬਾਵਜੂਦ ਇਕ ਗੱਲ ਜਿਹੜੀ ਸਾਡੇ ਹੱਕ ਵਿਚ ਜਾਂਦੀ ਹੈ, ਉਹ ਇਹ ਹੈ ਕਿ ਮੌਜੂਦਾ ਹਾਕਮ ਹਜ਼ਾਰਾਂ ਨੌਜਵਾਨਾਂ ਦੀਆਂ ਲਾਸ਼ਾਂ ਉਤੇ ਕੁਰਸੀਆਂ ਡਾਹ ਕੇ ਬੈਠੇ ਹੋਏ ਹਨ।***

ਬੁਢਾਪੇ ਦੀ ਮੰਜ਼ਿਲ ਨੂੰ ਪੁੱਜੇ ਵਿਦਵਾਨਾਂ ਵਿਚ ਵੀ ਕੋਈ ਚਿਣਗ ਨਜ਼ਰ ਨਹੀਂ ਆਉਂਦੀ ਅਤੇ ਕਈ ਦਾਨੇ ਇਹੋ ਜਿਹੇ ਵੀ ਹਨ ਜੋ ਕਮਲਿਆਂ ਵਾਂਗ ਆਪਸ ਵਿਚ ਉਲਝ ਗਏ ਹਨ। ਪਰ ਇਸ ਉਦਾਸ ਸਥਿਤੀ ਦੇ ਬਾਵਜੂਦ ਇਕ ਗੱਲ ਜਿਹੜੀ ਸਾਡੇ ਹੱਕ ਵਿਚ ਜਾਂਦੀ ਹੈ, ਉਹ ਇਹ ਹੈ ਕਿ ਮੌਜੂਦਾ ਹਾਕਮ ਹਜ਼ਾਰਾਂ ਨੌਜਵਾਨਾਂ ਦੀਆਂ ਲਾਸ਼ਾਂ ਉਤੇ ਕੁਰਸੀਆਂ ਡਾਹ ਕੇ ਬੈਠੇ ਹੋਏ ਹਨ। ਉਨ੍ਹਾਂ ਰੂਹਾਂ ਦੀ ਅਥਾਹ ਤਾਕਤ ਅਜੇ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦੀ। ਇਹ ਹਾਕਮ ਆਪਣੇ ਹੇਠਾਂ ਉਬਲ ਰਹੇ ਜਵਾਲਾਮੁਖੀ ਉਤੇ ਬੈਠੇ ਹਨ ਜਿਸ ਦੀ ਉਪਰਲੀ ਸਤਹਿ ਅਜੇ ਸ਼ਾਂਤ ਅਤੇ ਖ਼ਾਮੋਸ਼ ਲੱਗਦੀ ਹੈ। ਗੁਰਬਾਣੀ ਦਾ ਇਹ ਫ਼ੁਰਮਾਨ ਸੁਣਨਾ ਉਨ੍ਹਾਂ ਦੀ ਤਕਦੀਰ ਵਿਚ ਨਹੀਂ ਲਿਖਿਆ ਜੋ ਇਹ ਚਿਤਾਵਨੀ ਦਿੰਦਾ ਹੈ ਕਿ "ਦਰਿਆ ਦੇ ਕੰਢੇ ਕੰਢੇ ਤੁਰਿਆ ਜਾਂਦਿਆ ਰਾਹੀਆ ਵੇ, ਹੇਠਾਂ ਦਰਿਆ ਨੂੰ ਡੂੰਘੀ ਢਾਹ ਲੱਗੀ ਹੋਈ ਹੈ। ਸੰਭਲ ਕੇ ਤੁਰ, ਕਿਤੇ ਅਜਿਹਾ ਨਾ ਹੋਵੇ ਕਿ ਤੇਰੇ ਪੈਰ ਤਿਲਕ ਜਾਣ ਅਤੇ ਤੂੰ ਮਰ ਵੰਞੇਂ।" ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ॥ ਵੇਖੇ ਛਿਟੜਿ ਥੀਵਦੋ, ਜਾਮਿ ਖਿਸੰਦੋ ਪੇਰੁ॥ (ਪੰਨਾ 1095)

ਕਈ ਵਾਰ ਇਉਂ ਵੀ ਹੁੰਦਾ ਹੈ ਕਿ ਉਚੇ ਮੰਡਲਾਂ 'ਤੇ ਸੁਸ਼ੋਭਿਤ ਸਤਿਕਾਰਯੋਗ ਬੁੱਧੀਜੀਵੀ ਵੀ ਹੇਠਾਂ ਵੱਲ ਤਿਲਕਦੇ ਤੇ ਡਿੱਗਦੇ ਢਹਿੰਦੇ ਵੇਖੇ ਜਾਂਦੇ ਹਨ। ਅਜਿਹੇ ਸਮੇਂ ਕੌਮਾਂ ਕਿਸੇ ਦੀਵਾਨੇ ਦੀ ਭਾਲ ਵਿਚ ਹੁੰਦੀਆਂ ਹਨ। ਅਕਲਾਂ ਵਾਲਿਆਂ ਦੀ ਹਾਰ ਤੋਂ ਪਿੱਛੋਂ ਜੇ ਕੋਈ ਜਨੂੰਨੀ ਮੈਦਾਨ ਵਿਚ ਆ ਜਾਵੇ ਜਿਸ ਦੇ ਅਨੁਭਵ ਵਿਚ ਆਪਣੀ ਕੌਮ ਦੇ ਸਾਰੇ ਦਰਦ ਉਤਰ ਜਾਣ ਤਾਂ ਸਮਝੋ ਇਤਿਹਾਸ ਇਕ ਨਵਾਂ ਮੋੜ ਕੱਟਦਾ ਹੈ। ਇਹੋ ਜਿਹੇ ਜਨੂੰਨੀ ਵਿਚ ਦਾਨਾ ਤੇ ਬੀਨਾ ਹੋਣ ਦੇ ਸਾਰੇ ਗੁਣ ਘੁਲੇ-ਮਿਲੇ ਹੁੰਦੇ ਹਨ ਅਤੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸੇ ਦੌਰ ਵਿਚ ਹੀ ਬਿਪਰ ਸੰਸਕਾਰ ਨਾਲ ਜੁੜੀਆਂ ਸਾਰੀਆਂ ਧਾਰਮਿਕ ਤੇ ਰਾਜਨੀਤਕ ਅਕਲਾਂ ਇਕੱਠੇ ਹੋ ਕੇ ਹਮਲਾ ਕਰਦੀਆਂ ਹਨ। ਇਹੋ ਜਿਹੇ ਵੇਲੇ ਬਹੁਤੀ ਵਾਰ 'ਆਪਣਿਆਂ' ਦੀਆਂ ਅਕਲਾਂ ਉਤੇ ਵੀ ਪਰਦਾ ਪਿਆ ਹੁੰਦਾ ਹੈ ਅਤੇ ਸਿੱਖੀ ਦੇ ਚਮਨ ਵਿਚ ਕੋਈ ਦੀਦਾਵਰ ਨਜ਼ਰ ਹੀ ਨਹੀਂ ਆਉਂਦਾ। ਸੰਤ ਜਰਨੈਲ ਸਿੰਘ ਇਹੋ ਜਿਹਾ ਹੀ ਦੀਦਾਵਰ ਸੀ ਜਿਸ ਵਿਚ ਇਤਫਾਕਵੱਸ 'ਸੰਤ', 'ਜਰਨੈਲ' ਅਤੇ 'ਸਿੰਘ' ਦੀਆਂ ਬਰਕਤਾਂ ਦਾ ਜਗਮਗ ਦੀਪ ਇਤਿਹਾਸ ਨੇ ਵੇਖਿਆ। ਉਸ ਨੇ ਇਤਿਹਾਸ ਦਾ ਮੂੰਹ ਉਲਟੇ ਪਾਸੇ ਵਲ ਭੰਵਾ ਦਿੱਤਾ। ਗੰਨਿਆਂ ਵਿਚੋਂ ਜ਼ਹਿਰ ਦੀਆਂ ਗੰਦਲਾਂ ਦੀ ਡੂੰਘੀ ਪਹਿਚਾਣ ਕਰਨ ਦਾ ਸਿਹਰਾ ਵੀ ਉਸੇ ਨੂੰ ਹੀ ਹਾਸਲ ਹੋਇਆ। ਉਸ ਦੀ ਲੰਮੀ ਨਦਰਿ ਅਤੇ ਸ਼ਹਾਦਤ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਰਤਾਰਿਆਂ ਅਤੇ ਰੁਝਾਨਾਂ ਵਿਚ ਬੁਨਿਆਦੀ ਤੇ ਸਿਫ਼ਤੀ ਤਬਦੀਲੀਆਂ ਆਈਆਂ ਜਿਹੜੀਆਂ ਬੁਧੀਮਾਨਾਂ ਦੀ ਪਾਰਖੂ ਨਜ਼ਰ ਵਿਚ ਅਜੇ ਆਉਣੀਆਂ ਹਨ। ਵੈਸੇ ਇਹ ਬਹਿਸ ਕਿਸੇ ਹੋਰ ਸਮੇਂ ਕੀਤੀ ਜਾਏਗੀ ਪਰ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਨੇ ਅਤੇ ਉਸ ਤੋਂ ਪਿੱਛੋਂ ਵਾਪਰੀਆਂ ਘਟਨਾਵਾਂ ਨੇ ਹਿੰਦੁਸਤਾਨ ਵਿਚ ਇਕ ਖ਼ਾਨਦਾਨ ਦੀ ਹਕੂਮਤ ਕਰੀਬ ਕਰੀਬ ਖ਼ਤਮ ਕਰ ਦਿੱਤੀ ਹੈ ਅਤੇ ਕੋਲੀਸ਼ਨ ਸਰਕਾਰਾਂ ਦਾ ਦੌਰ ਅਰੰਭ ਹੋਇਆ। ਅੱਜ ਹਾਲਤ ਇਹ ਹੈ ਕਿ ਕੇਂਦਰ ਵਿਚ ਕੋਲੀਸ਼ਨ-ਯੁੱਗ ਨੂੰ ਖ਼ਤਮ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਬਹਿਸ ਇਸ ਦਿਸ਼ਾ ਵਲ ਜੇ ਮੁੜ ਨਹੀਂ ਰਹੀ ਜਾਂ ਬਹਿਸ ਦਾ ਵੱਡਾ ਹਿੱਸਾ ਡਾ. ਬਲਕਾਰ ਸਿੰਘ ਦੀ ਆਲੋਚਨਾ ਦੇ ਇਰਦ-ਗਿਰਦ ਹੀ ਪਰਕਰਮਾ ਕਰ ਰਿਹਾ ਹੈ ਤਾਂ ਇਸ ਦਾ ਇਕ ਮਤਲਬ ਤਾਂ ਇਹੋ ਹੀ ਹੈ ਕਿ ਚੀਜ਼ਾਂ, ਘਟਨਾਵਾਂ ਤੇ ਵਰਤਾਰਿਆਂ ਦੇ ਲੁਕੇ ਤੇ ਜ਼ਾਹਰਾ ਪੱਖਾਂ ਨੂੰ ਵੇਖ ਸਕਣ ਵਾਲੇ ਨਿਰਵੈਰ ਦਾਨਿਸ਼ਵਰਾਂ ਦਾ ਕਾਫ਼ਲਾ ਅਜੇ ਪੰਜਾਬ ਦੀ ਸਰਜ਼ਮੀਨ ਨੇ ਵੇਖਣਾ ਹੈ।

ਰੂਹ ਦੇ ਜ਼ੋਰ ਨਾਲ ਜੀਣ ਵਾਲੀ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਦਾ ਦਰਦ ਬਹੁਤ ਡੂੰਘਾ ਸੀ-ਪਾਤਾਲ ਤੋਂ ਵੀ ਡੂੰਘਾ। ਉਸ ਦੀ ਇਲਾਹੀ ਨੀਝ ਨੇ 1849 ਤੋਂ ਪਿੱਛੋਂ ਸਿੱਖਾਂ ਦੇ ਤਮਾਮ ਸੰਘਰਸ਼ਾਂ ਨੂੰ ਆਪਣੇ ਅਨੁਭਵ ਵਿਚ ਵੇਖ ਲਿਆ ਸੀ। ਉਸ ਨੂੰ ਇਉਂ ਵੀ ਮਹਿਸੂਸ ਹੁੰਦਾ ਸੀ ਕਿ ਉਹ ਇਨ੍ਹਾਂ ਸਾਰੀਆਂ ਜਿੱਤਾਂ ਹਾਰਾਂ ਵਿਚ ਕਿਤੇ ਨਾ ਕਿਤੇ ਇਕ ਪਾਤਰ ਵੀ ਰਿਹਾ ਸੀ। ਉਸ ਨੂੰ ਸਮਝਣਾ ਇੰਨਾ ਆਸਾਨ ਨਹੀਂ ਸੀ। ਗਿਆਨ ਤੇ ਧਿਆਨ ਦੀਆਂ ਉਹ ਬਿਰਤੀਆਂ ਅਜੇ ਜਾਗਣੀਆਂ ਹਨ ਜਿਨ੍ਹਾਂ ਨੇ ਇਸ ਮਹਾਨ ਹਸਤੀ ਦਾ ਮੁੱਲ ਪਾਉਣਾ ਹੈ। ਉਸ ਦੇ ਇਕ ਬਹੁਤ ਹੀ ਨਜ਼ਦੀਕੀ ਸਾਥੀ ਅਤੇ ਉਘੇ ਪੱਤਰਕਾਰ ਸ. ਦਲਬੀਰ ਸਿੰਘ (ਪਿੰਡ ਗੰਨਾ) ਮੁਤਾਬਕ ਕਈ ਵਾਰ ਉਹ ਸੱਚਮੁਚ ਹੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਸੀ

## ਵਿਚਾਰ-ਚਰਚਾ

ਅਤੇ ਇਹੋ ਜਿਹੇ ਪਲਾਂ ਵਿਚ ਖ਼ਾਲਸਾ ਪੰਥ ਦੇ ਦਰਦ ਦੀ ਡੂੰਘੀ ਲਕੀਰ ਕੇਵਲ ਉਸ ਦੇ ਜਿਸਮੋਂ-ਰੂਹ ਵਿਚੋਂ ਹੀ ਲੰਘਦੀ ਸੀ। ਪਰ ਫਿਰ ਵੀ ਉਹ ਪੂਰੀ ਸਿਦਕ-ਦਿਲੀ ਨਾਲ ਸਟੇਟ ਦੇ ਸਾਹਮਣੇ ਹਿੱਕ ਤਾਣ ਕੇ ਖੜਾ ਸੀ। ਜੌਰਜ ਬਰਨਾਰਡ ਸ਼ਾਅ (1856-1950) ਦੇ ਇਹ ਸ਼ਬਦ ਸ਼ਾਇਦ ਉਸੇ ਲਈ ਰਾਖ਼ਵੇਂ ਕੀਤੇ ਜਾ ਸਕਦੇ ਹਨ, "ਤੁਸੀਂ ਮੈਨੂੰ ਇਹ ਕਹਿ ਕੇ ਡਰਾ ਨਹੀਂ ਸਕਦੇ ਕਿ ਮੈਂ ਇਕੱਲਾ ਹਾਂ। ਫਰਾਂਸ ਇਕੱਲਾ ਹੈ ਅਤੇ ਰੱਬ ਵੀ ਇਕੱਲਾ ਹੈ ਅਤੇ ਮੇਰੀ ਕੌਮ ਤੇ ਮੇਰੇ ਅਕਾਲ ਪੁਰਖ਼ ਦੇ ਸਾਹਮਣੇ ਮੇਰੀ ਇਕੱਲਤਾ ਕੀ ਕੀਮਤ ਰੱਖਦੀ ਹੈ।"

ਅਜਮੇਰ ਸਿੰਘ ਨੇ ਉਸ ਦਰਦ ਦੀ ਲਕੀਰ ਨੂੰ ਜਿੰਨੀ ਨੀਝ ਤੇ ਰੀਝ ਨਾਲ ਵੇਖਿਆ, ਬੁੱਝਿਆ ਤੇ ਧੁਰ ਹਿਰਦੇ ਤੱਕ ਮਹਿਸੂਸ ਕੀਤਾ ਅਤੇ ਜਿਵੇਂ 150 ਸਾਲ ਲੰਮਾ ਇਹ ਦਰਦ ਉਸ ਦੀਆਂ ਤਿੰਨ ਕਿਤਾਬਾਂ ਵਿਚ ਜਿਸ ਤਰਤੀਬ, ਸਿਦਕ, ਸ਼ਿੱਦਤ ਤੇ ਅੰਦਾਜ਼ ਵਿਚ ਉਤਰ ਆਇਆ ਹੈ ਉਹ ਹਜ਼ਾਰਾਂ ਲੋਕਾਂ ਦਾ ਦਰਦ ਬਣਦਾ ਜਾ ਰਿਹਾ ਹੈ। ਕਿਤੇ ਇਹ ਦਰਦ ਇਕ ਵਿਸ਼ਾਲ ਲਹਿਰ ਨਾ ਬਣ ਜਾਵੇ, ਇਸੇ ਲਈ ਤਾਂ ਬਹਿਸ ਦਾ ਇਕ ਹਿੱਸਾ ਇਸ ਖ਼ਤਰੇ ਨੂੰ ਟਾਲਣ ਲਈ ਵੱਖ ਵੱਖ ਢੰਗਾਂ ਤੇ ਰੰਗਾਂ ਰਾਹੀਂ ਉਲਰਦਾ ਜਾ ਰਿਹਾ ਹੈ। ਅਸੀਂ ਇਹ ਦਾਅਵਾ ਨਹੀਂ ਕਰਦੇ ਤੇ ਕਰ ਵੀ ਨਹੀਂ ਸਕਦੇ ਕਿ ਅਜਮੇਰ ਸਿੰਘ ਦੀਆਂ ਲਿਖਤਾਂ ਅੰਤਿਮ ਸੱਚ ਹਨ ਪਰ ਉਸ ਦਾ ਇਹ ਐਲਾਨ ਤਾਂ ਸਾਰਿਆਂ ਲਈ ਸਾਂਝਾ ਹੈ ਕਿ "1984 ਸਿੱਖਾਂ ਦੇ ਹਿਰਦੇ ਅੰਦਰ ਖੰਜਰ ਹੈ, ਸਿੱਖਾਂ ਦਾ ਅਤੀਤ, ਵਰਤਮਾਨ ਤੇ ਭਵਿੱਖ ਸਾਰੇ ਦੇ ਸਾਰੇ 1984 ਵਿਚ ਸਿਮਟ ਗਏ ਹਨ। ਇਸ ਦੇ ਹਵਾਲੇ ਤੋਂ ਬਿਨਾਂ ਨਾ ਅਤੀਤ ਦੀ ਗੱਲ ਸੰਭਵ ਰਹੀ ਹੈ, ਨਾ ਹੀ ਵਰਤਮਾਨ ਨੂੰ ਜਾਣਿਆ ਜਾ ਸਕਦਾ ਹੈ ਅਤੇ ਨਾ ਹੀ ਭਵਿੱਖ ਕਲਪਿਆ ਜਾ ਸਕਦਾ ਹੈ।" ਇਸੇ ਲਈ ਉਹ 1984 ਨੂੰ ਆਧਾਰ ਮੰਨ ਕੇ 1984 ਤੋਂ ਪਹਿਲਾਂ ਅਤੇ ਭਵਿੱਖ ਵੱਲ ਵੇਖਦਾ ਹੈ। ਉਸ ਦੀ ਅੰਤਰੀਵ ਭਾਵਨਾ ਵਿਚ 'ਪਰਖ ਲਿਆ ਨੀ ਤੇਰਾ ਗਰਾਂ, ਹੁਣ ਨੀ ਰਹਿਣਾ ਤੇਰੇ ਗਰਾਂ' ਦੀ ਸੱਦ ਉਸ ਦੀ ਰੂਹ ਵਿਚ ਉਤਰ ਗਈ ਹੈ ਅਤੇ ਇਹ ਸੱਦ ਖ਼ਾਲਸਾ ਪੰਥ ਦੀ ਹਰ ਪਰਤ ਵਿਚ ਉਹ ਵੇਖਣਾ ਚਾਹੁੰਦਾ ਹੈ। ਜਿਹੜੇ ਆਲੋਚਕ ਇਸ ਨਜ਼ਰੀਏ ਤੋਂ ਉਸ ਦੀਆਂ ਕਿਤਾਬਾਂ ਵੇਖਣਗੇ, ਯਕੀਨਨ ਉਨ੍ਹਾਂ ਦੇ ਅੰਦਰ ਬਦਲਣ ਤੇ ਬਦਲਾਉਣ ਦੀ ਭਾਵਨਾ ਪੈਦਾ ਹੋ ਜਾਵੇਗੀ।

ਕਰਮ ਬਰੱਸਟ ਤੇ ਅਮਰਜੀਤ ਸਿੰਘ ਪਰਾਗ ਦੀਆਂ ਧਾਰਨਾਵਾਂ ਬਾਰੇ ਇਹੋ ਟਿੱਪਣੀ ਕੀਤੀ ਜਾ ਸਕਦੀ ਹੈ ਕਿ ਦੋਵੇਂ ਆਲੋਚਕ ਦੋ ਵੱਖਰੇ ਰਾਹਾਂ ਤੇ ਚਲਦਿਆਂ ਇਕੋ ਮੰਜ਼ਿਲ ਦੇ ਉਪਾਸ਼ਕ ਹਨ। ਸਿੱਖ ਪੰਥ ਨੂੰ ਰਾਜ ਸੱਤਾ ਤੋਂ ਲਾਂਭੇ ਰੱਖਣ ਦਾ ਐਲਾਨ ਦੋਵਾਂ ਦੀ ਸਾਂਝੀ ਮੰਜ਼ਿਲ ਹੈ। ਦੋਵੇਂ ਸਿੱਖਾਂ ਨੂੰ ਖੜ੍ਹੋਤ ਦੀ ਅਵਸਥਾ ਵਿਚ ਰੱਖਣਾ ਚਾਹੁੰਦੇ ਹਨ। ਅਮਰਜੀਤ ਸਿੰਘ ਪਰਾਗ ਦਾ ਵਿਚਾਰ ਹੈ ਕਿ ਨੈਤਿਕ/ਰੂਹਾਨੀ ਸੱਤਾ ਨੂੰ ਇਤਿਹਾਸ ਵਿਚ ਉਤਾਰਨਾ ਸਿੱਖਾਂ ਲਈ ਖ਼ਤਰਨਾਕ ਖੇਡ ਹੈ ਅਤੇ ਉਨ੍ਹਾਂ ਨੂੰ ਪ੍ਰਭੂਸੱਤਾ ਵਰਗੀ ਰੀਝ ਦੀ ਤਮੰਨਾ ਨਹੀਂ ਕਰਨੀ ਚਾਹੀਦੀ। ਦੂਜੇ ਸ਼ਬਦਾਂ ਵਿਚ ਰੂਹਾਨੀ ਸੱਤਾ ਦੇ ਪੈਰੋਕਾਰਾਂ ਨੂੰ ਰੂਹਾਨੀ ਪੀਂਘ ਹੀ ਝੂਟਦੇ ਰਹਿਣਾ ਚਾਹੀਦਾ ਹੈ ਅਤੇ ਆਪਣੀ ਰਾਜਨੀਤਕ ਵਾਗ ਹੋਰਨਾਂ ਦੇ ਹੱਥਾਂ ਵਿਚ ਦੇਣ ਨਾਲ ਹੀ ਸਿੱਖਾਂ ਦਾ ਭਲਾ ਹੋਵੇਗਾ। ਉਨ੍ਹਾਂ ਨੇ ਇਕ ਤਰ੍ਹਾਂ ਨਾਲ ਅਰਦਾਸ ਵਿਚ ਬੋਲੇ ਜਾਂਦੇ ਇਹ ਸ਼ਬਦ 'ਰਾਜ ਕਰੇਗਾ ਖ਼ਾਲਸਾ' ਵਿਰੁਧ ਵੀ ਅਸਿੱਧੀ ਬਗ਼ਾਵਤ ਕਰ ਦਿੱਤੀ ਹੈ। ਪਰਾਗ ਸਾਹਿਬ ਸਾਡੇ ਨਿੱਘੇ ਦੋਸਤ ਹਨ ਪਰ ਉਨ੍ਹਾਂ ਦੀਆਂ ਇਹ ਫ਼ਲਸਫ਼ਾਨਾ ਅਲਵਲੱਲੀਆਂ ਬਾਰੇ ਕੀ ਕਿਹਾ ਜਾਵੇ?

ਦੂਜੇ ਪਾਸੇ ਕਰਮ ਬਰੱਸਟ ਪ੍ਰਭੂਸੱਤਾ ਦੀ ਤਮੰਨਾ ਨੂੰ ਸਮਾਜ ਵਿਗਿਆਨ ਅਤੇ ਵਿਗਿਆਨਕ ਦ੍ਰਿਸ਼ਟੀ ਦਾ ਮੋਢਾ ਵਰਤ ਕੇ ਬੜੀ ਬੇਰਹਿਮੀ ਨਾਲ ਰੱਦ ਕਰਦੇ ਹਨ। ਕਰਮ ਬਰੱਸਟ ਸਿੱਖ ਧਰਮ ਦੇ ਤੱਤ ਸਰੂਪ ਦੇ ਗਿਆਨ ਤੋਂ ਇੰਨੇ ਅਣਜਾਣ ਵੀ ਨਹੀਂ ਕਿ ਉਨ੍ਹਾਂ ਨੂੰ ਸਿੱਖੀ ਸਿਧਾਂਤਾਂ ਦੇ ਇਤਿਹਾਸ ਵਿਚੋਂ ਇਹ ਤੱਥ ਨਜ਼ਰ ਹੀ ਨਾ ਆਏ ਕਿ ਦਿੱਲੀ ਦੇ ਮਨ ਅਤੇ ਸਿੱਖ-ਮਨ ਦੀਆਂ ਕਦਰਾਂ ਕੀਮਤਾਂ ਵਿਚਕਾਰ ਸਿੱਧਾ ਟਕਰਾਓ ਹੈ ਅਤੇ ਇਹ ਸਦੀਵੀ ਟਕਰਾਓ ਹੀ ਸਿੱਖਾਂ ਨੂੰ ਪ੍ਰਭੂਸੱਤਾ ਲਈ ਸੰਘਰਸ਼ ਕਰਨ ਵਾਸਤੇ ਪ੍ਰੇਰਦਾ ਹੈ ਅਤੇ ਸਦਾ ਪ੍ਰੇਰਦਾ ਰਹੇਗਾ। ਕਰਮ ਬਰੱਸਟ ਇਸ ਟਕਰਾਓ ਦੇ ਮੂਲ ਤਰਕ ਨਾਲ ਡੂੰਘੀ ਸਾਂਝ ਪਾਏ ਤੋਂ ਬਿਨਾਂ ਹੀ ਇਸ ਟਕਰਾਓ ਨੂੰ ਫਿਰਕੂ ਰੂਪ ਜਾਂ ਮੂਲਵਾਦੀ ਰੂਪ ਦੇ ਕੇ ਆਪਣੇ ਕੰਮ ਤੋਂ ਵਿਹਲੇ ਹੋ ਜਾਂਦੇ ਹਨ। ਵੈਸੇ

(ਬਾਕੀ ਸਫਾ 37 'ਤੇ)

# ਮਹਾਂਬਿਰਤਾਂਤ, ਨਵਾਂ ਦੌਰ, ਤੇ ਸਿੱਖ ਰਾਜ ਦਾ ਸੁਪਨਾ

ਵਿਚਾਰ-ਚਰਚਾ

**ਪ੍ਰਭਸ਼ਰਨਦੀਪ ਸਿੰਘ**

ਪੰਜਾਬ ਟਾਈਮਜ਼ ਵਿਚ ਚੱਲ ਰਹੀ ਮੌਜੂਦਾ ਬਹਿਸ ਵਿਚ ਵੱਖੋ-ਵੱਖਰੀ ਪਹੁੰਚ ਰੱਖਣ ਵਾਲੇ ਸੱਜਣਾਂ ਨੇ ਸਿੱਖਾਂ ਦੇ ਰਾਜ ਕਰਨ ਦੇ ਦਾਅਵੇ ਨੂੰ ਕਰੜੇ ਹੱਥੀਂ ਲਿਆ ਹੈ। ਇਸ ਸੰਬੰਧ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ, ਪ੍ਰਿੰ. ਅਮਰਜੀਤ ਸਿੰਘ ਪਰਾਗ ਨੇ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਸਿੱਖਾਂ ਲਈ ਪਾਤਸ਼ਾਹੀ ਨਵੇਂ ਦੌਰ ਦਾ ਸੁਪਨਾ ਨਹੀਂ ਹੋ ਸਕਦੀ। ਪ੍ਰਿੰ. ਪਰਾਗ ਸਿੱਖਾਂ ਦੇ ਰਾਜ ਕਰਨ ਦੇ ਦਾਅਵੇ ਨੂੰ ਚੁਣੌਤੀ ਦੇਣ ਦਾ ਆਧਾਰ ਇਹ ਦੇ ਰਹੇ ਹਨ ਕਿ ਨਵੇਂ ਦੌਰ ਵਿਚ ਅਜਿਹਾ ਨਹੀਂ ਹੋ ਸਕਦਾ। ਸੁਆਲ ਪੈਦਾ ਹੁੰਦਾ ਹੈ ਕਿ ਨਵੇਂ ਦੌਰ ਤੋਂ ਉਨ੍ਹਾਂ ਦਾ ਕੀ ਭਾਵ ਹੈ? ਭਾਵੇਂ ਪ੍ਰਿੰ. ਪਰਾਗ ਨੇ ਇਸ ਨਵੇਂ ਦੌਰ ਦੀ ਚੰਗੀ ਤਰ੍ਹਾਂ ਵਿਆਖਿਆ ਕਰਕੇ ਆਪਣੀ ਦਲੀਲ ਦਾ ਆਧਾਰ ਨਹੀਂ ਬਣਾਇਆ, ਤਾਂ ਵੀ ਆਪਣੇ ਲੇਖ ਦੇ ਅਖੀਰਲੇ ਹਿੱਸੇ ਵਿਚ ਉਹ ਇਸ ਬਾਰੇ ਇਸ਼ਾਰਾ ਜ਼ਰੂਰ ਦਿੰਦੇ ਹਨ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ:

"ਉਪ-ਪ੍ਰਮਾਣੂ ਅਤੇ ਕੁਆਂਟਮ ਫਿਜ਼ਿਕਿਸ ਵਿਚ ਹੋਈ ਅਜੋਕੀ ਖੋਜ ਨੇ ਅਜਿਹੇ ਸੰਕਲਪ, ਕਲਪਨਾਵਾਂ ਅਤੇ ਪਰਿਪੇਖ ਸਾਹਮਣੇ ਲੈ ਆਂਦੇ ਹਨ ਜਿਨ੍ਹਾਂ ਨੇ ਭੌਤਿਕ ਵਿਗਿਆਨੀਆਂ, ਸਮਾਜਸ਼ਾਸਤਰੀਆਂ, ਮਾਨਵਵਾਦੀਆਂ ਅਤੇ ਧਰਮ ਚਿੰਤਕਾਂ ਵਿਚ ਇਹ ਅਹਿਸਾਸ ਪੈਦਾ ਕੀਤਾ ਹੈ ਕਿ ਬ੍ਰਹਿਮੰਡ ਇਕ ਅਜਿਹੀ ਏਕਤਾ ਦੇ ਸੂਤਰ ਵਿਚ ਬੱਝਿਆ ਹੋਇਆ ਹੈ ਜੋ ਭੌਤਿਕ ਸਿਧਾਂਤਾਂ ਤੋਂ ਕਿਧਰੇ ਗਹਿਰੀ ਹੈ। ਇਸ ਨਾਲ ਮਨੁੱਖੀ ਸੋਚ ਵਿਚ ਜਾਗ੍ਰਿਤੀ ਕਾਲ ਤੋਂ ਪਿੱਛੋਂ ਸਭ ਤੋਂ ਵੱਡਾ ਬਦਲਾਅ ਆ ਰਿਹਾ ਹੈ। ਇਨ੍ਹਾਂ ਸਮੱਗਰਤਾਵਾਦੀ ਅੰਤਰਦ੍ਰਿਸ਼ਟੀਆਂ ਨੂੰ ਅਜੇ ਰਾਜਨੀਤੀ ਸ਼ਾਸਤਰ ਨੇ ਆਤਮਸਾਤ ਨਹੀਂ ਕੀਤਾ। ਇਸ ਉਤੇ ਅਜੇ ਵੀ ਨਿਊਟਨ ਦੇ ਮਸ਼ੀਨੀ ਰੂਪਕ ਦਾ ਪ੍ਰਭਾਵ ਭਾਰੂ ਹੈ। ਪ੍ਰੰਤੂ ਨਵੀਂ ਸੂਝਬੂਝ ਤੋਂ ਰਾਜਨੀਤੀ ਸ਼ਾਸਤਰ ਨੂੰ ਸੁਚੇਤ ਹੋਣਾ ਹੀ ਪੈਣਾ ਹੈ। ਆ ਰਹੀ ਭਲਕ ਦੀ ਦੁਨੀਆਂ ਭਾਈਵਾਲੀ ਦੀ ਦੁਨੀਆਂ ਹੈ। ਇਹ ਸਾਂਝੀਵਾਲਤਾ ਦਾ ਬ੍ਰਹਿਮੰਡ ਹੈ। ਫਿਰਕਾ-ਆਧਾਰਿਤ ਪਾਤਸ਼ਾਹੀਆਂ ਦੀ ਸਥਾਪਨਾ ਲਈ ਖਾੜਕੂ ਸੰਘਰਸ਼ ਪਿਛਲਖੋਰੇ ਭੇੜ ਤੋਂ ਵਧ ਕੁਝ ਨਹੀਂ ਹੋ ਸਕਦਾ।"

ਪ੍ਰਿੰ. ਪਰਾਗ ਦਾ ਇਹ ਬਿਆਨ ਉਨ੍ਹਾਂ ਵੱਲੋਂ ਦੱਸੇ ਨਵੇਂ ਦੌਰ ਬਾਰੇ ਘੱਟ ਜਾਣਕਾਰੀ ਦਿੰਦਾ ਹੈ ਪਰ ਉਨ੍ਹਾਂ ਬਾਰੇ ਕਾਫ਼ੀ ਕੁੱਝ ਉਜਾਗਰ ਕਰਦਾ ਹੈ। ਜੇ ਉਹ ਵਾਕਈ ਇਹ ਸਮਝਦੇ ਹਨ ਕਿ ਕੁਆਂਟਮ ਫਿਜ਼ਿਕਸ ਵਿਚ ਹੋਈ ਅਜੋਕੀ ਖੋਜ ਨੇ ਹੀ ਇਹ ਅਹਿਸਾਸ ਪੈਦਾ ਕੀਤਾ ਹੈ ਕਿ ਬ੍ਰਹਿਮੰਡ ਭੌਤਿਕ ਸਿਧਾਂਤਾਂ ਤੋਂ ਡੂੰਘੇਰੀ ਏਕਤਾ ਦੇ ਸੂਤਰ ਵਿਚ ਬੱਝਿਆ ਹੋਇਆ ਹੈ, ਫਿਰ ਤਾਂ ਉਨ੍ਹਾਂ ਦੀ ਸੂਝ-ਬੂਝ ਦੇ ਨਾਲ ਉਨ੍ਹਾਂ ਦੀ ਜੁਰਅੱਤ ਦੀ ਵੀ ਦਾਦ ਦੇਣੀ ਪਏਗੀ, ਕਿਉਂਕਿ ਇਸ ਤਰ੍ਹਾਂ ਦੀ ਬੇਸਿਰ-ਪੈਰ ਦੀ ਗੱਲ ਲਿਖ ਕੇ ਆਪਣੇ ਨਾਂ ਹੇਠ ਛਪਵਾਉਣੀ ਕਿਸੇ ਹੌਸਲੇ ਵਾਲੇ ਬੰਦੇ ਦਾ ਹੀ ਕੰਮ ਹੈ। ਮੇਰੇ ਖਿਆਲ ਵਿਚ ਸਿੱਖੀ ਸਮੇਤ ਹੋਰ ਬਹੁਤ ਸਾਰੇ ਧਰਮਾਂ ਤੇ ਫਲਸਫ਼ਿਆਂ ਵਿਚ ਇਸ ਤਰ੍ਹਾਂ ਦੀ ਗੱਲ ਮਿਲਦੀ ਹੋਣ ਦੇ ਹਵਾਲੇ ਦੇ ਕੇ ਪ੍ਰਿੰ. ਪਰਾਗ ਲਈ ਇਹ ਨੁਕਤਾ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਨਾ ਪਾਠਕਾਂ ਨਾਲ ਕਾਫ਼ੀ ਜ਼ਿਆਦਤੀ ਹੋਵੇਗੀ। ਇਹ ਤਾਂ ਪ੍ਰਿੰ. ਪਰਾਗ ਨੂੰ ਹੀ ਚਾਹੀਦਾ ਹੈ ਕਿ ਜਿਹੜੇ ਭਾਣੇ ਅੰਦਰ ਉਨ੍ਹਾਂ ਦੇ ਮੂੰਹੋਂ ਇਹ ਬੇਤੁਕੀ ਗੱਲ ਬਾਹਰ ਆਈ, ਹੁਣ ਉਹਨੂੰ ਮਿੱਠਾ ਕਰਕੇ ਮੰਨ ਲੈਣ। ਕੁਆਂਟਮ ਫਿਜ਼ਿਕਸ ਦੇ ਹਿਸਾਬ ਨਾਲ ਮਨੁੱਖੀ ਮਨ ਜਾਂ ਕਿਸੇ ਵਿਅਕਤੀ ਵਿਸ਼ੇਸ਼ ਅੰਦਰਲੇ ਅਜਿਹੇ ਬੇਤੁਕੇਪਣ ਦਾ ਕੋਈ ਨਾ ਕੋਈ ਤਰਕ ਜ਼ਰੂਰ ਬਣਦਾ ਹੋਵੇਗਾ। ਪ੍ਰਿੰ. ਪਰਾਗ ਨੂੰ ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਯੂਰਪ ਦੇ ਜਾਗ੍ਰਤੀ ਕਾਲ ਨਾਲ ਮਨੁੱਖੀ ਸੋਚ ਵਿਚ ਵੱਡਾ ਬਦਲਾਅ ਨਹੀਂ ਆਇਆ, ਸਗੋਂ ਪੱਛਮੀ ਬੰਦੇ ਦੀ ਚੇਤਨਾ ਵਿਚ ਇੱਕ ਮੋੜਾ ਆਇਆ ਹੈ, ਜਿਸਨੂੰ ਪੱਛਮੀ ਸਾਮਰਾਜਵਾਦੀਆਂ ਵੱਲੋਂ, ਆਪਣੀਆਂ ਬਸਤੀਆਂ ਵਿਚਲੇ ਲੋਕਾਂ ਸਿਰ ਮੜ੍ਹ ਦਿੱਤਾ ਗਿਆ। ਇਸਨੂੰ ਸਮੁੱਚੀ ਮਨੁੱਖਤਾ ਸਿਰ ਠੋਸਣਾ, ਸਾਮਰਾਜਵਾਦੀ ਨਿਜ਼ਾਮ ਵੱਲੋਂ ਪਾਈਆਂ ਲੀਹਾਂ ਵਿਚ ਹੀ ਉਲਝੇ ਰਹਿਣਾ ਹੈ। ਇਸੇ ਤਰਜ਼ 'ਤੇ, ਪ੍ਰਿੰ. ਪਰਾਗ ਵੱਲੋਂ ਇਸ ਕਥਿਤ ਨਵੇਂ ਦੌਰ ਨੂੰ ਵੀ ਪੂਰੀ ਦੁਨੀਆਂ ਲਈ ਨਵਾਂ ਦੌਰ ਮੰਨ ਕੇ ਬੜੇ ਦਾਅਵੇ ਨਾਲ ਫੈਸਲਾ ਸੁਣਾ ਦਿੱਤਾ ਗਿਆ ਹੈ।

ਆਪਣੀ ਦਲੀਲ ਦਾ ਸਿਧਾਂਤਕ ਆਧਾਰ ਦਿੰਦਿਆਂ ਪ੍ਰਿੰ. ਪਰਾਗ ਨੇ ਇਹ ਸਪੱਸ਼ਟ ਨਹੀਂ ਕੀਤਾ ਪਰ ਉਤਰਆਧੁਨਿਕਤਾਵਾਦੀ ਫ਼ਲਸਫ਼ੇ ਨਾਲ ਵਾਬਸਤਾ ਕਿਸੇ ਵੀ ਵਿਅਕਤੀ ਨੂੰ ਇਹ ਜਾਣਕਾਰੀ ਹੈ ਕਿ ਉਕਤ ਵੇਰਵਾ ਪ੍ਰਮੁੱਖ ਉਤਰਆਧੁਨਿਕ ਚਿੰਤਕ, ਯਾਂ ਫਰੈਂਕੁਇ ਲਿਓਤਾਰਦ ਦੀਆਂ ਲਿਖਤਾਂ ਵਿਚ ਹੂਬਹੂ ਪਿਆ ਹੈ, ਭਾਵੇਂ ਕਿ ਲਿਓਤਾਰਦ ਇਹ ਦਾਅਵਾ ਨਹੀਂ ਕਰਦਾ ਕਿ ਕੁਆਂਟਮ ਫਿਜ਼ਿਕਸ ਵਿਚ ਹੋਈ ਅਜੋਕੀ ਖੋਜ ਨੇ ਹੀ ਇਹ ਅਹਿਸਾਸ ਪੈਦਾ ਕੀਤਾ ਹੈ। ਇਸ ਰੋਸ਼ਨੀ ਵਿਚ ਘੱਟੋ-ਘੱਟ ਇਹ ਤਾਂ ਸਾਫ ਹੈ ਕਿ ਜਿਸ ਰਹੱਸਮਈ ਨਵੇਂ ਦੌਰ ਦੀ ਪ੍ਰਿੰ. ਪਰਾਗ ਗੱਲ ਕਰ ਰਹੇ ਹਨ, ਉਹ ਅਸਲ ਵਿਚ ਉਤਰਆਧੁਨਿਕਤਾਵਾਦ ਹੈ। ਇਹ ਸਪੱਸ਼ਟ ਹੋਣ ਨਾਲ ਅਸੀਂ ਉਤਰਆਧੁਨਿਕ ਫ਼ਲਸਫ਼ੇ ਦੀ ਸਾਰਥਿਕਤਾ ਬਾਰੇ ਥੋੜ੍ਹਾ ਸੰਗਠਿਤ ਤਰੀਕੇ ਨਾਲ ਕੋਈ ਉਸਾਰੂ ਵਿਚਾਰ ਸ਼ੁਰੂ ਕਰਨ ਦਾ ਰਾਹ ਫੜ ਸਕਦੇ ਹਾਂ। ਮੇਰਾ ਅਜਿਹਾ ਕਹਿਣ ਦਾ ਹੱਕ ਤਾਂ ਨਹੀਂ ਕਿ ਪ੍ਰਿੰ. ਪਰਾਗ ਨੂੰ ਲਿਓਤਾਰਦ ਜਾਂ ਉਤਰਆਧੁਨਿਕ ਫ਼ਲਸਫ਼ੇ ਦੀ ਕੋਈ ਜਾਣਕਾਰੀ ਨਹੀਂ, ਤੇ ਉਹ ਸੁਣੀ ਸੁਣਾਈ ਗੱਲ ਜਿਵੇਂ ਕਿਵੇਂ ਪ੍ਰਭਾਵ ਪਾਉਣ ਲਈ ਵਰਤ ਰਹੇ ਹਨ, ਪਰ ਇਮਾਨਦਾਰੀ ਨਾਲ ਗੱਲ ਕਰਾਂ ਤਾਂ ਉਨਾਂ ਦੀ ਲਿਖਤ ਮੈਨੂੰ ਇਸ ਨਾਲੋਂ ਕੋਈ ਵੱਖਰਾ ਪ੍ਰਭਾਵ ਨਹੀਂ ਦਿੰਦੀ। ਉਨ੍ਹਾਂ ਦੀ ਲਿਖਤ ਪੜ੍ਹ ਕੇ ਇਹੀ ਲੱਗਦਾ ਹੈ ਕਿ ਉਨ੍ਹਾਂ ਨੂੰ ਲਿਓਤਾਰਦ ਦੀ ਇਸ ਗੱਲ ਦੇ ਸੰਦਰਭ ਦੀ ਉਕਾ ਹੀ ਕੋਈ ਜਾਣਕਾਰੀ ਨਹੀਂ ਤੇ ਮੌਜੂਦਾ ਲੇਖ ਵਿਚ ਉਹ ਇਸ ਦੀ ਧੱਕੇ ਨਾਲ (ਦੁਰ) ਵਰਤੋਂ ਕਰ ਰਹੇ ਹਨ। ਮੇਰੇ ਕਹਿਣ ਦਾ ਭਾਵ ਇਹ ਬਿਲਕੁਲ ਨਹੀਂ ਕਿ ਉਹ ਉਤਰਆਧੁਨਿਕ ਫ਼ਲਸਫ਼ੇ ਦੇ ਅਨੁਸਾਰੀ ਹੋ ਕੇ ਚੱਲਣ। ਮੈਂ ਤਾਂ ਖੁਦ ਇਸ ਨਾਲ ਸਹਿਮਤੀ ਨਹੀਂ ਰੱਖਦਾ, ਕਿਉਂਕਿ ਸਾਨੂੰ ਆਧੁਨਿਕਤਾਵਾਦੀ ਬਿਰਤਾਂਤ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਵਿਚ ਮਦਦਗਾਰ ਹੋਣ ਦੇ ਬਾਵਜੂਦ, ਉਤਰਆਧੁਨਿਕਤਾਵਾਦ ਸਮੇਤ ਨਵੇਂ ਪੱਛਮੀ ਬਿਰਤਾਂਤ ਪੱਛਮ ਦੀ ਸਰਦਾਰੀ ਵਾਲੇ ਮਨਸੂਬੇ ਦੀ ਮੁੜ ਮੁੜ ਕੇ ਕਿਸੇ ਨਾ ਕਿਸੇ ਸੂਖਮ ਅੰਦਾਜ਼ ਵਿਚ ਹਮਾਇਤ ਕਰ ਹੀ ਜਾਂਦੇ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਪੱਛਮ ਦੀ ਬਿਰਤਾਂਤ ਵਿਚ ਸਰਦਾਰੀ ਹੀ ਉਸ ਦੀ ਦੁਨੀਆਂ ਉਤੇ ਸਰਦਾਰੀ ਦੀ ਬੁਨਿਆਦ ਬਣਦੀ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਪੱਛਮ ਦੀ ਬਿਰਤਾਂਤ ਵਿਚ ਅਜਾਰੇਦਾਰੀ ਨੂੰ ਮੂਲੋਂ ਮੁੱਢੋਂ ਚੁਣੌਤੀ ਦਿੱਤੀ ਜਾਵੇ। ਦੁਨੀਆਂ ਦੇ ਬਾਕੀ ਹਿੱਸਿਆਂ ਦੇ ਨਿਸ਼ਚਿਤ ਤੌਰ 'ਤੇ ਵੱਖਰੇ ਸੰਦਰਭਾਂ ਅਨੁਸਾਰ ਨਵੀਆਂ ਚਿੰਤਨਧਾਰਾਵਾਂ ਅਤੇ ਖੋਜ ਵਿਧੀਆਂ ਦੇ ਉਭਾਰ ਲਈ ਰਾਹ ਪੱਧਰਾ ਕੀਤਾ ਜਾਵੇ। ਇੱਥੇ, ਉਤਰਆਧੁਨਿਕਤਾਵਾਦ ਦੀ ਸਹੀ ਸਮਝ ਦਾ ਨੁਕਤਾ ਉਠਾਉਣ ਤੋਂ ਮੇਰਾ ਮਕਸਦ ਤਾਂ ਸਿਰਫ ਇੰਨਾ ਹੀ ਹੈ ਕਿ ਜੇ ਅਸੀਂ ਕਿਸੇ ਚਿੰਤਨ ਧਾਰਾ ਦੇ ਹਵਾਲੇ ਨਾਲ ਆਪਣੀ ਦਲੀਲ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਸਾਨੂੰ ਉਸ ਖਾਸ ਚਿੰਤਨ ਧਾਰਾ ਦੀ

> ***ਪ੍ਰਿੰ. ਪਰਾਗ ਦਾ ਇਹ ਬਿਆਨ ਉਨ੍ਹਾਂ ਵੱਲੋਂ ਦੱਸੇ ਨਵੇਂ ਦੌਰ ਬਾਰੇ ਘੱਟ ਜਾਣਕਾਰੀ ਦਿੰਦਾ ਹੈ ਪਰ ਉਨ੍ਹਾਂ ਬਾਰੇ ਕਾਫ਼ੀ ਕੁੱਝ ਉਜਾਗਰ ਕਰਦਾ ਹੈ। ਜੇ ਉਹ ਵਾਕਈ ਇਹ ਸਮਝਦੇ ਹਨ ਕਿ ਕੁਆਂਟਮ ਫ਼ਿਜ਼ਿਕਸ ਵਿਚ ਹੋਈ ਅਜੋਕੀ ਖੋਜ ਨੇ ਹੀ ਇਹ ਅਹਿਸਾਸ ਪੈਦਾ ਕੀਤਾ ਹੈ ਕਿ ਬ੍ਰਹਿਮੰਡ ਭੌਤਿਕ ਸਿਧਾਂਤਾਂ ਤੋਂ ਡੂੰਘੇਰੀ ਏਕਤਾ ਦੇ ਸੂਤਰ ਵਿਚ ਬੱਝਿਆ ਹੋਇਆ ਹੈ, ਫ਼ਿਰ ਤਾਂ ਉਨ੍ਹਾਂ ਦੀ ਸੂਝ-ਬੂਝ ਦੇ ਨਾਲ਼ ਉਨ੍ਹਾਂ ਦੀ ਜੁਰਅੱਤ ਦੀ ਵੀ ਦਾਦ ਦੇਣੀ ਪਏਗੀ, ਕਿਉਂਕਿ ਇਸ ਤਰ੍ਹਾਂ ਦੀ ਬੇਸਿਰ-ਪੈਰ ਦੀ ਗੱਲ ਲਿਖ ਕੇ ਆਪਣੇ ਨਾਂ ਹੇਠ ਛਪਵਾਉਣੀ ਕਿਸੇ ਹੌਂਸਲੇ ਵਾਲੇ ਬੰਦੇ ਦਾ ਹੀ ਕੰਮ ਹੈ।***

ਸਹੀ ਜਾਣਕਾਰੀ ਤੇ ਸਮਝ ਹੋਵੇ। ਉਂਜ ਵੀ ਨਿਊਟਨ ਤੋਂ ਸਿੱਧਾ ਕੁਆਂਟਮ ਫਿਜ਼ਿਕਸ ਤੇ ਪਹੁੰਚ ਜਾਣਾ ਥੋੜ੍ਹੀ ਜਿਹੀ ਜ਼ਿਆਦਾ ਲੰਮੀ ਛਾਲ ਹੈ। ਨਿਊਟਨ ਦਾ ਕਾਂਤ ਉਤੇ, ਕਾਂਤ ਦਾ ਹੇਗਲ 'ਤੇ ਪ੍ਰਭਾਵ ਅਤੇ ਇਸ ਤੋਂ ਅਗਲੇ ਦੌਰਾਂ ਵਿਚ, ਮਨੁੱਖਵਾਦ, ਹੋਂਦਵਾਦ, ਸੰਰਚਨਾਵਾਦ, ਤੇ ਫਿਰ ਉਤਰਸੰਰਚਨਾਵਾਦ ਆਦਿਕ ਚਿੰਤਨ ਧਾਰਾਵਾਂ ਦੇ ਕਿਸੇ ਵੀ ਹਵਾਲੇ ਦੀ ਗੈਰਹਾਜ਼ਰੀ ਵਿਚ, ਖਾਸ ਤੌਰ 'ਤੇ ਇਨ੍ਹਾਂ ਦੇ ਜ਼ਿਹਨ 'ਚੋਂ ਹੀ ਬਾਹਰ ਹੋਣ ਦੀ ਸਥਿਤੀ ਵਿਚ, ਬਹੁਤ ਸਾਰੇ ਜ਼ਰੂਰੀ ਵੇਰਵੇ ਲੁਪਤ ਰਹਿ ਜਾਂਦੇ ਹਨ ਜਿਨ੍ਹਾਂ ਕਰਕੇ ਉਤਰਆਧੁਨਿਕਤਾਵਾਦ ਦਾ ਅਸਲ ਸੰਦਰਭ ਪਕੜ ਵਿਚ ਆਉਣਾ ਕਾਫੀ ਮੁਸ਼ਕਲ ਹੈ।

ਜੇ ਹੁਣ ਲਿਓਤਾਰਦ ਦੀ ਗੱਲ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਉਹ ਆਪਣੀ ਕਿਤਾਬ ਉਤਰਆਧੁਨਿਕ ਸਥਿਤੀ ਵਿਚ ਆਖਦਾ ਹੈ ਕਿ ਉਪ-ਪ੍ਰਮਾਣੂੰ ਪੱਧਰ ਤੇ ਭੌਤਿਕ ਵਿਗਿਆਨ ਦੇ ਨਿਸ਼ਚਿਤ ਨਿਯਮ ਕੰਮ ਕਰਨਾ ਬੰਦ ਕਰ ਦਿੰਦੇ ਹਨ, ਤੇ ਅਸੀਂ ਸਿਰਫ ਛੋਟੇ ਛੋਟੇ ਕਣਾਂ ਦੀ ਗਤੀ ਵਿਚਲੀਆਂ ਸੰਭਾਵਨਾਵਾਂ ਹੀ ਵੇਖ ਸਕਦੇ ਹਾਂ। ਇਸ ਤਰ੍ਹਾਂ ਕੁਆਂਟਮ ਫਿਜ਼ਿਕਸ ਇਕ ਨਵੀਂ ਭਾਸ਼ਾ ਖੇਡ ਸਾਹਮਣੇ ਲਿਆਉਂਦੀ ਹੈ ਜੋ ਕਿ ਵਿਗਿਆਨਕ ਖੋਜ ਨੂੰ ਰੂਪਾਂਤਰਿਤ ਕਰ ਦਿੰਦੀ ਹੈ। ਲਿਓਤਾਰਦ ਕਹਿੰਦਾ ਹੈ ਕਿ ਭਾਸ਼ਾ ਦਾ ਇਕ ਪ੍ਰਵਾਹ ਸਥਾਪਤ ਖੇਡ ਦੇ ਅਸੂਲਾਂ ਨੂੰ ਤੋੜਨ ਦੀ ਸੰਭਾਵਨਾ ਰਖਦਾ ਹੈ। ਇੱਕ ਸ਼ਕਤੀ, ਜੋ ਵਿਆਖਿਆ ਦੀ ਸਮਰੱਥਾ ਨੂੰ ਮੁੱਢੋਂ ਹਿਲਾ ਦਿੰਦੀ ਹੈ, ਲਿਓਤਾਰਦ ਦੇ ਫਲਸਫੇ ਵਿਚ ਕੇਂਦਰੀ ਥਾਂ ਰੱਖਦੀ ਹੈ। ਅਜਿਹੇ ਵਿਚਾਰ ਨਾਲ ਲਿਓਤਾਰਦ ਇਹ ਰਾਹ ਖੋਲਦਾ ਹੈ ਕਿ ਕੋਈ ਵੀ ਮਹਾਂਬਿਰਤਾਂਤ ਜਾਂ ਕੌਮਾਂਤਰੀ ਪੂੰਜੀਵਾਦ ਹਮੇਸ਼ਾ ਹੀ ਇਸ ਨੂੰ ਮੁੱਢੋਂ ਹਿਲਾ ਦੇਣ ਵਾਲੀ ਆਲੋਚਨਾ ਦੀ ਸੰਭਾਵਨਾ ਰੱਖਦੇ ਹਨ। ਕਹਿਣ ਤੋਂ ਭਾਵ, ਇਨ੍ਹਾਂ ਦੇ ਅੰਦਰ ਹੀ ਉਹ ਸੰਭਾਵਨਾਵਾਂ ਹਨ ਕਿ ਇਨ੍ਹਾਂ ਦੇ ਅਜਿੱਤ ਤੇ ਅਟੱਲ ਹੋਣ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਜਾ ਸਕੇ। ਲਿਓਤਾਰਦ ਭਾਸ਼ਾ ਖੇਡ ਵਿਚ ਰਾਹਾਂ ਦੇ ਨਿਰਾਲੇਪਣ ਦਾ ਸਤਿਕਾਰ ਕਰਨ ਦੀ ਗੱਲ ਕਰਦਾ ਹੋਇਆ, ਸੰਗਠਨ ਦੇ ਸਰਬਵਿਆਪੀ ਢਾਂਚਿਆਂ ਨਾਲ ਪ੍ਰਤੀਰੋਧ ਦੀ ਭੂਮਿਕਾ ਦੀ ਅਹਿਮੀਅਤ ਉਜਾਗਰ ਕਰਦਾ ਹੈ।

ਦੂਜੇ ਪਾਸੇ ਆਪਣੇ ਅਣਦੱਸੇ ਮਾਰਗ-ਦਰਸ਼ਕ ਲਿਓਤਾਰਦ ਦੇ ਇਸ ਫ਼ਲਸਫ਼ੇ ਨੂੰ ਆਪਣੀ ਦਲੀਲ ਦਾ ਆਸਰਾ ਬਣਾਉਣ ਵਾਲੇ ਪ੍ਰਿੰ. ਪਰਾਗ ਭਾਰਤੀ ਧਰਮ ਮਾਰਗ ਨਾਂ ਦੀ ਮਹਾਂਬਿਰਤਾਂਤਕ ਸ਼੍ਰੇਣੀ ਖੜ੍ਹੀ ਕਰਦੇ ਹੋਏ ਬਿਆਨ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਵੀ ਇਸੇ ਭਾਰਤੀ ਪਰੰਪਰਾ ਅਨੁਸਾਰ ਹੀ ਧਰਮ ਚਲਾਉਣ ਲਈ ਰਾਜ ਸੱਤਾ ਦੀ ਲੋੜ ਨਹੀਂ ਸਮਝੀ। ਦੱਖਣੀ ਏਸ਼ਿਆਈ ਖਿੱਤੇ ਦੇ ਇਤਿਹਾਸ, ਸਭਿਆਚਾਰਾਂ, ਧਰਮਾਂ ਤੇ ਫ਼ਲਸਫ਼ਿਆਂ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਲਈ ਇਹ ਸਪੱਸ਼ਟ ਹੈ ਕਿ ਇਸ ਵਿਚ ਕਿਸੇ ਕਿਸਮ ਦੀ ਇਕਸਾਰਤਾ ਤਾਂ ਸਿੱਖੀ ਤੋਂ ਪਹਿਲਾਂ ਵੀ ਕਦੇ ਨਹੀਂ ਰਹੀ, ਇਸਦਾ ਇਕ ਸੰਗਠਿਤ ਮਹਾਂਬਿਰਤਾਂਤ ਬਣਨਾ ਤਾਂ ਅਸਲੋਂ ਆਧੁਨਿਕ ਵਰਤਾਰਾ ਹੈ। ਸਿੱਖੀ ਨੇ ਤਾਂ ਬਜਾਏ ਇਸ ਮਹਾਂਬਿਰਤਾਂਤ ਦਾ ਅੰਗ ਬਣਨ ਦੇ, ਇਸ ਨੂੰ ਮੂਲੋਂ ਮੁੱਢੋਂ ਚੁਣੌਤੀ ਦਿੱਤੀ ਹੈ। ਪ੍ਰਿੰ. ਪਰਾਗ ਦੀ ਲਿਖਤ ਵਿਚਲੀ ਇਹ ਵਿਰੋਧਤਾਈ ਉਨ੍ਹਾਂ ਦੀ ਸੁਹਿਰਦਤਾ ਅਤੇ ਇਮਾਨਦਾਰੀ ਉਤੇ ਗੰਭੀਰ ਸੁਆਲ ਖੜ੍ਹੇ ਕਰਦੀ ਹੈ। ਇਸ ਤੋਂ ਵੀ ਵੱਡਾ ਸੁਆਲ ਖੜਾ ਹੁੰਦਾ ਹੈ ਉਨ੍ਹਾਂ ਦੀ ਬੌਧਿਕ ਕਸਰਤ ਪ੍ਰਤੀ ਸੰਜੀਦਗੀ ਬਾਰੇ। ਪਹਿਲਾਂ ਤਾਂ ਇਹ ਸਮਝ ਨਹੀਂ ਕਿ ਉਤਰਆਧੁਨਿਕ ਵਿਚਾਰ ਪ੍ਰਵਾਹ ਅਸਲ ਵਿਚ ਹੈ ਕੀ? ਉਸ ਤੋਂ ਬਾਅਦ ਉਹ ਧਾਰਨਾਵਾਂ ਪੇਸ਼ ਕੀਤੀਆਂ ਜਾ ਰਹੀਆਂ ਹਨ ਜੋ ਫ਼ਿਤਰਤਨ ਹੀ ਇਸ ਚਿੰਤਨ ਧਾਰਾ ਦੇ ਉਲਟ ਹਨ ਤੇ ਹਰ ਪੱਖੋਂ ਆਧੁਨਿਕਤਾਵਾਦ ਵਿਚਲੀ ਨਿਰੰਕੁਸ਼ਵਾਦੀ ਪਹੁੰਚ 'ਤੇ ਨਿਰਭਰ ਕਰਦੀਆਂ ਹਨ। ਲਿਓਤਾਰਦ ਤਾਂ ਇਹ ਆਖਦਾ ਹੈ ਕਿ ਮਹਾਂਬਿਰਤਾਂਤ ਨਾਲ ਪ੍ਰਤੀਰੋਧ ਇੱਕ ਮਹੱਤਵਪੂਰਨ ਪਹਿਲੂ ਹੈ ਜੋ ਕੁਆਂਟਮ ਫਿਜ਼ਿਕਸ ਤੋਂ ਬਾਅਦ ਉਜਾਗਰ ਹੋਇਆ ਹੈ, ਜਦੋਂ ਕਿ ਉਸ ਦੀ ਇਸ ਦਲੀਲ ਨੂੰ ਬਿਨਾਂ ਹਵਾਲਾ ਦਿੱਤਿਆਂ ਆਪਣਾ ਨਿੱਜੀ ਇਲਹਾਮ ਬਣਾ ਕੇ ਵਰਤਣ ਵਾਲੇ ਪ੍ਰਿੰ. ਪਰਾਗ ਸਿੱਖਾਂ ਦੇ ਭਾਰਤੀ ਬਸਤੀਵਾਦ ਪਿੱਛੇ ਕੰਮ ਕਰਦੇ ਮਹਾਂਬਿਰਤਾਂਤ ਨਾਲ ਪ੍ਰਤੀਰੋਧ ਨੂੰ ਹਊਆ ਬਣਾ ਕੇ ਪੇਸ਼ ਕਰਦੇ ਹਨ। ਦਮਨਕਾਰੀ ਭਾਰਤੀ ਕੌਮਵਾਦ, ਜਿਸ ਤਹਿਤ ਬੇਪਨਾਹ ਧਾਰਮਿਕ, ਸਭਿਆਚਾਰਕ ਤੇ ਭਾਸ਼ਕ ਬਹੁਲਤਾ ਰੱਖਣ ਵਾਲੇ ਦੱਖਣੀ ਏਸ਼ੀਆਈ ਉਪ-ਮਹਾਂਦੀਪ ਨੂੰ ਇੱਕ ਕੌਮੀ ਰਾਜ ਬਣਾ ਧਰਿਆ ਗਿਆ ਹੈ, ਨੂੰ ਵੰਨਸੁਵੰਨਤਾ ਦਾ ਦਮ ਭਰਨ ਵਾਲੇ ਉਤਰਆਧੁਨਿਕ ਚਿੰਤਨ ਦੀ ਮਦਦ ਨਾਲ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਸਿੱਖ, ਜਿਹੜੇ ਕਿ ਭਾਰਤੀ ਸਾਮਰਾਜਵਾਦ ਦੇ ਧਾਰਮਿਕ, ਸਭਿਆਚਾਰਕ, ਤੇ ਆਰਥਕ ਹਮਲਿਆਂ ਦੇ ਨਪੀੜੇ ਹੋਏ, ਅਕਹਿ ਤੇ ਅਸਹਿ ਅਪਮਾਨ, ਤਸ਼ੱਦਦ, ਤੇ ਪੀੜ ਦੇ ਕਦੇ ਨਾ ਰੁਕਣ ਵਾਲੇ ਤੇ ਇੱਕ ਅਰਸੇ ਤੋਂ ਨਿਰੰਤਰ ਚੱਲ ਰਹੇ ਅਮਲ ਦਾ ਸ਼ਿਕਾਰ ਹੋਣ ਕਾਰਨ ਇਹ ਅਹਿਸਾਸ ਕਰਨ ਦੇ ਕਾਬਲ ਹੋਏ ਹਨ ਕਿ ਉਨ੍ਹਾਂ ਦੀ ਧਰਤੀ ਅਤੇ ਹੋਣੀ ਉਤੇ ਬਿਗਾਨਿਆਂ ਦਾ ਕਬਜ਼ਾ ਹੈ ਤੇ ਉਨ੍ਹਾਂ ਨੂੰ ਆਪਣਾ ਜੀਵਨ ਆਪਣੇ ਤਰੀਕੇ ਨਾਲ ਚਲਾਉਣ ਲਈ ਇੱਕ ਪ੍ਰਭੁਸੱਤਾ ਸੰਪੰਨ ਮੁਲਕ ਦੀ ਲੋੜ ਹੈ, ਇਉਂ ਪੇਸ਼ ਕੀਤੇ ਜਾ ਰਹੇ ਹਨ ਜਿਵੇਂ ਉਹ ਇੱਕ ਸਾਮਰਾਜਵਾਦੀ ਧਿਰ ਹੋਣ। ਸਿੱਖਾਂ ਦੇ ਦਰਦ ਤੇ ਉਨ੍ਹਾਂ ਦੇ ਸਰੋਕਾਰਾਂ ਨੂੰ ਕਿਸੇ ਮਨੁੱਖੀ ਭਾਵਨਾ ਤਹਿਤ ਸਤਿਕਾਰ ਦੇਣਾ ਤਾਂ ਦੂਰ ਦੀ ਗੱਲ, ਇਸ ਨੂੰ ਮਾਨਤਾ ਹੀ ਨਹੀਂ ਦਿੱਤੀ ਜਾਂਦੀ। ਇਸ ਦੇ ਉਲਟ ਦਮਨਕਾਰੀ ਭਾਰਤੀ ਸਾਮਰਾਜ ਤੇ ਇਸ ਦੀ ਤਾਕਤ ਦਾ ਮੁੱਖ ਸਰੋਤ ਬਹੁਗਿਣਤੀ ਹਿੰਦੂ ਕੁਲੀਨ ਵਰਗ ਮਜ਼ਲੂਮ ਬਣਾ ਕੇ ਪੇਸ਼ ਕੀਤੇ ਜਾ ਰਹੇ ਹਨ। ਈਮਾਨਦਾਰੀ ਤੇ ਸੱਚਾਈ ਦਾ ਇਹ ਜਨਾਜ਼ਾ ਆਪਣੇ ਆਪ ਵਿਚ ਇੱਕ ਮਿਸਾਲ ਹੈ। ਪ੍ਰਿੰ. ਪਰਾਗ ਇਹ ਦੱਸਣ ਦੀ ਖੇਚਲ ਕਰਨਗੇ ਕਿ ਉਨ੍ਹਾਂ ਨੇ ਪਾਠਕਾਂ ਨੂੰ ਬਿਲਕੁਲ ਮੂਰਖ ਸਮਝ ਰੱਖਿਆ ਹੈ ਕਿ ਉਨ੍ਹਾਂ ਸਾਹਮਣੇ ਜੋ ਮਰਜ਼ੀ ਬੇਸਿਰ-ਪੈਰ ਦੀਆਂ ਛੱਡੀ ਜਾਣ? ਤੇ ਬੌਧਿਕ ਕਸਰਤ ਤੋਂ ਉਹ ਕੀ ਸਮਝਦੇ ਹਨ ਕਿ ਇਹ ਸੇਵਾ ਮੁਕਤ ਹੋਏ ਵਿਹਲੇ ਬੰਦਿਆਂ ਲਈ ਤਮਾਸ਼ਗਿਰੀ ਦਾ ਚੰਗਾ ਸਾਧਨ ਹੈ?

ਲੇਖ ਸ਼ੁਰੂ ਹੁੰਦਾ ਹੈ ਭੌਤਿਕ ਅਤੇ ਨੈਤਿਕ ਸੱਤਾ ਦੇ ਦੋ ਵੱਖਰੇ ਰੂਪਾਂ ਦੇ ਵੇਰਵੇ ਤੋਂ ਅਤੇ ਸਿਧਾਂਤਕ ਆਧਾਰ ਬਣਾਉਂਦਾ ਹੈ ਉਤਰਆਧੁਨਿਕ ਚਿੰਤਨ ਨੂੰ। ਲੇਖਕ ਨੂੰ ਇਹ ਵੀ ਨਹੀਂ ਪਤਾ ਕਿ ਉਤਰਆਧੁਨਿਕ ਚਿੰਤਨ ਵਿਚ ਅਜਿਹੇ ਜੋੜੇਦਾਰ ਵਿਰੋਧਾਭਾਸਾਂ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ। ਜੋ ਭੌਤਿਕ ਹੈ ਉਸ ਵਿਚ ਨੈਤਿਕ ਜਾਂ ਰੂਹਾਨੀ ਸੰਭਾਵਨਾਵਾਂ ਹਮੇਸ਼ਾ ਮੌਜੂਦ ਰਹਿੰਦੀਆਂ ਹਨ ਤੇ ਜੋ ਨੈਤਿਕ ਹੋਣ ਦਾ ਦਾਅਵਾ ਕਰਦਾ ਹੈ ਉਹ ਕਦੇ ਵੀ ਭੌਤਿਕ ਅਰਥਾਂ ਤੱਕ ਸਿਮਟ ਕੇ ਰਹਿ ਸਕਦਾ ਹੈ। ਨਾਂ ਵਰਤਣਾ ਉਤਰਆਧੁਨਿਕ ਚਿੰਤਨ ਦਾ ਤੇ ਉਲਝੇ ਹੋਣਾ ਦੇਕਾਰਤੀ ਦਵੈਤ ਵਿਚ, ਕਿਸੇ ਨੇ ਕਦੇ ਵੇਖਿਆ ਹੈ ਐਹੋ ਜਿਹਾ ਜਲੂਸ? ਪੰਜਾਬੀ ਕਾਮਰੇਡਾਂ ਦੀਆਂ ਲਿਖਤਾਂ ਪੜ੍ਹ ਲਓ, ਦਹਾਕਿਆਂ ਤੋਂ ਇਹੋ ਕੜ੍ਹੀ ਘੋਲੀ ਜਾ ਰਹੀ ਹੈ।

ਰਹੀ ਗੱਲ ਸਿੱਖੀ ਦੀ, ਆਪਣੀ ਦਲੀਲ ਬਣਾਉਂਦਿਆਂ ਲੇਖਕ ਇਸ ਮਨੌਤ ਤੇ ਨਿਰਭਰ ਕਰਦਾ ਹੈ ਕਿ ਸਿੱਖੀ ਕੋਈ ਨਿਰਗੁਣ ਭਗਤੀ ਧਾਰਾ ਵਾਲੀ ਲਹਿਰ ਹੈ। ਜਦੋਂ ਕਿ ਇਸ ਦੇ ਉਲਟ ਸਿੱਖੀ ਹੈ ਹੀ ਨਿਰਗੁਣ ਤੇ ਸਰਗੁਣ ਦੇ ਭੇਦ ਨੂੰ ਖ਼ਤਮ ਕਰਨ ਦਾ ਨਾਂ। ਸਿੱਖੀ ਦਾ ਅਹਿਮ ਯੋਗਦਾਨ ਇਹ ਹੈ ਕਿ ਸਰਗੁਣ ਨੂੰ ਛੁਟਿਆਉਣ ਦੀ ਲੋੜ ਨਹੀਂ। ਇਹ ਵੀ ਅਸਲ ਵਿਚ ਨਿਰਗੁਣ ਦਾ ਹੀ ਰੂਪ ਹੈ। ਨਿਰਗੁਣ ਤੇ ਸਰਗੁਣ ਦੋ ਵਿਰੋਧੀ ਇਕਾਈਆਂ ਜਾਂ ਸੰਕਲਪ ਨਹੀਂ। ਜੀਵਨ ਦੀ ਖੇਡ ਦੇ ਦੋ ਪਹਿਲੂ ਹਨ। ਗੁਰੂ ਸਾਹਿਬਾਨ ਨੇ ਜਦੋਂ ਸਿੱਖੀ ਸਾਜੀ ਤਾਂ ਇਹ ਕਦੇ ਵੀ ਮਹਿਜ਼ ਸਿਧਾਂਤਕ ਵਿਚਾਰ ਪ੍ਰਵਾਹ ਨਹੀਂ ਸੀ। ਸਗੋਂ ਇਸ ਦੇ ਉਲਟ ਚੱਲ ਰਹੇ ਜੀਵਨ ਪ੍ਰਵਾਹਾਂ ਦੇ ਸਮਾਨਅੰਤਰ ਇਕ ਨਵਾਂ ਤੇ ਨਿਰਾਲਾ ਜੀਵਨ ਪ੍ਰਵਾਹ ਸੀ। ਇਹ ਸਥਾਪਤ ਧਾਰਮਿਕ, ਸਿਆਸੀ, ਸਮਾਜਿਕ ਤੇ ਆਰਥਿਕ ਸੰਸਥਾਵਾਂ ਦੇ ਮੁਕਾਬਲੇ ਸੰਸਥਾਈਕਰਨ ਦਾ ਇਕ ਨਵਾਂ ਅਮਲ ਸੀ, ਜਿਸ ਤਹਿਤ ਗੁਰੂ ਸਾਹਿਬਾਨ ਨੇ ਸ਼ਹਿਰ ਵਸਾਏ, ਨਵੇਂ ਸਾਹਿਤ ਤੇ ਸੰਗੀਤ ਦੇ ਪ੍ਰਫੁੱਲਤ ਹੋਣ ਲਈ ਆਧਾਰ ਤੇ ਮਾਹੌਲ ਮੁਹੱਈਆ ਕਰਵਾਏ, ਨਵੀਂ ਲਿਪੀ ਤਿਆਰ ਕੀਤੀ, ਸਿੱਖਿਆ ਦੇ ਨਵੇਂ ਕੇਂਦਰ ਖੋਲ੍ਹੇ ਤੇ ਸਭ ਤੋਂ ਵੱਡੀ ਗੱਲ ਦੁਨਿਆਵੀ ਬਾਦਸ਼ਾਹੀਆਂ ਦੇ ਪ੍ਰਭਾਵ ਤੋਂ ਆਜ਼ਾਦ ਸੱਚੇ ਪਾਤਸ਼ਾਹ ਦਾ ਦਰਬਾਰ ਸਥਾਪਤ ਕੀਤਾ। ਇਸ ਸਾਰੇ ਅਮਲ ਦਾ ਇਕ ਨਿਰਗੁਣ ਪਹਿਲੂ ਜ਼ਰੂਰ ਹੈ ਪਰ ਇਸ ਦੇ ਸਰਗੁਣ ਪੱਖ ਨੂੰ ਕਦੇ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬਾਨ ਨੇ ਮੀਰੀ-ਪੀਰੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਦੀ ਸਿਰਜਣਾ ਕੀਤੀ, ਫ਼ੌਜਾਂ ਜਥੇਬੰਦ ਕੀਤੀਆਂ, ਕਿਲੇ ਬਣਾਏ, ਜੁੱਧ ਲੜੇ ਤੇ ਸਥਾਪਤ ਅਮਲਾਂ ਦੀ ਅਸਲੀਅਤ ਉਘਾੜ ਕੇ ਲੋਕਾਂ ਸਾਹਮਣੇ ਪੇਸ਼ ਕਰਦੇ ਹੋਏ ਉਨ੍ਹਾਂ ਨੂੰ ਉਸ ਦਾ ਬਦਲ ਮੁਹੱਈਆ ਕਰਵਾਇਆ।

ਲੇਖਕ ਇਹ ਗੱਲ ਕਿਉਂ ਨਜ਼ਰਅੰਦਾਜ਼ ਕਰਦਾ ਹੈ ਕਿ ਗੁਰੂ ਸਾਹਿਬਾਨ ਨੇ ਖਾਲਸੇ ਨੂੰ ਪ੍ਰਭੁਸੱਤਾ ਸੰਪੰਨ ਸੁਰਤਿ ਦਾ ਮਾਲਕ ਬਣਾਇਆ ਤੇ ਉਸ ਦੀ ਰੂਹਾਨੀਅਤ ਵਿਚ ਹੀ ਇਹ ਨਿਹਿਤ ਕੀਤਾ ਕਿ ਉਹ ਦੁਨੀਆਂ ਦੇ ਦੁੱਖਾਂ ਨਾਇਨਸਾਫ਼ੀਆਂ ਤੇ ਹਨੇਰਗਰਦੀਆਂ ਨੂੰ ਇਕ ਵਿਰਕਤ ਸਾਧੂ ਵਾਂਗ ਅੱਖੋਂ ਪਰੋਖੇ ਨਾ ਕਰੇ ਬਲਕਿ ਲੋਕਾਂ ਦੇ ਨਾਲ ਖੜਦਿਆਂ ਇਨਸਾਫ਼ ਸਥਾਪਤ ਕਰਨ ਲਈ ਜੂਝੇ। ਉਸ ਖਾਲਸੇ ਲਈ ਕਿਸੇ ਵੀ ਸਥਾਪਤੀ ਦੀ ਗ਼ੁਲਾਮੀ ਸਵੀਕਾਰ ਕੀਤੇ ਬਗ਼ੈਰ ਆਪਣਾ ਧਾਰਮਿਕ-ਰਾਜਸੀ-ਸਮਾਜਿਕ ਪਸਾਰ ਸਿਰਜਣਾ ਜ਼ਰੂਰੀ ਹੈ।

ਇਸ ਦੇ ਉਲਟ ਪ੍ਰਿੰ. ਪਰਾਗ ਇਹ ਆਖਦੇ ਹਨ ਕਿ ਪ੍ਰਭੁਸੱਤਾ ਸੀਮਤ ਕੀਤੀ ਜਾਵੇ। ਇਸਦਾ ਕੀ ਅਰਥ ਹੈ ਕਿ ਲੋਕ ਸਥਾਪਤ ਮਹਾਂਬਿਰਤਾਂਤਾਂ ਦੀ ਹਿੰਸਾ ਵਿਚ ਕੁਚਲੇ ਤੇ ਮਾਰੇ ਜਾਂਦੇ ਰਹਿਣ? ਜਿਸ ਭਾਰਤੀਅਤਾ ਦੀ ਉਹ ਗੱਲ ਕਰ ਰਹੇ ਹਨ ਉਹ ਇਕ ਆਧੁਨਿਕ ਘਾੜਤ ਹੈ ਤੇ ਜਿਸ ਭਾਰਤ ਨੂੰ ਉਹ ਸ਼ਾਂਤੀ ਤੇ ਸਹਿਹੋਂਦ ਦੇ ਕੇਂਦਰ ਵਜੋਂ ਵਡਿਆ ਕੇ ਪੇਸ਼ ਕਰ ਰਹੇ ਹਨ, ਉਹ ਅਸਲ ਵਿਚ ਘੋਰ ਜ਼ੁਲਮ ਅਤੇ ਧਾਰਮਿਕ ਤੇ ਭਾਈਚਾਰਕ ਅਸਹਿਣਸ਼ੀਲਤਾ ਦਾ ਅੱਡਾ ਹੈ। ਇਹ ਭਾਰਤਵਰਸ਼ ਸ਼ੰਕਰ ਵੱਲੋਂ ਬੋਧੀਆਂ ਦੇ ਸਮੂਹਿਕ ਘਾਣ ਤੋਂ ਲੈ ਕੇ ਅੱਜ ਤੱਕ ਘੱਟ ਗਿਣਤੀਆਂ 'ਤੇ ਅਸਹਿ ਤੇ ਅਕਹਿ ਜ਼ੁਲਮ ਢਾਹੁਣ ਲਈ ਤੇ ਉਨ੍ਹਾਂ ਨੂੰ ਬੇਕਿਰਕੀ ਨਾਲ ਮਾਰ ਮੁਕਾਉਣ ਲਈ ਜਾਣਿਆ ਜਾਂਦਾ ਹੈ। ਦੂਜੇ ਦੇਸ਼ਾਂ ਦੇ ਦੁਖੀ ਲੋਕਾਂ ਨੂੰ ਭਾਰਤ ਵਿਚ ਸ਼ਾਂਤੀ ਨਾਲ ਵੱਸਣ ਤੇ ਵਿਗਸਣ ਦਾ ਮੌਕਾ ਨਹੀਂ ਮਿਲਦਾ ਜਿਵੇਂ ਕਿ ਪ੍ਰਿੰ. ਪਰਾਗ ਦਾਅਵਾ ਕਰਦੇ ਹਨ, ਸਗੋਂ ਇਸ ਦੇ ਉਲਟ ਬੋਧੀ ਲੋਕ ਤਿੱਬਤ, ਚੀਨ, ਬਰਮਾ, ਮਲੇਸ਼ੀਆ, ਥਾਈਲੈਂਡ, ਸ੍ਰੀਲੰਕਾ ਤੇ ਜਪਾਨ ਆਦਿਕ ਹਰ ਜਗ੍ਹਾ ਸ਼ਾਂਤੀ ਨਾਲ ਵਸੇ ਤੇ ਵਿਗਸੇ ਪਰ ਇਸ ਭਾਰਤ ਵਿਚੋਂ, ਜਿੱਥੇ ਬੁੱਧ ਧਰਮ ਪੈਦਾ ਹੋਇਆ ਸੀ, ਬਿਲਕੁਲ ਲੁਪਤ ਹੋ ਗਏ। ਕਿਉਂ? ਕਿਉਂਕਿ ਸਿੱਖਾਂ ਵਾਂਗ ਬੋਧੀਆਂ ਦਾ ਵੀ ਸ਼ਰੇਆਮ ਤੇ ਅੰਨ੍ਹੇਵਾਹ ਕਤਲੇਆਮ ਕੀਤਾ ਗਿਆ।

ਇਸ ਲਈ, ਕਿਸੇ ਵੀ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਇਹ ਹੱਕ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਆਪਣੇ ਧਾਰਮਿਕ ਸਿਧਾਂਤਾਂ ਅਤੇ ਰੂਹਾਨੀ ਅਨੁਭਵ ਦੀ ਰੌਸ਼ਨੀ ਵਿਚ ਢਾਲ ਸਕਣ। ਅਜਿਹਾ ਕਰਨ ਲਈ ਇੱਕ ਵੱਖਰੇ ਸਭਿਆਚਾਰਕ ਪਸਾਰ ਦੀ ਲੋੜ ਹੈ ਜੋ ਆਜ਼ਾਦ ਪ੍ਰਭੁਸੱਤਾ ਸੰਪੰਨ ਮੁਲਕ ਬਗ਼ੈਰ ਸੰਭਵ ਨਹੀਂ ਹੋ ਸਕਦਾ।

ਅਖੀਰ ਵਿਚ ਮੈਂ ਪ੍ਰਿੰ. ਪਰਾਗ ਦਾ ਧੰਨਵਾਦ ਕਰਨਾ ਚਾਹਾਂਗਾ ਕਿਉਂਕਿ ਸਭ ਅਸਹਿਮਤੀਆਂ ਦੇ ਬਾਵਜੂਦ ਉਨ੍ਹਾਂ ਦੇ ਲੇਖ ਸਦਕਾ ਇੱਕ ਸੰਜੀਦਾ ਵਿਚਾਰ ਚਰਚਾ ਦਾ ਮੌਕਾ ਹਾਸਲ ਹੋਇਆ ਹੈ। ਇਸ ਤੋਂ ਪਹਿਲਾਂ ਚੱਲਦੀਆਂ ਰਹੀਆਂ ਨਿੱਜੀ ਹਮਲਿਆਂ ਨਾਲ ਭਰੀਆਂ ਹੋਈਆਂ ਬਹਿਸਾਂ ਵਿਚ ਹਿੱਸਾ ਲੈ ਸਕਣਾ ਔਖਾ ਸੀ। ਗੋਸ਼ਟਿ ਦਾ ਸਿਹਤਮੰਦ ਲੀਹਾਂ 'ਤੇ ਤੁਰੇ ਰਹਿਣਾ ਸਾਡੇ ਸਾਰਿਆਂ ਲਈ ਭਾਰੀ ਮਹੱਤਵ ਰੱਖਦਾ ਹੈ।

---

## ਜੋ ਖੁਦ ਹਨੇਰੇ 'ਚ ਹੈ...

ਬਣਾ ਲਵੇ।

ਹਿੰਦੂ ਤੁਰਕ ਕੀ ਕਾਣ ਮੇਟਣਾ ਖਾਲਸੇ ਦਾ ਆਦਰਸ਼ ਹੈ। ਪਰ ਇਥੇ ਤਾਂ ਅਖ਼ਬਾਰੀ ਨਸੀਹਤਾਂ ਨੇ ਖਾਲਸੇ ਨੂੰ ਹੀ ਕਾਣਾ ਕੀਤਾ ਹੋਇਆ ਹੈ। ਪੱਤਰਕਾਰ ਜੀ ਨੂੰ ਗੁਜ਼ਾਰਿਸ਼ ਹੈ ਕਿ ਸਿੱਖੀ ਦਾ ਮਰਮ ਸਮਝੇ ਬਗ਼ੈਰ, ਐਵੇਂ ਤੈਸ਼ ਵਿਚ ਆ ਕੇ ਕਿਸੇ ਗਰੀਬ ਨੂੰ ਖਾੜਕੂਆਂ ਦੀਆਂ ਨਜ਼ਰਾਂ 'ਚ ਚਾੜ੍ਹਨਾ ਸਿੱਖੀ ਦੀ ਸੇਵਾ ਨਹੀਂ ਹੈ। ਸਿਆਣਾ ਬਾਪ ਉਹੀ ਹੈ ਜੋ ਆਪਣੇ ਬੱਚਿਆਂ ਦੀ ਚੰਗੀ ਗੱਲ ਲਈ ਸ਼ਾਬਾਸ਼ ਦਿੰਦਾ ਹੈ ਅਤੇ ਮਾੜੀ ਹਰਕਤ ਤੋਂ ਵਰਜਦਾ ਹੈ। ਵਰਜਣ ਵਾਲੇ ਬਾਪ ਦੇ ਖ਼ਿਲਾਫ਼ ਬੱਚਿਆਂ ਨੂੰ ਭੜਕਾਉਣਾ ਸਿੱਖੀ ਨਹੀਂ ਹੈ।

ਖਾੜਕੂ ਦਾ ਅਰਥ ਖੜਕਣਾ ਜਾਂ ਖੜਕਾਉਣਾ ਹੀ ਨਹੀਂ ਸਗੋਂ ਤਿਆਰ ਬਰ ਤਿਆਰ ਜਾਂ ਤੁਰਤ ਫ਼ੁਰਤ ਹੋਣਾ ਹੈ। ਦੇਹ ਪੱਖੋਂ ਹੀ ਨਹੀਂ ਸੁਰਤੀ ਪੱਖੋਂ ਵੀ। ਪਤਾ ਨਹੀਂ ਖਾੜਕੂਆਂ ਦੀ ਇਹ ਕਿਹੜੀ ਕਿਸਮ ਹੋਈ, ਜਿਨ੍ਹਾਂ ਨੂੰ ਇਹ ਵੀ ਪਤਾ ਨਾ ਲੱਗਾ ਕਿ ਜਦੋਂ ਵੋਟ ਤੰਤਰ ਦਾ ਰਾਹ ਅਪਨਾ ਕੇ ਕੁਝ ਹਾਸਲ ਹੋ ਸਕਣ ਦੇ ਹਲਾਤ ਅਤੇ ਉਮੀਦ ਸੀ, ਉਦੋਂ ਕਿਹੜੇ ਪੱਤਰਕਾਰ ਨੇ ਉਨ੍ਹਾਂ ਨੂੰ ਹਨੇਰੇ 'ਚ ਰੱਖ ਕੇ, ਉਨ੍ਹਾਂ ਵਲੋਂ ਚੋਣਾਂ ਦੇ ਬਾਈਕਾਟ ਦਾ ਬਿਆਨ ਦਾਗ਼ ਕੇ, ਆਉਂਦੇ ਸਾਲਾਂ ਵਿਚ, ਸਮੂਹ ਖਾੜਕੂਆਂ ਨੂੰ ਬਲਦੀ ਦੇ ਬੂਥੇ ਝੋਕ ਦਿਤਾ। ਆਪਣੀ ਹਉਮੈਂ ਵਿਚ ਹਨ੍ਹੇਰਾ ਢੋਣਾ ਸੇਵਾ ਨਹੀਂ। ਸਾਜ਼ਬਾਜ਼ ਬੇੜੀਆਂ ਤਾਰਦੇ ਨਹੀਂ ਡੋਬਦੇ ਹਨ। ਪੱਤਰਕਾਰ ਦਾ ਪ੍ਰਤੀਕਰਮ ਪੜ੍ਹ ਕੇ ਪਾਤਰ ਦੀ ਪੁਸਤਕ ਨੇ ਇਵੇਂ ਖ਼ਬਰਦਾਰ ਕੀਤਾ:

ਜੋ ਜਗੇ ਉਸਦਾ ਨਿਸ਼ਾਨਾ ਬੰਨ੍ਹਦਾ,
ਰਾਤ ਦਾ ਹਾਕਮ ਨਿਸ਼ਾਨੇਬਾਜ਼ ਹੈ।

# ਕਿੱਥੇ ਲਿਖਿਆ ਗਿਆ ਸੀ ਬੇਦਾਵਾ?

ਖਾਲਸਾ ਪੰਥ

***ਆਮ ਵਿਸ਼ਵਾਸ ਹੈ ਕਿ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਘੇਰਾ ਪੈਣ ਪਿਛੋਂ ਭਾਈ ਮਹਾਂ ਸਿੰਘ ਅਤੇ ਉਨ੍ਹਾਂ ਦੇ ਕੁਝ ਸਾਥੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਦੇ ਕੇ ਚਲੇ ਆਏ। ਬਾਅਦ ਵਿਚ ਮਾਈ ਭਾਗੋ ਦੇ ਮਿਹਣਾ ਦੇਣ ਉਤੇ ਇਨ੍ਹਾਂ ਸਿੰਘਾਂ ਨੇ ਮੁਗਲ ਫੌਜਾਂ ਨਾਲ ਡਟ ਕੇ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪਾਈਆਂ। ਇਹ ਵੀ ਵਿਸ਼ਵਾਸ ਹੈ ਕਿ ਇਸ ਮੌਕੇ ਖਿਦਰਾਣੇ ਦੀ ਢਾਬ ਉਤੇ ਲੜਾਈ ਖਤਮ ਹੋਣ ਉਪਰੰਤ ਦਸ਼ਮੇਸ਼ ਪਿਤਾ ਨੇ ਭਾਈ ਮਹਾਂ ਸਿੰਘ ਦੀ ਬੇਨਤੀ 'ਤੇ ਬੇਦਾਵਾ ਪਾੜਿਆ। ਪਰ ਇਹ ਵਿਸ਼ਵਾਸ ਤਰਕ ਉਪਰ ਪੂਰਾ ਨਹੀਂ ਉਤਰਦਾ। ਇਹੋ ਗੱਲ ਇਸ ਲੇਖ ਵਿਚ ਲੇਖਕ ਨੇ ਕੀਤੀ ਹੈ। -ਸੰਪਾਦਕ***

**ਡਾ. ਅਮਨਦੀਪ ਸਿੰਘ ਟੱਲੇਵਾਲੀਆ**

ਸਿੱਖ ਇਤਿਹਾਸ ਵਿਚ ਬੇਸ਼ੱਕ ਮਾਘੀ ਦਾ ਕੋਈ ਜ਼ਿਆਦਾ ਮਹੱਤਵ ਨਹੀਂ ਪਰ ਜਦੋਂ ਮੁਕਤਸਰ ਦੀ ਮਾਘੀ ਦਾ ਜ਼ਿਕਰ ਆਉਂਦਾ ਹੈ ਤਾਂ ਬੇਦਾਵਾ ਪਾੜਨ ਦੀ ਗੱਲ ਜ਼ਰੂਰ ਤੁਰਦੀ ਹੈ। ਮੁਕਤਸਰ ਦੀ ਜੰਗ ਭਾਵੇਂ ਵੈਸਾਖ ਵਿਚ ਹੋਈ ਸੀ ਪਰ ਉਨ੍ਹਾਂ ਦਿਨਾਂ ਵਿਚ ਗਰਮੀ ਜ਼ਿਆਦਾ ਹੋਣ ਕਰਕੇ ਪਾਣੀ ਦੀ ਘਾਟ ਹੁੰਦੀ ਸੀ। ਇਸੇ ਲਈ ਇਹ ਮੇਲਾ ਮਾਘ ਦੀ ਸੰਗਰਾਂਦ ਵਾਲੇ ਦਿਨ ਲੱਗਣਾ ਸ਼ੁਰੂ ਹੋ ਗਿਆ। ਅੱਜ-ਕੱਲ੍ਹ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਮੁਕਤਸਰ ਵਿਖੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਦੋ ਦਿਨ ਮਨਾਏ ਜਾਂਦੇ ਹਨ। ਪਹਿਲਾ, ਇਕ ਮਾਘ ਨੂੰ ਮਾਘੀ ਦਾ ਮੇਲਾ ਲੱਗਦਾ ਹੈ ਅਤੇ ਫਿਰ 21 ਵੈਸਾਖ ਭਾਵ 3 ਜਾਂ 4 ਮਈ ਨੂੰ ਮੁਕਤਸਰ ਦੇ ਸ਼ਹੀਦਾਂ ਦਾ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ। ਮੁਕਤਸਰ ਵਿਖੇ ਬੇਦਾਵਾ ਪਾੜਨ ਦਾ ਜ਼ਿਕਰ ਤਾਂ ਅਸੀਂ ਪੜ੍ਹਦੇ-ਸੁਣਦੇ ਹਾਂ ਪਰ ਜਦੋਂ ਇਤਿਹਾਸ ਵਿਚ ਆਨੰਦਪੁਰ ਸਾਹਿਬ ਵਿਖੇ ਬੇਦਾਵਾ ਲਿਖਣ ਦਾ ਜ਼ਿਕਰ ਆਉਂਦਾ ਹੈ ਤਾਂ ਮਨ ਵਿਚ ਕਈ ਸਵਾਲ ਸਹਿਜੇ ਹੀ ਆ ਜਾਂਦੇ ਹਨ:

1. ਕੀ ਗੁਰੂ ਦੇ ਸਿੱਖ ਐਨੇ ਹੀ ਗਏ ਗੁਜ਼ਰੇ ਸਨ ਜੋ ਭੁੱਖ ਹੱਥੋਂ ਹਾਰ ਕੇ ਗੁਰੂ ਜੀ ਤੋਂ ਬੇਮੁੱਖ ਹੋ ਗਏ।

2. ਆਨੰਦਪੁਰ ਸਾਹਿਬ ਦਾ ਕਿਲ੍ਹਾ ਆਨੰਦਗੜ੍ਹ ਜਿਸ ਨੂੰ ਕਾਫੀ ਲੰਮੇ ਸਮੇਂ ਤੋਂ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਘੇਰ ਰੱਖਿਆ ਸੀ, ਉਸ ਘੇਰੇ ਵਿਚੋਂ ਚਾਲੀ ਸਿੰਘ ਕਿਵੇਂ ਬਚ ਕੇ ਨਿਕਲ ਸਕਦੇ ਸਨ?

3. ਜਿਸ ਕਾਗਜ਼ ਉਪਰ ਬੇਦਾਵਾ ਲਿਖਿਆ ਗਿਆ, ਗੁਰੂ ਗੋਬਿੰਦ ਸਿੰਘ ਨੇ ਉਸ ਕਾਗਜ਼ ਨੂੰ ਐਨਾ ਚਿਰ ਕਿਵੇਂ ਸੰਭਾਲ ਕੇ ਰੱਖਿਆ, ਉਹ ਵੀ ਆਪਣੇ ਅੰਗ-ਰੱਖੇ ਵਿਚ, ਜਦੋਂ ਕਿ ਸਰਸਾ ਨਦੀ ਪਾਰ ਕਰਨ ਲੱਗਿਆ ਕਿੰਨੇ-ਕਿੰਨੇ ਪਾਣੀ ਵਿਚੋਂ ਲੰਘਣਾ ਪਿਆ। ਕੀ ਉਹ ਕਾਗਜ਼ ਦਾ ਟੁਕੜਾ ਪਾਣੀ ਨਾਲ ਗਲਿਆ ਨਹੀਂ? ਜੇ ਇਹ ਵੀ ਮੰਨ ਲਈਏ ਕਿ ਗੁਰੂ ਸਾਹਿਬ ਨੇ ਉਸ ਕਾਗਜ਼ ਨੂੰ ਆਪਣੀ ਦਸਤਾਰ ਵਿਚ ਛੁਪਾ ਰੱਖਿਆ ਸੀ, ਚਮਕੌਰ ਸਾਹਿਬ ਦੀ ਜੰਗ ਮਗਰੋਂ ਮਾਛੀਵਾੜੇ ਦੀ ਧਰਤੀ ਤੋਂ 'ਨੀਲਾ ਬਾਣਾ' ਪਹਿਨਣ ਲੱਗਿਆਂ ਉਸ ਕਾਗਜ਼ ਦੇ ਟੁਕੜੇ ਦਾ ਜ਼ਿਕਰ ਇਤਿਹਾਸ ਵਿਚ ਜ਼ਰੂਰ ਹੋਣਾ ਚਾਹੀਦਾ ਸੀ ਪਰ ਬੇਦਾਵਾ ਲਿਖਣ ਤੋਂ ਬੇਦਾਵਾ ਪਾੜ੍ਹਨ ਦਾ ਜ਼ਿਕਰ ਹੀ ਪੜ੍ਹਨ ਨੂੰ ਮਿਲਦਾ ਹੈ ਪਰ ਕਿਸ ਤਰ੍ਹਾਂ ਗੁਰੂ ਸਾਹਿਬ ਨੇ ਅਜਿਹੇ ਔਖੇ ਸਮੇਂ ਬੇਦਾਵਾ ਸੰਭਾਲ ਕੇ ਰੱਖਿਆ? ਕੋਈ ਫੈਸਲਾ ਕਰਨਾ ਅਸੰਭਵ ਹੈ।

4. ਆਨੰਦਪੁਰ ਸਾਹਿਬ ਵਿਖੇ ਬੇਦਾਵਾ ਲਿਖਣ ਵਾਲੇ ਕਿਸੇ ਇਕ ਵੀ ਸਿੱਖ ਦਾ ਨਾਂ ਇਤਿਹਾਸ ਵਿਚ ਨਹੀਂ ਮਿਲਦਾ, ਆਖਰ ਵਿਚ ਮਹਾਂ ਸਿੰਘ ਦਾ ਨਾਂ ਹੀ ਆਉਂਦਾ ਹੈ ਜਿਸ ਨੇ ਗੁਰੂ ਸਾਹਿਬ ਨੂੰ ਬੇਦਾਵਾ ਪਾੜਨ ਦੀ ਬੇਨਤੀ ਕੀਤੀ। ਜਿਵੇਂ ਅੱਠਵੀਂ ਜਮਾਤ ਦੀ ਪੁਸਤਕ ਵਿਚ ਹੀ ਇਹ ਪੜ੍ਹਨ ਨੂੰ ਮਿਲ ਜਾਂਦਾ ਹੈ ਕਿ ਚਾਲੀ ਸਿੰਘ ਜੋ ਆਨੰਦਪੁਰ ਸਾਹਿਬ ਦੀ ਜੰਗ ਸਮੇਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਆ ਗਏ ਸਨ ਪਰ ਜਦ ਘਰ ਪਹੁੰਚੇ ਤਾਂ ਉਨ੍ਹਾਂ ਦੀਆਂ ਸਿੰਘਣੀਆਂ ਨੇ ਉਨ੍ਹਾਂ ਦੀ ਕਾਫੀ ਝਾੜਝੰਬ ਕੀਤੀ। ਅੰਤ ਉਹ ਸਿੰਘ ਮਾਈ ਭਾਗੋ ਦੀ ਕਮਾਨ ਹੇਠ ਖਿਦਰਾਣੇ ਦੀ ਢਾਬ ਉਤੇ ਮੁਗ਼ਲ ਫੌਜ ਵਿਰੁਧ ਲੜੇ ਤੇ ਜਿੱਤ ਪ੍ਰਾਪਤ ਕੀਤੀ।

ਇਨ੍ਹਾਂ ਪ੍ਰਸ਼ਨਾਂ ਦੇ ਉਤਰ ਲੱਭਦਿਆਂ ਹੀ ਬਹੁਤ ਸਾਰੇ ਇਤਿਹਾਸਕਾਰਾਂ ਨੇ ਬੇਦਾਵਾ ਲਿਖਣ ਦੀ ਘਟਨਾ ਨੂੰ ਆਨੰਦਪੁਰ ਸਾਹਿਬ ਵਿਖੇ ਨਹੀਂ ਮੰਨਿਆ। ਨਿਰੰਜਣ ਸਿੰਘ ਸਾਥੀ ਨੇ ਆਪਣੇ ਲਿਖੇ ਲੜੀਵਾਰ ਇਤਿਹਾਸਕ ਲੇਖਾਂ ਵਿਚ ਬਹੁਤ ਸਾਰੀਆਂ ਕਿਤਾਬਾਂ ਦੇ ਹਵਾਲੇ ਦਿੱਤੇ ਹਨ ਜਿਨ੍ਹਾਂ ਵਿਚ ਪ੍ਰੋ. ਕਰਤਾਰ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ ਅਤੇ ਗਿਆਨੀ ਸੋਹਣ ਸਿੰਘ ਸੀਤਲ ਨੇ ਬੜੀ ਡੂੰਘੀ ਸੋਚ ਵਿਚਾਰ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਬੇਦਾਵਾ ਆਨੰਦਪੁਰ ਸਾਹਿਬ ਵਿਖੇ ਨਹੀਂ ਲਿਖਿਆ ਗਿਆ। ਇਸੇ ਤਰ੍ਹਾਂ ਪ੍ਰੋ. ਸਾਹਿਬ ਸਿੰਘ ਨੇ, ਅੰਗਰੇਜ਼ੀ ਵਿਚ ਲਿਖੀ ਆਪਣੀ ਪੁਸਤਕ ਗੁਰੂ ਗੋਬਿੰਦ ਸਿੰਘ ਅਤੇ ਪ੍ਰਿੰਸੀਪਲ ਸਤਬੀਰ ਸਿੰਘ ਨੇ ਵੀ ਆਪਣੀ ਪੁਸਤਕ 'ਪੁਰਖ ਭਗਵੰਤ' (ਜੀਵਨੀ ਗੁਰੂ ਗੋਬਿੰਦ ਸਿੰਘ) ਵਿਚ ਆਨੰਦਪੁਰ ਸਾਹਿਬ ਵਿਖੇ ਬੇਦਾਵਾ ਲਿਖਣ ਦੀ ਨਹੀਂ ਸਗੋਂ ਮਾੜੀ ਘਟਨਾ ਵਾਪਰਨ ਦੀ ਜ਼ਿੰਮੇਵਾਰੀ ਲੈਣ ਵਾਲਾ ਇਕਰਾਰਨਾਮਾ ਲਿਖਣ ਦੀ ਹੀ ਗੱਲ ਕੀਤੀ ਹੈ। ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਡਾ. ਗੁਰਚਰਨ ਸਿੰਘ ਨਈਅਰ ਆਪਣੀ ਪੁਸਤਕ 'ਸਿੱਖਸ ਇਨ ਫਰਮੈਂਟ' (ਬੈਟਲਜ਼ ਆਫ ਦੀ ਸਿੱਖ ਗੁਰੂਜ਼) ਵਿਚ ਆਨੰਦਪੁਰ ਸਾਹਿਬ ਵਿਖੇ ਬੇਦਾਵੇ ਦੀ ਰਵਾਇਤ ਨੂੰ ਪੜਤਾਲਯੋਗ ਕਹਿੰਦੇ ਹਨ। ਡਾ. ਸੰਗਤ ਸਿੰਘ ਆਪਣੀ ਪੁਸਤਕ ਦੀ 'ਸਿੱਖਸ ਇਨ ਹਿਸਟਰੀ' ਵਿਚ ਆਨੰਦਪੁਰ ਸਾਹਿਬ ਵਿਖੇ ਬੇਦਾਵੇ ਨੂੰ ਸ਼ੰਕਿਆਂ ਭਰਪੂਰ ਆਖਦੇ ਹਨ।

ਪਰ ਇਹ ਰੀਤ ਕਿਉਂ ਪ੍ਰਚਲਿਤ ਹੋ ਗਈ?

ਸੋਹਣ ਸਿੰਘ ਸੀਤਲ ਆਪਣੀ ਕਿਤਾਬ 'ਮਨੁੱਖਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ' ਦੇ ਪੰਨਾ ਨੰਬਰ 222 ਉਤੇ ਇਸ ਘਟਨਾ ਦਾ ਜ਼ਿਕਰ ਕਰਦੇ ਹਨ ਜੋ ਹੂਬਹੂ ਇਸ ਤਰ੍ਹਾਂ ਹੈ:

ਗੁਰੂ ਗੋਬਿੰਦ ਸਿੰਘ ਜੀ ਬਾਰੇ ਸਭ ਤੋਂ ਪੁਰਾਣੀ ਇਤਿਹਾਸਕ ਪੁਸਤਕ 'ਸ੍ਰੀ ਗੁਰੂ ਸੋਭਾ' ਮਿਲਦੀ ਹੈ। ਜੋ ਗੁਰੂ ਮਹਾਰਾਜ ਦੇ ਹਜ਼ੂਰੀ ਕਵੀ 'ਸੈਨਾਪਤੀ' ਦੀ ਰਚਨਾ ਹੈ। ਇਸ ਪੁਸਤਕ ਦੇ ਗਿਆਰਵੇਂ ਅਧਿਆਏ ਵਿਚ ਇਸ ਘਟਨਾ ਬਾਰੇ ਇਉਂ ਲਿਖਿਆ ਹੈ:

ਸਤਿਗੁਰ ਕਹੀ, ਸੁਨੋ ਬਿਧਿ ਸਾਈ।
ਬੁਰੀ ਹੋਤ, ਤੁਮਰੇ ਸਿਰ ਭਾਈ।
ਯਉ ਸਬ ਸੋ ਤਉ ਹਦ ਲਿਖਵਾਏ।
ਹੋਹੁ ਤਯਾਰ, ਤਬੈ ਫੁਰਮਾਏ।


ਆਗੂ ਹੋਣ ਦੀ ਹੈਸੀਅਤ ਵਿਚ ਹਰ ਬੁਰੇ ਭਲੇ ਦੀ ਜ਼ਿੰਮੇਵਾਰੀ ਗੁਰੂ ਮਹਾਰਾਜ ਦੇ ਸਿਰ ਆਉਂਦੀ ਸੀ। ਇਸੇ ਵਾਸਤੇ ਉਹ ਆਨੰਦਪੁਰ ਛੱਡਣ ਦੇ ਹੱਕ ਵਿਚ ਨਹੀਂ ਸਨ ਪਰ ਗੁਰੂ ਮਹਾਰਾਜ ਨੇ ਸਿੱਖਾਂ ਵਿਚ 'ਲੋਕ ਰਾਏ' ਦਾ ਰਿਵਾਜ ਪਾਇਆ ਸੀ ਤੇ ਹਜ਼ੂਰ ਆਪ ਬਹੁਸੰਮਤੀ ਦੀ ਰਾਏ ਦੀ ਬੜੀ ਕਦਰ ਕਰਦੇ ਸਨ। ਇਹੀ ਕਾਰਨ ਹੈ ਕਿ ਗੁਰਦੇਵ ਬਹੁਸੰਮਤੀ (ਸਾਰੇ ਸਿੱਖਾਂ) ਦੀ ਰਾਏ ਨੂੰ ਰੱਦ ਨਾ ਕਰ ਸਕੇ। ਹਜ਼ੂਰ ਨੇ ਵਾਪਰਨ ਵਾਲੇ ਭਲੇ ਬੁਰੇ ਦੀ ਜ਼ਿੰਮੇਵਾਰੀ ਸਿੱਖਾਂ ਦੇ ਸਿਰ ਪਾਉਂਦਿਆਂ ਸਾਫ ਸ਼ਬਦਾਂ ਵਿਚ ਕਹਿ ਦਿੱਤਾ, 'ਬੁਰਾ ਹੋਤ, ਤੁਮਰੇ ਸਿਰ ਭਾਈ' (ਜੇ ਕੁਛ ਬੁਰਾ ਹੋਇਆ ਤਾਂ ਜ਼ਿੰਮੇਵਾਰੀ ਤੁਹਾਡੇ ਸਿਰ ਹੋਵੇਗੀ)। ਇਸ ਤੋਂ ਅਗਲੀ ਪੰਗਤੀ ਹੀ ਭੁਲੇਖਾ ਪਾਉਣ ਵਾਲੀ ਹੈ ਤੇ ਉਹ ਚੌਪਈ ਦੇ ਚਾਰੇ ਚਰਨ ਪੂਰੇ ਕਰਨ ਵਾਸਤੇ ਲਿਖੀ ਗਈ ਜਾਪਦੀ ਹੈ। ਨਹੀਂ ਤਾਂ ਸਿੱਧਾ ਪ੍ਰਸੰਗ ਤਾਂ ਇਉਂ ਹੀ ਜਚਦਾ ਹੈ। ਗੁਰੂ ਜੀ ਨੇ ਫੁਰਮਾਇਆ, "ਹੁਣ ਜੋ ਵੀ ਚੰਗੀ ਮਾੜੀ ਵਾਪਰੇ, ਉਸ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਹੋਵੇਗੀ॥ ਚਲੋ, ਤਿਆਰ ਹੋਵੋ।" (ਹੋਹੁ ਤਯਾਰ ਤਬੈ ਫੁਰਮਾਏ) ਗੁਰਦੇਵ ਨੇ ਸਿੱਖਾਂ ਦੀ ਬੇਨਤੀ ਮੰਨ ਲਈ ਤੇ ਸਾਰੇ ਤਿਆਰ ਹੋ ਕੇ ਆਨੰਦਪੁਰ ਛੱਡ ਤੁਰੇ।

ਉਸ ਭੁਲੇਖਾ ਪਾਊ ਪੰਗਤੀ (ਯਉ ਸਭ ਸੋ ਤਉ ਹਦ ਲਿਖਵਾਏ) ਵਿਚ 'ਹਦ ਲਿਖਵਾਏ' ਹੀ ਟਪਲਾ ਲਾਉਣ ਵਾਲੇ ਸ਼ਬਦ ਹਨ ਜਿਨ੍ਹਾਂ ਦੇ ਅਰਥ ਕਰਨ ਵਾਲਿਆਂ ਮੰਨ ਲਿਆ ਕਿ ਗੁਰੂ ਜੀ ਨੇ 'ਬੇਦਾਵਾ' ਲਿਖਵਾ ਲਿਆ। ਪਰ 'ਬੇਦਾਵਾ ਲਿਖਿਆ' ਮੰਨਣ ਵਾਲੇ ਕਹਿੰਦੇ ਹਨ ਕਿ ਕੁਝ ਸਿੱਖ (ਚਾਲੀ ਜਾਂ ਡੇਢ ਹਜ਼ਾਰ) ਬੇਦਾਵਾ ਦੇ ਕੇ ਗੁਰੂ ਜੀ ਦਾ ਸਾਥ ਛੱਡ ਕੇ ਚਲੇ ਗਏ। ਇਸ ਦੇ ਉਲਟ ਸੈਨਾਪਤੀ ਕਹਿੰਦਾ ਹੈ ਕਿ ਗੁਰੂ ਜੀ ਨੇ ਤਿਆਰੀ ਦਾ ਹੁਕਮ ਦੇ ਦਿੱਤਾ ਤੇ ਆਪ ਵੀ ਸਿੱਖਾਂ ਦੇ ਨਾਲ ਆਨੰਦਪੁਰ ਸਾਹਿਬ ਛੱਡ ਕੇ ਤੁਰ ਪਏ। ਭਾਵ ਸਾਰੇ ਸਿੱਖ ਗੁਰੂ ਜੀ ਨਾਲ ਹੀ ਰਹੇ, ਵਿਚੋਂ ਕੋਈ ਸਿੱਖ ਗੁਰੂ ਜੀ ਨੂੰ ਛੱਡ ਕੇ ਨਹੀਂ ਗਿਆ।

ਸੈਨਾਪਤੀ ਦੇ ਸ਼ਬਦ 'ਹਦ ਲਿਖਵਾਏ' ਕਵਿਤਾ ਦਾ ਤੁਕਾਂਤ ਤੇ ਚੌਪਈ ਦਾ ਚੌਥਾ ਚਰਨ ਪੂਰਾ ਕਰਨ ਵਾਸਤੇ ਕੇਵਲ ਭਰਤੀ ਵਜੋਂ ਜਾਪਦੇ ਹਨ। ਆਮ ਬੋਲਚਾਲ ਵਿਚ ਵੀ ਤਾਂ ਅਸੀਂ ਕਹਿੰਦੇ ਹਾਂ 'ਲਿਖਵਾ ਲੋ ਮੈਥੋਂ, ਇਹ ਗੱਲ ਜ਼ਰੂਰ ਹੋਵੇਗੀ' ਜਾਂ 'ਲਿਖ ਦਿਓ, ਕਿ ਇਹ ਗੱਲ ਨਹੀਂ ਹੋਵੇਗੀ।' 'ਇਹ ਲਿਖਵਾ ਲਓ' ਤੇ 'ਲਿਖ ਦਿਓ' ਰਸਮੀ ਸ਼ਬਦ ਹੁੰਦੇ ਹਨ ਜੋ ਅਮਲ ਵਿਚ ਨਹੀਂ ਆਉਂਦੇ।

ਮੁਕਦੀ ਗੱਲ, ਸੈਨਾਪਤੀ ਦੀ ਲਿਖਤ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਬੇਦਾਵਾ ਲਿਖਿਆ ਗਿਆ ਸੀ ਜਾਂ ਕੁਝ ਸਿੱਖ ਗੁਰੂ ਜੀ ਦਾ ਸਾਥ ਛੱਡ ਕੇ ਚਲੇ ਗਏ ਸਨ। ਇਸ ਪੁਸਤਕ ਵਿਚ ਅਸੀਂ ਤੁਹਾਡੇ ਸਿੱਖ ਨਹੀਂ ਅਤੇ ਤੁਸੀਂ ਸਾਡੇ ਗੁਰੂ ਨਹੀਂ ਵਰਗਾ ਬੇਦਾਵਾ ਲਿਖਣ ਦੀ ਉਕਾ ਕੋਈ ਗੱਲ ਨਹੀਂ ਹੈ।

ਸੈਨਾਪਤੀ ਤੋਂ ਪਿੱਛੋਂ ਭਾਈ ਸੁੱਖਾ ਸਿੰਘ ਨੇ 1797 ਈਸਵੀ ਵਿਚ 'ਗੁਰਬਿਲਾਸ' ਲਿਖਿਆ। ਭਾਈ ਸੁੱਖਾ ਸਿੰਘ, ਸੈਨਾਪਤੀ ਦੇ ਮਗਰ-ਮਗਰ ਚਲਦਾ ਹੈ। ਇਥੋਂ ਤਕ ਕਿ 'ਸ੍ਰੀ ਗੁਰੂ ਸੋਭਾ' ਦੀਆਂ ਕਈ ਪੰਗਤੀਆਂ ਜਿਉਂ ਦੀਆਂ ਤਿਉਂ 'ਗੁਰਬਿਲਾਸ' ਵਿਚ ਆਉਂਦੀਆਂ ਹਨ:



ਸ੍ਰੀ ਮੁਖ ਕਹਾ, ਸੁਨੋ ਚਿਤ ਲਾਈ।
ਬੁਰੋ ਹੋਤ, ਤੁਮਰੇ ਸਿਰ ਭਾਈ।
ਤੁਮ ਯਹਿ ਬਾਤ ਭੇਵ ਨਹਿ ਜਾਨੋ।
ਬਾਰਕ ਹੋ, ਬਚ ਐਸ ਬਖਾਨੋ। 241
ਯੌ ਕਹ ਸਭ ਤੋ ਹੱਦ ਲਿਖਾਈ।
ਸਿੱਖ ਗੁਰੂ ਬਿਦਾਵ ਕਰਾਈ।

ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰਬਿਲਾਸ, ਉਸ ਘਟਨਾ ਤੋਂ 93 ਸਾਲ ਪਿੱਛੋਂ ਲਿਖਿਆ ਗਿਆ ਹੈ। ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ, ਇਤਿਹਾਸਕ ਕਥਾਵਾਂ ਨਾਲ ਲੋਕਾਂ ਦੇ ਮੂੰਹ ਚੜ੍ਹੀਆਂ ਅਫਵਾਹਾਂ ਮਿਲ ਕੇ ਸੱਚਾਈ ਨੂੰ ਧੁੰਦਲਾ ਕਰੀ ਜਾਂਦੀਆਂ ਹਨ। ਇਹੀ ਭੁਲੇਖਾ ਇਥੇ ਲੱਗਾ ਜਾਪਦਾ ਹੈ। ਸੈਨਾਪਤੀ ਦੇ ਸ਼ਬਦ 'ਹਦ ਲਿਖਵਾਏ' ਗੁਰਬਿਲਾਸ ਵਿਚ 'ਹੱਦ ਲਿਖਾਈ' ਬਣ ਗਏ। ਅਗਲੀ ਪੰਗਤੀ ਵਿਚ ਲੇਖਕ ਨੇ ਇਕ ਕਦਮ ਹੋਰ ਅੱਗੇ ਚੁੱਕਿਆ ਤੇ ਲਿਖ ਦਿੱਤਾ 'ਸਿੱਖੀ ਗੁਰੂ ਬਿਦਾਵ ਕਰਾਈ' ਖੰਭਾਂ ਦੀ ਡਾਰ ਵਾਲਾ ਮੁਹਾਵਰਾ ਵਰਤਿਆ ਗਿਆ ਜਾਪਦਾ ਹੈ। ਲੇਖਕ ਆਪ ਹੀ ਸ਼ੰਕਾ ਪ੍ਰਗਟ ਕਰਦਾ ਲਿਖਦਾ ਹੈ, 'ਕਈ ਕਹਿੰਦੇ ਹਨ, ਮੁਕਤਿਆਂ (ਮੁਕਤਸਰ ਸ਼ਹੀਦ ਹੋਣ ਵਾਲਿਆਂ) ਬੇਦਾਵਾ ਨਹੀਂ ਲਿਖਿਆ। ਕਈ ਕਹਿੰਦੇ ਹਨ, ਸਾਰਿਆਂ ਲਿਖ ਦਿੱਤਾ। ਮੇਰੇ ਵਿਚਾਰ ਅਨੁਸਾਰ ਸਾਰਿਆਂ ਹੀ ਬੇਦਾਵਾ ਲਿਖ ਦਿੱਤਾ ਸੀ ਤੇ ਲੇਖਕ ਅਨੁਸਾਰ ਕੋਈ ਵੀ ਸਿੱਖ ਗੁਰੂ ਦਾ ਸਾਥ ਛੱਡ ਕੇ ਗਿਆ ਨਹੀਂ, ਸਗੋਂ ਗੁਰੂ ਜੀ ਨੇ ਉਨ੍ਹਾਂ ਦੇ ਨਾਲ ਆਨੰਦਪੁਰ ਛੱਡ ਕੇ ਤੁਰ ਪੈਣਾ ਸੀ ਤਾਂ ਫਿਰ 'ਬੇਦਾਵਾ' ਲਿਖਵਾਉਣ ਦੀ ਕੀ ਲੋੜ ਸੀ? ਦੂਸਰੇ ਪਾਸੇ ਜੇ ਸਿੱਖਾਂ ਨੇ ਬੇਦਾਵਾ ਲਿਖ ਕੇ ਵੀ ਗੁਰੂ ਜੀ ਦੇ ਨਾਲ ਹੀ ਰਹਿਣਾ ਸੀ ਤਾਂ ਬੇਦਾਵਾ ਲਿਖਣ ਦਾ ਕੀ ਅਰਥ? ਸੁੱਖਾ ਸਿੰਘ ਤੋਂ ਬਾਅਦ ਰਤਨ ਸਿੰਘ ਭੰਗੂ ਨੇ ਇਕ ਤੁਕ ਜੋੜੀ 'ਤੁਮ ਹਮ ਗੁਰੂ ਨਾ ਹਮ ਤੁਮ ਸਿੱਖ'।

ਇਨ੍ਹਾਂ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਕਿਸੇ ਵੀ ਸਿੰਘ ਨੇ ਆਨੰਦਪੁਰ ਸਾਹਿਬ ਵਿਖੇ ਬੇਦਾਵਾ ਨਹੀਂ ਲਿਖਿਆ, ਸਗੋਂ ਸਣੇ ਮਾਤਾ ਜੀ ਸਾਰੇ ਸਿੰਘਾਂ ਦੇ ਕਹਿਣ ਉਤੇ ਗੁਰੂ ਜੀ ਨੇ ਆਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ। ਇਹ ਵਹੀਰ ਸਰਸਾ ਨਦੀ ਦੇ ਕੰਢੇ ਵਿਛੜ ਗਈ। ਜੇ ਕਿਸੇ ਨੂੰ ਬੇਦਾਵੀਆ ਮੰਨਣਾ ਹੀ ਹੈ ਤਾਂ ਉਹ ਮਸੰਦ ਦੁਨੀ ਚੰਦ ਤੇ ਉਹਦੇ ਸਾਥੀ ਸਨ ਜੋ ਰਾਜਾ ਕੇਸਰੀ ਚੰਦ ਦੇ ਹਾਥੀ ਨਾਲ ਲੜਨ ਤੋਂ ਡਰਦਾ ਗੁਰੂ ਜੀ ਦਾ ਸਾਥ ਛੱਡ ਕੇ ਰਾਤ ਚੋਰੀ ਨੱਸ ਗਿਆ ਸੀ। ਉਸੇ ਭੁੱਲ ਨੂੰ ਪਿੱਛੋਂ ਉਹਦੇ ਪੋਤਰਿਆਂ ਸਰੂਪ ਸਿੰਘ ਅਤੇ ਅਨੂਪ ਸਿੰਘ ਨੇ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਬਖ਼ਸ਼ਾਇਆ।

ਫਿਰ ਕੀ ਹੈ ਬੇਦਾਵੇ ਦੀ ਅਸਲੀਅਤ?

ਭਾਈ ਸੰਤੋਖ ਸਿੰਘ (ਸੂਰਜ ਪ੍ਰਕਾਸ਼ ਗ੍ਰੰਥ) ਅਤੇ ਭਾਈ ਸਵਰੂਪ ਸਿੰਘ ਕੌਸ਼ਿਕ ਰਚਿਤ ਗੁਰੂ ਕੀਆਂ ਸਾਖੀਆਂ ਵਿਚ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਬੇਦਾਵਾ ਲਿਖਣ ਦੀ ਘਟਨਾ ਰਾਮਆਣੇ ਤੋਂ ਅੱਗੇ ਪਿੰਡ ਰੁਪਾਣੇ ਅਤੇ ਖਿਦਰਾਣੇ ਦੀ ਢਾਬ ਵਿਚਕਾਰ ਵਾਪਰੀ ਸੀ। ਜਦੋਂ ਮਝੈਲ ਸਿੰਘਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਮਾਲਵੇ ਵਿਚ ਦੀਨਾ ਕਾਂਗੜ ਦੀ ਧਰਤੀ ਉਤੇ ਵਿਚਰ ਰਹੇ ਹਨ ਤਾਂ ਉਨ੍ਹਾਂ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਉਨੀਂ ਦਿਨੀਂ ਮਾਝੇ ਵਿਚ ਹੀ ਪੱਟੀ ਦੇ ਭਾਈ ਸੁਲਤਾਨ ਸਿੰਘ ਅਤੇ ਨਿਧਾਨ ਸਿੰਘ ਦਾ ਪਿਤਾ ਭਾਈ ਦੇਸ ਰਾਜ ਵੜੈਚ ਚੜ੍ਹਾਈ ਕਰ ਗਿਆ। ਇਸ ਘਰ ਵਿਚ ਪਿੰਡ ਝਬਾਲ ਦੀ ਮਾਈ ਭਾਗੋ ਵਿਆਹੀ ਹੋਈ ਸੀ ਅਤੇ ਉਹ ਭਾਈ ਨਿਧਾਨ ਸਿੰਘ ਦੀ ਪਤਨੀ ਸੀ। ਭਾਈ ਦੇਸ ਰਾਜ ਦੀ ਸਤਾਰ੍ਹਵੀਂ ਵਾਲੇ ਦਿਨ ਪੱਟੀ ਵਿਚ ਸਿੱਖਾਂ ਦਾ ਚੰਗਾ ਇਕੱਠ ਹੋਇਆ। ਇਸ ਇਕੱਠ ਵਿਚ ਇਕ ਸਿੰਘ ਨੇ ਗੁਰੂ ਦਸਮੇਸ਼ ਦੀ ਗੱਲ ਚਲਾਈ ਅਤੇ ਸੰਗਤ ਨੇ ਆਨੰਦਪੁਰ ਤੋਂ ਲੈ ਕੇ ਦੀਨੇ-ਕਾਂਗੜ ਤਕ ਦੇ ਸਾਰੇ ਹਾਲਾਤ ਸੁਣਾ ਕੇ ਆਖਿਆ ਕਿ ਅਸੀਂ ਬੜੇ ਨਿਭਾਗੇ ਸਿੱਖ ਹਾਂ ਜਿਹੜੇ ਅਜਿਹੇ ਘੋਰ ਸੰਕਟ ਦੇ ਦਿਨਾਂ ਵਿਚ ਦਸਮੇਸ਼ ਪਿਤਾ ਕੋਲ ਨਹੀਂ ਪਹੁੰਚ ਸਕੇ। ਅੱਜ-ਕੱਲ੍ਹ ਗੁਰੂ ਜੀ ਦੀਨੇ ਕਾਂਗੜ ਵਿਚ ਨਿਵਾਸ ਕਰਦੇ ਹਨ। ਵਾਪਰੀਆਂ ਦੁਖਦਾਈ ਘਟਨਾਵਾਂ ਦਾ ਅਫ਼ਸੋਸ ਕਰਨ ਲਈ ਸਾਨੂੰ ਗੁਰੂ ਜੀ ਦੇ ਪਾਸ ਜਾਣਾ ਚਾਹੀਦਾ ਹੈ। ਅੱਜ ਦੇ ਇਕੱਠ ਵਿਚ ਭਾਈ ਭਾਗ ਸਿੰਘ ਝਬਾਲੀਏ ਵਰਗੇ ਅਸਰ-ਰਸੂਖ ਵਾਲੇ ਸਿੰਘ ਵੀ ਆਏ ਹੋਏ ਹਨ। ਉਹ ਸਰਕਾਰ ਨਾਲ ਗੁਰੂ ਜੀ ਦੀ ਸੁਲਾਹ ਕਰਾ ਸਕਦੇ ਹਨ। ਗੁਰੂ ਜੀ ਨੂੰ ਸੁਲਾਹ ਦਾ ਸੁਝਾਅ ਵੀ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਸਲਾਹਾਂ ਕਰਕੇ ਮਾਝੇ ਦੇ ਸਿੰਘਾਂ ਨੇ ਗੁਰੂ ਜੀ ਪਾਸ ਹਾਜ਼ਰ ਹੋਣ ਦਾ ਫੈਸਲਾ ਕਰ ਲਿਆ।

ਮਾਝੇ ਵਿਚੋਂ ਤੁਰਿਆ ਇਹ ਕਾਫਲਾ ਦਰਿਆ ਬਿਆਸ ਤੇ ਸਤਲੁਜ ਨੂੰ ਪਾਰ ਕਰਕੇ ਜ਼ੀਰੇ ਵਿਚੀਂ ਹੁੰਦਾ ਹੋਇਆ ਜਦੋਂ ਮੋਗੇ ਪਹੁੰਚਾ ਤਾਂ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੀਨੇ ਕਾਂਗੜ ਦਾ ਨਿਵਾਸ ਛੱਡ ਕੇ ਕੋਟਕਪੂਰੇ ਤੋਂ ਅੱਗੇ ਖਿਦਰਾਣੇ ਦੀ ਢਾਬ ਵੱਲ ਚਲੇ ਗਏ ਹਨ। ਮਾਲਵੇ ਦੇ ਰੋਹੀ ਬੀਆਬਾਨ ਵਿਚ ਗੁਰੂ ਜੀ ਨੂੰ ਲੱਭਣਾ ਕੋਈ ਸੌਖੀ ਗੱਲ ਨਹੀਂ ਸੀ। ਦੂਜੇ ਪਾਸੇ ਮੁਗ਼ਲ ਫੌਜ ਵੀ ਦਸਮ ਪਾਤਸ਼ਾਹ ਨੂੰ ਫੜਨ ਕਰਨ ਲਈ ਮਾਲਵੇ ਦੇ ਟਿੱਬਿਆਂ ਦੀ ਰੇਤ ਛਾਣ ਰਹੀ ਸੀ। ਸੂਬੇਦਾਰ ਵਜ਼ੀਰ ਖਾਨ ਨੂੰ ਇੰਜ ਲੱਗਦਾ ਸੀ ਕਿ ਹੁਣ ਸਵੇਰੇ ਜਾਂ ਸ਼ਾਮੀਂ ਗੁਰੂ ਗੋਬਿੰਦ ਸਿੰਘ ਸਾਡੇ ਹੱਥ ਆ ਜਾਏਗਾ।

ਰਾਮੇਆਣਾ ਨੂੰ ਪਿੱਛੇ ਛੱਡ ਕੇ ਗੁਰੂ ਕੀ ਫੌਜ ਜਦੋਂ ਰੁਪੇਆਣੇ ਤੋਂ ਕੁਝ ਮੀਲ ਅੱਗੇ ਗਈ ਤਾਂ ਪਿੱਛੇ ਕੁਝ ਦੂਰੀ ਉਤੇ ਧੂੜ ਉਡਦੀ ਨਜ਼ਰ ਆਈ। ਗੁਰੂ ਕਾ ਵਹੀਰ ਇਕਦਮ ਚੌਕਸ ਹੋ ਗਿਆ। ਸ਼ਾਇਦ ਮੁਗ਼ਲ ਫੌਜ ਨੇੜੇ ਢੁਕ ਆਈ ਸੀ ਪਰ ਥੋੜ੍ਹੇ ਚਿਰ ਪਿੱਛੋਂ ਜਦੋਂ ਧੂੜ ਦੇ ਬੱਦਲ ਕੁਝ ਪਤਲੇ ਹੋਏ ਤਾਂ ਘੋੜਿਆਂ ਉਤੇ ਸਵਾਰ ਸਿੰਘਾਂ ਦੇ ਧੁੰਦਲੇ ਚਿਹਰੇ ਨਜ਼ਰ ਆਉਣ ਲੱਗ ਪਏ। ਛੇਤੀ ਹੀ ਮਾਝੇ ਦਾ ਜਥਾ ਗੁਰੂ ਦਸਮੇਸ਼ ਦੇ ਸਨਮੁੱਖ ਆਣ ਖਲੋਤਾ। ਵਾਤਾਵਰਨ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉਠਿਆ। 'ਗੁਰੂ ਕੀਆਂ ਸਾਖੀਆਂ' ਵਿਚ ਇਸ ਪਲ ਦਾ ਵਰਨਣ ਇਸ ਤਰ੍ਹਾਂ ਕੀਤਾ ਗਿਆ ਹੈ, 'ਇਹ ਜਥਾ ਪੁੱਛਦਾ ਪੁਛਾਂਦਾ ਰਾਮੇਆਣਾ ਨਗਰੀ ਸੇ ਆਗੇ ਰੁਪੇਆਣਾ ਕੇ ਪਾਸ ਰੋਹੀ ਮੇਂ ਜਾਇ ਮਿਲਿਆ। ਸਤਿਗੁਰਾਂ ਇਨੈ ਆਖਿਆ ਦੇਖ ਮਾਨ ਸਿੰਘ ਸੇ ਕਹਾ ਕਿ ਘੋੜੇ ਸੇ ਉਤਰ ਚਾਦਰਾ ਵਿਛਾਇ ਦੇਹ ਤਾਂ ਕਿ ਇਨ ਆਏ ਸਿੱਖਾਂ ਸੇ ਬਾਤਚੀਤ ਕੀ ਜਾਏ'। ਇਥੋਂ ਖਿਦਰਾਣੇ ਦੀ ਢਾਬ ਬਹੁਤੀ ਦੂਰ ਨਹੀਂ ਸੀ।

ਮਝੈਲ ਜਥੇ ਦੇ ਮੋਹਰੀ ਭਾਈ ਭਾਗ ਸਿੰਘ ਅਤੇ ਭਾਈ ਦਿਲਬਾਗ ਸਿੰਘ ਝਬਾਲੀਆ ਨੇ ਪਿਛਲੇ ਮਹੀਨਿਆਂ ਵਿਚ ਜੋ ਕੁਝ ਵਾਪਰਿਆ ਸੀ, ਉਸ ਉਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਅਤੇ ਫੇਰ ਇਸ ਤਰ੍ਹਾਂ ਬੇਨਤੀ ਕੀਤੀ, "ਮਹਾਰਾਜ, ਅਸੀਂ ਸਾਰੇ ਮਿਲ ਕੇ ਮਾਝਾ ਦੇਸ਼ ਦੀ ਤਰਫ ਸੇ ਦਿਹਲੀ ਸਰਕਾਰ ਕੇ ਗੈਲ ਹਮੇਸ਼ਾ ਲਈ ਸਮਝੌਤਾ ਕਰਾਏ ਦੇਤੇ ਹੈਂ ਤਾਂ ਕਿ ਤੁਸੀਂ ਆਗੇ ਸੇ ਬਾਕੀ ਕੀ ਜ਼ਿੰਦਗੀ ਕਾ ਹਿੱਸਾ ਚੰਗੀ ਤਰਹ ਸੇ ਬਿਤੀਤ ਕਰ ਸਕੋਂ ਤੇ ਅਸੀਂ ਆਪ ਕੇ ਸੇਵਕ ਬਨੇ ਰਹੀਏ।' ਇਸ ਤੋਂ ਬਿਨਾਂ ਲਾਹੌਰੀਏ ਸਿੱਖਾਂ ਨੇ ਵੀ ਸੁਲਾਹ ਦੇ ਹੱਕ ਵਿਚ ਕੁਝ ਦਲੀਲਾਂ ਦਿੱਤੀਆਂ।

ਗੁਰੂ ਜੀ ਨੂੰ ਸੁਲਾਹ ਦੀ ਗੱਲ ਚੰਗੀ ਨਹੀਂ ਲੱਗੀ। ਹੁਣ ਜਦੋਂ ਗੁਰੂ ਜੀ ਦਾ ਘਰ-ਘਾਟ, ਆਰ-ਪਰਿਵਾਰ ਅਤੇ ਸਿੱਖ ਫੁਲਵਾੜੀ ਸਭ ਕੁਝ ਤਬਾਹ ਹੋ ਚੁੱਕਾ ਸੀ ਅਤੇ ਮੁਗ਼ਲ ਫੌਜ ਹੁਣ ਵੀ ਸਿਰ ਉਤੇ ਚੜ੍ਹੀ ਆ ਰਹੀ ਸੀ, ਸੁਲਾਹ ਦਾ ਇਹ ਕੋਈ ਮੌਕਾ ਨਹੀਂ ਸੀ। ਇਸ ਲਈ ਮਝੈਲ ਸਿੰਘਾਂ ਨੂੰ ਦਿੱਤੇ ਜਵਾਬ ਵਿਚ ਇਸ ਸਮੇਂ ਜਿੰਨੇ ਕਰੜੇ ਸ਼ਬਦ ਦਸਮ ਪਾਤਸ਼ਾਹ ਨੇ ਵਰਤੇ, ਉਨੇ ਕਠੋਰ ਸ਼ਬਦ ਹੋਰ ਕਿਤੇ ਦੇਖਣ-ਸੁਣਨ ਵਿਚ ਨਹੀਂ ਆਉਂਦੇ। ਕਹਿਣ ਲੱਗੇ, "ਸਿੱਖ ਤਾਂ ਹੁੰਦੇ ਹਨ ਉਪਦੇਸ਼ ਲੈਣ ਲਈ, ਤੁਸੀਂ ਸਾਨੂੰ ਉਪਦੇਸ਼ ਦੇਣ ਆਏ ਹੋ। ਹੁਣ ਤੁਸੀਂ ਸਾਡੇ ਝਗੜੇ ਨਿਬੇੜਨਾ ਚਾਹੁੰਦੇ ਹੋ, ਪਹਿਲਾਂ ਤੁਸੀਂ ਕਿੱਥੇ ਗਏ ਹੋਏ ਸੀ। ਜਦੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ, ਉਦੋਂ ਤਾਂ ਬਾਦਸ਼ਾਹ ਨੂੰ ਕੁਝ ਕਹਿਣ ਲਈ ਕੋਈ ਨਹੀਂ ਗਿਆ। ਸਾਰੇ ਆਪਣੇ-ਆਪਣੇ ਘਰਾਂ ਵਿਚ ਡਰ ਕੇ ਬੈਠੇ ਰਹੇ। ਫੇਰ ਨੌਵੇਂ ਪਾਤਸ਼ਾਹ ਸ਼ਹਾਦਤ ਦੇਣ ਦਿੱਲੀ ਗਏ। ਕਿਸੇ ਨੇ ਜਾ ਕੇ ਬਾਦਸ਼ਾਹ ਨੂੰ ਕੁਝ ਨਾ ਆਖਿਆ। ਇਸ ਸਾਕੇ ਵਿਚ ਕਿਸੇ ਨੇ ਦਖਲ ਨਾ ਦਿੱਤਾ। ਹੁਣ ਤੁਸੀਂ ਸਾਨੂੰ ਉਪਦੇਸ਼ ਕਰਨ ਆ ਗਏ ਹੋ। ਇਹੋ ਜਿਹੀਆਂ ਗੱਲਾਂ ਕਰਦਿਆਂ ਤੁਹਾਨੂੰ ਲੱਜਿਆ ਨਹੀਂ ਆਉਂਦੀ।"

ਸਿੱਖ ਹੋਤਿ ਲੈਬੇ ਉਪਦੇਸੂ।
ਦੇਹੁ ਹਮੇ ਬਿਪ੍ਰੀਤ ਵਿਸ਼ੇਸ਼ੂ। 3
ਹਮਰੇ ਝਗਰੇ ਚਹਹੁ ਨਿਬੇਰਾ।
ਕਹਾਂ ਗਏ ਤੁਮ ਪੂਰਬ ਵੇਰਾ।
ਸ੍ਰੀ ਗੁਰੂ ਅਰਜਨ ਕੋ ਭਾ ਕਾਰਨ।
ਨਹਿ ਗਮਨੇ ਨਹਿ ਕਰਯੋ ਉਚਾਰਨਿ।
ਨਿਜ-ਨਿਜ ਸਦਨ ਥਿਰੇ ਡਰ ਧਾਰਯੋ।
ਪੁਨ ਨੌਮੇ ਪਾਤਿਸ਼ਾਹੁ ਭਏ ਹੈਂ।
ਦਿੱਲੀ ਮਹਿ ਸਿਰ ਦੇਨ ਗਏ ਹੈਂ।
ਕਿਨਹੂੰ ਕਹਯੋਂ ਨ ਸ਼ਾਹੁ ਅਗਾਰੀ।
ਪਰਯੋਂ ਨ ਕੋਊ ਝਗਰ ਮਝਾਰੀ।
ਅਬਿ ਉਪਦੇਸ਼ ਕਰਨਿਕੋ ਆਏ।
ਕਹਨਿ ਬਾਕ ਕੋ ਨਹਿਨ ਲਜਾਏ।

ਇਹ ਸਤਿਗੁਰਾਂ ਦੇ ਬਚਨ ਸੁਣ ਆਗੇ ਸੇ ਭਾਗ ਸਿੰਘ ਝਬਾਲੀਏ ਨੇ ਕਹਾ, "ਗਰੀਬ ਨਿਵਾਜ਼, ਜੇ ਤੁਸਾਂ ਇਸੇ ਤਰਹ ਰਹਿਣਾ ਹੈ ਤਾਂ ਹਮਾਰੇ ਸੇ ਆਪ ਕੀ ਸਿੱਖੀ ਨਹੀਂ ਨਿਭ ਸਕਦੀ, ਹਮ ਵਾਪਸ ਜਾਤੇ ਹੈਂ।"...ਗੁਰੂ ਜੀ ਨੇ ਆਗੇ ਸੇ ਕਹਾ, "...ਜੇ ਤੁਮ ਆਏ ਹੋ ਤਾਂ ਲਿਖ ਕੇ ਦੇ ਜਾਈਏ ਕਿ ਆਜ

*(ਬਾਕੀ ਅਗਲੇ ਸਫੇ 'ਤੇ)*

# ਗੱਲ ਸੁਣੀਂ ਵੇ ਜੋਗੀਆ..!

ਜੋਗੀਆ ਵੀਰਾ! ਮੇਰੀ ਇੱਕ ਗੱਲ ਸੁਣ ਕੇ ਜਾਈਂ!

ਆਪ ਦੇ ਨਾਥ ਜੀ ਨੂੰ ਆਖ ਦੇਵੀਂ! ਇੱਥੇ ਹੁਣ ਪੋਠੋਹਾਰ ਦੀ ਕੁੜੀ ਨਹੀਂ, 'ਮਿੱਸਾਂ' ਵਸਦੀਐਂ! ਬਾਈ ਨੰਦ ਲਾਲ ਨੂਰਪੁਰੀ ਨੂੰ ਕਹੀਂ, ਇੱਥੇ ਹੁਣ ਗੋਰੀ ਦੀਆਂ ਝਾਂਜਰਾਂ ਨਹੀਂ ਬੁਲਾਉਂਦੀਆਂ, ਡਿਸਕੋ-ਮਿਊਜ਼ਿਕ ਕੰਨ ਪਾੜਦੈ! ਇੱਥੋਂ ਸੁਆਣੀਆਂ ਦੁੱਧਾਂ ਵਿਚ ਮਧਾਣੀਆਂ ਨਹੀਂ ਪਾਉਂਦੀਆਂ, "ਮੁੰਨੀ ਬਦਨਾਮ ਹੁਈ ਡਾਰਲਿੰਗ ਤੇਰੇ ਲੀਏ" ਸਰਵਣ ਕਰਦੀਐਂ! ਗੱਭਰੂ ਸੂਰਮਿਆਂ ਦੀਆਂ 'ਵਾਰਾਂ' ਨਹੀਂ ਸੁਣਦੇ, "ਮੁੰਡਿਆਂ ਤੋਂ ਬਚ ਕੇ ਰਹੀਂ" ਦੇ ਸੋਹਿਲੇ ਗਾਉਂਦੇ ਐ! ਹੁਣ ਇੱਥੇ ਸ਼ੌਂਕਣਾਂ ਦੇ ਮੇਲੇ ਨਹੀਂ ਲੱਗਦੇ, ਹੁਣ ਤਾਂ ਮਾਡਲ-ਮੰਡੀ 'ਤੇ ਮੁਟਿਆਰਾਂ ਦੀ ਨੁਮਾਇਸ਼ ਹੁੰਦੀ ਐ! ਹੁਸਨ, ਮੰਡੀਆਂ 'ਤੇ ਨਿਲਾਮ ਹੁੰਦੈ! ਜੋਬਨ ਪਸ਼ੂਆਂ ਵਾਂਗ ਵਿਕਦੈ!

ਇੱਕ ਗੱਲ ਆਪਣੇ ਨਾਥ ਜੀ ਨੂੰ ਇਹ ਵੀ ਕਹਿ ਦੇਈਂ, ਪੰਜਾਬ ਦੀਆਂ ਔਰਤਾਂ ਅੱਜ ਕੱਲ੍ਹ ਬੰਦੇ ਬਹਾਦਰ ਅਤੇ ਹਰੀ ਸਿੰਘ ਨਲੂਏ ਨਹੀਂ, ਅਮਲੀ ਜੰਮਦੀਐਂ! ਬਾਈ ਸਿਆਂ, ਅਮਲੀ ਤਾਂ ਫਿਰ ਵੀ ਚੰਗੇ ਐ! ਪਰ ਜੰਮੇਂ ਅਕ੍ਰਿਤਘਣ, ਬੰਦੇ ਦੇ ਕੀਤੇ ਗੁਣ ਤਾਂ ਕੀ? ਰੱਬ ਨੂੰ ਵੀ ਦਿਹਾੜੀਦਾਰ ਹੀ ਸਮਝਦੇ ਨੇ! ਗੌਂਅ ਵੇਲੇ ਹਰ ਕੋਈ ਭਾਈ-ਭਤੀਜਾ ਬਣ ਬਹਿੰਦੈ! ਪਰ ਪਿੱਛੋਂ: ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥

ਜੇ ਪ੍ਰੋਫ਼ੈਸਰ ਮੋਹਣ ਸਿੰਘ ਮਿਲੇ ਤਾਂ ਉਸ ਨੂੰ ਵੀ ਸੁਨੇਹਾ ਦੇਈਂ! ਕਦੇ "ਟੈ" ਨਾ ਕਹਾਉਣ ਵਾਲੇ ਯੋਧੇ ਅੱਜ ਕੱਲ੍ਹ ਬਾਣੀਆਂ ਅਤੇ ਏਜੰਟਾਂ ਦੇ ਛਿੱਤਰ ਖਾਂਦੇ ਐ! ਅੱਜ ਕੱਲ੍ਹ ਮਿਰਜ਼ੇ ਆਪਣੇ ਤੀਰਾਂ ਅਤੇ ਭੱਥੇ ਦੀ ਸਿਫ਼ਤ ਨਹੀਂ ਕਰਦੇ, ਫ਼ੈਨਸੀਡਰਿੱਲ ਅਤੇ ਨਸ਼ੇ ਵਾਲੀਆਂ ਗੋਲੀਆਂ ਦੇ ਗੁਣ ਗਾਉਂਦੇ ਐ! ਅੱਜ ਕੱਲ੍ਹ ਜੋਬਨ-ਮੱਤੀ ਹੀਰ ਮੰਗੂ ਚਾਰਦੇ ਰਾਂਝੇ ਲਈ ਚੂਰੀ ਨਹੀਂ ਕੁੱਟ ਕੇ ਲਿਜਾਂਦੀ, ਅਫ਼ੀਮ ਦਾ 'ਕੰਡਾ' ਦੇ ਕੇ ਆਉਂਦੀ ਐ.! ਚੋਬਰਾਂ ਦੇ ਸੀਨੇ, ਝਨਾਂ ਦੇ ਪੱਤਣਾਂ ਵਾਂਗ ਖ਼ੁਰਦੇ ਜਾਂਦੇ ਐ!

ਜੇ ਕਿਤੇ ਮੇਰਾ ਬਾਬਾ ਨਾਨਕ ਮਿਲੇ ਤਾਂ ਕਹੀਂ, ਬਾਬਾ! ਤੇਰੀ ਅਤੇ ਮਰਦਾਨੇ ਵਾਲੀ ਯਾਰੀ ਹੁਣ ਇੱਥੇ ਖ਼ਤਮ ਹੋ ਚੁੱਕੀ ਹੈ! ਹੁਣ ਇੱਥੇ 'ਤੇਰਾਂ-ਤੇਰਾਂ' ਨਹੀਂ, ਔਧ ਈ ਤੋਲਿਆ ਜਾਂਦੈ। ਭੈਣ ਨਾਨਕੀ ਵੀਰ ਨੂੰ ਪ੍ਰਸ਼ਾਦਾ ਛਕਾਉਣ ਲਈ ਨਹੀਂ, ਬਾਹਰ ਬੈਠੇ ਵੀਰ ਦਾ 'ਚੈਕ' ਉਡੀਕਦੀ ਹੈ! ਰੱਖੜੀ ਇੱਥੇ ਮੁਹੱਬਤ ਦੀ 'ਆੜ' ਬਣਦੀ ਜਾਂਦੀ ਐ! ਅੱਜ ਕੱਲ੍ਹ ਬੇਬੇ ਸੁਲੱਖਣੀ ਪਤੀ-ਪ੍ਰਮੇਸ਼ਰ ਨੂੰ ਨਹੀਂ ਉਡੀਕਦੀ, ਅੱਜ ਕੱਲ੍ਹ ਦੀਆਂ 'ਸੁਲੱਖਣੀਆਂ' ਤਾਂ, ਲੋਟ ਲੱਗੇ ਤਾਂ ਪਤੀ-ਦੇਵ ਦਾ "ਟੁੱਟੂ-ਪਾਰ" ਵੀ ਕਰਵਾ ਧਰਦੀਐਂ! ਬਾਬੇ ਨਾਨਕ ਨੂੰ ਆਖੀਂ, ਇਹ ਗੱਲਾਂ ਮੈਂ ਨਹੀਂ ਕਰਦਾ, ਰੋਜ਼ ਦੀਆਂ ਅਖ਼ਬਾਰਾਂ ਦੱਸਦੀਐਂ!! ਇੱਥੇ ਗਰੀਬ, ਮਜ਼ਦੂਰ, ਕਿਸਾਨ ਤੋਂ ਬਿਨਾ ਅਕਾਲ-ਪੁਰਖ ਨੂੰ ਕੋਈ ਮਿਹਣਾ ਨਹੀਂ ਮਾਰਦਾ: ਏਤੀ ਮਾਰ ਪਈ ਕੁਰਲਾਣੈ॥ ਤੈਂ ਕੀ ਦਰਦੁ ਨ ਆਇਆ॥ ਮਰੇ ਜੁਆਨ ਮੁੰਡਿਆਂ ਦੀਆਂ ਮਾਂਵਾਂ ਸਿੱਤਰ ਪਿਆਰੇ ਨੂੰ ਮੁਰੀਦਾਂ ਦਾ ਹਾਲ ਜ਼ਰੂਰ ਰੋ-ਰੋ ਕੇ ਸੁਣਾਉਂਦੀਐਂ! ਇੱਥੇ ਜੱਟ ਦਾ ਪੁੱਤ ਹੁਣ ਤੇਰੇ ਵਾਂਗੂੰ ਹਲ ਨਹੀਂ ਵਾਹੁੰਦਾ ਬਾਬਾ, ਭਈਆ ਟਰੈਕਟਰ ਚਲਾ ਰਿਹਾ ਹੁੰਦੈ ਤੇ ਜੱਟ ਦਾ ਪੁੱਤ ਸਕੂਟਰ ਲੈ ਕੇ ਸ਼ਹਿਰ ਫ਼ਿਲਮ ਦੇਖਦਾ ਹੁੰਦੈ, ਜਾਂ ਕਿਸੇ ਨਹਿਰ 'ਤੇ ਬੈਠਾ ਲਾਹਣ ਪੀਂਦਾ ਹੁੰਦੈ!

ਜੋਗੀ ਵੀਰਿਆ! ਜੇ ਤੈਨੂੰ ਪੁੱਤਰਾਂ ਦਾ ਦਾਨੀ, ਸਰਬੰਸ ਵਾਰਨ ਵਾਲਾ ਯੋਧਾ ਸ੍ਰੀ ਗੁਰੂ ਗੋਬਿੰਦ ਸਿੰਘ ਮਿਲੇ ਤਾਂ ਦੱਸ ਦੇਵੀਂ ਕਿ ਹੁਣ ਤਾਂ ਤੇਰੇ ਜਥੇਦਾਰ ਵੀ ਭ੍ਰਿਸ਼ਟਾਚਾਰ ਦੇ ਰਾਹ ਪੈ ਗਏ! "ਪੋਥੀ ਪ੍ਰਮੇਸਰ ਕਾ ਥਾਨੁ" ਗੁਰੂ ਗ੍ਰੰਥ ਸਾਹਿਬ ਨੂੰ ਅਦਾਲਤਾਂ ਵਿਚ ਲਿਜਾਣ ਲੱਗ ਪਏ। ਦਰਬਾਰ ਸਾਹਿਬ ਅੰਦਰ ਮੁਜ਼ਾਹਰੇ ਹੋਣ ਲੱਗ ਪਏ। ਹੁਣ ਸੂਰਮੇ ਯੋਧੇ ਮੈਦਾਨਿ-ਜੰਗ ਵਿਚ ਨਹੀਂ, ਦਰਬਾਰ ਸਾਹਿਬ ਵਿਚ ਹੀ 'ਆਪਣੇ-ਆਪਣੇ' ਜੌਹਰ ਦਿਖਾਉਣ ਤੁਰ ਪਏ! ਤੇ ਉਹ ਵੀ ਖ਼ਾਲਸਾ ਪੰਚਾਇਤਾਂ ਵਾਲੇ! ਹੁਣ ਤੁਹਾਡੇ ਵਾਂਗੂੰ 'ਅਗਲੇ' ਆਪਣੇ ਪੁੱਤਰਾਂ ਨੂੰ ਜੰਗ ਵਿਚ ਨਹੀਂ ਤੋਰਦੇ, ਅਮਰੀਕਾ ਭੇਜ ਦਿੰਦੇ ਐ! ਹਾਂ, ਦੂਜਿਆਂ ਦੀ ਪੂਛ ਨੂੰ ਬੜਾ ਵੱਟ ਚਾੜ੍ਹਦੇ ਐ! ਕਹੀਂ, ਸੱਚੇ ਪਾਤਿਸ਼ਾਹ! ਤੈਨੂੰ ਤਾਂ ਖ਼ਾਲਸਾ-ਪੰਥ ਨੇ ਗਲਤਫ਼ਹਿਮੀ ਵਿਚ ਦਾਦੂ ਦੀ ਸਮਾਧ 'ਤੇ ਤੀਰ ਨਾਲ ਸਜਦਾ ਕਰਨ ਬਦਲੇ 'ਤਨਖ਼ਾਹ' ਲਾ ਦਿੱਤੀ ਸੀ, ਤੂੰ ਤਨਖ਼ਾਹ ਕਬੂਲ ਵੀ ਕਰ ਲਈ ਸੀ ਪਰ ਅੱਜ ਦੇ 'ਪੰਥਕ ਬੰਦੇ' ਤਾਂ ਸ਼ਰ੍ਹੇਆਮ ਤਿਲਕ ਲੁਆਈ ਜਾਂਦੇ ਐ, ਇਨ੍ਹਾਂ ਦਾ ਕੀ ਕਰੀਏ? ਕਿਹੜੇ ਖੂਹ ਵਿਚ ਸੁੱਟੀਏ? ਤਨਖ਼ਾਹਾਂ ਨੂੰ ਤਾਂ ਇਹ ਗੋਲਦੇ ਈ ਕੱਖ ਨਹੀਂ! ਗਿੱਟੇ ਉਤੇ ਡੰਡਾ ਖਾ ਕੇ ਵੀ ਲੱਤ ਫਿਰ ਉਥੇ ਈ ਧਰ ਲੈਂਦੇ ਐ ਜੀ! ਸੱਚੇ ਪਾਤਿਸ਼ਾਹ! ਇੱਥੇ ਸਾਧ ਅਤੇ ਸੰਤ ਬੜੇ ਹਨ ਜੀ, ਕੋਈ ਅੰਤ ਨਹੀਂ! ਪਰ ਤੇਰਾ ਪੰਥ ਟੁੱਟੇ ਤਾਰੇ ਵਾਂਗੂੰ ਫਿਰ ਵੀ ਥੱਲੇ ਨੂੰ ਜਾ ਰਿਹਾ ਹੈ ਜੀ! ਇਹਦਾ ਕੋਈ ਹੱਲ ਸੋਚੋ!

ਜੋਗੀ ਵੀਰਿਆ! ਜੇ ਕਿਤੇ ਤੈਨੂੰ ਅਕਾਲ-ਪੁਰਖ ਮਿਲ ਜਾਵੇ! ਹਾਏ ਉਏ ਰੱਬਾ.!! ਤਾਂ ਕਹੀਂ.!!! "ਸੁਣੀ ਪੁਕਾਰ ਦਾਤਾਰ ਪ੍ਰਭੁ॥ ਗੁਰੁ ਨਾਨਕੁ ਜਗ ਮਾਹਿ ਪਠਾਇਆ॥" ਹੁਣ ਕੋਈ ਬਾਬਾ ਨਾਨਕ ਕਦੋਂ ਚਰਨ ਪਾਊ ਜੀ? ਅਸੀਂ, "ਮਨੁ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ਹਰਿ ਮੰਗਲ ਗਾਉ ਸਖੀ ਗ੍ਰਿਹੁ ਮੰਦਰਿ ਬਣਿਆ॥" ਕਦੋਂ ਦੁਹਰਾ ਸਕਾਂਗੇ ਜੀ? ਹੁਣ ਤਾਂ ਜੀ "ਸਿਧੁ ਛਪਿ ਬੈਠੇ ਪਰਬਤੀ॥ ਕਉਣ ਜਗਿ ਕਉ ਪਾਰਿ ਉਤਾਰਾ॥" ਵਾਲਾ ਕਲਯੁੱਗ ਇੱਥੇ ਆਪਹੁਦਰਾ ਹੋਇਆ ਫਿਰਦੈ! ਇੱਥੇ ਤਾਂ "ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤ ਨ ਆਵੈ॥ ਮਾਇਆ ਪਾਛੈ ਪਾਵੈ॥" ਦਾ ਬੋਲਬਾਲਾ ਹੈ ਜੀ! ਹੁਣ ਤਾਂ "ਨਿਰਵੈਰੈ ਸੰਗ ਵੈਰੁ ਰਚਾਇਦਾ॥ ਅਪਣੈ ਘਰਿ ਲੂਕੀ ਲਾਇ॥" ਅਨੁਸਾਰ ਕੋਈ ਨਹੀਂ ਤੁਰਦਾ। ਹੁਣ ਤਾਂ ਇੱਥੇ, "ਖੂਨ ਕੇ ਸੋਹਿਲੇ ਗਾਵੀਅਹਿ ਨਾਨਕ॥ ਰਤੁ ਕਾ ਕੁੰਗੂ ਪਾਇ ਵੇ ਲਾਲੋ॥" ਹੀ ਸੁਣੀਂਦੇ ਹਨ। ਇਸ ਤੋਂ ਇਲਾਵਾ, "ਕਲਿ ਕਾਤੀ ਰਾਜੇ ਕਸਾਈ॥ ਧਰਮ ਪੰਖਿ ਕਰ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ॥ ਦੀਸੈ ਨਾਹੀ ਕਿਹੁ ਚੜਿਆ॥" ਪ੍ਰਸਿੱਧ ਹੋ ਗਿਆ ਹੈ। ਪਾਪ ਦੀ ਜੰਞ ਕਾਬਲੋਂ ਆਉਂਦੀ ਹੈ ਅਤੇ ਜੋਰੀ ਦਾਨ ਮੰਗਿਆ ਜਾਂਦੈ! ਸ਼ਰਮ ਅਤੇ ਧਰਮ ਦੋਵੇਂ ਹੀ ਛੁਪ ਗਏ ਹਨ ਅਤੇ ਕੂੜ ਪ੍ਰਧਾਨ ਫਿਰਦਾ ਹੈ ਜੀ!

"ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਤਾਂ ਲੀਡਰਾਂ ਲਈ ਕੋਈ ਮਾਹਨਾ ਨਹੀਂ ਰੱਖਦਾ। ਉਹ ਤਾਂ ਪੱਤ ਲੁਹਾ ਕੇ ਵੀ ਦਾਰੂ-ਮੁਰਗਾ ਸੇਵਨ ਕਰ ਲੈਂਦੇ ਹਨ ਜੀ! ਉਹ ਰਣਜੀਤ ਸਿੰਘ ਰਾਜੇ ਵਾਂਗੂੰ ਕੋਰੜੇ ਖਾਣ ਨਹੀਂ ਗਿੱਝੇ ਜੀ! ਅਤੇ ਨਾ ਹੀ "ਬੁੱਢੇ-ਢੱਗੇ" ਅਖਵਾਉਣ ਦੇ ਆਦੀ ਐ! ਅੱਜ ਕੱਲ੍ਹ ਇੱਥੇ ਖ਼ਾਲਸਾ-ਰਾਜ ਦੇ ਉਸਰੱਈਆਂ ਅਕਾਲੀ ਫੂਲਾ ਸਿੰਘ, ਮਹਾਰਾਜਾ ਸ਼ੇਰ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ ਨਲੂਏ, ਮਹਾਰਾਜਾ ਰਣਜੀਤ ਸਿੰਘ ਅਤੇ ਸਰਦਾਰ ਜੱਸਾ ਸਿੰਘ ਵਰਗਿਆਂ ਦੀ ਸਖ਼ਤ ਜ਼ਰੂਰਤ ਹੈ ਜੀ! ਜੇ ਕੋਈ ਵਿਹਲਾ ਹੋਵੇ ਤਾਂ ਜ਼ਰੂਰ ਭੇਜਿਓ! ਹੁਣ ਇੱਥੇ ਭਾਈ ਮਨੀ ਸਿੰਘ ਵਰਗੇ ਘੱਟ ਅਤੇ 'ਖ਼ੌਰੂ ਪਾਊ' ਵੱਧ ਨੇ ਜੀ!

ਜੋਗੀ ਵੀਰਿਆ! ਜੇ ਕਿਤੇ ਡਾਕਟਰ ਅੰਬੇਦਕਰ ਮਿਲੇ ਤਾਂ ਕਹੀਂ, ਬਾਬਾ! ਤੇਰਾ ਸੰਵਿਧਾਨ ਅੱਜ ਇੱਥੇ ਤਰਸ ਦੀ ਮੂਰਤ ਬਣਿਆ ਬੈਠਾ ਵਿਲਕੀ ਜਾ ਰਿਹੈ! ਕਾਤਲ ਸਾਫ਼ ਬਰੀ ਅਤੇ ਨਿਰਦੋਸ਼ ਤਖ਼ਤੇ 'ਤੇ ਚੜ੍ਹਾਏ ਜਾਂਦੇ ਐ! ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਪਰੋਸ-ਪਰੋਸ ਕੇ ਦਿੱਤਾ ਜਾ ਰਿਹੈ! ਪੰਜਾਬ ਦਾ ਕਿਸਾਨ ਹੁਣ ਫ਼ਸਲ ਨੂੰ ਨਹੀਂ, ਸੋਕੇ ਨੂੰ ਨਿਰਖਦੈ! ਕਿਸਾਨ ਖ਼ੁਦਕਸ਼ੀਆਂ ਕਰੀ ਜਾਂਦੈ! ਦਾਜ-ਦਹੇਜ ਨਾ ਲੈਣ ਦਾ ਰੌਲਾ ਪਾਉਣ ਵਾਲੇ ਖ਼ੁਦ ਹੀ ਮਗਰਮੱਛਾਂ ਵਾਂਗੂੰ ਮੂੰਹ ਅੱਡੀ ਖੜ੍ਹੇ ਹਨ। ਮਾਈਕਰੋਫ਼ੋਨ 'ਤੇ ਕੁਝ ਹੋਰ ਆਖਦੇ ਹਨ ਪਰ ਨੂੰਹਾਂ ਨੂੰ ਬੜਾ ਟਿਕਾਅ ਕੇ 'ਮੁੰਨਦੇ' ਐ ਜੀ!


## ਵਿਅੰਗ



ਸ਼ਿਵਚਰਨ ਜੱਗੀ ਕੁੱਸਾ

jaggikussa65@gmail.com


ਹਕੂਮਤਾਂ ਬਦਲਣ ਕਰਕੇ ਪੰਜਾਬ ਦੇ ਵਿਕਾਸ ਦਾ ਸੂਰਜ ਹਰ ਰੋਜ਼ ਜਵਾਬ ਦੇਈ ਜਾਂਦਾ ਹੈ ਬਾਬਾ ਜੀ! ਪੰਜਾਬ ਦੇ ਸਕੂਲਾਂ ਵਿਚ ਮਾਸਟਰ ਹੀ ਹੈ ਨਹੀਂ ਜੀ ਪਰ ਬੇਰੁਜ਼ਗਾਰ ਮਾਸਟਰ ਨਿੱਤ ਚੰਡੀਗੜ੍ਹ ਧਰਨਾ ਦਿੰਦੇ ਐ! ਇਸ ਗੱਲ ਦੀ ਲੋਕਾਂ ਨੂੰ ਸਮਝ ਨਹੀਂ ਆ ਰਹੀ ਜੀ! ਇਕ ਪਾਸੇ ਸਕੂਲ ਵਿਹਲੇ, ਤੇ ਇਕ ਪਾਸੇ ਮਾਸਟਰ ਵਿਹਲੇ? ਅਖ਼ਬਾਰਾਂ ਹੋਰ ਵੀ ਦੱਸਦੀਐਂ ਜੀ, ਬਈ ਹੁਣ ਤਾਂ ਠਾਣਿਆਂ ਵਿਚ ਵੀ ਸ਼ਰਾਬ ਨਿੱਕਲਦੀ ਐ! ਇਹ ਕਾਨੂੰਨ ਮੈਨੂੰ 'ਮੈਦ ਐ ਤੁਸੀਂ ਤਾਂ ਲਿਖਿਆ ਨਹੀਂ ਸੀ ਜੀ?

ਰਿਸ਼ਵਤਖੋਰੀ ਕਰਕੇ ਬੜੇ ਮੰਤਰੀ ਅੰਦਰ ਕੀਤੇ ਐ ਜੀ! ਪੈਸਾ ਵੀ ਬੜਾ ਮਿਲਿਐ! ਕਹਿੰਦੇ ਲਾਕਰਾਂ 'ਚ ਪਿਆ ਸੀ! ਪਰ ਇਤਨੀਆਂ ਗ੍ਰਿਫ਼ਤਾਰੀਆਂ ਅਤੇ ਲਾਕਰਾਂ 'ਚੋਂ ਮਿਲੇ ਪੈਸੇ ਦਾ ਕਿਸਾਨ ਨੂੰ ਕੀ ਫ਼ਾਇਦਾ ਹੋਇਆ ਜੀ? ਉਹਨੂੰ ਕਮਲੇ ਨੂੰ ਮਰਨ ਤੋਂ ਬਿਨਾ ਹੋਰ ਕੁਛ ਕਿਉਂ ਨਹੀਂ ਦਿਸਦਾ ਜੀ? ਹੁਣ ਕਈ ਸਾਹਿਬਾਨ 'ਗਰਮ-ਗੋਸ਼ਤ' ਦਾ ਸੁਆਦ ਲੈਣ ਕਰਕੇ ਬੜੇ ਹੀ ਮਸ਼ਹੂਰ ਹੋਏ ਐ ਜੀ! ਸ਼ਰਾਬ, ਕਬਾਬ ਅਤੇ ਸ਼ਬਾਬ ਨਾਲ ਰਾਤਾਂ ਬੜੀਆਂ ਰਿੰਘੀਆਂ ਕਰਦੇ ਐ ਜੀ! ਉਨ੍ਹਾਂ ਨੂੰ ਕੋਈ ਕੁਛ ਨਹੀਂ ਕਹਿੰਦਾ ਪਰ ਮਾਸਟਰਾਂ ਤੇ ਕਿਸਾਨਾਂ ਨੂੰ ਫੱਟ ਦੇਣੇਂ ਮੂਧੇ ਪਾ ਲੈਂਦੇ ਐ ਜੀ! ਬਈ ਉਹ ਆਪਣੇ ਹੱਕਾਂ ਲਈ 'ਵਿਖਾਵਾ' ਕਿਉਂ ਕਰਦੇ ਐ? ਕਿਸਾਨ ਤੇ ਮਾਸਟਰ ਵੀ ਕਮਲੇ ਐ ਜੀ! ਉਨ੍ਹਾਂ ਨੂੰ ਸੁੱਤੀ ਪਈ ਗੌਰਮਿੰਟ ਨੂੰ ਜਗਾਉਣ ਦਾ ਦੱਸੋ ਭਲਾ ਕੀ ਹੱਕ ਐ? ਇਨ੍ਹਾਂ 'ਨੰਗ' ਕਿਸਾਨਾਂ ਨੂੰ ਹੋਰ ਕੋਈ ਕੰਮ ਈ ਹੈਨੀ ਜੀ? ਜਦੋਂ 'ਅਗਲੇ' ਤੋਪਾਂ ਦੀਆਂ ਅਵਾਜ਼ਾਂ ਨਹੀਂ ਸੁਣ ਸਕਦੇ ਜੀ, ਥੋਡੇ ਲੰਡਰ ਨਾਅਰੇ ਤੇ ਫੋਕੇ ਦਬਕਾੜੇ ਕਿੱਥੋਂ ਸੁਣਨਗੇ ਜੀ? ਇਨ੍ਹਾਂ ਨੂੰ ਕੁਛ ਸਮਝਾਓ ਬਾਬਾ ਜੀ! ਇਨ੍ਹਾਂ ਨੂੰ ਲੜਨ ਮਰਨ ਤੋਂ ਬਿਨਾ ਕੁਛ ਆਉਂਦਾ ਈ ਨਹੀਂ ਜੀ? ਸਿੱਧਰੇ ਐ ਜੀ!

ਜੋਗੀ ਵੀਰਿਆ! ਜੇ ਕਿਤੇ ਮੇਰਾ ਬਾਈ ਸ਼ਿਵ ਕੁਮਾਰ ਬਟਾਲਵੀ ਮਿਲ ਪਵੇ, ਉਹਨੂੰ ਕਹੀਂ, ਤੂੰ ਤਾਂ ਇੱਕ 'ਲੂਣਾ' ਦੀ ਗੱਲ ਕੀਤੀ ਸੀ। ਇੱਥੇ ਤਾਂ ਹੁਣ 'ਘਰਿ ਘਰਿ ਏਹੈ ਅਗਿ' ਫਿਰਦੀ ਐ ਮਿੱਤਰਾ! ਇੱਥੇ ਹੁਣ ਸੱਠ-ਸੱਠ ਸਾਲ ਦੇ 'ਬਾਹਰਲੇ' ਲਾੜੇ ਵੀਹ-ਵੀਹ ਸਾਲ ਦੀਆਂ 'ਲੂਣਾ' ਵਿਆਹ ਕੇ, ਲੈ ਕੇ ਜਾਂਦੇ ਐ ਬਾਈ! ਇੱਥੇ ਇਕੱਲੀਆਂ ਲੂਣਾ ਦੇ ਦੁਖਾਂਤ ਹੀ ਨਹੀਂ ਹਨ ਬਾਈ ਜੀ, ਲਵੀ ਉਮਰ ਦੇ 'ਪੂਰਨ' ਵੀ 'ਬਾਹਰਲੀਆਂ' ਬੁੱਢੀਆਂ ਲਾੜੀਆਂ ਵੱਲੋਂ ਬੜੀ ਸ਼ਾਨ ਨਾਲ ਵਿਆਹ ਕੇ ਲਿਜਾਏ ਜਾਂਦੇ ਐ.! ਉਨ੍ਹਾਂ ਨੂੰ ਸਿਰਫ਼ ਵੱਢ ਕੇ ਖ਼ੂਹ ਵਿਚ ਹੀ ਨਹੀਂ ਸੁੱਟਿਆ ਜਾਂਦਾ ਪਰ ਕਸਰ ਕੋਈ ਨਹੀਂ ਛੱਡੀ ਜਾਂਦੀ ਜੀ! ਕੱਚੇ ਧਾਗੇ ਨਾਲ ਵਲਾਇਤ ਦੇ ਖ਼ੂਹ 'ਚੋਂ ਨਿਕਲਣਾ ਉਨ੍ਹਾਂ ਦੇ ਵੱਸ ਦਾ ਰੋਗ ਹੀ ਨਹੀਂ ਰਹਿ ਜਾਂਦਾ। ਫਿਰ ਉਹ ਤੇਰੇ ਵਾਂਗ ਪਲ-ਪਲ ਮਰਦੇ ਹਨ ਬਾਈ ਮੇਰਿਆ! ਦਾਰੂ ਦਾ ਆਸਰਾ ਲੈ ਕੇ ਆਪਣਾ ਆਪ ਗਾਲਦੇ ਰਹਿੰਦੇ ਐ! ...ਤੇ ਫਿਰ ਇਕ ਦਿਨ ਡਾਕਟਰ ਦੀ 'ਟੂਟੀ' ਉਸ ਨੂੰ ਮੁਰਦਾ ਕਰਾਰ ਦੇ ਦਿੰਦੀ ਹੈ, ਜਿਹੜਾ ਅੰਦਰੋਂ 'ਕਦੋਂ' ਦਾ' ਮਰ ਚੁੱਕਿਆ ਹੁੰਦੈ!

ਜੋਗੀ ਵੀਰਿਆ! ਜੇ ਤੈਨੂੰ 'ਹੱਥ ਦੇਖਣ' ਵਾਲੇ 'ਬਾਬੇ' ਮਿਲ ਪੈਣ ਤਾਂ ਪੁੱਛੀਂ, ਬਾਬਿਓ! ਪੰਜਾਬ ਦਾ ਅਮਨ ਚੈਨ ਕਦੋਂ ਕੁ ਵਾਪਿਸ ਮੁੜੂਗਾ ਜੀ? ਜਾਂ ਦੱਸ ਦਿਓ ਕਿਹੜੀ ਕੁੱਟੀ ਚੜ੍ਹ ਗਿਐ? ਜਾ ਕੇ ਫੜ ਈ ਲਿਆਈਏ? ਇਹ ਵੀ ਦੱਸ ਦਿਓ ਕਿ ਜਾਰਜ ਡਬਲਿਊ ਬੁਸ਼ ਅਤੇ ਓਸਾਮਾ ਬਿਨ ਲਾਦੇਨ ਦਾ ਸਿਤਾਰਾ ਕਿਉਂ ਨਹੀਂ ਮਿਲਦਾ ਰਿਹਾ? ਜੇ ਤੁਸੀਂ ਗਿਆਰਾਂ ਸਤੰਬਰ ਦੇ ਘੱਲੂਘਾਰੇ ਬਾਰੇ ਪਹਿਲਾਂ ਦੱਸ ਦਿੰਦੇ ਤਾਂ ਆਹ ਯੱਭ ਹੀ ਨਹੀਂ ਪੈਣੇ ਸੀ! ਤੁਸੀਂ ਦੱਸ ਦਿੰਦੇ ਖਾਂ ਬਾਬਾ ਜੀ ਬਣ ਕੇ ਬਈ ਸੱਦਾਮ ਹੁਸੈਨ ਨੇ ਹਥਿਆਰ ਕਿੱਥੇ ਲਕੋਏ ਐ? ਹਥਿਆਰ ਨਿਰੀਖਕ 'ਬਲੈਕਸ' ਵਾਧੂ ਗੋਡਣੀਏਂ ਹੋਇਆ ਫਿਰਦਾ ਸੀ, ਸੱਦਾਮ ਤਾਂ ਨਾ ਮਰਦਾ? ਤੁਸੀਂ ਦਾਅਵਾ ਕਰਦੇ ਰਹਿੰਦੇ ਹੋ, "ਦੁਸ਼ਮਣ ਮਿੱਤਰ ਬਣ ਜਾਣਗੇ" ਪਰ ਥੋਡੀ ਗਿੱਦੜਸਿੰਗੀ ਬੁਸ਼ ਅਤੇ ਓਸਾਮਾ ਬਿਨ ਲਾਦੇਨ ਵੇਲੇ ਖੁੰਢੀ ਕਿਉਂ ਹੋ ਜਾਂਦੀ ਸੀ? ਓਸਾਮਾ ਬਿਨ ਲਾਦੇਨ ਬਾਰੇ ਟੇਵਾ ਹੀ ਲਾ ਦਿੰਦੇ ਬਾਬਾ ਜੀ ਬਣ ਕੇ! ਕਾਹਨੂੰ ਅਮਰੀਕਾ ਦਾ ਜ਼ੋਰ ਲੁਆਈ ਜਾਣੇ ਐ? ਵਾਧੂ ਜ਼ੋਰ ਖਾ ਜਾਊਗਾ ਜੀ! ਨਾਲੇ ਓਸਾਮਾ ਬਿਨ ਲਾਦੇਨ 'ਤੇ ਤਾਂ ਇਨਾਮ ਵੀ ਬਹੁਤ ਰੱਖਿਆ ਹੋਇਆ ਹੈ ਜੀ! ਜੇ ਫ਼ਲਸਤੀਨੀਆ ਵਾਲੇ ਸਦਰ ਅੱਬਾਸ ਤੇ ਇਜ਼ਰਾਈਲ ਵਾਲੇ ਸ਼ਾਈਮਨ ਨੂੰ ਤੁਹਾਡੇ ਕੋਲੇ ਲੈ ਕੇ ਆਈਏ, ਕੋਈ ਜਾਦੂ ਧੂੜ ਦਿਓਗੇ ਜੀ? ਰਾਜ਼ੀਨਾਵਾਂ ਹੀ ਕਰ ਲੈਣ! ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੇ ਤਾਂ ਵਿਚੋਲਗਿਰੀ ਦੀਆਂ ਮੁੰਦਰੀਆਂ ਜ਼ਰੂਰ ਪਾਓ ਜੀ! ਟੋਨੀ ਬਲੇਅਰ ਦੇ ਗਲ 'ਚ ਤਾਂ ਜ਼ਰੂਰ ਬਰ ਜ਼ਰੂਰ ਕੋਈ ਨਾ ਕੋਈ ਧਾਗਾ ਤਵੀਤ ਪਾਓ ਬਾਬਾ ਜੀ! ਅਮਰੀਕਾ ਦੀ ਝੋਲੀ ਚੁੱਕਣੋਂ ਨਹੀਂ ਹਟਦਾ। ਇਹ ਵੀ ਦੱਸਿਓ ਪੱਤਰੀ ਖੋਲ੍ਹ ਕੇ ਬਾਬਾ ਜੀ, ਬਈ ਅਮਰੀਕਾ ਸਾਊਥ ਕੋਰੀਆ ਅਤੇ ਇਰਾਕ ਬਾਰੇ ਦੋ-ਧਾਰਾ ਤੂੰਬਾ ਕਿਉਂ ਵਜਾਉਂਦੈ? ਹਥਿਆਰ ਤਾਂ ਕੋਰੀਆ ਕੋਲੇ ਵੀ ਖ਼ਤਰਨਾਕ ਹੈਗੇ ਐ! ਕੋਰੀਆ ਨੂੰ ਇਰਾਕ ਵਾਂਗੂੰ ਟੁੱਟ ਕੇ ਕਿਉਂ ਨਹੀਂ ਪੈਂਦਾ ਜੀ? ਉਹਦੇ ਨਾਲ ਦੋ-ਦੋ ਹੱਥ ਕਾਹਤੋਂ ਮਿਲਾਉਂਦੈ? ਮੈਨੂੰ 'ਮੈਦ ਐ ਅਮਰੀਕਾ ਉਹਦੇ 'ਤੁਈਆਂ' ਜਿਹੀਆਂ ਵਾਲੇ 'ਭੜਾਕਿਆਂ' ਤੋਂ ਡਰਦੈ ਜੀ! ਇਥੋਪੀਆ 'ਚ ਭੁੱਖੇ ਮਰਦੇ ਲੋਕਾਂ ਨੂੰ ਜ਼ਰੂਰ ਕੋਈ ਕਾਲਾ ਜਾਦੂ ਦਿਓ ਜੀ! ਉਥੇ ਅੰਬ ਜ਼ਰੂਰ ਲੱਗਣ ਲੱਗ ਪੈਣ! ਤੁਸੀਂ ਬਾਬਾ ਜੀ ਘੌਲ਼ ਕਰ ਜਾਂਦੇ ਓ! ਹੜ੍ਹ ਵਾਲਾ ਪਾਣੀ ਮੰਤਰ ਮਾਰ ਕੇ ਸੋਕੇ ਵਾਲੇ ਪਾਸੇ ਨੂੰ ਕਿਉਂ ਨਹੀਂ ਧੱਕ ਦਿੰਦੇ?

ਜੋਗੀਆ! ਬਾਈ ਮੇਰਿਆ! ਜੇ ਕਿਤੇ ਬਾਬਾ ਬੁੱਲ੍ਹੇ ਸ਼ਾਹ, ਸੱਯਦ ਵਾਰਿਸ ਸ਼ਾਹ ਜਾਂ ਬਾਬਾ ਫ਼ਰੀਦ ਕਿਤੇ ਟੱਕਰਨ ਤਾਂ ਸਾਰਿਆਂ ਤੋਂ ਪਹਿਲਾਂ ਉਨ੍ਹਾਂ ਦੇ ਚਰਨੀਂ ਡਿੱਗ ਕੇ ਮੇਰਾ "ਸਲਾਮ" ਦੇਈਂ ਤੇ ਆਖੀਂ, ਆਪਣੀ 'ਪੰਜਾਬੀ-ਬੇਬੇ' ਭੁੱਖੀ-ਤਿਹਾਈ, ਲੰਗਾਰ ਹੰਢਾਉਂਦੀ ਐ! ਬਿਮਾਰ ਤਾਂ ਉਹ 1947 ਤੋਂ ਈ ਰਹਿੰਦੀ ਐ, ਇਕ ਪਾਸਾ ਜਿਉਂ ਮਾਰਿਆ ਗਿਆ ਸੀ! ਹੁਣ ਤਾਂ ਉਸ ਦੇ ਪੁੱਤ-ਪੋਤੇ ਵੀ ਅੰਗਰੇਜ਼ੀ 'ਆਂਟੀ' ਵਿਚ ਪਰਚ ਗਏ ਐ! ਦੁਆਈ-ਬੂਟੀ ਵੀ ਨਹੀਂ ਦਿੰਦੇ! ਹੁਣ ਤਾਂ ਜਦੋਂ ਮੰਜੇ 'ਤੇ ਪਈ ਖੰਘਦੀ ਐ ਨਾ? ਤਾਂ ਮੂੰਹ 'ਚੋਂ ਖ਼ੂਨ ਆਉਂਦੈ! ਸ਼ਾਇਦ ਅੰਗਰੇਜ਼ੀ ਟੀ. ਬੀ. ਹੋ ਗਈ ਐ! ਡਾਕਟਰ ਕਹਿੰਦੇ ਹੁਣ ਬਾਹਲਾ ਚਿਰ ਨਹੀਂ ਕੱਟਦੀ! ਪਰ ਪੁੱਤਾਂ-ਪੋਤਿਆਂ ਨੂੰ ਫੇਰ ਵੀ ਅਸੀਸਾਂ ਹੀ ਦੇਈ ਜਾਂਦੀ ਐ, "ਜਿਊਂਦੇ ਵਸਦੇ ਰਹਿਣ-ਦੁੱਧੀਂ ਪੁੱਤੀਂ ਫ਼ਲਣ!" ਕਹਿੰਦੀ ਐ, "ਪੁੱਤ ਧੀਆਂ ਸੌ ਵਾਰੀ ਬੇਮੁੱਖ ਹੋ ਜਾਣ, ਪਰ ਮਾਂ ਬੇਮੁੱਖ ਕਦੇ ਨਹੀਂ ਹੁੰਦੀ।" ਅੱਖਾਂ ਤੋਂ ਦਿਸਣਾ ਤਾਂ ਕੀ ਸੀ? ਹੁਣ ਤਾਂ ਆਪਦੀ ਕਿਰਿਆ ਵੀ ਮਸਾਂ ਈ ਸੋਧਦੀ ਐ! ਪੋਤੇ ਉਹਦੀ ਖੂੰਡੀ 'ਤੇ ਹੱਸਦੇ ਐ, ਪੋਤੀਆਂ ਚੁੰਨੀ ਤੋਂ ਖਿਝਦੀਐਂ! ਉਹਦੀਆਂ ਪੁਰਾਣੀਆਂ ਰਵਾਇਤਾਂ ਤੋਂ ਨੱਕ-ਬੁੱਲ੍ਹ ਮਾਰਦੇ ਐ! ਝੁਰੜੀਆਂ ਤੋਂ ਚਿੜਦੇ ਐ! ਮੁਸ਼ਕ ਆਉਣ ਦਾ ਦਾਅਵਾ ਵੀ ਕਰਦੇ ਐ ਅਤੇ ਕਦੇ ਕਦੇ 'ਉਜੱਡ-ਬੁੱਢੀ' ਵੀ ਕਹਿੰਦੇ ਐ! ਉਹ ਟੁੱਟੀ ਮੰਜੀ 'ਤੇ ਪਈ, ਘੰਗਾਰ ਸੁੱਟਦੀ ਰਹਿੰਦੀ ਐ! ਕਦੇ-ਕਦੇ ਵੈਰਾਗ 'ਚ ਆ ਕੇ ਰੋ ਵੀ ਪੈਂਦੀ ਐ! ਪਰ ਉਸ ਦੇ ਹੰਝੂ ਕੋਈ ਨਹੀਂ ਪੂੰਝਦਾ, ਹਾਸੇ ਦਾ ਵਿਸ਼ਾ ਜ਼ਰੂਰ ਬਣਦੀ ਰਹਿੰਦੀ ਐ!

ਜੋਗੀ ਵੀਰਿਆ! ਇਹ ਵੀ ਦੱਸੀਂ ਬਈ ਹੋਰ ਤਾਂ ਹੋਰ ਹੁਣ ਤਾਂ 'ਪੰਜਾਬੀ-ਬੇਬੇ' ਦਾ ਹਾਲ ਉਸ ਦੇ ਮੰਤਰੀ-ਸੰਤਰੀ ਪੁੱਤਰ ਵੀ ਨਹੀਂ ਪੁੱਛਦੇ। ਪੰਜਾਬੀ ਮਾਂ ਦੀ ਗੱਲ ਵੀ ਅੰਗਰੇਜ਼ੀ ਵਿਚ ਹੀ ਕਰਦੇ ਹਨ! ਵੋਟਾਂ ਵੇਲੇ ਬੇਬੇ ਦੇ ਗੋਡੇ ਵਿਚ ਹੱਥ ਜ਼ਰੂਰ ਮਾਰ ਲੈਂਦੇ ਹਨ। ਪੰਜਾਬੀ ਬੁੱਧੀਜੀਵੀ ਵੀ ਆਪਣੇ ਬੱਚਿਆਂ ਦੇ ਨਾਂ 'ਰੌਬਿਨ' ਜਾਂ 'ਡੇਵਿਡ' ਹੀ ਰੱਖਣ ਲੱਗ ਪਏ! ਨੰਦ ਲਾਲ, ਸ਼ਿਵ ਕੁਮਾਰ, ਪੂਰਨ ਸਿੰਘ ਅਤੇ ਵੀਰ ਸਿੰਘ ਵਰਗਿਆਂ ਨੂੰ ਭੁੱਲ ਗਏ। ਭਾਗ ਕੌਰ, ਸਦਾ ਕੌਰ ਵਿਸਰ ਗਈਆਂ ਅਤੇ 'ਬੈਗੀ' ਅਤੇ 'ਸੈਂਡੀ' ਉੱਗ ਪਈਆਂ। ਸਕੂਲਾਂ ਵਿਚ ਅੰਗਰੇਜ਼ੀ ਸ਼ੁਰੂ ਹੋ ਗਈ। ਪਰ ਬੱਚਿਆਂ ਨੂੰ ਹਾਲੀ ਤੱਕ "ਨਲੀ-ਪੂੰਝਣ" ਦੀ ਅੰਗਰੇਜ਼ੀ ਨਹੀਂ ਆਉਂਦੀ। "ਨੋਜੀ ਆ ਗਈ!" ਹੀ ਦੱਸਦੇ ਐ!

ਜੋਗੀ ਵੀਰਿਆ! ਉਨ੍ਹਾਂ ਮਹਾਂਪੁਰਸ਼ਾਂ ਨੂੰ ਸਭਿਆਚਾਰ ਬਾਪੂ ਦਾ ਹਾਲ-ਚਾਲ ਵੀ ਜ਼ਰੂਰ ਦੱਸੀਂ! ਉਹਨੂੰ ਵੀ ਜੀਨ, ਸਕਰਟ ਅਤੇ ਬੌਬੀ-ਕੱਟ ਰੋਗ ਐ! ਇਲਾਜ ਲਈ ਇੰਗਲੈਂਡ ਭੇਜਿਆ ਸੀ ਪਰ 'ਬਾਹਰਲੇ' ਡਾਕਟਰਾਂ ਨੇ ਉਸ ਦੇ ਰੋਗਾਂ ਬਾਰੇ ਸੁਣ ਕੇ ਹੀ ਹੱਸ ਛੱਡਿਆ। ਉਹ ਕਹਿੰਦੇ ਇਹਨੂੰ ਕੋਈ ਰੋਗ ਨਹੀਂ, ਇਹਦੇ ਦਿਮਾਗ 'ਚ ਫ਼ਰਕ ਪੈ ਗਿਆ। ਉਥੋਂ ਦੇ ਕੰਪਿਊਟਰਾਂ ਨੂੰ ਤਾਂ ਇਹਦੇ ਰੋਗਾਂ ਦੇ ਨਾਂਵਾਂ ਦਾ ਵੀ ਨਹੀਂ ਪਤਾ! ਜਦੋਂ ਉਥੋਂ ਦੇ ਵੱਡੇ 'ਹਸਪਤਾਲ' ਵਿਚ ਲੈ ਕੇ ਗਏ ਤਾਂ ਉਥੇ ਇਹ ਪਿੱਟ ਉਠਿਆ! ਕਹਿੰਦਾ, ਮੈਂ ਲੀੜੇ ਨਹੀਂ ਲਾਹੁਣ ਦੇਣੇ, ਮੇਰੀ ਊਂ ਡਾਕਟਰੀ ਕਰ ਲਵੋ, ਮੈਂ ਨਿਰਵਸਤਰ ਨਹੀਂ ਹੋਣਾ! ਹੁਣ ਇਹਦਾ ਵੀ ਇਕ ਪਾਸਾ ਮਾਰਿਆ ਪਿਐ! ਉਠਣ ਜੋਕਰਾ ਨਹੀਂ ਰਿਹਾ!

ਜੋਗੀ ਵੀਰਿਆ! ਇਹ ਮੇਰੇ ਸੁਨੇਹੇ ਜ਼ਰੂਰ ਦੇ ਦੇਵੀਂ! ਬੱਸ ਵੀਰਿਆ! ਜਿਉਂਦਾ ਵਸਦਾ ਰਹਿ! ਜੁੱਗ-ਜੁੱਗ ਜੀਵੇਂ! ਜਵਾਨੀਆਂ ਮਾਣੇਂ! ਖ਼ੁਸ਼ੀ-ਖ਼ੁਸ਼ੀ ਜਾਹ ਤੇ ਖ਼ੁਸ਼ੀ-ਖ਼ੁਸ਼ੀ ਮੁੜ ਕੇ ਆ। ਹਾਂ, ਪਰ ਮੇਰੀਆਂ ਗੱਲਾਂ ਦਾ ਜਵਾਬ ਜ਼ਰੂਰ ਲੈ ਕੇ ਆਈਂ ਵੀਰਿਆ। ਤੇਰੀ ਉਡੀਕ 'ਚ ਮੈਂ ਇਸ ਬੇਲੇ 'ਚ ਹੀ ਮਿਲੂੰ। ਰੱਬ ਖ਼ੈਰਾਂ ਬਖ਼ਸ਼ੇ! ਜਿਉਂਦਾ ਵਸਦਾ ਰਹਿ!!

# ਕਿੱਥੇ ਲਿਖਿਆ ਗਿਆ ਸੀ ਬੇਦਾਵਾ?

ਸੇ ਮਾਝਾ ਦੇਸ਼ ਗੁਰੂ ਕਾ ਸਿੱਖ ਨਹੀਂ ਰਹਾ।" (ਗੁਰੂ ਕੀਆਂ ਸਾਖੀਆਂ, ਸਾਖੀ 90ਵੀਂ)

ਇਹ ਸੀ ਉਹ ਅਭਾਗੀ ਘੜੀ ਜਦੋਂ ਮਾਝੇ ਦੇ ਢਿੱਲੋਂ ਗੋਤ ਦੇ ਕੇਵਲ ਚਾਰ ਸਿੱਖਾਂ ਨੇ ਬੇਦਾਵੇ ਦੇ ਕਾਗਜ਼ ਉਤੇ ਦਸਤਖ਼ਤ ਕਰ ਦਿੱਤੇ। 'ਗੁਰੂ ਕੀਆਂ ਸਾਖੀਆਂ' ਅਨੁਸਾਰ 'ਪ੍ਰਿਥਮੇ ਭਾਗ ਸਿੰਘ ਝਬਾਲੀਏ ਲਿਖਾ, ਇਸੇ ਦੇਖ ਦਿਲਬਾਗ ਸਿੰਘ, ਘਰਬਾਰਾ ਸਿੰਘ ਤੇ ਗੰਡਾ ਸਿੰਘ ਚੌਹਾਂ ਝਬਾਲੀਆਂ ਨੇ ਕਲਮ ਪਕੜ ਦਸਤਖ਼ਤ ਕਰ ਦੀਏ। ਜਬੈ ਦੇ ਬਾਕੀ ਸਿੰਘ ਅਚਾਨਕ ਵਾਪਰ ਗਈ ਇਸ ਘਟਨਾ ਉਤੇ ਹੈਰਾਨ ਹੁੰਦੇ ਹੋਏ ਡੂੰਘੀਆਂ ਸੋਚਾਂ ਵਿਚ ਪੈ ਗਏ ਅਤੇ ਗੁਰੂ ਨਾਲੋਂ ਤੋੜ ਵਿਛੋੜਾ ਕਰਨ ਵਾਲੇ ਬੇਦਾਵੇ ਉਤੇ ਦਸਤਖ਼ਤ ਕਰਨ ਦਾ ਹੌਸਲਾ ਨਾ ਕਰ ਸਕੇ।'

ਖਿਦਰਾਣੇ ਦੀ ਢਾਬ ਦੇ ਨਜ਼ਦੀਕ ਸਰਕਾਰ ਨਾਲ ਸੁਲਾਹ ਕਰਨ ਦਾ ਸੁਝਾਅ ਦੇਣ ਵਾਲੇ ਮਝੈਲਾਂ ਨੂੰ ਗੁਰੂ ਜੀ ਵੱਲੋਂ ਪਾਈ ਗਈ ਝਾੜ ਅਤੇ ਇਸੇ ਅਸਥਾਨ ਉਤੇ ਕੇਵਲ ਚਾਰ ਸਿੱਖਾਂ ਵੱਲੋਂ ਲਿਖੇ ਬੇਦਾਵੇ ਨੂੰ ਬਹੁਤ ਸਾਰੇ ਪੁਰਾਤਨ ਅਤੇ ਆਧੁਨਿਕ ਵਿਦਵਾਨਾਂ ਨੇ ਸਹੀ ਮੰਨ ਕੇ ਇਸ ਦੀ ਪੁਸ਼ਟੀ ਕੀਤੀ ਹੈ ਅਤੇ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਆਪਣੀਆਂ ਪੁਸਤਕਾਂ ਵਿਚ ਦਰਜ ਕੀਤਾ ਹੈ। ਅਜਿਹੇ ਵਿਦਵਾਨਾਂ ਵਿਚ ਭਾਈ ਸਵਰੂਪ ਸਿੰਘ ਕੌਸ਼ਿਸ਼ (ਗੁਰੂ ਕੀਆਂ ਸਾਖੀਆਂ), ਭਾਈ ਸੰਤੋਖ ਸਿੰਘ, ਗਿਆਨ ਸਿੰਘ, ਮੈਕਾਲਿਫ, ਭਾਈ ਵੀਰ ਸਿੰਘ (ਕਲਗੀਧਰ ਚਮਤਕਾਰ), ਪ੍ਰਿੰਸੀਪਲ ਸਤਿਬੀਰ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਗੁਰਬਚਨ ਸਿੰਘ ਨਈਅਰ ਅਤੇ ਡਾ. ਸੰਗਤ ਸਿੰਘ ਆਦਿ ਸ਼ਾਮਲ ਹਨ। (ਇਹ ਸਾਰਾ ਉਤਾਰਾ ਨਿਰੰਜਣ ਸਿੰਘ ਸਾਥੀ ਦੇ ਲਿਖੇ ਲੜੀਵਾਰ ਇਤਿਹਾਸਕ ਲੇਖਾਂ ਵਿਚੋਂ ਹੈ)

ਸੋਹਣ ਸਿੰਘ ਸੀਤਲ ਰੁਪਾਣੇ ਵਿਚ ਵੀ ਬੇਦਾਵਾ ਲਿਖਣ ਦੀ ਰੀਤ ਨੂੰ ਪ੍ਰਵਾਨਗੀ ਨਹੀਂ ਦਿੰਦੇ। ਉਹ ਲਿਖਦੇ ਹਨ ਕਿ 'ਉਥੇ ਵੀ ਬੇਦਾਵਾ ਲਿਖੇ ਜਾਣ ਦੀ ਕੋਈ ਮਜਬੂਰੀ ਨਹੀਂ ਜਾਪਦੀ।' ਇਸ ਵਿਚਾਰ ਚਰਚਾ ਤੋਂ ਇਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਜੇ ਮੁਕਤਸਰ ਦੀ ਧਰਤੀ ਉਤੇ ਬੇਦਾਵਾ ਪਾੜਿਆ ਗਿਆ ਹੈ ਤਾਂ ਬੇਦਾਵਾ ਕਿਤੇ ਨਾ ਕਿਤੇ ਜ਼ਰੂਰ ਲਿਖਿਆ ਗਿਆ। ਮੁਕਤਸਰ ਦੇ ਨੇੜੇ-ਤੇੜੇ ਹੀ ਲਿਖਿਆ ਗਿਆ ਹੈ ਅਤੇ ਬੇਦਾਵੇ ਦਾ ਕਾਗਜ਼ ਤਾਜ਼ਾ ਦਸਤਾਵੇਜ਼ ਸੀ ਅਤੇ ਸੁਭਾਵਿਕ ਤੌਰ ਉਤੇ ਉਹ ਗੁਰੂ ਦੀ ਜੇਬ ਵਿਚ ਮੌਜੂਦ ਸੀ।

## ਦੁਆਵਾਂ

ਬੜੇ ਹੀ ਹਿਸਾਬੀ ਹੋ ਤੁਸੀਂ
ਸਿਰਫ਼ ਇੱਕ ਸਾਲ ਦੀਆਂ ਹੀ
ਦੁਆਵਾਂ ਦੇ ਰਹੇ ਹੋ,
ਗਿਣ ਗਿਣ ਕੇ, ਮਿਣ ਮਿਣ ਕੇ
ਪਰ...
ਮੈਂ ਤਾਂ ਸਾਲ ਨਹੀਂ,
ਦਹਾਕੇ ਨਹੀਂ,
ਯੁਗਾਂ ਤੱਕ ਜਿਊਣਾ ਹੈ
ਮੈਨੂੰ ਤਾਂ ਲੋੜ ਹੈ
ਮੇਰੀ ਮਾਂ ਦੀਆਂ
ਦੁਆਵਾਂ ਵਰਗੀਆਂ ਦੁਆਵਾਂ ਦੀ,
ਜਿਹੜੀ ਗੱਲ ਗੱਲ 'ਤੇ ਆਖਦੀ ਹੈ...
ਜੁਗ ਜੁਗ ਜੀ ਮੇਰੇ ਲਾਲ...
ਸਦਾ ਸੁਖੀ ਰਹਿ...।
...ਤੇ ਤੁਸੀਂ ਸਿਰਫ਼
ਇੱਕ ਸਾਲ ਦੀਆਂ ਹੀ
ਸ਼ੁਭ ਕਾਮਨਾਵਾਂ ਦੇ ਰਹੇ ਹੋ।
...ਬੱਸ...?

–ਜਸਵੰਤ ਸਿੰਘ ਸ਼ਾਦ

ਕਹਾਣੀ

# ਦੀਵੇ ਵਾਂਗ ਬਲਦੀ ਅੱਖ

ਗੁਰਬਚਨ ਸਿੰਘ ਭੁੱਲਰ

ਉਨ੍ਹਾਂ ਦੇ ਵਿਹੜੇ ਵਿਚ ਜੁੜਦਾ-ਜੁੜਦਾ ਕਾਫ਼ੀ ਵੱਡਾ ਇਕੱਠ ਜੁੜ ਗਿਆ ਸੀ। ਪਿੰਡ ਦੇ ਕੁਝ ਪੈਂਚ ਤੇ ਮੋਹਰੀ ਬੰਦੇ ਉਨ੍ਹਾਂ ਨੇ ਆਪ ਸੱਦੇ ਸਨ। ਮਗਰੋਂ ਰੋਜ਼-ਰੋਜ਼ ਦੇ ਝਗੜੇ-ਝੇੜੇ ਤੋਂ ਬਚਣ ਲਈ ਫੈਸਲਾ ਉਨ੍ਹਾਂ ਸਾਹਮਣੇ ਹੋਇਆ ਹੀ ਠੀਕ ਰਹਿਣਾ ਸੀ। ਜਿਨ੍ਹਾਂ ਬੰਦਿਆਂ ਨਾਲ ਉਨ੍ਹਾਂ ਦੀ ਕੰਮ-ਧੰਦੇ ਦੀ, ਹਲ ਗੱਡੇ ਦੀ, ਵਾਹੀ-ਗੋਡੀ ਦੀ ਸਾਂਝ ਸੀ, ਉਹ ਤਾਂ ਬੁਲਾਉਣੇ ਹੀ ਹੋਏ। ਅਜਿਹੇ ਬੰਦੇ ਪੰਚਾਇਤਾਂ ਤੋਂ ਨਾ ਖੁੱਲ੍ਹਣ ਵਾਲੀਆਂ ਗੰਢਾਂ ਵੀ, ਸਾਰੇ ਭਰਾਵਾਂ ਉਤੇ ਪ੍ਰਭਾਵ ਹੋਣ ਕਰਕੇ, ਸੌਖਿਆਂ ਹੀ ਖੋਲ੍ਹ ਦਿੰਦੇ ਹਨ। ਖੜਪੈਂਚ ਕਿਸਮ ਦੇ ਲੋਕ ਬਿਨਾਂ ਸਦਿਆਂ ਆਪੇ ਹੀ ਆ ਗਏ ਸਨ। ਉਨ੍ਹਾਂ ਨੂੰ ਤਾਂ ਕਿਤੇ ਚਾਰ ਬੰਦੇ ਜੁੜਨ ਦੀ, ਕੋਈ ਝਗੜਾ ਜਾਂ ਝਗੜੇ ਦੀ ਸੰਭਾਵਨਾ ਹੋਣ ਦੀ ਸੋਅ ਲਗਣੀ ਚਾਹੀਦੀ ਹੈ, ਫੇਰ ਉਨ੍ਹਾਂ ਨੂੰ ਬੁਲਾਉਣ ਦੀ ਲੋੜ ਨਹੀਂ ਪੈਂਦੀ। ਆਪਣੀ ਚੌਧਰ ਦਿਖਾਉਣ ਲਈ ਉਹ ਸਭ ਤੋਂ ਪਹਿਲਾਂ ਆ ਹਾਜ਼ਰ ਹੁੰਦੇ ਹਨ। ਉਨ੍ਹਾਂ ਦੇ ਪਿਛੇ ਆ ਗਏ ਸਨ ਕੁਝ ਤਮਾਸ਼ਬੀਨ, ਖੁੰਢਾਂ ਉਤੇ ਬੈਠੇ ਵਿਹਲੜ ਲੋਕ, ਬਹੁਤਾ ਸਮਾਂ ਘਰ ਤੋਂ ਬਾਹਰ ਬਿਤਾਉਣ ਵਾਲੇ ਬੁੱਢੇ ਅਤੇ ਅਮਲੀ । ਇਨ੍ਹਾਂ ਦਾ "ਨਾ ਕਾਹੂੰ ਸਿਉਂ ਦੋਸਤੀ, ਨਾ ਕਾਹੂੰ ਸਿਉਂ ਵੈਰ" ਵਾਲਾ ਹਿਸਾਬ ਹੁੰਦਾ ਹੈ। ਕਿਸੇ ਨੂੰ ਘਾਟਾ ਰਹੇ, ਕਿਸੇ ਨੂੰ ਵਾਧਾ, ਉਨ੍ਹਾਂ ਨੇ ਤਾਂ ਬੱਸ ਵਿਚ-ਵਿਚਾਲਿਉਂ ਚਸਕਾ ਲੈਣਾ ਹੁੰਦਾ ਹੈ ਤੇ ਮਗਰੇ ਮਗਰ ਗਲੀ ਗੁਆਂਢ ਦੇ ਕੁਝ ਛੋਟੇ ਵੱਡੇ ਬੱਚੇ ਵੀ ਆ ਗਏ ਸਨ। ਕਿਤੇ ਕੁਝ ਮਾੜਾ ਵਾਪਰ ਰਿਹਾ ਹੋਵੇ ਜਾਂ ਚੰਗਾ, ਗੱਲ ਖ਼ੁਸ਼ੀ ਦੀ ਹੋਵੇ ਜਾਂ ਗ਼ਮੀ ਦੀ, ਉਹ ਅਖਾਂ ਵਿਚ ਅਚੰਭਾ ਅਤੇ ਮਨਾਂ ਵਿਚ ਉਤਸੁਕਤਾ ਭਰ ਕੇ ਦਬਵੇਂ ਪੈਰੀਂ ਪਹੁੰਚ ਜਾਂਦੇ ਹਨ। ਪਹਿਲਾਂ ਝਿਜਕ ਕੇ ਇਕ ਪਾਸੇ ਖਲੋਤੇ ਰਹਿੰਦੇ ਹਨ, ਫਿਰ ਹੌਲੀ ਹੌਲੀ ਨੇੜੇ ਹੁੰਦੇ ਹਨ ਅਤੇ ਅੰਤ ਨੂੰ ਭੀੜ ਵਿਚ ਜੁੜੇ ਲੋਕਾਂ ਦੀਆਂ ਲੱਤਾਂ ਵਿਚਕਾਰੋਂ ਦੀ ਅਛੋਪਲੇ ਹੀ ਲੰਘ ਕੇ ਅੱਗੇ ਜਾ ਖਲੋਣਾ ਆਪਣਾ ਹੱਕ ਸਮਝਦੇ ਹਨ।

ਵਿਹੜੇ ਵਿਚ ਕਾਫ਼ੀ ਵੱਡਾ ਇਕੱਠ ਤਾਂ ਜੁੜ ਗਿਆ ਸੀ, ਪਰ ਅਜੇ ਅਸਲ ਗੱਲ ਨਹੀਂ ਸੀ ਤੁਰੀ। ਸਭ ਆਪੋ ਆਪਣੀਆਂ ਮਾਰ ਰਹੇ ਸਨ। ਕਾਵਾਂ ਰੌਲੀ ਜਿਹੀ ਪਈ ਹੋਈ ਸੀ, ਜਿਹਦੇ ਵਿਚੋਂ ਕਦੀ-ਕਦੀ ਕਿਸੇ ਦੇ ਮੂੰਹੋਂ ਕਿਸੇ ਗੱਲ ਦਾ ਕੋਈ ਟੋਟਾ ਸੁਣਾਈ ਦੇ ਜਾਂਦਾ- "ਉਇ ਕਾਹਨੂੰ ਭੈੜਿਆ...ਮਖਿਆ ਮੇਰੀ ਮੰਨ ਵੀ...ਇਹ ਭਾਈ ਇਹ ਤਾਂ ਜਗਤ-ਰਵੀਰਾ ਐ...ਥਪਾਕ ਦੀਆਂ ਰੀਸਾਂ ਨਹੀਂ...ਲੈ ਤੂੰ ਮੇਰੀ ਸੁਣ...ਮੰਨੀ ਗੱਲ, ਪਰ ਥਪਾਕ ਰਹੇ ਵੀ...ਜਮਾਨਾ ਕਿਹੜੈ ਭਾਈ...।"

ਪੈਂਚ-ਖੜਪੈਂਚ ਮੰਜਿਆਂ ਉਤੇ ਬੈਠ ਗਏ ਸਨ। ਕੁਝ ਲੋਕ ਖੁਰਲੀਆਂ ਉਤੇ ਅਤੇ ਵਿਹੜੇ ਵਿਚ ਪਏ ਇਕ ਖੁੰਢ ਉਤੇ ਬੈਠ ਗਏ ਸਨ। ਬਾਕੀ ਇਧਰ-ਉਧਰ ਖਲੋਤੇ ਹੋਏ ਸਨ। ਤਿੰਨਾਂ ਵਿਚੋਂ ਵੱਡਾ ਭਰਾ ਦਿਆਲਾ ਅਤੇ ਛੋਟਾ ਪਾਲਾ ਦੋ ਵੱਖਰੇ-ਵੱਖਰੇ ਮੰਜਿਆਂ ਉਤੇ ਹੋਰ ਲੋਕਾਂ ਦੇ ਵਿਚਕਾਰ ਬੈਠੇ ਸਨ। ਚਾਰ-ਚੁਫੇਰੇ ਕੁਝ ਨਾ ਕੁਝ ਬੋਲ ਰਹੇ ਲੋਕਾਂ ਵਿਚ ਉਹ ਚੁਪ ਸਨ। ਕੋਈ ਉਨ੍ਹਾਂ ਵਿਚੋਂ ਕਿਸੇ ਨੂੰ ਸਿਧਾ ਕੁਝ ਆਖਦਾ ਤਾਂ ਉਹ ਹੂੰ-ਹਾਂ ਵਿਚ ਸੰਖੇਪ ਉਤਰ ਦੇ ਕੇ ਚੁਪ ਹੋ ਜਾਂਦਾ।

ਪਰੇ ਚੁਲ੍ਹੇ-ਚੌਂਕੇ ਦੀ ਕੱਚੀ ਕੰਧੋਲੀ ਕੋਲ ਆਂਢ-ਗੁਆਂਢ ਦੇ ਘਰਾਂ ਦੀਆਂ ਪੰਜ-ਸੱਤ ਜ਼ਨਾਨੀਆਂ ਬੈਠੀਆਂ-ਖੜੀਆਂ ਸਨ। ਦੂਰ-ਨੇੜੇ ਕਿਧਰੇ ਵੀ ਵਾਪਰ ਰਹੀ ਹਰ ਚੰਗੀ-ਮਾੜੀ ਘਟਨਾ ਵਿਚ ਸ਼ਾਮਲ ਹੋਣ ਦੀ, ਉਹਨੂੰ ਅਖੀਂ ਦੇਖਣ ਦੀ ਅਤੇ ਜੇ ਸੰਭਵ ਹੋਵੇ, ਪੰਚਾਇਤੀ ਘੋਟਣ ਦੀ ਲਾਲਸਾ ਤਾਂ ਆਖ਼ਰ ਉਨ੍ਹਾਂ ਨੂੰ ਵੀ ਹੁੰਦੀ ਹੀ ਹੈ। ਜੇ ਪੰਚਾਇਤ ਗੁਰਦੁਆਰੇ, ਧਰਮਸ਼ਾਲਾ ਜਾਂ ਸੱਥ ਵਿਚ ਜੁੜੇ, ਉਨ੍ਹਾਂ ਨੂੰ ਬੇਵਸ ਹੋ ਕੇ ਘਰ ਰਹਿਣਾ ਪੈਂਦਾ ਹੈ। ਪਰ ਜਦੋਂ ਇਕੱਠ ਕਿਸੇ ਦੇ ਘਰ ਹੋਵੇ, ਉਹ ਵੀ ਇਕ ਇਕ ਕਰਕੇ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਬੰਦਿਆਂ ਦੀ ਪੰਚਾਇਤ ਤੋਂ ਹਟਵੀਂ ਆਪਣੀ ਪੰਚਾਇਤ ਜੋੜ ਕੇ ਬੈਠ ਜਾਂਦੀਆਂ ਹਨ। ਤੇ ਜ਼ਨਾਨੀਆਂ ਦੀ ਇਸ ਪੰਚਾਇਤ ਵਿਚ ਦਿਆਲੇ ਦੀ ਘਰਵਾਲੀ ਗੁਰਨਾਮੋ ਅਤੇ ਪਾਲੇ ਦੀ ਘਰਵਾਲੀ ਮਹਿੰਦਰੋ ਵੀ ਸਨ।

"ਮੈਂਗਲ ਸਿਉਂ ਕਿਥੇ ਐ?" ਸਰਪੰਚ ਨੇ ਪੁਛਿਆ। "ਸਦੋ ਭਾਈ ਉਹਨੂੰ ਹੁਣ, ਗੱਲ ਕਿਸੇ ਸਿਰੇ ਲੱਗੇ। ਹੁਣ ਤਾਂ ਸਭ ਸਿਆਣੇ ਬੰਦੇ ਆ ਗਏ।"

"ਐਥੇ ਘਰ ਹੀ ਸੀ, ਅੰਦਰ, ਸਬਾਤ ਵਿਚ," ਦਿਆਲਾ ਬੋਲਿਆ ਤੇ ਫੇਰ ਉਹਨੇ ਪਾਲੇ ਨੂੰ ਕਿਹਾ, "ਸੱਦ ਖਾਂ ਉਹਨੂੰ ਅੰਦਰੋਂ। ਕੀ ਕਰਦੈ ਹੁਣ ਅੰਦਰ ਉਹੋ?"

ਪਾਲਾ ਸਬਾਤ ਵਿਚੋਂ ਮੈਂਗਲ ਨੂੰ ਲਿਆਉਣ ਤੁਰ ਗਿਆ। ਪੈਂਚ ਗੁਰਬਖ਼ਸ਼ ਸਿੰਘ ਨੇ ਸੋਹਣੇ ਅਮਲੀ ਨੂੰ, ਜੋ ਸਰਪੰਚ ਵਾਲੇ ਮੰਜੇ ਉਤੇ ਉਹਦੇ ਬਰਾਬਰ ਡਟਿਆ ਹੋਇਆ ਬੈਠਾ ਸੀ, ਕਿਹਾ, "ਸੋਹਣਾ ਸਿਆਂ, ਕੰਨ ਪਈ ਗੱਲ ਨਹੀਂ ਸੁਣਨ ਦਿੰਦੇ, ਭਜਾ ਦੇ ਖਾਂ ਏਸ ਸਾਰੀ ਮੁੰਡੀਰ ਨੂੰ ਇਥੋਂ! ਇਨ੍ਹਾਂ ਦਾ ਇਥੇ ਕੀ ਕੰਮ!"

ਸੋਹਣੇ ਅਮਲੀ ਨੇ ਮੋਢੇ ਉਤੇ ਰਖਿਆ ਪਰਨਾ ਚਿੜੀਆਂ ਉਡਾਉਣ ਵਾਲਿਆਂ ਵਾਂਗ ਘੁਮਾਉਂਦਿਆਂ ਧਰਤੀ ਉਤੇ ਖੜਕਾ ਕੀਤਾ, "ਚਲੋ ਉਇ ਜੁਆਕੋ, ਭੱਜੋ ਇਥੋਂ!" ਤੇ ਫੇਰ ਉਸਨੇ ਵੱਡੇ ਬੰਦਿਆਂ ਵਿਚ ਲੁਕਦੇ ਜਾਂਦੇ ਇਕ ਮੁੰਡੇ ਨੂੰ ਬਾਹਰ ਖਿੱਚ ਕੇ ਕਿਹਾ, "ਲੁਕਦਾ ਕਿਧੱਰ ਐਂ? ਭੱਜ ਬਾਹਰ...ਤੇਰੀ ਦਾਦੀ ਨੂੰ ਮੇਲੇ ਲੈ ਜਾਂ!"

"ਹੇਖਾਂ, ਭਰੀ ਪੰਚਾਇਤ ਵਿਚ ਸ਼ੁਭ ਬਚਨ ਬੋਲਦਿਆਂ ਸੰਗ ਨਹੀਂ ਆਉਂਦੀ!" ਕੰਧੋਲੀ ਕੋਲੋਂ ਨ੍ਹਾਮੀ ਬੁੜੀ ਤਿਖੀ ਆਵਾਜ਼ ਵਿਚ ਬੋਲੀ।

ਸੋਹਣਾ ਅਮਲੀ ਇਕ ਵਾਰ ਤਾਂ ਠਠੰਬਰ ਕੇ ਕੱਚਾ ਹੋ ਗਿਆ। ਉਹਨੂੰ ਕੀ ਪਤਾ ਸੀ ਕਿ ਮੁੰਡੇ ਦੀ ਦਾਦੀ ਵੀ ਨੇੜੇ ਹੀ ਬੈਠੀ ਹੋਈ ਹੈ। ਪਰ ਪੰਚਾਇਤ ਵਿਚ ਆਉਣ ਤੋਂ ਪਹਿਲਾਂ ਉਹ ਫੀਮ ਦਾ ਇਕ ਵਧੀਕ ਮਾਵਾ ਅੰਦਰ ਸੁਟ ਕੇ ਆਇਆ ਸੀ ਅਤੇ ਹੁਣ ਪੂਰੇ ਤਰਾਰੇ ਵਿਚ ਸੀ। ਛਿੱਥਾ ਪੈਣ ਦੀ ਥਾਂ ਉਹ ਹੱਸ ਕੇ ਬੋਲਿਆ, "ਕਿਉਂ ਬਈ ਨੰਬਰਦਾਰਨੀਏਂ, ਉਂ ਤਾਂ ਜੇ ਕੋਈ ਕੁਛ ਕਹੇ, ਕਹਿੰਦੀ ਰਹਿਨੀ ਐਂ, ਉਚਾ ਸੁਣਦੈ, ਉਚਾ ਸੁਣਦੈ। ਮੇਲੇ ਜਾਣ ਦੀ ਗੱਲ ਝਟ ਸੁਣ ਗਈ ਤੈਨੂੰ!"

ਸਾਰੇ ਵਿਹੜੇ ਵਿਚ ਖਿੜ ਖਿੜ ਹਾਸਾ ਖਿੰਡ ਗਿਆ। ਜ਼ਨਾਨੀਆਂ ਵੀ ਹੱਸ-ਹੱਸ ਕੇ ਦੂਹਰੀਆਂ ਹੋ ਗਈਆਂ। ਕੱਚੀ ਜਿਹੀ ਹੋ ਕੇ ਨ੍ਹਾਮੀ ਨੇ ਵੀ ਕੋਈ ਮੋੜ ਤਾਂ ਕੀਤਾ ਪਰ ਹੁਣ ਉਹਦੀ ਕੌਣ ਸੁਣਦਾ ਸੀ। ਉਹ ਖਿਝ ਕੇ ਕਾਹਲੀ-ਕਾਹਲੀ ਹੱਥ ਹਿਲਾ-ਹਿਲਾ ਕੇ ਕੁਝ ਆਖ ਰਹੀ ਸੀ। ਪਰ ਬਾਜ਼ੀ ਤਾਂ ਸੋਹਣਾ ਅਮਲੀ ਮਾਰ ਗਿਆ ਸੀ।

ਏਨੇ ਨੂੰ ਅੰਦਰੋਂ ਆ ਕੇ ਮੈਂਗਲ ਵੀ ਇਕ ਮੰਜੇ ਦੀ ਬਾਹੀ ਉਤੇ ਝਿਜਕਦਾ ਜਿਹਾ ਬੈਠ ਗਿਆ। ਸਰਪੰਚ ਨੇ ਸਭ ਨੂੰ ਚੁਪ ਕਰਵਾ ਕੇ ਅਸਲ ਗੱਲ ਕਰਨੀ ਚਾਹੀ। ਜਿਸ ਕੰਮ ਖ਼ਾਤਰ ਉਹ ਸਭ ਇਕੱਠੇ ਹੋਏ ਸਨ, ਉਹ ਤਾਂ ਅਜੇ ਸ਼ੁਰੂ ਹੀ ਨਹੀਂ ਸੀ ਕੀਤਾ ਗਿਆ। ਪਰ ਸੋਹਣੇ ਅਮਲੀ ਨੇ ਸਰਪੰਚ ਦੀ ਗੱਲ ਵਿਚੇ ਟੋਕ ਕੇ ਘਤਿੱਤ ਕੀਤੀ, "ਮੈਂਗਲ ਸਿਆਂ, ਭਜਣ ਵਾਲਿਆਂ ਵਾਂਗੂੰ ਬਾਹੀ ਉਤੇ ਕਿਉਂ ਬੈਠਾ ਐਂ? ਠੀਕ ਹੋ ਕੇ ਬੈਠ ਭੈੜਿਆ। ਭਾਈਆਂ ਵਿਚ ਬਰਾਬਰ ਦਾ ਭਾਈ ਐਂ। ਬਰਾਬਰ ਦੀ ਢੇਰੀ ਦਾ ਮਾਲਕ!"

"ਬਰੋਬਰੀ ਵਿਚ ਕੋਈ ਝੂਠ ਤਾਂ ਨਹੀਂ ਬਾਬਾ ਜੀ! ਓਸੇ ਮਾਂ ਦੇ ਪੇਟੋਂ ਇਹ ਜਨਮਿਐ, ਜਿਹਦੇ ਪੇਟੋਂ ਦੂਜੇ ਦੋਵੇਂ ਜਨਮੇ ਸੀ," ਕੰਧੋਲੀ ਕੋਲ ਜੁੜੀ ਜ਼ਨਾਨੀਆਂ ਦੀ ਮੰਡਲੀ ਵਿਚੋਂ ਮੂਹਰੇ ਆਉਂਦਿਆਂ ਮਹਿੰਦਰੋ ਬੋਲੀ। ਉਹਨੇ ਆਪਣਾ ਛੋਟਾ ਮੁੰਡਾ ਗੁਰਜੰਟ ਨੁਹਾ-ਧੋ ਕੇ ਅਤੇ ਕਲਿਪ ਵਾਲਾ ਜੂੜਾ ਕਰਕੇ ਗੋਦੀ ਚਕਿਆ ਹੋਇਆ ਸੀ। ਘੁੰਡ ਵਿਚ ਕੱਜੇ ਉਹਦੇ ਸਾਰੇ ਚਿਹਰੇ ਵਿਚੋਂ ਨੰਗੀ ਉਹਦੀ ਖੱਬੀ ਅੱਖ ਦੀਵੇ ਵਾਂਗ ਬਲ ਰਹੀ ਸੀ।

ਸੋਹਣੇ ਅਮਲੀ ਨੂੰ ਇਸ ਮੋੜਵੇਂ ਜਵਾਬ ਦੀ ਉਕਾ ਆਸ ਨਹੀਂ ਸੀ। ਇਸ ਅਣਕਿਆਸੇ ਵਾਰ ਨਾਲ ਨ੍ਹਾਮੀ ਬੁੜੀ ਵਾਲੀ ਗੱਲ ਸਦਕਾ ਬਣੀ ਉਹਦੀ ਹਾਜ਼ਰ ਜਵਾਬੀ ਦੀ ਸਾਰੀ ਪੈਂਠ ਜਾਂਦੀ ਰਹੀ। ਉਹ ਕੁਝ ਕਹਿਣਾ ਚਾਹੁੰਦਾ ਸੀ ਪਰ ਕਹਿ ਨਾ ਸਕਿਆ। ਕੁਝ ਅਹੁੜਿਆ ਹੀ ਨਾ। ਆਖ਼ਰ ਕੋਈ ਹੋਰ ਬੰਦਾ ਉਹਦੀ ਮਦਦ ਲਈ ਬਹੁੜਿਆ। ਪੰਚਾਇਤ ਵਿਚੋਂ ਕਿਸੇ ਨੇ ਕਿਹਾ, ਤੁਸੀਂ ਬੁੜੀਆਂ ਚੁਪ ਕਰੋ ਭਾਈ, ਬੰਦਿਆਂ ਨੂੰ ਗੱਲ ਕਰਨ ਦਿਉ।"

"ਤੂੰ ਵਿਚ ਜਾ ਕੇ ਕਾਹਨੂੰ ਮਗਜਾਲੀ ਮਾਰਦੀ ਐਂ, ਵੱਡੀ ਪੰਚਾਇਤਣ, ਅੰਦਰ ਆ ਜਾ ਚੁਪ ਕਰਕੇ," ਮੈਲੀ ਚਾਦਰ ਦਾ ਲਮਕਵਾਂ ਜਿਹਾ ਘੁੰਡ ਕੱਢੀ ਬੈਠੀ ਉਹਦੀ ਜਠਾਣੀ ਗੁਰਨਾਮੋ ਬੋਲੀ। "ਪੰਚਾਂ ਵਿਚ ਪਰਮੇਸ਼ਰ ਹੁੰਦੈ, ਜੋ ਫੈਸਲਾ ਪੰਚ ਕਰਨਗੇ, ਦੁਧੋਂ ਪਾਣੀ ਨਿਤਾਰ ਕੇ ਹੀ ਕਰਨਗੇ।"

"ਨੀ ਤੂੰ ਪੁਰਖਾਂ ਵਿਚ ਕਾਹਨੂੰ ਬੋਲਦੀ ਐਂ," ਕਈ ਹੋਰ ਬੁੜੀਆਂ ਨੇ ਵੀ ਇਕੱਠੀਆਂ ਨੇ ਮਹਿੰਦਰੋ ਨੂੰ ਮੱਤ ਦਿਤੀ।

"ਨਾ ਮੈਂ ਕਾਹਨੂੰ ਬੋਲਦੀ ਆਂ," ਮਹਿੰਦਰੋ ਇਕਦਮ ਪਿਛੇ ਹਟ ਗਈ, "ਇਹ ਤਾਂ ਅਮਲੀ ਬੁੜਾ ਚਕਵੀਂ ਗੱਲ ਕਰਦਾ ਸੀ...ਛੋਟੇ ਭਾਈ ਦੀ ਬਰੋਬਰੀ ਤੋਂ ਇਨਕਾਰੀ ਕੌਣ ਕਰਦੈ? ਬਰਾਬਰਾਂ ਨਾਲੋਂ ਵੀ ਵੱਧ ਐ ਸਗੋਂ ਏਸ ਘਰ ਵਿਚ ਇਹੇ!"

ਹਾਂ, ਅੱਜ ਤਾਂ ਮੈਂਗਲ ਠੀਕ ਹੀ ਬਰਾਬਰ ਦੇ ਨਾਲੋਂ ਵੀ ਵੱਧ ਭਾਰਾ-ਗੌਰਾ ਲਗਦਾ ਸੀ। ਦਾਦੇ ਲਹਿੰਦੀ ਵੀਹ ਕਿਲੇ ਜ਼ਮੀਨ ਉਤੇ ਤਿੰਨੇ ਭਰਾਵਾਂ ਦਾ ਬਰਾਬਰ ਹੱਕ ਸੀ। ਵੱਡਾ ਦਿਆਲਾ ਤੇ ਛੋਟਾ ਪਾਲਾ ਬਾਲ-ਬੱਚੇ ਵਾਲੇ ਸਨ, ਪਰ ਵਿਚਕਾਰਲਾ ਮੈਂਗਲ ਛੜਾ ਰਹਿ ਗਿਆ ਸੀ। ਜਦੋਂ ਵਿਹੜੇ ਵਿਚ ਜੁੜੇ ਲੋਕ ਮਨ ਹੀ ਮਨ ਵਿਚ ਤਿੰਨਾਂ ਭਰਾਵਾਂ ਨੂੰ ਜੋਖਦੇ, ਕਈ ਕਈ ਬੱਚਿਆਂ ਵਲ ਵੇਖਦਿਆਂ ਦਿਆਲਾ ਤੇ ਪਾਲਾ ਜਾਇਦਾਦ ਦੇ ਪੱਖੋਂ ਹੀਣੇ-ਹੀਣੇ ਲਗਦੇ ਪਰ ਬਰਾਬਰ ਦੀ ਢੇਰੀ ਦਾ ਮਾਲਕ ਮੈਂਗਲ ਇਕੱਲੀ ਜਾਨ ਹੋਣ ਕਰਕੇ ਭਾਰਾ-ਭਾਰਾ ਲਗਦਾ। ਆਖ਼ਰ ਜੱਟ ਦਾ ਆਪਣਾ ਭਾਰ ਤਾਂ ਕੋਈ ਹੁੰਦਾ ਹੀ ਨਹੀਂ। ਜ਼ਮੀਨ ਬਿਨਾਂ ਜੱਟ ਦਾ ਕਾਹਦਾ ਭਾਰ! ਜ਼ਮੀਨ ਬਿਨਾਂ ਜੱਟ ਦੀ ਕਾਹਦੀ ਹੋਂਦ!



ਦਿਆਲਾ ਤਾਂ ਬਿਨਾ ਨੱਸ-ਭੱਜ ਦੇ ਵਿਆਹਿਆ ਗਿਆ ਸੀ। ਉਨ੍ਹਾਂ ਦਿਨਾਂ ਵਿਚ ਮਸਤਾਨ ਸਿੰਘ ਦੀ ਵਾਹੀ ਵਧੀਆ ਚਲਦੀ ਸੀ। ਢਠਿਆਂ ਵਰਗੇ ਨਗੌਰੀ ਬਲਦ ਉਹਦੇ ਹਲ ਅਗੇ ਜੁੜਦੇ ਸਨ। ਤਿੰਨੇ ਮੁੰਡੇ ਕੰਮ ਵਿਚ ਉਹਦੇ ਨਾਲ ਹੱਥ ਪੁਆਉਣ ਲਗ ਪਏ ਸਨ। ਕਿਸਾਨ ਦੇ ਆਪਣੇ ਘਰ ਦੇ ਚਾਰ ਬੰਦੇ ਖੇਤ ਜਾਣ ਵਾਲੇ ਹੋਣ, ਉਹ ਕੀਹਤੋਂ ਲਿਆ ਜਾਂਦਾ ਹੈ। ਆਦਮੀ ਵੀ ਉਹ ਨੇਕ-ਨਾਮ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਗੱਲ ਮੈਂਗਲ ਉਤੇ ਆ ਕੇ ਅੜ ਗਈ ਸੀ।

ਮੈਂਗਲ ਦੇ ਸੁਕੇ ਜਿਹੇ ਚਿਹਰੇ ਉਤੇ ਮਾਤਾ ਦੇ ਦਾਗ਼ ਕਿਸੇ ਧੀ ਵਾਲੇ ਦਾ ਮਨ ਖਲੋਣ ਨਾ ਦਿੰਦੇ। ਰਹਿੰਦੀ ਕਸਰ ਉਹਦੀ ਪੱਗ ਦਾ ਛੇਕਤਲਾ ਲੜ ਪੂਰੀ ਕਰ ਦਿੰਦਾ, ਜਿਹਨੂੰ ਬਿਨਾਂ ਟੰਗਿਆਂ ਹੀ ਉਹ ਸਾਰੀ ਪਗ ਦੇ ਉਤੋਂ ਦੀ ਵਿਛਾ ਲੈਂਦਾ ਸੀ। ਕਰੂਪ ਹੋਣ ਦੇ ਨਾਲ-ਨਾਲ ਉਹ ਜੌਂਲਲ ਜਿਹਾ ਵੀ ਲਗਦਾ। ਵਿਚੋਲਿਆਂ ਦਾ ਲਿਆਂਦਾ ਜੇ ਕੋਈ ਮੈਂਗਲ ਨੂੰ ਦੇਖਣ ਆਉਂਦਾ ਵੀ, ਉਹ ਤੁਰਨ ਲਗਿਆਂ ਕੰਨ ਵਿਚ ਫੂਕ ਮਾਰ ਜਾਂਦਾ, "ਛੋਟੇ ਨੂੰ ਤਾਂ ਰੁਪਈਆ ਭਾਵੇਂ ਹੁਣੇ ਫੜ ਲਉ, ਇਹ ਮੁੰਡਾ ਤਾਂ...।"

ਕਈ ਸਾਲ ਮਸਤਾਨ ਸਿੰਘ ਅਤੇ ਕਿਸ਼ਨੋ ਮੈਂਗਲ ਨੂੰ ਵਿਆਹੁਣ ਲਈ ਹੱਥ ਪੈਰ ਮਾਰਦੇ ਰਹੇ। ਮਸਤਾਨ ਸਿੰਘ ਸਾਕ-ਸਕੀਰੀਆਂ ਵਾਲਿਆਂ ਨੂੰ ਆਖਦਾ ਅਤੇ ਮਿੱਤਰਾਂ ਵਾਕਫ਼ਾਂ ਉਤੇ ਜ਼ੋਰ ਪਾਉਂਦਾ। ਕਿਸ਼ਨੋ ਪਿੰਡ ਦੀਆਂ ਸਾਕ ਕਰਵਾਉਣ ਵਾਲੀਆਂ ਮਸ਼ਹੂਰ ਜ਼ਨਾਨੀਆਂ ਦੇ ਘਰੀਂ ਗੇੜੇ ਮਾਰਦੀ। ਉਹ ਵਿਚੋਲਗਿਰੀ ਲਈ ਭਾਰੀਆਂ ਛਾਪਾਂ, ਵਧੀਆ ਸੂਟਾਂ ਅਤੇ ਮੋਟੇ ਧੁਸਿਆਂ ਦਾ ਲਾਲਚ ਦਿੰਦੀ। ਉਹ ਅੱਧ ਕੁ ਦੀ ਹੋ ਕੇ ਤਰਲਾ ਕਰਨ ਵਾਲਿਆਂ ਵਾਂਗ ਆਖਦੀ, ਭੈਣੇ ਮੈਂ ਤਾਂ ਤੇਰਾ ਹਸਾਨ ਸਾਰੀ ਉਮਰ ਨਹੀਂ ਭੁਲਦੀ। ਇਕ ਵਾਰੀ ਮੁੰਡੇ ਦੀ ਰੋਟੀ ਪਕਦੀ ਹੋ ਜਾਵੇ। ਇਕ ਵਾਰੀ ਬਹੂ ਘਰ ਆ ਜਾਵੇ। ਉਠਦੀ ਬੈਠਦੀ ਤੇਰੇ ਗੁਣ ਗਾਊਂ। ਕੱਚੇ ਧਾਗੇ ਨਾਲ ਪਾਣੀ ਭਰੂੰ ਤੇਰਾ!" ਪਰ ਰੱਬ ਜਾਣੇ, ਮਸਤਾਨ ਸਿੰਘ ਅਤੇ ਕਿਸ਼ਨੋ ਦੀ ਕਿਸਮਤ ਵਿਚ ਕੋਈ ਫਰਕ ਸੀ ਜਾਂ ਮੈਂਗਲ ਦੀ ਕਿਸਮਤ ਵਿਚ, ਕਿਤੇ ਵੀ ਕੋਈ ਚਾਰਾ ਨਾ ਚਲਿਆ। ਅਖ਼ੀਰ ਇਹ ਸੋਚ ਕੇ ਕਿ ਇਹਨੂੰ ਵਿਆਹੁੰਦੇ-ਵਿਆਹੁੰਦੇ ਕਿਤੇ ਛੋਟਾ ਵੀ ਨਾ ਖੁੰਝ ਜਾਵੇ, ਉਨ੍ਹਾਂ ਨੇ ਪਾਲੇ ਲਈ ਰੁਪਈਆ ਫੜ ਲਿਆ।

ਛੋਟਾ ਭਰਾ ਵਿਆਹੇ ਤੋਂ ਮਗਰੋਂ ਵੱਡੇ ਨੂੰ ਕੌਣ ਪੁਛਦਾ ਹੈ। ਤੇ ਲੋਕਾਂ ਦੇ ਇਸ ਸ਼ੰਕੇ ਦਾ ਆਧਾਰ ਵੀ ਤਾਂ ਹੁੰਦਾ ਹੈ ਕਿ ਵੱਡਾ ਅਣਵਿਆਹਿਆ ਛਡ ਕੇ ਛੋਟਾ ਵਿਆਹਿਆ ਗਿਆ, ਉਹਦੇ ਵਿਚ ਕੋਈ ਕਸਰ, ਕੋਈ ਊਣ, ਕੋਈ ਕੱਜ ਤਾਂ ਹੋਵੇਗੀ ਹੀ। ਐਵੇਂ ਹੀ ਤਾਂ ਨਹੀਂ ਕੰਵਾਰਾ ਰਹਿ ਗਿਆ। ਸੋ ਮੈਂਗਲ ਰਹਿੰਦਾ-ਰਹਿੰਦਾ ਰਹਿ ਹੀ ਗਿਆ। ਹੁਣ ਉਹ ਕੰਵਾਰਾ ਨਹੀਂ, ਛੜਾ ਸੀ।

ਮਸਤਾਨ ਸਿੰਘ ਦੇ ਮਰਨ ਮਗਰੋਂ ਇਕੱਲੀ ਕਿਸ਼ਨੋ ਤਰਲੇ ਲੈਂਦੀ ਰਹੀ। ਹੁਣ ਤਾਂ ਉਹ ਜੱਟ ਵਾਲੀ ਟੈਂ ਨੂੰ ਛਡ ਕੇ ਬਹੁਤ ਹੇਠਾਂ ਉਤਰ ਆਈ ਸੀ। ਹੁਣ ਤਾਂ ਉਹ ਸੋਚਦੀ, ਕਿਤੇ ਕੋਈ ਮੁਲ ਦੀ ਤੀਵੀਂ ਦੀ ਹੀ ਗੱਲ ਬਣ ਜਾਵੇ! ਪਰ ਜੇ ਕਿਤੇ ਕੋਈ ਗੱਲ ਤੁਰਦੀ ਵੀ, ਪਤਾ ਨਹੀਂ ਕੌਣ ਭਾਨੀ ਮਾਰ ਆਉਂਦਾ। ਗੱਲ ਬਣਦੀ ਬਣਦੀ ਰਹਿ ਜਾਂਦੀ। ਕਿਸ਼ਨੋ ਮੱਥੇ ਉਤੇ ਹਥ ਮਾਰਦੀ, "ਮੇਰੇ ਭਾਗ ਮਾੜੇ, ਨਾਲੇ ਮਾੜੇ ਏਸ ਚੰਦਰੇ ਦੇ।" ਤੇ ਉਹ ਰਬ ਨੂੰ ਉਲਾਂਭਾ ਦਿੰਦੀ, "ਓਸੇ ਕੁਖੋਂ ਪੈਦਾ ਕਰਕੇ ਤੂੰ ਇਹਨੂੰ ਕਰਮਾਂ ਦਾ ਹੀਣਾ ਕਾਹਤੋਂ ਰਖਿਆ ਵੇ ਡਾਢਿਆ!"

ਮੈਂਗਲ ਨੂੰ ਕਿਸ਼ਨੋ ਦੇ ਏਸ ਰੋਜ਼-ਰੋਜ਼ ਦੇ ਰੁਦਨ ਤੇ ਬੜੀ ਸ਼ਰਮ ਆਉਂਦੀ। ਭਰਜਾਈਆਂ ਸਾਹਮਣੇ ਇਉਂ ਉਹ ਆਪਣੇ ਆਪ ਨੂੰ ਹੋਰ ਵੀ ਹੀਣਾ ਹੋਇਆ ਸਮਝਦਾ। ਕਈ ਵਾਰੀ ਉਹ ਅੱਕ ਕੇ ਤੇ ਛਿੱਥਾ ਜਿਹਾ ਪੈ ਕੇ ਬੋਲਦਾ, "ਐਵੇਂ ਨਾ ਤੂੰ ਬੇਬੇ ਆਥਣ-ਉਗਣ ਕੀਰਨੇ ਜਿਹੇ ਪਾਇਆ ਕਰ। ਮੈਨੂੰ ਨਹੀਂ ਲੋੜ ਤੇਰੇ ਲਿਆਂਦੇ ਇਹੋ ਜਿਹੇ ਡੋਲਿਆਂ ਦੀ!" ਤੇ ਉਹ ਉਠ ਕੇ ਘਰੋਂ ਬਾਹਰ ਨਿਕਲ ਜਾਂਦਾ। ਕਿਸ਼ਨੋ ਉਹਦੀ ਜਾਂਦੇ ਦੀ ਪਿਠ ਵਲ ਦੇਖਦਿਆਂ ਲੰਮਾ ਹਉਕਾ ਭਰਦੀ, "ਵੇ ਨਿਕਰਮਿਆਂ, ਸਾਰੀ ਉਮਰ ਦੋ ਬੁਰਕੀਆਂ ਟੁਕ ਖ਼ਾਤਰ ਦੂਜਿਆਂ ਦੇ ਹਥਾਂ ਵਲ ਝਾਕੇਂਗਾ ਵੇ...ਕਿਸੇ ਨੇ ਨਹੀਂ ਪੁਛਣਾ ਵੇ ਪੁੱਤਾ!"

ਇਕ ਦੋ ਸਾਕ ਮਹਿੰਦਰੋ ਵੀ ਲਿਆਈ। ਇਕ ਵਾਰ ਉਹਦਾ ਮਾਮਾ ਆਪਣੇ ਪਿੰਡੋਂ ਕਿਸੇ ਧੀ ਵਾਲੇ ਨੂੰ ਲੈ ਕੇ ਆਇਆ। ਮੁੰਡਾ ਉਹਦੇ ਪਸੰਦ ਸੀ, ਬਸ ਉਹਨੇ ਆਪਣੇ ਸਾਲੇ ਦੀਆਂ ਨਜ਼ਰਾਂ ਵਿਚੋਂ ਕਢਵਾਉਣਾ ਸੀ। ਪਰ ਉਹਨੇ ਮੁੜ ਕੇ ਕੋਈ ਪਤਾ ਨਾ ਦਿਤਾ। ਮਹਿੰਦਰੋ ਦੀ ਮਾਸੀ ਦੇ ਪੁਤ ਵਲੋਂ ਲਿਆਂਦੇ ਗਏ ਧੀ ਵਾਲੇ ਦੇ ਤਾਂ ਕੋਈ ਸਾਲਾ ਭਣੋਈਆ ਵੀ ਨਹੀਂ ਸੀ। ਮੁੰਡਾ ਉਹਨੂੰ ਜਚ ਗਿਆ ਸੀ, ਬਸ ਉਸਨੇ ਸਾਰਾ ਕੁਝ ਦਸ ਕੇ ਘਰਦਿਆਂ ਦੀ ਸਹਿਮਤੀ ਲੈਣੀ ਸੀ। ਉਹ ਵੀ ਚੁਪ ਹੀ ਧਾਰ ਗਿਆ। ਮਹਿੰਦਰੋ ਦੇ ਫੁਫੜ ਨਾਲ ਆਇਆ ਧੀ ਵਾਲਾ ਤਾਂ ਕੋਈ ਚੰਗਾ ਦਿਨ ਕਢਵਾ ਕੇ ਆਉਣ ਦਾ ਇਕਰਾਰ ਤਕ ਕਰ ਗਿਆ ਸੀ। ਪਰ ਕੁਝ ਦਿਨ ਮਗਰੋਂ ਉਹਦੀ ਹਰੇਕ ਸਕੀਰੀ ਵਿਚੋਂ ਇਹੋ ਜਵਾਬ ਆ ਜਾਂਦਾ ਕਿ ਕੁੜੀ ਵਾਲੇ ਕੋਲ ਕਿਸੇ ਨੇ ਭਾਨੀ ਮਾਰ ਦਿਤੀ। ਸੋਚ-ਸੋਚ ਕੇ ਵੀ ਸਮਝ ਨਾ ਪੈਂਦੀ ਕਿ ਉਨ੍ਹਾਂ ਦੇ ਟੱਬਰ ਦੇ ਏਨਾ ਵੈਰ ਕੌਣ ਪੈ ਗਿਆ ਸੀ, ਜੋ ਭਾਨੀ ਮਾਰਨ ਲਈ ਹਰ ਥਾਂ ਜਾ ਪਹੁੰਚਦਾ ਸੀ। ਮਹਿੰਦਰੋ ਵਿਚਾਰੀ ਤਾਂ ਪੂਰਾ ਜ਼ੋਰ ਲਾ ਰਹੀ ਸੀ ਕਿ ਮੈਂਗਲ ਦਾ ਚੁਲ੍ਹਾ ਵੀ ਤਪਦਾ ਹੋ ਜਾਵੇ ਪਰ ਪਤਾ ਨਹੀਂ ਕੀਹਦੀਆਂ ਭਾਨੀਆਂ ਦੇ ਭਜਾਏ ਹੋਏ ਸਭ ਦੇ ਸਭ ਭਜ ਜਾਂਦੇ।

ਜਿੰਨਾ ਚਿਰ ਕਿਸ਼ਨੋ ਬੈਠੀ ਰਹੀ, ਸਾਂਝਾ ਘਰ ਕਿਵੇਂ ਨਾ ਕਿਵੇਂ ਤੁਰਦਾ ਰਿਹਾ। ਕਿਸ਼ਨੋ ਦੇ ਅਖਾਂ ਮੀਟਦਿਆਂ ਹੀ ਸਭ ਕੁਝ ਖਿੰਡ-ਪੁੰਡ ਗਿਆ।

ਗੁਰਨਾਮੋ ਰੋਜ਼ ਰਾਤ ਨੂੰ ਦਿਆਲੇ ਕੋਲ ਮਹਿੰਦਰੋ ਦੀਆਂ ਵਧੀਕੀਆਂ ਦੀ ਕਥਾ ਲੈ ਬੈਠਦੀ। ਘਰ ਦਾ ਬਹੁਤਾ ਕੰਮ ਗੁਰਨਾਮੋ ਨੂੰ ਕਰਨਾ ਪੈਂਦਾ। ਹਰੇਕ ਕੰਮ ਦਾ ਭਾਰਾ ਪੱਖ ਉਹਦੇ ਹਿੱਸੇ ਆਉਂਦਾ, ਹੌਲਾ ਮਹਿੰਦਰੋ ਦੇ। ਮਹਿੰਦਰੋ ਘਰ ਵਿਚ ਬਹੁਕਰ ਮਾਰ ਕੇ ਗੋਹੇ ਕੂੜੇ ਦੇ ਟੋਕਰੇ ਭਰਦੀ, ਗੁਰਨਾਮੋ ਚੁਕ ਕੇ ਰੂੜੀ ਉਤੇ ਸੁਟਣ ਜਾਂਦੀ। ਮਹਿੰਦਰੋ ਆਟਾ ਗੁੰਨ੍ਹਦੀ ਅਤੇ ਹਾਰੀ ਵਿਚ ਗੋਹੇ ਪਾ ਕੇ ਦਾਲ ਦਾ ਤਪਲਾ ਧਰਦੀ, ਗੁਰਨਾਮੋ ਰੋਟੀਆਂ ਦੀ ਥਹੀ ਪਕਾਉਂਦੀ। ਮਹਿੰਦਰੋ ਟੋਕਰੇ ਵਿਚ ਰੋਟੀਆਂ, ਦਾਲ ਤੇ ਲੱਸੀ ਰਖਦੀ ਅਤੇ ਗੰਢੇ ਦੇ ਪੱਤ ਵਰਗਾ ਦੁਪੱਟਾ, ਜੰਜੀਰੀ ਵਾਲੀ ਕੁੜਤੀ, ਪੱਟਾਂ ਨਾਲ ਖਹਿੰਦੀ ਸਲਵਾਰ ਤੇ ਕਢਵੀਂ ਜੁਤੀ ਪਾ ਕੇ ਪਿੰਡ ਵਿਚੋਂ ਦੀ ਆਪਣੀ ਜਵਾਨੀ ਦਾ ਪਰਦਰਸ਼ਨ ਕਰਦੀ ਹੋਈ ਖੇਤ ਨੂੰ ਤੁਰ ਜਾਂਦੀ, ਗੁਰਨਾਮੋ ਸਾਰੇ ਟੱਬਰ ਦੇ ਕਪੜੇ ਧੋਣ ਬੈਠਦੀ। ...ਗੁਰਨਾਮੋ ਦਿਆਲੇ ਨੂੰ ਆਖਦੀ, ਉਹ ਕੰਮ ਤਾਂ ਮਹਿੰਦਰੋ ਦੇ ਹਿੱਸੇ ਦਾ ਵੀ ਆਪ ਕਰ ਲਵੇ, ਪਰ ਉਹਤੋਂ ਉਹਦੀਆਂ ਚੁਸਤ-ਚਲਾਕੀਆਂ ਜਿਹੀਆਂ ਨਹੀਂ ਝਲੀਆਂ ਜਾਂਦੀਆਂ। ਉਹ ਕੰਮ ਘੱਟ ਕਰਦੀ ਸੀ, ਚੰਗਾ ਪਹਿਨਦੀ ਸੀ ਅਤੇ ਚੰਗਾ ਖਾਂਦੀ ਸੀ, ਪਰ ਮੰਦਾ ਬੋਲਦੀ ਸੀ ਅਤੇ ਟੈਂ ਬਹੁਤ ਦਿਖਾਉਂਦੀ ਸੀ।

ਮਹਿੰਦਰੋ ਸਮਝਦੀ ਸੀ ਕਿ ਦਿਆਲੇ ਦੀ ਔਲਾਦ ਵਡੀ ਹੋ ਰਹੀ ਹੈ। ਭਲਕੇ ਜੇਠੀ ਕੁੜੀ ਦਾ ਵਿਆਹ ਕਰਨਾ ਹੋਵੇਗਾ। ਉਹ ਸਾਂਝੇ ਘਰ ਵਿਚੋਂ ਕਿਉਂ ਹੋਵੇ? ਉਹਦੇ ਆਪਣੇ ਬੱਚਿਆਂ ਦੇ ਜਵਾਨ ਹੋ ਕੇ ਵਿਆਹੇ ਜਾਣ ਤਕ ਘਰ ਦੀ ਸਾਂਝ ਨਿਭ ਹੀ ਨਹੀਂ ਸੀ ਸਕਣੀ। ਰਾਤ ਨੂੰ ਉਹ ਪਾਲੇ ਨੂੰ ਉਹਦਾ ਬੁਧੂ ਹੋਣਾ ਰੜਕਾਉਂਦੀ ਰਹਿੰਦੀ। ਉਹ ਆਖਦੀ ਕਿ ਉਹਨੂੰ ਅੱਗਾ ਦਿਸ ਕਿਉਂ ਨਹੀਂ ਸੀ ਰਿਹਾ ਬੰਦਾ ਤਾਂ ਉਹੀ ਹੁੰਦੈ ਜਿਹੜਾ ਭਲਕੇ ਦੀ ਸੋਚੇ। ਕੰਮ ਵਿਚ ਉਹ ਦੋਵੇਂ ਵੀ ਹੱਡ ਤਾਂ ਦਿਆਲੇ ਅਤੇ ਗੁਰਨਾਮੋ ਵਾਂਗ ਹੀ ਤੁੜਵਾ ਰਹੇ ਸਨ, ਪਰ ਟੱਬਰ ਪਲ ਰਿਹਾ ਸੀ ਵੱਡਿਆਂ ਦਾ। ਉਹ ਪਾਲੇ ਨੂੰ ਅੱਡ ਹੋ ਜਾਣ ਲਈ ਚੁਕਾਂ ਦਿੰਦੀ ਰਹਿੰਦੀ। ਉਹ ਸਮਝਦੀ ਸੀ ਕਿ ਉਹ ਅੱਡ ਹੋ ਕੇ ਸਰਦਾਰੀ ਭੋਗ ਸਕਦੇ ਨੇ।

ਮੈਂਗਲ ਨੂੰ ਤਾਂ ਮਾਂ ਮਗਰੋਂ ਘਰ ਵਿਚ ਆਪਣਾ ਸੀਰ ਹੀ ਮੁਕ ਗਿਆ ਲਗਦਾ ਸੀ। ਉਹ ਤਾਂ ਜਿਵੇਂ ਅਚਾਨਕ ਵਾਧੂ ਹੋ ਕੇ ਰਹਿ ਗਿਆ ਸੀ। ਸ਼ਰੀਕਾਂ ਦਾ ਗੋਲਾ-ਧੰਦਾ ਕਰੇ ਅਤੇ ਦੋ ਵੇਲੇ ਮੰਨੀਆਂ ਛਕੇ। ਕੀ ਸੀ ਉਹਦਾ ਏਸ ਘਰ ਵਿਚ ਹੁਣ, ਜਿਹਦੀ ਖ਼ਾਤਰ ਉਹ ਜਾਨ ਤੋੜ ਕੇ ਮਿਹਨਤ ਕਰੇ। ਉਹਦਾ ਕੰਮ ਵਿਚ ਦਿਲ ਨਾ ਲਗਦਾ। ਉਹ ਖੇਤ ਜਾਣੋਂ ਕਤਰਾਉਂਦਾ।

ਕਲੇਸ਼ ਸਭ ਦੇ ਦਿਲਾਂ ਵਿਚ ਅੰਦਰੋ-ਅੰਦਰ ਦਿਨੋ-ਦਿਨ ਵਧਦਾ ਹੀ ਜਾਂਦਾ ਸੀ। ਮੈਂਗਲ ਕਦੀ ਕਿਸੇ ਭਤੀਜੇ ਭਤੀਜੀ ਨੂੰ ਚੁਕ ਕੇ ਜਾਂ ਉਂਗਲ ਲਾ ਕੇ ਘਰੋਂ ਨਿਕਲਦਾ ਤਾਂ ਲੋਕ ਵਖਰੀਆਂ ਆਰਾਂ ਚੁਭੋਂਦੇ, "ਐਵੇਂ ਹੀ ਢਾਕਾਂ ਤੁੜਾਉਣੈਂ ਕਿ ਭਰਜਾਈਆਂ ਰੋਟੀ-ਟੁਕ ਵੀ ਚੱਜ ਨਾਲ ਦਿੰਦੀਆਂ ਨੇ?"

ਮੈਂਗਲ ਦਾ ਥੁਕ ਅਜਿਹੇ ਸਮੇਂ ਸੰਘ ਵਿਚ ਅੜ ਜਾਂਦਾ। ਉਹਨੂੰ ਕੋਈ ਜਵਾਬ ਨਾ ਔੜਦਾ।

ਗੁਰਨਾਮੋ ਸਾਹਮਣੇ ਤਾ ਵੱਡੀ ਹੋਣ ਕਰਕੇ, ਮੈਂਗਲ ਪਹਿਲੇ ਦਿਨੋਂ ਹੀ ਨੀਵੀਂ ਪਾ ਕੇ ਰਖਦਾ ਸੀ। ਉਹ ਦਿਆਲੇ ਤੋਂ ਕਈ ਸਾਲ ਛੋਟਾ ਸੀ। ਵਿਚਕਾਰ ਦੋ ਕੁੜੀਆਂ ਹੋਈਆਂ ਸਨ ਤੇ ਮੁੰਡਾ ਭੁਰ ਗਿਆ ਸੀ। ਜਦੋਂ ਗੁਰਨਾਮੋ ਵਿਆਹੀ ਆਈ ਸੀ, ਮੈਂਗਲ ਅਜੇ ਨਿਆਣਾ ਹੀ ਸੀ। ਉਦੋਂ ਤੋਂ ਬਸ ਇਕ ਝਿਜਕ ਜਿਹੀ ਪੈ ਗਈ ਸੀ ਅਤੇ ਉਹ ਪਈ ਹੀ ਰਹੀ ਸੀ। ਗੁਰਨਾਮੋ ਦੀ ਜਵਾਨੀ ਵੀ ਪਹਿਲੇ ਸਾਲਾਂ ਵਿਚ ਹੀ ਸਾਂਝੇ ਘਰ ਵਿਚ ਜਾਣ ਤੋੜ ਕੰਮ ਕਰਦਿਆਂ ਢਲ ਗਈ ਸੀ। ਉਂਜ ਵੀ ਉਹਦਾ ਰੰਗ ਪੱਕਾ ਅਤੇ ਸ਼ਰੀਰ ਢਿਲਾ ਜਿਹਾ ਤੇ ਫੁਲਵਾਂ ਸੀ। ਹੁਣ ਤਾਂ ਕਈ ਵਾਰ ਪਿਠ ਪਿਛੋਂ ਉਹ ਮੈਂਗਲ ਨੂੰ ਬੇਬੇ ਵਰਗੀ ਹੀ ਲਗਦੀ।

ਛੋਟੀ ਮਹਿੰਦਰੋ ਮੈਂਗਲ ਨੂੰ ਲੂਮੜੀ ਵਾਂਗ

ਪੂਛ ਉਤੇ ਨਚਾਉਂਦੀ ਸੀ, ਪਰ ਫੜਾਈ ਨਹੀਂ ਸੀ ਦਿੰਦੀ। ਉਹਦਾ ਮੱਕੀ ਦੀ ਰੋਟੀ ਵਰਗਾ ਰੰਗ ਅਤੇ ਕਸਿਆ ਹੋਇਆ ਸਰੀਰ ਮੈਂਗਲ ਦੇ ਦਿਲ ਵਿਚ ਇਕ ਤਰਸੇਵਾਂ ਪੈਦਾ ਕਰ ਦਿੰਦੇ। ਜਦੋਂ ਉਹ ਘਰੇ ਕੰਮ ਕਰਦੀ ਹੋਈ ਅੰਦਰ-ਬਾਹਰ ਤੁਰਦੀ, ਉਹਦੇ ਪੈਰਾਂ ਦੀ ਧਮਕ ਨਗਾਰੇ ਵਾਂਗ ਪੈਂਦੀ। ਘੁੰਡ ਵਿਚੋਂ ਨੰਗੀ ਰਹਿੰਦੀ ਉਹਦੀ ਖੱਬੀ ਅੱਖ ਦੀਵੱਟ ਉਤੇ ਪਏ ਤੇਲ ਦੇ ਭਰੇ ਹੋਏ ਦੀਵੇ ਵਾਂਗ ਲਟ-ਲਟ ਬਲਦੀ। ਅਜਿਹੇ ਸਮੇਂ ਮੈਂਗਲ ਨੂੰ ਲਗਦਾ ਜਿਵੇਂ ਉਹਦੀ ਆਪਣੀ ਕਾਇਆ ਸੁੱਕੇ ਘਾਹ-ਫੂਸ ਦੀ ਬਣੀ ਹੋਵੇ।

ਇਕ ਦਿਨ ਸਬਬ ਨਾਲ ਦੋਵੇਂ ਜੇਠ-ਭਰਜਾਈ ਹੀ ਘਰੇ ਸਨ। ਮੈਂਗਲ ਕਿੰਨਾ ਚਿਰ ਤੁਰਦੀ ਫਿਰਦੀ ਮਹਿੰਦਰੋ ਨੂੰ ਦੇਖਦਾ ਰਿਹਾ। ਉਹਦੇ ਅੰਦਰ ਕੋਈ ਚਿਣਗ ਮਘ ਪਈ ਸੀ। ਮਹਿੰਦਰੋ ਵੀ ਅਣਕਢੇ ਜਿਹੇ ਘੁੰਡ ਵਿਚੋਂ ਦੀ ਚੋਰ ਅਖ ਨਾਲ ਮੈਂਗਲ ਨੂੰ ਤਾੜ ਰਹੀ ਸੀ। ਨਿੱਕੇ-ਮੋਟੇ ਕੰਮ ਕਰਦਿਆਂ ਇਧਰ-ਉਧਰ ਫਿਰਦੀ ਮਹਿੰਦਰੋ ਦੇ ਦੁਪੱਟੇ ਦਾ ਪੱਲਾ ਜਿਵੇਂ ਮੈਂਗਲ ਦੀ ਚਿਣਗ ਨੂੰ ਹਵਾ ਦੇ ਕੇ ਭੜਕਾ ਰਿਹਾ ਸੀ। ਮੈਂਗਲ ਨੇ ਇਕ ਦੋ ਜਬਲੀਆਂ ਜਿਹੀਆਂ ਟਿਚਕਰਾਂ ਕੀਤੀਆਂ ਅਤੇ ਫੇਰ ਉਹਨੇ ਸਬਾਤ ਵਿਚ ਕੁਝ ਚੁਕਣ ਗਈ ਮਹਿੰਦਰੋ ਦੇ ਪਿਛੇ ਜਾ ਕੇ ਉਹਦੀ ਬਾਂਹ ਫੜ ਲਈ।

"ਔਹ ਸੀਤੋ ਆ ਗਈ," ਮਹਿੰਦਰੋ ਨੇ ਬਾਹਰਲੇ ਦਰਵਾਜੇ ਵਲ ਦੂਜਾ ਹੱਥ ਕਰ ਕੇ ਕਿਹਾ।

ਮੁਟਿਆਰ ਹੋ ਰਹੀ ਭਤੀਜੀ ਦਾ ਆ ਜਾਣਾ ਸੁਣ ਕੇ ਮੈਂਗਲ ਦੇ ਹੱਥ ਝੂਠੇ ਪੈ ਗਏ ਅਤੇ ਉਨ੍ਹਾਂ ਵਿਚੋਂ ਮਹਿੰਦਰੋ ਦਾ ਗੁਟ ਆਪਣੇ ਆਪ ਤਿਲਕ ਗਿਆ। ਉਹ ਹਰਨੀ ਵਾਂਗ ਛਾਲ ਮਾਰ ਕੇ ਸਬਾਤੋਂ ਬਾਹਰ ਜਾ ਖਲੋਤੀ। ਸੀਤੋ ਕਿਤੇ ਨਹੀਂ ਸੀ। ਮੈਂਗਲ ਠਗਿਆ ਗਿਆ ਸੀ। ਉਹਨੂੰ ਕੱਚਾ ਜਿਹਾ ਹੋ ਕੇ ਸਬਾਤ 'ਚੋਂ ਬਾਹਰ ਨਿਕਲਦੇ ਨੂੰ ਮਹਿੰਦਰੋ ਨੇ ਸਮਝਾਇਆ, "ਭਾਈ ਜੀ, ਕਮਲਾ ਹੋ ਗਿਐਂ? ਹੁਣੇ ਕੋਈ ਬਾਹਰੋਂ ਆ ਜਾਂਦਾ ਤਾਂ ਕੀ ਬਣਦਾ?"

ਗੱਲ ਮੈਂਗਲ ਨੂੰ ਵੀ ਠੀਕ ਲਗੀ। ਏਨੇ ਵਡੇ ਪਰਿਵਾਰ ਵਿਚੋਂ ਕੋਈ ਕਦੋਂ ਵੀ ਬਾਹਰੋਂ ਆ ਸਕਦਾ ਸੀ। ਮਹਿੰਦਰੋ ਦੀ ਪਿਆਰ-ਭਰੀ ਝਿੜਕ ਨੇ ਮੈਂਗਲ ਨੂੰ ਇਹ ਤਸੱਲੀ ਕਰਵਾ ਦਿਤੀ ਕਿ ਉਹਨੇ ਬੁਰਾ ਨਹੀਂ ਮਨਾਇਆ। ਸਗੋਂ ਮੈਂਗਲ ਦੀ ਅੱਗਾ-ਪਿਛਾ ਸੋਚੇ ਬਿਨਾ ਕੀਤੀ ਮੂਰਖਤਾ ਘਰ ਵਿਚ ਝਮੇਲਾ ਖੜਾ ਕਰ ਸਕਦੀ ਸੀ। ਮਹਿੰਦਰੋ ਸਿਆਣਪ ਵਰਤ ਕੇ ਗਲ ਨੂੰ ਸਾਂਭ ਗਈ ਸੀ। ਚਲੋ ਗੱਲ ਕਿਸੇ ਸਿਰੇ ਤਾ ਲੱਗੀ ਸੀ, ਮਹਿੰਦਰੋ ਨੇ ਇਕਰਾਰ ਤਾਂ ਕਰ ਲਿਆ ਸੀ।

ਬਾਹਰ ਨੂੰ ਤੁਰੇ ਜਾਂਦੇ ਮੈਂਗਲ ਨੂੰ ਮਹਿੰਦਰੋ ਨੇ ਪੀਹਣ ਕਰਨ ਲਈ ਬਰਾਂਡੇ ਵਿਚ ਰਖੀ ਢਾਈ ਮਨ ਦੀ ਕਣਕ ਦੀ ਬੋਰੀ ਵਲ ਹੱਥ ਕਰਕੇ ਕਿਹਾ, "ਭਾਈ ਜੀ, ਆ ਪਾਸੇ ਕਰਵਾ ਜਾਈਂ।"

ਮੈਂਗਲ ਨੇ ਬੋਰੀ ਧੂਹ ਕੇ ਲਾਂਭੇ ਕਰਨੀ ਚਾਹੀ, ਪਰ ਉਹਤੋਂ ਹਿਲੀ ਨਾ। ਕੁਝ ਤਾਂ ਬੋਰੀ ਹੀ ਭਾਰੀ ਸੀ, ਕੁਝ ਮੈਂਗਲ ਦਾ ਸਰੀਰ ਨਿਤਾਣਾ ਹੋਇਆ ਪਇਆ ਸੀ। ਕੋਲ ਖਲੋਤੀ ਮਹਿੰਦਰੋ ਬੋਲੀ, "ਠਹਿਰ ਭਾਈ ਜੀ, ਮੈਂ ਲਗਦੀ ਹਾਂ ਤੇਰੇ ਨਾਲ!"

ਉਨ੍ਹਾਂ ਦੋਵਾਂ ਨੇ ਪਹਿਲਾਂ ਬੋਰੀ ਖੜੀ ਕੀਤੀ। ਫੇਰ ਮਹਿੰਦਰੋਂ ਨੇ ਮੈਂਗਲ ਦਾ ਖੱਬਾ ਗੁਟ ਆਪਣੇ ਸੱਜੇ ਹੱਥ ਵਿਚ ਫੜ ਕੇ ਕਿਹਾ, "ਲੈ ਭਾਈ ਜੀ, ਬੋਰੀ ਬਾਹਾਂ ਦੇ ਸਹਾਰੇ ਚੁੱਕੀ ਜਾਊ।"

ਜਦੋਂ ਮੈਂਗਲ ਨੇ ਬੋਰੀ ਬਾਹਾਂ ਉਤੇ ਸੁਟੀ, ਮਹਿੰਦਰੋ ਨੇ ਹਝੋਕਾ ਮਾਰ ਕੇ ਮੈਂਗਲ ਦੀ ਸਾਰੀ ਬਾਂਹ ਬੋਰੀ ਹੇਠ ਖਿਚਦਿਆਂ ਬੋਰੀ ਉਹਦੇ ਉਤੇ ਛਡ ਦਿਤੀ। ਆਪ ਉਹ ਲਾਂਭੇ ਹੋ ਕੇ ਹੱਸ ਪਈ, "ਤੇਰਾ ਭਰਾ ਆਊ ਤਾਂ ਪੁਛੂ, ਇਹ ਇਉਂ ਕਾਹਤੋਂ ਬੈਠਾ ਐ? ਆਪੇ ਦਸ ਦਈਂ ਸਾਰੀ ਗੱਲ!"

ਮੈਂਗਲ ਦਾ ਤਰਾਹ ਨਿਕਲ ਗਿਆ। ਕੰਮ ਲੱਗਣ ਤੋਂ ਪਹਿਲਾਂ ਮਹਿੰਦਰੋ ਨੇ ਤੇਲ ਕਢਾਉਣ ਲਈ ਰਖੀ ਹੋਈ ਸਰੋਂ ਦਾ ਗੱਟਾ ਵੀ ਮੈਂਗਲ ਦੀ ਬਾਂਹ ਉਤੇ ਪਈ ਕਣਕ ਦੀ ਬੋਰੀ ਉਤੇ ਰਖ ਦਿਤਾ। ਮੈਂਗਲ ਨੇ ਬੜੀ ਵਾਹ ਲਾਈ, ਪਰ ਉਹ ਆਪਣੀ ਦਬੀ ਹੋਈ ਬਾਂਹ ਨਾ ਹੀ ਕਢ ਸਕਿਆ। ਦਮੋਂ ਨਿਕਲ ਕੇ ਉਹ ਲੇਲ੍ਹੜੀਆਂ ਕਢਣ ਲੱਗ ਪਿਆ।

ਜੇ ਪਾਲਾ ਸਚਮੁਚ ਹੀ ਹੁਣੇ ਆ ਗਿਆ, ਮੈਂਗਲ ਉਹਨੂੰ ਕੀ ਜਵਾਬ ਦੇ ਸਕੇਗਾ। ਜੇ ਟੱਬਰ ਦਾ ਕੋਈ ਵੀ ਜੀਅ ਆ ਗਿਆ, ਉਹਨੇ ਕਿਤੋਂ ਦਾ ਨਹੀਂ ਸੀ ਰਹਿਣਾ। ਉਹ ਕੱਖੋਂ ਹੌਲਾ ਅਤੇ ਪਾਣੀਉਂ ਪਤਲਾ ਹੋਇਆ ਬੈਠਾ ਸੀ। ਬੋਰੀ ਹੇਠ ਦੱਬੀ ਹੋਈ ਉਹਦੀ ਸੱਜੀ ਬਾਂਹ ਤਾ ਸੌਂ ਹੀ ਗਈ ਸੀ, ਬਾਹਰ ਰਹੇ ਸੱਜੇ ਹੱਥ ਨਾਲ ਵੀ ਉਹਤੋਂ ਚਿਹਰੇ ਤੋਂ ਮੱਖੀ ਨਹੀਂ ਸੀ ਉਡਾਈ ਜਾ ਰਹੀ। ਮਹਿੰਦਰੋ ਕਿੰਨਾ ਹੀ ਚਿਰ ਚਬਰੀਕੀਆਂ ਕਰਦੀ ਆਪਣੇ ਕੰਮ-ਧੰਦੇ ਲਗੀ ਉਹਦੇ ਆਲੇ-ਦੁਆਲੇ ਮੋਰਨੀ ਵਾਂਗ ਚਕਰ ਕਢਦੀ ਰਹੀ। ਆਖਰ ਮੈਂਗਲ ਨੇ ਖੁਲ੍ਹੇ ਹੱਥ ਨਾਲ ਉਹਦੇ ਪੈਰ ਫੜੇ ਤਾਂ ਉਹਨੇ ਬੋਰੀ ਹੇਠੋਂ ਬਾਂਹ ਕਢ ਕੇ ਉਹਦੀ ਖਲਾਸੀ ਕੀਤੀ।

ਉਹਤੋਂ ਮਗਰੋਂ ਮੈਂਗਲ ਕਦੀ ਮਹਿੰਦਰੋ ਨੂੰ ਅਖ ਵਿਚ ਪਾਇਆ ਵੀ ਨਹੀਂ ਸੀ ਰੜਕਿਆ। ਜਦੋਂ ਕੋਈ ਉਹਨੂੰ ਟਕੋਰ ਮਾਰਦਾ, "ਭਰਜਾਈਆਂ ਰੋਟੀ-ਟੁਕ ਵੀ ਚੱਜ ਨਾਲ ਦਿੰਦੀਆਂ ਨੇ ਕਿ ਨਹੀਂ," ਤਾਂ ਉਹਦਾ ਥੁਕ ਸੰਘ ਵਿਚ ਅੜ ਜਾਂਦਾ। ਪਰ ਆਪਣੇ ਆਪ ਨੂੰ ਤਿੰਨਾ-ਤੇਰ੍ਹਾਂ ਵਿਚ ਦੱਸਣ ਲਈ ਉਹ ਖੰਘੂਰਾ ਮਾਰ ਕੇ ਸੰਘ ਸਾਫ ਕਰਦਾ ਅਤੇ ਕੱਚੀ ਜਿਹੀ ਹਾਸੀ ਹਸ ਕੇ ਆਖਦਾ, "ਰੋਟੀ-ਟੁਕ ਨੂੰ ਕੀ ਵਿਚਾਰੀਆਂ ਭਜੀਆਂ ਨੇ!"

ਤੇ ਉਹਦੇ ਹਾਣੀ ਸੁਆਦ ਲੈ ਕੇ ਆਖਦੇ, "ਵਾਹ ਉਇ ਸਰਦਾਰ ਮੈਂਗਲ ਸਿਆਂ, ਖੁਸ਼ ਕੀਤੈ!"

"ਕਿਉਂ ਭਾਈ ਮੁੰਡਿਉ, ਕਿਸੇ ਤਰ੍ਹਾਂ ਤੁਹਾਡਾ ਏਕਾ ਬਣਿਆ ਨਹੀਂ ਰਹਿ ਸਕਦਾ?" ਸਰਪੰਚ ਨੇ ਖੂੰਡੀ ਨਾਲ ਧਰਤੀ ਉਤੇ ਲਕੀਰਾਂ ਵਾਹੁੰਦਿਆਂ ਪੁਛਿਆ। ਉਹਨੇ ਓਨਾ ਵਿਸ਼ਵਾਸ ਜਾਂ ਨਿਸਚੇ ਨਾਲ ਨਹੀਂ, ਜਿੰਨਾ ਸਰਪੰਚ ਅਤੇ ਬਜੁਰਗ ਹੋਣ ਦੇ ਨਾਤੇ ਇਕ ਰਸਮੀ ਫਰਜ ਵਜੋਂ ਤਿੰਨਾਂ ਭਰਾਵਾਂ ਨੂੰ ਇਕ ਵਾਰ ਫੇਰ ਇਹ ਚੇਤੇ ਕਰਵਾਉਣਾ ਵਾਜਬ ਸਮਝਿਆ ਕਿ ਏਕਤਾ ਵਿਚ ਬਹੁਤ ਬਰਕਤ ਹੁੰਦੀ ਹੈ, ਇਤਫਾਕ ਵਿਚ ਬਹੁਤ ਸ਼ਕਤੀ ਹੁੰਦੀ ਹੈ।

ਤਿੰਨੇ ਭਾਈ ਨੀਵੀਂ ਪਾਈ ਚੁਪ ਬੈਠੇ ਸਨ। ਮਾਮਲਾ ਜਿਥੇ ਪਹੁੰਚ ਚੁਕਿਆ ਸੀ, ਉਥੇ ਏਕਤਾ ਬਣਾਈ ਰਖਣ ਦੀ ਗੱਲ ਕਰਨੀ ਉਂਜ ਹੀ ਬੇਤੁਕੀ ਅਤੇ ਬੇਮੌਕਾ ਸੀ। ਨਾਲੇ ਵਖ-ਵਖ ਹੋਣ ਲਈ ਆਪਣੇ ਮੂੰਹੋਂ ਪਹਿਲਾਂ ਕੌਣ ਕਹੇ। ਸੋ ਤਿੰਨਾਂ ਦੀ ਚੁਪ ਉਨ੍ਹਾਂ ਵਲੋਂ ਠੀਕ ਉਤਰ ਸੀ।

ਉਨ੍ਹਾਂ ਦੇ ਜਵਾਬ ਦੀ ਉਡੀਕ ਵਿਚ ਹੋਰ ਸਭ ਵੀ ਚੁਪ ਹੋ ਗਏ। ਸਾਰੇ ਵਿਹੜੇ ਵਿਚ ਹੀ ਚੁਪ ਛਾ ਗਈ।

ਇਕ ਪਲ ਪਹਿਲਾਂ ਇਕ ਕਦਮ ਪਿਛੇ ਹਟੀ ਮਹਿੰਦਰੋ ਇਸ ਚੁਪ ਨੂੰ ਚੀਰਦੀ ਹੋਈ ਦੋ ਕਦਮ ਅਗੇ ਆ ਬੋਲੀ, "ਥਪਾਕ ਨਹੀਂ ਰਹਿੰਦਾ ਹੁਣ, ਬਾਬਾ ਜੀ। ਜਦੋਂ ਕੇਰਾਂ ਦੁਧ ਫਿਟ ਜਾਵੇ, ਕਦੇ ਮੁੜ ਕੇ ਦੁਧ ਬਣਿਐ? ਤੁਸੀਂ ਆਪ ਸਿਆਣੇ ਓਂ!"

"ਕਿਉਂ ਭਕਾਈ ਮਾਰਦੀ ਐਂ ਤੀਵੀਆਂ ਆਲੀ," ਪਾਲਾ ਕੱਚਾ ਜਿਹਾ ਹੋ ਕੇ ਬੋਲਿਆ। ਤਿੰਨਾਂ ਭਰਾਵਾਂ ਦੇ ਚੁਪ ਬੈਠੇ ਹੋਏ ਹੋਣ ਅਤੇ ਗੁਰਨਾਮੋ ਦੇ ਕੁਝ ਵੀ ਨਾ ਬੋਲਣ ਦੀ ਸੂਰਤ ਵਿਚ ਮਹਿੰਦਰੋ ਦਾ ਇਉਂ ਬੋਲਣਾ ਉਹਨੂੰ ਬਹੁਤ ਰੜਕਿਆ। ਪੰਚਾਇਤ ਸਾਹਮਣੇ ਮਹਿੰਦਰੋ ਦਾ ਵਾਰ ਵਾਰ ਬੋਲਣਾ ਇਹ ਪ੍ਰਭਾਵ ਦੇ ਸਕਦਾ ਸੀ ਕਿ ਉਹਦੀ ਚਤੁਰਾਈ ਤੇ ਪਾਲੇ ਦੀ ਉਹਦੇ ਨਾਲ ਅਬੋਲ ਸਹਿਮਤੀ ਹੀ ਅਸਲ ਪੁਆੜੇ ਦੀ ਜੜ ਸੀ। ਪਰੇਸਾਨ ਹੋ ਕੇ ਉਹ ਘੂਰਿਆ, "ਜਾਹ ਚੁਪ ਕਰਕੇ ਜਨਾਨੀਆਂ ਵਿਚ ਬੈਠ ਜਾ ਕੇ ਚੈਨ ਨਾਲ।"

"ਚੱਲ ਠੀਕ ਐ, ਮੈਂ ਤਾਂ ਨਹੀਂ ਬੋਲਦੀ। ਪਰ ਤੇਰੀ ਚੁੱਪ ਨੇ ਹੀ ਸਾਰੇ ਪਿਟਣੇ ਪਾਏ ਐ," ਮਹਿੰਦਰੋ ਦੀ ਅਖ ਦੇ ਦੀਵੇ ਦੀ ਬੱਤੀ ਜਿਵੇਂ ਹੋਰ ਸੀਖੀ ਗਈ ਸੀ।

"ਆ ਜਾ ਨੀ ਆ ਜਾ ਕਮਲੀਏ," ਕੰਧੋਲੀ ਕੋਲੋਂ ਕੁਝ ਔਰਤਾਂ ਝਿੜਕ ਦੇਣ ਵਾਂਗ ਬੋਲੀਆਂ।

"ਨਾ ਮੇਰੀ ਅਕਲ ਵਿਚ ਇਹ ਗੱਲ ਨਹੀਂ ਪੈਂਦੀ, ਅੱਡ ਹੋਣ ਦਾ ਕੋਈ ਮਿਹਣਾ ਐ? ਕੋਈ ਜੱਗੋਂ ਨਿਆਰੀ ਗੱਲ ਤਾਂ ਸਾਡੇ ਟੱਬਰ ਵਿਚ ਹੋਣ ਨਹੀਂ ਲਗੀ। ਸਾਰੀ ਦੁਨੀਆ ਹੀ ਅੱਡ ਹੁੰਦੀ ਆਈ ਐ। ਜੇ ਸੁਖ ਨਾਲ ਭਰਾ ਹੋਣਗੇ, ਉਹ ਅੱਡ ਤਾਂ ਹੋਣਗੇ ਹੀ। ਜੇ ਕੋਈ ਕਿਸਮਤ ਦਾ ਮਾਰਿਆ ਕੱਲਾ ਹੋਊ, ਅੱਡ ਨਾ ਹੋਊ। ਫੇਰ ਇਨ੍ਹਾਂ ਸਮਝੌਤੀਆਂ ਦੀ ਕੀ ਲੋੜ?" ਮਹਿੰਦਰੋ ਦੇ ਬੋਲ ਵਿਚ ਪਹਿਲਾਂ ਵਾਲਾ ਹੀ ਗੜ੍ਹਕਾ ਕਾਇਮ ਸੀ।

"ਨੀ ਤੂੰ ਦੋ ਘੜੀਆਂ ਜਰਾਂਦ ਕਰ। ਅੱਡ ਹੋ ਕੇ ਲਾ ਲਈਂ ਚਾਅ," ਗੁਰਨਾਮੋ ਨੇ ਆਪਣੇ ਸੁਭਾਅ ਦੇ ਉਲਟ ਵਿਅੰਗ ਕੀਤਾ।

"ਸਾਨੂੰ ਤਾਂ ਨਾ ਕੋਈ ਚਾਅ ਐ, ਭੈਣੇ, ਤੇ ਨਾ ਕੋਈ ਮਸੋਸ ਐ। ਜੱਗ ਜਹਾਨ ਅੱਡ ਹੁੰਦਾ ਐ, ਆਪਣੇ ਹੁੰਦੇ ਐ ਤਾਂ ਕੀ ਹੋਇਆ," ਮਹਿੰਦਰੋ ਗਲ ਮੁਕਦੀ ਕਰ ਦੇਣਾ ਚਾਹੁੰਦੀ ਸੀ।

ਜਿਉਂ ਜਿਉਂ ਅੱਡ ਹੋਣ ਦੀ ਗੱਲ ਅਗੇ ਵਧਦੀ ਸੀ, ਵਿਹੜੇ ਵਿਚ ਇਕ ਤਣਾਉ ਜਿਹਾ ਤਣਦਾ ਜਾ ਰਿਹਾ ਸੀ। ਕਈ ਸਿਆਣੇ ਲੋਕ ਅਜੇ ਵੀ ਏਕਾ ਕਰਵਾਉਣ ਦੇ ਪੱਖ ਵਿਚ ਸਨ।

ਉਹ ਕਹਿੰਦੇ ਸਨ, ਸਾਧਾਰਨ ਜਿਹੇ ਇਸ ਘਰ ਦੇ ਵਿਚਕਾਰ ਦੋ ਕੰਧਾਂ ਕੱਢ ਕੇ ਤਿੰਨਾਂ ਭਰਾਵਾਂ ਦੇ ਘਰ ਤਾਂ ਉਂਜ ਹੀ ਘੁਤੀਆਂ ਜਿਹੀਆਂ ਬਣ ਜਾਣੇ ਸਨ। ਉਹ ਦਲੀਲਾਂ ਦਿੰਦੇ ਸਨ, ਤਿੰਨੇ ਭਰਾ ਮਿਲ ਕੇ ਕੰਮ ਕਰਨ ਤਾਂ ਬਰਕਤ ਰਹੇ। ਜੱਟ ਦੇ ਪੁੱਤ ਨੂੰ ਤਾਂ ਸਿਰ ਉਤੇ ਪੰਡ ਚੁਕਾਉਣ ਲਈ ਵੀ ਦੂਜੇ ਬੰਦੇ ਦੀ ਲੋੜ ਹੁੰਦੀ ਹੈ। ਇਕੱਲੇ-ਇਕੱਲੇ ਕੀ ਕਰਨਗੇ? ਸੀਰੀਆਂ ਨੌਕਰਾਂ ਦੇ ਵਸ ਪੈਣਗੇ।

ਵੰਡੀਆਂ ਪਾਉਣ ਦੀ ਗੱਲ ਪੱਕੀ ਹੋ ਗਈ ਦੇਖ ਕੇ ਸਰਪੰਚ ਨੇ ਫੇਰ ਕਿਹਾ, "ਕਿਉਂ ਭਾਈ ਮੁੰਡਿਓ, ਜੇ ਕਿਸੇ ਹੀਲੇ ਵੀ ਏਕਾ ਨਹੀਂ ਰਹਿੰਦਾ, ਤਾਂ ਫੇਰ ਕਰੀਏ ਵੰਡ-ਵੰਡਾਰਾ?"

ਹੁਣ ਤਾਂ ਚੁਪ ਰਹਿਣਾ ਵੀ ਅਖਰਦਾ ਸੀ। ਬਿਨ ਬੋਲਿਆਂ ਕਿੰਨਾ ਕੁ ਚਿਰ ਸਰ ਸਕਦਾ ਸੀ। ਸੋ ਤਿੰਨਾਂ ਭਰਾਵਾਂ ਨੇ ਮਲਵੀਂ ਜਿਹੀ ਜੀਭ ਨਾਲ ਹਾਮੀ ਭਰ ਦਿਤੀ।

"ਕਿਉਂ ਮੈਂਗਲ ਸਿਆਂ ਤੇਰੀ ਕੀ ਰਾਇ ਐ?" ਪੰਚਾਇਤ ਨੇ ਪੁਛਿਆ।

ਤੇ ਇਹੋ ਸਾਰੀ ਗੱਲ ਦੀ ਚੂਲ ਸੀ- ਮੈਂਗਲ ਦੀ ਰਾਇ। ਜੇ ਅੱਜ ਉਹ ਵੀ ਵਿਆਹਿਆ ਹੁੰਦਾ, ਉਹਦੀ ਰਾਇ ਵਖਰੀ ਪੁਛਣ ਦੀ ਲੋੜ ਹੀ ਨਾ ਪੈਂਦੀ। ਪਰ ਹੁਣ ਤਾ ਉਹਦੀ ਗੱਲ ਹੀ ਹੋਰ ਸੀ।

ਜੇ ਮੈਂਗਲ ਦੋਵਾਂ ਵਿਆਹਿਆਂ ਵਿਚੋਂ ਕਿਸੇ ਭਰਾ ਨਾਲ ਹੋ ਜਾਂਦਾ, ਉਹਦੇ ਹਿਸੇ ਦੀ ਜ਼ਮੀਨ ਅੰਤ ਨੂੰ ਉਸੇ ਭਰਾ ਦੀ ਹੋ ਰਹਿਣੀ ਸੀ। ਮੈਂਗਲ ਦੇ ਜਿਉਂਦੇ ਜੀਅ ਤਾਂ ਉਹਦੀ ਜ਼ਮੀਨ ਉਹਦੇ ਭਰਾ ਨੇ ਖਾਣੀ ਹੀ ਸੀ, ਪਰ ਦੂਜੇ ਘਰ ਨੂੰ ਅੱਧ ਤਾਂ ਉਹਦੇ ਮਰੇ ਮਗਰੋਂ ਵੀ ਨਹੀਂ ਸੀ ਮਿਲਣਾ। ਜ਼ਮੀਨ ਦੇ ਇਕ ਇਕ ਓਰੇ ਖਾਤਰ ਜੱਟ ਸੌ-ਸੌ ਪਾਪੜ ਵੇਲਦੇ ਹਨ ਅਤੇ ਮੈਂਗਲ ਵਰਗਿਆਂ ਦੇ ਗੂਠੇ ਤਾਂ ਰੋਟੀ ਦੇਣ ਵਾਲੇ ਭਤੀਜੇ ਪਹਿਲਾਂ ਹੀ ਵਹੀ ਉਤੇ ਆਪਣੇ ਨਾਂ ਲਿਖਤ ਕਰਵਾ ਕੇ ਲੁਆ ਲੈਂਦੇ ਹਨ। ਕਿਸੇ ਇਕ ਭਰਾ ਨਾਲ ਮੈਂਗਲ ਦੇ ਰਹਿਣ ਦੀ ਸੂਰਤ ਵਿਚ ਦੋਵਾਂ ਹਿਸਿਆਂ ਦਾ ਇਕੱਠਾ ਘਰ ਵੀ ਵਾਹਵਾ ਖੁਲਾ ਰਹਿਣਾ ਸੀ। ਭੀੜੇ ਘਰ ਵਿਚ ਤਾਂ ਜੱਟ ਦੇ ਹੱਲ-ਪੰਜਾਲੀ ਹੀ ਨਹੀਂ ਟਿਕਦੇ ਅਤੇ ਜੱਟੀ ਦਾ ਦਰੀਆਂ ਬਣਨ ਵਾਲਾ ਅੱਡਾ ਵੀ ਨਹੀਂ ਗਡਿਆ ਜਾਂਦਾ।

ਤੇ ਜੇ ਮੈਂਗਲ ਦੋਵਾਂ ਭਰਾਵਾਂ ਤੋਂ ਅੱਡ ਹੋ ਜਾਂਦਾ, ਉਹਨੂੰ ਚੂੰਡ-ਚੂੰਡ ਕੇ ਲੋਕਾਂ ਨੇ ਹੀ ਮਾਂਜ ਦੇਣਾ ਸੀ। ਨਸ਼ਿਆਂ ਅਤੇ ਵੈਲਾਂ ਵਿਚ ਫਸਾ ਕੇ ਜ਼ਮੀਨ ਕੀ, ਲੋਕਾਂ ਨੇ ਉਹਦਾ ਕੁੱਲਾ-ਕੋਠਾ ਵੀ ਖਾ ਜਾਣਾ ਸੀ। ਮੈਂਗਲ ਸਿੰਘ ਤਾਂ ਉਹ ਵਿਚਾਰਾ ਜਿੰਦਗੀ ਵਿਚ ਕਦੇ ਬਣਿਆ ਹੀ ਨਹੀਂ ਸੀ, ਫੇਰ ਤਾਂ ਉਹਨੇ ਮੈਂਗਲ ਤੋਂ ਵੀ ਮੈਂਗਲ ਅਮਲੀ ਬਣ ਕੇ ਰਹਿ ਜਾਣਾ ਸੀ। ਜਿਉਂਦੇ ਜੀਅ ਹੀ ਉਹਨੇ ਘਰ-ਜ਼ਮੀਨ ਸੰਘ ਤੋਂ ਹੇਠਾਂ ਉਤਾਰ ਦੇਣੇ ਸਨ ਅਤੇ ਆਪਣੇ ਭਰਾਵਾਂ ਦੇ ਪਰਿਵਾਰਾਂ ਲਈ ਕੇਵਲ ਨਮੋਸ਼ੀ ਪਿਛੇ ਛਡ ਜਾਣੀ ਸੀ।

ਜੇ ਮੈਂਗਲ ਨਸ਼ਿਆਂ ਦੇ ਰਾਹ ਨਾ ਵੀ ਪੈਂਦਾ, ਉਹ ਕਿਸੇ ਮੁਲ ਦੀ ਤੀਵੀਂ ਦਾ ਬੰਨ੍ਹ-ਸੁਬ ਕਰ ਸਕਦਾ ਸੀ। ਘਰ ਜ਼ਮੀਨ ਤਾਂ ਹੱਥੋਂ ਜਾਂਦੇ ਹੀ ਜਾਂਦੇ, ਬਰਾਬਰ ਦੀ ਸ਼ਰੀਕਣੀ ਹਿੱਕ ਉਤੇ ਪਿਪੱਲ ਲਗ ਜਾਣੀ ਸੀ। ਅੱਜ ਉਹਨੇ ਮੁਲ ਦੀ ਤੀਵੀਂ ਲਿਆਉਣੀ ਸੀ ਅਤੇ ਭਲਕੇ ਉਹਦੇ ਜੁਆਕ ਜੰਮ ਪੈਣੇ ਸਨ- ਉਹਦੀ ਢੇਰੀ ਦੇ ਵਾਰਸ।

"ਮੇਰੀ ਕਾਹਦੀ ਰਾਇ ਐ, ਜਿਵੇਂ ਪੰਚਾਇਤ ਫੈਸਲਾ ਕਰੂ, ਠੀਕ ਐ," ਮੈਂਗਲ ਨੇ ਪੱਗ ਦੇ ਢਿਲਕਦੇ ਜਾਂਦੇ ਲੜ ਨੂੰ ਠੀਕ ਕਰਦਿਆਂ ਕਿਹਾ।

"ਫੇਰ ਵੀ, ਤੂੰ ਆਬਦੀ ਰਾਇ ਤਾਂ ਦੱਸ। ਤੇਰੇ ਦਿਲ ਵਿਚ ਜੋ ਕੁਛ ਹੈ, ਆਖ ਦੇ। ਪੰਚਾਇਤ ਤਾਂ ਰੱਬ ਹੁੰਦੀ ਐ ਕਮਲਿਆ, ਪੰਚਾਇਤ ਤੋਂ ਝਿਜਕ ਜਾਂ ਸੰਗ ਕਾਹਦੀ?" ਪੰਚਾਇਤ ਦੇ ਕੁਝ ਹੋਰ ਬੰਦੇ ਬੋਲੇ।

ਸੋਹਣਾ ਅਮਲੀ ਫੇਰ ਰਉਂ ਵਿਚ ਆ ਗਿਆ ਸੀ। ਹੁਣ ਜਦੋਂ ਗੱਲ ਐਨ ਸ਼ਿਖਰ ਉਤੇ ਪਹੁੰਚ ਚੁਕੀ ਸੀ, ਉਹ ਚੁਪ ਕਿਵੇਂ ਰਹਿ ਸਕਦਾ ਸੀ। ਉਹਨੇ ਪਰਨਾ ਖੱਬੇ ਮੋਢਿਉਂ ਸੱਜੇ ਉਤੇ ਬਦਲਦਿਆਂ ਕਿਹਾ, "ਕਿਉਂ ਬਈ ਪੰਚਾਇਤੇ, ਭੋਲੀਆਂ ਬਾਤਾਂ ਕਿਉਂ ਕਰਦੇ ਓਂ? ਗੱਲ ਕਰੋ ਰਾਹ-ਸਿਰ ਦੀ। ਢੇਰੀਆਂ ਪਾਉ ਤਿੰਨ। ਮਗਰੋਂ ਆਪੇ ਮੈਂਗਲ ਸਿਉਂ ਜਿਵੇਂ ਮਰਜੀ ਕਰੇ।"

ਇਕੱਠ ਵਿਚੋਂ ਕੁਝ ਹੋਰਾਂ ਨੇ ਹਾਮੀ ਭਰੀ, "ਗੱਲ ਤਾ ਬਈ ਸੋਹਣਾ ਸਿਉਂ ਦੀ ਲੱਖ ਰੁਪਈਏ ਦੀ ਐ। ਨਿਤਾਰਾ ਕਰਕੇ ਰਖ ਦਿਤਾ ਕੇਰਾਂ ਤਾਂ। ਰਾਵਾਂ ਪੁਛਣ ਦਾ ਆਪਣਾ ਕੀ ਕੰਮ! ਤਿੰਨ ਭਰਾ ਐ, ਤਿੰਨ ਹਿੱਸੇ ਕਰੋ। ਇਹੋ ਪੰਚਾਇਤੀ ਤਰੀਕਾ ਐ। ਆਪੇ ਮਗਰੋਂ ਮੈਂਗਲ ਜਿਵੇਂ ਚਾਹੇ, ਕਰੇ।"

"ਉਇ ਆਹੋ ਭਾਈ, ਆਪਾਂ ਇਹਤੋਂ ਖੜ੍ਹੇ-ਪੈਰ ਫੈਸਲਾ ਕਿਉਂ ਮੰਗੀਏ? ਦਿਲ ਕਰੂ ਤਾਂ ਆਪ ਦੀਆਂ ਦੋ ਮੰਨੀਆਂ ਆਪੇ ਸੇਕ ਲਿਆ ਕਰੂ। ਜੇ ਕਿਧਰੋਂ ਵਿਚਾਰੇ ਨੂੰ ਦੋ ਰੋਟੀਆਂ ਆਦਰ ਨਾਲ ਚੱਜ ਦੀਆਂ ਮਿਲਣਗੀਆਂ, ਆਪੇ ਉਧਰ ਹੋ ਜਾਊ। ਜਿਵੇਂ ਵਖਤ ਹੋਊ ਵਿਚਾਰ ਲਊ। ਇਕ ਵਾਰੀ ਆਪਾਂ ਤਾਂ ਦੂਜੇ ਭਾਈਆਂ ਦੇ ਬਰਾਬਰ ਦਾ ਕਰੋ!" ਕੁਝ ਹੋਰਨਾਂ ਨੇ ਰਾਇ ਦਿੱਤੀ।

"ਉਇ ਭਾਈ, ਆਪਾਂ ਤਾਂ ਕਦੇ ਲਿਪ-ਲਿਪ ਕੀਤੀ ਨਹੀਂ, ਨਾ ਕਦੇ ਸੱਚ ਕਹਿਣੋਂ ਡਰੇ ਆਂ," ਸੋਹਣਾ ਅਮਲੀ ਬਹੁਤੇ ਲੋਕਾਂ ਨੂੰ ਆਪਣੇ ਪੱਖ ਵਿਚ ਬੋਲਦਾ ਸੁਣ ਕੇ ਸ਼ੇਰ ਹੋ ਗਿਆ ਸੀ। "ਪੰਚਾਇਤ ਦਾ ਧਰਮ ਹੈ, ਸਭ ਨੂੰ ਇਕੋ ਅੱਖ ਨਾਲ ਦੇਖਣਾ। ਕੋਈ ਭਰਾ ਤਕੜਾ ਹੋਵੇ, ਕੋਈ ਮਾੜਾ, ਕੋਈ ਵਿਆਹਿਆ ਹੋਵੇ, ਕੋਈ ਛੜਾ, ਆਪਣੇ ਵਾਸਤੇ ਤਾਂ ਸਭ ਏਕ ਨੇ," ਉਹ ਪੂਰਾ ਪੰਚਾਇਤੀ ਬਣਿਆ ਖੜਾ ਸੀ।

ਇਕ ਵਾਰ ਫੇਰ ਵਿਹੜੇ ਵਿਚ ਤਣਾਉ-ਭਰੀ ਚੁਪ ਛਾ ਗਈ। ਗੁਰਜੰਟ ਨੂੰ ਗੋਦੀ ਚੁੱਕੀ ਇਕ ਹੱਥ ਨਾਲ ਘੁੰਡ ਨੂੰ ਘੁਟ ਕੇ ਫੜਦਿਆਂ ਮਹਿੰਦਰੋ ਕੁਝ ਹੋਰ ਅਗੇ ਵਧੀ। ਵਿਹੜੇ ਵਿਚ ਜੁੜੇ ਸਭਨਾਂ ਨੇ ਜਿਵੇਂ ਇਹ ਦੇਖਣ ਲਈ ਸਾਹ ਤਕ ਰੋਕ ਲਏ ਕਿ ਹੁਣ ਉਹ ਤਾਸ਼ ਦਾ ਕਿਹੜਾ ਪੱਤਾ ਸੁਟਦੀ ਹੈ। ਜਿਉਂ-ਜਿਉਂ ਉਹ ਅੱਗੇ ਪੈਰ ਰੱਖ ਰਹੀ ਸੀ, ਉਹਦੀ ਅੱਖ ਦੇ ਲੱਟ-ਲੱਟ ਬਲਦੇ ਦੀਵੇ ਦੀ ਲਾਟ ਹੋਰ ਉਚੀ ਉਠ ਰਹੀ ਸੀ।

"ਮੇਰੀ ਵੀ ਇਕ ਗੱਲ ਸੁਣ ਲਉ ਪੰਚਾਇਤੇ!" ਉਹਦੀ ਆਵਾਜ਼ ਦੀ ਤਿਖੀ ਨੋਕ ਨਾਲ ਚੁਪ ਦਾ ਸ਼ੀਸ਼ਾ ਕੀਚਰਾਂ ਹੋ ਕੇ ਖਿੰਡ ਗਿਆ। "ਪੰਚਾਇਤ ਮਾਪੇ ਹੁੰਦੀ ਐ! ਤੁਸੀਂ ਮੇਰੇ ਮਾਪੇ! ਛੋਟੇ ਵੱਡੇ ਦੀ ਪਰ੍ਹੋਂ ਐ...ਪਰ ਸੱਚ ਦੀ ਸ਼ਰਮ ਕਾਹਦੀ...ਸ਼ਰ੍ਹਾ ਵਿਚ ਸ਼ਰਮ ਨਹੀਂ।"

ਸਭ ਦੀਆਂ ਅਖਾਂ ਮਹਿੰਦਰੋ ਵਲ ਮੁੜ ਗਈਆਂ, ਪਰ ਬੋਲਿਆ ਕੋਈ ਕੁਝ ਨਾ। ਕਿਸੇ ਤੋਂ ਕੁਝ ਬੋਲਿਆ ਹੀ ਨਹੀਂ ਸੀ ਜਾ ਰਿਹਾ। ਸਭ ਦੀਆਂ ਜੀਭਾਂ ਜਿਵੇਂ ਠਾਕੀਆਂ ਗਈਆਂ ਸਨ।

ਪਾਲੇ ਨੇ ਗੁੱਸੇ ਨਾਲ ਕਚੀਚੀ ਵੱਟੀ। ਉਹਦਾ ਦਿਲ ਕੀਤਾ, ਉਹ ਮਹਿੰਦਰੋ ਨੂੰ ਗਲੋਂ ਜਾ ਫੜੇ ਜਾਂ ਲਲਕਾਰਾ ਮਾਰ ਕੇ ਪਿਛੇ ਹਟਾ ਦੇਵੇ। ਪਰ ਉਸ ਉਤੇ ਵੀ ਜਿਵੇਂ ਕੋਈ ਟੂਣਾ ਹੋ ਗਿਆ ਸੀ। ਉਹਨੇ ਵੱਢ-ਖਾਣੀਆਂ ਅੱਖਾਂ ਨਾਲ ਮਹਿੰਦਰੋ ਨੂੰ ਦੇਖਿਆ ਤਾਂ ਸਹੀ, ਪਰ ਬੋਲ ਉਹ ਵੀ ਕੁਝ ਨਾ ਸਕਿਆ।

"ਮੈਂਗਲ ਦੀ ਜ਼ਮੀਨ ਜਾਊ ਮੈਂਗਲ ਦੀ ਔਲਾਦ ਨੂੰ!" ਮਹਿੰਦਰੋ ਨੇ ਦੋ ਟੂਕ ਫੈਸਲਾ ਦੇ ਦਿਤਾ।

"ਮੈਂਗਲ ਦੀ ਔਲਾਦ?" ਸਾਰਿਆਂ ਦੇ ਮੂੰਹ ਟੱਡੇ ਦੇ ਟੱਡੇ ਰਹਿ ਗਏ।

"ਔਹ ਦਿਸਦੈ ਵੱਡੇ ਮਹਾਰਾਜ ਦਾ ਝੰਡਾ," ਮਹਿੰਦਰੋ ਨੇ ਕੰਧ ਉਤੋਂ ਦੀ ਦਿਸਦੇ ਗੁਰਦੁਆਰੇ ਦੇ ਉਚੇ ਨਿਸ਼ਾਨ ਸਾਹਿਬ ਵਲ ਹੱਥ ਕੀਤਾ, ਜੋ ਧੀਮੀ ਚਾਲ ਚਲਦੀ ਪੌਣ ਵਿਚ ਝੁਲ ਰਿਹਾ ਸੀ। "ਉਹਨੂੰ ਹਾਜਰ-ਨਾਜਰ ਜਾਣ ਕੇ ਮੈਂਗਲ ਉਠੇ। ਜੇ ਤਾਂ ਇਹ ਜੁਆਕ ਇਹਦੈ, ਤਾਂ ਇਹਨੂੰ ਚੁਕ ਲਵੇ ਗੋਦੀ, ਨਹੀਂ ਤਾਂ...।"

ਤੇ ਮਹਿੰਦਰੋ ਨੇ ਇਹ ਕਹਿੰਦਿਆਂ ਡੌਰ-ਭੌਰ ਹੋਏ ਗੁਰਜੰਟ ਨੂੰ ਗੋਦੀਉਂ ਲਾਹ ਕੇ ਪੰਚਾਇਤ ਦੇ ਵਿਚਾਲੇ ਜਾ ਬਿਠਾਇਆ।

ਵਿਹੜੇ ਵਿਚ ਜੋਰ ਦੀ ਘੁਸਰ-ਮੁਸਰ ਹੋਈ। ਸਭ ਦੇ ਮੂਹੋਂ ਆਪ-ਮੁਹਾਰਾ ਕੁਝ ਨਾ ਕੁਝ ਨਿਕਲ ਰਿਹਾ ਸੀ।

ਅਜੀਬ ਭਿਣ-ਭਿਣ ਹੋ ਰਹੀ ਸੀ, ਜਿਵੇਂ ਕਿਸੇ ਨੇ ਮਖਿਆਲ ਦੀਆਂ ਮੱਖੀਆਂ ਦੇ ਛੱਤੇ ਵਿਚ ਡਲਾ ਮਾਰ ਦਿਤਾ ਹੋਵੇ।

ਮੈਂਗਲ ਨੇ ਨਜ਼ਰ ਚੁਕ ਕੇ ਲੋਕਾਂ ਵਲ ਦੇਖਿਆ- ਕੁਝ ਪੰਚਾਇਤੀ ਨੀਵੀਆਂ ਪਾ ਕੇ ਧਰਤੀ ਉਤੇ ਲੀਕਾਂ ਵਾਹ ਰਹੇ ਸਨ, ਕੁਝ ਹੈਰਾਨ ਹੋ ਕੇ ਕਦੇ ਮੈਂਗਲ ਵਲ ਤੇ ਕਦੇ ਮਹਿੰਦਰੋ ਵਲ ਦੇਖ ਰਹੇ ਸਨ। ਸੋਹਣੇ ਅਮਲੀ ਵਰਗੇ ਮੁਸਕੜੀਏ ਹੱਸ ਰਹੇ ਸਨ ਅਤੇ ਇਕ ਪਾਸੇ ਖਲੋਤੇ ਮੈਂਗਲ ਦੇ ਹਾਣੀ ਮੁਛਾਂ ਨੂੰ ਵੱਟ ਦਿੰਦੇ ਹੋਏ ਕਹਿ ਰਹੇ ਸਨ, "ਵਾਹ ਨੀ ਮਰਦ ਦੀਏ ਬੱਚੀਏ...ਸ਼ੇਰਨੀ ਦਾ ਦੁੱਧ ਪੀਤੈ ਬਈ ਭਾਬੀ ਨੇ ਸ਼ੇਰਨੀ ਦਾ...ਵਾਹ ਉਇ ਮਿੱਤਰਾ ਮੈਂਗਲ ਸਿੰਆਂ...ਅਸੀਂ ਤਾਂ ਐਵੇਂ ਗੱਪੂ ਸਮਝਦੇ ਰਹੇ, ਸੱਚ-ਪੁੱਤਰ ਨਿਕਲਿਆ ਬਈ ਸੂਰਮਾ...ਬੜੀ ਨਰ ਤੀਵੀਂ ਐ ਬਈ ਮਹਿੰਦਰੋ...ਬੜਾ ਯੋਧਾ ਐ ਬਈ ਮੈਂਗਲ ਸਿਉਂ!"

ਮਹਿੰਦਰੋ ਦੀ ਤਿਖੀ ਆਵਾਜ਼ ਨਾਲ ਚੁਪ ਫੇਰ ਛਾ ਗਈ। ਮੈਂਗਲ ਨੂੰ ਉਲਝਿਆ ਜਿਹਾ ਦੇਖ ਉਹ ਲਲਕਾਰ ਕੇ ਬੋਲੀ, "ਮੈਂਗਲਾ! ਜਾਣ ਉਚੇ ਝੰਡੇ ਵਾਲੇ ਵੱਡੇ ਮਹਾਰਾਜ ਨੂੰ ਹਾਜਰ-ਨਾਜਰ! ਸੱਚ ਬੋਲ ਭਰੀ ਪੰਚਾਇਤ ਵਿਚ। ਸੱਚ ਤੋਂ ਕਾਹਦਾ ਡਰਨਾ!"

ਮੈਂਗਲ ਨੇ ਮਹਿੰਦਰੋ ਵਲ ਦੇਖਿਆ ਤਾਂ ਉਹਨੂੰ ਲਗਿਆ ਜਿਵੇਂ ਘੁੰਡ ਵਿਚੋਂ ਨੰਗੀ ਖੱਬੀ ਅੱਖ ਦੇ ਦੀਵੇ ਦੀ ਲਾਟ ਉਹਦੀ ਸੁੱਕੇ ਘਾਹ-ਫੂਸ ਦੀ ਬਣੀ ਹੋਈ ਕਾਇਆ ਨਾਲ ਛੋਹ ਗਈ ਹੋਵੇ। ਤੇ ਪੱਗ ਦਾ ਢਿਲਕਿਆ ਲੜ ਬੋਚਦਿਆਂ ਉਹਨੇ ਭੀੜ ਵਿਚ ਭਮੱਤਰ ਕੇ ਰੋ ਰਹੇ ਗੁਰਜੰਟ ਨੂੰ ਹਿੱਕ ਨਾਲ ਲਾ ਲਿਆ।

# ਅਜਮੇਰ ਸਿੰਘ ਦੀਆਂ ਲਿਖਤਾਂ ਬਾਰੇ ਬਹਿਸ ਜਾਰੀ

*(ਸਫਾ 32 ਤੋਂ ਜਾਰੀ)*

ਇਹੋ ਜਿਹਾ ਸ਼ਾਰਟਕੱਟ ਇਥੋਂ ਦੀ ਬਹੁ-ਗਿਣਤੀ ਉਤੇ ਕਾਬਜ਼ ਮੁੱਖ ਧਾਰਾ ਨੂੰ ਵੀ ਚੰਗਾ ਚੰਗਾ ਲੱਗਦਾ ਹੈ। ਉਨ੍ਹਾਂ ਨੂੰ ਜਦੋਂ ਆਪਣੇ ਹੱਕ ਵਿਚ ਇਹੋ ਜਿਹੇ ਮੁਫ਼ਤ ਦੇ ਵਕੀਲ ਮਿਲਦੇ ਹੋਣ ਤਾਂ ਉਨ੍ਹਾਂ ਨੂੰ ਆਪਣੀ ਬੌਧਿਕ ਤਾਕਤ ਖਰਚਣ ਦੀ ਲੋੜ ਹੀ ਕੀ ਹੈ? ਵੈਸੇ ਇਹ ਖ਼ੋਜ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਤੋਂ ਬਾਹਰ ਇਨਕਲਾਬੀ ਮਾਰਕਸੀਆਂ ਨੂੰ ਸਿੱਖਾਂ ਦੇ ਕਾਜ਼ ਨਾਲ ਵਿਚਾਰਧਾਰਕ ਹਮਦਰਦੀ ਕਿਉਂ ਹੈ ਅਤੇ ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਦੇ ਮਾਰਕਸਵਾਦੀ ਵੀਰ ਸਿੱਖਾਂ ਦੇ ਕਾਜ਼ ਨਾਲ ਵੈਰ ਕਮਾਉਣ ਲਈ ਕਿਉਂ ਭੱਜ ਭੱਜ ਕੇ ਇਕ ਦੂਜੇ ਤੋਂ ਅੱਗੇ ਜਾਣ ਲਈ ਕਾਹਲੇ ਹੁੰਦੇ ਹਨ? ਇਹੋ ਜਿਹੀ ਵਫ਼ਾਦਾਰੀ ਲਈ ਉਹ ਕਿਸ ਕੋਲੋ ਸਰਟੀਫਿਕੇਟ ਲੈਣ ਲਈ ਉਤਾਵਲੇ ਰਹਿੰਦੇ ਹਨ? ਇਸ ਲਾ-ਇਲਾਜ ਰੋਗ ਦੇ ਕਾਰਨ ਲੱਭਣ ਲਈ ਦਾਨਿਸ਼ਵਰੀ ਮੁਹਿੰਮ ਚਲਾਉਣੀ ਹੀ ਸ਼ਾਇਦ ਇਸ ਨਾਮੁਰਾਦ ਰੋਗ ਦਾ ਇਕੋ-ਇਕ ਇਲਾਜ ਹੈ ਜੋ ਇਨ੍ਹਾਂ ਵੀਰਾਂ ਨੂੰ 1917 ਦੇ ਰੂਸੀ ਇਨਕਲਾਬ ਨਾਲ ਹੀ ਚੰਬੜ ਗਿਆ ਸੀ।

ਅਜਮੇਰ ਸਿੰਘ ਦੀਆਂ ਲਿਖ਼ਤਾਂ ਦੱਸਦੀਆਂ ਹਨ ਕਿ ਦਾਨਿਸ਼ਵਰੀ ਮੁਹਿੰਮ ਚਲਾਉਣ ਦਾ ਇਹ ਸੁਭਾਗਾ ਸਮਾਂ ਹੁਣ ਬਹੁਤਾ ਦੂਰ ਨਹੀਂ ਰਹਿ ਗਿਆ। ਇਕ ਹੋਰ ਨੁਕਤਾ ਚੇਤੇ ਕਰਨ ਵਾਲਾ ਹੈ ਕਿ ਇਥੇ ਵਸਦੇ ਕਮਿਊਨਿਸਟ ਇਨਕਲਾਬੀਆਂ ਦੇ ਇਕ ਹਿੱਸੇ ਨੇ ਆਜ਼ਾਦੀ ਲਈ ਜੂਝ ਰਹੇ ਸਿੱਖ ਯੋਧਿਆਂ ਨਾਲ ਲੜ੍ਹਨ ਲਈ ਭਾਰਤੀ ਸਟੇਟ ਤੋਂ ਹਥਿਆਰ ਲੈਣ ਵਾਸਤੇ ਹਾੜੇ ਕੱਢੇ ਸਨ ਅਤੇ ਇਹ ਗੁਨਾਹ ਉਨ੍ਹਾਂ ਨੇ ਕਰ ਵੀ ਲਿਆ ਸੀ। ਵੈਸੇ ਇਹੋ ਜਿਹੇ ਉਤਸ਼ਾਹ ਨੂੰ ਸ਼ੈਤਾਨੀ ਜੋਸ਼ੋ-ਖਰੋਸ਼ ਦਾ ਜੇ ਨਾਂ ਦਿੱਤਾ ਜਾਏ ਤਾਂ ਸਾਨੂੰ ਯਕੀਨ ਹੈ ਕਿ ਕਰਮ ਬਰੱਸਟ ਸਾਡੇ ਇਸ ਰੋਸ ਵਿਚ ਸ਼ਾਮਲ ਹੋਣਗੇ। ਜਿਸ ਆਲੋਚਕ ਨੂੰ ਬਹੁ-ਗਿਣਤੀ ਦੀ ਫ਼ਿਰਕੂ ਪਹੁੰਚ ਅਤੇ ਘੱਟ ਗਿਣਤੀ ਦੀ ਫ਼ਿਰਕੂ ਪਹੁੰਚ ਵਿਚਕਾਰ ਬੁਨਿਆਦੀ ਫ਼ਰਕ ਹੀ ਨਜ਼ਰ ਨਾ ਆਉਂਦਾ ਹੋਵੇ ਤਾਂ ਇਹੋ ਜਿਹੇ ਵਿਗਿਆਨਕ ਨਜ਼ਰੀਏ ਨੂੰ ਜੋ ਨਾਂ ਦਿੱਤਾ ਜਾਣਾ ਚਾਹੀਦਾ ਹੈ, ਉਹ ਨਾਂ ਖੁਦ ਕਰਮ ਬਰੱਸਟ ਹੀ ਦੇ ਦੇਣ ਤਾਂ ਘੱਟੋ ਘੱਟ ਅਸੀਂ ਕਿਸੇ ਵੀ ਦੋਸ਼ ਤੋਂ ਬਰੀ ਹੋ ਜਾਵਾਂਗੇ।

ਕਰਮ ਬਰੱਸਟ ਦਾ ਵਿਚਾਰ ਹੈ ਕਿ ਬਰਤਾਨਵੀ ਬਸਤੀਵਾਦੀਆਂ ਵਿਰੁਧ ਭਾਰਤ 'ਚ ਵਸਦੀਆਂ ਅਨੇਕਾਂ ਕੌਮੀਅਤਾਂ ਦੀ ਜਨਤਾ ਨੇ ਸਾਂਝੇ ਸੰਘਰਸ਼ ਲੜੇ ਅਤੇ ਉਹ ਇਹ ਵੀ ਮੰਨਦੇ ਹਨ ਕਿ ਇਨ੍ਹਾਂ ਵਿਚੋਂ ਬਹੁਤੀਆਂ ਕੌਮੀਅਤਾਂ ਹਿੰਦੂ ਧਰਮ ਨਾਲ ਸਬੰਧਤ ਸਨ ਪਰ ਅਸੀਂ ਬੜੇ ਸਤਿਕਾਰ ਨਾਲ ਇਹ ਸਵਾਲ ਕਰਦੇ ਹਾਂ ਕਿ ਆਜ਼ਾਦੀ ਦੀ ਜੰਗ ਵਿਚ 80% ਕੁਰਬਾਨੀਆਂ ਕਰਨ ਵਾਲੇ ਸਿੱਖ ਹੀ ਕਿਉਂ ਸਨ? ਗਦਰ ਪਾਰਟੀ ਲਹਿਰ ਵਿਚ ਕੁਰਬਾਨੀਆਂ ਦੇਣ ਵਾਲਿਆਂ ਵਿਚ ਵੀ 90% ਤੋਂ ਉਪਰ ਸਿੱਖ ਹੀ ਕਿਉਂ ਸਨ? ਪੰਜਾਬ ਦੀ ਨਕਸਲੀ ਲਹਿਰ ਵਿਚ 90% ਤੋਂ ਵੱਧ ਸਿੱਖ ਹੀ ਕਿਉਂ ਸ਼ਹੀਦ ਹੋਏ? ਪਰਜਾ ਮੰਡਲ ਦੀ ਤਹਿਰੀਕ ਵਿਚ ਭਾਰੀ ਗਿਣਤੀ ਵਿਚ ਸਿੱਖ ਹੀ ਕਿਉਂ ਸ਼ਾਮਲ ਹੋਏ? ਕਾਮਾਗਾਟਾਮਾਰੂ ਦੇ ਸ਼ਹੀਦਾਂ ਵਿਚ ਮੁੱਖ ਰੂਪ ਵਿਚ ਸਿੱਖ ਹੀ ਕਿਉਂ ਸ਼ਾਮਲ ਸਨ? ਪੰਜਾਬ ਵਿਚ ਸੀ.ਪੀ.ਆਈ., ਸੀ.ਪੀ.ਐਮ. ਅਤੇ ਸੀ.ਪੀ.ਐਮ.ਐਲ. ਦੇ ਵੱਖ ਵੱਖ ਗਰੁਪਾਂ ਵਿਚ ਆਉਣ ਵਾਲੇ ਕਾਰਕੁਨ ਭਾਰੀ ਬਹੁ-ਗਿਣਤੀ ਵਿਚ ਸਿੱਖ ਹੀ ਕਿਉਂ ਹਨ? ਇਸੇ ਤਰ੍ਹਾਂ ਮੁਲਾਜ਼ਮਾਂ ਦੀਆਂ ਯੂਨੀਅਨਾਂ ਵਿਚ ਕੰਮ ਕਰਨ ਵਾਲੇ ਬਹੁਤੇ ਅਹੁਦੇਦਾਰ ਸਿੱਖ ਹੀ ਕਿਉਂ ਹਨ? ਹਿੰਦੂ ਵੀਰ ਆਪਣੀ ਵੱਸੋਂ ਦੇ ਮੁਤਾਬਕ ਭਲਾ ਇਨ੍ਹਾਂ ਸੰਘਰਸ਼ਾਂ ਵਿਚ ਕਿਉਂ ਨਹੀਂ ਆਉਂਦੇ? ਇਹ ਅਤੀ ਸੰਜੀਦਾ ਸਵਾਲ ਵਿਚਾਰਨ ਵਾਲੇ ਹਨ ਅਤੇ ਕਰਮ ਬਰੱਸਟ ਤੋਂ ਕਿਸੇ ਇਹੋ ਜਿਹੇ ਵਧੀਆ ਜਵਾਬ ਦੀ ਮੰਗ ਕਰਦੇ ਹਨ ਜੋ ਵਿਚਾਰਧਾਰਕ ਜਜ਼ਬਿਆਂ ਨਾਲ ਲੈਸ ਹੋਵੇ। ਅਸੀਂ ਇਸ ਦਾ ਇਕ ਜਵਾਬ ਇਹ ਦਿੰਦੇ ਹਾਂ ਕਿ ਸਿੱਖੀ ਦੇ ਨਿਰਮਲ ਸਰੂਪ ਵਿਚ ਫਿਰਕੂ ਤੱਤ ਦਾ ਨਾਮੋ-ਨਿਸ਼ਾਨ ਵੀ ਨਹੀਂ ਹੈ। ਉਹ ਸਰਬਤ ਦੇ ਭਲੇ ਲਈ ਲੜਦੇ ਹਨ ਪਰ ਜੇ ਉਹ ਇਸ ਉਦੇਸ਼ ਲਈ ਲੜਦੇ ਤੇ ਮਰਦੇ ਹਨ ਤਾਂ ਕੀ ਪ੍ਰਭੂਸੱਤਾ ਦੀ ਅਗਵਾਈ ਵੀ ਉਹ ਆਪਣੇ ਹੱਥ ਵਿਚ ਲੈਣ ਦੇ ਹੱਕਦਾਰ ਨਹੀਂ ਬਣ ਜਾਂਦੇ? ਪਰ ਜਦੋਂ ਸਿੱਖ ਇਸ ਹੱਕ ਲਈ ਆਵਾਜ਼ ਬੁਲੰਦ ਕਰਦੇ ਹਨ ਤਾਂ ਕਰਮ ਬਰੱਸਟ ਨੂੰ ਇਹ ਪਵਿੱਤਰ ਰੁਝਾਨ ਫ਼ਿਰਕੂ ਕਿਉਂ ਲਗਦਾ ਹੈ? ਉਮੀਦ ਹੈ ਕਿ ਉਹ ਲੰਮੇ ਲੰਮੇ ਆਰਟੀਕਲ ਲਿਖਣ ਦੇ ਆਪਣੇ ਸੁਭਾਅ ਮੁਤਾਬਕ ਇਨ੍ਹਾਂ ਸਵਾਲਾਂ ਦੇ ਸਨਮੁਖ ਵੀ ਹੋਣਗੇ।

# ਪੰਜਾਬੀ ਸਿਨੇਮਾ:ਗਾਇਕਾਂ ਦਾ ਨਾਇਕ ਬਣਨ ਤੱਕ ਦਾ ਸਫਰ

ਪਿਛਲੇ ਵਰ੍ਹੇ ਵੀ ਗਾਇਕ ਤੋਂ ਨਾਇਕ ਬਣਨ ਦਾ ਰੁਝਾਨ ਪੂਰੇ ਜ਼ੋਬਨ 'ਤੇ ਰਿਹਾ। ਇਸ ਪੱਖੋਂ ਮੀਕਾ ਸਿੰਘ ਦੀ (ਮਿੱਟੀ), ਗੁਰਦਾਸ ਮਾਨ ਦੀ (ਸੁਖਮਨੀ, ਚੱਕ ਜੁਆਨਾ), ਹਰਭਜਨ ਮਾਨ ਤੇ ਜਸਬੀਰ ਜੱਸੀ ਦੀ (ਹੀਰ-ਰਾਂਝਾ), ਲਖਵਿੰਦਰ ਵਡਾਲੀ ਦੀ (ਛੇਵਾਂ ਦਰਿਆ), ਗਿੱਪੀ ਗਰੇਵਾਲ ਦੀ (ਮੇਲ ਕਰਾਦੇ ਰੱਬਾ) ਸੁਰਜੀਤ ਖਾਨ ਦੀ (ਸਿਮਰਨ), ਅਮਰਿੰਦਰ ਗਿੱਲ ਦੀ (ਇਕ ਕੁੜੀ ਪੰਜਾਬ ਦੀ) ਫ਼ਿਲਮਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਨ੍ਹਾਂ ਗਾਇਕਾਂ 'ਚੋਂ ਕਿੰਨੇ ਕੁ ਗਾਇਕ 'ਨਾਇਕ' ਬਣਨ 'ਚ ਸਫਲ ਰਹੇ ਇਹ ਗੱਲ ਪੰਜਾਬੀ ਸਿਨੇਮਾ ਦੀ ਪੇਤਲੀ ਹਾਲਤ ਨੇ ਬਿਆਨ ਕਰ ਦਿੱਤੀ ਹੈ। ਇਨ੍ਹਾਂ 'ਨਾਇਕਾਂ' ਨੂੰ ਛੱਡ ਕੇ ਇਨ੍ਹਾਂ ਫਿਲਮਾਂ ਦੀਆਂ ਅਭਿਨੇਤਰੀਆਂ ਦੀ ਗੱਲ ਕੀਤੀ ਜਾਵੇ ਤਾਂ 16 ਫਿਲਮਾਂ 'ਚੋਂ 8 ਫਿਲਮਾਂ ਦੀਆਂ ਨਾਇਕਾਵਾਂ ਗੈਰ-ਪੰਜਾਬੀ ਸਨ ਜਿਨ੍ਹਾਂ ਨੂੰ ਚੰਗੀ ਤਰ੍ਹਾਂ ਪੰਜਾਬੀ ਹੀ ਨਹੀਂ ਬੋਲਣੀ ਆਉਂਦੀ। ਨਿਰਦੇਸ਼ਕਾਂ ਨੂੰ ਉਨ੍ਹਾਂ ਦੇ ਸੰਵਾਦਾਂ ਦੀ 'ਡਬਿੰਗ' ਕਰਵਾਉਣੀ ਪੈਂਦੀ ਹੈ।

ਅਸਲ ਵਿਚ ਪੰਜਾਬੀ ਫਿਲਮਾਂ 'ਚ ਪ੍ਰਤੀਬੱਧਤਾ ਦੀ ਘਾਟ ਹਮੇਸ਼ਾਂ ਰੜਕਦੀ ਰਹੀ ਹੈ। ਪੰਜਾਬੀ ਫ਼ਿਲਮਾਂ ਦੀ ਲੰਬੜਦਾਰੀ ਹੁਣ ਉਨ੍ਹਾਂ ਲੋਕਾਂ ਦੇ ਹੱਥ ਹੈ ਜਿਹੜੇ ਕਿ ਕਲਾ ਪੱਖ ਤੋਂ ਸੱਖਣੇ ਹਨ ਜਾਂ ਮਾਹਿਰ ਨਹੀਂ ਕਹੇ ਜਾ ਸਕਦੇ। ਕੁਝ ਕੁ ਸੁਹਿਰਦ ਨਿਰਮਾਤਾ ਤੇ ਨਿਰਦੇਸ਼ਕਾਂ ਨੂੰ ਛੱਡ ਕੇ ਅੱਜ ਉਹ ਲੋਕ ਫ਼ਿਲਮਾਂ ਬਣਾਉਣ ਦੇ ਰਹੇ ਪਏ ਹਨ ਜਿਹੜੇ ਵਪਾਰਕ ਪੱਖ ਤੋਂ ਲਾਹਾ ਖੱਟਣਾ ਚਾਹੁੰਦੇ ਹਨ ਜਾਂ ਫਿਰ ਉਹ ਜਿਹੜੇ ਨਿਰਮਾਤਾ, ਨਿਰਦੇਸ਼ਕ, ਕਹਾਣੀਕਾਰ, ਗੀਤਕਾਰ ਤੇ ਅਦਾਕਾਰ ਸਭ ਦਾ ਫਾਇਦਾ ਇਕੋ ਨਾਂ ਨਾਲ ਲਿਖਵਾਉਣ ਦੀ ਹੋੜ 'ਚ ਹਨ।

ਸਾਲ 2010 ਵਿਚ 16 ਫ਼ਿਲਮਾਂ ਰਿਲੀਜ਼ ਹੋਈਆਂ। ਦੇਸ਼-ਵਿਦੇਸ਼ 'ਚ ਰਿਲੀਜ਼ ਕੀਤੀਆਂ ਗਈਆਂ ਇਨ੍ਹਾਂ ਫਿਲਮਾਂ ਦਾ ਜੋ ਹਸ਼ਰ ਹੋਇਆ, ਉਸ ਨੇ ਕਾਰਪੋਰੇਟ ਜਗਤ ਦੇ ਨਾਲ-ਨਾਲ ਪੰਜਾਬੀ ਸਿਨੇਮਾ ਦੇ ਖੈਰਖਾਹਾਂ ਨੂੰ ਵੀ ਫਿਕਰਾਂ ਵਿਚ ਪਾ ਦਿੱਤਾ। ਇਸ ਸਾਲ ਰਿਲੀਜ਼ ਹੋਈਆਂ ਫਿਲਮਾਂ ਬੇਸ਼ੱਕ ਵਿਸ਼ੇ ਪੱਖੋਂ ਇਕ-ਦੂਜੇ ਤੋਂ ਤਕਰੀਬਨ ਵੱਖਰੀਆਂ ਸਨ ਪਰ ਫਿਰ ਵੀ ਜ਼ਿਆਦਾਤਰ ਫ਼ਿਲਮਸਾਜ਼ਾਂ ਨੇ ਮੌਲਿਕਤਾ ਦੇ ਨਾਂ 'ਤੇ ਦੁਹਰਾਅ ਹੀ ਪੇਸ਼ ਕੀਤਾ। ਹਾਲਾਂਕਿ ਇਸ ਸਾਲ ਸਮਾਜਿਕ ਮੁੱਦਿਆਂ (ਨਸ਼ਾਖੋਰੀ, ਭਰੂਣ ਹੱਤਿਆ, ਕੁੜੀਆਂ ਦੀ ਸੁਤੰਤਰਤਾ) 'ਤੇ ਆਧਾਰਤ ਵੀ ਕੁਝ ਫਿਲਮਾਂ ਆਈਆਂ ਪਰ ਇਨ੍ਹਾਂ ਫਿਲਮਾਂ ਰਾਹੀਂ ਵੀ ਨਿਰਦੇਸ਼ਕ ਸਮਾਜਿਕ ਮੁੱਦਿਆਂ ਦੇ ਨਾਂ 'ਤੇ ਦਰਸ਼ਕਾਂ ਨੂੰ ਕੁਝ ਹੋਰ ਹੀ ਪਰੋਸਦੇ ਰਹੇ।

ਪਿਛਲੇ ਸਾਲ ਰਿਲੀਜ਼ ਹੋਈਆਂ ਫਿਲਮਾਂ 'ਚੋਂ ਤਿੰਨ ਕੁ ਨੂੰ ਛੱਡ ਕੇ ਬਾਕੀ ਫਿਲਮਾਂ ਨੂੰ ਦਰਸ਼ਕਾਂ ਨੇ ਇਸ ਤਰ੍ਹਾਂ ਨਾਕਾਰਿਆ ਹੈ ਕਿ ਬਾਲੀਵੁੱਡ ਦੇ ਮੁਕਾਬਲੇ ਲੰਬਾ ਇਤਿਹਾਸ ਹੋਣ ਦੇ ਬਾਵਜੂਦ ਪੰਜਾਬੀ ਸਿਨੇਮਾ ਅਜੇ ਬਾਲ ਅਵਸਥਾ 'ਚ ਹੀ ਗੁਜ਼ਰ ਰਿਹਾ ਮਹਿਸੂਸ ਹੁੰਦਾ ਹੈ। ਸਾਲ 2010 ਦੀਆਂ ਫਿਲਮਾਂ ਦਾ ਜੇਕਰ ਮੁਲਾਂਕਣ ਕਰੀਏ ਤਾਂ ਨਿਰਦੇਸ਼ਕ ਨਵਨੀਤ ਸਿੰਘ ਦੀ ਫਿਲਮ 'ਮੇਲ ਕਰਾਦੇ ਰੱਬਾ' ਦਾ ਜ਼ਿਕਰ ਕਰਨਾ ਬਣਦਾ ਹੈ। ਪਿਛਲੇ ਸਾਲ 16 ਜੁਲਾਈ ਨੂੰ ਰਿਲੀਜ਼ ਹੋਈ ਅਭਿਨੇਤਾ ਜਿੰਮੀ ਸ਼ੇਰਗਿੱਲ, ਸਹਿ ਅਭਿਨੇਤਾ ਗਾਇਕ ਗਿੱਪੀ ਗਰੇਵਾਲ ਤੇ ਅਭਿਨੇਤਰੀ ਨੀਰੂ ਬਾਜਵਾ ਦੇ ਅਭਿਨੈ ਵਾਲੀ ਇਹ ਫਿਲਮ ਸਫਲਤਾ ਦੇ ਝੰਡੇ ਗੱਡਦਿਆਂ ਪੰਜਾਬੀ ਸਿਨੇਮਾ ਲਈ ਨਵੇਂ ਰਾਹ ਖੋਲ੍ਹਣ 'ਚ ਕਾਮਯਾਬ ਰਹੀ। ਬਾਲੀਵੁੱਡ ਲੇਖਕ ਧੀਰਜ ਰਤਨ ਵੱਲੋਂ ਲਿਖੀ ਇਹ ਫਿਲਮ ਨਿਰੋਲ ਰੂਪ 'ਚ ਕਮਰਸ਼ੀਅਲ ਫਿਲਮ ਸੀ। ਸਾਲ 2010 ਦੀਆਂ ਸਫਲ ਫਿਲਮਾਂ ਦੀ ਸ਼੍ਰੇਣੀ ਵਿਚ ਨਿਰਦੇਸ਼ਕ ਮਨਮੋਹਨ ਸਿੰਘ ਦੀ ਫਿਲਮ 'ਇਕ ਕੁੜੀ ਪੰਜਾਬ ਦੀ' (17 ਸਤੰਬਰ) ਤੇ ਮਨਦੀਪ ਬੈਨੀਪਾਲ ਦੀ ਬੱਬੂ ਮਾਨ ਦੇ ਅਭਿਨੈ ਵਾਲੀ ਫ਼ਿਲਮ 'ਏਕਮ' (23 ਮਾਰਚ) ਨੂੰ ਰੱਖਿਆ ਜਾ ਸਕਦਾ ਹੈ। ਵਿਸ਼ੇ ਪੱਖੋਂ ਦੋਹੇ ਫਿਲਮਾਂ ਵੱਖਰੀਆਂ ਸਨ। 'ਇਕ ਕੁੜੀ ਪੰਜਾਬ ਦੀ' ਜ਼ਰੀਏ ਜਿੱਥੇ ਪੰਜਾਬੀ ਰੰਗਮੰਚ ਤੇ ਕੁੜੀਆਂ ਦੇ ਹੱਕਾਂ ਦੀ ਗੱਲ ਕੀਤੀ ਗਈ ਉਥੇ 'ਏਕਮ' ਜ਼ਰੀਏ ਪੰਜਾਬ ਦੇ ਕਿਸਾਨਾਂ ਦੀ ਤ੍ਰਾਸਦੀ ਨੂੰ ਪਰਦੇ 'ਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਪਰ ਦੋਵਾਂ ਫਿਲਮਾਂ ਨੂੰ ਦਰਸ਼ਕਾਂ ਦਾ ਹੁੰਗਾਰਾ ਤਾਂ ਮਿਲਿਆ ਹੈ ਪਰ ਵਪਾਰਕ ਨਜ਼ਰੀਏ ਤੋਂ ਇਹ ਫਿਲਮਾਂ ਖਰਚਾ ਵੀ ਮਸਾਂ ਪੂਰਾ ਕਰ ਸਕੀਆਂ।

ਇਨ੍ਹਾਂ ਤੋਂ ਇਲਾਵਾ ਬਾਕੀ ਦੀਆਂ ਫ਼ਿਲਮਾਂ ਨਿਰਦੇਸ਼ਕ ਜਤਿੰਦਰ ਮੋਹਰ ਦੀ 'ਮਿੱਟੀ' (8 ਜਨਵਰੀ), ਗੁਰਦਾਸ ਮਾਨ ਦੀ 'ਸੁਖਮਨੀ' (12 ਫਰਵਰੀ), ਨਿਰਦੇਸ਼ਕ ਹਰਿੰਦਰ ਗਿੱਲ ਦੀ 'ਜੁਆਨੀ ਜ਼ਿੰਦਾਬਾਦ' (12 ਮਾਰਚ), ਅਨਮੋਲ ਅਰੋੜਾ ਦੀ 'ਲੜ ਗਿਆ ਪੇਚਾ' (26 ਮਾਰਚ), ਪੰਕਜ ਬਤਰਾ ਦੀ 'ਵਿਰਸਾ' (7 ਮਈ), ਗੌਰਵ ਤ੍ਰੇਹਾਨ ਦੀ 'ਪੰਜਾਬਣ' (11 ਜੂਨ), ਹਰਿੰਦਰ ਗਿੱਲ ਦੀ 'ਚੰਨਾ ਸੁੱਚੀ ਮੁੱਚੀ' (27 ਅਗਸਤ), ਸਿਮਰਜੀਤ ਸਿੰਘ ਟੀਨਾ ਦੀ 'ਚੱਕ ਜੁਆਨਾ' (27 ਅਗਸਤ), ਇਸ਼ਾ ਅਮਤੋਜ ਦੀ 'ਛੇਵਾਂ ਦਰਿਆ' (3 ਸਤੰਬਰ), ਗੁਰਿੰਦਰ ਡਿੰਪੀ ਦੀ 'ਕਬੱਡੀ ਇਕ ਮੁਹੱਬਤ' (1 ਅਕਤੂਬਰ), ਰਵਿੰਦਰ ਰਵੀ ਦੀ 'ਤੇਰੇ ਇਸ਼ਕ ਨਚਾਇਆ' (26 ਨਵੰਬਰ), ਦਰਸ਼ਨ ਬੱਗਾ ਦੀ 'ਸਿਮਰਨ' (3 ਦਸਬੰਰ) ਤੇ ਨਿਰਦੇਸ਼ਕ ਆਦਿੱਤਿਆ ਸੂਦ ਦੀ 'ਮਰ ਜਾਵਾਂ ਗੁੜ ਖਾ ਕੇ' (3 ਦਸਬੰਰ) ਨੂੰ ਮੱਠਾ ਹੁੰਗਾਰਾ ਹੀ ਮਿਲਿਆ। ਇਨ੍ਹਾਂ 'ਚੋਂ ਕੋਈ ਫਿਲਮ ਇਕ ਹਫ਼ਤਾ ਸਿਨੇਮਾ ਘਰਾਂ 'ਚ ਟਿਕ ਸਕੀ ਤੇ ਕੋਈ ਔਖੇ ਸੌਖੇ ਦੋ ਹਫ਼ਤੇ ਕੱਟਣ 'ਚ ਕਾਮਯਾਬ ਰਹੀ।



ਗੁਰਦਾਸ ਮਾਨ



ਹਰਭਜਨ ਮਾਨ

ਪੰਜਾਬੀ ਗਾਇਕੀ ਦੇ ਮਹਾਂਰਥੀ ਤੇ ਅਦਾਕਾਰ ਗੁਰਦਾਸ ਮਾਨ ਦੀਆਂ ਇਸ ਵਰ੍ਹੇ ਆਈਆਂ ਫ਼ਿਲਮਾਂ (ਸੁਖਮਨੀ ਤੇ ਚੱਕ ਜੁਆਨਾ) ਨੂੰ ਵੀ ਅਸਫਲਤਾ ਦਾ ਮੂੰਹ ਵੇਖਣਾ ਪਿਆ। ਗਾਇਕੀ 'ਚੋਂ ਦੌਲਤ ਤੇ ਸ਼ੌਹਰਤ ਕਮਾਉਣ ਤੋਂ ਬਾਅਦ ਮਿਸ ਪੂਜਾ ਨੇ ਵੀ ਸਾਲ 2010 'ਚ ਫਿਲਮਾਂ ਵੱਲ ਰੁਖ਼ ਕੀਤਾ। ਉਸ ਨੂੰ ਲੈ ਕੇ ਵੀ ਦੋ ਫ਼ਿਲਮਾਂ (ਪੰਜਾਬਣ ਤੇ ਚੰਨਾ ਸੁੱਚੀ ਮੁੱਚੀ) ਬਣਾਈਆਂ ਗਈਆਂ ਪਰ ਦੋਵਾਂ ਫ਼ਿਲਮਾਂ ਦਾ ਹਾਲ ਵੀ ਉਹੀ ਹੋਇਆ ਜੋ ਸੁਰਜੀਤ ਖਾਨ ਦੀ ਪਲੇਠੀ ਫਿਲਮ 'ਸਿਮਰਨ' ਦਾ।

ਪਾਲੀਵੁੱਡ ਦੀ ਤ੍ਰਾਸਦੀ ਇਹ ਹੈ ਕਿ ਇੱਥੇ ਕਾਬਲ ਨਿਰਮਾਤਾ ਤੇ ਨਿਰਦੇਸ਼ਕਾਂ ਦੀ ਕਮੀ ਤਾਂ ਹੈ ਹੀ ਪਰ ਸਭ ਤੋਂ ਵੱਡੀ ਕਮੀ ਕਾਬਲ ਪਟਕਥਾ ਤੇ ਸੰਵਾਦ ਲੇਖਕਾਂ ਦੀ ਹੈ। ਤਕਨੀਕੀ ਮਾਹਿਰਾਂ ਦੀ ਕਮੀ ਵੀ ਲਗਾਤਾਰ ਪੰਜਾਬੀ ਸਿਨੇਮਾ ਦਾ ਨਾ-ਪੱਖੀ ਕਾਰਨ ਬਣ ਰਹੀ ਹੈ। ਇਸ ਸੰਦਰਭ 'ਚ ਨਿਰਦੇਸ਼ਕ ਹਰਿੰਦਰ ਗਿੱਲ ਦੀ ਗਾਇਕਾ ਮਿਸ ਪੂਜਾ ਦੀ ਅਭਿਨੈ ਵਾਲੀ ਫਿਲਮ 'ਚੰਨਾ ਸੁੱਚੀ ਮੁੱਚੀ' ਦੀ ਗੱਲ ਕੀਤੀ ਜਾ ਸਕਦੀ ਹੈ। ਮਿਸ ਪੂਜਾ ਦੇ 'ਨਾਂ' ਨੂੰ ਕੈਸ਼ ਕਰਨ ਲਈ ਨਿਰਦੇਸ਼ਕ ਵੱਲੋਂ ਉਸ ਨੂੰ ਫ਼ਿਲਮ ਦੀ 'ਨਾਇਕਾ' ਬਣਾਇਆ ਗਿਆ ਤੇ ਨਾਇਕ ਵਜੋਂ ਮਾਡਲ ਗੋਲਡੀ ਸੋਮਲ ਸਾਹਮਣੇ ਆਇਆ। ਦਰਸ਼ਕਾਂ ਨੂੰ ਇਸ ਫਿਲਮ ਦੀ ਜੋੜੀ ਹੀ ਪਸੰਦ ਨਹੀਂ ਆਈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਫ਼ਿਲਮ ਦਾ ਨਾਂ 'ਚੰਨਾ ਸੱਚੀ ਮੁੱਚੀ' ਕਿਸੇ ਪਾਸਿਓਂ ਵੀ ਫਿਲਮ ਦੀ ਕਹਾਣੀ ਨਾਲ ਮੇਲ ਖਾਂਦਾ ਨਹੀਂ ਲੱਗਾ। ਇਸੇ ਤਰ੍ਹਾਂ ਇਸ ਸਾਲ ਦੀ ਸ਼ੁਰੂਆਤ 'ਚ ਆਈ ਨਿਰਦੇਸ਼ਕ ਜਤਿੰਦਰ ਮੋਹਰ ਦੀ ਫਿਲਮ 'ਮਿੱਟੀ' ਦਾ ਵੀ ਜ਼ਿਕਰ ਕੀਤਾ ਜਾ ਰਿਹਾ ਹੈ। ਬਿਨਾਂ ਸ਼ੱਕ ਇਹ ਫ਼ਿਲਮ ਵਿਸ਼ੇ ਪੱਖੋਂ ਪ੍ਰਭਾਵਸ਼ਾਲੀ ਸੀ ਤੇ ਪੰਜਾਬੀਆਂ ਲਈ ਬਣੀ ਇਹ ਫ਼ਿਲਮ ਪੰਜਾਬ ਦੇ ਨੌਜਵਾਨਾਂ ਤੇ ਕਿਸਾਨਾਂ ਦੇ ਦੁੱਖ ਵੀ ਫੋਲਦੀ ਸੀ ਪਰ ਇਸ ਫ਼ਿਲਮ ਨੂੰ ਵੀ ਤਕਨੀਕ ਤੇ ਪ੍ਰਤੀਬੱਧਤਾ ਦੀ ਮਾਰ ਪਈ। ਗੁਰਦਾਸ ਮਾਨ ਦੀ ਫਿਲਮ 'ਚੱਕ ਜੁਆਨਾ' ਵੀ ਕਿਤੇ ਨਾ ਕਿਤੇ ਮਨਮੋਹਨ ਸਿੰਘ ਦੀ ਫਿਲਮ 'ਮੇਰਾ ਪਿੰਡ, ਮਾਈ ਹੋਮ' ਦੇ ਨਾਲ ਮਿਲਦੀ ਜੁਲਦੀ ਲੱਗੀ। ਇਸ ਸੰਦਰਭ 'ਚ ਦੂਜੀਆਂ ਅਸਫਲ ਫ਼ਿਲਮਾਂ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਹੈ।

ਸੋ ਫ਼ਿਲਮਾਂ ਵਿਚਲਾ ਦੁਹਰਾ, ਵਿਸ਼ੇ ਮੁਤਾਬਕ ਕਹਾਣੀ ਦਾ ਫਿਲਮਾਂਕਣ ਨਾ ਹੋਣਾ, ਅਸੱਭਿਅਕ ਸੰਵਾਦ, ਕਿਰਦਾਰਾਂ ਦੀ ਚੋਣ, ਤਕਨੀਕੀ ਪੱਖ ਤੇ ਹੋਰ ਕਈ ਅਜਿਹੇ ਕਾਰਨ ਪੰਜਾਬੀ ਸਿਨੇਮਾ ਨੂੰ ਭਿੰਨਤਾ ਤੇ ਨਵੀਨਤਾ ਦੇ ਦਾਇਰੇ 'ਚੋਂ ਬਾਹਰ ਨਹੀਂ ਨਿਕਲਣ ਦੇ ਰਹੇ। ਸਾਲ 2010 ਵਿਚ ਪੰਜਾਬੀ ਫ਼ਿਲਮਾਂ ਬਾਰੇ ਦਿਲਚਸਪ ਪੱਖ ਇਹ ਵੀ ਹੈ ਕਿ ਇਸ ਵਾਰ ਇਕੋ ਦਿਨ ਦੋ-ਦੋ ਪੰਜਾਬੀ ਫ਼ਿਲਮਾਂ ਵੀ ਰਿਲੀਜ਼ ਹੋਈਆਂ ਜਿਨ੍ਹਾਂ ਵਿਚ ਪਹਿਲਾਂ 27 ਅਕਤੂਬਰ ਨੂੰ 'ਚੰਨਾ ਸੁੱਚੀ ਮੁੱਚੀ' ਤੇ 'ਚੱਕ ਜੁਆਨਾ' ਤੇ ਫਿਰ 3 ਦਸੰਬਰ ਨੂੰ 'ਸਿਮਰਨ' ਤੇ 'ਮਰ ਜਾਵਾਂ ਗੁੜ ਖਾ ਕੇ'।

ਇਕ ਦਿਨ 'ਚ ਦੋ ਪੰਜਾਬੀ ਫਿਲਮਾਂ ਰਿਲੀਜ਼ ਹੋਣਾ ਇਕ ਪਹਿਲੂ ਤੋਂ ਤਾਂ ਸ਼ੁੱਭ ਸ਼ਗਨ ਹੈ ਪਰ ਜੇ ਦੂਜੇ ਪੱਖ ਤੋਂ ਸੋਚਿਆ ਜਾਵੇ ਤਾਂ ਪੰਜਾਬੀ ਸਿਨੇਮਾ ਨੂੰ ਖੁਦ ਹੀ ਢਾਹ ਲਾਉਣ ਵਾਲੀ ਗੱਲ ਹੈ। ਪੰਜਾਬੀ ਸਿਨੇਮਾ ਅਜੇ ਇਨਾਂ ਸਮਰੱਥ ਨਹੀਂ ਹੋਇਆ ਕਿ ਇਕੋ ਦਿਨ ਦੋ ਪੰਜਾਬੀ ਫ਼ਿਲਮਾਂ ਰਿਲੀਜ਼ ਕੀਤੀਆਂ ਜਾ ਸਕਣ। ਗਾਇਕਾਂ ਵੱਲੋਂ ਨਾਇਕ ਬਣਨ 'ਤੇ ਕੋਈ ਪਾਬੰਦੀ ਨਹੀਂ ਹੈ ਪਰ ਜੇ ਗਾਇਕ ਅਦਾਕਾਰੀ ਦੀਆਂ ਬਰੀਕੀਆਂ ਤੇ ਵੱਖ-ਵੱਖ ਪਹਿਲੂਆਂ ਤੋਂ ਜਾਣਕਾਰੀ ਲੈ ਕੇ ਹੀ ਇਸ ਪਾਸੇ ਰੁਖ਼ ਕਰਨ ਤਾਂ ਬਿਹਤਰ ਰਹੇਗਾ।



ਲਖਵਿੰਦਰ ਵਡਾਲੀ



ਸੁਰਜੀਤ ਖਾਨ



ਗਿੱਪੀ ਗਰੇਵਾਲ

**ਪੰਜਾਬੀ ਫ਼ਿਲਮਾਂ ਦੀ ਲੰਬੜਦਾਰੀ ਹੁਣ ਉਨ੍ਹਾਂ ਲੋਕਾਂ ਦੇ ਹੱਥ ਹੈ ਜਿਹੜੇ ਕਿ ਕਲਾ ਪੱਖ ਤੋਂ ਸੱਖਣੇ ਹਨ ਜਾਂ ਮਾਹਿਰ ਨਹੀਂ ਕਹੇ ਜਾ ਸਕਦੇ। ਕੁਝ ਕੁ ਸੁਹਿਰਦ ਨਿਰਮਾਤਾ ਤੇ ਨਿਰਦੇਸ਼ਕਾਂ ਨੂੰ ਛੱਡ ਕੇ ਅੱਜ ਉਹ ਲੋਕ ਫ਼ਿਲਮਾਂ ਬਣਾਉਣ ਦੇ ਰਹੇ ਪਏ ਹਨ ਜਿਹੜੇ ਵਪਾਰਕ ਪੱਖ ਤੋਂ ਲਾਹਾ ਖੱਟਣਾ ਚਾਹੁੰਦੇ ਹਨ।**



ਮਿਸ ਪੂਜਾ



ਮੀਕਾ ਸਿੰਘ



ਅਮਰਿੰਦਰ ਗਿੱਲ

# ਦੀਆ ਮਿਰਜ਼ਾ ਦਾ ਅਜੇ ਵੀ ਹੌਸਲਾ ਬੁਲੰਦ

ਦੀਆ ਮਿਰਜ਼ਾ ਨੇ ਆਪਣੀ ਖੂਬਸੂਰਤੀ ਦੇ ਦਮ 'ਤੇ ਪੂਰੀ ਦੁਨੀਆਂ 'ਚ ਨਾਂ ਕਮਾਇਆ ਹੋਵੇ ਪਰ ਬਾਲੀਵੁੱਡ 'ਚ ਉਹ ਓਨੀ ਸਫਲ ਸਿੱਧ ਨਹੀਂ ਹੋ ਸਕੀ ਜਿੰਨੀ ਕਿ ਉਸ ਤੋਂ ਆਸ ਸੀ। ਬਾਲੀਵੁੱਡ 'ਚ ਉਸ ਨੇ ਬਹੁਤ ਸਾਰੀਆਂ ਫ਼ਿਲਮਾਂ 'ਚ ਵੰਨ-ਸੁਵੰਨੇ ਰੋਲ ਕੀਤੇ ਹਨ ਪਰ ਉਸ ਦੀ ਗਿਣਤੀ ਸਫਲ ਅਭਿਨੇਤਰੀਆਂ 'ਚ ਕਦੇ ਵੀ ਨਹੀਂ ਹੋਈ ਤੇ ਹੁਣ ਦੀਆ ਨੇ ਫ਼ਿਲਮ ਨਿਰਮਾਤਰੀ ਦੇ ਰੂਪ 'ਚ ਆਪਣੀ ਦੂਜੀ ਪਾਰੀ ਸ਼ੁਰੂ ਕਰਨ ਦਾ ਫੈਸਲਾ ਕਰ ਲਿਆ ਹੈ।



ਦੀਆ ਦਾ ਕਹਿਣਾ ਹੈ ਕਿ ਉਹ ਪ੍ਰੋਡਕਸ਼ਨ ਹਾਊਸ ਖੋਲ੍ਹਣ ਜਾ ਰਹੀ ਹੈ। ਇੰਨੀਆਂ ਫ਼ਿਲਮਾਂ ਕਰਨ ਪਿੱਛੋਂ ਹੁਣ ਉਸ ਦੀ ਇੱਛਾ ਫ਼ਿਲਮ ਪ੍ਰੋਡਕਸ਼ਨ ਦੇ ਖੇਤਰ 'ਚ ਜਾਣ ਦੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਐਕਟਿੰਗ ਤੋਂ ਕਿਨਾਰਾ ਕਰ ਰਹੀ ਹੈ। ਉਸ ਦੀ ਇਹ ਦੂਜੀ ਪਾਰੀ ਵੀ ਮਾਇਆਨਗਰੀ ਦੇ ਅੰਦਰ ਹੀ ਹੋਵੇਗੀ। ਇਸ ਕੰਮ 'ਚ ਉਸ ਦਾ ਪਾਰਟਨਰ ਜਾਏਦ ਖਾਨ ਹੈ। ਉਸ ਦਾ ਕਹਿਣਾ ਹੈ ਕਿ ਦੁਨੀਆਂ ਕੀ ਸੋਚਦੀ ਹੈ, ਕਿਵੇਂ ਸੋਚਦੀ ਹੈ ਤੇ ਕਿਉਂ ਸੋਚਦੀ ਹੈ? ਇਸ ਬਾਰੇ ਦਿਮਾਗ ਖਪਾਉਣ ਬਾਰੇ ਉਸ ਦਾ ਕੋਈ ਇਰਾਦਾ ਨਹੀਂ ਹੈ।

ਉਸ ਦਾ ਕਹਿਣਾ ਹੈ ਕਿ ਇਹ ਸੱਚ ਹੈ ਕਿ ਸ਼ੁਰੂਆਤੀ ਅਸਫਲਤਾਵਾਂ ਪਿੱਛੋਂ ਉਸ ਨੇ ਬਾਲੀਵੁੱਡ ਨਾਲੋਂ ਨਾਤਾ ਤੋੜਨ ਦਾ ਮਨ ਬਣਾ ਲਿਆ ਸੀ ਕਿਉਂਕਿ ਉਸ ਨੂੰ ਡਰ ਲੱਗਣ ਲੱਗਾ ਸੀ ਕਿ ਬਾਲੀਵੁੱਡ 'ਚ ਪ੍ਰਤਿਭਾ ਦੀ ਕੋਈ ਕਦਰ ਨਹੀਂ। ਇੱਥੇ ਫ਼ਿਲਮਾਂ ਦੀ ਸਫਲਤਾ ਹੀ ਤੁਹਾਡੀ ਸਫਲਤਾ ਤੇ ਪ੍ਰਤਿਭਾ ਦਾ ਪੈਮਾਨਾ ਹੁੰਦਾ ਹੈ। ਫ਼ਿਲਮਾਂ ਦੀ ਲਗਾਤਾਰ ਅਸਫਲਤਾ ਕਾਰਨ ਹੀ ਮਾਇਆਨਗਰੀ ਨਾਲ ਜੁੜੇ ਲੋਕਾਂ ਦਾ ਉਸ ਪ੍ਰਤੀ ਰਵੱਈਆ ਬਦਲ ਗਿਆ ਸੀ। ਲਗਾਤਾਰ ਫਲਾਪ ਫ਼ਿਲਮਾਂ ਕਾਰਨ ਉਹ ਟੁੱਟ ਜਿਹੀ ਗਈ ਸੀ। ਇਕ ਸਮਾਂ ਅਜਿਹਾ ਜ਼ਰੂਰ ਆਇਆ ਸੀ ਜਦੋਂ ਉਸ ਨੇ ਹੈਦਰਾਬਾਦ ਪਰਤਣ ਦਾ ਫ਼ੈਸਲਾ ਕਰ ਲਿਆ ਸੀ ਪਰ ਉਸ ਦੇ ਸ਼ੁਭਚਿੰਤਕਾਂ ਨੇ ਹਮੇਸ਼ਾ ਤੋਂ ਉਸ ਨੂੰ ਉਭਰ ਕੇ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਤੇ ਉਸ ਨੇ ਇੱਥੇ ਹੀ ਰਹਿ ਕੇ ਖੁਦ ਨੂੰ ਸਿੱਧ ਕਰਨ ਦਾ ਫੈਸਲਾ ਕਰ ਲਿਆ।

# ਫਰੀਦਾ ਪਿੰਟੋ ਨੇ ਐਸ਼ ਨੂੰ ਪਛਾੜਿਆ





ਕੌਮਾਂਤਰੀ ਪੱਧਰ 'ਤੇ ਤੇਜ਼ੀ ਨਾਲ ਪਛਾਣ ਬਣਾ ਰਹੀ ਫਰੀਦਾ ਪਿੰਟੋ ਨੇ ਹੁਣੇ ਜਿਹੇ ਐਸ਼ਵਰਿਆ ਰਾਏ ਬੱਚਨ ਤੋਂ ਇਕ ਬਹੁਕੌਮੀ ਕੰਪਨੀ ਦਾ ਇਸ਼ਤਿਹਾਰ ਖੋਹ ਲਿਆ ਹੈ। ਇਸ ਕੰਪਨੀ ਦੀ ਨਵੀਂ ਮੁਹਿੰਮ ਤੋਂ ਹਟਾਈ ਜਾਣ ਵਾਲੀ ਐਸ਼ਵਰਿਆ ਇਕੋ-ਇਕ ਇੰਟਰਨੈਸ਼ਨਲ ਬ੍ਰਾਂਡ ਅੰਬੈਸਡਰ ਹੈ। ਹੋਰ ਤਾਂ ਹੋਰ ਉਸ ਦੀ ਥਾਂ ਕੰਪਨੀ ਨੇ ਫ਼ਰੀਦਾ ਪਿੰਟੋ ਨੂੰ ਲੈ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਇਸ ਸੁੰਦਰਤਾ ਉਤਪਾਦਾਂ ਦੀ ਕੰਪਨੀ ਦੀ ਇੰਟਰਨੈਸ਼ਨਲ ਬ੍ਰਾਂਡ ਅੰਬੈਸਡਰ 'ਚ ਜੇਨ ਫੋਂਡਾ, ਡਿਯਾਨ ਕਰੂਗਰ, ਬਿਓਨਸ ਨੋਵੇਲਸ, ਕਲਾਊਡੀਆ ਸ਼ਿਫਰ, ਮਿਲਾ ਜੋਵੋਵਿਚ ਵਰਗੇ ਵੱਡੇ ਨਾਂ ਸ਼ਾਮਲ ਹਨ। ਨਵੀਂ ਮੁਹਿੰਮ 'ਚ ਜਿਥੇ ਹੋਰ ਸਾਰੇ ਅੰਬੈਸਡਰ ਸ਼ਾਮਲ ਹਨ, ਉਥੇ ਸਿਰਫ ਐਸ਼ਵਰਿਆ ਨੂੰ ਹੀ ਹਟਾਇਆ ਗਿਆ ਹੈ ਜੋ 2005 ਤੋਂ ਹੀ ਇਸ ਕੰਪਨੀ ਲਈ ਬ੍ਰਾਂਡ ਅੰਬੈਸਡਰ ਬਣੀ ਹੋਈ ਸੀ। ਕੁਝ ਦਾ ਮੰਨਣੈ ਕਿ ਕੰਪਨੀ ਵਲੋਂ ਐਸ਼ਵਰਿਆ ਨੂੰ ਹਟਾਉਣ ਦਾ ਕਾਰਨ ਪਿਛਲੇ ਕੁਝ ਸਮੇਂ ਤੋਂ ਕੌਮਾਂਤਰੀ ਪੱਧਰ 'ਤੇ ਉਸ ਦਾ ਬਹੁਤਾ ਕੰਮ ਨਾ ਕਰਨਾ ਹੈ। ਦੂਜੇ ਪਾਸੇ ਫ਼ਰੀਦਾ ਪਿੰਟੋ ਨੂੰ ਹੁਣੇ ਜਿਹੇ ਕੌਮਾਂਤਰੀ ਪੱਧਰ 'ਤੇ ਕਾਫੀ ਕੰਮ ਮਿਲਿਆ ਹੈ ਤੇ ਉਥੇ ਉਹ ਲਗਾਤਾਰ ਖ਼ਬਰਾਂ ਵਿਚ ਰਹਿਣ 'ਚ ਵੀ ਸਫਲ ਰਹੀ ਹੈ। ਉਂਜ ਵੀ ਹਾਲੀਵੁੱਡ 'ਚ ਐਸ਼ਵਰਿਆ ਦੀਆਂ ਫ਼ਿਲਮਾਂ ਇਕ ਪਿੱਛੋਂ ਇਕ ਲਗਾਤਾਰ ਫਲਾਪ ਹੋ ਰਹੀਆਂ ਹਨ ਜਦਕਿ ਫਰੀਦਾ ਪਿੰਟੋ ਦੀਆਂ ਹੁਣੇ ਜਿਹੇ ਰਿਲੀਜ਼ ਫ਼ਿਲਮਾਂ ਕਾਫੀ ਚਰਚਾ ਬਟੋਰਨ 'ਚ ਸਫਲ ਰਹੀਆਂ ਹਨ ਤੇ ਇਸ ਵੇਲੇ ਉਸ ਕੋਲ ਹਾਲੀਵੁੱਡ ਦੀਆਂ ਕੁਝ ਵੱਡੀਆਂ ਫ਼ਿਲਮਾਂ ਹਨ।


$99
HOT OFFER!
BEST DEAL
@540TVL
built-in 4-9mm vari-focal lens & 42pcs IR LED
1/3" SONY Super HAD CCD
Model SA-1838HS
VT-100
Dome Camera
Price: $49.00
VT-1565
IR Camera
Price: $199.00
VT-1566
Bullet Camera
Price: $99.00
NOW BUY ONLINE
www.EzChase.com
CCTV
$599
4 Cameras + 4CH DVR
PRO PACKAGE
BEST PRICE GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
• We sell less price but make your security priceless.
• We only provide high quality at economy price.
• Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service : 1-800-235-1391


Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on
iPhone
with our new technology
QuikStop
Shell
7 ELEVEN
76
Holiday Inn
Denny's
Arby's
ਆਪਣੇ ਘਰ ਜਾਂ ਬਿਜ਼ਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566
www.dvrunlimited.com


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969, NMLS# 352095

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### JUST SOLD

1. 2201 Monroe St. #504 Santa Clara, CA 95050
2. 3257 Poetry Ct., Stockton, CA 95206
3. 680 Upper Vinters Cir Fremont, CA 94539
4. 2370 Picasso Way Stockton, CA 95206
5. 950 Silver Ct., Lathrop, CA 95330
6. 304 Pennyhill Dr., San Jose, CA 95127
7. 14434 Tiburon Rd., San Leandro, CA 94577
8. 3809 Amy Pl Union city, CA 94587
9. 6400 Christie Ave #5322 Emeryville, CA 94608
10. 1802 Picasso Way Stockton, CA 95206
11. 847 Bishop Ave Hayward, CA 94545
12. 675 Bel Air Ct., Morgan Hill, CA 95037

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Sacramento Office:
8695 Territorial Way,
Elk Grove CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

ਨੋਟ: ਨਵੇਂ ਸਾਲ 2011 ਦੇ ਕੈਲੰਡਰ ਗੋਲਡਨ ਸਟੇਟ ਰਿਐਲਟੀ ਦੇ ਦਫਤਰ ਤੋਂ ਲਏ ਜਾ ਸਕਦੇ ਹਨ।